# ਮੁਖਵਾਕ ਪ੍ਰਕਾਸ਼

ੴ ਸਤਿਗੁਰ ਪ੍ਰਸਾਦਿ॥

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਇ

# ਮੁਖਵਾਕ ਪ੍ਰਕਾਸ਼

(ਭਾਗ ਪਹਿਲਾ)

ਹੁਕਮਨਾਮਿਆ ਦੀ ਵਿਆਖਿਆ

ਲੇਖਕ

ਸਿੰਘ ਸਾਹਿਬ ਗਿਆਨੀ ਮੱਲ ਸਿੰਘ

ਗ੍ਰੰਥੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ

ਸੰਪਾਦਕ

ਗਿਆਨੀ ਅਮਰਜੀਤ ਸਿੰਘ ਕਥਾ ਵਾਚਕ

ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ

ਪ੍ਰਕਾਸ਼ਕ

**ਭਾ. ਚਤਰ ਸਿੰਘ ਜੀਵਨ ਸਿੰਘ**

ਅੰਮ੍ਰਿਤਸਰ।

© ਲੇਖਕ

ISBN : 978-81-7601-939-2

gfjbh n?vhFB—i{B 2008

G/Nk L 300—00

gqekFeL-

**ਭਾ. ਚਤਰ ਸਿੰਘ ਜੀਵਨ ਸਿੰਘ**

p}ko wkJh ;/tK, nzfwqs;o. (fJzvhnk)

c'B^c?e; L 91-183-2542346, 2547974, 2557973

E.Mail : csjs@vsnl.com, csjsexports@vsnl.com
csjssales@hotmail.com

Web site : www.csjs.com

(Printed in India)

*ਪ੍ਰਿੰਟਰ : ਜੀਵਨ ਪ੍ਰਿੰਟਰਜ਼, ਅੰਮ੍ਰਿਤਸਰ। ਫੋਨ : 2705003, 5095774*

# ਸਮਰਪਣ

300 ਸਾਲਾ ਗੁਰਗੱਦੀ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ

ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ।

ਦੋਹਰਾ॥

*ਆਗਿਆ ਭਈ ਅਕਾਲ ਕੀ, ਤਬੀ ਚਲਾਇਓ ਪੰਥ॥*
*ਸਭ ਸਿੱਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*
*ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ॥*
*ਜੋ ਪ੍ਰਭ ਕੋ ਮਿਲਬੋ ਚਹੈ, ਖੋਜ ਸ਼ਬਦ ਮੈ ਲੇਹ॥*

## ਇਸੇ ਕਲਮ ਤੋਂ :

☞ 1. ਗੁਰ ਸਾਗਰ ਰਤਨੀ ਭਰਪੂਰੇ

☞ 2. ਸਕਲ ਧਰਮ ਮੈ ਗ੍ਰਿਹਿਸਤ ਪ੍ਰਧਾਨ ਹੈ

☞ 3. ਗੁਰਵਾਕ ਵਿਸ਼ਾ ਪ੍ਰਬੋਧ

☞ 4. ਗੁਰਵਾਕ ਵਿਸ਼ਾ ਪ੍ਰਬੋਧ ਦੂਜਾ ਭਾਗ

☞ 5. ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ

☞ 6. ਦਸ ਗੁਰ ਜੋਤ-ਗੁਰ ਇਤਿਹਾਸ ਦਸ ਪਾਤਸ਼ਾਹੀਆਂ

☞ 7. ਸਬਦ ਗੁਰੂ ਗੁਰ ਜਾਣੀਐ

☞ 8. ਮੁਖਵਾਕ ਪ੍ਰਕਾਸ਼ (ਭਾਗ ਪਹਿਲਾ)

## ਪ੍ਰੈਸ ਵਿਚ ਛਪਣਯੋਗ ਪੁਸਤਕਾਂ :

☞ 1. ਮੁਖਵਾਕ ਪ੍ਰਕਾਸ਼ (ਭਾਗ ਦੂਜਾ)

☞ 2. ਮੁਖਵਾਕ ਪ੍ਰਕਾਸ਼ (ਭਾਗ ਤੀਜਾ)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ੴ ਸਤਿਗੁਰ ਪ੍ਰਸਾਦਿ॥

## ਤਤਕਰਾ ਪ੍ਰਾਰੰਭ



| ਲੜੀ ਨੰ: ਵਿਸ਼ਾ | ਪੋਥੀ ਪੰਨਾ | ਵਿਸ਼ਾ | ਪੋਥੀ ਪੰਨਾ |
|---|---|---|---|
| ੳ. ਮੁਖਵਾਕ ਸੰਬੰਧੀ ਵਿਚਾਰ | ੨੬ | ਸ. ਮਹਲਾ ਸ਼ਬਦ ਦਾ ਸ਼ੁੱਧ ਉਚਾਰਨ | ੪੧ |
| ਅ. ਹੁਕਮਨਾਮਿਆਂ ਸੰਬੰਧੀ ਇਤਿਹਾਸਕ ਹਵਾਲੇ | ੨੭ | ਹ. ਮਹਲਾ ਸ਼ਬਦ ਦੇ ਅਰਥ | ੪੨ |
| | | ਕ. ਹੁਕਮਨਾਮਾ ਲੈਣ ਸਮੇਂ ਮੰਗਲ | ੪੬ |
| ੲ. ਮੰਗਲਾਂ ਦੇ ਅਰਥ | ੩੮ | ਖ. ਰਾਗਾਂ ਬਾਰੇ ਜਾਣਕਾਰੀ | ੫੫ |



## ਤਤਕਰਾ ਸ੍ਰੀ ਮੁਖਵਾਕ



| ਲੜੀ ਨੰ: | ਪੋਥੀ ਪੰਨਾ | ਪ੍ਰਾਕ੍ਕਥਨ=ਵਿਸ਼ਾ | ਪੋਥੀ ਪੰਨਾ |
|---|---|---|---|
| ੧. ਕਬੀਰ ਮੁਕਤਿ ਦੁਆਰਾ ਸੰਕੁੜਾ | ੮੨ | ਮੁਕਤੀ ਕਿਸ ਨੂੰ ਆਖਦੇ ਹਨ | ੮੩ |
| ੨. ਜਿ ਸਤਿਗੁਰ ਸੇਵੇ ਆਪਣਾ | ੯੭ | ਸੇਵਾ ਕਿਸ ਨੂੰ ਕਹਿੰਦੇ ਹਨ | ੯੮ |
| ੩. ਹਉਮੈ ਮਮਤਾ ਮੋਹਣੀ | ੧੧੪ | ਮਾਇਆ ਕੀ ਹੈ | ੧੧੬ |
| ੪. ਵਾਹੁ ਵਾਹੁ ਬਾਣੀ ਨਿਰੰਕਾਰ ਹੈ | ੧੨੬ | ਬਾਣੀ ਨਿਰੰਕਾਰ ਹੈ | ੧੨੭ |
| ੫. ਅੰਤਰਿ ਗੁਰੁ ਆਰਾਧਣਾ | ੧੩੭ | ਤਿੰਨ ਤਰ੍ਹਾਂ ਦੀ ਮਾਲਾ | ੧੩੯ |
| ੬. ਲਗੜੀ ਸੁਥਾਨਿ ਜੋੜਣਹਾਰੈ ਜੋੜੀਆ | ੧੪੯ | ਬਿਰਤੀਆਂ ਦਾ ਨਿਰਣਾ | ੧੫੦ |
| ੭. ਪ੍ਰੇਮ ਪਟੋਲਾ ਤੈ ਸਹਿ ਦਿਤਾ | ੧੬੩ | ਪ੍ਰੇਮ ਅਮੋਲਕ ਦਾਤ ਹੈ | ੧੬੫ |
| ੮. ਜਾ ਕਉ ਭਏ ਕ੍ਰਿਪਾਲ ਪ੍ਰਭ | ੧੮੪ | ਦੋ ਤਰ੍ਹਾਂ ਦੀ ਕਿਰਪਾ | ੧੮੫ |
| ੯. ਆਦਿ ਮਧਿ ਅਰੁ ਅੰਤਿ | ੧੯੫ | ਪ੍ਰਮੇਸ਼ਰ ਨੇ ਰੱਖਿਆ ਕੀਤੀ ਹੈ | ੧੯੬ |
| ੧੦. ਅੰਤਰੁ ਮਲਿ ਨਿਰਮਲੁ ਨਹੀ ਕੀਨਾ | ੨੦੭ | ਮਨਿ ਮੈਲੈ ਸਭਿ ਕਿਛੁ ਮੈਲਾ | ੨੦੯ |
| ੧੧. ਅਬ ਹਮ ਚਲੀ ਠਾਕੁਰ ਪਹਿ ਹਾਰਿ | ੨੧੮ | ਚਲੀ ਠਾਕੁਰ ਪਹਿ ਹਾਰਿ | ੨੧੯ |
| ੧੨. ਹਰਿ ਪ੍ਰਾਨ ਪ੍ਰਭੂ ਸੁਖਦਾਤੇ | ੨੨੫ | ਪ੍ਰਾਣਾਂ ਦੀ ਮਹਾਨਤਾ | ੨੨੬ |
| ੧੩. ਮਾਈ ਪ੍ਰਭ ਕੇ ਚਰਨ ਨਿਹਾਰਉ | ੨੩੧ | ਹਰੀ ਚਰਨ | ੨੩੨ |
| ੧੪. ਦਰਸਨ ਨਾਮ ਕਉ ਮਨੁ ਆਛੈ | ੨੩੯ | ਪ੍ਰਭੂ ਦਰਸ਼ਨ | ੨੪੦ |
| ੧੫. ਉਲਟੀ ਰੇ ਮਨ ਉਲਟੀ ਰੇ | ੨੪੭ | ਸਾਕਤ ਸੰਗ ਨਾ ਕਰਨਾ | ੨੪੮ |
| ੧੬. ਹਰਿ ਹਰਿ ਨਾਮ ਧਿਆਈਐ | ੨੫੭ | ਨਾਮ ਅਮੋਲਕ ਹੈ | ੨੫੮ |
| ੧੭. ਹਉ ਬਲਿਹਾਰੀ ਤਿਨ ਕਉ.... | ੨੬੪ | ਏਕ ਨਾਮੁ ਸੰਤਨ ਆਧਾਰੁ | ੨੬੫ |
| ੧੮. ਹਰਿ ਕਾ ਏਕੁ ਅਚੰਭਉ ਦੇਖਿਆ | ੨੭੨ | ਅਚੱਰਜ ਕੌਤਕ | ੨੭੩ |
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

| | | | |
|---|---|---|---|
| ੧੯. ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ | ੨੮੧ | ਇਹ ਪਹਿਲੀ ਕਿਰਪਾ ਹੈ | ੨੮੨ |
| ੨੦. ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ... | ੨੯੦ | ਸੰਤ ਕਿਸਦੀ ਖੋਜ ਕਰਦੇ ਹਨ | ੨੯੧ |
| ੨੧. ਬੋਲਿ ਸੁਧਰਮੀੜਿਆ ਮੋਨਿ ਕਤ... | ੩੦੦ | ਧਰਮ ਕਿਸਨੂੰ ਕਹਿੰਦੇ ਹਨ | ੩੦੨ |
| ੨੨. ਮਨਿ ਪਰਤੀਤਿ ਨ ਆਈਆ | ੩੧੪ | ਪਰਤੀਤ ਦੋ ਤਰ੍ਹਾਂ ਦੀ ਹੈ | ੩੧੫ |
| ੨੩. ਸੇਖਾ ਅੰਦਰਹੁ ਜੋਰੁ ਛਡਿ | ੩੨੧ | ਹੰਕਾਰੀ ਸ਼ੇਖ਼ | ੩੨੨ |
| ੨੪. ਹਰਿ ਨਾਮੁ ਨ ਸਿਮਰਹਿ ਸਾਧਸੰਗਿ | ੩੨੬ | ਖੇਹ ਕਿਸ ਨੂੰ ਕਹਿੰਦੇ ਹਨ | ੩੨੭ |
| ੨੫. ਹਉਮੈ ਵਿਚਿ ਜਗਤੁ ਮੁਆ | ੩੩੨ | ਦੀਰਘ ਰੋਗ | ੩੩੩ |
| ੨੬. ਮੋਰੀ ਰੁਣ ਝੁਣ ਲਾਇਆ | ੩੩੯ | ਭੈਣੇ ਸਾਵਣ ਆਇਆ | ੩੪੦ |
| ੨੭. ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ | ੩੪੬ | ਗੁਰਮੁਖਿ ਸ਼ਬਦ | ੩੪੭ |
| ੨੮. ਮੈ ਮਨਿ ਵਡੀ ਆਸ ਹਰੇ | ੩੫੩ | ਚਾਰ ਤਰ੍ਹਾਂ ਦੇ ਦਰਸ਼ਨ | ੩੫੪ |
| ੨੯. ਤੂ ਜਾਣਾਇਹਿ ਤਾ ਕੋਈ ਜਾਣੈ | ੩੫੯ | ਨਾ ਦਿੱਸਣ ਦੇ ਅੱਠ ਕਾਰਣ | ੩੬੦ |
| ੩੦. ਕਾਇਆ ਕੂੜਿ ਵਿਗਾੜਿ ਕਾਹੇ... | ੩੬੫ | ਅਨਿਕ ਜਲਾ ਜੇ ਧੋਵੈ ਦੇਹੀ | ੩੬੬ |
| ੩੧. ਆਪਣੇ ਪਿਰ ਕੈ ਰੰਗਿ ਰਤੀ ਮੁਈਏ | ੩੭੧ | ਸੋਭਾਵੰਤੀ ਨਾਰ | ੩੭੨ |
| ੩੨. ਰਤਨ ਪਦਾਰਥ ਵਣਜੀਅਹਿ | ੩੭੭ | ''ਰਤਨ'' ਗੁਰੂ ਕਾ ਸ਼ਬਦ | ੩੭੮ |
| ੩੩. ਏ ਮਨ ਮੇਰਿਆ ਆਵਾ ਗਉਣ... | ੩੮੬ | ਮੁਸਾਫ਼ਰਖ਼ਾਨਾ | ੩੮੭ |
| ੩੪. ਹਰਿ ਸਤਿਗੁਰ ਹਰਿ ਸਤਿਗੁਰ ਮੇਲਿ | ੩੯੨ | 'ਗੁਰ ਮਿਲਾਪ' | ੩੯੩ |
| ੩੫. ਦੇਹ ਤੇਜਨੜੀ ਹਰਿ ਨਵ ਰੰਗੀਆ... | ੩੯੮ | ਘੋੜੀਆ ਗਾਵਣੀਆਂ | ੩੯੯ |
| ੩੬. ਕਿਆ ਸੁਣੇਦੋ ਕੂੜੁ ਵੰਞਨਿ.... | ੪੦੫ | ਹਵਾ ਦੇ ਬੁੱਲੇ | ੪੦੬ |
| ੩੭. ਆਵਹੁ ਮਿਲਹੁ ਸਹੇਲੀਹੋ .... | ੪੧੧ | ਅਲਾਹਣੀਆ | ੪੧੨ |
| ੩੮. ਬਾਬਾ ਆਇਆ ਹੈ ਉਠਿ ਚਲਣਾ | ੪੧੬ | ਉਠਿ ਚਲਣਾ ਹੈ | ੪੧੭ |
| ੩੯. ਸੁਣਿਅਹੁ ਕੰਤ ਮਹੇਲੀਹੋ | ੪੨੨ | ਪਿਰ ਸੇਵਿਹੁ ਸਬਦ ਵੀਚਾਰਿ | ੪੨੩ |
| ੪੦. ਭੈ ਵਿਚਿ ਸਭੁ ਆਕਾਰੁ ਹੈ | ੪੨੮ | ਭੈ ਵਿਚਿ ਸਿਧ ਬੁਧ ਸੁਰਨਾਥ | ੪੨੯ |
| ੪੧. ਸਜਣ ਮਿਲੇ ਸਜਣਾ ਜਿਨ.... | ੪੩੩ | ਗੁਰਮੁਖ ਸੱਜਣ | ੪੩੪ |
| ੪੨. ਬਿਨੁ ਸਤਿਗੁਰ ਸੇਵੇ ਜੀਅ ਕੇ | ੪੪੦ | ਕਰਮ ਬੰਧਨ ਰੂਪ ਹਨ | ੪੪੧ |
| ੪੩. ਬਿਨੁ ਸਤਿਗੁਰ ਸੇਵੇ ਜਗਤੁ ਮੁਆ | ੪੪੫ | ਮਰ ਜੰਮੈ ਆਵੈ ਜਾਇ | ੪੪੬ |
| ੪੪. ਮਨਹਠਿ ਕਿਨੈ ਨ ਪਾਇਓ | ੪੫੦ | ਹੱਠ ਦੋ ਤਰ੍ਹਾਂ ਦਾ ਹੈ | ੪੫੧ |


★★★

# ਤਤਕਰਾ ਸਾਖੀਆ


| ਸਾਖੀਆ ਲੜੀ ਨੰ: | ਪੋਥੀ ਪੰਨਾ |
|---|---|
| ੧. ਤਿੰਨ ਤਰ੍ਹਾਂ ਦੀਆਂ ਮੁਕਤੀਆਂ | ੮੪ |
| ੨. ਹਮਾਯੂੰ ਬਾਦਸ਼ਾਹ ਦੀ | ੮੫ |
| ੩. ਮੁਕਤਸਰ ਦੀ ਜੰਗ | ੮੯ |
| ੪. ਚਾਰ ਮੁਕਤੀਆਂ | ੯੧ |
| ੫. ਸ੍ਰੀ ਗੁਰੂ ਅੰਗਦ ਦੇਵ ਜੀ ਦੀ | ੧੦੨ |
| ੬. ਸ੍ਰੀ ਗੁਰੂ ਅਮਰਦਾਸ ਜੀ ਦੀ | ੧੦੬ |
| ੭. ਤਿੰਨ ਤਰ੍ਹਾਂ ਦੇ ਮਿੱਤਰ | ੧੧੩ |
| ੮. ਸਾਖੀ ਚਾਰ ਚੋਰਾਂ ਦੀ | ੧੨੦ |
| ੯. ਸੁੰਦਰ ਕਿਲੇ ਦਾ ਅਲੰਕਾਰ | ੧੨੪ |
| ੧੦. ਗੁਰੂ ਅੰਗਦ ਦੇਵ ਜੀ ਕੇ ਸਿਖੋਂ ਕੀ | ੧੨੯ |
| ੧੧. ਗੁਰੂ ਰਾਮਦਾਸ ਜੀ ਕੇ ਸਿਖੋਂ ਕੀ | ੧੩੦ |
| ੧੨. ਭਾਈ ਫਿਰਣਾ ਤੇ ਜੋਧ ਸਿੱਖ ਦੀ | ੧੪੨ |
| ੧੩. ਭਾਈ ਡੱਲਾ (ਸਿੰਘ) ਦੀ | ੧੪੭ |
| ੧੪. ਸ਼ਕਤੀ, ਲੱਛਣਾ, ਵਯੰਜਨਾ, ਤਿੰਨ ਤਰ੍ਹਾਂ ਦੀ ਬਿਰਤੀ | ੧੫੧ |
| ੧੫. ਸ੍ਰੀ ਗੁਰੂ ਨਾਨਕ ਦੇਵ ਜੀ ਕੇ ਸਿਖੋਂ ਕੀ | ੧੫੩ |
| ੧੬. ਠੱਗਾਂ ਨੂੰ ਤਾਰਣ ਦੀ | ੧੬੦ |
| ੧੭. ਪ੍ਰੇਮੀਆਂ ਦੀਆਂ ਨੌ ਨਿਸ਼ਾਨੀਆਂ | ੧੬੫ |
| ੧੮. ਬਿਦਰ ਦੇ ਪ੍ਰੇਮ ਦੀ | ੧੬੭ |
| ੧੯. ਪ੍ਰੇਮ ਵਿਚ ਨਫ਼ਰਤ ਨਹੀ | ੧੬੮ |
| ੨੦. ਪ੍ਰੇਮੇ ਕੋੜ੍ਹੀ ਦੀ | ੧੬੯ |
| ੨੧. ਪ੍ਰੇਮ ਇਕ ਕੁੰਜੀ ਹੈ | ੧੭੫ |
| ੨੨. ਗੁਰਬਾਣੀ ਅਨੁਸਾਰ ਅੱਠ ਪਦਾਰਥ | ੧੭੫ |
| ੨੩. ਨਾਮ ਕਿਵੇਂ ਜਪੀਏ | ੧੮੬ |
| ੨੪. ਸਾਧੂ ਚੇਲੇ ਨੂੰ ਧਿਆਨ ਦੀ ਜੁਗਤੀ | ੧੮੯ |
| ੨੫. ਭਗਤ ਜਲ੍ਹਣ ਜੀ ਦੀ | ੧੯੨ |
| ੨੬. ਭਗਤ ਪ੍ਰਹਿਲਾਦ ਜੀ ਦੀ | ੧੯੭ |
| ੨੭. ਦ੍ਰੋਪਤੀ ਜੀ ਦੀ | ੧੯੮ |
| ੨੮. ਪਾਪਾਂ ਦਾ ਨਿਰਣਾ | ੨੧੦ |
| ੨੯. ਸੱਜਣ ਠੱਗ ਦੀ | ੨੧੧ |
| ੩੦. ਦੋ ਤਰ੍ਹਾਂ ਦਾ ਸੰਨਿਆਸ | ੨੧੭ |
| ੩੧. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ | ੨੧੯ |
| ੩੨. ਬਾਬਾ ਬਿਧੀ ਚੰਦ ਜੀ ਦੀ | ੨੨੪ |
| ੩੩. ਪ੍ਰਾਣਾਂ ਤੇ ਇੰਦ੍ਰਿਆਂ ਦਾ ਝਗੜਾ | ੨੨੭ |
| ੩੪. ਭਗਤ ਕਬੀਰ ਜੀ ਦੀ | ੨੩੪ |
| ੩੫. ਮਛੰਦਰ ਨਾਥ ਦੀ | ੨੩੭ |
| ੩੬. ਭਗਤ ਨਾਮਦੇਵ ਜੀ ਦੀ | ੨੪੧ |
| ੩੭. ਚਾਰ ਤਰ੍ਹਾਂ ਦੇ ਦਰਸ਼ਨ | ੨੪੪ |
| ੩੮. ਸੰਗ ਦਾ ਫਲ | ੨੫੦ |
| ੩੯. ਸਾਕਤ ਦੀ ਮਾਂ | ੨੫੬ |
| ੪੦. ਨਾਮ ਦੀ ਕੀਮ ਨ ਕੋਈ ਜਾਣਦੋ | ੨੫੯ |
| ੪੧. ਸੰਤ ਹਰਨਾਮ ਸਿੰਘ ਜੀ ਦੀ | ੨੬੬ |
| ੪੨. ਕੰਧਾਂ 'ਚੋਂ ਨਾਮ ਸੁਣਨ ਦੀ | ੨੭੧ |
| ੪੩. ਧਰਮ ਦਾ ਨਿਆਂ | ੨੭੪ |
| ੪੪. ਸੋਲ੍ਹਾਂ ਤਰ੍ਹਾਂ ਦੀ ਪੂਜਾ | ੨੭੮ |
| ੪੫. ਧੰਨ ਇਹ ਪਾਊ | ੨੮੪ |

| ਸਾਖੀਆ ਲੜੀ ਨੰ: | ਪੋਥੀ ਪੰਨਾ |
|---|---|
| ੪੬. ਹੀਰੇ ਦੀ ਕੀਮਤ ਦੀ ਪਰਖ | ੨੯੧ |
| ੪੭. ਧਰਮ ਬਾਰੇ | ੩੧੨ |
| ੪੮. ਰਾਜਾ ਜੈ ਸਿੰਘ ਸਵਾਈ ਦੀ | ੩੧੫ |
| ੪੯. ਭਰੋਸੇ ਦੇ ਬੇੜੇ ਚੜ੍ਹਿਆਂ ਪਾਰ ਲੰਘੀਦਾ ਹੈ | ੩੧੬ |
| ੫੦. ਚਾਰ ਬਾਣੀਆਂ ਦਾ ਨਿਰਣਾ | ੩੨੫ |
| ੫੧. ਖਡੂਰ ਸਾਹਿਬ ਦਾ ਸ਼ਿਵਨਾਥ ਤਪਾ | ੩੨੯ |
| ੫੨. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੇ ਸਿਖੋਂ ਕੀ | ੩੩੩ |
| ੫੩. ਰਾਮ ਥੰਮਨ ਜੀ ਦੀ | ੩੪੫ |
| ੫੪. ਗੁਰਮੁਖ ਕੌਣ ਹੈ | ੩੪੭ |
| ੫੫. ਕਸ਼ਮੀਰ ਵਿਚ ਮਾਤਾ ਭਾਗ ਭਰੀ ਜੀ ਨੂੰ ਦਰਸ਼ਨ ਦੇਣੇ | ੩੫੪ |
| ੫੬. ਚਾਰ ਅੰਨ੍ਹਿਆਂ ਦੀ | ੩੬੩ |
| ੫੭. ਬ੍ਰਾਹਮਣ ਦੁਆਰਾ ਜੱਟ ਨੂੰ ਸੁੱਚਾ ਕਰਨ ਦੀ | ੩੬੭ |
| ੫੮. ਸੁਹਾਗਣ ਇਸਤਰੀ ਦੀ | ੩੭੨ |
| ੫੯. ਸ਼ਾਹੂਕਾਰ ਦੀ | ੩੭੯ |
| ੬੦.ਇਕ ਸ਼ਹਿਰ ਵਿਚ ਬਹੁਤ ਸੋਹਣਾ ਮੁਸਾਫ਼ਰਖ਼ਾਨਾ ਸੀ | ੩੮੭ |
| ੬੧. ਸ਼ਿਵਨਾਭ ਰਾਜੇ ਦੀ | ੩੯੩ |
| ੬੨. ਭਾਈ ਲਹਿਣਾ ਜੀ ਦਾ ਗੁਰੂ ਜੀ ਨਾਲ ਮੇਲ | ੩੯੯ |
| ੬੩. ਇਕ ਮਾਤਾ ਦੇ ਰੋਵਣ ਦੀ | ੪੧੨ |
| ੬੪. ਸੰਸਾਰ ਇਕ ਮੁਸਾਫ਼ਰਖ਼ਾਨਾ ਹੈ | ੪੧੭ |
| ੬੫. ਸੀਤਾ ਜੀ ਦੀ | ੪੨੩ |
| ੬੬. ਦੇਵਤਿਆਂ ਦੀ ਮੀਟਿੰਗ | ੪੨੯ |
| ੬੭. ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਝੰਡਾ ਜੀ | ੪੩੪ |
| ੬੮. ਸੇਵਾ, ਸਿਮਰਨ ਤੋਂ ਹੀਣੇ ਪਖੰਡੀ ਸਾਧੂ ਦੀ | ੪੪੧ |
| ੬੯. ਸੇਵਾ ਤੋਂ ਹੀਣੇ ਖੀਰ ਖਾਣੇ ਸਿੱਖ ਦੀ | ੪੪੬ |
| ੭੦. ਕਰਮ-ਕਾਂਡੀ ਬ੍ਰਾਹਮਣ ਦੀ | ੪੫੨ |


☆☆☆

ੴ ਸਤਿਗੁਰ ਪ੍ਰਸਾਦਿ॥

# ਮੁੱਖ ਬੰਧ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਸਾਰ ਦੇ ਇਤਿਹਾਸ ਅੰਦਰ, ਸਮੁੱਚੀ ਲੋਕਾਈ ਦੀ ਕਲਿਆਣਕਾਰੀ ਵਾਸਤੇ ਰੱਬੀ ਅਨੁਭਵ ਤੇ ਰਹੱਸਵਾਦੀ ਅਤੇ ਸ੍ਰੇਸ਼ਟਾਚਾਰੀ ਪਵਿਤ੍ਰ ਸਿੱਖਿਆਵਾਂ ਦਾ ਸ਼ਬਦ-ਗੁਰੂ ਸ਼ਬਦ-ਸਾਗਰ ਹੈ, ਜਿਸ ਅੰਦਰ ਗੁਰੂ ਸਾਹਿਬਾਨਾਂ, ਭਗਤਾਂ , ਭੱਟਾਂ, ਗੁਰਸਿੱਖਾਂ ਰਾਹੀਂ ਵਿਸਮਾਦੀ ਤੇ ਅਨੁਭਵੀ, ਤਤਵੇਤੇ, ਬ੍ਰਹਮਵੇਤਿਆਂ ਵਾਲਾ ਅਨੁਭਵੀ ਬ੍ਰਹਮ ਗਿਆਨ ਹੈ। ''ਰਾਜ ਮੈ ਰਾਜੁ, ਜੋਗ ਮੈ ਜੋਗੀ'' ਦੇ ਸਿਧਾਂਤ ਅਨੁਸਾਰ ਰਾਜ ਜੋਗੀਆਂ ਵਾਲਾ, ਭਗਤ ਜੋਗ ਦਾ ਸ਼ਾਂਤ ਅਡੋਲ ਧਿਆਨ ਹੈ। ''ਹਰਿ ਰਸੁ ਚੋਗ ਚੁਗਹਿ ਪ੍ਰਭਿ ਭਾਵੈ॥'' ਦੇ ਅਧਿਕਾਰੀ ਸੰਤ ਜਨ ਪਰਮ ਹੰਸਾਂ ਲਈ ਨਾਮ ਰੂਪ ਮੋਤੀਆਂ ਦਾ ਅਥਾਹ ਸਾਗਰ ਹੈ। ਇਸ ਸੁੱਖ ਸਾਗਰ, ਬ੍ਰਹਮ ਰਤਨਾਗਰ, ਸ਼ਬਦ-ਗੁਰੂ ਸ਼ਬਦ-ਸਾਗਰ ਦੀ ਨਿਰਮਲ ਅੰਮ੍ਰਿਤ ਬੂੰਦ ਪ੍ਰਾਪਤ ਕਰਨ ਨੂੰ ਜਗਤ-ਜੀਵ ਰੂਪ ਬਾਬੀਹਾ ਦਿਨ ਰਾਤ ਪੁਕਾਰ ਰਿਹਾ ਸੀ।

***''ਬਾਬੀਹਾ ਏਹੁ ਜਗਤੁ ਹੈ ਮਤ ਕੋ ਭਰਮਿ ਭੁਲਾਇ॥''***

(ਅੰਗ ੧੨੮੩)

***''ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥***
***ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥''***

(ਅੰਗ ੧੨੮੫)

ਗੁਰੂ ਨਾਨਕ ਦੇਵ ਜੀ ਆਦਿ ਛੇ ਸਰੂਪਾਂ ਵਿਚ ਤੇ ਭਗਤਾਂ, ਭੱਟਾਂ, ਗੁਰਸਿੱਖਾਂ ਦੁਆਰਾ ਗੁਰੂ ਜੀ ਨੇ ਗੁਰੂ ਰੂਪ ਬਦਲ ਹੋਕੇ ਕਿਰਪਾ ਕਰਕੇ ਉਪਦੇਸ਼ ਰੂਪ ਬਰਖਾ ਦੁਆਰਾ ਗੁਰਬਾਣੀ ਰੂਪ ਅੰਮ੍ਰਿਤ ਬੂੰਦ ਬਖ਼ਸ਼ ਕੇ ਜਗਤ ਰੂਪ ਪਾਪੀਹੇ ਨੂੰ ਨਿਹਾਲ ਕਰਿ ਦਿੱਤਾ।

***''ਕੂਕ ਪੁਕਾਰ ਨ ਹੋਵਈ ਨਦਰੀ ਨਦਰਿ ਨਿਹਾਲ॥''***

(ਅੰਗ ੧੨੮੩)

ਗੁਰੂ ਸਾਹਿਬ ਜੀ ਜਿਸ ਵੇਲੇ ਜਗਤ-ਜੀਆਂ ਦੀ ਕਲਿਆਣਕਾਰੀ ਵਾਸਤੇ ਪਾਵਣ ਗੁਰਬਾਣੀ ਦਾ ਉਚਾਰਨ ਕਰਦੇ ਸਨ, ਗੁਰ ਇਤਿਹਾਸ ਨੇ ਉਨ੍ਹਾਂ ਪ੍ਰਸੰਗਾਂ ਨੂੰ ਇਸ ਪ੍ਰਕਾਰ ਕਥਨ ਕੀਤਾ ਹੈ-

***''ਇਸ ਬਿਧਿ ਕਹਿ ਕਰਕੈ ਅਨੁਰਾਗਾ॥ ਉਚਰਯੋ ਸ਼ਬਦ ਗਾਇ ਮੁਖ ਰਾਗਾ॥''***

(ਨਾਨਕ ਪ੍ਰਕਾਸ਼ ਉਤਾਰਥ ਧਿਆ ੩)

# (ਸ੍ਰੀ ਮੁਖਵਾਕ)

ਸਿਰੀ ਰਾਗੁ ਪਹਰੇ ਮਹਲਾ ੧ ਘਰੁ ੧॥

*"ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ, ਹੁਕਮਿ ਪਇਆ ਗਰਭਾਸਿ॥"*

(ਅੰਗ ੭੪)

ਇਸ ਤਰ੍ਹਾਂ ਗੁਰਬਾਣੀ ਦੇ ਸ਼ਬਦ ਗੁਰ ਇਤਿਹਾਸ ਅੰਦਰ ਜਿਥੇ ਵੀ ਆਏ ਹਨ, ਸਿਰਲੇਖ ਉਪਰ ਸ੍ਰੀ ਮੁਖਵਾਕ ਸ਼ਬਦ ਕਵਿ ਸੰਤੋਖ ਸਿੰਘ ਜੀ ਨੇ ਹਰ ਥਾਂ ਲਿਖਿਆ ਹੈ, ਜਿਸ ਦਾ ਇਥੇ ਭਾਵ ਹੈ ਕਿ ਇਹ ਸ਼ਬਦ ਸ੍ਰੀ ਮੁਖਵਾਕ ਹੈ ਭਾਵ ਧੁਰ ਕੀ ਬਾਣੀ ਦਾ ਸ਼ਬਦ ਹੈ। ਗੁਰਬਾਣੀ ਰਾਹੀਂ ਇਹ ਭਾਵ ਹੋਰ ਸਪੱਸ਼ਟ ਹੁੰਦਾ ਹੈ। "ਸਵਯੇ ਸ੍ਰੀ ਮੁਖ ਵਾਕਯ ਮਹਲਾ ੫॥"

ਇਹ ਸਵੱਈਏ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਉਚਾਰਨ ਕੀਤੇ ਹੋਏ ਹਨ। ਗੁਰਬਾਣੀ ਸਾਰੀ ਹੀ ੧ੴ ਤੋਂ ਲੈ ਕੇ ਅਠਾਰਹ ਦਸਿ ਬੀਸ ਤੱਕ ਸੰਪੂਰਨ ਸ੍ਰੀ ਮੁਖਵਾਕ ਹੈ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣੇ ਪਵਿੱਤ੍ਰ ਮੁਖਵਾਕ ਦੁਆਰਾ ਉਚਾਰਨ ਕਰਕੇ ਲਿਖਵਾਈ ਹੈ ਅਤੇ ਦਸਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਗੱਦੀ ਬਖ਼ਸ਼ ਕੇ ਹੁਕਮ ਕੀਤਾ ਸੀ–

*"ਸਭਿ ਸਿਖਨ ਕੋ ਹੁਕਮ ਹੈ, ਗੁਰੂ ਮਾਨਿਯੋ ਗ੍ਰੰਥ॥"*

ਗੁਰੂ ਅਰਜਨ ਦੇਵ ਜੀ ਨੇ ਜਿਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਸੰਮਤ ਬਿਕ੍ਰਮੀ ੧੬੬੧ ਭਾਦਰੋਂ ਸੁਦੀ ਏਕਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਕੀਤਾ ਸੀ, ਉਸ ਵੇਲੇ ਸ੍ਰੀ ਮੁਖਵਾਕ ਆਇਆ ਸੀ:–

ਸੂਹੀ ਮਹਲਾ ੫॥

*"ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥੧॥"*

(ਅੰਗ ੭੮੩)

*"ਆਪ ਚੌਰ ਸ੍ਰੀ ਗੁਰ ਕਰਤ, ਬੁੱਢੇ ਲਈ ਅਵਾਜ਼॥*
*ਏਕ ਚਿਤ ਸੰਗਤਿ ਸੁਨੈ, ਸਭਿ ਮਨਿ ਸਾਂਤਿ ਬਿਰਾਜ॥"*

(ਗੁਰ ਬਿਲਾਸ ਪਾਤਸ਼ਾਹਹੀ ੬, ਅਧਿਆਇ ੫)

*"ਬੁਢਾ ਸਾਹਿਬ ਖੋਲਹੁ ਗ੍ਰੰਥ॥ ਲੇਹੁ ਆਵਾਜ ਸੁਨਹਿ ਸਭ ਪੰਥ॥*
*ਅਦਬ ਸੰਗ ਤਬਿ ਗ੍ਰੰਥ ਸੋ ਖੋਲ੍ਹਾ॥ ਲੈ ਆਵਾਜ ਬੁੱਢਾ ਮੁਖ ਬੋਲਾ॥"*

ਹੁਕਮਨਾਮਾ ਲੈਣ ਦੀ ਮਰਯਾਦਾ ਸਭ ਤੋਂ ਪਹਿਲੀ ਇਥੋਂ ਸ਼ੁਰੂ ਹੋਈ ਹੈ। ਸਿੱਖ ਜਗਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਹਰਿ ਥਾਂ ਮੁਖਵਾਕ ਲੈਣ ਦੀ ਮਰਯਾਦਾ ਕਾਇਮ ਹੈ। ਉਥੇ ਖ਼ੁਸ਼ੀ ਗ਼ਮੀ

ਅਤੇ ਹਰ ਕਾਰਜ ਦੇ ਆਰੰਭ ਤੇ ਸਮਾਪਤੀ ਸਮੇਂ ਵੀ ਹੁਕਮਨਾਮਾ ਲਿਆ ਜਾਂਦਾ ਹੈ। ਖ਼ਾਲਸਾ ਪੰਥ ਦਾ ਗੁਰੂ ਗ੍ਰੰਥ ਸਾਹਬ ਜੀ ਉੱਪਰ ਪੂਰਨ ਭਰੋਸਾ ਹੈ। ਹਰ ਕਠਨ ਤੋਂ ਕਠਨ ਸਮੇਂ ਸਿੰਘ ਗੁਰੂ ਗ੍ਰੰਥ ਸਾਹਿਬ ਜੀ ਅਗੇ ਅਰਦਾਸ ਕਰਕੇ ਹੁਕਮਨਾਮਾ ਲਿਆ ਕਰਦੇ ਸਨ, ਜਿਸ ਦਾ ਜ਼ਿਕਰ ਭਾਈ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਅੰਦਰ ਇਸ ਤਰ੍ਹਾਂ ਕੀਤਾ ਹੈ-

***"ਤੂ ਗੁਰੂ ਗ੍ਰੰਥ, ਸੱਚੀ ਹੈ ਦੇਹ॥ ਸਿਖ ਸੰਗਤ ਕੋ ਸਚ ਵਾਕ ਦੇਹ॥.....***
***ਦੀਜੈ ਵਾਕ, ਜੁ ਕਰਨੌ ਹੋਈ॥ ਤੂੰ ਸਤਿਗੁਰ, ਹਮ ਹੈ ਸਿਖ ਸੋਈ॥"***

(ਪ੍ਰਾਚੀਨ ਪੰਥ ਪ੍ਰਕਾਸ਼)

ਇਸ ਸਮੇਂ ਸਿੱਖ ਜਗਤ ਵਿਚ ਚਲੀ ਆ ਰਹੀ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਜਾਂ ਕਿਸੇ ਸਮਾਗਮ ਸਮੇਂ ਲਏ ਜਾ ਰਹੇ ਹੁਕਮਨਾਮੇ ਨੂੰ ਸ੍ਰੀ ਮੁਖਵਾਕ, ਗੁਰ-ਵਾਕ, ਮਹਾਂਵਾਕ ਅਤੇ ਹੁਕਮਨਾਮਾ ਆਦਿ ਨਾਮ ਨਾਲ ਸਤਿਕਾਰ ਸਹਿਤ ਗੁਰਸਿੱਖ ਸੰਗਤਾਂ ਵਿਚ ਯਾਦ ਕੀਤਾ ਜਾਂਦਾ ਹੈ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ, ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਨੇ ਪੋਥੀ ਮੁਖਵਾਕ ਪ੍ਰਕਾਸ਼ (ਭਾਗ ਪਹਿਲਾ) ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੦੩ ਤੋਂ ਲੈ ਕੇ ੫੯੩ ਤੱਕ, ਹੁਕਮਨਾਮਿਆਂ ਦੀ ਵਿਆਖਿਆ ਕੀਤੀ ਹੈ। ਗੁਰਬਾਣੀ ਦੀ ਵਿਆਖਿਆ ਤੇ ਅਰਥਾਂ ਨੂੰ ਵਿਚਾਰਨਾ ਅਤੇ ਕਥਾ ਕਰਕੇ ਸੰਗਤ ਨੂੰ ਸੁਨਾਵਣੀ। ਗੁਰ ਇਤਿਹਾਸ ਅੰਦਰ ਆਏ ਜ਼ਿਕਰ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸਾਰੇ ਗੁਰੂ ਸਾਹਿਬ, ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਆਦਿ ਸਭੇ ਗੁਰੂ ਸਾਹਿਬ ਜੀ ਆਪ ਸ਼ਬਦ ਦੀ ਵੀਚਾਰ ਕਰਿਆ ਕਰਦੇ ਸਨ ਅਤੇ ਗੁਰਸਿੱਖਾਂ ਪਾਸੋਂ ਹੁਕਮ ਕਰਕੇ ਕਰਾਇਆ ਕਰਦੇ ਸਨ।

***"ਇਕ ਦਿਨ ਸੰਗਤ ਕੇਰ ਮਝਾਰਾ॥ ਬੈਠੇ ਪ੍ਰਭ ਹ੍ਵੈ ਸ਼ਬਦ ਵਿਚਾਰਾ॥ ੪੯॥***
***ਸ਼ਬਦ ਵਿਚਾਰੁ ਸੁਨਯੋ ਜਬ ਦੋਈ॥ ਰਿਦੇ ਸਾਂਤ ਪ੍ਰਾਪਤ ਤਬ ਹੋਈ॥"***

(ਨਾਨਕ ਪ੍ਰਕਾਸ਼ ਉਤਰਾਰਧ, ਧਿ: ੪੨)

***"ਜਪੁ ਜੀ ਅਰਥ ਬਿਚਾਰਨ ਕਰੋ॥ ਸ੍ਵਾਸ ਸ੍ਵਾਸ ਅੰਤਰ ਨਿਤਿ ਧਰੋ॥ ੨੪॥"***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੧)

(ਅਥਵਾ)

***"ਕਰਯੋ ਬਚਨ ਪਠਿ ਸਤਿਗੁਰ ਬਾਨੀ॥ ਕੀਜਹਿ ਕਥਾ ਪ੍ਰੇਮ ਕੋ ਠਾਨੀ॥ ੪੨॥***
***ਸਤਿ ਸੰਗਤਿ ਮਹਿ ਕਰਿਹੁ ਸੁਨਾਵਨਿ॥ ਗੁਰਮਤਿ ਸਿਖਨ ਕੋ ਸਿਖਰਾਵਨਿ॥"***

ਇਨ੍ਹਾਂ ਇਤਿਹਾਸਕ ਬਚਨਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਗੁਰੂ ਸਾਹਿਬ ਜੀ ਗੁਰਸਿੱਖਾਂ ਨੂੰ ਗੁਰਬਾਣੀ ਦੇ ਅਰਥ ਤੇ ਵਿਆਖਿਆ ਕਰਕੇ ਸਰਵਣ ਕਰਾਉਣ ਦਾ ਹੁਕਮ ਕਰਿਆ ਕਰਦੇ ਅਤੇ ਇਹ ਲਿਖਤੀ ਰੂਪ ਵਿਚ ਵੀ ਸੇਵਾ ਕਰਨ ਦਾ ਹੁਕਮ ਕਰਿਆ ਕਰਦੇ ਸਨ।

***"ਪੋਥੀ ਲਿਖਹੁ ਸੁਫਲ ਗੁਰਬਾਨੀ॥***
***ਗੁਰੂ ਨਮਿਤ ਦੀ ਜਹਿ ਸਿਖ ਜਾਨੀ॥"***

ਦਸਮ ਸਰੂਪ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਸਾਬੋ ਕੀ ਤਲਵੰਡੀ (ਬਠਿੰਡਾ) ਵਿਖੇ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲੱਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਾਇਆ ਤੇ ਨਾਲ ਸਾਰੀ ਗੁਰਬਾਣੀ ਦੇ ਅਰਥ ੪੮ ਸਿੰਘਾਂ ਨੂੰ ਪੜ੍ਹਾਏ ਸਨ। ਇਨ੍ਹਾਂ ਅਰਥ ਪੜ੍ਹਨ ਵਾਲੇ ਸਿੰਘਾਂ ਵਿਚੋਂ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਨੇ ਅਗੋ ਸਿੰਘਾਂ ਨੂੰ ਅਰਥ ਪੜ੍ਹਾ ਕੇ ਅਰਥਾਂ ਦੀ ਸੰਪ੍ਰਦਾਈ ਟਕਸਾਲ ਚਲਾਈ। ਸ਼ਹੀਦ ਬਾਬਾ ਦੀਪ ਸਿੰਘ ਜੀ ਤੋਂ ਦਮਦਮੀ ਟਕਸਾਲ ਚਲੀ, ਜਿਸ ਟਕਸਾਲ ਵਿਚ ਕਰਨੀ ਕਥਨੀ ਦੇ ਪੂਰੇ ਪੂਰਨ ਬ੍ਰਹਮ ਗਿਆਨੀ ਕਿੰਨੇ ਹੀ ਮਹਾਂ ਪੁਰਖ ਹੋਏ ਹਨ। ਇਸ ਦਮਦਮੀ ਟਕਸਾਲ ਵਿਚ ਵਿਦਿਆ ਪੜ੍ਹ ਕੇ ਅੱਜ ਵੀ ਇਸ ਟਕਸਾਲ ਦੇ ਕਿੰਨੇ ਹੀ ਵਿਦਿਆਰਥੀ ਬਹੁਤ ਸਤਿਕਾਰ ਯੋਗ ਪਦਵੀਆਂ 'ਤੇ ਸੁਭਾਇਮਾਨ ਹਨ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਵੀ ਇਸ ਟਕਸਾਲ ਦੇ ਵਿਦਿਆਰਥੀ ਹਨ। ਇਨ੍ਹਾਂ ਨੇ ਸੱਤ ਪੁਸਤਕਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਪਹਿਲਾਂ ਲਿਖੀਆਂ ਹਨ ਜੋ ਉਪਲਬਧ ਹਨ। ਹੱਥਲੀ ਪੁਸਤਕ ਸ੍ਰੀ ਮੁਖਵਾਕ ਪ੍ਰਕਾਸ਼ (ਭਾਗ ਪਹਿਲਾ) ਇਹ ਅੱਠਵੀਂ ਪੁਸਤਕ ਹੈ। ਇਸ ਵਿਚ ੪੪ ਹੁਕਮਨਾਮਿਆ ਦੀ ਕਥਾ ਬਹੁਤ ਸੁੰਦਰ ਢੰਗ ਨਾਲ ਲਿਖੀ ਗਈ ਹੈ। ਸ਼ਬਦ ਦੀ ਪਹਿਲੀ ਪੰਗਤੀ ਨੂੰ ਆਧਾਰ ਬਣਾ ਕੇ ਬਹੁਤ ਵਿਸਥਾਰ ਕੀਤਾ ਹੈ । ਪਦ ਅਰਥ ਤੇ ਅਰਥ, ਵਿਆਖਿਆ ਤੇ ਸਾਰੰਸ਼ ਲਿਖ ਕੇ ਇਸ ਢੰਗ ਨਾਲ ਹਰ ਇਕ ਸ਼ਬਦ ਨੂੰ ਸੰਪੂਰਨ ਕੀਤਾ ਹੈ।

ਗੁਰਬਾਣੀ ਦੇ ਅਰਥ ਹੁਕਮਨਾਮਿਆਂ ਦੀ ਵਿਆਖਿਆ ਹੋਰ ਵੀ ਕਈ ਵਿਦਵਾਨਾਂ ਨੇ ਕੀਤੀ ਹੈ। ਪਰ ਕਈ ਇਕ ਲੇਖਕਾਂ ਨੇ ਉਥਾਨਕਾ ਤੇ ਵਿਆਖਿਆ ਕਰਨ ਸਮੇਂ ਗੁਰਇਤਿਹਾਸ ਤੇ ਗੁਰਬਾਣੀ ਦੇ ਸਿਧਾਂਤ ਤੋਂ ਲਾਂਭੇ ਜਾ ਕੇ ਆਪਣੀ ਮਨ ਮਰਜ਼ੀ ਨਾਲ ਵਿਆਖਿਆ ਕਰ ਦਿੱਤੀ ਹੈ ਜੋ ਗੁਰ ਸ਼ਬਦ ਦੀ ਕਸਵੱਟੀ ਉਪਰ ਪੂਰੀ ਨਹੀਂ ਉਤਰਦੀ । ਇਸ ਲਈ ਲੇਖਕਾਂ ਨੂੰ ਲਿਖਣ ਲਗਿਆਂ ਧਿਆਨ ਰੱਖਣਾ ਜ਼ਰੂਰੀ ਹੈ ਕਿ ਉਹ ਕੁਝ ਲਿਖਣ ਜਿਸ ਨੂੰ ਪੜ੍ਹ ਸੁਣ ਕੇ ਮਨ ਵਿਚ ਸ਼ਰਧਾ ਪੈਦਾ ਹੋਵੇ।

ਸਿੰਘ ਸਾਹਿਬ ਜੀ ਦੀ ਲਿਖਤ ਨੂੰ ਪੜ੍ਹਿਆਂ ਜਿਥੇ ਇਨ੍ਹਾਂ ਦੀ ਗੁਰੂ ਸਾਹਿਬਾਨਾਂ ਪ੍ਰਤੀ ਅਥਾਹ ਸ਼ਰਧਾ ਪ੍ਰਗਟ ਹੁੰਦੀ ਹੈ, ਉਥੇ ਪੜ੍ਹਨ ਵਾਲੇ ਦੇ ਮਨ ਵਿਚ ਵੀ ਸ਼ਰਧਾ ਭਾਵਨਾ ਪੈਦਾ ਹੋ ਆਉਂਦੀ ਹੈ। ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਇਨ੍ਹਾਂ 'ਤੇ ਹੋਰ ਕਿਰਪਾ ਕਰਕੇ ਆਪਣੀ ਸੇਵਾ ਤੇ ਅਗਲੇ ਹੁਕਮਨਾਮਿਆਂ ਦੀ ਰਹਿੰਦੀ ਕਥਾ ਲਿਖਾ ਕੇ ਸੰਪੂਰਨ ਕਰਾ ਲੈਣ।

ਗੁਰੂ-ਪੰਥ ਦਾ ਦਾਸ

ਹਰਨਾਮ ਸਿੰਘ (ਖਾਲਸਾ)
ਮੁਖੀ ਦਮਦਮੀ ਟਕਸਾਲ, ਜਥਾ ਭਿੰਡਰਾਂ (ਮਹਿਤਾ)
ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ।

# ਸੰਦੇਸ਼

ਜੋ ਕੌਮਾਂ ਆਪਣੇ ਵਿਰਸੇ, ਧਰਮ ਗ੍ਰੰਥ ਅਤੇ ਇਤਿਹਾਸ ਤੋਂ ਬੇਖ਼ਬਰ ਹੋ ਜਾਂਦੀਆਂ ਹਨ, ਉਹ ਨਿਸ਼ਚਿਤ ਤੌਰ 'ਤੇ ਕਿਸੇ ਨਾ ਕਿਸੇ ਦਿਨ ਦੁਨੀਆਂ ਦੇ ਨਕਸ਼ੇ ਤੋਂ ਅਲੋਪ ਹੋ ਜਾਂਦੀਆਂ ਹਨ ਅਤੇ ਉਹ ਕੌਮਾਂ ਹੀ ਜ਼ਿੰਦਾ ਰਹਿੰਦੀਆਂ ਹਨ ਜੋ ਇਨ੍ਹਾਂ ਨੂੰ ਨਹੀਂ ਭੁਲਾਉਂਦੀਆਂ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਰਚਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇਕ ਧਾਰਮਿਕ ਗ੍ਰੰਥ ਹੀ ਨਹੀਂ, ਸਗੋਂ ਇਹ ਸਿੱਖ ਕੌਮ ਦਾ ਮਾਰਗ ਦਰਸ਼ਕ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਆਉਣ ਵਾਲੇ ਹਰ ਮੁੱਖ ਵਾਕ ਨੂੰ ਸਿੱਖ ਜਗਤ ਹੁਕਮਨਾਮੇ ਦੇ ਤੌਰ 'ਤੇ ਵਿਚਾਰਦਾ ਹੈ। ਇਸ ਕਰਕੇ ਸਿੱਖ ਰਹਿਣੀ ਬਹਿਣੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਨਾਮਿਆਂ ਦਾ ਇਕ ਖ਼ਾਸ ਅਸਥਾਨ ਹੈ। ਸਿੱਖ ਇਤਿਹਾਸ ਵਿਚ ਕਈ ਦੌਰ ਐਸੇ ਵੀ ਆਏ ਜਦੋਂ ਸਿੱਖ ਕੌਮ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਤੋਂ ਰਾਹਨੁਮਾਈ ਹਾਸਿਲ ਕੀਤੀ ਅਤੇ ਕਠਿਨ ਤੋਂ ਕਠਿਨ ਹਾਲਾਤਾਂ ਵਿਚੋਂ ਵੀ ਜੇਤੂ ਹੋ ਕੇ ਨਿਕਲੇ। ਸਿੱਖ ਅੱਜ ਵੀ ਖ਼ੁਸ਼ੀਆਂ ਦੇ ਮੌਕਿਆਂ ਤੋਂ ਇਲਾਵਾ ਬਿਪਤਾ ਦੇ ਦੌਰ ਵਿਚ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈ ਕੇ ਹੀ ਆਪਣੀ ਭਵਿੱਖਤ ਨੀਤੀ ਉਪਰ ਚੱਲਣਾ ਆਰੰਭ ਕਰਦੇ ਹਨ। ਲੇਖਕ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਗੂਜਰੀ ਰਾਗੁ ਤੋਂ ਲੈ ਕੇ ਵਡਹੰਸ ਰਾਗੁ ਤੱਕ ਵਿਚਾਰਦਿਆਂ ਹੋਇਆਂ ਇਸ ਪੁਸਤਕ, 'ਮੁੱਖਵਾਕ ਪ੍ਰਕਾਸ਼' ਵਿਚ ਇਨ੍ਹਾਂ ਬਾਬਤ ਵਿਆਖਿਆ ਅਤੇ ਸ਼ਬਦ ਅਰਥ ਬਹੁਤ ਵਿਦਵਤਾ ਪੂਰਨ ਅਤੇ ਸਾਦੇ ਢੰਗ ਨਾਲ ਦਰਜ ਕੀਤੇ ਹਨ ਤਾਂ ਕਿ ਇਹ ਆਮ ਸਿੱਖ ਸੰਗਤ ਦੀ ਸਮਝ ਵਿਚ ਵੀ ਆ ਸਕਣ। ਇਸ ਸਾਲ ਸਾਰਾ ਖ਼ਾਲਸਾ ਪੰਥ ਇਕ ਜੁੱਟ ਹੋਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ੩੦੦ ਸਾਲਾ ਗੁਰਗੱਦੀ ਦਿਵਸ ਬਹੁਤ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਉਣ ਜਾ ਰਿਹਾ ਹੈ। ਅਜਿਹੇ ਮੌਕੇ ਪੁਰ ਇਸ ਪੁਸਤਕ ਦੀ ਲੇਖਣੀ ਸਦਕਾ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਬੇਅੰਤ ਵਧਾਈਆਂ ਦੇ ਪਾਤਰ ਹਨ।

ਸ਼ੁਭਚਿੰਤਕ

(ਅਵਤਾਰ ਸਿੰਘ)

ਪ੍ਰਧਾਨ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਸ੍ਰੀ ਗੁਰੂ ਗ੍ਰੰਥ ਸਾਹਿਬ ਦਿਬ ਮੂਰਤ, ਜਾਗਤ ਜੋਤ ਸਦ ਸੁਣਦੇ ਸਦ ਵੇਖਦੇ ਹਨ। ਜਗਿਆਸੂਆਂ ਦੀਆਂ ਅਰਦਾਸਾਂ ਜੋਦੜੀਆਂ ਸੁਣ ਸੁਣ ਕੇ ਉਹਨਾਂ ਨੂੰ ਜੀਵਨ ਸੇਧ ਬਖ਼ਸ਼ਦੇ ਹਨ, ਧਰਵਾਸ, ਧੀਰਜ ਅਤੇ ਦਿਲਾਸਾ ਬਖ਼ਸ਼ਦੇ ਹਨ ਅਤੇ ਸ਼ਬਦ ਰੂਪ ਵਿਚ ਅਗਵਾਈ ਕਰਦੇ ਹਨ। ਉਸ ਸ਼ਬਦ ਨੂੰ ਗੁਰਸਿੱਖ ਅਵਾਜ਼ਾ, ਵਾਕ, ਮੁਖਵਾਕ ਅਤੇ ਹੁਕਨਾਮਾ ਕਹਿੰਦੇ ਹਨ।

ਜਦੋਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਬਾਬਾ ਬੁੱਢਾ ਸਾਹਿਬ ਜੀ ਰਾਹੀਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਤਾਂ ਉਸ ਵੇਲੇ ਇਹ ਸ਼ਬਦ ਕਹੇ–

***"ਬੁਢਾ ਸਾਹਿਬ ਖੋਲਹੁ ਗ੍ਰੰਥ।***
***ਲੇਹੁ ਅਵਾਜ ਸੁਣੈ ਸਬ ਪੰਥ।"***

ਉਸ ਇਤਿਹਾਸਿਕ ਹੁਕਮਨਾਮੇ ਨੂੰ ਸੁਣ ਕੇ ਸੰਗਤ ਨੇ ਭਾਵਨਾ ਨਾਲ ਸੀਸ ਨਿਵਾਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸਾਹਿਬ ਭਾਈ ਨੰਦ ਲਾਲ ਜੀ ਦੀ ਰਚਨਾ ਰਾਹੀਂ ਇਹ ਬਚਨ ਸਪੱਸ਼ਟ ਕੀਤੇ ਕਿ ਜਿਸ ਸਿੱਖ ਨੇ ਮੇਰੇ ਨਾਲ ਗੱਲ ਕਰਨੀ ਹੋਵੇ, ਬਚਨ ਸੁਣਨੇ ਹੋਣ, ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੜ੍ਹੇ, ਸੁਣੇ ਅਤੇ ਵੀਚਾਰੇ।

***"ਜੋ ਮਮ ਸਾਥ ਚਹੈ ਕਰਿਉ ਬਾਤ।***
***ਗ੍ਰੰਥ ਜੀ ਪੜ੍ਹਹਿ ਬੀਚਾਰਹਿ ਸਾਥ।***
***ਜੋ ਮੁਝ ਬਚਨ ਸੁਣਨ ਕੀ ਚਾਹੈ।***
***ਗ੍ਰੰਥ ਵੀਚਾਰ ਸੁਨਹੁ ਚਿਤ ਲਾਇ॥"***

ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇਣ ਤੋਂ ਬਾਅਦ ਸਿੱਖ ਦਾ ਅਟੱਲ ਵਿਸ਼ਵਾਸ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਉਪਰ ਹੈ। ਸਿੱਖ ਬਿਖੜੇ ਵੇਲੇ ਵਿਚ ਵੀ ਇਹ ਸ਼ਬਦ ਆਪਣੀ ਜ਼ੁਬਾਨ ਤੋਂ ਕਹਿੰਦੇ ਸਨ ਕਿ ਸਾਡੇ ਲਈ ਸਹਾਇਕ ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਬਦ ਹੈ।

***"ਦਈ ਗੁਰੂ ਗ੍ਰੰਥ ਅਵਾਜ॥ ਸੋਈ ਕਰਹੁਗੋ ਹਮਰੇ ਕਾਜ॥"***

ਅੱਜ ਵੀ ਸ਼ਰਧਾ ਵਾਲੇ, ਸਿਦਕ ਤੇ ਭਰੋਸੇ ਵਾਲੇ ਗੁਰਸਿੱਖ ਦੁੱਖ, ਸੁੱਖ, ਖ਼ੁਸ਼ੀ, ਗ਼ਮੀ, ਕਾਰਜ ਦੀ ਸਫ਼ਲਤਾ ਲਈ, ਸ਼ੁਕਰਾਨੇ ਲਈ, ਦਾਤਾਂ ਲਈ, ਆਤਮਿਕ ਜੀਵਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਹੁਕਮਨਾਮੇ ਦੀ ਹੀ ਅਗਵਾਈ ਲੈਂਦੇ ਹਨ। ਆਮ ਵੇਖਣ ਵਿਚ ਆਇਆ ਹੈ ਕਿ ਹਰ ਜਗਿਆਸੂ ਹੁਕਮਨਾਮੇ ਨੂੰ ਸ਼ਰਧਾ, ਭਾਵਨਾ ਨਾਲ ਸੁਣਦੇ ਹਨ, ਪਰ ਅਰਥ ਬੋਧ ਸਾਰੇ ਨਹੀਂ ਜਾਣਦੇ। ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਉਪਰ ਗੁਰੂ ਰਾਮਦਾਸ ਜੀ ਦੀ ਅਪਾਰ ਬਖ਼ਸ਼ਿਸ਼ ਹੈ। ਉਹਨਾਂ ਨੇ ਭਾਵਨਾ ਵਾਲੇ ਸਿੱਖ ਜਗਿਆਸੂ ਲਈ ਹੁਕਮਨਾਮਿਆਂ ਦੀ ਵਿਆਖਿਆ ਲਿਖਣ ਦਾ ਇਕ ਸ਼ਲਾਘਾ ਯੋਗ ਉੱਦਮ ਕੀਤਾ ਹੈ। ਉਹਨਾਂ ਨੇ ਜਿਥੇ ਹੁਕਮਨਾਮੇ ਦੇ ਪਦ ਅਰਥ, ਤੱਤ ਭਾਵ ਸਮਝਾਏ ਹਨ, ਉਥੇ ਇਤਿਹਾਸਿਕ ਪ੍ਰਮਾਣਕ ਸਾਖੀਆਂ, ਦਰਜ ਕਰਕੇ ਸ਼ਬਦ ਦੀ ਵਿਆਖਿਆ ਹੋਰ ਸੁਖੈਨ ਬਣਾ ਦਿੱਤੀ ਹੈ।

ਦਾਸ ਦੀ ਗੁਰੂ ਰਾਮਦਾਸ ਜੀ ਦੇ ਚਰਨਾਂ ਵਿਚ ਬੇਨਤੀ ਹੈ ਕਿ ਸਿੰਘ ਸਾਹਿਬ ਜਿਥੇ ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਹੱਥੀਂ ਸੇਵਾ ਕਰਦੇ ਹਨ ਅਤੇ ਥਾਂ-ਪਰ-ਥਾਂ ਜਾ ਕੇ ਗੁਰਬਾਣੀ ਵਿਆਖਿਆ ਰਾਹੀਂ ਸਿੱਖ ਸੰਗਤ ਨੂੰ ਗੁਰਮਤਿ ਰਸ ਭਰਪੂਰ ਗਿਆਨ ਤੋਂ ਜਾਣੂ ਕਰਵਾਂਦੇ ਹਨ, ਉਥੇ ਉਹ ਆਪਣੀਆਂ ਲਿਖਤਾਂ ਰਾਹੀਂ ਵੀ ਸਿੱਖ ਪੰਥ ਦੀ ਮਹਾਨ ਸੇਵਾ ਕਰ ਰਹੇ ਹਨ। ਗੁਰੂ ਰਾਮਦਾਸ ਜੀ ਇਹਨਾਂ ਨੂੰ ਹੋਰ ਚੜ੍ਹਦੀ ਕਲਾ ਬਖ਼ਸ਼ਣ।

ਗੁਰੂ ਪੰਥ ਦਾ ਦਾਸ

ਭਾਈ ਪਿੰਦਰਪਾਲ ਸਿੰਘ

(ਗਿਆਨੀ ਪਿੰਦਰਪਾਲ ਸਿੰਘ ਜੀ ਪ੍ਰਸਿੱਧ ਕਥਾ ਵਾਚਕ)

# ਦੋ ਸ਼ਬਦ

ਸਿੱਖੀ ਦਾ ਮਹਿਲ ਗੁਰੂ-ਬਾਣੀ ਅਤੇ ਗੁਰੂ ਸੰਗਤ ਦੇ ਦੋ ਮਜ਼ਬੂਤ ਥੰਮ੍ਹਾਂ ਉੱਪਰ ਖੜ੍ਹਾ ਹੈ। ਗੁਰੂ-ਸ਼ਬਦ ਪਰਮ ਹਸਤੀ ਅਕਾਲ ਪੁਰਖ ਦਾ ਪ੍ਰਗਟ ਸਰੂਪ ਹੈ। ਮਨੁੱਖਾ ਜਨਮ 'ਗੋਬਿੰਦ ਮਿਲਣ ਕੀ ਬਰੀਆ' ਦਾ ਸੁਨਹਿਰੀ ਮੌਕਾ ਹੈ ਅਤੇ ਇਸ ਉੱਚਤਮ ਅਵੱਸਥਾ ਨੂੰ ਮਨੁੱਖ ਗੁਰ-ਸ਼ਬਦ ਰਾਹੀਂ ਹੀ ਪ੍ਰਾਪਤ ਕਰ ਸਕਦਾ ਹੈ। ਸ਼ਬਦ ਦੇ ਅਰਥ ਕੇਵਲ ਲਫ਼ਜ਼, ਅੱਖਰ, ਧੁਨੀ ਜਾਂ ਆਵਾਜ਼ ਦੇ ਹੀ ਨਹੀਂ ਹਨ ਬਲਕਿ ਇਹ ਅਕਾਲ ਪੁਰਖ ਵਾਹਿਗੁਰੂ ਦੀ ਪ੍ਰਗਟ ਸਤ੍ਹਾ ਹੈ:

***"ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥***
***ਗੁਰ ਕੈ ਸਬਦਿ ਭ੍ਰਮੁ ਕਟੀਐ ਅਚਿੰਤੁ ਵਸੈ ਮਨਿ ਆਇ॥"***

(ਪੰਨਾ ੭੫੬)

ਗੁਰ-ਸ਼ਬਦ ਦੇ ਇਸ ਬੋਧ ਨੂੰ ਪ੍ਰਗਟ ਕਰ ਸਕਣਾ ਕੋਈ ਸੌਖਾ ਕਾਰਜ ਨਹੀਂ, ਬਲਕਿ ਇਹ ਇਕ ਸਹਿਜ ਪ੍ਰਕਿਰਿਆ ਦੀ ਸਖ਼ਤ ਘਾਲਣਾ ਹੈ। ਜਦ ਜਗਿਆਸੂ ਦੀ ਸੁਰਤ ਬਲਵਾਨ ਹੋ ਜਾਂਦੀ ਹੈ ਤਾਂ ਸ਼ਬਦ-ਗੁਰੂ ਦੇ ਉਪਰੋਕਤ ਭੇਦ ਨੂੰ ਪਕੜ ਲੈਂਦੀ ਹੈ ਅਤੇ ਸੰਗੀ ਜਗਿਆਸੂਆਂ ਦੇ ਲਈ ਸ਼ਬਦ ਦੇ ਗੂਹਜ ਭਾਵਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਵੀ ਉਸ ਵਿਚ ਆ ਜਾਂਦੀ ਹੈ।

ਸਿੱਖ ਜਗਤ ਵਿਚ ਇਹ ਰਵਾਇਤ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਰੋਜ਼ਾਨਾ ਇਕ ਵਿਸ਼ੇਸ਼ ਮਰਯਾਦਾ ਅਨੁਸਾਰ ਗੁਰ-ਸ਼ਬਦ ਸੰਗਤਾਂ ਨੂੰ ਸਰਵਣ ਕਰਵਾਇਆ ਜਾਂਦਾ ਹੈ। ਇਸ ਨੂੰ ਗੁਰ ਵਾਕ, ਮਹਾਂਵਾਕ ਜਾਂ ਹੁਕਮਨਾਮੇ ਦਾ ਨਾਮ ਦਿੱਤਾ ਜਾਂਦਾ ਹੈ।

ਪੰਥ ਦੇ ਪ੍ਰਸਿੱਧ ਵਿਦਵਾਨ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਦਾ ਇਹ ਅਨੂਠਾ, ਵਿਸ਼ੇਸ਼ ਤੇ ਵਿਲੱਖਣ ਕਾਰਜ ਬੜੀ ਮਿਹਨਤ ਨਾਲ ਤਿਆਰ ਕੀਤਾ ਹੋਇਆ ਹੈ। ਆਸ ਕਰਦੇ ਹਾਂ ਕਿ ਜਗਿਆਸੂ ਇਸ ਤੋਂ ਲਾਹਾ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਸਫ਼ਲਾ ਕਰਨਗੇ।

ਵਰਿਆਮ ਸਿੰਘ

੭ ਚੇਤ ਸੰਮਤ ਨਾਨਕਸ਼ਾਹੀ ੫੪੦ ਸਕੱਤਰ, ਧਰਮ ਪ੍ਰਚਾਰ ਕਮੇਟੀ,

(੨੦ ਮਾਰਚ ੨੦੦੮) ਸ੍ਰੀ ਅੰਮ੍ਰਿਤਸਰ।

# ਦੋ ਸ਼ਬਦ

ਧਰਮ ਦਾ ਅਰਥ ਹੈ, ਜੀਵਨ-ਜਾਚ। ਸੰਸਾਰ ਦੇ ਵੱਖ ਵੱਖ ਧਰਮਾਂ ਦੇ ਧਰਮ ਬਾਨੀਆਂ ਨੇ ਪੈਰੋਕਾਰਾਂ ਨੂੰ ਆਦਰਸ਼ਕ ਜੀਵਨ-ਜੀਉਣ ਦੀ ਜੀਵਨ-ਜੁਗਤੀ ਦ੍ਰਿੜ੍ਹ ਕਰਵਾਈ। ਸਿੱਖ ਧਰਮ, ਸੰਸਾਰ ਦਾ ਆਧੁਨਿਕ ਵਿਚਾਰ- ਪ੍ਰਧਾਨ ਧਰਮ ਹੈ। ਭਾਵੇਂ ਕਿ ਹੋਰ ਧਰਮਾਂ ਦੀ ਤਰ੍ਹਾਂ ਸ਼ਰਧਾ, ਵਿਸ਼ਵਾਸ ਤੇ ਕਦਰਾਂ-ਕੀਮਤਾਂ ਦਾ ਸਤਿਕਾਰ ਕਰਨਾ ਹਰ ਸਿੱਖ ਵਾਸਤੇ ਵੀ ਜ਼ਰੂਰੀ ਹੈ, ਪਰ ਸਿੱਖ ਧਰਮ ਵਿਚ ਕੇਵਲ ਤੇ ਕੇਵਲ ਇਕ ਪਰਮਾਤਮਾ ਨੂੰ ਮੰਨਣ-ਪੂਜਣ ਤੇ ਉਸਦੀ ਹੀ ਸੇਵਾ-ਸਿਮਰਨ ਸਮਰਪਣ ਭਾਵਨਾ ਨਾਲ ਕਰਨ ਦੀ ਤਾਕੀਦ ਕੀਤੀ ਗਈ ਹੈ। ਸਿੱਖ ਧਰਮ ਦਾ ਮੂਲ, ਪਾਵਨ-ਪਵਿੱਤਰ ਗੁਰਬਾਣੀ ਹੈ, ਜੋ ਸਿੱਖ ਗੁਰੂ ਸਾਹਿਬਾਨ ਨੇ ਸੰਗ੍ਰਹਿ ਤੇ ਸੰਪਾਦਿਤ ਕਰ ਆਦਿ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਸਤਿਕਾਰੀ ਤੇ ਸੰਭਾਲੀ। ਭਾਵੇਂ ਕਿ ਗੁਰਬਾਣੀ ਮੂਲ ਰੂਪ 'ਚ ਹੀ ਗੁਰੂ ਦਾ ਦਰਜਾ ਤੇ ਸਤਿਕਾਰ ਰੱਖਦੀ ਹੈ, ਪਰ ਹਰ ਗੁਰਸਿੱਖ ਦਸਮੇਸ਼ ਪਿਤਾ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੀ ਪਾਲਣਾ ਕਰਦਾ ਗੁਰਬਾਣੀ ਨੂੰ 'ਸ਼ਬਦ-ਗੁਰੂ' ਦੇ ਸਰੂਪ ਵਿਚ ਮੰਨਦਾ-ਸਤਿਕਾਰਦਾ ਹੋਇਆ ਖ਼ੁਸ਼ੀ, ਖੇੜੇ ਤੇ ਮਾਣ ਮਹਿਸੂਸ ਕਰਦਾ ਹੈ।

ਸਿੱਖ ਸ਼ਰਧਾ-ਸਤਿਕਾਰ ਨਾਲ ਗੁਰਬਾਣੀ ਦਾ ਪਾਠ ਕਰਦਾ ਜਾਂ ਸੁਣਦਾ ਹੈ ਤੇ ਅਲਾਹੀ ਗੁਰਬਾਣੀ ਨੂੰ ਸਮਝਣ ਵਾਸਤੇ ਯਤਨਸ਼ੀਲ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖਾਂ ਵਾਸਤੇ ਗੁਰੂ-ਸਰੂਪ ਹੈ। ਰੋਜ਼ਾਨਾ ਸਿੱਖ ਰਹਿਤ ਮਰਯਾਦਾ ਅਨੁਸਾਰ ਹਰ ਸਿੱਖ ਗੁਰਬਾਣੀ ਦੇ ਹੁਕਮ ਨੂੰ 'ਹੁਕਮਨਾਮੇ' ਦੇ ਰੂਪ ਵਿਚ ਪੜ੍ਹਦਾ ਜਾਂ ਸੁਣਦਾ ਹੈ, ਪਰ ਧੁਰ ਕੀ ਬਾਣੀ ਦੇ ਫ਼ੁਰਮਾਨ ਨੂੰ ਸਮਝਣਾ ਆਸਾਨ ਨਹੀਂ। ਭਾਵੇਂ ਕਿ ਸਾਰੇ ਹੀ ਇਤਿਹਾਸਕ ਤੇ ਵੱਡੇ ਗੁਰਦੁਆਰਿਆਂ 'ਚ ਸਵੇਰ ਦੇ ਸਮੇਂ ਆਏ ਮੁਖਵਾਕ-ਹੁਕਮਨਾਮੇ ਦੀ ਕਥਾ-ਵਿਚਾਰ ਹੁੰਦੀ ਹੈ ਪਰ ਇਹ ਕਥਾ-ਵਿਚਾਰ ਸਥਾਨਕ ਸੰਗਤ ਤੀਕ ਹੀ ਸੀਮਤ ਹੋ ਕੇ ਰਹਿ ਜਾਂਦੀ ਹੈ। ਦੂਸਰਾ ਹਰ ਵਿਆਖਿਆਕਾਰ ਆਪੋ-ਆਪਣੀ ਬੁਧੀ ਅਨੁਸਾਰ ਅਰਥ ਕਰਦਾ ਹੈ। ਮੇਰੀ ਸਮਝ ਅਨੁਸਾਰ ਗੁਰਬਾਣੀ ਦੇ ਅਰਥ ਅਨੁਭਵ ਅਧਾਰਤ ਹੋਣ ਤਾਂ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੇ ਹਨ ਪਰ ਇਹ ਕਾਰਜ ਕੋਈ ਅਨੁਭਵੀ ਮਹਾਂਪੁਰਸ਼ ਹੀ ਕਰ ਸਕਦਾ ਹੈ।

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਹੁਕਮਨਾਮਾ ਲੈਣ ਦਾ ਨਿਸ਼ਚਤ ਵਿਧੀ-ਵਿਧਾਨ ਹੈ ਜਿਸ ਨਾਲ ਇਕਸਾਰਤਾ ਤੇ ਇਕਸੁਰਤਾ ਬਣੀ ਰਹਿੰਦੀ ਹੈ। ਗੁਰਬਾਣੀ ਦੀ ਵਿਆਖਿਆ ਵਿਚਾਰ ਬਿਖਮ ਕਾਰਜ ਹੈ, ਕਰਤਾ ਪੁਰਖ ਆਪ ਹੀ ਮਿਹਰ ਕਰਕੇ ਇਹ ਕਾਰਜ ਕਰਵਾ ਸਕਦਾ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਆਏ ਮੁਖਵਾਕਾਂ-ਹੁਕਮਨਾਮਿਆਂ ਦੀ ਵਿਆਖਿਆ ਦਾ ਸਲਾਹੁਣਯੋਗ ਕਾਰਜ ਸਤਿਗੁਰੂ, ਗੁਰੂ ਰਾਮਦਾਸ ਜੀ ਨੇ ਆਪਣੇ ਦਰ-ਘਰ ਦੇ ਪ੍ਰੀਤਵਾਨ, ਅਨੁਭਵੀ ਗੁਰਸਿੱਖ, ਸਿੰਘ

ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਪਾਸੋਂ ਕਰਵਾਇਆ। ਰੱਬੀ ਰਹਿਮਤ ਤੇ ਜੀਵਨ ਅਨੁਭਵ ਅਨੁਸਾਰ ਕੀਤੇ ਗਏ ਅਰਥ-ਵਿਆਖਿਆ ਤੇ ਵਿਚਾਰ ਪਾਠਕ ਸੰਸਾਰ ਨੂੰ ਹਰ ਪੱਖ ਤੋਂ ਲਾਹੇਵੰਦ ਹੋਵੇਗੀ, ਇਹ ਮੇਰਾ ਭਰੋਸਾ ਹੈ। ਮੈਨੂੰ ਇਸ ਪਵਿੱਤਰ ਕਾਰਜ ਬਾਰੇ ਕੁਝ ਲਿਖਣ ਵਾਸਤੇ ਸਿੰਘ ਸਾਹਿਬ ਜੀ ਨੇ ਮਾਣ ਬਖ਼ਸ਼ਿਸ਼ ਕੀਤਾ ਹੈ, ਜਿਸ ਲਈ ਮੈਂ ਹਮੇਸ਼ਾ ਇਨ੍ਹਾਂ ਦਾ ਰਿਣੀ ਰਹਾਂਗਾ। ਆਸ ਕਰਦਾ ਹਾਂ ਕਿ ਗੁਰਬਾਣੀ, ਗੁਰਮਤਿ ਵਿਆਖਿਆ ਤੋਂ ਸੇਧ ਪ੍ਰਾਪਤ ਕਰਕੇ ਸਿੱਖ ਆਪਣਾ ਜੀਵਨ ਸਫਲਾ ਕਰਨਗੇ।

ਗੁਰੂ-ਪੰਥ ਦਾ ਦਾਸ:

(ਰੂਪ ਸਿੰਘ),
ਐਡੀ. ਸਕੱਤਰ,
ਸ਼੍ਰੋਮਣੀ ਗੁ: ਪ੍ਰ: ਕਮੇਟੀ, ਸ੍ਰੀ ਅੰਮ੍ਰਿਤਸਰ।

# ''ਸੁਨਹੁ ਬਿਸਾਲ ਕਥਾ ਕੋ ਫਲ ਹੈ''

ਟੀਕਾਕਾਰੀ ਭਾਰਤੀ ਧਾਰਮਿਕ ਸਾਹਿਤ ਦੀ ਇਕ ਮਹੱਤਵਪੂਰਨ ਪ੍ਰੰਪਰਾ ਹੈ। ਅਰਬੀ/ਫ਼ਾਰਸੀ ਵਿਚ ਇਸ ਨੂੰ 'ਤਫ਼ਸੀਰ' ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜੋ ਰਹੱਸਵਾਦੀ ਤੇ ਸੂਤਰਿਕ ਸ਼ੈਲੀ ਵਿਚ ਲਿਖੀਆਂ ਰਚਨਾਵਾਂ ਨੂੰ ਸਮਝਣ ਸਮਝਾਉਣ ਲਈ ਤੇ ਸਾਹਿਤਕ ਕਿਰਤਾਂ ਦੀ ਵਿਆਖਿਆਕਾਰੀ ਦਾ ਇਕ ਮਹੱਤਵਪੂਰਨ ਮਾਧਿਆਮ ਹੈ। ਵਿਆਖਿਆ ਲਈ ਟੀਕਾ ਇਕ ਅਤਿ ਜ਼ਰੂਰੀ ਰੂਪ ਮੰਨਿਆ ਜਾਂਦਾ ਹੈ। ਪਦਾਰਥ ਵਿਚ ਕੇਵਲ ਔਖੇ ਪਦਾਂ ਦੇ ਅਰਥ ਦੱਸੇ ਜਾਂਦੇ ਹਨ। ਭਾਸ਼ ਵਿਚ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਰਚਨਾ ਦੇ ਸਿਧਾਂਤਕ ਪੱਖ ਨੂੰ ਉਘਾੜਿਆ ਜਾਂਦਾ ਹੈ। ਵਿਆਖਿਆ ਵਿਚ ਮੂਲ ਰਚਨਾ ਦੇ ਅਰਥਾਂ ਨੂੰ ਵਿਸਥਾਰ ਸਹਿਤ ਸਪੱਸ਼ਟ ਕੀਤਾ ਜਾਂਦਾ ਹੈ।

ਵਿਸ਼ਵ ਧਰਮਾਂ ਦੇ ਇਤਿਹਾਸ ਵਿਚ ਸਿੱਖ ਧਰਮ ਦਾ ਇਕ ਨਿਵੇਕਲਾ ਤੇ ਨਿਰਾਲਾ ਸਥਾਨ ਹੈ, ਕਿਉਂਕਿ ਇਸ ਧਰਮ ਕੋਲ 'ਧੁਰ ਕੀ ਬਾਣੀ' ਦੇ ਰੂਪ ਵਿਚ ਅਧਿਆਤਮਿਕ ਗਿਆਨ ਦਾ ਇਕ ਬਹੁਤ ਵੱਡਾ ਮਹਾਨ ਖ਼ਜ਼ਾਨਾ ਹੈ। ਗੁਰਬਾਣੀ ਦੇ ਇਸ ਅਮੋਲਕ ਗ੍ਰੰਥ ਦੀ ਵਿਆਖਿਆ ਦਾ ਕਾਰਜ ਬਾਣੀ ਦੀ ਉਚਾਰਨ ਪ੍ਰਕਿਰਿਆ ਦੇ ਨਾਲ ਹੀ ਆਰੰਭ ਹੋ ਗਿਆ। ਇਸ ਪ੍ਰਕਾਰ ਗੁਰਬਾਣੀ ਦੀ ਵਿਆਖਿਆਕਾਰੀ ਦਾ ਇਤਿਹਾਸ ਗੁਰਬਾਣੀ ਦੇ ਰਚਨਾ ਕਾਲ ਜਿਤਨਾ ਹੀ ਪੁਰਾਣਾ ਹੈ। ਬਾਣੀ ਵਿਆਖਿਆ ਦਾ ਇਹ ਕਾਰਜ ਪਦਾਰਥ, ਪਰਮਾਰਥ, ਭਾਸ਼ ਤੇ ਟੀਕਿਆਂ ਦੇ ਵੱਖ-ਵੱਖ ਰੂਪਾਂ ਅਧੀਨ ਹੁੰਦਾ ਆਇਆ ਹੈ।

ਪਿਛਲੇ ਸਮੇਂ ਤੋਂ ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ, ਗ੍ਰੰਥੀ, ਸ੍ਰੀ ਹਰਿਮੰਦਰ ਸਾਹਿਬ ਗੁਰਬਾਣੀ ਵਿਆਖਿਆ ਦੇ ਖੇਤਰ ਵਿਚ ਵਿਸ਼ੇਸ਼ ਉਪਰਾਲੇ ਕਰ ਰਹੇ ਹਨ। ਇਸ ਤੋਂ ਪਹਿਲਾਂ ਉਹ ਸੱਤ ਪੁਸਤਕਾਂ ਗੁਰਮਤਿ ਪ੍ਰੇਮੀਆਂ ਨੂੰ ਭੇਟ ਕਰ ਚੁੱਕੇ ਹਨ। ਹੱਥਲੀ ਪੁਸਤਕ ''ਮੁੱਖ-ਵਾਕ ਪ੍ਰਕਾਸ਼'' (ਭਾਗ ਪਹਿਲਾ) ਵਿਚ ਗੂਜਰੀ ਰਾਗ ਤੋਂ ਲੈ ਕੇ ਵਡਹੰਸ ਰਾਗ ਤੱਕ ਆਏ ੪੪ ਹੁਕਮਨਾਮਿਆਂ ਦੀ ਵਿਆਖਿਆ ਕੀਤੀ ਹੈ। ਇਸ ਵਿਅਖਿਆ ਨੂੰ ਭਾਸ਼ ਦੀ ਵੰਨਗੀ ਦੇ ਘੇਰੇ ਵਿਚ ਰੱਖਿਆ ਜਾ ਸਕਦਾ ਹੈ। ਭਾਸ਼ ਵਿਆਖਿਆ ਕਲਾ ਦਾ ਸਿਖਰਲਾ ਪੜਾਅ ਹੈ ਜੋ ਬਹੁਤ ਵਿਸਥਾਰ ਵਾਲਾ ਹੁੰਦਾ ਹੈ, ਜਿਸ ਵਿਚ ਮੂਲ ਪਾਠ ਦੇ ਨਾਲ ਨਾਲ ਔਖੇ ਸ਼ਬਦ, ਹਵਾਲਿਆਂ, ਪ੍ਰਤੀਕਾਂ ਤੇ ਵਿਚਾਰਾਂ ਨੂੰ ਖੋਲ੍ਹਿਆ ਜਾਂਦਾ ਹੈ। ਇਸ ਦੇ ਨਾਲ ਹੀ ਸਿਧਾਂਤਕ ਪੱਖ ਨੂੰ ਵੀ ਪੂਰੀ ਤਰ੍ਹਾਂ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਜਾਂਦਾ ਹੈ। ਗਿਆਨੀ ਮੱਲ ਸਿੰਘ ਜੀ ਨੇ ਵੀ ਇਸ ਪੁਸਤਕ ਅੰਦਰ ਪਦ ਅਰਥ ਦੇਣ, ਸ਼ਬਦੀ ਵਿਆਖਿਆ ਕਰਨ ਦੇ ਨਾਲ-ਨਾਲ ਸਿਧਾਂਤਕ ਵਿਆਖਿਆ ਲਈ ਗੁਰਬਾਣੀ ਤੇ ਭਾਈ ਗੁਰਦਾਸ ਜੀ ਦੀ ਰਚਨਾ ਵਿੱਚੋਂ ਪ੍ਰਮਾਣ ਇਕ ਥਾਂ ਇਕੱਤਰ ਕਰ ਦਿੱਤੇ ਹਨ। ਇਸ ਤੋਂ ਇਲਾਵਾ ਪ੍ਰਕਰਣ ਨਾਲ ਢੁਕਵੀਆਂ ਸਾਖੀਆਂ ਵੀ ਦਿੱਤੀਆਂ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ੩੦੦ ਸਾਲਾ ਗੁਰਤਾ ਗੱਦੀ ਸ਼ਤਾਬਦੀ ਮੌਕੇ ਇਹ ਪੁਸਤਕ ਸੰਗਤਾਂ ਨੂੰ ਭੇਟ ਕਰਨ ਲਈ ਗਿਆਨੀ ਮੱਲ ਸਿੰਘ ਜੀ ਵਧਾਈ ਦੇ ਪਾਤਰ ਹਨ। ਸਤਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਹੈ ਕਿ ਗੁਰਮਤਿ ਗੁੱਧੀ ਇਹ ਕਲਮ ਇਸ ਪ੍ਰਕਾਰ ਹੀ ਸਿੱਖ ਪੰਥ ਦੀ ਸੇਵਾ ਵਿਚ ਤਤਪਰ ਰਹੇ।

ਗੁਰੂ ਪੰਥ ਦਾ ਦਾਸ :

(ਡਾ.) ਅਮਰਜੀਤ ਸਿੰਘ,

ਪ੍ਰਿੰਸੀਪਲ, ਗੁਰੂ ਕਾਂਸ਼ੀ ਗੁਰਮਤਿ ਇੰਸਟੀਚਿਊਟ,

ਦਮਦਮਾ ਸਾਹਿਬ (ਬਠਿੰਡਾ)

# ਆਮੁਖ

***ਸਭਸੈ ਊਪਰਿ ਗੁਰ ਸਬਦੁ ਬੀਚਾਰੁ॥***
***ਹੋਰ ਕਥਨੀ ਬਦਉ ਨ ਸਗਲੀ ਛਾਰੁ॥***

(ਅੰਗ ੯੦੪)

ਕਥਾ ਤੋਂ ਭਾਵ ਹੈ ਕਿਸੇ ਔਖੇ ਵਾਕ, ਸਲੋਕ, ਸ਼ਬਦ ਆਦਿ ਨੂੰ ਸੌਖੇ ਸ਼ਬਦਾਂ ਵਿਚ ਢੁਕਵੇਂ ਪ੍ਰਮਾਣ ਦੇ ਕੇ ਅਤੇ ਰੋਚਕ ਤੇ ਸਿਧਾਂਤਕ ਸਾਖੀਆਂ ਰਾਹੀਂ ਸਮਝਾਉਣਾ। ਕਥਾ ਦੇ ਆਰੰਭ ਬਾਰੇ ਕਹਿਣਾ ਮੁਸ਼ਕਿਲ ਹੈ, ਪਰ ਭਾਈ ਗੁਰਦਾਸ ਜੀ ਨੇ ਕੁਝ ਵੈਦਿਕ ਕਾਲ ਦੀਆਂ ਉਦਾਹਰਨਾਂ ਦਿੱਤੀਆਂ ਹਨ। ਗ੍ਰੰਥਾਂ ਦੇ ਸੰਦਰਭ ਵਿਚ ਸੰਸਾਰ ਦਾ ਸਭ ਤੋਂ ਪੁਰਾਤਨ ਗ੍ਰੰਥ ਰਿਗਵੇਦ ਮੰਨਿਆ ਹੈ। ਇਸ ਤੋਂ ਬਾਅਦ ਸਾਮਵੇਦ, ਯਜੁਰਵੇਦ ਅਤੇ ਅਥਰਵਵੇਦ ਦੀ ਰਚਨਾ ਹੋਈ, ਜਿਨਾਂ ਬਾਰੇ ਮੰਨਿਆ ਹੈ ਕਿ ਬ੍ਰਹਮਾ ਨੇ ਇੰਨ੍ਹਾਂ ਦੀ ਰਚਨਾ ਕੀਤੀ। ਇਸ ਤੋਂ ਬਾਅਦ ਇੰਨ੍ਹਾਂ ਵੇਦਾਂ ਦੀ ਵਿਆਖਿਆ ਦੇ ਰੂਪ ਵਿਚ ਸ਼ਾਸਤ੍ਰਾਂ ਦੀ ਰਚਨਾ ਹੋਈ, ਜਿਨ੍ਹਾਂ ਦੀ ਬਿਆਸ ਰਿਸ਼ੀ ਆਦਿਕ ਰਿਸ਼ੀਆਂ ਨੇ ਵਿਆਖਿਆ ਕੀਤੀ। ਇਕ ਕਥਨ ਅਨੁਸਾਰ ਬਿਆਸ ਰਿਸ਼ੀ ਜੀ ਦੇ ਨਾਲ ਹਰ ਸਮੇਂ ੧ ਲੱਖ ਵਿਦਿਆਰਥੀ ਰਹਿੰਦੇ ਤੇ ਵੇਦਾਂ ਦੇ ਅਰਥ ਅਤੇ ਕਥਾ ਸਿਖਦੇ ਸਨ। ਪੁਰਾਤਨ ਸਮੇਂ ਤੋਂ ਹੀ ਕਥਾ ਦੀ ਪਰੰਪਰਾ ਰਹੀ ਹੈ, ਜਿਸਨੂੰ ਅਸੀਂ ਕਹਿ ਸਕਦੇ ਹਾਂ ਕਿ ਕਥਾ ਦੀ ਪ੍ਰੰਪਰਾ ਆਦਿ ਕਾਲ ਤੋਂ ਹੀ ਚਲੀ ਹੈ।

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ–

***"ਚਹੁੰ ਬੇਦਾਂ ਕੇ ਧਰਮ ਮਥਿ ਖਟਿ ਸਾਸਤ੍ਰ ਮਥਿ ਰਿਖਿ ਸੁਣਾਵੈ।***
***ਬ੍ਰਹਮਾਦਿਕ ਸਨਕਾਦਿਕ ਜਿਉ ਤਿਹਿ ਕਹਾ ਤਿਵੈ ਜਗੁ ਗਾਵੈ।***
***ਗਾਵਨਿ ਪੜਨਿ ਬਿਚਾਰਿ ਬਹੁ ਕੋਟਿ ਮਧੇ ਵਿਰਲਾ ਗਤਿ ਪਾਵੈ।***
***ਇਹਿ ਅਚਰਜੁ ਮਨ ਆਵਦੀ ਪੜਤਿ ਗੁਣਤਿ ਕਛੁ ਭੇਦੁ ਨ ਪਾਵੈ।***
***ਜੁਗ ਜੁਗ ਏਕੋ ਵਰਨ ਹੈ ਕਲਿਜੁਗਿ ਕਿਉ ਬਹੁਤੇ ਦਿਖਲਾਵੈ।***
***ਜੰਦ੍ਰੇ ਵਜੇ ਤ੍ਰਿਹੁ ਜੁਗੀ ਕਥਿ ਪੜ੍ਹਿ ਰਹੈ ਭਰਮੁ ਨਹਿ ਜਾਵੈ।***
***ਜਿਉ ਕਰਿ ਕਥਿਆ ਚਾਰਿ ਬੇਦਿ ਖਟਿ ਸਾਸਤ੍ਰਿ ਸੰਗਿ ਸਾਖਿ ਸੁਣਾਵੈ।***
***ਆਪੋ ਆਪਣੇ ਮਤਿ ਸਭਿ ਗਾਵੈ"॥ ੮॥***

(ਵਾਰ ੧, ਪਉੜੀ ੮)

*੧. ਗੋਤਮਿ ਤਪੇ ਬਿਚਾਰਿਕੈ ਰਿਗ ਵੇਦ ਕੀ ਕਥਾ ਸੁਣਾਈ।*
*ਨਿਆਇ ਸਾਸਤ੍ਰਿ ਕੌ ਮਥਿ ਕਰਿ ਸਭਿ ਬਿਧਿ ਕਰਤੇ ਹਥਿ ਜਣਾਈ।*

(ਵਾਰ ੧, ਪਉੜੀ ੯)

*੨. ਫਿਰਿ ਜੈਮਨਿ ਰਿਖਿ ਬੋਲਿਆ ਜੁਜਰਿ ਵੇਦਿ ਮਥਿ ਕਥਾ ਸੁਣਾਵੈ।*
*ਕਰਮਾ ਉਤੇ ਨਿਬੜੈ ਦੇਹੀ ਮਧਿ ਕਰੇ ਸੋ ਪਾਵੈ।*

(ਵਾਰ ੧, ਪਉੜੀ ੧੦)

*੩. ਸਿਆਮ ਵੇਦ ਕਉ ਸੋਧਿ ਕਰਿ ਮਥਿ ਵੇਦਾਂਤੁ ਬਿਆਸਿ ਸੁਣਾਇਆ।*
*ਕਥਨੀ ਬਦਨੀ ਬਾਹਰਾ ਆਪੇ ਅਪਣਾ ਬ੍ਰਹਮੁ ਜਣਾਇਆ।*

*੪. ਨਾਰਦਿਮੁਨਿ ਉਪਦੇਸਿਆ ਮਥਿ ਭਾਗਵਤ ਗੁਨਿ ਗੀਤ ਕਰਾਇਆ।*

(ਵਾਰ ੧, ਪਉੜੀ ੧੧)

*੫. ਕਪਲ ਰਿਖੀਸੁਰਿ ਸਾਂਖਿ ਮਥਿ ਅਥਰਵਣਿ ਵੇਦ ਕੀ ਰਿਚਾ ਸੁਣਾਈ।*

(ਵਾਰ ੧, ਪਉੜੀ ੧੨)

*੬. ਸੇਖਨਾਗ ਪਾਤੰਜਲ ਮਥਿਆ ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।*

(ਵਾਰ ੧, ਪਉੜੀ ੧੪)

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੰਸਾਰ ਵਿਚ ਪ੍ਰਗਟੇ ਤਾਂ ਉਸ ਸਮੇਂ ਰਾਜ ਲੋਭ ਦਾ ਸੀ, ਚੌਕੀਦਾਰੀ ਕਾਮ ਦੀ ਸੀ, ਸਰਦਾਰੀ ਕੂੜ ਦੀ ਸੀ, ਜਨਤਾ ਅਗਿਆਨਤਾ ਦੇ ਹਨੇਰੇ ਵਿਚ ਫਸੀ ਹੋਈ ਸੀ ਅਤੇ ਧਰਮ ਦੇ ਰਾਖੇ ਧਰਮ ਨੂੰ ਵੇਚ ਕੇ ਖਾ ਰਹੇ ਸਨ। ਗੱਲ ਕੀ, ਹਰ ਪਾਸੇ ਅਨ੍ਹੇਰਾ ਹੀ ਕੂੜ ਪ੍ਰਧਾਨ ਸੀ।

*"ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥"*

(ਵਾਰ ਮਾਝ ਮ: ੧, ਅੰਗ ੧੪੫)

ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ–

*"ਬਾਝੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ।*
*ਵਰਤਿਆ ਪਾਪੁ ਜਗਤ੍ਰਿ ਤੇ ਧਉਲੁ ਉਡੀਣਾ ਨਿਸਿਦਿਨ ਰੋਆ।*
*ਬਾਝੁ ਦਇਆ ਬਲਹੀਣ ਹੋਇ ਨਿਘਰੁ ਚਲੇ ਰਸਾਤਲਿ ਟੋਆ।*
*ਖੜਾ ਇਕਤੇ ਪੈਰਿ ਤੇ ਪਾਪ ਸੰਗਿ ਬਹੁ ਭਾਰਾ ਹੋਆ।*
*ਥੰਮੇ ਕੋਇ ਨ ਸਾਧੁ ਬਿਨੁ ਸਾਧੁ ਨ ਦਿਸੈ ਜਗਿ ਵਿਚ ਕੋਆ।*

***ਧਰਮ ਧਉਲੁ ਪੁਕਾਰੈ ਤਲੈ ਖੜੋਆ॥ ੨੨॥"***

(ਵਾਰ ੧, ਪਉੜੀ ੨੨)

ਉਸ ਵੇਲੇ ਧਰਤੀ ਨੇ ਪਰਮੇਸ਼ਰ ਵਾਹਿਗੁਰੂ ਜੀ ਅੱਗੇ ਬੇਨਤੀ ਕੀਤੀ–

***"ਕਲਮਲਿ ਹੋਈ ਮੇਦਨੀ ਅਰਦਾਸਿ ਕਰੇ ਲਿਵ ਲਾਇ॥"***

(ਵਾਰ ਮਲਾਰ, ਮ: ੩, ਅੰਗ ੧੨੮੧)

ਜਿਸ ਵੇਲੇ ਸਾਰੀ ਸ੍ਰਿਸ਼ਟੀ ਦੇ ਜੀਵਾਂ ਦੀ ਪੁਕਾਰ ਧੁਰ ਦਰਗਾਹ 'ਚ ਪ੍ਰਵਾਨ ਹੋਈ :–

***"ਸਚੈ ਸੁਣਿਆ ਕੰਨੁ ਦੇ ਧੀਰਕ ਦੇਵੈ ਸਹਜਿ ਸੁਭਾਇ॥"***

(ਅੰਗ ੧੨੮੧)

ਇਸ ਪਾਪ ਦੀ ਰਾਤ ਅਤੇ ਆਤਮਿਕ ਹਨੇਰੇ ਨੂੰ ਦੂਰ ਕਰਨ ਲਈ, ਜਗਤ ਜਲੰਦੇ ਦੀ ਰੱਖਿਆ ਕਰਨ ਵਾਸਤੇ, ਅਗਿਆਨ, ਜ਼ੁਲਮ ਤੇ ਵਹਿਮ ਦੀ ਧੁੰਧ ਦੂਰ ਕਰਨ ਵਾਸਤੇ ਸਰਬ ਜੀਆਂ ਦੀ ਪੁਕਾਰ ਸੁਣ ਕੇ ਅਕਾਲ ਪੁਰਖ ਨੇ ਆਪਣਾ ਸਰਗੁਣ ਸਰੂਪ ਗਿਆਨ ਦੇ ਸੂਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰੂਪ ਵਿਚ ਪ੍ਰਗਟ ਕੀਤਾ ਅਤੇ ਧੁਰ ਕੀ ਬਾਣੀ ਸੰਸਾਰ ਵਿੱਚ ਪ੍ਰਗਟ ਕੀਤੀ :–

***"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥***
***ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥***
***ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥"***

(ਸਵਈਏ ਮਹਲੇ ਤੀਜੇ ਕੇ , ਅੰਗ ੧੩੯੫)

***"ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।"***

(ਵਾਰ ੧, ਪਉੜੀ ੨੩)

***"ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।"***

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੩੮)

ਜਿਸ ਵੇਲੇ ਗੁਰੂ ਕਲਗੀਧਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਿਸ਼ਾਹ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਉਪਰ ਸਿੰਘਾਂ ਨੂੰ ਸੰਪੂਰਨ ਬਾਣੀ ਦੇ ਅਰਥ ਪੜ੍ਹਾਏ, ਉਸ ਵੇਲੇ ਸੁਨਣ ਵਾਲੇ ਸਾਰੇ ਸਿੰਘ ਬਿਦੇਹ ਮੁਕਤ ਹੋ ਗਏ। ਪਾਵਣ ਬਾਣੀ ਅੰਦਰ ਵੀ ਸਤਿਗੁਰੂ ਜੀ ਨੇ ਕਥਾ ਸੁਨਣ ਦੀ ਮਹਿਮਾ ਕਹੀ ਹੈ—

***"ਸਭ ਤੇ ਊਤਮ ਹਰਿ ਕੀ ਕਥਾ॥ ਨਾਮੁ ਸੁਨਤ ਦਰਦ ਦੁਖ ਲਥਾ॥"***

(ਅੰਗ ੨੬੫)

***"ਸੁਣਿ ਹਰਿ ਕਥਾ ਉਤਾਰੀ ਮੈਲੁ॥ ਮਹਾ ਪੁਨੀਤ ਭਏ ਸੁਖ ਸੈਲੁ॥"***

(ਅੰਗ ੧੭੮)

*"ਕਥਾ ਸੁਣਤ ਮਲੁ ਸਗਲੀ ਖੋਵੈ॥"*

(ਅੰਗ ੧੦੪)

*"ਹਰਿ ਹਰਿ ਕਥਾ ਸੁਨਹੁ ਇਕ ਨਿਮਖ ਪਲ ਸਭਿ ਕਿਲਵਿਖ ਪਾਪ ਲਹਿ ਜਾਨੀ ॥"*

(ਅੰਗ ੬੬੭)

*"ਸਦ ਬਲਿਹਾਰੀ ਤਿਨਾ ਜਿ ਸੁਨਤੇ ਹਰਿ ਕਥਾ॥"*

(ਅੰਗ ੭੦੯)

ਇਸੇ ਤਰ੍ਹਾਂ ਜੋ ਗੁਰੂ ਕੇ ਗੁਰਸਿੱਖ ਗੁਰੂ ਦੇ ਸ਼ਬਦ ਦੀ ਕਥਾ ਸੰਗਤਾਂ ਨੂੰ ਸੁਣਾਉਂਦੇ ਹਨ, ਉਨ੍ਹਾਂ ਗੁਰਸਿੱਖਾਂ ਨੂੰ ਕਥਾ ਕਰਨ ਕਰਕੇ ਉੱਤਮ ਕਿਹਾ ਹੈ–

*"ਜੋ ਪ੍ਰਭਿ ਕੀ ਹਰਿ ਕਥਾ ਸੁਨਾਵੈ ਅਨਦਿਨੁ ਫਿਰਉ ਤਿਸੁ ਪਿਛੈ ਵਿਰਾਗੀ॥"*

(ਅੰਗ ੨੦੪)

*"ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ॥"*

(ਅੰਗ ੪੯੪)

*"ਹਉ ਮਨ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ*
*ਹਰਿ ਪ੍ਰਭਿ ਕੀ ਹਰਿ ਕਥਾ ਸੁਣਾਵੈ ਰਾਮ॥"*

(ਅੰਗ ੫੩੮)

*"ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ॥"*

(ਅੰਗ ੫੬੧)

ਉਸ ਵਕਤ ਸ਼ਹੀਦ ਬਾਬਾ ਦੀਪ ਸਿੰਘ ਜੀ ਅਤੇ ਸ਼ਹੀਦ ਭਾਈ ਮਨੀ ਸਿੰਘ ਜੀ ਉਪਰ ਬਖ਼ਸ਼ਿਸ਼ ਕਰਕੇ ਸਤਿਗੁਰੂ ਜੀ ਨੇ ਅਗਾਂਹ ਟਕਸਾਲਾਂ ਚਲਾਈਆਂ, ਜਿਥੋਂ ਬੇਅੰਤ ਗੁਰਸਿੱਖ ਸਿਖਿਆ ਪ੍ਰਾਪਤ ਕਰਕੇ ਗੁਰਬਾਣੀ ਦੇ ਸ਼ੁੱਧ ਪਾਠੀ, ਕਥਾਵਾਚਕ, ਗ੍ਰੰਥੀ ਸਿੰਘ ਬਣੇ ਹਨ। ਭਾਵੇਂ ਕਈ ਅਸਥਾਨਾਂ 'ਤੇ ਲੜੀਵਾਰ ਸ੍ਰੀ ਗੁਰਬਾਣੀ ਦੀ ਕਥਾ ਵੀਚਾਰ ਹੁੰਦੀ ਹੈ ਪਰ ਬਹੁਤੇ ਅਸਥਾਨਾਂ 'ਤੇ ਅੰਮ੍ਰਿਤ ਵੇਲੇ ਪ੍ਰਕਾਸ਼ ਵੇਲੇ ਜੋ ਹੁਕਮਨਾਮਾ ਆਉਂਦਾ ਹੈ, ਉਸਦੀ ਵਿਚਾਰ ਕੀਤੀ ਜਾਂਦੀ ਹੈ।

## ਮੁਖਵਾਕ ਸਬੰਧੀ ਵਿਚਾਰ

ਅੱਜ ਵੀ ਖਾਲਸਾ ਕੋਈ ਵੀ ਕਾਰਜ ਆਰੰਭ ਕਰਦਾ ਹੈ ਤਾਂ ਸਭ ਤੋਂ ਪਹਿਲਾਂ ਅਰਦਾਸ ਕਰਕੇ ਹੁਕਮਨਾਮਾ ਲਿਆ ਜਾਂਦਾ ਹੈ। ਅੱਜ ਸਿੱਖ ਦੇ ਬੱਚੇ ਦਾ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਵਿਆਹ ਸੰਸਕਾਰ ਅਤੇ ਸਿੱਖ ਦਾ ਮ੍ਰਿਤਕ ਸੰਸਕਾਰ ਇਹ ਸਭ ਹੁਕਮਨਾਮੇ ਦੀ ਰੌਸ਼ਨੀ ਵਿਚ ਪੂਰੇ ਹੁੰਦੇ ਹਨ। ਇਸ ਤੋਂ ਇਲਾਵਾ ਵੀ ਸਿੱਖ ਦੇ ਕਿਸੇ ਵੀ ਸੰਸਾਰੀ ਕਾਰਜ ਅਤੇ ਪਰਮਾਰਥੀ ਕਾਰਜਾਂ ਵਿਚ ਵੀ ਗੁਰੂ ਸਾਹਿਬ ਜੀ

ਦਾ ਹੁਕਮਨਾਮਾ ਰੌਸ਼ਨੀ ਬਖ਼ਸ਼ਿਸ਼ ਕਰਦਾ ਹੈ। ਪੁਰਾਤਨ ਸਮੇਂ ਤੋਂ ਹੀ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਚ ਅੰਮ੍ਰਿਤ ਵੇਲੇ ਜੋ ਪ੍ਰਕਾਸ਼ ਸਮੇਂ ਹੁਕਮਨਾਮਾ ਆਉਂਦਾ ਹੈ, ਉਸ ਦੀ ਵੀਚਾਰ ਸ੍ਰੀ ਮੰਜੀ ਸਾਹਿਬ, ਦੀਵਾਨ ਹਾਲ ਵਿਚ ਹੁੰਦੀ ਹੈ। ਹੋਰ ਗੁਰੂ ਕੇ ਇਤਿਹਾਸਕ ਅਸਥਾਨਾਂ ਅਤੇ ਦੇਸ਼-ਵਿਦੇਸ਼ ਵਿਚ ਜਿਥੇ ਵੀ ਕੋਈ ਗੁਰੂ ਨਾਨਕ ਨਾਮ ਲੇਵਾ ਸਿੱਖ ਹੈ, ਉਥੇ ਹੀ ਉਸ ਨੇ ਗੁਰੂ ਕਾ ਅਸਥਾਨ ਬਣਾਇਆ ਅਤੇ ਉਸ ਵਿਚ ਅੰਮ੍ਰਿਤ ਵੇਲੇ ਆਏ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ। ਭਾਵੇਂ ਸਾਰੀ ਸ੍ਰੀ ਗੁਰਬਾਣੀ ਹੁਕਮ ਰੂਪ ਹੈ, ਪਰ ਪੁਰਾਤਨ ਸਮੇਂ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਚ ਜੋ ਹੁਕਮਨਾਮਾ ਲੈਣ ਦੀ ਵਿਧੀ ਹੈ, ਉਸ ਅਨੁਸਾਰ ਹਰ ਗੁਰਸਿੱਖ ਮੁਖਵਾਕ ਲੈਂਦਾ ਹੈ।

ਕੁਝ ਭੁੱਲੜ ਗੁਰਸਿੱਖ ਕਈ ਵਾਰ ਆਏ ਮੁਖਵਾਕ ਨੂੰ ਜਿਸ ਵਿਚ ਆਪਣਾ ਮਨੋਰਥ ਪੂਰਾ ਹੁੰਦਾ ਨਾ ਦਿਸੇ ਤਾਂ ਉਹ ਉਸ ਹੁਕਮਨਾਮੇ ਨੂੰ ਠੀਕ ਨਾ ਸਮਝ ਕੇ ਕਈ ਵਾਰ ਅਗਿਆਨਤਾ ਵੱਸ 'ਮਾੜਾ' ਸ਼ਬਦ ਵੀ ਵਰਤ ਜਾਂਦੇ ਹਨ। ਕਈ ਵਾਰ ਗੁਰਮਤਿ ਮਰਯਾਦਾ ਤੋਂ ਸੱਖਣੇ ਪਾਠੀ ਸਿੰਘ ਆਪਣੀ ਮਰਜ਼ੀ ਨਾਲ ਪਰਿਵਾਰ ਵਾਲਿਆਂ ਨੂੰ ਖ਼ੁਸ਼ ਕਰਨ ਲਈ ਪਹਿਲਾਂ ਹੀ ਇਸ ਤਰ੍ਹਾਂ ਦਾ ਸ਼ਬਦ ਕੱਢ ਰੱਖਦੇ ਹਨ। ਕਈ ਵਾਰ ਤਾਂ ਮਨਮੱਤ ਦੀ ਹੱਦ ਹੀ ਕਰ ਦਿੰਦੇ ਹਨ। ਗੁਰੂ ਸਾਹਿਬ ਵਿਚ ਹੱਦ ਵੀ ਲਾ ਦਿੰਦੇ ਹਨ ਜੋ ਕਿ ਬਿਲਕੁਲ ਗੁਰ ਮਰਯਾਦਾ ਤੋਂ ਉਲਟ ਹੈ ਅਤੇ ਮਨਮੱਤ ਹੈ।

## ਹੁਕਮਨਾਮਿਆਂ ਸਬੰਧੀ ਇਤਿਹਾਸਕ ਹਵਾਲੇ

ਸਿੱਖਾਂ ਨੂੰ ਗੁਰੂ ਸਾਹਿਬ ਜੀ ਨੇ ਅਰੰਭ ਤੋਂ ਹੀ ਸ਼ਬਦ ਦੇ ਨਾਲ ਜੋੜਿਆ ਹੈ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਸਬਦੁ ਗੁਰੂ ਸੁਰਤ ਧੁਨ ਚੇਲਾ' ਦਾ ਸਿਧਾਂਤ ਬਖ਼ਸ਼ਿਸ਼ ਕੀਤਾ। ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਿੱਖ ਨੂੰ ਇਹੀ ਸਿਧਾਂਤ ਬਖ਼ਸ਼ਿਸ਼ ਕੀਤਾ : 'ਪੂਜਾ ਅਕਾਲ ਦੀ, ਪਰਚਾ ਸ਼ਬਦ ਦਾ, ਦੀਦਾਰ ਖਾਲਸੇ ਦਾ'। ਜਿਸ ਵੇਲੇ ਨਾਂਦੇੜ ਦੀ ਧਰਤੀ 'ਤੇ ਸਤਿਗੁਰੂ ਜੀ ਨੇ ਗੁਰਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗਾਇਆ, ਉਸ ਵੇਲੇ ਵੀ ਇਹੀ ਹੁਕਮ ਕੀਤਾ—

***"ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ।***
***ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।***
***ਗੁਰੂ ਗ੍ਰੰਥ ਜੀ ਮਾਨਿਯੋ ਪ੍ਰਗਟ ਗੁਰਾਂ ਕੀ ਦੇਹ।***
***ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ।"***

ਇਸ ਲਈ ਹੁਣ ਸਿੱਖਾਂ ਦਾ ਗੁਰੂ ਬਾਣੀ ਹੈ, ਸਿਖ ਬਾਣੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹਨ। ਸਮੇਂ-ਸਮੇਂ ਗੁਰਸਿੱਖ ਨੇ ਪੰਥਕ ਕਾਰਜਾਂ ਲਈ ਗੁਰੂ ਗ੍ਰੰਥ ਸਾਹਿਬ ਜੀ ਦੀ ਹੁਕਮਨਾਮੇ ਦੇ ਰੂਪ ਵਿਚ ਅਗਵਾਈ ਪ੍ਰਾਪਤ ਕੀਤੀ ਹੈ। ਜਦੋਂ ਕਦੇ ਵੀ ਖਾਲਸਾ ਪੰਥ 'ਤੇ ਭੀੜ ਦਾ ਸਮਾਂ, ਔਕੜਾਂ ਦਾ ਸਮਾਂ, ਦੁਬਿਧਾ ਦਾ ਸਮਾਂ ਜਾਂ ਦੁੱਖ ਦੀ ਘੜੀ ਆਈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਹੁਕਮਨਾਮੇ ਦੇ ਰੂਪ ਵਿਚ ਨਿਰਣਾ ਕਰ ਦਿੱਤਾ।

ਪ੍ਰਾਚੀਨ ਪੰਥ ਪ੍ਰਕਾਸ਼ ਦਾ ਕਰਤਾ ਲਿਖਦਾ ਹੈ ਕਿ ਸਿੱਖ ਦੀ ਆਵਾਜ਼ ਸੀ :-

*"ਦਈ ਗੁਰੂ ਗ੍ਰੰਥ ਅਵਾਜ। ਸੋਊ ਕਰੈਗੋ ਹਮਾਰੈ ਕਾਜ॥"*

ਸਭ ਤੋਂ ਪਹਿਲਾ ਹੁਕਮਨਾਮਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਪਹਿਲੇ ਪ੍ਰਕਾਸ਼ 'ਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਾਵਨ ਸਥਾਨ ਅੰਦਰ ਸਿੱਖ ਪੰਥ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਸਾਹਿਬ ਜੀ ਨੇ ਲਿਆ ਸੀ। ਜਦ ਪ੍ਰਕਾਸ਼ ਕੀਤਾ ਤਾਂ ਮਹਾਰਾਜ ਸਾਹਿਬ ਜੀ ਨੇ ਹੁਕਮ ਕੀਤਾ—

*"ਬੁੱਢਾ ਸਾਹਿਬ ਖੋਲਹੁ ਗ੍ਰੰਥ। ਲੇਹੁ ਆਵਾਜ ਸੁਨਹਿ ਸਭ ਪੰਥ।*
*ਅਦਬ ਸੰਗ ਤਬਿ ਗਰੰਥ ਸੋ ਖੋਲਾ। ਲੇ ਆਵਾਜ ਬੁੱਢਾ ਮੁੱਖ ਬੋਲਾ॥"*

(ਰਾਸ ਤੀਜੀ, ਅੰਸੂ ੫, ਸੂਰਜ ਪ੍ਰਕਾਸ਼)

ਉਸ ਵੇਲੇ ਹੁਕਮ ਆਇਆ :-

ਸੂਹੀ ਮਹਲਾ ੫ ॥

*"ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ॥*
*ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ॥"*

(ਅੰਗ ੭੮੩॥

ਫਿਰ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਜੀ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਜੀ ਦੀ ਪਾਵਨ ਪਵਿੱਤਰ ਧਰਤੀ 'ਤੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ '੧ਓ ਤੋਂ ਅਠਾਰਹ ਦਸ ਬੀਸ' ਤਕ ਸੰਪੂਰਨ ਗੁਰਬਾਣੀ ਆਪਣੇ ਕੰਠੋਂ ਭਾਈ ਮਨੀ ਸਿੰਘ ਜੀ (ਸ਼ਹੀਦ) ਨੂੰ ਲਿਖਾਰੀ ਲਗਾ ਕੇ ਲਿਖਵਾਈ ਤੇ ੪੮ ਸਿੰਘਾਂ ਨੂੰ ਨਾਲ ਸੰਪੂਰਨ ਗੁਰਬਾਣੀ ਦੀ ਕਥਾ ਸਿਖਲਾਈ, ਜਿਸ ਤੋਂ ਕਥਾ ਦੀ ਮਰਯਾਦਾ, ਅਰਥ, ਪਾਠ ਦੀ ਸੰਥਿਆ ਕਰਵਾਉਣ ਵਾਲੀਆਂ ਦੋ ਟਕਸਾਲਾਂ ੧. ਬਾਬਾ ਦੀਪ ਸਿੰਘ ਜੀ ਵਾਲੀ ਟਕਸਾਲ ਜੋ ਹੁਣ (ਦਮਦਮੀ) ਭਿੰਡਰਾਂ ਵਾਲੀ ਟਕਸਾਲ ਦੇ ਨਾਮ ਨਾਲ ਮਸ਼ਹੂਰ ਹੈ, ੨. ਸ਼ਹੀਦ ਭਾਈ ਮਨੀ ਸਿੰਘ ਜੀ ਵਾਲੀ ਟਕਸਾਲ ਜੋ ਹੁਣ ਸੱਤੋ ਕੀ ਗਲੀ ਵਾਲੀ ਟਕਸਾਲ ਦੇ ਨਾਮ ਨਾਲ ਪ੍ਰਗਟ ਹੈ। ਸੋ ਉਸ ਸਮੇਂ ਬੀੜ ਦੀ ਰਚਨਾ ਕਰਕੇ ਜਦ ਸਤਿਗੁਰੂ ਜੀ ਨਾਂਦੇੜ ਵੱਲ ਚਲਣ ਲੱਗੇ ਸਨ ਤਾਂ ਦਸਮੇਸ਼ ਪਿਤਾ ਜੀ ਨੇ ਉਸ ਦਿਨ ੩੦ ਅਕਤੂਬਰ ੧੭੦੬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਆਖੰਡ ਪਾਠ ਸੰਪੂਰਨ ਕਰਵਾ ਕੇ ਤੁਰਨ ਵਾਸਤੇ ਬੇਨਤੀ ਕਰਕੇ ਹੁਕਮ ਲਿਆ ਤਾਂ ਹੁਕਮ ਹੋਇਆ—

ਟੋਡੀ ਮਹਲਾ ੫ ॥

*"ਸਤਿਗੁਰ ਆਇਓ ਸਰਣਿ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧॥ ਰਹਾਉ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥*

*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥*
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥*
*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥੨॥੪॥੯॥"*

(ਅੰਗ ੭੧੩)

ਜਦੋਂ ਨਾਂਦੇੜ ਦੀ ਧਰਤੀ 'ਤੇ ਆਪ ਸਤਿਗੁਰੂ ਜੀ ਭਾਣਾ ਵਰਤਾਉਣ ਲੱਗੇ ਤਾਂ ਸਿੱਖਾਂ ਪੁੱਛਿਆ ਕਿ ਕਿਸ ਦੇ ਲੜ ਲਾ ਚੱਲੇ ਹੋ, ਜਿਸ ਨੂੰ ਗਿਆਨੀ ਗਿਆਨ ਸਿੰਘ ਲਿਖਦੇ ਹਨ—

"ਸੰਗਤ ਕੋ ਲੜ ਕੌਣ ਕੇ ਲਾ ਚਲੇ ਗੁਸਾਂਈ। ਬਿਨੈ ਦੀਨਤਾ ਸੁਨ ਗੁਰੂ ਇਮ ਗਿਰਾ ਅਲਾਈ। ਅਬ ਹਮ ਸੋ ਗੁਰ ਥਾਪ ਹੈ ਜੋ ਸੁਧ ਉਦਾਰੀ। ਅਜਰ ਅਮਰ ਅਖੰਡ ਰਹਿ ਸਦ ਪਰਉਪਕਾਰੀ। ਭੇਦ ਪੱਖ ਬਿਨ ਸਰਬ ਕੋ ਬਾਂਛਤ ਫਲ ਦੈ ਹੈ। ਇਮ ਕਹਿ ਗੁਰੂ ਗ੍ਰੰਥ ਕਾ ਪ੍ਰਕਾਸ਼ ਕਰੈ ਹੈ। ਪੈਸੇ ਪੰਚ ਨਲੇਰ ਲੈ ਤਿਸ ਅੱਗੇ ਟਿਕਾਯੋ। ਕਰ ਪ੍ਰਕਰਮਾ ਗੁਰੂ ਜੀ ਅਭਿ ਬੰਦਨ ਕੀਉ। ਗੁਰੂ ਰੂਪ ਥਪ ਪੂਜ ਕੈ ਸਭ ਤੇ ਪੁਜਵਈਉ।"

ਉਸ ਵੇਲੇ ਪੰਜ ਪੈਸੇ ਨਲੀਏਰ ਭੇਟ ਰੱਖ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪ ਮੱਥਾ ਟੇਕਿਆ ਅਤੇ ਹੁਕਮ ਕੀਤਾ :

"ਮੇਰੀ ਜਗਾਹ ਗਰੰਥ ਸਾਹਿਬ ਜਾਨਣਾ। ਜੋ ਸਿਖ ਜਾਨੇਗਾ ਤਿਸ ਕੀ ਘਾਲਿ ਥਾਂਇ ਪਏਗੀ।"

ਉਸ ਵੇਲੇ ਖਾਲਸੇ ਦੇ ਇਕੱਠ ਵਿਚ ਜਦ ਹੁਕਮਨਾਮਾ ਲਿਆ ਤਾਂ ਹੁਕਮ ਇਹ ਹੋਇਆ ਸੀ :-

ਮਾਰੂ ਮਹਲਾ ੫ ॥

*"ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨੁ ਹਰਿ ਹਰਿ ਗਾਈ॥*
*ਸ੍ਰਮੁ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ॥ ੧॥*
*ਅਬ ਮੋਹਿ ਜੀਵਨ ਪਦਵੀ ਪਾਈ॥*
*ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥੧॥ਰਹਾਉ॥*
*ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥*
*ਸਦ ਹਜੂਰਿ ਹਾਜਰੁ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥ ੨॥*
*ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥*
*ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨ ਜਾਈ॥ ੩॥*
*ਨਿਰਭਉ ਭਏ ਸਗਲੇ ਭੈ ਖੋਏ ਗੋਬਿੰਦ ਚਰਣ ਓਟਾਈ॥*
*ਨਾਨਕੁ ਜਸੁ ਗਾਵੈ ਠਾਕੁਰ ਕਾ ਰੈਣਿ ਦਿਨਸੁ ਲਿਵ ਲਾਈ॥੪॥੬॥"*

(ਅੰਗ ੧੦੦੦)

ਇਸੇ ਤਰ੍ਹਾਂ ਇਕ ਵਾਰ ਪੰਥ ਖਾਲਸੇ ਨੂੰ ਸਤਿਗੁਰੂ ਜੀ ਨੇ ਉਸ ਵੇਲੇ ਅਗਵਾਈ ਬਖ਼ਸ਼ੀ ਜਦ ੧੦ ਅਪ੍ਰੈਲ ੧੭੬੩ ਨੂੰ ਸ੍ਰੀ ਅੰਮ੍ਰਿਤਸਰ ਵੈਸਾਖੀ ਦੇ ਮੌਕੇ 'ਤੇ ਕਸੂਰ ਦੇ ਬ੍ਰਾਹਮਣ ਨੇ ਆ ਫ਼ਰਿਆਦ ਕੀਤੀ ਕਿ ਉਸਮਾਨ ਖ਼ਾਂ ਉਸ ਦੀ ਪਤਨੀ ਨੂੰ ਜ਼ਬਰਦਸਤੀ ਹਰਮ ਵਿਚ ਰੱਖੀ ਬੈਠਾ ਹੈ। ਉਸਦੀ ਫ਼ਰਿਆਦ ਦੇ ਸ਼ਬਦ ਸਨ—

***"ਯਹ ਦਰਬਾਰ ਛਡ ਔਰ ਕਤ ਜਾਊਂ। ਦਿਸੈ ਨ ਕੌ ਜਹਿ ਅਦਾਲਤ ਪਾਊਂ।"***

ਇਹ ਸੁਣ ਕੇ ਸਿੰਘ ਸੋਚੀਂ ਪੈ ਗਏ ਕਿ ਕਸੂਰ ਦੇ ਨਵਾਬ ਕੋਲ ਬਾਗ਼ ਕਿਲ੍ਹੇ ਤੇ ਭਾਰੀ ਫ਼ੌਜ ਹੈ। ਇਸ ਲਈ ਕਿਸੇ ਚੰਗੇ ਮੌਕੇ ਦੀ ਤਾੜ ਵਿਚ ਰੁਕਣਾ ਚਾਹੀਦਾ ਹੈ, ਪਰ ਭਾਈ ਹਰੀ ਸਿੰਘ ਜੀ ਨੇ ਕਿਹਾ 'ਤੁਮ ਚਲੋ ਕਉ ਨ ਚਲੋ, ਹਮ ਤੋ ਚਲੇ ਜਰੂਰ ਹੈ॥ ਸਰਦਾਰ ਜੱਸਾ ਸਿੰਘ ਜੀ ਨੇ ਕਿਹਾ ਕਿ ਆਪਾਂ ਸ੍ਰੀ ਦਰਬਾਰ ਸਾਹਿਬ ਤੋਂ ਹੁਕਮ ਲੈਂਦੇ ਹਾਂ, ਜੋ ਹੁਕਮ ਆਵੇਗਾ ਸਾਰਾ ਪੰਥ ਉਸ 'ਤੇ ਅਮਲ ਕਰੇਗਾ। ਦਰਬਾਰ ਸਾਹਿਬ ਪੁੱਜ ਕੇ ਅਰਦਾਸ ਕੀਤੀ :-ਤੂੰ ਗੁਰੂ ਗਰੰਥ ਸਚੀ ਹੈ ਦੇਹ। ਸਿੱਖ ਸੰਗਤਿ ਕੋ ਸਾਚ ਵਾਕ ਦੇਹੁ। ਚਕ ਪਤਰੇ ਤਬ ਗਰੰਥ ਜੀ ਦੇਖਾ। ਬਸੰਤ ਵਾਰ ਕੋ ਆਯੋ ਲੇਖਾ।

***"ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥***
***ਆਪਣੇ ਚਰਣ ਜਪਾਇਅਨੁ ਵਿਚਿ ਦਯੁ ਖੜੋਆ॥***
***ਰੋਗ ਸੋਗ ਸਭਿ ਮਿਟਿ ਗਏ ਨਿਤ ਨਵਾ ਨਿਰੋਆ॥***
***ਦਿਨੁ ਰੈਣਿ ਨਾਮੁ ਧਿਆਇਦਾ ਫਿਰਿ ਪਾਇ ਨ ਮੋਆ॥***
***ਜਿਸ ਤੇ ਉਪਜਿਆ ਨਾਨਕਾ ਸੋਈ ਫਿਰਿ ਹੋਆ॥ ੨॥"***

(ਅੰਗ ੧੧੯੩)

ਹੁਕਮ ਚੜ੍ਹਾਈ ਦਾ ਜਾਣ ਕੇ ਖਾਲਸਾ ਪੰਥ ਵਿਚੋਂ ੧੦ ਹਜ਼ਾਰ ਫ਼ੌਜ ਦਾ ਜਥਾ ਤਿਆਰ ਹੋਇਆ ਕਿਉਂਕਿ ਪੰਥ ਦਾ ਵਿਸ਼ਵਾਸ ਸੀ :-

***"ਦਈ ਗਰੰਥ ਆਵਾਜ। ਸੋਊ ਕਰੈਗੋ ਹਮਰੈ ਕਾਜ।"***

ਇਸੇ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ੧੨ ਅਕਤੂਬਰ ੧੯੨੦ ਨੂੰ ਕੁਝ ਨਵੇਂ ਸਜੇ ਸਿੰਘ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਭੇਟਾ ਕਰਨ ਆਏ। ਭਾਈ ਗੁਰਬਚਨ ਸਿੰਘ ਨਾਂ ਦੇ ਗ੍ਰੰਥੀ ਮਹਾਰਾਜ ਦੀ ਤਾਬਿਆ ਸਨ। ਪੁਜਾਰੀਆਂ ਨੇ ਹਠ ਕੀਤਾ ਕਿ ਇਨ੍ਹਾਂ ਨਵੇਂ ਸਜੇ ਸਿੰਘਾਂ ਦਾ ਅਰਦਾਸਾ ਨਹੀਂ ਕਰਨਾ ਕਿਉਂਕਿ ਪੁਜਾਰੀਆਂ ਦੀਆਂ ਨਜ਼ਰਾਂ ਵਿਚ ਇਹ ਅਖੌਤੀ ਅਛੂਤ ਸਨ। ਕੁਝ ਉੱਚੇ ਨੀਵੇਂ ਬੋਲ ਵੀ ਕਹੇ ਗਏ, ਪਰ ਅਖ਼ੀਰ ਇਹ ਫ਼ੈਸਲਾ ਹੋਇਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਹੁਕਮ ਲਿਆ ਜਾਏ। ਜੋ ਹੁਕਮ ਆਵੇ ਉਸ ਤੇ ਅਮਲ ਕੀਤਾ ਜਾਏ। ਹੁਕਮਨਾਮਾ ਲਿਆ ਤਾਂ ਹੁਕਮ ਹੋਇਆ—

ਸੋਰਠਿ ਮਹਲਾ ੩ ਦੁਤੁਕੀ॥

*"ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥*
*ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥ ੧॥*
*ਹਰਿ ਜੀਉ ਆਪੇ ਬਖਸਿ ਮਿਲਾਇ॥*
*ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥*
*ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥*
*ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥ ੨॥*
*ਮਨੂਰੈ ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥*
*ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥ ੩॥*
*ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥*
*ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥ ੪॥*
*ਗੁਰ ਬਿਨੁ ਸਹਜੁ ਨ ਊਪਜੈ ਭਾਈ ਪੂਛਹੁ ਗਿਆਨੀਆ ਜਾਇ॥*
*ਸਤਿਗੁਰ ਕੀ ਸੇਵਾ ਸਦਾ ਕਰਿ ਭਾਈ ਵਿਚਹੁ ਆਪੁ ਗਵਾਇ॥ ੫॥*
*ਗੁਰਮਤੀ ਭਉ ਊਪਜੈ ਭਾਈ ਭਉ ਕਰਣੀ ਸਚੁ ਸਾਰੁ॥*
*ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥ ੬॥*
*ਜੋ ਸਤਿਗੁਰੁ ਸੇਵਹਿ ਆਪਣਾ ਭਾਈ ਤਿਨ ਕੈ ਹਉ ਲਾਗਉ ਪਾਇ॥*
*ਜਨਮੁ ਸਵਾਰੀ ਆਪਣਾ ਭਾਈ ਕੁਲੁ ਭੀ ਲਈ ਬਖਸਾਇ॥ ੭॥*
*ਸਚੁ ਬਾਣੀ ਸਚੁ ਸਬਦੁ ਹੈ ਭਾਈ ਗੁਰ ਕਿਰਪਾ ਤੇ ਹੋਇ॥*
*ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥੨॥"*

(ਅੰਗ ੬੩੮)

ਇਹ ਸ਼ਬਦ ਸੁਣਦੇ ਸਾਰ ਸਭ ਦੇ ਦਿਲ ਨਰਮ ਹੋ ਗਏ। ਸਭ ਦੇ ਨੇਤਰਾਂ ਵਿਚੋਂ ਜਲ ਵਹਿ ਤੁਰਿਆ। ਅਰਦਾਸ ਕੀਤੀ ਤੇ ਦੇਗ ਸੰਗਤ ਵਿਚ ਵਰਤਾਈ ਗਈ। ਜਦ ਨਨਕਾਣਾ ਸਾਹਿਬ ਨੂੰ ਪੁਜਾਰੀਆਂ ਹੱਥੋਂ ਆਜ਼ਾਦ ਕਰਾਉਣ ਲਈ ਜੱਥਾ ਭਾਈ ਲਛਮਣ ਸਿੰਘ ਜੀ ਦੀ ਅਗਵਾਈ ਹੇਠ ਧਾਰੋਵਾਲੀ ਤੋਂ ਟੁਰਨ ਲੱਗਾ ਤਾਂ ਉਸ ਵੇਲੇ ਅਰਦਾਸ ਤੋਂ ਉਪਰੰਤ ਹੁਕਮ ਇਹ ਹੋਇਆ ਸੀ :-

ਰਾਗੁ ਸੂਹੀ ਅਸਟਪਦੀਆ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ॥

*"ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ ਹਉ ਤਿਸੁ ਪਹਿ ਆਪੁ ਵੇਚਾਈ॥ ੧॥*
*ਦਰਸਨੁ ਹਰਿ ਦੇਖਣ ਕੈ ਤਾਈ॥*

***ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ ਹਰਿ ਹਰਿ ਨਾਮੁ ਧਿਆਈ॥ ੧॥ ਰਹਾਉ॥***
***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ॥ ੨॥***
***ਜੇ ਭੁਖ ਦੇਹਿ ਤ ਇਤ ਹੀ ਰਾਜਾ ਦੁਖ ਵਿਚਿ ਸੂਖ ਮਨਾਈ॥ ੩॥***
***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥ ੪॥"***

(ਅੰਗ ੭੫੭)

ਜੱਥਾ ਧਾਰੋਵਾਲੀ ਤੋਂ ਚੱਲ ਕੇ ਨਜ਼ਾਮਪੁਰ ਦੇਵਾ ਸਿੰਘ ਵਾਲੇ ਗੁਰਦੁਆਰੇ ਵਿਚ ਪੁੱਜਾ। ਉਥੋਂ ਤੁਰਨ ਵੇਲੇ ਭਾਈ ਈਸ਼ਰ ਸਿੰਘ ਜੀ ਬਹੋੜੂ ਵਾਲਿਆਂ ਨੇ ਮਹਾਰਾਜ ਦਾ ਪਵਿੱਤਰ ਵਾਕ ਲਿਆ ਤਾਂ ਫਿਰ ਵੀ ਵਾਕ ਉਹ ਹੀ ਆਇਆ ਜੋ ਪਹਿਲਾ ਸੀ :-

ਜਿਸ ਦੀਆਂ ਤੁਕਾਂ ਦਾ ਇਕ-ਇਕ ਸ਼ਬਦ ਸਚ ਹੋਇਆ :-

***ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥***

(ਅੰਗ ੭੫੭)

ਜਦ ਨਾਨਕਾਣਾ ਸਾਹਿਬ ਜੀ ਦਾ ਸਾਕਾ ਵਾਪਰਿਆ, ਸਿੰਘਾਂ ਨੇ ਸ਼ਹੀਦੀਆਂ ਪਾਈਆਂ ਤਾਂ ੨੩ ਫਰਵਰੀ ਨੂੰ ਚੌਥੇ ਦਿਨ ਸਭ ਸਿੰਘਾਂ ਦੀਆਂ ਦੇਹਾਂ ਇਕੱਠੀਆਂ ਕਰ ਕੇ ਸੰਸਕਾਰ ਕੀਤਾ ਤੇ ਫਿਰ ਸ਼ਹੀਦੀ ਬੀੜ ਤੋਂ ਭਾਈ ਹੀਰਾ ਸਿੰਘ ਜੀ ਰਾਗੀ ਨੇ ਵਾਕ ਲਿਆ ਤਾਂ ਗੁਰੂ ਪਾਤਿਸ਼ਾਹ ਜੀ ਨੇ ਇਹ ਪਾਵਨ ਅਸੀਸ ਭਰੇ ਬਚਨ ਬਖ਼ਸ਼ੇ—

***ਸਲੋਕੁ॥ "ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ॥***
***ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥ ੧॥"***

(ਅੰਗ ੫੭੮)

ਜਿਸ ਵੇਲੇ ਦਰਬਾਰ ਸਾਹਿਬ 'ਤੇ ਹਮਲਾ ਹੋਇਆ ਜਿਸ ਨੂੰ ਸਿੱਖ ਪੰਥ (ਬਲਿਊ ਸਟਾਰ) ਦੇ ਨਾਮ ਨਾਲ ਚੇਤੇ ਕਰਦਾ ਹੈ ਅਤੇ ਜਿਸ ਆਪਰੇਸ਼ਨ ਦੇ ਕਾਰਨ ਦਰਬਾਰ ਸਾਹਿਬ ਜੀ ਦੀ ਮਰਯਾਦਾ ਭੰਗ ਹੋ ਗਈ ਸੀ, ਜਦ ਉਸ ਪਿਛੋਂ ਪਹਿਲੀ ਵਾਰ ਪ੍ਰਕਾਸ਼ ਕਰਕੇ ਹੁਕਮ ਲਿਆ ਤਾਂ ਹੁਕਮਨਾਮੇ ਵਿਚੋਂ ਹੀ ਹਮਲਾਵਰਾਂ ਦੀ ਮੌਤ ਦਾ ਫ਼ੁਰਮਾਨ ਜਾਰੀ ਹੋ ਗਿਆ ਸੀ—

ਸੋਰਠਿ ਮਹਲਾ ੫ ਘਰੁ ੧ ਤਿਤੁਕੇ ੧ੴ ਸਤਿਗੁਰ ਪ੍ਰਸਾਦਿ॥

***"ਕਿਸੁ ਹਉ ਜਾਚੀ ਕਿਸੁ ਆਰਾਧੀ ਜਾ ਸਭੁ ਕੋ ਕੀਤਾ ਹੋਸੀ॥***
***ਜੋ ਜੋ ਦੀਸੈ ਵਡਾ ਵਡੇਰਾ ਸੋ ਸੋ ਖਾਕੂ ਰਲਸੀ॥***
***ਨਿਰਭਉ ਨਿਰੰਕਾਰੁ ਭਵ ਖੰਡਨੁ ਸਭਿ ਸੁਖ ਨਵ ਨਿਧਿ ਦੇਸੀ॥ ੧॥"***

(ਅੰਗ ੬੦੮)

ਫਿਰ ਜਦ ੩੧ ਅਕਤੂਬਰ ੧੯੮੪ ਈਃ ਨੂੰ ਭਾਣਾ ਵਰਤਿਆ ਤਾਂ ਉਸ ਵੇਲੇ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਆਵਾਜ਼ ਆਈ ਸੀ—

ਸੋਰਠਿ ਮਹਲਾ ੩ ਘਰੁ ੧ ਤਿਤੁਕੀ ੴ ਸਤਿਗੁਰ ਪ੍ਰਸਾਦਿ॥

*"ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥*
*ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ॥*
*ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ ਮਨਮੁਖ ਭਰਮਿ ਭੁਲਾਇਆ॥ ੧॥*
*ਹਰਿ ਜੀ ਏਹ ਤੇਰੀ ਵਡਿਆਈ॥*
*ਭਗਤਾ ਕੀ ਪੈਜ ਰਖੁ ਤੂ ਸੁਆਮੀ ਭਗਤ ਤੇਰੀ ਸਰਣਾਈ॥ ਰਹਾਉ॥*
*ਭਗਤਾ ਨੋ ਜਮੁ ਜੋਹਿ ਨ ਸਾਕੈ ਕਾਲੁ ਨ ਨੇੜੈ ਜਾਈ॥*
*ਕੇਵਲ ਰਾਮ ਨਾਮੁ ਮਨਿ ਵਸਿਆ ਨਾਮੇ ਹੀ ਮੁਕਤਿ ਪਾਈ॥*
*ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ ਗੁਰ ਕੈ ਸਹਜਿ ਸੁਭਾਈ॥ ੨॥"*

(ਅੰਗ ੬੩੭)

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਨਾਮੇ ਸਮੇਂ-ਸਮੇਂ ਪੰਥ ਦੀ ਅਗਵਾਈ ਬਖ਼ਸ਼ਿਸ਼ ਕਰਦੇ ਰਹੇ ਹਨ।

*"ਆਪੁ ਆਪੁਨੀ ਬੁਧਿ ਹੈ ਜੇਤੀ॥ ਬਰਨਤ ਭਿੰਨ ਭਿੰਨ ਤੁਹਿ ਤੇਤੀ॥"*

(ਚੌਪਈ ਸਾਹਿਬ)

ਦੇ ਕਥਨ ਅਨੁਸਾਰ ਸਮੁੰਦਰ ਦਾ ਅੰਤ ਭਾਵੇਂ ਕੋਈ ਪਾ ਲਵੇ ਤਾਂ ਪਾ ਹੀ ਲਵੇ, ਪਰ ਗੁਰਬਾਣੀ ਰੂਪ ਸਾਗਰ ਦਾ ਅੰਤ ਨਾ ਕਿਸੇ ਨੇ ਪਾਇਆ ਹੈ ਅਤੇ ਨਾ ਹੀ ਕੋਈ ਪਾ ਸਕੇਗਾ। ਇਸੇ ਤਰ੍ਹਾਂ ਪਹਿਲਾਂ ਭਾਵੇਂ ਕਈ ਹੁਕਮਨਾਮਿਆਂ ਦੀ ਵੀਚਾਰ ਨਾਲ ਸਬੰਧਤ ਕਈ ਪੁਸਤਕਾਂ ਛਪੀਆਂ ਹਨ, ਪਰ ਇਸ ਹੱਥਲੀ ਪੁਸਤਕ ਵਿਚ ਕੁਝ ਵਖਰੇਵਾਂ ਹੈ। ਜਿਸ ਤਰ੍ਹਾਂ ਹਰ ਹੁਕਮਨਾਮੇ ਦੀ ਵੀਚਾਰ ਦੇ ਅਰੰਭ ਵਿਚ ਹੁਕਮਨਾਮੇ ਦੀ ਪਹਿਲੀ ਤੁਕ ਦੇ ਆਧਾਰ 'ਤੇ ਜੋ ਵਿਸ਼ਾ ਨਿਕਲਦਾ ਹੈ, ਉਸ ਵਿਸ਼ੇ ਨੂੰ ਪ੍ਰਾਕਕਥਨ ਦੇ ਰੂਪ ਵਿਚ ਲਿਖਿਆ ਹੈ ਅਤੇ ਸਬੰਧਤ ਹੁਕਮਨਾਮੇ ਦੇ ਵਿਸ਼ੇ ਨਾਲ ਗੁਰ ਇਤਿਹਾਸ ਵਿਚੋਂ ਢੁਕਵੀਆਂ ਸਾਖੀਆਂ ਦਿੱਤੀਆਂ ਗਈਆਂ ਹਨ। ਸ਼ਬਦ ਦੇ ਹਰ ਪਦ ਦੇ ਵੱਖਰੇ-ਵੱਖਰੇ ਅਰਥ ਦਿੱਤੇ ਹਨ। ਅਰਥਾਂ ਦੇ ਨਾਲ ਪਦ ਅਰਥ ਵੀ ਦਿੱਤੇ ਹਨ। ਸਬੰਧਤ ਵਿਸ਼ੇ ਨਾਲ ਗੁਰਬਾਣੀ, ਕਬਿੱਤ, ਸ੍ਵਯੇ ਭਾਈ ਗੁਰਦਾਸ ਜੀ ਆਦਿ ਵਿਚੋਂ ਵੀ ਪ੍ਰਮਾਣ ਦਿੱਤੇ ਹਨ।

ਇਸ ਸਾਲ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ੩੦੦ ਸਾਲਾ ਗੁਰਗੱਦੀ ਦਿਵਸ ਸ਼ਤਾਬਦੀ ਨੂੰ ਮੁੱਖ ਰੱਖ ਕੇ ਮਨਾ ਰਹੇ ਹਾਂ। ਇਸ ਸਾਲ ਵਿਚ ਹਰ ਥਾਂ ਜਿਥੇ ਵੀ ਕੋਈ ਗੁਰੂ ਸਿੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਬੈਠਾ ਹੈ, ਉਹ ਕਿਸੇ ਨਾ ਕਿਸੇ ਤਰ੍ਹਾਂ ਸਤਿਗੁਰੂ ਜੀ ਦੀ ਬਖ਼ਸ਼ਿਸ਼ ਪ੍ਰਾਪਤ ਕਰਨ ਲਈ ਸਤਿਗੁਰੂ ਜੀ

ਦੀ ਗੁਰਗੱਦੀ ਨੂੰ ਸਮਰਪਿਤ ਹੋ ਕੇ ਕੁਝ ਨਾ ਕੁਝ ਕਰ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਖ਼ਸ਼ਿਸ਼ ਸਦਕਾ ਸਿੰਘ ਸਾਹਿਬ ਜੀ ਨੂੰ ਹੱਥਲੀ ਪੁਸਤਕ ਲਿਖਣ ਦਾ ਉਦਮ ਬਖ਼ਸ਼ਿਆ ਹੈ। ਜਿਸ ਤਰ੍ਹਾਂ ਮੇਲੇ ਵਿਚ ਇਕ ਵੱਡਾ ਭਰਾ ਆਪਣੇ ਛੋਟੇ ਵੀਰ ਨੂੰ ਮੋਢੇ 'ਤੇ ਚੁੱਕ ਕੇ ਮੇਲਾ ਵਿਖਾਉਂਦਾ ਹੈ ਅਤੇ ਮੁੜ ਕੇ ਪ੍ਰੇਰਨਾ ਕਰਦਾ ਹੈ ਕਿ ਭਾਈ ਤੂੰ ਆਪ ਹਿੰਮਤ ਕਰ, ਇਸੇ ਪ੍ਰਕਾਰ ਦਾ ਸਿੰਘ ਸਾਹਿਬ ਜੀ ਵਲੋਂ ਇਹ ਹੁਕਮਨਾਮਿਆਂ ਦੀ ਵੀਚਾਰ ਜੋ ਗੁਜਰੀ ਰਾਗ ਤੋਂ ਵਡਹੰਸ ਰਾਗ ਤਕ ਦੇ ੪੪ ਹੁਕਮਨਾਮਿਆਂ ਦੀ ਵਿਚਾਰ ਲਿਖੀ ਹੈ, ਇਸ ਨਾਲ ਵਿਦਿਆਰਥੀਆਂ ਨੂੰ ਤੇ ਨਵੀਨ ਗਿਆਨੀਆਂ ਨੂੰ ਰਾਹ ਦਿਖਾਉਣ ਦੀ ਤਰ੍ਹਾਂ ਹੈ। ਮੈਂ ਭਰੋਸੇ ਨਾਲ ਕਹਿ ਸਕਦਾ ਹਾਂ ਕਿ ਨਵੀਨ ਗਿਆਨੀਆਂ ਦੇ ਨਾਲ-ਨਾਲ ਗਿਆਨੀ ਸਿੰਘਾਂ ਤੇ ਵਿਦਵਾਨ ਸਿੰਘਾਂ ਨੂੰ ਕਾਫ਼ੀ ਕੁਝ ਨਵਾਂ ਪ੍ਰਾਪਤ ਹੋਵੇਗਾ। ਸਿੰਘ ਸਾਹਿਬ ਜੀ ਨੇ ਆਪਣੇ ਜੀਵਨ ਵਿਚ ਜੋ ਕਮਾਇਆ ਹੈ, ਜੋ ਗੁਰੂ ਕ੍ਰਿਪਾ ਨਾਲ ਖੋਜਾਂ ਕੀਤੀਆਂ ਹਨ, ਉਨ੍ਹਾਂ ਦਾ ਅੰਸ਼ਕ ਮਾਤਰ ਸੰਗਤਾਂ ਪ੍ਰਤੀ ਪਿਆਰ ਭੇਟ ਕੀਤਾ ਹੈ।

ਮੇਰੀ ਸਤਿਗੁਰੂ ਪਾਤਸ਼ਾਹ ਜੀ ਦੇ ਚਰਨਾਂ ਵਿਚ ਜੋਦੜੀ ਹੈ ਕਿ ਹਜ਼ੂਰ ਇਸ ਪਵਿੱਤਰ ਕਰਮ ਵਿਚ ਇਨ੍ਹਾਂ ਨੂੰ ਹੋਰ ਉੱਦਮ ਅਤੇ ਉਤਸ਼ਾਹ ਬਖ਼ਸ਼ਣ ਤਾਂਕਿ ਉਹ ਗੁਰਬਾਣੀ ਪ੍ਰੇਮੀਆਂ ਦੀ ਨਿੱਗਰ ਸੇਵਾ ਕਰ ਸਕਣ ਤੇ ਇਸ ਪੁਸਤਕ ਦੇ ਰਹਿੰਦੇ ਭਾਗ ਸਤਿਗੁਰੂ ਜੀ ਆਪ ਬਲ ਬਖ਼ਸ਼ ਕੇ ਲਿਖਵਾ ਲੈਣ।

ਗੁਰੂ ਪੰਥ ਦਾ ਦਾਸ :

ਗਿਆਨੀ ਅਮਰਜੀਤ ਸਿੰਘ ਕਥਾਵਾਚਕ, **(M.A. Religion)**

ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ।

# ਪੋਥੀ ਲਿਖਹੁ ਸੁਫਲ ਗੁਰਬਾਣੀ

ਸੰਸਾਰ ਦੇ ਸਮੁੱਚੇ ਇਤਿਹਾਸ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ਰਧਾਲੂ, ਪ੍ਰੇਮੀਜਨ, ਜਗਿਆਸੂ ਤੇ ਉੱਤਮ ਅਧਿਕਾਰੀ ਅਤੇ ਤਤਵੇਤੇ, ਬ੍ਰਹਮਵੇਤੇ, ਗੁਰਮੁਖ, ਗੁਰਸਿੱਖ, ਸੰਤ, ਭਗਤ ਆਦਿ ਇਨ੍ਹਾਂ ਸਾਰਿਆਂ ਪਰਮ ਹੰਸਾਂ ਲਈ ਸ਼ਬਦ-ਗੁਰੂ ਸ਼ੁਭ ਗੁਣਾਂ ਰੂਪ ਵੱਡਮੁਲੇ ਰਤਨਾਂ ਨਾਲ ਭਰਪੂਰ ਇਕ ਅਥਾਹ ਸਮੁੰਦਰ ਹਨ। ਇਸ ਸਾਗਰ ਵਿਚੋਂ ਗੁਰਸਿੱਖ ਰੂਪ ਪਰਮ ਹੰਸ ਜਿਥੇ ਨਾਮ ਰੂਪ ਰਤਨ ਤੇ ਸ਼ੁਭ ਗੁਣਾਂ ਰੂਪ ਮੋਤੀਆਂ ਨੂੰ ਪ੍ਰਾਪਤ ਕਰਦੇ ਹਨ, ਉਥੇ ਗੁਰਬਾਣੀ ਪੜ੍ਹਨ ਤੇ ਸੁਣਨ ਅਤੇ ਗੁਰੂ ਕੇ ਕੀਰਤਨੀਏ ਤੇ ਕਥਾਕਾਰ, ਪ੍ਰਚਾਰਕ ਆਦਿ ਜੋ ਵੀ ਸ਼ਬਦ ਗੁਰੂ ਦੀ ਸ਼ਬਦ ਵੀਚਾਰ ਰੂਪ ਖੋਜ ਵਿਚ ਜੁੜਦੇ ਹਨ, ਉਹ ਅਥਾਹ ਸਮੁੰਦਰ ਵਿਚ ਹੀ ਸਮਾਅ ਜਾਂਦੇ ਹਨ, ਜਿਵੇਂ ਭਾਈ ਗੁਰਦਾਸ ਜੀ ਦਾ ਕਥਨ ਹੈ:-

***"ਖੋਜਤ ਖੋਜਤ ਗੁਰ ਸਬਦੁ ਲਿਵਲੀਨ ਹੈ॥ ੫੮੮॥*** (ਭਾਈ ਗੁਰਦਾਸ ਜੀ)

ਜਿਸ ਤਰ੍ਹਾਂ ਪਾਰਸ ਨਿਕੰਮੇ ਲੋਹੇ ਨੂੰ ਛੋਹ ਕੇ ਕੰਚਨ ਬਣਾ ਦਿੰਦਾ ਹੈ, ਬਾਵਨ ਚੰਦਨ ਕੌੜੇ ਨਿੰਮ ਤੇ ਨਿਕੰਮੇ ਇਰਿੰਡ ਜੈਸੇ ਰੁੱਖ ਨੂੰ ਚੰਦਨ ਕਰ ਦਿੰਦਾ ਹੈ, ਇਸੇ ਤਰ੍ਹਾਂ ਸਮੱਰਥ ਗੁਰੂ ਪਾਰਸ ਤੇ ਬਾਵਨ ਚੰਦਨ ਦੀ ਤਰ੍ਹਾਂ ਹਨ। ਜੋ ਲੋਹੇ ਤੇ ਨਿਕੰਮੇ ਇਰਿੰਡ ਜੈਸੇ ਮਨੁੱਖ ਨੂੰ ਭਗਤੀ ਰੂਪ ਸੁਗੰਧੀ ਨਾਲ ਸੁਗੰਧਤ ਕਰਕੇ ਬਾਵਨ ਚੰਦਨ ਤੇ ਸ਼ੁੱਧ ਬ੍ਰਹਮ ਸੋਨਾ ਬਣਾ ਦਿੰਦੇ ਹਨ-

***"ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ।***
***ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।"*** (ਵਾਰ ੧੦, ਪ: ੧੫)

ਸਮੱਰਥ ਗੁਰੂ ਰੂਪ ਮਾਨ ਸਰੋਵਰ ਤਾਂ ਇਸ ਨਿਕੰਮੇ ਜੀਵ ਰੂਪ ਬਗਲੇ ਨੂੰ ਉੱਤਮ ਪਰਮ ਹੰਸ ਬਣਾ ਦਿੰਦੇ ਹਨ। ਪਰ ਲੋੜ ਹੈ ਇਹ ਜੀਵ ਰੂਪ ਲੋਹਾ ਤੇ ਔਗੁਣਧਾਰੀ ਨਿਕੰਮਾ ਇਰਿੰਡ ਅਤੇ ਕੁਸੰਗੀ ਬਗਲਾ ਸਮੱਰਥ ਗੁਰੂ ਦੀ ਸਮੀਪਤਾ ਹਾਸਲ ਕਰਨ ਰੂਪ ਸੰਗਤ ਕਰੇ ਤਾਂ ਅਨੰਤ ਔਗੁਣਾਂ ਨਾਲ ਭਰਪੂਰ ਜੀਵ ਭਗਤੀ ਰੂਪ ਸੁਗੰਧੀ ਸਹਿਤ ਹੋ ਸਕਦਾ ਹੈ।

ਦਾਸ ਕੋਈ ਲਿਖਾਰੀ ਨਹੀਂ ਹੈ ਤੇ ਨਾ ਹੀ ਮੈਂ ਕੋਈ ਵਿਦਵਾਨ ਹਾਂ, ਪਰ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :-

***"ਪੇਖਤ ਪੇਖਤ ਜੈਸੇ ਰਤਨ ਪਾਰੁਖੁ ਹੋਤ, ਸੁਨਤ ਸੁਨਤ ਜੈਸੇ ਪੰਡਿਤ ਪ੍ਰਬੀਨ ਹੈ।***
***ਸੁੰਘਤ ਸੁੰਘਤ ਸੋਧਾ ਜੈਸੇ ਤਉ ਸੁਬਾਸੀ ਹੋਤ, ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ।***
***ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ, ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ।***

***ਚਲਤ ਚਲਤ ਜੈਸੇ ਪਹੁੰਚੈ ਠਿਕਾਨੋ ਜਾਇ, ਖੋਜਤ ਖੋਜਤ ਗੁਰ ਸਬਦੁ ਲਿਵਲੀਨ ਹੈ॥ ੫੮੮॥''***

(ਭਾਈ ਗੁਰਦਾਸ ਜੀ)

ਦਾਸ ਨੇ ''ਮੁਖਵਾਕ ਪ੍ਰਕਾਸ਼'' (ਭਾਗ ਪਹਿਲਾ) ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੦੯ ਗੂਜਰੀ ਰਾਗੁ ਤੋਂ ਲੈਕੇ ਅੰਗ ੫੯੩ ਵਡਹੰਸ ਰਾਗੁ ਤੱਕ ਦੇ ਸਾਰੇ ੪੪ ਹੁਕਮਨਾਮਿਆਂ ਦੀ ਵਿਆਖਿਆ ਕੀਤੀ ਹੈ। ਹੁਕਮਨਾਮਿਆਂ ਦੀ ਕਥਾ ਲਿਖਣ ਵਾਸਤੇ ਬਹੁਤ ਸਾਰੇ ਸਨੇਹੀ ਵਿਦਿਆਰਥੀ, ਸਿਖਿਆਰਥੀ ਦਾਸ ਨੂੰ ਬਾਰ ਬਾਰ ਕਹਿੰਦੇ ਰਹਿੰਦੇ ਸਨ, ਪਰ ਲਿਖਣ ਦੀ ਪ੍ਰੇਰਣਾ ਧੰਨ ਕ੍ਰਿਪਾਲੂ ਸ੍ਰੀ ਗੁਰੂ ਅਮਰਦਾਸ ਜੀ ਦੇ ਇਨ੍ਹਾਂ ਇਤਿਹਾਸਕ ਬਚਨਾਂ ਨੇ ਕੀਤੀ–

***''ਪੋਥੀ ਲਿਖਹੁ ਸੁਫਲ ਗੁਰਬਾਣੀ॥ ਗੁਰੂ ਨਮਿੱਤ ਦੀਜਹਿ ਸਿਖ ਜਾਨੀ॥ ੪੩॥''***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੪੦)

ਲਿਖਣ ਸਮੇਂ ''ਪ੍ਰਾਕ੍ਥਨ'' ਦੇ ਸਿਰਲੇਖ ਹੇਠ ਹੁਕਮਨਾਮੇ ਦੀ ਪਹਿਲੀ ਪੰਗਤੀ ਨੂੰ ਵਿਸ਼ਾ ਮੰਨ ਕੇ ਉਸ ਵਿਸ਼ੇ ਦਾ ਵਿਸਥਾਰ ਕਰਕੇ ਉਸ ਅਨੁਸਾਰ ਸਾਖੀ ਇਕ ਜਾਂ ਦੋ ਲਿਖ ਕੇ, ਫੇਰ ਸ਼ਬਦ ਦਾ ਮੂਲ ਪਾਠ ਇਕੱਲੇ ਇਕੱਲੇ ਸਲੋਕ, ਪਉੜੀ, ਪਦੇ ਆਦਿ ਦੇ ਪਦ ਅਰਥ ਤੇ ਅਰਥ ਕਰਕੇ ਉਪਰੰਤ ਵਿਆਖਿਆ ਤੇ ਸਾਰੰਸ਼ ਹੇਠ ਲੋੜ ਅਨੁਸਾਰ ਹੋਰ ਵਿਸਥਾਰ ਕੀਤਾ ਹੈ। ਹੁਕਮਨਾਮਿਆਂ ਦੀ ਵਿਆਖਿਆ, ਪਦ ਅਰਥ, ਅਰਥ, ਵਿਆਖਿਆ ਤੇ ਸਾਰੰਸ ਆਦਿ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਆਪ ਬਖ਼ਸ਼ਿਸ਼ ਕਰਕੇ ਕਰਵਾਈ ਹੈ। ਇਸ ਕਾਰਜ ਦੀ ਸੰਪੂਰਨਤਾ, ਸੁੱਧਤਾ, ਚੰਗਿਆਈ ਆਦਿ ਗੁਣ ਸਾਰੇ ਸਤਿਗੁਰੂ ਸਾਹਿਬ ਜੀ ਦੇ ਆਪਣੇ ਹਨ। ਇਸ ਕਾਰਜ ਵਿਚ ਰਹੀਆਂ ਊਣਤਾਈਆਂ, ਹੋਈਆਂ ਅਨਗਿਣਤ ਭੁੱਲਾਂ ਇਹ ਮੇਰੀਆਂ ਅਲਪੱਗ ਤੇ ਭੁਲੜ ਜੀਵ ਦੀਆਂ ਆਪਣੀਆਂ ਹਨ। ਗੁਰੂ ਅਤੇ ਗੁਰੂ ਕੀ ਸੰਗਤ ਗੁਰੂ ਪੰਥ ਦਾ ਨਿਮਾਣਾ ਸੇਵਕ ਜਾਣ ਕੇ ਹੋਈਆਂ ਭੁੱਲਾਂ ਦੀ ਖਿਮਾ ਕਰਨੀ। ਇਸ ਪੁਸਤਕ ਦੇ ਅਰੰਭ ਵਿਚ ਲਿਖੇ ਸ਼ਬਦ ਸਤਿਕਾਰ ਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਮੁਖੀ ਦਮਦਮੀ ਟਕਸਾਲ ਅਤੇ ਸਤਿਕਾਰ ਯੋਗ ਜਥੇਦਾਰ ਅਵਤਾਰ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਅਤੇ ਹੋਰ ਸਤਿਕਾਰ ਯੋਗ ਹਸਤੀਆਂ ਗਿਆਨੀ ਪਿੰਦਰਪਾਲ ਸਿੰਘ ਜੀ ਪ੍ਰਸਿੱਧ ਕਥਾ ਵਾਚਕ, ਸ੍ਰ: ਵਰਿਆਮ ਸਿੰਘ ਜੀ ਸਕੱਤਰ ਧਰਮ ਪ੍ਰਚਾਰ ਕਮੇਟੀ ਅੰਮ੍ਰਿਤਸਰ, ਸ੍ਰ: ਰੂਪ ਸਿੰਘ ਜੀ ਅਡੀਸ਼ਨਲ ਸਕੱਤਰ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਸ੍ਰ: ਅਮਰਜੀਤ ਸਿੰਘ ਜੀ ਪ੍ਰਿੰਸੀਪਲ ਗੁਰੂ ਕਾਂਸੀ ਗੁਰਮਤਿ ਇੰਸਟੀਚਿਊਟ ਦਮਦਮਾ ਸਾਹਿਬ (ਬਠਿੰਡਾ), ਭਾਈ ਰਣਧੀਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਜੀ ਜਿੰਨ੍ਹਾਂ ਨੇ ਰਾਗਾਂ ਦੀ ਆਰੋਹੀ-ਅਵਰੋਹੀ ਦੀ ਸੁਧਾਈ ਕੀਤੀ। ਇਨ੍ਹਾਂ ਸਾਰਿਆਂ ਦਾ ਦਾਸ ਬਹੁਤ ਧੰਨਵਾਦੀ ਹੈ ਅਤੇ ਇਸ ਪੁਸਤਕ ਦੇ ਲਿਖਣ ਤੇ ਪਰੂਫ਼ ਪੜ੍ਹਨ ਵਿਚ ਦਾਸ ਦੇ ਸਪੁੱਤਰ ਗਿਆਨੀ ਅਮਰਜੀਤ ਸਿੰਘ ਜੀ ਕਥਾ ਵਾਚਕ ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ, ਬਰਨਾਲਾ, ਨੇ ਬਹੁਤ ਮਿਹਨਤ ਕੀਤੀ ਹੈ। ਗੁਰੂ ਰਾਮਦਾਸ ਜੀ ਇਸ ਉੱਪਰ ਹੋਰ ਕਿਰਪਾ ਕਰਨ ਜੋ ਇਹ ਕਥਾ ਤੇ ਲੇਖਣੀ ਦੁਆਰਾ ਗੁਰੂ ਪੰਥ ਦੀ ਵੱਧ ਤੋਂ ਵੱਧ ਸੇਵਾ ਕਰ ਸਕੇ ਅਤੇ ਭਾਈ ਸਤਪਾਲ ਸਿੰਘ ਤੇ ਜਸਵਿੰਦਰ ਸਿੰਘ ਨੇ ਵੀ ਪਰੂਫ਼ ਪੜ੍ਹਨ ਵਿਚ ਸਹਾਇਤਾ ਕੀਤੀ ਹੈ। ਸਤਿਗੁਰੂ

ਜੀ ਇਨ੍ਹਾਂ ਨੂੰ ਵਿਦਿਆ ਦੀ ਦਾਤ ਬਖ਼ਸ਼ ਕੇ ਨਿਵਾਜਣ। ਦਾਸ ਨੂੰ ਆਪ ਗੁਰੂ ਸੰਗਤ ਅਸੀਸ ਦਿਉ ਤਾਂ ਕਿ ਮੁਖਵਾਕ ਪ੍ਰਕਾਸ਼ ਭਾਗ ਦੂਜਾ ਛੇਤੀ ਹੀ ਤਿਆਰ ਕਰ ਕੇ ਆਪ ਗੁਰੂ ਸੰਗਤ ਅਤੇ ਗੁਰੂ ਖ਼ਾਲਸਾ ਦੀ ਭੇਟ ਕਰ ਸਕਾਂ। ਅਖ਼ੀਰ ਵਿਚ ਫੇਰ ਹੋਈਆਂ ਸਮੁੱਚੀਆਂ ਭੁੱਲਾ ਦੀ ਖਿਮਾ ਮੰਗਦਾ ਹਾਂ।

ਗੁਰੂ ਪੰਥ ਦਾ ਦਾਸ :

ਸਿੰਘ ਸਾਹਿਬ ਗਿਆਨੀ ਮੱਲ ਸਿੰਘ,

ਗ੍ਰੰਥੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ,

ਸ੍ਰੀ ਅੰਮ੍ਰਿਤਸਰ।

94175-42974

01679-238074 (ਘਰ) ਬਰਨਾਲਾ

# ਹੁਕਮਨਾਮਿਆਂ ਵਿਚ ਆਏ ਮੰਗਲਾਂ ਦੇ ਅਰਥ

## "੧ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਅਰਥ :-੧ਓ -੧ ਇਕ ਅਦ੍ਵੈਤ ਬ੍ਰਹਮ। ਓ -ਸਰਬ ਦਾ ਪ੍ਰਕਾਸ਼ਕ ਉਚਾਰਨੇ ਮਾਤਰ ਸੇ ਰੱਖਿਆ ਕਰਨ ਵਾਲਾ। ਸਤਿਨਾਮੁ-ਜਿਸ ਦਾ ਨਾਮ ਸੱਚਾ ਹੈ ਭਾਵ ਉਹ ਸੱਚਾ ਹੈ ਤੇ ਉਸ ਦਾ ਨਾਮ ਵੀ ਸੱਚਾ ਹੈ। ਕਰਤਾ ਪੁਰਖੁ-ਪੂਰਨ ਵਿਆਪੀ (ਪ੍ਰਭੂ ਸਾਰਿਆਂ ਦੇ ਪੈਦਾ) ਕਰਨ ਵਾਲਾ, ਨਿਰਭਉ-ਡਰ ਤੋਂ ਰਹਿਤ। ਨਿਰਵੈਰੁ-ਜਿਸ ਦਾ ਕਿਸੇ ਨਾਲ ਵੈਰ ਨਹੀਂ, ਅਕਾਲ- (ਮੂਰਤਿ - ਉਹ ਹਸਤੀ ਜੋ ਕਾਲ ਰਹਿਤ ਹੈ ਭਾਵ ਉਹ (ਪ੍ਰਭੂ) ਅਕਾਲ ਸਰੂਪ ਹੈ, ਅਜੂਨੀ ਸੈਭੰ-ਜੂਨਾਂ ਤੋਂ ਰਹਿਤ ਸੁਤੇ ਪ੍ਰਕਾਸ਼ ਭਾਵ ਜੰਮਣ ਮਰਣ ਤੋਂ ਰਹਿਤ ਅਤੇ ਸ੍ਵਯਮ-ਆਪਣੇ ਆਪ+ਭੂ+ਹੋਣਾ, ਆਪਣੇ ਆਪ ਹੋਣ ਵਾਲਾ ਜੋ ਕਿਸੇ ਤੋਂ ਨਹੀਂ ਬਣਿਆ, ਗੁਰ ਪ੍ਰਸਾਦਿ-ਗੁਰ ਚੇਤਨ, ਪ੍ਰਸਾਦਿ-ਅਨੰਦ ਸਰੂਪ, ਗੁ=ਅਗਿਆਨਤਾ ਦੇ ਅੰਧੇਰੇ ਨੂੰ ਮੇਟ ਕੇ, ਰੂ=ਗਿਆਨ ਦਾ ਪ੍ਰਕਾਸ਼ ਕਰਨ ਵਾਲਾ, ਪ੍ਰਸਾਦਿ=ਅਨੰਦ ਸਰੂਪ ਅਥਵਾ ਕਿਰਪਾ ਕਰਨ ਵਾਲਾ ਕਿਰਪਾਲੂ ਸਰੂਪ।

"੧ਓ ਸਤਿਗੁਰ ਪ੍ਰਸਾਦਿ॥ ਇਕ ਅਦ੍ਵੈਤ ਬ੍ਰਹਮ ਸਰਬ ਦਾ ਪ੍ਰਕਾਸ਼ਕ, ਉਚਾਰਨੇ ਮਾਤ੍ਰ ਤੋਂ ਰੱਖਿਆ ਕਰਨ ਵਾਲਾ, ਤਿੰਨ ਕਾਲ ਸਤ ਚੇਤਨ ਤੇ ਅਨੰਦ ਸਰੂਪ ਹੈ।

## ਗੁਰਬਾਣੀ ਵਿਚ ਆਏ ਸਲੋਕ, ਛੰਤ, ਅਸਟਪਦੀ, ਰਹਾਉ ਆਦਿ ਦਾ ਨਿਰਣਾ

ਸਲੋਕ :- ਸਲੋਕ ਨੂੰ ਆਮ ਤੌਰ ਤੇ ਪ੍ਰਸੰਸਾ, ਮਹਿਮਾ ਅਤੇ ਉਸਤਤ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਬਹੁਤ ਸਾਰੇ ਸਲੋਕਾਂ ਦੀ ਵਰਤੋਂ ਕੀਤੀ ਮਿਲਦੀ ਹੈ ਪਰ ਇਹਨਾਂ ਦੀਆਂ ਤੁਕਾਂ ਦੀ ਕੋਈ ਪੱਕੀ ਗਿਣਤੀ ਨਿਰਧਾਰਤ ਨਹੀਂ ਕੀਤੀ ਗਈ। ਕਿਉਂਕਿ "ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਅਰਜਨ ਸਾਹਿਬ ਦੁਆਰਾ ਰਚੇ ਸਲੋਕ ਵਧੀਕ ਤੁਕਾਂ ਵਾਲੇ ਵੀ ਅੰਕਿਤ ਹਨ ਪਰ ਆਮ ਕਰਕੇ ਸਲੋਕ ਦੋ ਜਾਂ ਚਾਰ ਤੁਕਾਂ ਦੇ ਹੀ ਰਚੇ ਜਾਣ ਦੀ ਪਰੰਪਰਾ ਹੈ।"

ਵਾਰ :- ਇਹ ਕਾਵਿ-ਰੂਪ ਯੁੱਧ ਅਤੇ ਵੀਰਤਾ ਨਾਲ ਜੁੜਿਆ ਹੋਇਆ ਹੈ। ਇਸ ਦੀ ਰਚਨਾ ਪਉੜੀਆਂ ਵਿਚ ਹੁੰਦੀ ਹੈ। ਪਿਆਰਾ ਸਿੰਘ ਪਦਮ ਅਨੁਸਾਰ, "ਪਉੜੀ ਵਾਰ ਦਾ ਸਰੀਰ ਹੈ ਤੇ ਯੁੱਧ-ਕਥਾ

ਇਸ ਦੀ ਰੂਹ। ਦੋਹਾਂ ਦੇ ਸੁਮੇਲ ਨਾਲ ਹੀ ਵਾਰ ਦੀ ਸਾਜਨਾ ਹੁੰਦੀ ਹੈ।'' (ਗੁਰੂ ਗ੍ਰੰਥ ਸੰਕੇਤ ਕੋਸ਼, ਪੰਨਾ ੨੪੯)। ਗੁਰੂ ਗ੍ਰੰਥ ਸਾਹਿਬ ਵਿਚ ੨੨ ਵਾਰਾਂ ਦਾ ਜ਼ਿਕਰ ਆਉਂਦਾ ਹੈ। ਇਹਨਾਂ ਵਿਚੋਂ ਨੌਂ ਵਾਰਾਂ ਲੋਕ-ਪਰੰਪਰਾ ਅਨੁਸਾਰ ਯੋਧਿਆਂ ਸੂਰਮਿਆਂ ਦੀਆਂ ਪ੍ਰਾਚੀਨ ਧੁਨਾਂ ਉੱਤੇ ਗਾਉਣ ਦਾ ਆਦੇਸ਼ ਦਿੱਤਾ ਗਿਆ ਹੈ। ਲੋਕ-ਵਾਰਾਂ ਦੇ ਦੁਨਿਆਵੀ ਕਾਵਿ-ਰੂਪ ਦੀ ਵਰਤੋਂ ਗੁਰੂ ਸਾਹਿਬਾਨ ਨੇ ਅਧਿਆਤਮਕ ਮਾਰਗ 'ਤੇ ਚੱਲਣ ਲਈ ਕੀਤੀ। ਲੋਕ-ਵਾਰਾਂ ਦਾ ਨਾਇਕ ਦੁਨਿਆਵੀ ਸੰਘਰਸ਼ ਤੇ ਦੁੱਖ-ਸੁੱਖ ਦਾ ਸ਼ਿਕਾਰ ਹੁੰਦਾ ਹੈ ਅਤੇ ਅਧਿਆਤਮਕ ਵਾਰਾਂ ਵਿਚ ਮਨੁੱਖ ਆਪਣੇ ਔਗੁਣਾਂ ਨਾਲ ਲੜਦਾ ਹੋਇਆ ਗੁਰਮੁਖ ਪਦ ਨੂੰ ਧਾਰਨ ਕਰਨ ਦਾ ਯਤਨ ਕਰਦਾ ਹੈ।

**ਛੰਤ :–** ਗੁਰਬਾਣੀ ਵਿਚ ਛੰਤਾਂ ਦੀ ਆਮ ਵਰਤੋਂ ਵੇਖੀ ਜਾ ਸਕਦੀ ਹੈ। ਇਹਨਾਂ ਦੀ ਵਰਤੋਂ ਲੌਕਿਕ ਸੰਬੰਧਾਂ ਨੂੰ ਅਲੌਕਿਕਤਾ ਪ੍ਰਦਾਨ ਕਰਨ ਲਈ ਕੀਤੀ ਗਈ ਹੈ, ਜਿਵੇਂ ਪ੍ਰਤੱਖ ਪਤੀ-ਪਤਨੀ ਦੇ ਦ੍ਰਿਸ਼ਟਾਂਤ ਰਾਹੀਂ ਆਤਮਾ ਅਤੇ ਪਰਮਾਤਮਾ ਦੇ ਗਿਆਨ ਦੀ ਗੱਲ ਕੀਤੀ ਗਈ ਹੈ। ਇਸ ਦੀ ਪ੍ਰਕ੍ਰਿਤੀ ਸ਼ਿੰਗਾਰ ਪ੍ਰਦਾਨ ਹੈ ਪਰ ਇਸਦੇ ਅਧਿਆਤਮਕ ਪੱਖ ਨੂੰ ਉਜਾਗਰ ਕੀਤਾ ਗਿਆ ਹੈ। ਗੁਰੂ ਨਾਨਕ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਆਪਣੀਆਂ ਰਚਨਾਵਾਂ ਵਿਚ ਛੰਤਾਂ ਦੀ ਵਰਤੋਂ ਕੀਤੀ ਹੈ। ਕੁਝ ਇਕ ਛੰਤਾਂ ਨੂੰ ਛੱਡ ਕੇ ਸਾਰੇ ਹੀ ਚਾਰ ਬੰਦਾਂ ਵਾਲੇ ਹਨ ਅਤੇ ਹਰ ਬੰਦ ਦੀਆਂ ਛੇ ਤੁਕਾਂ ਹਨ।

**ਅਸ਼ਟਪਦੀ :** ਅਸ਼ਟਪਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਹੱਤਵਪੂਰਨ ਕਾਵਿ ਰੂਪ ਹੈ। ਇਸ ਦਾ ਕਾਵਿਕ ਅਤੇ ਸੰਗੀਤਕ ਰੂਪ ਸਨਾਤਨੀ ਉੱਚਤਾ ਦਾ ਧਾਰਣੀ ਹੈ। ਨਾਮਾਨੁਸਾਰ ਅੱਠਾਂ ਪਦਾਂ ਦੀ ਰਚਨਾ ਨੂੰ ਅਸ਼ਟਪਦੀ ਕਹਿੰਦੇ ਹਨ। ਗੁਰਬਾਣੀ ਵਿਚ ਅਸ਼ਟਪਦੀ ਅਧੀਨ ਪਦਿਆਂ ਦੀ ਗਿਣਤੀ ਅੱਠ ਤੋਂ ਵੱਧ ਨੌਂ, ਦਸ, ਗਿਆਰ੍ਹਾਂ ਅਤੇ ਅੱਠ ਤੋਂ ਘੱਟ ਕੇ ਸੱਤ ਵੀ ਮਿਲਦੀ ਹੈ। ਅਸ਼ਟਪਦੀ ਵਿਚ ਇਨ੍ਹਾਂ ਪਦਿਆਂ ਤੋਂ ਇਲਾਵਾ ਤੁਕਾਂ ਵਿਚ ਵੀ ਭਿੰਨਤਾ ਪਾਈ ਜਾਂਦੀ ਹੈ। ਪਦੇ ਵਿਚ ਚਾਰ ਤੁਕਾਂ ਤੋਂ ਬਿਨਾਂ ਤਿੰਨ, ਦੋ, ਇਕ ਤੁਕ ਵੀ ਦ੍ਰਿਸ਼ਟੀਗੋਚਰ ਹੁੰਦੀ ਹੈ।

**ਪੜਤਾਲ :** ਪੜਤਾਲ ਦੇ ਪਦ ਰਚਨਾ ਹੋਣ ਕਰਕੇ ਧਰੁਪਦ ਸ਼ੈਲੀ ਦੇ ਅੰਗ ਤੋਂ ਗਾਏ ਜਾਣ ਦੀ ਰੀਤ ਹੈ। ਪੜਤਾਲਾਂ ਤੋਂ ਇਹ ਸ਼ੈਲੀ ਸਪੱਸ਼ਟ ਵੀ ਹੋ ਜਾਂਦੀ ਹੈ। ਪੜਤਾਲ ਨੂੰ ਭਿੰਨ ਭਿੰਨ ਤਾਲਾਂ ਵਿਚ ਨਿਬੱਧ ਕਰਕੇ ਗਾਇਆ ਜਾਂਦਾ ਹੈ। ਪੁਰਾਤਨ ਕੀਰਤਨੀਆਂ ਦੇ ਵਿਚਾਰ ਅਨੁਸਾਰ ਇਸ ਨੂੰ ਵੱਖ ਵੱਖ ਪੰਜ ਤਾਲਾਂ ਵਿਚ ਨਿਬੱਧ ਕੀਤਾ ਜਾਣਾ ਚਾਹੀਦਾ ਹੈ। ਕਈ ਕੀਰਤਨੀਆਂ ਵਿਚ ਪ੍ਰਚਲਿਤ ਇਕ ਸ੍ਰੋਤ ਅਨੁਸਾਰ ਇਸਦਾ ਆਰੰਭ ਪੰਜ ਤਾਲ ਦੀ ਸਵਾਰੀ ਤੋਂ ਵੀ ਮੰਨਿਆ ਜਾਂਦਾ ਹੈ। ਇਸ ਵਿਚਾਰ ਨਾਲ ਲਗਪਗ ਸਾਰੇ ਹੀ ਸਹਿਮਤ ਹਨ ਕਿ ਇਸ ਗਾਇਨ ਰੂਪ ਦੇ ਅੰਤਰਗਤ ਤਾਲਾਂ ਦਾ ਪਰਤਾਵ ਅਤੇ ਇਨ੍ਹਾਂ ਦੀ ਗਿਣਤੀ ਪੰਜ ਹੋਣੀ ਚਾਹੀਦੀ ਹੈ। ਪੜਤਾਲ ਦੀ 'ਰਹਾਉ' ਵਾਲੀ ਤੁਕ/ਪੰਕਤੀ ਨੂੰ 'ਸਥਾਈ' ਦੇ ਰੂਪ ਵਿਚ ਕਿਸੇ ਇਕ 'ਤਾਲ' ਵਿਚ ਨਿਬੱਧ ਕਰ ਲਿਆ ਜਾਂਦਾ ਹੈ। ਸਥਾਈ ਦੇ ਗਾਇਨ ਸਮੇਂ ਇਹ ਤਾਲ ਵੀ ਸਥਾਈ ਹੁੰਦਾ ਹੈ। ਭਾਵ ਸਥਾਈ ਸਮੇਂ ਮੂਲ ਆਰੰਭਕ ਤਾਲ ਵਿਚ ਹੀ ਗਾਇਨ ਕੀਤਾ ਜਾਂਦਾ ਹੈ। ਅੰਤਰੇ ਦੀਆਂ ਤੁਕਾਂ ਨੂੰ ਵਿਭਿੰਨ

ਤਾਲਾਂ ਨੂੰ ਗਾਉਣ ਉਪਰੰਤ ਮੁੜ ਸਥਾਈ ਵਾਲੇ ਤਾਲ ਵਲ ਪਰਤਿਆ ਜਾਂਦਾ ਹੈ। ਇਹ ਸਾਰੀ ਪ੍ਰਕ੍ਰਿਆ ਦੌਰਾਨ ਪੜਤਾਲ ਦਾ ਰਾਗ ਇਕੋ ਹੀ ਰਹਿੰਦਾ ਹੈ ਜੋ ਬਾਣੀ ਵਿਚ ਸ਼ਬਦ ਉਪਰ ਗੁਰੂ ਸਾਹਿਬ ਦੁਆਰਾ ਨਿਰਧਾਰਤ ਕੀਤਾ ਹੋਇਆ ਹੈ।

**ਅੰਜੁਲੀ :** ਅੰਜੁਲੀ ਵਿਚ ਅੱਠ ਅੱਠ ਬੰਦ ਹਨ ਅਤੇ ਹਰ ਬੰਦ ਦੀਆਂ ਪਹਿਲੀਆਂ ਦੋ ਤੁਕਾਂ ਛੋਟੀਆਂ ਅਤੇ ਤੀਸਰੀ ਤੁਕ ਲੰਬੀ ਹੈ। ਇਨ੍ਹਾਂ ਵਿਚ ਰਹਾਉ ਦੀ ਤੁਕ ਦਾ ਪਾਲਣ ਨਹੀਂ ਕੀਤਾ ਗਿਆ ਹੈ। ਇਨ੍ਹਾਂ ਰਚਨਾਵਾਂ ਵਿਚ ਬਿਰਖ ਦੇ ਰੂਪ ਤੋਂ ਸੰਸਾਰ ਦੀ ਨਾਸ਼ਮਾਨਤਾ ਦਾ ਵਰਣਨ ਹੈ।

ਮਾਰੂ ਮਹਲਾ ੫ (ਅੰਜੁਲੀਆ)

***"ਬਿਰਖੈ ਹੇਠਿ ਸਭਿ ਜੰਤ ਇਕਠੇ॥ ਇਕਿ ਤਤੇ ਇਕਿ ਬੋਲਨਿ ਮਿਠੇ॥***
***ਅਸਤੁ ਉਦੋਤੁ ਭਇਆ ਉਠਿ ਚਲੇ ਜਿਉ ਜਿਉ ਅਉਧ ਵਿਹਾਣੀਆ॥"***

(ਅੰਗ ੧੦੧੯)

**ਘੋੜੀਆਂ :** ਘੋੜੀਆਂ ਪੰਜਾਬ ਦਾ ਲੋਕ ਪ੍ਰਿਯ ਕਾਵਿ ਰੂਪ ਹੈ। ਵਿਆਹ ਦੇ ਮੌਕੇ 'ਤੇ ਲਾੜੇ ਦੇ ਘੋੜੀ ਚੜ੍ਹਨ ਵੇਲੇ ਭੈਣਾਂ ਆਪਣੇ ਵੀਰ ਦਾ ਸਗਨ ਮਨਾਉਣ ਲਈ ਇਸ ਪ੍ਰਕਾਰ ਦਾ ਗੀਤ ਗਾਉਂਦੀਆਂ ਹਨ, ਘੋੜੀ ਲਮਕਾ ਸਹਿਤ ਗਾਇਨ ਕੀਤਾ ਜਾਂਦਾ ਹੈ। ਗੁਰਬਾਣੀ ਅਧੀਨ ਘੋੜੀਆਂ ਬਾਣੀ ਵਿਚ ਪਰਮਾਤਮਾ ਦਾ ਨਾਮ ਸਿਮਰਨ ਕਰਕੇ ਪ੍ਰਭੂ ਦੇ ਮਿਲਾਪ ਦੇ ਸਾਧਨਾਂ ਦਾ ਵਰਣਨ ਹੈ ਅਤੇ ਇਹਨਾਂ ਵਿਚ ਗੁਰਮਤਿ ਸੰਗੀਤ ਪ੍ਰਬੰਧ ਨੂੰ ਧਿਆਨ ਵਿਚ ਰਖਦੇ ਹੋਏ ਸ਼ਾਸਤਰੀ ਸੰਗੀਤਕ ਸੰਕੇਤ ਰਾਗ, ਰਹਾਉ ਅਤੇ ਅੰਕਾਂ ਦਾ ਪ੍ਰਯੋਗ ਕੀਤਾ ਹੈ। ਇਹ ਘੋੜੀਆਂ ਸਥਾਈ, ਅੰਤਰੇ ਵਿਚ ਵਿਭਾਜਿਤ ਹੋਣ ਕਾਰਣ ਇਨ੍ਹਾਂ ਨੂੰ ਲੋਕ-ਸੰਗੀਤ ਦੀ ਤਰ੍ਹਾਂ ਕ੍ਰਮਵਾਰ ਗਾਇਨ ਕਰਨ ਦੀ ਬਜਾਏ ਅੰਤਰਿਆਂ ਸਹਿਤ ਗਾਇਨ ਕਰਨ ਦੀ ਪਰੰਪਰਾ ਹੈ।

**ਰਹਾਉ :** 'ਰਹਾਉ' ਦੀ ਤੁਕ ਵਿਚ ਸ਼ਬਦ ਰਚਨਾ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਜਿਸਨੇ ਕੇਂਦਰਕਾਰੀ ਸੰਚਾਲਕ ਸ਼ਕਤੀ ਵਜੋਂ ਕਾਰਜਸ਼ੀਲ ਹੋਣਾ ਹੁੰਦਾ ਹੈ। 'ਰਹਾਉ' ਦੇ ਸ਼ਾਬਦਕ ਅਰਥ ਰਹਿਣ ਦੀ ਕਿਰਿਆ ਜਾਂ ਇਕ ਥਾਂ ਠਹਿਰ ਜਾਣ ਦਾ ਕੰਮ, ਵਿਸ਼ਰਾਮ ਅਥਵਾ ਸਥਿਤ ਹੀ ਹਨ। ਮੱਧਕਾਲ ਵਿਚ ਭਾਰਤੀ ਸੰਗੀਤ ਵਿਚ ਪ੍ਰਚੱਲਿਤ ਪ੍ਰਬੰਧ ਅਤੇ ਧਰੁਪਦ ਗਾਇਨ ਸ਼ੈਲੀ ਦਾ ਇਕ ਧਾਤੂ 'ਧਰੁਵ' ਹੈ, ਜਿਸਨੂੰ 'ਅਚਲ' ਜਾਂ 'ਚਿਰਸਥਾਈ' ਕਿਹਾ ਗਿਆ ਹੈ। ਬਾਣੀ ਦੇ ਸੰਦਰਭ ਵਿਚ 'ਰਹਾਉ' ਤੋਂ ਭਾਵ ਟੇਕ ਜਾਂ ਸਥਾਈ ਤੋਂ ਹੈ।

**ਘਰੁ :** ਗੁਰਬਾਣੀ ਅੰਦਰ ਰਾਗ ਤੋਂ ਬਾਅਦ ਅਗਲਾ ਮਹੱਤਵਪੂਰਨ ਸੰਕੇਤ ਘਰ ਦਾ ਹੈ। ਘਰੁ ਸ਼ਬਦ ਗੁਰਬਾਣੀ ਦੇ ਸਿਰਲੇਖ ਵਿੱਚ ਜਾਂ ਸਿਰਲੇਖ ਹੇਠ ਲਿਖਿਆ ਮਿਲਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਘਰੁ' ਦੀ ਗਿਣਤੀ ਤੇ ਘਰੁ ਦੇ ਸੰਬੰਧ ਵਿਚ ਵਿਦਵਾਨਾਂ ਦੇ ਵੱਖ ਵੱਖ ਵਿਚਾਰ ਹਨ। ਪ੍ਰਸਿੱਧ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਘਰੁ ਸਬੰਧੀ ਲਿਖਦੇ ਹਨ ਕਿ ਘਰੁ ਦੇ ਦੋ ਅਰਥ ਹਨ— ਇਕ ਤਾਲ, ਦੂਜਾ ਸਵਰ ਅਤੇ ਮੂਰਛਨਾ ਦੇ ਭੇਦ ਕਰਕੇ ਇਕ ਹੀ ਰਾਗ ਦੇ ਸਰਗਮ ਪ੍ਰਸਤਾਰ ਅਨੁਸਾਰ ਗਾਇਨ ਦੇ ਪ੍ਰਕਾਰ ਹਨ।

ਭਾਈ ਵੀਰ ਸਿੰਘ ਜੀ ਅਨੁਸਾਰ ਸਾਜ਼ਾਂ ਵਿਚ ਤਿੰਨ ਗ੍ਰਾਮ ਹੁੰਦੇ ਹਨ। ਗ੍ਰਾਮ ਘਰੁ ਤੋਂ ਬਣਦਾ ਹੈ, ਸੋ ਤਿੰਨ ਗ੍ਰਾਮ ਦੀਆਂ ਸੁਰਾਂ ਦੇ ਟਿਕਾਣੇ ਤੋਂ ਘਰੁ ਹਨ। ਘਰ ਤੋਂ ਭਾਵ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦਾ ਸੰਕੇਤ ਹੈ। ਬਹੁਮਤ ਵਿਦਵਾਨਾਂ ਨੇ ਘਰੁ ਨੂੰ ਤਾਲ ਵਜੋਂ ਸਵੀਕਾਰਿਆ ਹੈ। ਗੁਰੂ ਗ੍ਰੰਥ ਸਾਹਿਬ ਅੰਦਰ ੧੭ ਘਰੁ ਤੱਕ ਹਜ਼ੂਰ ਨੇ ਬਾਣੀ ਉਚਾਰੀ ਹੈ, ਪਰ ਵਰਤਮਾਨ ਸਮੇਂ ਦੇ ਰਾਗੀ ਸਿੰਘਾਂ ਦਾ ਇਹ ਵੀ ਵਿਚਾਰ ਹੈ ਕਿ ਜਿੰਨੇ ਤਾਲ ਵਿਚ ਸ਼ਬਦ ਗਾਇਣ ਕਰੀਦਾ ਹੈ, ਉਹ ਉਨੇ ਘਰੁ ਸਦਾਂਦਾ ਹੈ। ਜਿਸ ਤਰ੍ਹਾਂ ਤਿੰਨ ਤਾਲ ਗਾਇਆ ਤਾਂ ਤੀਸਰੇ ਘਰੁ ਵਿਚ ਗਾਇਆ ਕਹਿ ਸਕਦੇ ਹਾਂ।

**ਅਲਾਹਣੀਆਂ :** ਮ੍ਰਿਤਕ ਪ੍ਰਾਣੀ ਦੇ ਗੁਣ ਚੇਤੇ ਕਰਨ ਲਈ ਜੋ ਸ਼ੋਕ ਦੇ ਗੀਤ ਗਾਏ ਜਾਂਦੇ ਹਨ, ਉਹਨਾਂ ਨੂੰ ਅਲਾਹਣੀ ਕਿਹਾ ਜਾਂਦਾ ਹੈ। ਵਿਦਵਾਨਾਂ ਦੇ ਅਨੁਸਾਰ "ਮੋਏ ਪ੍ਰਾਣੀ ਦਾ ਸਿਆਪਾ ਕਰਨ ਲਈ ਔਰਤਾਂ ਇਕੱਠੀਆਂ ਹੁੰਦੀਆਂ ਹਨ ਤਾਂ ਨਾਇਣ ਜਾਂ ਮਰਾਸਣ ਆਦਿ ਮ੍ਰਿਤੂ ਦਾ ਵਿਰਲਾਪ ਛੇੜਦੀ ਹੈ ਅਤੇ ਕਿਸੇ ਅਲਾਹਣੀ ਦੀ ਤੁਕ ਬੋਲਦੀ ਹੈ, ਬਾਕੀ ਔਰਤਾਂ ਅਲਾਹਣੀ ਦੀ ਤਾਲ ਅਤੇ ਸੁਰ ਵਿਚ ਉਸ ਦੇ ਪਿਛੇ ਗਾਉਂਦੀਆਂ, ਪਿਟਦੀਆਂ ਤੇ ਹਾਲੋਂ ਬੇਹਾਲ ਹੁੰਦੀਆਂ ਹਨ।"

"ਅਲਾਹਣੀਆਂ ਦਾ ਸੰਬੰਧ ਮ੍ਰਿਤਕ ਦੀ ਉਮਰ ਅਤੇ ਰਿਸ਼ਤੇ ਨਾਲ ਹੁੰਦਾ ਹੈ ਤੇ ਸਮੇਂ ਅਨੁਸਾਰ ਨਾਇਣ ਦੀ ਅਗਵਾਈ ਹੇਠ ਗਾਈਆਂ ਜਾਂਦੀਆਂ ਹਨ।"

ਰਾਗ ਵਡਹੰਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਇਸ ਕਾਵਿ ਰੂਪ ਨੂੰ ਬਾਣੀ ਦੇ ਸੰਚਾਰ ਦਾ ਮਾਧਿਅਮ ਬਣਾਇਆ। ਡਾ. ਕੁਲਦੀਪ ਸਿੰਘ ਜੀ ਦਾ ਵਿਚਾਰ ਹੈ ਕਿ ਗੁਰੂ ਕਵੀਆਂ ਨੇ "ਅਲਾਹਣੀ ਦੀ ਖੁਲ੍ਹੀ ਸੰਰਚਨਾ ਨੂੰ ਬੰਦ ਸੰਰਚਨਾ ਵਿਚ ਬਦਲਿਆ। ਚਾਰ ਬੰਦ ਤੇ ਹਰ ਬੰਦ ਦੀਆਂ ਛੇ ਤੁਕਾਂ ਵਾਲਾ ਸੰਗਠਨ ਦੇ ਕੇ ਇਸ ਵਿਚ ਰਤਾ ਲਚਕ ਰੱਖੀ ਕਿ ਆਪਣੀ ਲੋੜ ਅਨੁਸਾਰ ਇਸ ਸੰਗਠਨ ਵਿਚ ਰਤਾ ਮਾਸਾ ਖੁਲ੍ਹ ਲਈ ਜਾ ਸਕੇ। ਅਲਾਹਣੀ ਦੀ ਪਹਿਲੀ ਤੇ ਅੰਤਿਮ ਤੁਕ ਨੂੰ ਦੁਹਰਾਅ ਕੇ ਉਨ੍ਹਾਂ ਇਸ ਕਾਵਿ ਰੂਪ ਦੀ ਲੋਕਾਂ ਨਾਲ ਮੂਲ ਸਾਂਝ ਨੂੰ ਕਾਇਕ ਰੱਖਿਆ।"

ਕ੍ਰਿਪਾਲੂ ਗੁਰੂ ਜੀ ਨੇ ਗੁਰਬਾਣੀ ਵਿਚ ਇਸ ਕਾਵਿ-ਰੂਪ ਰਾਹੀਂ ਮਨੁੱਖ ਨੂੰ ਮੌਤ ਦੇ ਡਰ ਤੋਂ ਦੂਰ ਰਹਿਣ ਦੀ ਪ੍ਰੇਰਣਾ ਕੀਤੀ ਹੈ ਤਾਂ ਕਿ ਨਿਰਾਸ਼ਾਜਨਕ ਸਥਿਤੀ ਨੂੰ ਪੈਦਾ ਹੋਣ ਤੋਂ ਰੋਕਿਆ ਜਾ ਸਕੇ :

***"ਏਵੈ ਧੰਧਾ ਕੂੜਾ ਚਾਰਿ ਦਿਹਾ ਆਗੈ ਸਰਪਰ ਜਾਣਾ ॥"***

(ਅੰਗ ੫੭੯)

ਨੋਟ :-ਹੋਰ ਵਿਸਥਾਰ ਇਸੇ ਪੋਥੀ ਅੰਦਰ ਸ੍ਰੀ ਮੁਖਵਾਕ ਨੰਬਰ ੩੭ 'ਤੇ ਪੜ੍ਹੋ ਜੀ।

## ਮਹਲਾ ਸ਼ਬਦ ਦਾ ਸ਼ੁੱਧ ਉਚਾਰਨ

ਗੁਰਬਾਣੀ ਦੇ ਪਾਠ ਦੀ ਤੇ ਅਰਥਾਂ ਦੀ ਸੰਥਿਆ ਦੇਣ ਵਾਲੀਆਂ ਸਾਰੀਆਂ ਸੰਪ੍ਰਦਾਈ ਟਕਸਾਲਾਂ ਜਿਸ ਤਰ੍ਹਾਂ ਸ੍ਰੀ ਅੰਮ੍ਰਿਤਸਰ ਵਿਖੇ ਗਲੀ ਸਤੋਵਾਲੀ ਟਕਸਾਲ ਅਤੇ ਗੁਰੂ ਕਾਸ਼ੀ ਤਖ਼ਤ ਸ੍ਰੀ ਦਮਦਮਾ ਸਾਹਿਬ

ਸਾਬੋ ਕੀ ਤਲਵੰਡੀ ਮਸਤੂਆਣਾ ਟਕਸਾਲ, ਦਮਦਮੀ ਟਕਸਾਲ ਜੋ ਭਿੰਡਰਾਂ ਵਾਲਿਆਂ ਗਿਆਨੀਆਂ ਦੀ ਪ੍ਰਸਿੱਧ ਟਕਸਾਲ ਹੈ, ਨਿਰਮਲ ਭੇਖ ਤੇ ਰਾੜਾ ਸੰਪ੍ਰਦਾ ਤੇ ਹੋਰ ਪੁਰਾਤਨ ਗਿਆਨੀ ਟਕਸਾਲਾਂ ਦੇ ਵਿਦਵਾਨ ਵੀ "ਮਹਲਾ" ਸ਼ਬਦ ਦਾ ਉਚਾਰਣ ਮਹੱਲਾ ਹੀ ਕਰਦੇ ਤੇ ਵਿਦਿਆਰਥੀਆਂ ਨੂੰ ਪੜ੍ਹਾਂਦੇ ਰਹੇ ਹਨ ਤੇ ਵਰਤਮਾਨ ਸਮੇਂ ਵਿਚ ਮਹੱਲਾ ਉਚਾਰਨ ਹੀ ਸਿਖਾਲ ਰਹੇ ਹਨ। ਇਹ ਪਰੰਪਰਾ ਆਦਿ ਗੁਰੂ, ਪਹਿਲੇ ਸਤਿਗੁਰੂ ਸਾਹਿਬ ਜੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਹੁਣ ਤੱਕ ਦੀਆਂ ਸਾਰੀਆਂ ਸਿੱਖ ਸੰਪ੍ਰਦਾਵਾਂ, ਜਿਸ ਤਰ੍ਹਾਂ ਦਮਦਮੀ ਟਕਸਾਲ ਤੇ ਉਦਾਸੀ ਨਿਰਮਲੇ, ਨਿਹੰਗ ਸਿੰਘ, ਸੇਵਾ ਪੰਥੀ, ਆਦਿ ਦੇ ਸਾਰੇ ਵਿਦਵਾਨ ਮਹੱਲਾ ਉਚਾਰਨ ਦੇ ਹੱਕ ਵਿਚ ਹੀ ਹਨ ਤੇ ਐਸਾ ਉਚਾਰਣ ਪਰੰਪਰਾ ਤੋਂ ਹੀ ਚਲਿਆ ਆ ਰਿਹਾ ਹੈ।

ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸਾਰੇ ਤਖ਼ਤ ਸਾਹਿਬਾਨ, ਇਤਿਹਾਸਕ ਗੁਰਦੁਆਰੇ ਤੇ ਲੋਕਲ ਪਿੰਡਾਂ ਦੇ ਗੁਰਦੁਆਰੇ ਆਦਿ ਸਭ ਥਾਵੇਂ ਮਹਲਾ ਸ਼ਬਦ ਦਾ ਉਚਾਰਨ ਮਹੱਲਾ ਹੀ ਹੁੰਦਾ ਰਿਹਾ ਹੈ ਤੇ ਹੁਣ ਹੋ ਰਿਹਾ ਹੈ।

## ਮਹਲਾ ਸ਼ਬਦ ਦੇ ਅਰਥ—

ਅਰਬੀ ਦੇ ਵਿਦਵਾਨਾਂ ਦੀ ਰਾਇ ਹੈ ਕਿ ਅਰਬੀ ਭਾਸ਼ਾ ਦੇ ਹਰੇਕ ਪੱਦ ਵਿਚ ਉਸ ਦੀ ਧਾਤੂ ਦਾ ਉਚਾਰਣ ਤੇ ਅਰਥ ਨਹੀਂ ਬਦਲਦੇ, ਇਸ ਕਰਕੇ ਮਹੱਲਾ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਹਲੂਲ (ਉਤਰਨ) ਦੀ ਥਾਂ। (ਦੇਖੋ ਮਹਾਨ ਕੋਸ਼ ਪੰਨਾ ੨੭੮੫) ਇਸ ਦੀ ਧਾਤੂ ਹੱਲ ਹੈ ਜਿਸ ਤੋਂ ਅਰਬੀ ਦੇ ਸ਼ਬਦ ਮਹੱਲ, ਮਹੱਲਾ ਤੇ ਮਹੱਲ ਆਦਿ ਬਣੇ ਹਨ। ਗੁਰਬਾਣੀ ਵਿਚ ਆਏ ਇਸ ਮਹਲਾ ਸ਼ਬਦ ਦਾ ਉਚਾਰਣ ਚਾਹੇ ਅਖਰ ਉਪਰ ਅਧਿਕ ਸਹਿਤ "ਮਹੱਲਾ" ਹੈ। ਇਹ ਇਸ ਲਈ ਕਿ ਇਸ ਮਹਲਾ ਪਦ ਦੀ ਧਾਤੂ ਹੱਲ ਹੈ ਜੋ ਚਾਹੇ ਅੱਖਰ ਤੇ ਅਧਿਕ ਨਾਲ ਹੈ। ਦਬਸਤਾਨੇ ਮਜ਼ਾਹਿਬ ਸਫਾ-੨੨੫। ਮਹਲਾ=ਇਹ ਪਦ ਅਰਬੀ ਮੂਲਕ ਹੈ। ਇਕ ਗੁਰੂ ਦੂਜੇ ਵਿਚ ਹਲੂਲ ਕਰਦਾ ਉਤਰਦਾ ਹੈ। ਅਰਬੀ ਵਿਚ 'ਮਹੱਲੇ' ਪਦ ਦਾ ਅਰਥ ਹੈ—ਉਤਰਨੇ ਦੇ ਬਹੁਤ ਥਾਉਂ। ਇਸ ਪਦ ਦਾ ਅਰਬੀ ਧਾਤੂ ਹੈ ਹੱਲ=ਉਤਰਨਾ। ਇਸ ਤੋਂ ਬਣੇ ਪਦ ਮਹਲ ਤੇ ਮਹਲਾ ਦਾ ਉਚਾਰਨ ਹੈ ਅਧਕ ਵਾਲਾ, ਅਰਥਾਤ ਮਹੱਲੇ ਤੇ ਮਹੱਲਾ। ਇਸ ਕਰਕੇ ਗੁਰੂ ਕਾਲ ਤੋਂ ਲੈ ਕੇ ਹੁਣ ਤੱਕ ਮਹਲਾ ਸ਼ਬਦ ਦਾ ਸ਼ੁੱਧ ਉਚਾਰਨ ਉਪਰ ਅਧਿਕ ਸਹਿਤ ਮਹੱਲਾ ਹੀ ਸਹੀ ਸਮਝਿਆ ਜਾਂਦਾ ਰਿਹਾ ਹੈ ਤੇ ਹੁਣ ਵੀ ਆਮ ਕਰਕੇ ਇਹੋ ਉਚਾਰਣ ਪ੍ਰਚਲਤ ਹੈ ਤੇ ਅਗੋਂ ਨੂੰ ਵੀ ਇਹੋ ਉਚਾਰਣ ਸ਼ੁੱਧ ਸਮਝ ਕੇ ਪ੍ਰਚਾਰਣਾ ਚਾਹੀਦਾ ਹੈ। ਗੁਰਬਾਣੀ ਵਿਚ ਆਏ ਮਹਲਾ ਸ਼ਬਦਾਂ ਦਾ ਅਰਥ ਹੈ ਉਸ ਪ੍ਰਾਣੀ ਦੇ ਉਤਰਨ ਦੀ ਥਾਂ ਭਾਵ ਗੁਰੂ ਦਾ ਸਰੀਰ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਗੁਰੂ ਸਾਹਿਬਾਨ ਲਈ ਵਰਤਿਆ ਇਹ ਸੰਕੇਤਕ ਸ਼ਬਦ ਮਹਲਾ ਜੋ ਗੁਰਬਾਣੀ ਦੇ ਹਰ ਸ਼ਬਦ ਦੇ ਮੁੱਢ ਵਿਚ ਸਿਰਲੇਖ ਵਜੋਂ ਆਇਆ ਹੈ, ਇਕ ਵਚਨ ਪੁਲਿੰਗ ਨਾਂਵ ਹੈ, ਜਿਸ ਦੀ ਪੁਸ਼ਟੀ ਲਈ ਗੁਰਬਾਣੀ ਵਿਚ ਕਈ ਥਾਵੇਂ ਇਸ ਦਾ ਸਬੰਧ ਸੰਖਿਅਕ ਵਿਸ਼ੇਸ਼ਣ ਵੀ ਪੁਲਿੰਗ ਰੂਪ ਵਿਚ ਅੰਕਾਂ ਤੋਂ ਛੁੱਟ ਸ਼ਬਦਾਂ ਵਿਚ ਵੀ ਅੰਕਤ ਮਿਲਦਾ

ਹੈ, ਜਿਵੇਂ ਸਿਰੀਰਾਗੁ ਮਹਲਾ ਪਹਿਲਾ ਹੈ। (ਅੰਗ ੧੪) ਅਤੇ ਇਸ ਸਬੰਧ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਕੁਝ ਤੁਕਾਂ ਤੇ ਉਨ੍ਹਾਂ ਦੇ ਅਰਥ ਦੇ ਰਹੇ ਹਾਂ ਜਿਨ੍ਹਾਂ ਵਿਚ ਮਹੱਲਾ ਸ਼ਬਦ ਹੀ ਆਇਆ ਹੈ।

***"ਗੜ ਮੰਦਰ ਮਹਲਾ ਕਹਾ ਜਿਉ ਬਾਜੀ ਦੀਬਾਣੁ॥"***

(ਅੰਗ ੯੩੬)

ਅਰਥ :-ਕਿਲ੍ਹੇ, ਪੱਕੇ ਘਰ, ਮਹੱਲ ਮਾੜੀਆਂ (ਤੇ ਹਕੂਮਤ ਸਭ ਸਾਥ ਛੱਡ ਗਏ) ਇਹ ਤਾਂ (ਮਦਾਰੀ ਦੀ) ਖੇਡ ਹੀ ਸਨ।

***"ਦਰ ਘਰ ਮਹਲਾ ਸੇਜ ਸੁਖਾਲੀ॥"***

(ਅੰਗ ੨੨੫)

ਅਰਥ :-ਜੇ ਮੇਰੇ ਪਾਸ ਵਸਣ ਲਈ ਮਹੱਲ ਮਾੜੀਆਂ ਹੋਣ, ਸੁਖ ਦੇਣ ਵਾਲਾ ਮੇਰਾ ਪਲੰਘ ਹੋਵੇ।

***"ਦਰ ਘਰ ਮਹਲਾ ਹਸਤੀ ਘੋੜੇ ਛੋਡਿ ਵਿਲਾਇਤਿ ਦੇਸ ਗਏ॥"***

(ਅੰਗ ੩੫੮)

ਅਰਥ :-ਤੇਰੇ ਦਰਸ਼ਨ ਕਰਨ ਵਾਸਤੇ ਹੀ ਰਾਜ ਮਿਲਖ ਦੇ ਮਾਲਕ ਆਪਣੇ ਮਹੱਲ ਮਾੜੀਆਂ, ਆਪਣੇ ਘਰ ਬੂਹੇ, ਹਾਥੀ ਘੋੜੇ, ਆਪਣੇ ਦੇਸ਼ ਵਤਨ ਛੱਡ ਕੇ ਜੰਗਲੀਂ ਚਲੇ ਗਏ।

***"ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ॥"***

(ਅੰਗ ੬੩)

ਅਰਥ :-ਸੋਹਣੇ ਦਰਵਾਜ਼ਿਆਂ ਵਾਲੇ ਸੋਹਣੇ ਘਰ, ਮਹੱਲ ਤੇ ਹਜ਼ਾਰਾਂ ਪੱਕੇ ਕਿਲ੍ਹੇ।

***"ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥"***

(ਅੰਗ ੪੧੭)

ਅਰਥ :-ਜਿਹੜੀਆਂ ਪਹਿਲਾਂ ਆਪਣੇ ਮਹੱਲਾਂ ਵਿਚ ਵਸਦੀਆਂ ਸਨ, ਹੁਣ ਉਨ੍ਹਾਂ ਨੂੰ ਉਹਨਾਂ ਮਹੱਲਾਂ ਦੇ ਕਿਤੇ ਨੇੜੇ ਵੀ ਢੁੱਕਣ ਨਹੀਂ ਦਿੱਤਾ ਜਾਂਦਾ।

***"ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ॥"***

(ਅੰਗ ੪੧੭)

ਅਰਥ :-ਕਿੱਥੇ ਹਨ ਉਹ ਸੋਹਣੇ ਘਰ, ਮਹੱਲ ਮਾੜੀਆਂ ਤੇ ਸੋਹਣੀਆਂ ਸਰਾਵਾਂ।

ਗੁਰਬਾਣੀ ਅੰਦਰ ਆਏ 'ਮਹਲਾ' ਸ਼ਬਦ ਦਾ ਸ਼ੁੱਧ ਉਚਾਰਨ ਕਰਨ ਲਗਿਆਂ ਅਧਿਕ ਦੀ ਵਰਤੋਂ ਕਰਨੀ ਪੈਂਦੀ ਹੈ।

ਅਧਿਕ ਚੂੰਕਿ ਦੀਰਘ ਮਾਤ੍ਰਾ ਹੈ, ਇਸ ਲਈ ਇਸ ਦੇ ਉਚਾਰਨ ਲਈ ਉਚੇਚ ਕਰਨੀ ਹੀ ਪਏਗੀ।

ਇਹ ਗੱਲ ਤਾਂ ਠੀਕ ਹੈ ਕਿ ਗੁਰਬਾਣੀ ਵਿਚ ਸਤਿਗੁਰਾਂ ਨੇ ਅਧਿਕ ਦੇ ਚਿੰਨ੍ਹ ( ) ਨਹੀਂ ਲਾਏ, ਪਰ ਕੁਝ ਪਦਾਂ ਉਪਰ ਅੱਧਕ ਦਾ ਉਚਾਰਨ ਲਾਜ਼ਮੀ ਕਰਨਾ ਪੈਂਦਾ ਹੈ। ਗੁਰਬਾਣੀ ਅੰਦਰ ਸੈਂਕੜੇ ਸ਼ਬਦ ਐਸੇ ਹਨ ਜਿਨ੍ਹਾਂ ਉਪਰ ਅਧਿਕ ਦੀ ਵਰਤੋਂ ਉਚੇਚੇ ਤੌਰ 'ਤੇ ਕੀਤੀ ਜਾਂਦੀ ਹੈ। ਅਧਿਕ ਦਾ ਉਚਾਰਨ ਨ ਕਰਨ ਦੀ ਸੂਰਤ ਵਿਚ ਅਰਥ ਦਾ ਅਨਰਥ ਹੋ ਜਾਂਦਾ ਹੈ। ਉਹ ਕੁਝ ਕੁ ਪਦ ਇਹ ਹਨ :-

| ਪਦ | ਸ਼ੁੱਧ ਉਚਾਰਨ | ਪਦ | ਸ਼ੁੱਧ ਉਚਾਰਨ |
|---|---|---|---|
| ਅਕਥ | ਅਕੱਥ | ਅਥਕ | ਅਥੱਕ |
| ਅਖਰ | ਅੱਖਰ | ਅਧ | ਅੱਧ |
| ਅਖੜੀਆਂ | ਅੱਖੜੀਆਂ | ਅਨਰੁਪ | ਅਨਰੁੱਪ |
| ਅਗਥ | ਅਗੱਥ | ਅਪਰਸ | ਅਪੱਰਸ |
| ਅਠ | ਅੱਠ | ਇਖ | ਇੱਖ |
| ਅਚਲ | ਅਚੱਲ | ਇਛਾ | ਇੱਛਾ |
| ਅਠਤਰੇ | ਅਠੱਤਰੇ | ਇਠੜੇ | ਇੱਠੜੇ |
| ਅਠੇ | ਅੱਠੇ | ਸਚ | ਸੱਚ |
| ਅਤੁਟ | ਅਤੁੱਟ | ਸਮਰਥ | ਸਮਰੱਥ |
| ਅਤੁਲ | ਅਤੁੱਲ | ਸਵਦ | ਸਵੱਦ |

ਇਹ ਉਪਰੋਕਤ ਪਦ ਨਮੂਨੇ ਵਜੋਂ ਹੀ ਲਿਖੇ ਹਨ, ਨਹੀਂ ਤਾਂ ਗੁਰਬਾਣੀ ਵਿਚੋਂ ਸੈਂਕੜੇ ਅਜਿਹੇ ਸ਼ਬਦ ਇਕੱਠੇ ਕੀਤੇ ਜਾ ਸਕਦੇ ਹਨ। ਵਿਸਥਾਰ ਦੇ ਡਰ ਤੋਂ ਬਹੁਤੇ ਪਦ ਨਹੀਂ ਲਿਖੇ।

ਸ੍ਰ: ਸ਼ਮਸ਼ੇਰ ਸਿੰਘ ਜੀ ਨੇ ਵੀ 'ਮਹੱਲਾ' ਅਧਿਕ ਸਹਿਤ ਉਚਾਰਨ ਕਰਨਾ ਸ਼ੁੱਧ ਦਰਸਾਇਆ ਹੈ। ਉਹ ਜ਼ਿਕਰ ਕਰਦੇ ਹਨ ਕਿ ਸ੍ਰੀ ਆਦਿ ਗ੍ਰੰਥ ਜੀ ਸਭ ਤੋਂ ਪਹਿਲੀ ਕਰਤਾਰਪੁਰੀ ਬੀੜ (੯੩੧/੧) ਪਰ ਫ਼ਾਰਸੀ ਅੱਖਰਾਂ ਵਿਚ ਪ੍ਰਾਣ ਸੰਗਲੀ ਮਹਲਾ ੧ ਲਿਖਿਆ ਹੋਇਆ ਹੈ। ਇਸ ਗੱਲ ਦੀ ਸਾਖ ਭਰਦਾ ਹੈ ਕਿ ਇਹ ਸ਼ਬਦ 'ਮਹੱਲਾ' ਮਹਿਲਾ ਜਾਂ ਮੇਹਲਾ ਨਹੀਂ, ਇਸ ਲਈ ਅਸ਼ੋਕ ਜੀ ਨੇ ਮਹੱਲਾ ਹੀ ਸ਼ੁੱਧ ਉਚਾਰਨ ਦਸਿਆ ਹੈ ਅਤੇ ਮਹਲਾ ਪਦ ਦੇ ਉਚਾਰਨ ਸਬੰਧੀ ਇਕ ਹੋਰ ਨੁਕਤਾ ਵੀ ਧਿਆਨ ਗੋਚਰੇ ਕਰਨ ਵਾਲਾ ਹੈ। ਉਹ ਇਸ ਪ੍ਰਕਾਰ ਹੈ ਕਿ ਸ੍ਰੀ ਰਾਗੁ ਦੇ ਪਹਿਲੇ ਸ਼ਬਦ ਦੇ ਮੁੱਖ ਜੋ ਸ੍ਰੀ ਰਾਗੁ ਮਹਲਾ ਪਹਿਲਾ ੧ ਲਿਖਿਆ ਹੋਇਆ ਹੈ, ਉਥੇ ਪਹਿਲਾ ਪਦ ਨੂੰ ਸਿਹਾਰੀ ਲਗੀ ਹੋਈ ਹੈ ਪਰ ਮਹਲਾ ਪਦ ਦਾ ਹ ਮੁਕਤਾ ਹੈ। ਜੇ ਮਹਲਾ ਪਦ ਦਾ ਉਚਾਰਨ ਮਹਿਲਾ ਹੁੰਦਾ ਤਾਂ ਮਹਲਾ ਪਦ ਦੇ 'ਹ' ਨੂੰ ਵੀ ਸਿਹਾਰੀ ਲੱਗੀ ਹੁੰਦੀ। ਪਰ ਮਹਲਾ ਪਦ ਦਾ 'ਹ' ਮੁਕਤਾ ਹੈ। ਇਸ ਲਈ ਇਸਦਾ ਮਹੱਲਾ ਉਚਾਰਨ ਕਰਨਾ ਹੀ ਸਹੀ ਹੈ। ਜਿਵੇਂ ਮਹਤ ਤੇ ਬਹਤਰ ਪਦਾਂ ਦੇ ਹਾਹੇ ਮੁਕਤੇ ਹਨ ਤੇ ਉਨ੍ਹਾਂ ਦੇ ਹਾਹੇ ਅਖਰ ਉਪਰ ਅਧਿਕ ਉਚਾਰਨ ਕੀਤਾ ਜਾਂਦਾ ਹੈ।

ਇਸ ਲਈ ਉਪਰੋਕਤ ਵਿਚਾਰ ਅਨੁਸਾਰ ਗੁਰਬਾਣੀ ਅੰਦਰ ਆਏ 'ਮਹਲਾ' ਸ਼ਬਦ ਦਾ ਸ਼ੁੱਧ ਉਚਾਰਨ 'ਮਹੱਲਾ' ਹੀ ਬਣਦਾ ਹੈ ਅਤੇ ਇਸ ਸਬੰਧ ਵਿਚ ਸੰਨ ੧੯੮੦ ਵਿਚ ਉਸ ਸਮੇਂ ਦੇ ਮੌਜੂਦਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਤੇ ਸਿੰਘ ਸਾਹਿਬਾਨਾਂ ਦੇ ਹੁਕਮ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕ ਮੈਨੇਜਰਾਂ ਨੂੰ ਚਿੱਠੀ ਕੱਢ ਕੇ ਮਹੱਲਾ ਸ਼ਬਦ ਉਚਾਰਨ ਦੀ ਸਬੰਧਤਾਂ ਨੂੰ ਹਦਾਇਤ ਕਰਨ ਲਈ ਕਿਹਾ। ਚਿਠੀ ਅੱਗੇ ਜਿਉਂ ਦੀ ਤਿਉਂ ਦੇ ਰਹੇ ਹਾਂ ਧੰਨਵਾਦ ਸਹਿਤ ਦ੍ਰਿਸ਼ਟੀ ਗੋਚਰ ਕਰਨ ਲਈ।

ਦਫ਼ਤਰ ਸ਼੍ਰੋਮਣੀ ਗੁ: ਪ੍ਰ: ਕਮੇਟੀ ਦੀ ਪਤ੍ਰਿਕਾ ਨੰਬਰ ੨੪੭੮/੮-੩
ਮਿਤੀ ੧੯-੭-੮੦ ਦਾ ਉਤਾਰਾ:-
ਸਮੂਹ ਮੈਨੇਜਰ ਸਾਹਿਬਾਨ,
ਗੁ: ਸਾਹਿਬਾਨ ਸੈਕਸ਼ਨ ੮੫,

ਪ੍ਰਯੋਜਨ :-ਗੁਰਬਾਣੀ ਮਹੱਲਾ ਪੱਦ ਦਾ ਉਚਾਰਨ

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ, ਸਿੰਘ ਸਾਹਿਬ ਗਿਆਨੀ ਗੁਰਦਿਆਲ ਸਿੰਘ 'ਅਜਨੋਹਾ' ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ ਤੇ ਸਿੰਘ ਸਾਹਿਬ ਗਿਆਨੀ ਮਨੀ ਸਿੰਘ ਜੀ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਵਲੋਂ ਰਿਪੋਰਟ ਪੁੱਜੀ ਹੈ ਕਿ ਕਈ ਗ੍ਰੰਥੀ ਸਿੰਘ ਜਾਂ ਪਾਠੀ ਸਿੰਘ ਗੁਰਬਾਣੀ ਵਿਚ ਗੁਰੂ ਸਾਹਿਬਾਨਾਂ ਲਈ ਵਰਤਿਆ ਮਹੱਲਾ ਪਦ ਦੀ ਥਾਂ ਮਹਿਲਾ ਪਦ ਦਾ ਉਚਾਰਨ ਕਰਦੇ ਹਨ, ਜੋ ਸ਼ੁੱਧ ਨਹੀਂ ਹੈ। ਪੁਰਾਤਨ ਸਮੇਂ ਤੋਂ ਹੀ ਸ੍ਰੀ ਹਰਿਮੰਦਰ ਸਾਹਿਬ, ਸਮੂਹ ਤਖ਼ਤ ਸਾਹਿਬਾਨ, ਇਤਿਹਾਸਕ ਗੁਰਦੁਆਰਾ ਸਾਹਿਬਾਨ ਅਥਵਾ ਸਿੱਖ ਸੰਪਰਦਾਵਾਂ ਦੇ ਅਸਥਾਨਾਂ ਵਿਚ ਮਹੱਲਾ ਉਚਾਰਨ ਦੀ ਪਰੰਪਰਾ ਚਲੀ ਆ ਰਹੀ ਹੈ। ਇਸ ਲਈ ਪਰਧਾਨ ਸਾਹਿਬ ਨੇ ਲਿਖਣੇ ਦੀ ਆਗਿਆ ਕੀਤੀ ਹੈ ਕਿ ਸਿੰਘ ਸਾਹਿਬਾਨ ਦੇ ਵਿਚਾਰ ਅਨੁਸਾਰ ਮਹੱਲਾ ਉਚਾਰਨ ਹੀ ਰਹਿਣਾ ਚਾਹੀਦਾ ਹੈ। ਸੋ ਆਪਨੇ ਸਮੂਹ ਗ੍ਰੰਥੀ ਸਿੰਘ/ਪਾਠੀ ਸਿੰਘ ਨੂੰ ਹਦਾਇਤ ਕਰਨ ਦੀ ਖੇਚਲ ਕਰਨੀ ਕਿ ਗੁਰਬਾਣੀ ਦਾ ਵਾਕ ਲੈਣ ਤੇ ਪਾਠ ਕਰਨ ਸਮੇਂ ਮਹੱਲਾ ਉਚਾਰਨ ਕਰਿਆ ਕਰਨ।

ਸਹੀ/- ਸਕੱਤਰ,

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਨੰਬਰ ਮਿਤੀ-੨੧-੮-੮੦

ਉਤਾਰਾ :-ਸਮੂਹ ਗ੍ਰੰਥੀ ਸਿੰਘਾਂ ਪਾਸ ਤੁਰੰਤ ਅਮਲ ਕਰਨ ਹਿਤ।

ਮੈਨੇਜਰ,
ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ।

ਸੋ ਇਸ ਸਮੇਂ ਵੀ ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਸਾਰੇ ਸਿੰਘ ਸਾਹਿਬਾਨ 'ਮਹਲਾ' ਸ਼ਬਦ ਦਾ ਉਚਾਰਨ ਮਹੱਲਾ ਹੀ ਕਰਦੇ ਹਨ।

੧. ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ, ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

੨. ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ।

੩. ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ, ਐਡੀਸ਼ਨਲ ਹੈੱਡ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

੪. ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

੫. ਸਿੰਘ ਸਾਹਿਬ ਦਾਸ ਮੱਲ ਸਿੰਘ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

੬. ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

੭. ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ, ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ।

ਇਸ ਮੌਜੂਦਾ ਸਮੇਂ ਸਾਰੇ ਸਿੰਘ ਸਾਹਿਬਾਨ ਹੁਕਮਨਾਮਾ ਲੈਣ ਸਮੇਂ ਮਹੱਲਾ ਸ਼ਬਦ ਹੀ ਉਚਾਰਨ ਕਰਦੇ ਹਨ।

## ਹੁਕਮਨਾਮਾ ਲੈਣ ਸਮੇਂ ਮੰਗਲ :-

*੧. ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥ ੧੦॥*

(ਸਵਈਏ ਮਹਲੇ ਦੂਜੇ ਕੇ, ਅੰਗ ੧੩੯੨)

*੨. ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ॥*
*ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ॥*

(ਰਾਮਕਲੀ ਵਾਰ, ਅੰਗ ੯੬੭)

*੩. ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੈ ਸਾਹੁ॥*
*ਜਿਸੁ ਪਾਸਿ ਬਹਿਠਿਆ ਸੋਹੀਐ ਸਭਨਾ ਦਾ ਵੇਸਾਹੁ॥ ੨੨॥*

(ਸਲੋਕ ਵਾਰਾਂ ਤੇ ਵਧੀਕ, ਮ: ੫, ਅੰਗ ੧੪੨੬)

*ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥*
*ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥*
*ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥*

*ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥*
*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ ਇਕ ਵਸਤੁ ਅਨੂਪ ਦਿਖਾਈ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥ ੪॥ ੧॥ ੮॥*

(ਅੰਗ ੪੪੨)

*੬. ਆਸ ਪਿਆਸੀ ਪਿਰ ਕੈ ਤਾਈ ਜਿਉ ਚਾਤ੍ਰਿਕੁ ਬੂੰਦੇਰੇ॥*
*ਕਹੁ ਨਾਨਕ ਜੀਅੜਾ ਬਲਿਹਾਰੀ ਦੇਹੁ ਦਰਸੁ ਪ੍ਰਭ ਮੇਰੇ॥ ੨॥*

(ਤੁਖਾਰੀ ਛੰਤ ਮ: ੫, ਅੰਗ ੧੧੧੭)

*੭. ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥ ੧॥*

(ਮਾਰੂ ਵਾਰ ਮ: ੫, ਅੰਗ ੧੦੯੪)

*੮. ਮੈ ਗਰੀਬ ਸਚੁ ਟੇਕ ਤੂੰ ਮੇਰੇ ਸਤਿਗੁਰ ਪੂਰੇ॥*
*ਦੇਖਿ ਤੁਮ੍ਾਰਾ ਦਰਸਨੋ ਮੇਰਾ ਮਨੁ ਧੀਰੇ॥ ੧॥ ਰਹਾਉ॥*

(ਆਸਾ ਮ: ੫, ਅੰਗ ੩੯੮)

*੯. ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥*
*ਪੂਰਾ ਬੈਰਾਗੀ ਸਹਜਿ ਸੁਭਾਗੀ ਸਚੁ ਨਾਨਕ ਮਨੁ ਮਾਨੰ॥ ੮॥ ੧॥*

(ਸੋਰਠਿ ਮ: ੧, ਅੰਗ ੬੩੫)

*੧੦. ਮੈ ਮੂਰਖ ਕੀ ਕੇਤਕ ਬਾਤ ਹੈ ਕੋਟਿ ਪਰਾਧੀ ਤਰਿਆ ਰੇ॥*
*ਗੁਰੁ ਨਾਨਕੁ ਜਿਨ ਸੁਣਿਆ ਪੇਖਿਆ*
*ਸੇ ਫਿਰਿ ਗਰਭਾਸਿ ਨ ਪਰਿਆ ਰੇ॥ ੪॥ ੨॥ ੧੩॥*

(ਸੋਰਠਿ ਮ: ੫, ਅੰਗ ੬੧੨)

*੧੧. ਧੰਨੁ ਸੁ ਵੇਲਾ ਘੜੀ ਧੰਨੁ ਧਨੁ ਮੂਰਤੁ ਪਲੁ ਸਾਰੁ॥*
*ਧੰਨੁ ਸੁ ਦਿਨਸੁ ਸੰਜੋਗੜਾ ਜਿਤੁ ਡਿਠਾ ਗੁਰ ਦਰਸਾਰੁ॥*

(ਰਾਮਕਲੀ ਕੀ ਵਾਰ ਮ: ੫, ਅੰਗ ੯੫੮)

*੧੨. ਸਤਿਗੁਰ ਆਇਓ ਸਰਣਿ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥ ੧॥ ਰਹਾਉ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥*
*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥*

ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥
ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥ ੨ ॥ ੪ ॥ ੯ ॥

(ਅੰਗ ੭੧੩)

੧੩. ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ॥
ਖੋਲ੍ਹਿ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ॥ ੧ ॥

(ਜੈਤਸਰੀ, ਮ: ੫, ਅੰਗ ੭੦੩)

੧੪. ਦਰਸਨੁ ਦੇਖਿ ਜੀਵਾ ਗੁਰ ਤੇਰਾ॥ ਪੂਰਨ ਕਰਮੁ ਹੋਇ ਪ੍ਰਭ ਮੇਰਾ॥ ੧ ॥
ਇਹ ਬੇਨੰਤੀ ਸੁਣਿ ਪ੍ਰਭ ਮੇਰੇ॥ ਦੇਹਿ ਨਾਮੁ ਕਰਿ ਅਪਣੇ ਚੇਰੇ॥ ੧ ॥ ਰਹਾਉ ॥

(ਸੂਹੀ ਮ: ੫, ਅੰਗ ੭੪੨)

੧੫. ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥
ਹਮਰੀ ਬੇਦਨਿ ਤੂ ਜਾਨਤਾ ਸਾਹਾ ਅਵਰੁ ਕਿਆ ਜਾਨੈ ਕੋਇ॥ ਰਹਾਉ॥

(ਧਨਾਸਰੀ, ਮ: ੪, ਅੰਗ ੬੭੦)

੧੬. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥
ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥ ੧ ॥

(ਮਾਝ, ਮ: ੫, ੧੦੩)

੧੭. ਅੰਦਰਿ ਸਚਾ ਨੇਹੁ ਲਾਇਆ ਪ੍ਰੀਤਮ ਆਪਣੈ॥
ਤਨੁ ਮਨੁ ਹੋਇ ਨਿਹਾਲੁ ਜਾ ਗੁਰੁ ਦੇਖਾ ਸਾਮ੍ਹਣੇ॥ ੧ ॥

(ਸੂਹੀ ਮ: ੪, ਅੰਗ ੭੫੮)

੧੮. ਇਕ ਮਨਿ ਪੁਰਖੁ ਧਿਆਇ ਬਰਦਾਤਾ॥ ਸੰਤ ਸਹਾਰੁ ਸਦਾ ਬਿਖਿਆਤਾ॥
ਤਾਸੁ ਚਰਨ ਲੇ ਰਿਦੈ ਬਸਾਵਉ॥ ਤਉ ਪਰਮ ਗੁਰੂ ਨਾਨਕ ਗੁਨ ਗਾਵਉ॥ ੧ ॥

(ਸਵਈਏ ਮਹਲੇ ਪਹਿਲੇ ਕੇ, ਅੰਗ ੧੩੮੯)

੧੯. ਪ੍ਰਭ ਦਾਤਉ ਦਾਤਾਰ ਪਰ੍ਹਿਉ ਜਾਚਕੁ ਇਕੁ ਸਰਨਾ॥
ਮਿਲੈ ਦਾਨੁ ਸੰਤ ਰੇਨ ਜੇਹ ਲਗਿ ਭਉਜਲੁ ਤਰਨਾ॥
ਬਿਨਤਿ ਕਰਉ ਅਰਦਾਸਿ ਸੁਨਹੁ ਜੇ ਠਾਕੁਰ ਭਾਵੈ॥
ਦੇਹੁ ਦਰਸੁ ਮਨਿ ਚਾਉ ਭਗਤਿ ਇਹੁ ਮਨੁ ਠਹਰਾਵੈ॥
ਬਲਿਓ ਚਰਾਗੁ ਅੰਧ੍ਯ੍ਯਾਰ ਮਹਿ ਸਭ ਕਲਿ ਉਧਰੀ ਇਕ ਨਾਮ ਧਰਮ॥
ਪ੍ਰਗਟੁ ਸਗਲ ਹਰਿ ਭਵਨ ਮਹਿ ਜਨੁ ਨਾਨਕੁ ਗੁਰੁ ਪਾਰਬ੍ਰਹਮ॥ ੯ ॥ (ਅੰਗ ੧੩੮੬)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

*੨੦. ਕਵਨ ਜੋਗੁ ਕਉਨੁ ਗ੍ਹਾਨੁ ਧ੍ਹਾਨੁ ਕਵਨ ਬਿਧਿ ਉਸ੍ਤਤਿ ਕਰੀਐ॥*
*ਸਿਧ ਸਾਧਿਕ ਤੇਤੀਸ ਕੋਰਿ ਤਿਰੁ ਕੀਮ ਨ ਪਰੀਐ॥*
*ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥*
*ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ॥*
*ਜਿਹ ਕਾਟੀ ਸਿਲਕ ਦਯਾਲ ਪ੍ਰਭਿ ਸੇਇ ਜਨ ਲਗੇ ਭਗਤੇ॥*
*ਹਰਿ ਗੁਰੁ ਨਾਨਕੁ ਜਿਨ੍ ਪਰਸਿਓ ਤੇ ਇਤ ਉਤ ਸਦਾ ਮੁਕਤੇ॥ ੮॥*

(ਅੰਗ ੧੩੮੯)

*੨੧. ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥*
*ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥*
*ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ॥*
*ਜਿਹ ਸਿਖਹ ਸੰਗ੍ਰਹਿਓ ਤਤੁ ਹਰਿ ਚਰਣ ਮਿਲਾਯਉ॥*
*ਨਾਨਕ ਕੁਲਿ ਨਿੰਮਲੁ ਅਵਤਰ੍ਹਿਉ ਅੰਗਦ ਲਹਣੇ ਸੰਗਿ ਹੁਅ॥*
*ਗੁਰ ਅਮਰਦਾਸ ਤਾਰਣ ਤਰਣ ਜਨਮ ਜਨਮ ਪਾ ਸਰਣਿ ਤੁਅ॥੨॥੧੬॥*

(ਅੰਗ ੧੩੯੫)

*੨੨. ਅਮਿਅ ਦ੍ਰਿਸਟਿ ਸੁਭ ਕਰੈ ਹਰੈ ਅਘ ਪਾਪ ਸਕਲ ਮਲ॥*
*ਕਾਮ ਕ੍ਰੋਧ ਅਰੁ ਲੋਭ ਮੋਹ ਵਸਿ ਕਰੈ ਸਭੈ ਬਲ॥*
*ਸਦਾ ਸੁਖੁ ਮਨਿ ਵਸੈ ਦੁਖੁ ਸੰਸਾਰਹ ਖੋਵੈ॥*
*ਗੁਰੁ ਨਵ ਨਿਧਿ ਦਰੀਆਉ ਜਨਮ ਹਮ ਕਾਲਖ ਧੋਵੈ॥*
*ਸੁ ਕਹੁ ਟਲ ਗੁਰੁ ਸੇਵੀਐ ਅਹਿਨਿਸਿ ਸਹਜਿ ਸੁਭਾਇ॥*
*ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਇ॥ ੧੦॥*

(ਅੰਗ ੧੩੯੨)

*੨੩. ਚਰਣ ਤ ਪਰ ਸਕਯਥ ਚਰਣ ਗੁਰ ਅਮਰ ਪਵਲਿ ਰਯ॥*
*ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ॥*
*ਜੀਹ ਤ ਪਰ ਸਕਯਥ ਜੀਹ ਗੁਰ ਅਮਰੁ ਭਣਿਜੈ॥*
*ਨੈਣ ਤ ਪਰ ਸਕਯਥ ਨਯਣਿ ਗੁਰੁ ਅਮਰੁ ਪਿਖਿਜੈ॥*
*ਸ੍ਰਵਣ ਤ ਪਰ ਸਕਯਥ ਸ੍ਰਵਣਿ ਗੁਰੁ ਅਮਰੁ ਸੁਣਿਜੈ॥*
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸਕਯਥੁ ਸੁ ਹੀਉ ਜਿਤੁ ਹੀਅ ਬਸੈ ਗੁਰ ਅਮਰਦਾਸੁ ਨਿਜ ਜਗਤ ਪਿਤ॥
ਸਕਯਥੁ ਸੁ ਸਿਰੁ ਜਾਲਪੁ ਭਣੈ ਜੁ ਸਿਰੁ ਨਿਵੈ ਗੁਰ ਅਮਰ ਨਿਤ॥੧॥੧੦॥

(ਅੰਗ ੧੩੯੪)

੨੪. ਗੁਰੁ ਅਮਰਦਾਸੁ ਪਰਸੀਐ ਪੁਹਮਿ ਪਾਤਿਕ ਬਿਨਾਸਹਿ॥
ਗੁਰੁ ਅਮਰਦਾਸੁ ਪਰਸੀਐ ਸਿਧ ਸਾਧਿਕ ਆਸਾਸਹਿ॥
ਗੁਰੁ ਅਮਰਦਾਸੁ ਪਰਸੀਐ ਧਿਆਨੁ ਲਹੀਐ ਪਉ ਮੁਕਿਹਿ॥
ਗੁਰ ਅਮਰਦਾਸੁ ਪਰਸੀਐ ਅਭਉ ਲਭੈ ਗਉ ਚੁਕਿਹਿ॥
ਇਕੁ ਬਿੰਨਿ ਦੁਗਣ ਜੁ ਤਉ ਰਹੈ ਜਾ ਸੁਮੰਤ੍ਰਿ ਮਾਨਵਹਿ ਲਹਿ॥
ਜਾਲਪਾ ਪਦਾਰਥ ਇਤੜੇ ਗੁਰ ਅਮਰਦਾਸਿ ਡਿਠੈ ਮਿਲਹਿ॥੫॥੧੪॥

(ਅੰਗ ੧੩੯੪)

੨੫. ਘਨਹਰ ਬੂੰਦ ਬਸੁਅ ਰੋਮਾਵਲਿ ਕੁਸਮ ਬਸੰਤ ਗਨੰਤ ਨ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ ਗਿਆਨ ਸਤਿਗੁਰ ਕੇ ਕਬਿ ਜਨ ਭਲ੍ ਉਨਹ ਜੋੁ ਗਾਵੈ॥
ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿ ਆਵੈ॥੧॥੨੨॥

(ਅੰਗ ੧੩੯੬)

੨੬. ਧੰਨੁ ਧੰਨੁ ਰਾਮਦਾਸ ਗੁਰੁ ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ ਆਪਿ ਸਿਰਜਣਹਾਰੈ ਧਾਰਿਆ॥
ਸਿਖੀ ਅਤੈ ਸੰਗਤੀ ਪਾਰਬ੍ਰਹਮੁ ਕਰਿ ਨਮਸਕਾਰਿਆ॥
ਅਟਲੁ ਅਥਾਹੁ ਅਤੋਲੁ ਤੂ ਤੇਰਾ ਅੰਤੁ ਨ ਪਾਰਾਵਾਰਿਆ॥
ਜਿਨ੍ਹੀ ਤੂੰ ਸੇਵਿਆ ਭਾਉ ਕਰਿ ਸੇ ਤੁਧੁ ਪਾਰਿ ਉਤਾਰਿਆ॥
ਲਬੁ ਲੋਭੁ ਕਾਮੁ ਕ੍ਰੋਧੁ ਮੋਹੁ ਮਾਰਿ ਕਢੇ ਤੁਧੁ ਸਪਰਵਾਰਿਆ॥
ਧੰਨੁ ਸੁ ਤੇਰਾ ਥਾਨੁ ਹੈ ਸਚੁ ਤੇਰਾ ਪੈਸਕਾਰਿਆ॥
ਨਾਨਕੁ ਤੂ ਲਹਣਾ ਤੂਹੈ ਗੁਰੁ ਅਮਰੁ ਤੂ ਵੀਚਾਰਿਆ॥
ਗੁਰੁ ਡਿਠਾ ਤਾਂ ਮਨੁ ਸਾਧਾਰਿਆ॥੭॥

(ਅੰਗ ੯੬੮)

੨੭. ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥
ਨਿਰੰਕਾਰੁ ਪ੍ਰਭੁ ਸਦਾ ਸਲਾਮਤਿ ਕਹਿ ਨ ਸਕੈ ਕੋਊ ਤੂ ਕਦ ਕਾ॥

ਬ੍ਰਹਮਾ ਬਿਸਨੁ ਸਿਰੇ ਤੈ ਅਗਨਤ ਤਿਨ ਕਉ ਮੋਹੁ ਭਯਾ ਮਨ ਮਦ ਕਾ॥
ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ॥
ਸੇਵਕ ਕੈ ਭਰਪੂਰ ਜੁਗੁ ਜੁਗੁ ਵਾਹਗੁਰੂ ਤੇਰਾ ਸਭੁ ਸਦਕਾ॥ ੧॥ ੧੧॥

(ਅੰਗ ੧੪੦੩)

੨੮. ਨਾਨਕਿ ਨਾਮੁ ਨਿਰੰਜਨ ਜਾਨੵਉ ਕੀਨੀ ਭਗਤਿ ਪ੍ਰੇਮ ਲਿਵ ਲਾਈ॥
ਤਾ ਤੇ ਅੰਗਦੁ ਅੰਗ ਸੰਗਿ ਭਯੋ ਸਾਇਰੁ ਤਿਨਿ ਸਬਦ ਸੁਰਤਿ ਕੀ ਨੀਵ ਰਖਾਈ॥
ਗੁਰ ਅਮਰਦਾਸ ਕੀ ਅਕਥ ਕਥਾ ਹੈ ਇਕ ਜੀਹ ਕਛੁ ਕਹੀ ਨ ਜਾਈ॥
ਸੋਢੀ ਸ੍ਰਿਸ੍ਟਿ ਸਕਲ ਤਾਰਣ ਕਉ ਅਬ ਗੁਰ ਰਾਮਦਾਸ ਕਉ ਮਿਲੀ ਬਡਾਈ॥੩॥

(ਅੰਗ ੧੪੦੬)

੨੯. ਹਮ ਅਵਗੁਣਿ ਭਰੇ ਏਕੁ ਗੁਣੁ ਨਾਹੀ ਅੰਮ੍ਰਿਤੁ ਛਾਡਿ ਬਿਖੈ ਬਿਖੁ ਖਾਈ॥
ਮਾਯਾ ਮੋਹ ਭਰਮ ਪੈ ਭੂਲੇ ਸੁਤ ਦਾਰਾ ਸਿਉ ਪ੍ਰੀਤਿ ਲਗਾਈ॥
ਇਕੁ ਉਤਮ ਪੰਥੁ ਸੁਨਿਓ ਗੁਰ ਸੰਗਤਿ ਤਿਹ ਮਿਲੰਤ ਜਮ ਤ੍ਰਾਸ ਮਿਟਾਈ॥
ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ॥੪॥੫੮॥

(ਅੰਗ ੧੪੦੬)

੩੦. ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥
ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ॥
ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ॥
ਗੁਰ ਰਾਮਦਾਸ ਦਰਸਨੁ ਪਰਸਿ ਕਹਿ ਮਥੁਰਾ ਅੰਮ੍ਰਿਤ ਬਯਣ॥
ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥ ੧॥

(ਅੰਗ ੧੪੦੮)

੩੧. ਅੰਤੁ ਨ ਪਾਵਤ ਦੇਵ ਸਬੈ ਮੁਨਿ ਇੰਦ੍ਰ ਮਹਾ ਸਿਵ ਜੋਗ ਕਰੀ॥
ਫੁਨਿ ਬੇਦ ਬਿਰੰਚਿ ਬਿਚਾਰਿ ਰਹਿਓ ਹਰਿ ਜਾਪੁ ਨ ਛਾਡੵਉ ਏਕ ਘਰੀ॥
ਮਥੁਰਾ ਜਨ ਕੋ ਪ੍ਰਭੁ ਦੀਨ ਦਯਾਲੁ ਹੈ ਸੰਗਤਿ ਸ੍ਰਿਸ੍ਟਿ ਨਿਹਾਲੁ ਕਰੀ॥

*ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜੁਨ ਮਾਹਿ ਧਰੀ॥ ੪॥*

(ਅੰਗ ੧੪੦੯)

**੩੨.** *ਜਗ ਅਉਰੁ ਨ ਯਾਹਿ ਮਹਾ ਤਮ ਮੈ ਅਵਤਾਰੁ ਉਜਾਗਰੁ ਆਨਿ ਕੀਅਉ॥*
*ਤਿਨ ਕੇ ਦੁਖ ਕੋਟਿਕ ਦੂਰਿ ਗਏ ਮਥੁਰਾ ਜਿਨ੍ਹ ਅੰਮ੍ਰਿਤ ਨਾਮੁ ਪੀਅਉ॥*
*ਇਹ ਪਧਤਿ ਤੇ ਮਤ ਚੂਕਹਿ ਰੇ ਮਨ ਭੇਦੁ ਬਿਭੇਦੁ ਨ ਜਾਨ ਬੀਅਉ॥*
*ਪਰਤਛਿ ਰਿਦੈ ਗੁਰ ਅਰਜੁਨ ਕੈ ਹਰਿ ਪੂਰਨ ਬ੍ਰਹਮਿ ਨਿਵਾਸੁ ਲੀਅਉ॥ ੫॥*

(ਅੰਗ ੧੪੦੯)

**੩੩.** *ਜਬ ਲਉ ਨਹੀ ਭਾਗ ਲਿਲਾਰ ਉਦੈ ਤਬ ਲਉ ਭ੍ਰਮਤੇ ਫਿਰਤੇ ਬਹੁ ਧਾਯਉ॥*
*ਕਲਿ ਘੋਰ ਸਮੁਦ੍ਰ ਮੈ ਬੂਡਤ ਥੇ ਕਬਹੂ ਮਿਟਿ ਹੈ ਨਹੀ ਰੇ ਪਛੁਤਾਯਉ॥*
*ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ॥*
*ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ॥ ੬॥*

(ਅੰਗ ੧੪੦੯)

**੩੪.** *ਦੇਵ ਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ॥*
*ਹਰਿ ਸਿੰਘਾਸਣੁ ਦੀਅਉ ਸਿਰੀ ਗੁਰੁ ਤਹ ਬੈਠਾਯਉ॥*
*ਰਹਸੁ ਕੀਅਉ ਸੁਰ ਦੇਵ ਤੋਹਿ ਜਸੁ ਜਯ ਜਯ ਜੰਪਹਿ॥*
*ਅਸੁਰ ਗਏ ਤੇ ਭਾਗਿ ਪਾਪ ਤਿਨ੍ਹ ਭੀਤਰਿ ਕੰਪਹਿ॥*
*ਕਾਟੇ ਸੁ ਪਾਪ ਤਿਨ੍ਹ ਨਰਹੁ ਕੇ ਗੁਰੁ ਰਾਮਦਾਸੁ ਜਿਨ੍ਹ ਪਾਇਯਉ॥*

*ਛਤ੍ਰੂ ਸਿੰਘਾਸਨੁ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ॥ ੨॥ ੨੧॥*
*॥ ੯॥ ੧੧॥ ੧੦॥ ੧੦॥ ੨੨॥ ੬੦॥ ੧੪੩॥*

(ਅੰਗ ੧੪੦੯)

## ਕਥਾ ਸ਼ੁਰੂ ਕਰਨ ਤੋਂ ਪਹਿਲਾਂ ਪੜ੍ਹਨ ਵਾਲੇ ਮੰਗਲ :-

**੧.** *ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ ੫॥*

(ਅੰਗ ੯੮੨)

੨. *ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥੧॥*

(ਅੰਗ ੨੫੬)

੩. *ਜੇਤਾ ਜੀਉ ਪਿੰਡੁ ਸਭੁ ਤੇਰਾ ਤੂੰ ਅੰਤਰਜਾਮੀ ਪੁਰਖੁ ਭਗਵਾਨੁ॥*
*ਦਾਸਨਿ ਦਾਸੁ ਕਹੈ ਜਨੁ ਨਾਨਕੁ ਜੇਹਾ ਤੂੰ ਕਰਾਇਹਿ ਤੇਹਾ ਹਉ ਕਰੀ ਵਖਿਆਨੁ॥੪॥੪॥੧੧॥*

ਅੰਗ ੭੩੪)

੪. *ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ॥*
*ਸਾਧਸੰਗਿ ਨਾਨਕ ਜਸੁ ਗਾਇਓ ਜੋ ਪ੍ਰਭ ਕੀ ਅਤਿ ਪਿਆਰੀ॥੮॥੧॥੮॥*

(ਅੰਗ ੫੦੮)

੫. *ਬੇਸੁਮਾਰ ਅਥਾਹ ਅਗਨਤ ਅਤੋਲੈ॥*
*ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ॥੮॥੨੧॥* (ਅੰਗ ੨੯੨)

੬. *ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ ਸਾਰ ਨ ਜਾਣਾ ਤੇਰੀ॥*
*ਸਭ ਤੇ ਵਡਾ ਸਤਿਗੁਰੁ ਨਾਨਕੁ ਜਿਨਿ ਕਲ ਰਾਖੀ ਮੇਰੀ॥੪॥੧੦॥੫੭॥*

(ਅੰਗ ੭੫੦)

੭. *ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ ਸਾ ਬਿਧਿ ਤੁਮ ਹਰਿ ਜਾਣਹੁ ਆਪੇ॥*
*ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥*

(ਅੰਗ ੧੬੭)

੮. *ਸਤਿਗੁਰ ਆਇਓ ਸਰਣਿ ਤੁਹਾਰੀ॥*
*ਮਿਲੈ ਸੂਖੁ ਨਾਮੁ ਹਰਿ ਸੋਭਾ ਚਿੰਤਾ ਲਾਹਿ ਹਮਾਰੀ॥੧॥ ਰਹਾਉ॥*
*ਅਵਰ ਨ ਸੂਝੈ ਦੂਜੀ ਠਾਹਰ ਹਾਰਿ ਪਰਿਓ ਤਉ ਦੁਆਰੀ॥*
*ਲੇਖਾ ਛੋਡਿ ਅਲੇਖੈ ਛੂਟਹ ਹਮ ਨਿਰਗੁਨ ਲੇਹੁ ਉਬਾਰੀ॥ ੧॥*
*ਸਦ ਬਖਸਿੰਦੁ ਸਦਾ ਮਿਹਰਵਾਨਾ ਸਭਨਾ ਦੇਇ ਅਧਾਰੀ॥*
*ਨਾਨਕ ਦਾਸ ਸੰਤ ਪਾਛੈ ਪਰਿਓ ਰਾਖਿ ਲੇਹੁ ਇਹ ਬਾਰੀ॥੨॥੪॥੯॥*

(ਅੰਗ ੭੧੩)

੯. *ਬਦਬਖਤ ਹਮ ਚੁ ਬਖੀਲ ਗਾਫਿਲ ਬੇਨਜਰ ਬੇਬਾਕ॥*
*ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾ ਖਾਕ॥ ੪॥ ੧॥*

(ਅੰਗ ੭੨੧)

*੧੦. ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥*
*ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ॥ ੧॥*

(ਅੰਗ ੩੨੨)

*੧੧. ਸੁਣੀ ਅਰਦਾਸਿ ਸੁਆਮੀ ਮੇਰੈ ਸਰਬ ਕਲਾ ਬਣਿ ਆਈ॥*
*ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ॥ ੪॥ ੧੧॥*

(ਅੰਗ ੬੧੧)

## ਕਥਾ ਆਰੰਭ ਕਰਨ ਸਮੇਂ ਆਰੰਭਤਾ ਦੇ ਕੁਝ ਚੋਣਵੇ ਸ਼ਬਦ :-

੧. ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਨਮਾਨਯੋਗ ਗੁਰੂ ਸਰੂਪ ਗੁਰੂ ਖਾਲਸਾ ਸਾਧ ਸੰਗਤ ਜੀ,

ਜੁਗੋ ਜੁਗ ਅਟੱਲ, ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਦਾ ਅਨੰਦ ਮਾਣ ਰਹੇ ਸਤਿਸੰਗੀ ਜਨੋਂ! ਆਪ ਸੰਗਤਾਂ ਨੇ ਜੋ ਪਾਵਨ ਫੁਰਮਾਣ ਸਰਵਣ ਕੀਤਾ ਹੈ, ਆਉ ਉਸ ਦੀ ਵੀਚਾਰ ਸਰਵਣ ਕਰੀਏ।

੨. ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਹਲਤ ਪਲਤ ਦੇ ਰਾਖੇ, ਤਖ਼ਤ ਚਵਰ ਛਤਰ ਦੇ ਮਾਲਕ, ਜੁਗੋ ਜੁਗ ਅਟੱਲ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੀ ਪਾਵਨ ਪਵਿੱਤਰ ਹਜ਼ੂਰੀ ਵਿਚ ਬੜੇ ਹੀ ਪ੍ਰੇਮ ਨਾਲ ਆਪ ਸੰਗਤਾਂ ਨੇ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਪਾਵਨ ਪਵਿੱਤਰ ਫੁਰਮਾਣ ਸਰਵਣ ਕੀਤਾ ਹੈ, ਆਉ ਉਸ ਦੀ ਵੀਚਾਰ ਸਰਵਣ ਕਰੀਏ।

੩. ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

ਪਿਆਰੀ ਸਾਧ ਸੰਗਤ ਜੀ! ਆਪ ਨੇ ਪਰਮ ਸਨਮਾਨਯੋਗ ਜੁਗੋ ਜੁਗ ਅਟੱਲ, ਸਾਹਿਬ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਇਸ ਅਸਥਾਨ ਉਪਰ ਬਖ਼ਸ਼ਿਸ਼ ਹੋਇਆ ਅੱਜ ਦਾ ਪਾਵਨ ਪਵਿੱਤਰ ਫ਼ੁਰਮਾਣ ਸਰਵਣ ਕੀਤਾ ਹੈ, ਆਉ ਉਸ ਦੀ ਵੀਚਾਰ ਸਰਵਣ ਕਰੀਏ।

**੪. ਵਾਹਿਗੁਰੂ ਜੀ ਕਾ ਖਾਲਸਾ॥**
**ਵਾਹਿਗੁਰੂ ਜੀ ਕੀ ਫਤਹਿ॥**

ਪਰਮ ਸਨਮਾਨਯੋਗ ਸਤਸੰਗੀ ਜਨੋਂ! ਆਪ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਣ ਬਾਣੀ ਵਿਚੋਂ ਧਨਾਸਰੀ ਰਾਗ ਦਾ ਇਹ ਸ਼ਬਦ ਜੋ ਆਪ ਸੰਗਤਾਂ ਨੇ ਅੱਜ ਦੇ ਪਾਵਨ ਪਵਿੱਤਰ ਫੁਰਮਾਣ ਦੇ ਰੂਪ ਵਿਚ ਇਸ ਦਾ ਪਾਠ ਸਰਵਣ ਕੀਤਾ ਹੈ। ਇਸ ਵਿਚ ਸਤਿਗੁਰੂ ਬਖ਼ਸ਼ਿਸ਼ ਕਰ ਰਹੇ ਹਨ-

# ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਆਏ ਰਾਗਾਂ ਬਾਰੇ ਜਾਣਕਾਰੀ

ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਸਮੇਂ ਸੋਹਿਲਾ ਨਾਮੇ ਬਾਣੀ ਦੀ ਸੰਪੂਰਨਤਾ ਤੋਂ ਮਗਰੋਂ ਰਾਗਾਂ ਦੀ ਸ਼ੁਰੂਆਤ ਕੀਤੀ ਹੈ।

੧. ਪਹਿਲਾ ਰਾਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 'ਸਿਰੀਰਾਗੁ' ਹੈ। ਇਹ ਸੀਤਲ ਤੇ ਮਧੁਰ ਹੈ, ਸੰਪ੍ਰਦਾਈ ਵਿਦਵਾਨਾਂ ਅਨੁਸਾਰ ਸਿਰੀਰਾਗੁ ਸ਼ਾਂਤ-ਰਸ ਦਾ ਪ੍ਰਤੀਕ ਹੋਣ ਕਰਕੇ ਗੁਰਬਾਣੀ ਵਿਚ ਇਸ ਨੂੰ ਪਹਿਲਾ ਅਸਥਾਨ ਦਿੱਤਾ ਗਿਆ ਹੈ। ਗੁਰੂ ਅਮਰਦਾਸ ਜੀ ਨੇ ਇਸ ਰਾਗ ਦੀ ਵਡਿਆਈ ਇਸੇ ਰਾਗ ਵਿਚ ਇਸ ਪ੍ਰਕਾਰ ਕੀਤੀ ਹੈ-

***''ਰਾਗਾ ਵਿਚਿ ਸ੍ਰੀਰਾਗੁ ਹੈ, ਜੇ ਸਚਿ ਧਰੇ ਪਿਆਰੁ॥''***

(ਅੰਗ ੮੩)

ਭਾਵ ਇਸ ਰਾਗ ਦੀ ਉੱਤਮਤਾ ਤਦ ਹੀ ਹੈ ਜੇ ਰਾਗ ਗਾਇਣ ਕਰਨ ਵਾਲਾ ਰਾਗੀ ਸਿੰਘ ਸੱਚੇ ਵਾਹਿਗੁਰੂ ਜੀ ਨਾਲ ਪ੍ਰੇਮ ਕਰਕੇ ਗਾਵੇ। ਭਾਈ ਗੁਰਦਾਸ ਜੀ ਨੇ ਵੀ ਇਸ ਰਾਗ ਦੀ ਮਹੱਤਤਾ ਦਰਸਾਈ ਹੈ-

***''ਪੰਛੀਅਨ ਮੈ ਹੰਸ, ਮ੍ਰਿਗ ਰਾਜਨ ਮੈ ਸਾਰਦੂਲ,***
***ਰਾਗਨ ਮਹਿ ਸਿਰੀਰਾਗੁ ਪਾਰਸ ਪਖਾਨ ਹੈ।''*** (ਕਬਿਤ ਨੰ. ੩੭੬)

ਰਾਗ ਮਾਲਾ ਵਿਚ ਇਸ ਦਾ ਪੰਜਵਾਂ ਸਥਾਨ ਹੈ, ਪਰ ਗੁਰਬਾਣੀ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਇਸ ਨੂੰ ਪਹਿਲਾ ਸਥਾਨ ਦਿੱਤਾ ਗਿਆ ਹੈ। ਗਿਆਨੀ ਹਰਬੰਸ ਸਿੰਘ ਜੀ ਦਾ ਕਥਨ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸਮੇਂ ''ਰਾਗ ਰਤਨ ਪਰਵਾਰ ਪਰੀਆ'', ਜਿਸ ਵੇਲੇ ਸ਼ਬਦ ਗਾਵਣ ਲਈ ਆਈਆਂ ਸਨ ਤਾਂ ਉਨ੍ਹਾਂ ਨੇ ਪਹਿਲਾਂ ਭੈਰਉ ਰਾਗ ਦਾ ਅਲਾਪ ਕੀਤਾ ਸੀ ਜਿਸ ਕਰਕੇ ਰਾਗ ਮਾਲਾ ਵਿਚ ''ਪ੍ਰਥਮ ਰਾਗੁ ਭੈਰਉ ਵੈ ਕਰਈ'', ਹਜ਼ੂਰ ਨੇ ਲਿਖਾਇਆ ਹੈ। ਸੰਪ੍ਰਦਾਈ ਸਟੀਕ ਦੇ ਲੇਖਕ ਸੰਤ ਕ੍ਰਿਪਾਲ

ਸਿੰਘ ਜੀ ਨੇ ਵਿਸਥਾਰ ਇਸ ਤਰ੍ਹਾਂ ਕੀਤਾ ਹੈ, ਕਿ ਜਿਸ ਵੇਲੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਪਾਸ ਛੇ ਰਾਗ ਚਲ ਕੇ ਆਏ ਹਨ ਤਿਸ ਵੇਲੇ ਸਾਰਿਆਂ ਰਾਗਾਂ ਤੋਂ ਅੱਗੇ ਭੈਰਉ ਰਾਗ ਆਪਣੇ ਪ੍ਰਵਾਰ ਸਮੇਤ ਆ ਕੇ ਬੈਠਾ ਸੀ। ਓਸੇ ਨੇ ਹੀ ਸਾਰਿਆਂ ਰਾਗਾਂ ਵੱਲੋਂ ਮੋਹਰੇ ਹੋ ਕੇ ਆਪਣਿਆਂ ਦੁੱਖਾਂ ਦੀ ਨਵਿਰਤੀ ਲਈ ਬੇਨਤੀ ਕੀਤੀ ਸੀ, ਏਸ ਕਾਰਨ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਰਾਗ ਮਾਲਾ ਵਿਚ ਭੈਰਉ ਰਾਗ ਦਾ ਨਾਮ ਸਭ ਤੋਂ ਪਹਿਲੇ ਲਿਖਿਆ ਹੈ।

੨. ਦੂਜਾ ਕਾਰਨ ਇਹ ਭੀ ਹੈ ਕਿ ਭੈਰਉ ਰਾਗ ਸਭ ਰਾਗਾਂ ਤੋਂ ਪਹਿਲੇ ਅੰਮ੍ਰਿਤ ਵੇਲੇ ਗਾਇਆ ਜਾਂਦਾ ਹੈ। ਅੰਮ੍ਰਿਤ ਵੇਲੇ ਦਾ ਸਮਾਂ ਮਿਲਣ ਕਰਕੇ 'ਭੈਰਉ ਰਾਗ' ਨੂੰ ਪ੍ਰਿਥਮ ਰਾਗ ਲਿਖਿਆ ਹੈ, ਪ੍ਰੰਤੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਭ ਤੋਂ ਪਹਿਲੇ 'ਸਿਰੀਰਾਗੁ' ਹੈ ਅਤੇ ਭੈਰਉ ਰਾਗ ਦਾ ਚੌਵੀਹਵਾਂ ਨੰਬਰ ਹੈ।

ਇਸ ਦਾ ਗਾਇਣ ਕਰਨਾ ਵਿਲੰਬਤ ਲੈਅ ਵਿਚ ਚਾਹੀਦਾ ਹੈ। ਸੰਧੀ ਪ੍ਰਕਾਸ਼ ਹੋਣ ਕਰਕੇ ਇਸ ਰਾਗ ਦੇ ਗਾਇਣ ਦਾ ਸਮਾਂ ਸੂਰਜ ਡੁੱਬਣ ਤੋਂ ਕੁਝ ਪਹਿਲਾਂ ਤੇ ਕੁਝ ਮਗਰੋਂ ਹੈ। ਸੰਗੀਤਕ ਪੱਖ ਤੋਂ ਸਿਰੀਰਾਗੁ ਪੂਰਬੀ ਥਾਟ ਦਾ ਓੜਵ-ਸੰਪੂਰਨ ਜਾਤੀ ਦਾ ਰਾਗੁ ਹੈ। ਗਾਉਣ ਦਾ ਸਮਾਂ ਪਿਛਲੇ ਪਹਿਰ ਜਾਂ ਸ਼ਾਮ ਵੇਲੇ।

ਆਰੋਹੀ– ਸ ਰੁ, ਮ॑ ਪ, ਨੀ ਸੰ

ਅਵਰੋਹੀ– ਸੰ ਨੀ ਧੁ ਪ, ਮ॑ ਗ ਰੁ, ਸ

ਵਾਦੀ– ਰੁ

ਸੰਵਾਦੀ– ਪ

ਮੁਖ ਅੰਗ– (ਪਕੜ) ਸ, ਰੁ ਰੁ, ਪ, ਮ॑ ਗ ਰੁ, ਗ ਰੁ, ਰੁ ਸ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੧੪ ਤੋਂ ੯੩ ਤੱਕ ਇਸ ਰਾਗ ਦੀ ਸੰਪੂਰਨਤਾ ਹੈ—

ਹਨੁਮੰਤ ਦੇ ਮਤ ਅਨੁਸਾਰ ਇਹ ਪੰਜਵਾਂ ਰਾਗ ਹੈ, ਏਸੇ ਕਾਰਨ ਰਾਗਮਾਲਾ ਵਿਚ ਇਸਨੂੰ ਪੰਜਵੀਂ ਜਗ੍ਹਾ ਮਿਲੀ ਹੈ।

੧. ਪਹਿਲਾ ਭੈਰਉ ਰਾਗ ਹੈ।

੨. ਦੂਜਾ ਮਾਲ ਕਉਸਕ ਰਾਗ ਹੈ।

੩. ਤੀਜਾ ਹਿੰਡੋਲ ਰਾਗ ਹੈ।

੪. ਚੌਥਾ ਦੀਪਕ ਰਾਗ ਹੈ।

੫. ਪੰਜਵਾਂ ਸਿਰੀਰਾਗੁ ਹੈ।

੬. ਛੇਵਾਂ ਮੇਘ ਰਾਗ ਹੈ।

## ੨. ਮਾਝ ਰਾਗੁ—

ਇਸ ਰਾਗ ਦੇ ਸੰਬੰਧ ਵਿਚ ਵੱਖ-ਵੱਖ ਲੇਖਕਾਂ ਨੇ ਇਸ ਪ੍ਰਕਾਰ ਨਿਰੂਪਣ ਕੀਤਾ ਹੈ।

***ਮਾਝ ਰਾਗੁ :–*** 'ਸੁਰ ਤਾਲ ਸੰਬੂਹ' ਵਿਚ ਲਿਖਿਆ ਹੈ ਕਿ— ਸੋਰਠਿ, ਬਿਲਾਵਲੁ, ਸਾਰੰਗ, ਧਨਾਸਰੀ, ਨਟ, ਇਹ ਪੰਜੇ ਮਿਲਣੇ ਕਰਕੇ 'ਮਾਝ ਰਾਗੁ' ਬਣਦਾ ਹੈ, ਕਈ ਇਸ ਨੂੰ ਰਾਗਣੀ ਕਰਕੇ ਭੀ ਕਹਿੰਦੇ ਹਨ। ਮਾਝੇ ਦੇਸ਼ ਦਾ ਰਾਗ ਹੋਣ ਕਰਕੇ ਇਸ ਦਾ ਨਾਮ ਮਾਝ ਰਾਗ ਹੈ।

ਗਿਆਨੀ ਹਰਬੰਸ ਸਿੰਘ ਜੀ ਨੇ ਵੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਣੇ ਅੰਦਰ, ਮਾਝ ਰਾਗ ਦੇ ਸਬੰਧ ਵਿਚ ਲਿਖਦਿਆਂ ਇਸ ਪ੍ਰਕਾਰ ਕਥਨ ਕੀਤਾ ਹੈ–

ਕਈ ਰਾਗ ਦੇਸੀ ਹੁੰਦੇ ਹਨ, ਜਿਨ੍ਹਾਂ ਦਾ ਵਰਣਨ ਸਬੰਧਤ ਦੇਸ਼ ਦੀ ਰਾਗ ਅਨੁਕ੍ਰਮਣਿਕਾ ਵਿਚ ਤਾਂ ਹੋ ਸਕਦਾ ਹੈ ਪਰ ਸੰਗੀਤ ਦੀਆਂ ਉਪਲਬਧ ਪੁਰਾਤਨ ਰਾਗ ਮਾਲਾਵਾਂ ਵਿਚ ਉਹਨਾਂ ਦਾ ਸ਼ਾਮਲ ਹੋਣਾ ਜ਼ਰੂਰੀ ਨਹੀਂ। ਪੰਜਾਬ ਦੇਸ਼ ਦੇ ਮੱਧ (ਕੇਂਦਰੀ) ਇਲਾਕੇ ਦਾ ਨਾਉਂ 'ਮਾਝਾ' ਪ੍ਰਸਿੱਧ ਹੈ। ਲਾਹੌਰ ਤੇ ਸ੍ਰੀ ਅੰਮ੍ਰਿਤਸਰ ਦੋਵੇਂ ਸ਼ਹਿਰ ਰਾਜਸੀ ਅਤੇ ਸਮਾਜਕ ਕਲਾ ਦੇ ਕੇਂਦਰ ਰਹੇ ਹਨ। ਸ੍ਰੀ ਅੰਮ੍ਰਿਤਸਰ, ਤਰਨਤਾਰਨ, ਗੋਇੰਦਵਾਲ ਸਾਹਿਬ ਅਤੇ ਪਵਿੱਤ੍ਰ ਅਸਥਾਨਾਂ ਵਿਖੇ ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨਿਵਾਸ ਰੱਖਦੇ ਰਹੇ ਅਤੇ ਲੋਕਾਈ ਤਾਈਂ ਨਿਰੰਕਾਰੀ ਸੰਦੇਸ਼ ਪਹੁੰਚਾਉਂਦੇ ਰਹੇ। ਇਸ ਰਾਗ ਵਿਚ ਇਨ੍ਹਾਂ ਤਿੰਨਾਂ ਸਤਿਗੁਰੂ ਸਾਹਿਬਾਨ ਦੇ ਸ਼ਬਦ ਸੰਗ੍ਰਹਿ ਤੋਂ ਇਹ ਨਿਰਣਾ ਉਘੜ ਕੇ ਸਾਹਮਣੇ ਆਉਂਦਾ ਹੈ ਕਿ ਨਿਸਚੇ ਹੀ ਇਸ ਅਨੂਠੇ ਰਸ ਵਾਲਾ ਮੌਲਿਕ ਰਾਗ ਸਤਿਗੁਰਾਂ ਦੀ ਇਕ ਅਮੋਲਕ ਦੇਣ ਹੈ। ਇਸ ਮਾਝ ਰਾਗ ਦਾ ਸਰੂਪ ਅਰੋਹੀ, ਅਵਰੋਹੀ, ਮੁਖ ਅੰਗ ਆਦਿ ਵਿਦਵਾਨਾਂ ਨੇ ਇਸ ਤਰ੍ਹਾਂ ਦਰਸਾਇਆ ਹੈ:–

ਆਰੋਹੀ– ਸ ਰ, ਮ ਪ ਨੀ ਸਂ

ਅਵਰੋਹੀ– ਸਂ ਨੀ਼ ਧ ਪ, ਧ ਮ ਗ ਮ, ਰ ਪ,
ਗੁ, ਰ ਗੁ ਸ ਰ, ਨ਼ੀ ਸ।

ਵਾਦੀ– ਰ, ਸੰਵਾਦੀ– ਪ

ਮੁਖ ਅੰਗ– ਪ, ਧ ਮ ਗ ਮ, ਰ ਪ, ਮ ਗੁ,
ਰ ਗੁ, ਸ ਰ ਨ਼, ਸ।

ਅਤੇ ਬਾਣੀ ਬਿਉਰੇ ਵਿੱਚ 'ਬੁੱਧ ਪ੍ਰਕਾਸ਼ ਦਰਪਨ' ਦਾ ਹਵਾਲਾ ਦੇ ਕੇ ਇਸ ਰਾਗ ਦੀ ਬਣਤਰ ਨੂੰ ਇਸ ਤਰ੍ਹਾਂ ਦਰਸਾਇਆ ਹੈ:–

*"ਸਿਰੀ ਰਾਗ ਮਧੂਮਾਧਵੀ, ਅਰ ਮਲਾਰ ਸੁਰ ਜਾਨ।*
*ਇਨ ਮਿਲਿ ਬਖਾਨਹੀ, ਲੀਜਹੁ ਗੁਨਿ ਜਨ ਮਾਨ।"*

ਗਾਇਣ ਕਰਨ ਦਾ ਸਮਾਂ ਰਾਤ ਦਾ ਪਹਿਲਾ ਪਹਿਰ ਹੈ।

## ੩. ਰਾਗੁ ਗਉੜੀ—

ਇਸ ਸਬੰਧ ਵਿਚ ਨਾਦ ਬਿਨੋਦ ਗ੍ਰੰਥ ਅਤੇ ਸੰਗੀਤ ਰਤਨਾਕਰ ਵਿਚ ਤੇ ਬੁਧ ਪ੍ਰਕਾਸ਼ ਦਰਪਣ ਵਿਚ ਗਉੜੀ ਰਾਗੁ ਦਾ ਸਰੂਪ ਇਸ ਪ੍ਰਕਾਰ ਲਿਖਿਆ ਹੈ :-

ਨਾਦ ਬਿਨੋਦ ਗ੍ਰੰਥ ਵਿਚ ਲਿਖਿਆ ਹੈ, ਗਉੜੀ ਸਿਰੀਰਾਗੁ ਦੀ ਰਾਗਣੀ ਹੈ ਜਿਵੇਂ ਕਿ ਰਾਗ ਮਾਲਾ ਵਿਚ ਲਿਖਿਆ ਹੈ-

*"ਬੈਰਾਰੀ ਕਰਨਾਟੀ ਧਰੀ॥ ਗਵਰੀ ਗਾਵਹਿ ਆਸਾਵਰੀ॥"*

(ਪੰਨਾ ੧੪੩੦)

ਪ੍ਰਭੂ ਦੇ ਸਿਮਰਨ ਨਾਲ ਇਸਦੇ ਗਾਵਣ ਦੀ ਸਫਲਤਾ ਗੁਰੂ ਅਮਰਦਾਸ ਜੀ ਨੇ ਦੱਸੀ ਹੈ।

ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਵਾਕ ਹਨ :-

*"ਗਉੜੀ ਰਾਗਿ ਸੁਲਖਣੀ, ਜੇ ਖਸਮੈ ਚਿਤਿ ਕਰੇਇ॥*
*ਭਾਣੈ ਚਲੈ ਸਤਿਗੁਰੂ ਕੈ, ਐਸਾ ਸੀਗਾਰੁ ਕਰੇਇ॥"*

(ਪੰਨਾ ੩੧੧)

## ਸੰਗੀਤ ਰਤਨਾਕਰ ਵਿਚ—

੧. ਸੁਧਾ ਗੀਤ, ੨. ਭਿੰਨਾ ਗੀਤ, ੩. ਗਉੜੀ ਗੀਤ, ੪. ਬੈਸਰਾ ਗੀਤ, ੫. ਸਾਧਾਰਣ ਗੀਤ, ਇਨ੍ਹਾਂ ਪੰਜਾਂ ਗੀਤਾਂ ਵਿਚੋਂ ਤੀਜਾ ਗਉੜੀ ਗੀਤ ਹੈ।

ਗਉੜੀ ਗੀਤ ਦਾ ਰੂਪ ਇਉਂ ਲਿਖਿਆ ਹੈ। ਜਿਥੇ ਰਾਗੁ ਦੇ ਸੁਰ ਇਕੋ ਜਿਹੇ ਉਚਾਰਨ ਹੋਣ ਤੇ ਮਨ ਨੂੰ ਬੜੇ ਪਿਆਰੇ ਲੱਗਦੇ ਹੋਣ ਅਤੇ ਗੌੜਵ ਦੇਸ਼ ਵਿਚ ਪ੍ਰਸਿੱਧ ਭੀ ਹੋਵਣ, ਉਸਨੂੰ ਗਉੜੀ ਗੀਤ ਕਹਿੰਦੇ ਹਨ।

*ਬੁੱਧ ਪ੍ਰਕਾਸ਼ ਦਰਪਨ:-ਗੌਰੀ ਦਾਦਰ ਸੁਰ ਤੇ ਸੋਧੀ।*
*ਖੋੜਸ ਬਰਖ ਗੌਰ ਤਨ ਅਦਭੁਤ ਪਟ ਬਹੁ ਰੰਗ ਸਮੋਧੀ।*
*ਆਦਿ ਅੰਤ ਮੈ ਜਹਿ ਖਾੜਵ ਸੁਰ ਅਰ ਬਸੰਤ ਮੁਦ੍ਰਾ ਸੌਂ।*

*ਘਰੀ ਚਾਰ ਰਹਿਤੇ ਦਿਨ ਗਾਵੋ ਪਾਂਚ ਤਾਨ ਮਿਲ ਤਾ ਸੋਂ।*
*ਸੁਰ ਬਿਸ੍ਰਾਮ ਅਰ ਘਨਤਕਾਰ ਸੋ, ਅਲਾਪਤ ਸਾਥ ਮਿਲਾਏ।*
*ਬਜਾਨ ਅਲਾਪਤ, ਸੋਧ ਸਭਨ ਬਿਧਿ, ਪਾਂਚ ਤਾਨ ਏ ਪਾਏ।*
*ਸਿਰੀਰਾਗ ਸੋ ਪਰਜ ਮਿਲਾਈ ਤਬ ਗੌਰੀ ਸੁਰ ਜਾਨੀ।*
*ਤਾਕੋ ਨਾਉ ਤਰੌਨੀ ਭਾਖੈਂ ਅਰ ਪੂਰਬੀ ਬਖਾਨੀ।*
*ਔਰ ਨਾਮ ਜਾਕੈ ਬੁਹ ਜੰਪਤ ਤੀਨ ਨਾਮ ਮੈਂ ਜਾਨੀ।*
*ਰੂਪ ਰੇਖ ਸੁਰ ਅੰਬਰ ਮੁੰਦਰਾ ਖੋੜਸ ਬਰਖ ਬਖਾਨੀ।*

ਸੰਪ੍ਰਦਾਈ ਵਿਦਵਾਨ ਗਉੜੀ ੯ ਪ੍ਰਕਾਰ ਦੀ ਕਥਨ ਕਰਦੇ ਆਏ ਹਨ ਪਰ ਕੁਝ ਵਿਦਵਾਨਾਂ ਨੇ ਗਉੜੀ ੧੨ ਪ੍ਰਕਾਰ ਦੀ ਦਰਸਾਈ ਹੈ, ਜੋ ਇਸ ਪ੍ਰਕਾਰ ਹੈ:-

| | |
|---|---|
| ੧. ਗਉੜੀ ਗੁਆਰੇਰੀ | ੨. ਗਉੜੀ |
| ੩. ਗਉੜੀ ਦਖਣੀ | ੪. ਗਉੜੀ ਚੇਤੀ |
| ੫. ਗਉੜੀ ਬੈਰਾਗਣਿ | ੬. ਗਉੜੀ ਦੀਪਕੀ |
| ੭. ਗਉੜੀ ਪੂਰਬੀ ਦੀਪਕੀ | ੮. ਗਉੜੀ ਪੂਰਬੀ |
| ੯. ਗਉੜੀ ਮਾਝ | ੧੦. ਗਉੜੀ ਮਾਲਵਾ |
| ੧੧. ਗਉੜੀ ਮਾਲਾ | ੧੨. ਗਉੜੀ ਸੋਰਠਿ |

ਉਪਰੋਕਤ ਗ੍ਰੰਥਕਾਰਾਂ ਦੇ ਅਨੁਸਾਰ ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਦਸਿਆ ਹੈ ਪਰ ਗੁਰਮਤਿ ਦੇ ਸੰਗੀਤਕਾਰਾਂ ਨੇ ਇਸ ਦਾ ਗਾਉਣ ਸਮਾਂ ਰਾਤ ਦਾ ਪਹਿਲਾ ਪਹਿਰ ਨਿਰਧਾਰਤ ਕੀਤਾ ਹੈ, ਇਹ ਗਉੜੀ ਸੋਰਠਿ ਮੰਨੀ ਹੈ।

## ਰਾਗ ਗਉੜੀ ਗਾਉਣ ਦੀ ਵਿਧੀ ਇਹ ਦੱਸੀ ਹੈ :

ਆਰੋਹੀ- ਸਾ ਰੇ, ਗ ਰੇ, ਮ ਪ ਨੀ ਸਂ

ਅਵਰੋਹੀ- ਸਂ ਨੀ ਧੁ ਪ, ਮ ਗ ਰੁ
ਸ ਨ਼ੀ, ਸ।

ਪਕੜ - ਮ ਧੁ ਪ, ਧੁ ਮ ਪ ਮ ਗ, ਰੁ ਗ ਰੁ ਸ ਨ਼ ਸ

## ੪. ਰਾਗੁ ਆਸਾ—

ਆਸਾ ਰਾਗ ਦੇ ਸਬੰਧ ਵਿਚ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਗੁਰ ਸ਼ਬਦ ਰਤਨਾਕਰ ਮਹਾਨ ਕੋਸ਼ ਵਿਚ 'ਆਸਾ' ਬਾਰੇ ਆਪਣੇ ਵੀਚਾਰਾਂ ਨੂੰ ਪੰਨਾ ੯੧ ਭਾਸ਼ਾ ਵਿਭਾਗ ਪੰਜਾਬ, ਇਸ ਤਰ੍ਹਾਂ ਕਥਨ ਕੀਤਾ ਹੈ :

੩. ਸੰਪੂਰਣ ਜਾਤਿ ਦੀ ਇੱਕ ਦੇਸੀ (ਦੇਸ਼ੀਯ) ਰਾਗਿਨੀ ਜੋ ਅੰਮ੍ਰਿਤ ਵੇਲੇ ਅਲਾਪੀ ਜਾਂਦੀ ਹੈ, ਸਤਿਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਮਹਾਰਾਜ ਦੇ ਸਨਮੁਖ ਅੰਮ੍ਰਿਤ ਵੇਲੇ ਦੇ ਦੀਵਾਨ ਵਿਚ ਆਸਾ ਜੀ ਦੀ ਵਾਰ ਗਾਉਣ ਦੀ ਰੀਤਿ ਚਲਾਈ। ਗੁਰੂ ਅਰਜਨ ਸਾਹਿਬ ਨੇ ਚੌਥੇ ਸਤਿਗੁਰੂ ਦੇ ੨੪ ਛੱਕਿਆਂ ਨੂੰ ੨੪ ਪਉੜੀਆਂ ਨਾਲ ਕੀਰਤਨ ਵਿੱਚ ਸ਼ਾਮਿਲ ਕੀਤਾ। ਹੁਣ ਗੁਰਦੁਆਰਿਆਂ ਵਿੱਚ ਆਸਾ ਦੀ ਵਾਰ ਦਾ ਨਿੱਤ ਕੀਰਤਨ ਹੁੰਦਾ ਹੈ, ''ਗਾਂਇ ਰਬਾਬੀ ਆਸਾ ਵਾਰ'' (ਗੁ.ਪ੍ਰ.ਸੂ.)

ਗੁਰੁਮਤ ਅਨੁਸਾਰ ਸੋਦਰ ਦੀ ਚੌਕੀ ਵੇਲੇ (ਸੰਝ ਸਮੇਂ) ਭੀ ਆਸਾ ਦਾ ਗਾਉਣਾ ਵਿਧਾਨ ਹੈ। ਇਸ ਰਾਗਿਨੀ ਵਿੱਚ ਸਾਰੇ ਸ਼ੁੱਧ ਸੁਰ ਹਨ, ਵਾਦੀ ਰਿਸ਼ਭ, ਸੰਵਾਦੀ ਮੱਧਮ ਅਤੇ ਗ੍ਰਹ ਸੁਰ ਸ਼ੜਜ ਹੈ। ਆਸਾ ਦੀ ਸਰਗਮ ਇਹ ਹੈ,

ਆਰੋਹੀ– ਸ, ਰ ਮ, ਪ, ਧ ਸੰ

ਅਵਰੋਹੀ– ਸੰ ਨ ਧ ਪ, ਮ ਗ ਰ, ਸ ਰ ਗ ਸ।

ਪਕੜ– ਰ, ਮ ਪ, ਧ ਸੰ ਨ ਧ ਪ ਮ, ਗ ਰ ਸ ਰ ਗ ਸ।

ਕਈ ਗ੍ਰੰਥਾਂ ਨੇ ਧੈਵਤ ਨੂੰ ਵਾਦੀ ਸੁਰ ਮੰਨਿਆ ਹੈ, ਐਸੀ ਦਸ਼ਾ ਵਿਚ ਗਾਂਧਾਰ ਸੰਵਾਦੀ ਹੋ ਜਾਂਦਾ ਹੈ। ਇਸ ਦੀ ਆਰੋਹੀ ਤਾਨ ਵਿੱਚ ਗਾਂਧਾਰ ਨਹੀਂ ਲਾਉਣਾ ਚਾਹੀਦਾ, ਅਵਰੋਹੀ ਵਿਚ ਵਰਤਣ ਯੋਗ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਵਿਚ ਆਸਾ ਦਾ ਚੌਥਾ ਨੰਬਰ ਹੈ।

## ੫. ਰਾਗੁ ਗੂਜਰੀ—

ਇਸ ਰਾਗੁ ਬਾਰੇ ਵੱਖ-ਵੱਖ ਲੇਖਕਾਂ ਨੇ ਇਸ ਪ੍ਰਕਾਰ ਦਰਸਾਇਆ ਹੈ :

੧. ਬੁਧ ਪ੍ਰਕਾਸ਼ ਦਰਪਣ ਵਿੱਚ ਇਸ ਗੂਜਰੀ ਰਾਗੁ ਦੇ ਅੱਠ ਭੇਦ ਦਰਸਾਏ ਹਨ :-

੧. ਦੱਖਣੀ ਗੂਜਰੀ, ੨. ਦ੍ਰਾਵੜੀ ਗੂਜਰੀ, ੩. ਗੰਧਾਰ ਗੂਜਰੀ, ੪. ਸੌਰਾਸ਼ਟ੍ਰ ਗੂਜਰੀ, ੫. ਮੰਗਲ ਗੂਜਰੀ, ੬. ਰਾਮਕਲੀ ਗੂਜਰੀ, ੭. ਬਹੁਲਾ ਗੂਜਰੀ, ੮. ਸਿਆਮ ਗੂਜਰੀ। ਇਸ ਨੂੰ ਦੀਪਕ ਰਾਗ ਦੀ ਇਸਤ੍ਰੀ ਲਿਖਿਆ ਹੈ।

੨. ਪੰਡਿਤ ਨਰੈਣ ਸਿੰਘ ਜੀ ਮਜੰਗਾਂ ਵਾਲਿਆਂ ਨੇ ਗੂਜਰੀ ਬਾਰੇ ਜੋ ਜਾਣਕਾਰੀ ਦਿੱਤੀ ਹੈ, ਉਹ ਇਸ ਪ੍ਰਕਾਰ ਹੈ :

ਇਹ ਇਕ ਰਾਗਨੀ ਹੈ, ਸੰਪੂਰਨ ਹੈ, ਅੰਸ ਨਯਾਸ ਇਸ ਦਾ ਧੈਵਤ ਹੈ। ਰਾਮਕਲੀ, ਟੋਡੀ ਤੇ ਬੈਰਾੜੀ ਮਿਲ ਕੇ ਗੂਜਰੀ ਬਣਦੀ ਹੈ, ਦਿਨ ਦੇ ਪਹਿਲੇ ਪਹਿਰ ਗਾਵੀ ਜਾਂਦੀ ਹੈ।

ਨਾਦ ਬਿਨੋਦ ਵਿਚ ਇਸਨੂੰ ਭੈਰੋ ਰਾਗੁ ਦੀ ਇਸਤ੍ਰੀ, ਹਨੁਮੰਤ ਵਿਚ ਮੇਘ ਦੀ ਇਸਤ੍ਰੀ, ਰਾਗ ਮਾਲਾ ਵਿਚ ਦੀਪਕ ਦੀ ਇਸਤ੍ਰੀ ਤੇ ਸਿਵ ਮਤ ਵਿਚ ਸ੍ਰੀ ਰਾਗ ਦੀ ਇਸਤ੍ਰੀ, ਰਾਗਾਵਣ ਦੇ ਮਤ ਵਿਚ ਪੰਚਮ ਰਾਗ ਦੀ ਇਸਤ੍ਰੀ-ਲਿਖਿਆ ਹੈ।

ਕਾਨੂੰਨ ਮੌਸੀਕੀ ਅਤੇ ਸੁਰਤਾਲ ਸਮੂਹ ਵਿਚ ਇਹ ਤਿੰਨ ਤਰ੍ਹਾਂ ਦੀ ਸੁਧ ੧, ਖਟ ੨, ਸਯਾਮ ੩, ਲਿਖੀ ਹੈ।

ਮੌਸਮ ਬਰਖਾ ਰਿਤੁ, ਦੁਪੈਹਰ ਵੇਲੇ ਗਾਵੀ ਜਾਂਦੀ ਹੈ। ਲਲਤ ਅਤੇ ਰਾਮਕਲੀ ਦੇ ਮੇਲ ਤੋਂ ਗੂਜਰੀ ਬਣਦੀ ਹੈ।

ਪਾਸ਼ਟਿਕ ਮਤ ਵਿਚ ਇਸ ਦੇ ਨੌਂ ਭੇਦ ਲਿਖੇ ਹਨ :-

੧. ਮਹਾਰਾਸ਼ਟ੍ਰ ਗੂਜਰੀ ੨. ਦਖਣੀ ਗੂਜਰੀ

੩. ਦ੍ਰਾਵੜੀ ਗੂਜਰੀ ੪. ਉਤਰਾ ਗੂਜਰੀ

੫. ਸੌਰਾਸ਼ਟ੍ਰ ਗੂਜਰੀ ੬. ਮੰਗਲ ਗੂਜਰੀ

੭. ਰਾਮਕਲੀ ਗੂਜਰੀ ੮. ਬਹੁਲਾ ਗੂਜਰੀ

੯. ਸਿਆਮ ਗੂਜਰੀ।

੩. ਰਾਗ ਗੂਜਰੀ ਬਾਰੇ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਸ ਪ੍ਰਕਾਰ ਲਿਖਿਆ ਹੈ :

ਗੂਜਰੀ ਟੋਡੀ ਠਾਟ ਦੀ ਇਕ ਖਾੜਵ ਰਾਗਣੀ ਦੱਸੀ ਹੈ। ਇਸ ਵਿਚ ਪੰਚਮ ਵਰਜਿਤ ਹੈ। ਧੈਵਤ ਵਾਦੀ ਵਿਚ ਰਿਖਭ ਸੰਵਾਦੀ ਹੈ। ਰਿਖਭ, ਗੰਧਾਰ, ਧੈਵਤ, ਕੋਮਲ, ਮੱਧਮ, ਤੀਬਰ, ਨਿਸ਼ਾਦ ਸ਼ੁੱਧ ਹੈ।

ਚਾਰ ਘੜੀ ਦਿਨ ਚੜ੍ਹੇ ਇਸ ਦੇ ਗਾਇਣ ਕਰਨ ਦਾ ਸਮਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਰਾਗ ਮਾਲਾ ਵਿਚ ਪੰਜਵੇਂ ਦੀਪਕ ਰਾਗ ਦੀ ਇਸਤ੍ਰੀ ਲਿਖੀ ਹੈ :

*"ਪੁਨਿ ਆਈ ਦੀਪਕ ਕੀ ਬਾਰੀ॥ ੧॥*<br>
*ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥*<br>
*ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥ ੧॥"*

(ਅੰਗ ੧੪੩੦)

ਗਾਇਨ ਕਰਨ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਦਰਸਾਇਆ ਹੈ।

ਆਰੋਹੀ- ਸ ਰੁ ਗੁ, ਮੰ ਧੁ ਨੀ ਸੰ

ਅਵਰੋਹੀ- ਸੰ ਨੀ ਧੁ, ਮੰ ਗੁ, ਰੁ ਗੁ ਰੁ, ਸ

ਵਾਦੀ- ਧੁ, ਸੰਵਾਦੀ- ਰੁ

ਪਕੜ- ਗੁ ਮੰ ਧੁ ਨ ਧੁ, ਮੰ ਧੁ ਮੰ ਗੁ, ਰੁ, ਗੁ ਰੁ ਸਾ।

## ੬. ਰਾਗੁ ਦੇਵਗੰਧਾਰੀ—

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਛੇਵਾ ਨੰਬਰ ਹੈ। ਰਾਗੁ ਮਾਲਾ ਅੰਦਰ ਇਸ ਨੂੰ ਮਾਲਕੌਂਸ ਰਾਗੁ ਦੀ ਇਸਤਰੀ ਦਰਸਾਇਆ ਹੈ।

***ਦੁਤੀਆ ਮਾਲਕਉਸਕ ਆਲਾਪਹਿ॥***
***ਸੰਗਿ ਰਾਗਨੀ ਪਾਚਉ ਥਾਪਹਿ॥***
***ਗੋਂਡਕਰੀ ਅਰੁ ਦੇਵਗੰਧਾਰੀ॥***

(ਅੰਗ ੧੪੩੦)

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਕਰਤਾ ਮਹਾਨ ਕੋਸ਼ ਨੇ ਦੇਵਗੰਧਾਰੀ ਨੂੰ ਬਿਲਾਵਲ ਠਾਟ ਦੀ ਸੰਪੂਰਨ ਰਾਗਨੀ ਦਸਿਆ ਹੈ। ਇਸ ਨੂੰ ਸ਼ੁੱਧ ਸੁਰ ਲਗਦੇ ਹਨ। ਸ਼ੜਜ ਵਾਦੀ ਅਤੇ ਪੰਚਮ ਸੰਵਾਦੀ ਹੈ। ਗੰਧਾਰ ਦੁਰਬਲ ਹੋ ਕੇ ਲਗਦਾ ਹੈ। ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਨੰਬਰ ਛੇਵਾਂ ਹੈ। ਇਸ ਦੀ ਆਰੋਹੀ ਅਤੇ ਅਵਰੋਹੀ ਇਸ ਤਰ੍ਹਾਂ ਹੈ :

ਆਰੋਹੀ- ਸ ਰ ਮ, ਪ ਧ ਸੰ

ਅਵਰੋਹੀ- ਸੰ ਨ ਧ ਪ, ਮ ਪ ਧੁ ਨੁ ਧੁ ਪ, ਮ ਗ ਰ ਸ।

ਰਾਗੁ ਦੇਵਗੰਧਾਰੀ ਦੇ ਸਬੰਧ ਵਿਚ ਗਿਆਨੀ ਹਰਬੰਸ ਸਿੰਘ ਜੀ ਨੇ ਟੀਕਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਨਿਰਨੇ ਅੰਦਰ ਇਸ ਪ੍ਰਕਾਰ ਕਥਨ ਕੀਤਾ ਹੈ :-

ਦੇਵ ਗੰਧਾਰੀ ਸੰਸਾਰ ਦਾ ਇਕ ਪ੍ਰਸਿੱਧ ਪੁਰਾਤਨ ਰਾਗ ਹੈ ਅਤੇ ਜਟਿਲ ਰਾਗਾਂ ਦੇ ਵਰਗ ਵਿਚ ਆਉਂਦਾ ਹੈ। ਭਾਰਤੀ ਸੰਗਤੀ ਗ੍ਰੰਥਾਂ ਵਿਚ ਇਸ ਨੂੰ ਰਾਗਨੀ ਕਰਕੇ ਦਸਿਆ ਹੈ, ਜੋ ਕਿ ਮਾਲਕੌਂਸ ਦੀ ਇਸਤਰੀ ਹੈ। ਇਹ ਗਉੜੀ ਸ਼ੁੱਧ ਆਸਾਵਰੀ, ਭੈਰੋ ਅਤੇ ਦੇਵਗੰਧਾਰੀ ਦੇ ਮਿਲਾਪ ਤੋਂ ਬਣੀ ਹੈ। ਇਸ ਨੂੰ ਗਾਉਣ ਦਾ ਸਮਾਂ ਦੁਪਹਿਰ ਤੋਂ ਅੱਧੀ ਰਾਤ ਤੱਕ ਦਾ ਹੈ। ਮੌਸਮ ਸਰਦੀ ਦੀ ਰੁੱਤ। ਕਾਲੀ ਨਾਥ ਦੇ ਮੱਤ ਵਿਚ ਇਸ ਨੂੰ ਸਿਰੀਰਾਗੁ ਦੀ ਇਸਤਰੀ ਲਿਖਿਆ ਹੈ। ਨਾਦ ਬਿਨੋਦ ਗ੍ਰੰਥ ਵਿਚ ਇਕ 'ਦੇਵ ਗੰਧਾਰ' ਭੈਰੋ

ਦਾ ਪੁੱਤਰ ਲਿਖਿਆ ਹੈ। ਅੰਸ ਨਯਾਯ ਗ੍ਰਹ ਇਸ ਦਾ ਧੈਵਤ ਹੈ, ਮਧਮ ਕੋਮਲ ਲਗਦਾ ਹੈ, ਸੰਪੂਰਨ ਹੈ— ਟੋਡੀ, ਆਸਾਵਰੀ ਤੇ ਦੇਸੀ—ਤਿੰਨਾਂ ਨੂੰ ਮਿਲਾ ਕੇ ਦੇਵਗੰਧਾਰੀ ਬਣਦਾ ਹੈ ਅਤੇ ਸਵੇਰ ਵੇਲੇ ਗਾਵੀਂਦਾ ਹੈ, ਇਸ ਦਾ ਮੌਸਮ ਗਰਮੀ ਦੀ ਰੁੱਤ ਹੈ।

ਇਹ ਭਾਰਤੀ ਸੰਗੀਤ ਦੇ ਦਸਾਂ ਥਾਟਾਂ ਵਿਚੋਂ ਕਿਸੇ ਦੇ ਅਧੀਨ ਨਹੀਂ ਆਉਂਦਾ। ਇਸ ਦੇ ਬਾਵਜੂਦ ਵੀ ਇਹ ਆਸਾਵਰੀ ਥਾਟ ਦੇ ਅਧੀਨ ਮੰਨਿਆ ਜਾਂਦਾ ਹੈ।

ਜਾਤੀ—ਸੰਪੂਰਣ, ਵਾਦੀ—ਸ਼ੜਜ, ਸੰਵਾਦੀ—ਪੰਚਮ, ਸਮਾਂ—੮ ਤੋਂ ੯ ਵਜੇ ਤੱਕ।

ਗੁਰੂ ਗ੍ਰੰਥ ਸਾਹਿਬ ਸੰਪਾਦਨਾ ਅਤੇ ਬਾਣੀਕਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਾਗ ਦੀ ਤਰਤੀਬ ਅੰਦਰ ਗਾਉਣ ਦਾ ਸਮਾਂ ਦਿਨ ਦੇ ਦੂਜੇ ਪਹਿਰ ਦਸਿਆ ਹੈ।

ਸਿਆਣਿਆਂ ਵਿਦਵਾਨਾਂ ਨੇ ਅਰੋਹੀ ਅਵਰੋਹੀ ਇਸ ਤਰ੍ਹਾਂ ਦਰਸਾਈ ਹੈ :

ਅਰੋਹੀ- ਸ ਰ ਮ, ਪ ਧ ਸਂ

ਅਵਰੋਹੀ- ਸਂ ਨੀ ਧ ਪ, ਮ ਪ ਧੁ ਨੁੀ ਧੁ ਪ,
ਮ ਗ ਰ ਸ।

ਵਾਦੀ- ਮ ਸੰਵਾਦੀ ਸ

ਮੁਖ ਅੰਗ- ਮ ਪ, ਧੁ ਨੁ ਧੁ ਪ, ਮ ਗ ਸ ਰ ਮ।

## ੭. ਰਾਗੁ ਬਿਹਾਗੜਾ—

ਇਸ ਰਾਗੁ ਦੇ ਸਬੰਧ ਵਿਚ ਸੰਤ ਕ੍ਰਿਪਾਲ ਸਿੰਘ ਜੀ ਟੀਕਾ ਸੰਪ੍ਰਦਾਈ ਅਮੀਰ ਭੰਡਾਰ ਵਿਚ ਇਸ ਤਰ੍ਹਾਂ ਲਿਖਦੇ ਹਨ:-

ਬਿਹਾਗੜਾ ਇਕ ਰਾਗੁ ਹੈ, ਕੇਦਾਰੇ ਨਾਲ ਗੌੜੀ ਤੇ ਕੁਝ ਸਯਾਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ। ਕਾਲੀ ਨਾਥ ਦੇ ਮੱਤ ਵਿਚ ਇਸ ਨੂੰ ਭੈਰਵ ਰਾਗੁ ਦੀ ਰਾਗਣੀ ਲਿਖਿਆ ਹੈ ਅਤੇ ਇਹ ਬਿਲਾਵਲੁ ਠਾਟ ਦਾ ਸੰਪੂਰਨ ਰਾਗੁ ਹੈ। ਇਸ ਦੇ ਗਾਉਣ ਦਾ ਵੇਲਾ ਅੱਧੀ ਰਾਤ ਹੈ। ਸੁਰਤਾਲ ਸਮੂਹ ਵਿਚ ਸ੍ਰੀਰਾਗੁ ਦਾ ਪੁਤਰ ਲਿਖਿਆ ਹੈ, ਨਾਦ ਬਿਨੋਦ ਵਿਚ ਇਸ ਦੇ ਦੋ ਭੇਦ ਦਰਸਾਏ ਹਨ। "ਬਿਹਾਗ ਤੇ ਤਾਯਾ ਬਿਹਾਗ ਲਿਖੇ ਹਨ। ਹਿੰਦੀ ਸ਼ਬਦ ਸਾਗਰ ਨੇ ਹਿੰਡੋਲ ਦਾ ਪੁੱਤਰ ਦਸਿਆ ਹੈ, ਭਾਰਤ ਮੱਤ ਵਾਲੇ ਨੇ ਦੀਪਕ ਰਾਗ ਦਾ ਪੁੱਤਰ ਦਸਿਆ ਹੈ। ਇਸ ਦੀ ਅਰੋਹੀ, ਅਵਰੋਹੀ ਇਸ ਤਰ੍ਹਾਂ ਹੈ-

ਆਰੋਹੀ- ਨ਼ੀ ਸ ਗ, ਮ ਪ, ਨੀ ਸਂ।

ਅਵਰੋਹੀ- ਸਂ ਨੀ ਧ ਪ, ਨੁੀ ਧ ਪ, ਧ ਗ ਮ
ਗ, ਰ ਸ।

ਵਾਦੀ- ਗ ਸੰਵਾਦੀ ਨ

ਮੁਖ ਅੰਗ : ਗ ਮ ਪ, ਨੀ ਧ ਪ, ਧ ਗ ਮ ਗ, ਰ ਸ

## ੮. ਰਾਗੁ ਵਡਹੰਸੁ—

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਇਸ ਵਡਹੰਸ ਰਾਗੁ ਦਾ ਅੱਠਵਾਂ ਨੰਬਰ ਹੈ। ਇਹ ਰਾਗੁ ਵਡਹੰਸ ਕਮਾਚ ਠਾਟ ਦਾ ਸੰਪੂਰਨ ਰਾਗ ਹੈ। ਸੰਸਕ੍ਰਿਤ ਗ੍ਰੰਥਾਂ ਵਿਚ ਇਸ ਰਾਗ ਦਾ ਨਾਂ ਵਡ ਹੰਸਿਕਾ ਲਿਖਿਆ ਗਿਆ ਹੈ ਤੇ ਉਸ ਨੂੰ ਰਾਗ ਦੀ ਥਾਂ ਰਾਗਿਣੀ ਮੰਨਿਆ ਗਿਆ ਹੈ। ਵਡਹੰਸ ਰਾਗ ਦੀ ਅਰੋਹੀ ਅਤੇ ਅਵਰੋਹੀ ਇਸ ਪ੍ਰਕਾਰ ਦਰਸਾਈ ਹੈ :-

ਆਰੋਹੀ- ਸਾ ਰੇ ਮ ਪ, ਧ ਨੁ ਪ ਨੀ ਸੰ

ਅਵਰੋਹੀ- ਸਾਂ ਨੀ ਪ, ਧ ਮ, ਗ ਰੇ, ਸ ਨ਼ ਸ

ਵਡਹੰਸ ਰਾਗ ਦੇ ਗਾਉਣ ਦਾ ਸਮਾਂ ਦਿਨ ਦਾ ਦੂਜਾ ਤੇ ਤੀਜਾ ਪਹਿਰ ਦਸਿਆ ਹੈ। ਫਿਰ ਇਸ ਰਾਗ ਵਿਚ ਅੰਕਿਤ ਘੋੜੀਆਂ ਅਤੇ ਅਲਾਹਣੀਆਂ ਜਗਤ ਪ੍ਰਸਿੱਧ ਬਾਣੀਆਂ ਹਨ। ਦੱਖਣੀ ਸੰਗੀਤ ਪੱਧਤੀ ਦੇ ਰਾਗਾਂ ਵਿੱਚੋਂ ਬਿਲਾਵਲ ਦੱਖਣੀ ਅਤੇ ਮਾਰੂ ਦੱਖਣੀ ਵਾਂਗੂ ਵਡਹੰਸੁ ਦੱਖਣੀ ਵੀ ਦਰਜ ਹੈ। ਇਸ ਦੇ ਗਾਉਣ ਦਾ ਸਮਾਂ ਦੁਪਹਿਰ ਵੇਲੇ ਜਾਂ ਰਾਤ ਦੇ ਦੂਜੇ ਪਹਿਰ ਦਸਿਆ ਹੈ।

## ੯. ਰਾਗੁ ਸੋਰਠਿ—

ਸੰਪ੍ਰਦਾਈ ਵਿਦਵਾਨ ਇਸ ਨੂੰ ਇਕ ਰਾਗਨੀ ਦੱਸਦੇ ਹਨ, ਪਰ ਮਹਾਨ ਕੋਸ਼ ਦੇ ਕਰਤਾ ਜੀ ਨੇ ਇਸਨੂੰ ਰਾਗੁ ਦਸਿਆ ਹੈ। ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿਚ ਸੋਰਠਿ ਦੀ ਜਾਣਕਾਰੀ ਇਸ ਪ੍ਰਕਾਰ ਦਿੱਤੀ ਹੈ :-

ਇਹ ਕਮਾਚ ਜਾਤ ਦਾ ਔੜਵ ਸੰਪੂਰਣ ਰਾਗ ਹੈ ਅਰਥਾਤ ਆਰੋਹੀ ਵਿਚ ਪੰਜ ਸੁਰ ਅਤੇ ਅਵਰੋਹੀ ਵਿਚ ਸੱਤ। ਇਸ ਵਿਚ ਗਾਂਧਾਰ ਦੁਰਲਭ ਹੈ। ਰਿਖਭ ਵਾਦੀ ਅਤੇ ਧੈਵਤ ਸੰਵਾਦੀ ਹੈ। ਆਰੋਹੀ ਗਾਂਧਾਰ ਧੈਵਤ ਵਰਜਿਤ ਹਨ। ਨਿਸ਼ਾਦ ਸ਼ੁੱਧ ਅਤੇ ਅਵਰੋਹੀ ਵਿਚ ਕੋਮਲ ਹੈ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ।

ਆਰੋਹੀ- ਸ ਰ, ਮ ਪ, ਨ ਸੰ

ਅਵਰੋਹੀ- ਸੰ ਰੰ ਨੁ ਧ, ਮ ਪ ਧ ਮਰੇ ਨ਼ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਉਚਾਰਨ ਕੀਤੀ ਸੋਰਠਿ ਦੀ ਵਾਰ ਵਿਚ ਪਹਿਲੇ ਗੁਰਦੇਵ ਦੇ ਬਚਨ ਇਸ ਪ੍ਰਕਾਰ ਹਨ: 'ਰਾਗੁ ਸੋਰਠਿ ਵਾਰ ਮਹਲੇ ੪ ਕੀ' ਵਿਚ ਜਿਥੇ 'ਸੋਰਠਿ ਸਦਾ ਸੁਹਾਵਣੀ' ਦਸਿਆ ਅਤੇ 'ਸੋਰਠਿ ਤਾਮਿ ਸੋਹਾਵਣੀ' ਕਿਹਾ ਹੈ (ਪੰਨਾ ੬੪੨) ਤੇ ਇਸ ਦੀ ਸੁੰਦਰਤਾ ਵਾਲੇ ਗੁਣਾਂ ਤੋਂ ਜਾਣੂ ਕਰਾਇਆ ਹੈ, ਉਥੇ 'ਸਲੋਕ ਵਾਰਾਂ ਤੇ ਵਧੀਕ' ਵਿਚ ਵੀ

***''ਸੋਰਠਿ ਸੋ ਰਸੁ ਪੀਜੀਐ, ਕਬਹੂ ਨ ਫੀਕਾ ਹੋਇ॥***
***ਨਾਨਕ ਰਾਮ ਨਾਮ ਗੁਨ ਗਾਈਅਹਿ, ਦਰਗਹ ਨਿਰਮਲ ਸੋਇ॥''***

(ਅੰਗ ੧੪੨੫)

ਕਹਿ ਕੇ ਇਸ ਰਾਗ ਦੀ ਸਿਫ਼ਤ ਕੀਤੀ ਹੈ। ਸੋਰਠਿ ਨੂੰ ਰਾਗ ਮਾਲਾ ਵਿਚ ਮੇਘ ਰਾਗੁ ਦੀ ਇਸਤਰੀ ਕਥਨ ਕੀਤਾ ਹੈ:

***''ਖਸਟਮ ਮੇਘ ਰਾਗ ਵੈ ਗਾਵਹਿ॥ ਪਾਂਚਉ ਸੰਗਿ ਬਰੰਗਨ ਲਾਵਹਿ॥***
***ਸੋਰਠਿ ਗੋਂਡ ਮਲਾਰੀ ਧੁਨੀ॥ ਪੁਨਿ ਗਾਵਹਿ ਆਸਾ ਗੁਨਿ ਗੁਨੀ॥''***

(ਅੰਗ ੧੪੩੦)

ਇਹ ਸਿਧਵੀ ਕਾਨੜਾ ਕਾਫ਼ੀ ਤੇ ਮਲਾਰ ਦੇ ਮੇਲ ਤੋਂ ਬਣਦੀ ਹੈ।

## ੧੦. ਰਾਗੁ ਧਨਾਸਰੀ—

ਧਨਾਸਰੀ ਰਾਗ ਦੇ ਸਬੰਧ ਵਿਚ ਵੱਖ-ਵੱਖ ਲੇਖਕਾਂ ਨੇ ਇਸ ਪ੍ਰਕਾਰ ਜ਼ਿਕਰ ਕੀਤਾ ਹੈ: ਪਹਿਲਾਂ ਡਾ. ਸਰੂਪ ਸਿੰਘ ਅਲੱਗ ਜੋ ਪ੍ਰਸਿੱਧ ਲੇਖਕ ਹਨ, ਜਿੰਨ੍ਹਾਂ ਦੀਆਂ ਭੇਟਾ ਰਹਿਤ ਅਨਗਿਣਤ ਪੁਸਤਕਾਂ ਉਪਲਬੱਧ ਹਨ। ਧਨਾਸਰੀ ਰਾਗੁ ਦੇ ਸਬੰਧ ਵਿਚ ਅਲੱਗ ਸਾਹਿਬ ਜੀ ਨੇ ਇਸ ਪ੍ਰਕਾਰ ਜ਼ਿਕਰ ਕੀਤਾ ਹੈ:

***''ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥''***

(ਅੰਗ ੧੪੧੯)

ਅਕਾਲਪੁਰਖ ਦੀ ਆਰਤੀ ਕਰਨ ਲਈ ਗਾਇਆ ਗਿਆ ਗੁਰੂ ਨਾਨਕ ਦੇਵ ਜੀ ਦਾ ਵਿਸ਼ਵ ਪ੍ਰਸਿੱਧ ਸ਼ਬਦ ''ਗਗਨ ਮੈ ਥਾਲੁ....'' ਰਾਗ ਧਨਾਸਰੀ ਵਿਚ ਹੀ ਗਾਇਆ ਗਿਆ ਹੈ। ਬਾਕੀ ਭਗਤਾਂ ਦੇ ਆਰਤੀ ਦੇ ਸ਼ਬਦ ਵੀ ਇਸੇ ਰਾਗ ਵਿਚ ਹਨ। ਇਹ ਧੰਨਵਾਨ ਰਾਗ ਹੈ, ਜਿਸ ਨੂੰ ਸੁੱਚੀਆਂ ਆਤਮਾਵਾਂ ਨੇ ਅਕਾਲਪੁਰਖ ਦੀ ਧੰਨਤਾ ਲਈ ਪ੍ਰਯੋਗ ਵਿਚ ਲਿਆਂਦਾ ਹੈ। ਭਾਵੇਂ ਰਾਜੇ ਮਹਾਰਾਜਿਆਂ ਲਈ ਇਹ ਐਸ਼, ਅਨੰਦ ਦਾ ਰਾਗ ਹੈ ਜੋ ਸ਼ਾਮ ਵੇਲੇ ਗਾਇਆ ਜਾਂਦਾ ਹੈ।

ਵੰਨਗੀ—

*"ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ॥ ਪੂਰੈ ਸਤਿਗੁਰਿ ਦੀਆ ਦਿਖਾਇ॥*
*ਅਪੁਨੇ ਸਤਿਗੁਰ ਕਉ ਸਦ ਬਲਿ ਜਾਈ॥ ਗੁਰ ਕਿਰਪਾ ਤੇ ਹਰਿ ਮੰਨਿ ਵਸਾਈ॥ ੧॥*
*ਸੇ ਧਨਵੰਤ ਹਰਿ ਨਾਮਿ ਲਿਵ ਲਾਇ॥*
*ਗੁਰਿ ਪੂਰੈ ਹਰਿ ਧਨੁ ਪਰਗਾਸਿਆ*
*ਹਰਿ ਕਿਰਪਾ ਤੇ ਵਸੈ ਮਨਿ ਆਇ॥ ਰਹਾਉ॥"*

(ਅੰਗ ੬੬੩)

ਧਨਾਸਰੀ ਰਾਗ ਦੀ ਬਣਤਰ ਇਸ ਪ੍ਰਕਾਰ ਹੈ :-

ਆਰੋਹੀ- ਸ ਨ਼ ਸ ਗੁ ਮ ਪ, ਨੁੀ ਸੰ

ਅਵਰੋਹੀ- ਸੰ ਨੁੀ ਧ ਪ, ਮ ਪ ਗੁ ਰ ਸ

ਵਾਦੀ- ਪ ਸੰਵਾਦੀ ਸ

ਮੁਖ ਅੰਗ- ਨੁੀ ਸ, ਗੁ ਮ ਪ, ਨੁੀ ਧ ਪ, ਮ ਪ ਗੁ, ਰ ਸ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਮਹਾਨ ਕੋਸ਼ ਵਿੱਚ ਇਸ ਰਾਗ ਦੀ ਆਰੋਹੀ ਤੇ ਅਵਰੋਹੀ ਨੂੰ ਇਉਂ ਨਿਰਪੂਣ ਕੀਤਾ ਹੈ :-

ਆਰੋਹੀ- ਸ ਰ ਗ ਮ ਪ ਧ ਨ

ਅਵਰੋਹੀ- ਨ ਧ ਪ ਮ ਗ ਰ ਸ।

ਸੋ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਦੇ ਕੋਸ਼ ਅਨੁਸਾਰ 'ਧਨਾਸਰੀ' ਰਾਗਣੀ ਗੁਰਮਤਿ ਸੰਗੀਤ ਵਿਚ ਮਾਲਕੌਂਸ ਦੀ ਰਾਗਨੀ ਹੈ, ਜੇਹਾ ਕਿ 'ਧਨਾਸਰੀ ਏ ਪਾਚਉ ਗਾਈ॥ ਮਾਲ ਰਾਗ ਕਉਸਕ ਸੰਗਿ ਲਾਈ॥' ਆਸਾਵਰੀ ਤੇ ਮਾਰਵਾ ਮਿਲ ਕੇ ਮਾਲਕੌਂਸ ਦੀ ਛਾਇਆ ਸਮੇਤ ਹੈ। ਇਹ ਵਿਸ਼ੇਸ਼ ਕਰਕੇ ਸਰਦੀਆਂ ਦੇ ਮੌਸਮ ਵਿਚ ਗਾਈ ਜਾਂਦੀ ਹੈ। ਟੋਡੀ, ਆਸਾਵਰੀ ਤੇ ਮਾਰਵਾ ਤਿੰਨ ਮਿਲ ਕੇ ਧਨਾਸਰੀ ਬਣੀ ਹੈ। ਇਸ ਦਾ ਸੁਭਾਅ ਵਿਜੋਗਮਈ ਅਥਵਾ ਉਦਾਸੀਨਤਾ ਵਾਲਾ ਹੈ।

## ੧੧. ਰਾਗੁ ਜੈਤਸਰੀ—

ਜੈਤਸਰੀ ਰਾਗੁ ਵਿਚ ਗੁਰੂ ਰਾਮਦਾਸ ਜੀ ਸੋਢੀ ਪਾਤਸ਼ਾਹ ਜੀ ਤੋਂ ਬਿਨਾਂ ਗੁਰੂ ਅਰਜਨ ਦੇਵ ਜੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਹੈ। ਭਗਤਾਂ ਵਿਚੋਂ ਭਗਤ ਰਵਿਦਾਸ ਜੀ ਦੀ ਬਾਣੀ ਅੰਕਿਤ

ਹੈ। ਨਾਦ ਬਿਨੋਦ ਨੇ ਰਾਗਣੀ ਕਰਕੇ ਇਸ ਨੂੰ ਲਿਖਿਆ ਹੈ। ਭਾਈ ਕਾਨ੍ਹ ਸਿੰਘ ਜੀ ਨੇ ਸੰਸਕ੍ਰਿਤੀ ਦੇ ਹਵਾਲੇ ਨਾਲ ਜੈ ਸ੍ਰੀ, ਜੈਤਸਿਰੀ ਕਰਕੇ ਲਿਖਿਆ। ਇੰਨ੍ਹਾਂ ਦਾ ਕਥਨ ਅੱਗੇ ਦਰਸਾਇਆ ਹੈ। ਨਾਦ ਬਿਨੋਦ ਵਿਚ ਇਸ ਨੂੰ ਖਾੜਵ ਜਾਤੀ ਦੀ ਰਾਗਣੀ ਲਿਖਿਆ ਹੈ, ਧਨਾਸਰੀ, ਧਾਨੀ ਤੇ ਮਾਲ ਸਿਰੀ ਮਿਲ ਕੇ ਬਣਦੀ ਹੈ। ਤੀਜੇ ਪਹਿਰ ਤੋਂ ਪਿਛੋਂ ਗਾਈ ਜਾਂਦੀ ਹੈ।

ਇਹ ਪੂਰਬੀ ਠਾਟ ਦੀ ਔੜਵ ਸੰਪੂਰਨ ਰਾਗਣੀ ਹੈ। ਆਰੋਹੀ ਵਿਚ ਰਿਖਭ ਅਤੇ ਧੈਵਤ ਵਰਜਿਤ ਹਨ, ਬਾਕੀ ਸੁਰ ਸ਼ੁੱਧ ਲੱਗਦੇ ਹਨ। ਇਸ ਨੂੰ ਗਾਉਣ ਦਾ ਵੇਲਾ ਚੌਥਾ ਪਹਿਰ ਹੈ। ਭਾਈ ਕਾਨ੍ਹ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਇਸ ਰਾਗ ਦੇ ਸੰਸਕ੍ਰਿਤ ਲਿਖਤਾਂ ਵਿਚ ਜੈ ਸ੍ਰੀ, ਜੈਤਸਿਰੀ, ਜਯਤਿਸ੍ਰੀ ਆਦਿ ਨਾਵਾਂ ਦਾ ਵਰਨਣ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਸ ਰਾਗ ਨੂੰ ਜੈਤਸਰੀ ਲਿਖਿਆ ਗਿਆ ਹੈ। ਗਾਉਣ ਦਾ ਸਮਾਂ ਕਿਸੇ ਤੀਜੇ ਪਹਿਰ, ਕਿਸੇ ਚੌਥੇ ਪਹਿਰ ਲਿਖਿਆ ਹੈ। ਸੁਰਤਾਲ ਸਮੂਹ ਵਿਚੋਂ ਇਸਨੂੰ ਮਾਲਕੌਂਸ ਦੀ ਨੂੰਹ ਕਰਕੇ ਲਿਖਿਆ ਹੈ। ਇਸ ਦੀ ਆਰੋਹੀ ਤੇ ਅਵਰੋਹੀ, ਵਾਦੀ ਤੇ ਮੁਖ ਅੰਗ ਇਸ ਪ੍ਰਕਾਰ ਹਨ :-

ਆਰੋਹੀ- ਸ ਗ, ਮ॑ ਪ, ਮ॑ ਧੁ ਪ ਨ ਸੰ।

ਅਵਰੋਹੀ- ਸੰ ਨੀ ਧੁ ਪ, ਮ॑ ਗ, ਮ॑ ਗ ਰੁ ਸ।

ਵਾਦੀ- ਗ ਸੰਵਾਦੀ ਨੀ

ਮੁਖ ਅੰਗ- ਸ ਗ, ਪ, ਮ॑ ਧੁ ਪ, ਮ॑ ਗ ਮ॑ ਗ ਰੁ ਸ।

## ੧੨. ਰਾਗ ਟੋਡੀ—

ਰਾਗੁ ਟੋਡੀ ਬਾਰੇ ਸੰਗੀਤਕਾਰ ਗ੍ਰੰਥਾਂ ਦੇ ਲੇਖਕਾਂ ਦੇ ਵੱਖ-ਵੱਖ ਵਿਚਾਰ ਹਨ। ਇਹ ਵਿਚਾਰ ਨਾਦ ਬਿਨੋਦ, ਸੁਰਤਾਲ ਸਮੂਹ ਤੇ ਬੁਧ ਪ੍ਰਕਾਸ਼ ਦਰਪਣ, ਸ਼ਿਵਮਤ ਤੇ ਸਾਰਸੁਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਰਾਗੁ ਮਾਲਾ ਅੰਦਰ ਇਸ ਪ੍ਰਕਾਰ ਆਏ ਹਨ। ਨਾਦ ਬਿਨੋਦ ਵਿਚ ਇਹ ਭੈਰੋ ਦੀ ਇਸਤ੍ਰੀ, ਸੁਰ ਤਾਲ ਸਮੂਹ ਵਿਚ ਮਾਲਕੌਂਸ ਦੀ ਇਸਤ੍ਰੀ, ਬੁਧ ਪ੍ਰਕਾਸ਼ ਦਰਪਣ ਵਿਚ ਦੀਪਕ ਦੀ ਇਸਤ੍ਰੀ, ਸ਼ਿਵਮਤ ਤੇ ਸਾਹਸਤੀ ਦੇ ਮਤ ਵਿਚ ਬਸੰਤ ਦੀ ਇਸਤ੍ਰੀ ਅਤੇ ਰਾਗ ਮਾਲਾ ਵਿਚ ਇਸ ਨੂੰ 'ਦੀਪਕ' ਦੀ ਇਸਤ੍ਰੀ ਦਸਿਆ ਹੈ :-

***"ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥***
***ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥"***

(ਪੰਨਾ ੧੪੩੦)

ਗਿਆਨੀ ਹਰਬੰਸ ਸਿੰਘ ਜੀ ਨੇ ਇਸ ਰਾਗੁ ਦਾ ਗਾਉਣ ਦਾ ਸਮਾਂ ਤੇ ਆਰੋਹੀ, ਅਵਰੋਹੀ ਦੀ ਪਕੜ ਇਸ ਤਰ੍ਹਾਂ ਦਿੱਤੀ ਹੈ। ਇਸ ਰਾਗ ਵਿਚ ਰਿਖਬ, ਗੰਧਾਰ, ਧੈਵਤ, ਕੋਮਲ, ਮਧਮ ਤੀਬਰ, ਬਾਕੀ ਸੁਰ

ਸ਼ੁੱਧ ਲੱਗਦੇ ਹਨ। ਆਰੋਹੀ ਵਿਚ ਪੰਚਮ ਵਰਜਿਤ ਹੈ।

ਜਾਤ-ਸੰਪੂਰਣ। ਵਾਦੀ-ਧੈਵਤ। ਸੰਵਾਦੀ-ਗੰਧਾਰ।

ਗਾਉਣ ਦਾ ਸਮਾਂ ਦਿਨ ਦਾ ਦੂਜਾ ਪਹਿਰ।

ਆਰੋਹੀ- ਸ ਰੁ ਗੁ, ਮ ਪ, ਮ ਧੁ ਨ ਸਂ।

ਅਵਰੋਹ- ਸਂ ਨੀ ਧੁ ਪ, ਮੇ ਧੁ ਮੇ ਗੁ, ਰੁ ਗੁ, ਰੁ, ਸ।

ਪਕੜ- ਧ਼ੁ ਨ਼ ਸ, ਰੁ ਗੁ, ਮ ਰੁ ਗੁ, ਰੁ, ਸ।

## ੧੩. ਰਾਗ ਬੈਰਾੜੀ—

ਬੈਰਾੜੀ ਰਾਗ ਦੇ ਸਬੰਧ ਵਿਚ ਵੱਖ-ਵੱਖ ਵਿਚਾਰ ਇਸ ਪ੍ਰਕਾਰ ਅੰਕਿਤ ਹਨ :

ਬੁਧ ਪ੍ਰਕਾਸ਼ ਦਰਪਣ ਵਿਚ ਇਸਨੂੰ ਦੀਪਕ ਦੀ ਨੂੰਹ ਅਤੇ ਸੁਰਤਾਲ ਸਮੂਹ ਅੰਦਰ ਭੈਰਉ ਦੀ ਇਸਤ੍ਰੀ, ਸ਼ਿਵਮੱਤ ਵਿਚ ਬਸੰਤ ਦੀ ਰਾਗਣੀ, ਸਿਧ ਸਾਰਸੁਤ ਵਿਚ ਮਾਲਕੌਂਸ ਦੀ ਰਾਗਣੀ ਤੇ ਕਾਲ ਨਾਥ ਨੇ ਪੰਚਮ ਦੀ ਰਾਗਣੀ ਦਸਿਆ ਹੈ।

ਗਾਉਣ ਦਾ ਸਮਾਂ ਤੀਸਰਾ ਪਹਿਰ ਹੈ। ਇਸ ਦੀ ਆਰੋਹੀ, ਅਵਰੋਹੀ, ਵਾਦੀ, ਸੰਵਾਦੀ ਤੇ ਮੁਖ ਅੰਗ ਇਸ ਪ੍ਰਕਾਰ ਹਨ :-

ਆਰੋਹੀ- ਨ਼ੀ ਰੁ ਗ ਪ, ਮੇ ਗ, ਮੇ ਧ ਸਂ

ਅਵਰੋਹੀ- ਸ, ਰੁਂ ਨੀ ਪ, ਪ ਧ ਗ, ਮੇ ਧ, ਮੇ ਗ, ਪ ਗ, ਰੁ ਸ।

ਵਾਦੀ- ਗ, ਸੰਵਾਦੀ- ਧ

ਮੁਖ ਅੰਗ- ਪ ਧ ਗ ਮੇ ਧ ਮੇ ਗ, ਰੁ ਗ, ਮੇ ਗ ਰੇ ਸ।

## ੧੪. ਰਾਗੁ ਤਿਲੰਗ—

ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗੁ ਮਾਲਾ ਅੰਦਰ ਹਿੰਡੋਲ ਦੀ ਰਾਗਣੀ ਕਰਕੇ ਲਿਖਿਆ ਹੈ :

*"ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ॥*
*ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ॥੧॥*
*ਤੇਲੰਗੀ ਦੇਵਕਰੀ ਆਈ॥ ਬਸੰਤੀ ਸੰਦੂਰ ਸੁਹਾਈ॥੧॥"*

(ਅੰਗ ੧੪੩੦)

ਇਹ ਖਾਡਵ ਜਾਤੀ ਦੀ ਰਾਗਣੀ ਹੈ, ਜੋ ਸ਼ੁੱਧ ਸੰਕੀਰਨ ਹੈ। ਇਹ ਰਾਗਣੀ ਤਿੰਨਾਂ ਦੇ ਸੁਮੇਲ ਤੋਂ ਬਣਦੀ ਹੈ। ਸਿਰੀਰਾਗੁ, ਕਾਨੜਾ ਤੇ ਭੈਰੋ ਮਿਲਕੇ ਤਿਲੰਗੀ ਬਣਦੀ ਹੈ। ਇਸ ਦੀ ਆਰੋਹੀ, ਅਵਰੋਹੀ, ਵਾਦੀ, ਸੰਵਾਦੀ, ਮੁੱਖ ਅੰਗ ਇਸ ਪ੍ਰਕਾਰ ਹਨ :-

ਆਰੋਹੀ- ਸ, ਗ ਮ ਪ, ਨੀ ਸਂ

ਅਵਰੋਹੀ- ਸਂ ਨੁੀ ਪ, ਮ ਗ ਸ।

ਵਾਦੀ- ਗ, ਸੰਵਾਦੀ- ਨੀ

ਮੁਖ ਅੰਗ- ਗ ਮ ਪ, ਨੁੀ ਪ, ਗ ਮ ਗ ਸ।

ਗੁਰਮਤਿ ਸੰਗੀਤ ਵਿਚ ਹਿੰਡੋਲ ਦੀ ਰਾਗਣੀ ਹੈ, ਗਿਆਨ, ਗੋਰੀ, ਪੂਰਬੀ ਦੇ ਮੇਲ ਤੋਂ ਬਣਦੀ ਹੈ। ਹਿੰਡੋਲ ਦੀ ਛਾਇਆ ਸਮੇਤ ਹੈ। ਪਰੰਤੂ ਹੋਰਨਾਂ ਮਤਾਂ ਵਿਚ ਤੇ ਸੁਰਤਾਲ ਸਮੂਹ ਵਿਚ ਮੇਘ ਦੀ ਰਾਗਣੀ ਲਿਖੀ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਵੀਰ ਸਿੰਘ, ਪੰਨਾ ੩੨੩)

## ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ-

੧. ਤਿਲੰਗ ਦਾ ਨਾਮ ਸੰਸਕ੍ਰਿਤ ਗ੍ਰੰਥਾਂ ਵਿਚ ਤ੍ਰਿਕਲਿੰਗ ਅਤੇ ਤ੍ਰਿਲਿੰਗ ਭੀ ਹੈ। ਇਕ ਦੱਖਣੀ ਦੇਸ਼ ਜੋ ਸ੍ਰੀ ਸ਼ੈਲ ਤੋਂ ਚੋਲ ਰਾਜਯ ਦੇ ਮੱਧ ਤੀਕ ਹੈ। ਇਸ ਨਾਮ ਦਾ ਕਾਰਨ ਇਹ ਹੈ ਕਿ ਇਸ ਵਿਚ ਸ੍ਰੀ ਸ਼ੈਲ, ਕਾਲੇਸ਼੍ਵਰ ਅਤੇ ਭੀਮੇਸ਼੍ਵਰ ਨਾਮਕ ਤਿੰਨ ਪਹਾੜ ਹਨ, ਜਿਨ੍ਹਾਂ ਉਪਰ ਤਿੰਨ ਸ਼ਿਵਲਿੰਗ ਹਨ।

੨. ਬਿਲਾਵਲ ਠਾਟ ਦਾ ਇਕ ਔੜਵ ਰਾਗ। ਇਸ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਬਾਕੀ ਸਾਰੇ ਸ਼ੁੱਧ ਹਨ। ਨਿਸ਼ਾਦ ਅਤੇ ਪੰਚਮ ਦਾ ਇਸ ਵਿਚ ਸੰਗਠਤ ਹੈ। ਵਾਦੀ ਸੁਰ ਗਾਂਧਾਰ ਅਤੇ ਨਿਸ਼ਾਦ ਸੰਵਾਦੀ ਹੈ। ਗਾਉਣ ਦਾ ਵੇਲਾ ਦਿਨ ਦਾ ਤੀਜਾ ਪਹਿਰ ਹੈ।

ਆਰੋਹੀ- ਸ, ਗ ਮ ਪ, ਨ ਸਂ

ਅਵਰੋਹੀ- ਸਂ ਨੁ ਪ, ਮ ਗ ਸ

ਕਿਤਨਿਆਂ ਨੇ ਇਸ ਵਿਚ ਧੈਵਤ ਸੁਰ ਲਾ ਕੇ ਸਾੜਵ ਮੰਨਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਚੌਦਵਾਂ ਨੰਬਰ ਹੈ।

(ਮਹਾਨ ਕੋਸ਼ ਭਾਸ਼ਾ ਵਿਭਾਗ, ਪੰਨਾ ੫੯੩)

## ੧੫. ਰਾਗੁ ਸੂਹੀ—

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਅਨੁਸਾਰ ਇਕ ਰਾਗਣੀ ਜਿਸ ਨੂੰ ਸੂਹਾ ਭੀ ਆਖਦੇ ਹਨ। ਇਹ ਕਾਫ਼ੀ ਠਾਟ ਦੀ ਸਾੜਵ ਰਾਗਣੀ ਹੈ। ਇਸ ਵਿਚ ਧੈਵਤ ਵਰਜਿਤ ਹੈ, ਸੂਹੀ ਨੂੰ ਗਾਂਧਾਰ ਅਤੇ ਨਿਸ਼ਾਧ ਕੋਮਲ, ਬਾਕੀ ਸ਼ੁੱਧ ਸੁਰ ਹਨ। ਵਾਦੀ ਮਧਮ ਅਤੇ ਸੜਜ ਸੰਵਾਦੀ ਹੈ, ਗਾਉਣ ਦਾ ਵੇਲਾ ਦੋ (ਘੜੀ ਦਿਨ ਚੜ੍ਹੇ ਹੈ)

ਆਰੋਹੀ- ਸ ਰ ਗ ਮ, ਪ ਨ ਧ ਨ ਸं

ਅਵਰੋਹੀ- ਸं ਨੁ ਧ ਪ, ਮ ਗ, ਰੇ ਗ ਰੇ ਸਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਦਾ ਪੰਦਰ੍ਹਵਾਂ ਨੰਬਰ ਹੈ। ਸਿਆਣੇ ਸੰਗੀਤਕਾਰਾਂ ਨੇ ਆਰੋਹੀ, ਅਵਰੋਹੀ, ਵਾਦੀ, ਸੰਵਾਦੀ ਤੇ ਮੁਖ ਅੰਗ ਇਹ ਦਰਸਾਏ ਹਨ:

ਅਰੋਹੀ- ਸ ਰ ਗ ਮ, ਪ ਨੀ ਧ ਨੀ ਸं

ਅਵਰੋਹੀ- ਸੰ ਨੀ ਧ ਪ, ਮ ਗ, ਰ ਗ ਰ ਸ।

ਵਾਦੀ- ਪ ਸੰਵਾਦੀ- ਸ

ਮੁਖ ਅੰਗ- ਸं, ਨੁ ਪ, ਮ ਗ ਰ ਗ, ਮ ਗ ਰੇ ਸਾ

ਗੁਰਮਤ ਸੰਗੀਤ ਵਿਚ ਮੇਘ ਰਾਗ ਦੀ ਰਾਗਣੀ ਸੂਹਬੀ ਹੈ ਜਿਹਾ ਕਿ "ਉਚੈ ਸੁਰਿ ਸੂਹਉ ਪੁਨਿ ਕੀਨੀ"। ਭੈਰਵੀ, ਸਿਰੀਰਾਗੁ, ਕਾਨੜਾ, ਸਾਰੰਗ ਦੇ ਮੇਲ ਤੋਂ ਸੂਹਬੀ ਹੁੰਦੇ ਹਨ, ਮੇਘ ਦੀ ਛਾਇਆ ਸਮੇਤ ਹੈ। ਪਰੰਤੂ ਹੋਰਨਾਂ ਮਤਾਂ ਵਿਚ ਭੈਰਵ ਦੀ ਨੂੰਹ ਲਿਖੀ ਹੈ ਤੇ ਦਿਨ ਨੂੰ ਤੀਜੇ ਪਹਿਰ ਗਾਈ ਜਾਂਦੀ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਵੀਰ ਸਿੰਘ ਜੀ, ਪੰਨਾ ੭੫੭)

## ੧੬. ਰਾਗੁ ਬਿਲਾਵਲੁ—

ਗੁਰਮਤਿ ਸੰਗੀਤ ਅਨੁਸਾਰ ਭੈਰਵ ਦਾ ਪੁੱਤਰ ਹੈ। ਯਥਾ-'ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ॥ (ਅੰਗ ੧੪੩੦) ਦੇਵਗਿਰੀ ਤੇ ਸੁਘਰਵੀ ਮਿਲ ਕੇ ਬਿਲਾਵਲੁ ਹੁੰਦੇ ਹਨ, ਪਰੰਤੂ ਹੋਰਨਾਂ ਮਤਾਂ ਵਿਚ ਬਿਲਾਵਲੀ ਰਾਗਨੀ ਨੂੰ ਕਈ ਬਿਲਾਵਲ ਮੰਨਦੇ ਹਨ ਜੋ ਗ਼ਲਤ ਹੈ। ਹਾਂ, ਬਿਲਾਵਲੀ ਭਰਤ ਮੱਤ ਵਿਚ ਭੈਰਵ ਦੀ ਨੂੰਹ ਹੈ, ਹਨੂਮਾਨ ਮੱਤ ਵਿਚ ਹਿੰਡੋਲ ਦੀ ਰਾਗਨੀ ਮੰਨੀ ਹੈ। ਇਸ ਵਿਚ ਦੱਖਣੀ ਅਤੇ ਮੰਗਲ ਮੇਲ ਕੇ ਗੁਰਮਤਿ ਸੂਚਨਾ ਹੈ, ਹੋਰਨਾਂ ਮਤਾਂ ਵਿਚ ਨਹੀਂ। ਬਿਲਾਵਲ ਸਵੇਰ ਹੋਈ 'ਤੇ ਗਾਉਂਦੇ

ਹਨ। ਯਥਾ-ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ'। (ਅੰਗ ੮੪੯) ਜਿਕੁਰ ਮਾਰੂ ਰਾਗੁ ਸੋਗ ਦੀ ਨਿਸ਼ਾਨੀ ਹੈ, ਇਕੁਰ ਬਿਲਾਵਲੁ ਖ਼ੁਸ਼ੀ ਦੀ ਇਸ਼ੇ ਤੋਂ ਬਿਲਾਵਲ ਦਾ ਅਰਥ ਖ਼ੁਸ਼ੀ ਹੋ ਗਿਆ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ) ਇਸ ਦੀ ਆਰੋਹੀ, ਅਵਰੋਹੀ, ਵਾਦੀ, ਸੰਵਾਦੀ, ਮੁਖ ਅੰਗ ਇਸ ਪ੍ਰਕਾਰ ਹਨ:-

ਆਰੋਹੀ- ਸ, ਰ ਗ, ਮ ਪ, ਧ, ਨੀ ਸਂ

ਅਵਰੋਹੀ- ਸਂ ਨੀ ਧ, ਪ, ਮ ਗ, ਰ ਸ।

ਵਾਦੀ- ਧ, ਸੰਵਾਦੀ- ਗ

ਮੁਖ ਅੰਗ- ਰ ਗ ਮ ਪ ਮ ਗ, ਧ ਪ ਮ ਗ, ਰ ਸ।

## ੧੭. ਰਾਗੁ ਗੋਂਡ—

ਇਹ ਇਕ ਖਾਡਵ ਜਾਤੀ ਦਾ ਸੰਕੀਰਨ ਰਾਗੁ ਹੈ। ਇਹ ਧਨਾਸਰੀ, ਮਲਾਰ ਤੇ ਬਿਲਾਵਲੁ ਦੇ ਮੇਲ ਤੋਂ ਬਣਦਾ ਹੈ। ਦਿਨ ਦੇ ਤੀਜੇ ਪਹਿਰ ਗਾਈਦਾ ਹੈ, ਪਰ ਬਰਸਾਤ ਵਿਚ ਹਰ ਵੇਲੇ। ਸੁਰਤਾਲ ਸਮੂਹ, ਰਾਧਾ ਗੋਬਿੰਦ ਸੰਗੀਤ ਸਾਰ ਤੇ ਰਾਗ ਮਾਲਾ ਵਿਚ ਇਸ ਨੂੰ ਸਿਰੀਰਾਗੁ ਦਾ ਪੁੱਤਰ ਦਸਿਆ ਹੈ।

***"ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ॥***
***ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ॥ ੧॥"***

(ਅੰਗ ੧੪੩੦)

ਇਸ ਦੀ ਆਰੋਹੀ, ਅਵਰੋਹੀ, ਵਾਦੀ, ਸੰਵਾਦੀ, ਮੁਖ ਅੰਗ ਇਸ ਪ੍ਰਕਾਰ ਹਨ-

ਆਰੋਹੀ- ਸ ਰ ਗ ਮ, ਪ ਧ ਨੀ ਧ ਨੀ ਸਂ

ਅਵਰੋਹੀ- ਸਂ ਨੀ ਧ ਨੀ ਪ, ਮ ਗ, ਰ ਸ

ਵਾਦੀ- ਸ ਸੰਵਾਦੀ- ਮ

ਮੁਖ ਅੰਗ- ਰ ਗ ਮ, ਪ ਮ, ਮ ਪ ਨੀ ਧ ਨੀ ਪ,
ਧ ਮ, ਗ ਮ, ਗ ਰੇ, ਗ ਰੇ ਸਾ।

ਗੁਰਮਤਿ ਸੰਗੀਤ ਵਿਚ ਸਿਰੀ ਰਾਗ ਦਾ ਪੁੱਤਰ ਗੋਂਡ ਰਾਗ ਹੈ, ਜੇਹਾ ਕਿ "ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ"। ਨਟ ਹਮੀਰ ਦੇ ਮੇਲ ਤੋਂ ਗੋਂਡ ਬਣਦਾ ਹੈ, ਸਿਰੀ ਰਾਗ ਦੀ ਛਾਇਆ ਸਮੇਤ ਹੈ। ਇਸ ਦਾ ਦੂਜਾ ਨਾਮ ਗੋਰ ਹੈ, ਪੰਚਮ ਨਿਖਾਧਹੀਨ ਹੈ। ਪਰੰਤੂ ਦੂਜਾ ਗੋਂਡ ਮੇਘ ਰਾਗ ਦੀ ਇਸਤ੍ਰੀ ਹੈ। ਉਹ

ਮੇਘ ਦੀ ਛਾਇਆ ਸਮੇਤ ਹੈ। ਸੁਧ ਗੌੜ ਪੰਚਮ ਨਿਖਾਧ ਸਮੇਤ ਹੈ, ਆਦਿ ਖੜਜ ਅੰਤ ਧੈਵਤ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ ਜੀ)

## ੧੮. ਰਾਗੁ ਰਾਮਕਲੀ—

ਇਕ ਰਾਗਣੀ ਦਾ ਨਾਮ ਜੋ ਸਵੇਰੇ ਗਾਵੀਦੀ ਹੈ। ਗੁਰਮਤਿ ਸੰਗੀਤ ਅਨੁਸਾਰ ਇਹ ਭਿੰਨ ਰਾਗਣੀ ਹੈ, ਸੰਕਰਾ ਭਰਨ, ਅਡਾਨਾ, ਸੋਰਠਿ ਮਿਲੇ ਤਾਂ ਬਣਦੀ ਹੈ ਪਰੰਤੂ ਹੋਰਨਾਂ ਮਤਾਂ ਵਿਚ ਜਿਹਾ ਕੁ ਭਰਤ ਮਤ ਵਿਚ ਹਿੰਡੋਲ ਦੀ ਰਾਗਣੀ ਹੈ। ਬਿਭਾਸ ਤੇ ਹਿੰਡੋਲ ਦਾ ਮੇਲ ਸਿਰੀਰਾਗ ਦੀ ਛਾਇਆ ਹੈ। ਅੱਗੇ ਜਾ ਕੇ ਦਸਿਆ ਹੈ ਕਿ ਦੱਖਣੀ ਰਾਮਕਲੀ ਗੁਰਮਤਿ ਸੰਗੀਤ ਵਿਚ ਹੀ ਹੈ, ਹੋਰਨਾਂ ਮਤਾਂ ਵਿਚ ਨਹੀਂ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼)

ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ ਭੈਰਵ ਠਾਟ ਦੀ ਔੜਵ ਸੰਪੂਰਣ ਰਾਗਣੀ ਹੈ। ਆਰੋਹੀ ਵਿਚ ਮਧਮ ਅਤੇ 'ਨਿਸ਼ਾਧ' ਵਰਜਿਤ ਹਨ। ਰਿਸ਼ਭ ਅਤੇ ਧੈਵਤ ਕੋਮਲ, ਬਾਕੀ ਸੁਰ ਸ਼ੁੱਧ ਹਨ। ਧੈਵਤ ਵਾਦੀ ਅਤੇ ਰਿਸ਼ਭ ਸੰਵਾਦੀ ਹੈ। ਗਾਉਣ ਦਾ ਵੇਲਾ ਸੂਰਜ ਨਿਕਲਣ ਤੋਂ ਲੈ ਕੇ ਪਹਿਰ ਦਿਨ ਚੜ੍ਹੇ ਤੀਕ ਹੈ।

| | | | | | | | | | | |
|---|---|---|---|---|---|---|---|---|---|---|
| ਆਰੋਹੀ- | ਸ, | ਗ | ਮ | ਪ, | ਧੁ | ਨ | ਸੰ | | | |
| ਅਵਰੋਹੀ- | ਸੰ | ਨ | ਧੁ | ਪ, | ਮ' | ਪ, | ਧੁ | ਨੁ | ਧੁ | ਪ, |
| | ਗ | ਮ | ਰੁ | ਸਾ | | | | | | |

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਅਠਾਰ੍ਹਵਾਂ ਨੰਬਰ ਹੈ।

***''ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ॥''*** (ਅੰਗ ੯੫੦)

## ੧੯. ਰਾਗੁ ਨਟ ਨਾਰਾਇਣ—

### ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ—

''ਸੰ. ਨਟਨਾਰਾਯਣ, ਸੰਗਯਾ-ਸੋਮੇਸ਼੍ਵਰ ਸੰਗੀਤ ਦੇ ਮਤ ਅਨੁਸਾਰ ਇਹ ਛੇ ਰਾਗਾਂ ਵਿਚ ਹੈ। ਨਟ ਦੇ ਮੇਲ ਤੋਂ ਬਣਦਾ ਹੈ। ਸੰਪੂਰਣ ਜਾਤੀ ਦਾ ਰਾਗ ਹੈ। ਸਾਰੇ ਸ਼ੁੱਧ ਸ੍ਵਰ ਹਨ। ਕਈ ਇਸ ਨੂੰ ਛੇ ਸੁਰ ਦਾ ਰਾਗ ਦਸ ਕੇ ਨਿਸ਼ਾਦ ਸ੍ਵਰ ਲਾਉਣਾ ਵਰਜਦੇ ਹਨ। ਦਸਮ ਗ੍ਰੰਥ ਵਿਚ ਇਸ ਦਾ ਨਾਮ ਨਟਨਾਇਕ ਭੀ ਹੈ- ''ਨਟਨਾਇਕ ਸੁੱਧ ਮਲਾਰ ਬਿਲਾਵਲ'' (ਕ੍ਰਿਸ਼ਨਾਵ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਟ ਰਾਗ ਦੇ ਵਿੱਚ ਹੀ ਗੁਰੂ ਸਾਹਿਬ ਨੇ ਇਸ ਰਾਗ ਨੂੰ ਲਿਖਿਆ ਹੈ, ਅਤੇ ਗੁਰਮਤਿ ਸੰਗੀਤ ਅਨੁਸਾਰ ਇਹ ਕਮਾਚ ਠਾਟ ਦਾ

ਔੜਵ ਸਾੜਵ ਰਾਗੁ ਹੈ। ਆਰੋਹੀ ਵਿਚ ਗਾਂਧਾਰ ਅਤੇ ਨਿਸ਼ਾਦ ਵਰਜਿਤ ਹਨ। ਅਵਰੋਹੀ ਵਿਚ ਕੇਵਲ ਗਾਂਧਾਰ ਵਰਜਿਤ ਹੈ। ਰਿਸ਼ਭ ਵਾਦੀ ਸੁਰ ਹੈ, ਇਸ ਵਿਚ ਕੁਝ ਸਾਰੰਗ ਦੀ ਝਲਕ ਹੈ। ਨਿਸ਼ਾਦ ਕੋਮਲ, ਬਾਕੀ ਸਾਰੇ ਸ਼ੁੱਧ ਹਨ, ਇਸ ਦੇ ਗਾਉਣ ਦਾ ਵੇਲਾ ਦਿਨ ਦਾ ਚੌਥਾ ਪਹਿਰ ਹੈ।

ਆਰੋਹੀ- ਸ ਗ ਮ ਰ, ਮੰ ਪ, ਧ ਨ ਸੰ

ਅਵਰੋਹੀ- ਸੰ ਧ ਪ, ਮੰ ਧ ਪ, ਗ ਮ ਰ ਸ

ਅੱਗੇ ਭਾਈ ਵੀਰ ਸਿੰਘ ਜੀ ਨੇ ਇਸ ਤਰ੍ਹਾਂ ਦਸਿਆ ਹੈ। ਇਕ ਰਾਗ ਹੈ, ਗੁਰਮਤ ਸੰਗੀਤ ਵਿਚ ਮੇਘ ਦਾ ਪੁੱਤ੍ਰ ਹੈ, ਯਥਾ-'ਜਬਲੀਧਰ ਨਟ ਅਉ ਜਲਧਾਰਾ' (ਅੰਗ ੧੪੩੦)

ਹਮੀਰ ਕਲਯਾਨ ਦੇ ਮੇਲ ਕਰ ਕੇ ਨਟ ਬਣਦਾ ਹੈ, ਪਰੰਤੂ ਹੋਰਨਾਂ ਮਤਾਂ ਵਿਚ ਸ਼ਿਵ ਮਤ ਕਾਲੀ ਨਾਥ ਮਤ ਵਿਚ ਪੂਰਣ ਸ਼ੁਧ ਰਾਗ ਮੰਨਿਆ ਹੈ ਅਤੇ ਰਾਗਾਵਣਵ ਦੇ ਮਤ ਵਿਚ ਨਟ ਰਾਗ ਦੀ ਰਾਗਣੀ ਮੰਨੀ ਹੈ ਅਤੇ ਭਾਰਤ ਵਿਚ ਦੀਪਕ ਦਾ ਪੁੱਤ੍ਰ ਨਟ ਨਾਰਾਇਨ ਮੰਨਿਆ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼)

## ੨੦. ਰਾਗੁ ਮਾਲੀ ਗਾਉੜਾ—

ਆਰੋਹੀ- ਸ ਰੁ ਸ, ਨ਼ ਧ਼ ਨ਼ ਰੁ, ਗ ਮੰ ਪ, ਮੰ ਧ ਨ ਧ ਸੰ

ਅਵਰੋਹੀ- ਸੰ ਨ ਧੁ ਪ, ਮੰ ਨ ਧ ਮੰ ਗ ਰੁ ਸਾ

ਪ੍ਰੋ: ਪਿਆਰਾ ਸਿੰਘ ਜੀ ਪਦਮ ਤੇ ਡਾ. ਭਾਈ ਵੀਰ ਸਿੰਘ ਜੀ ਨੇ ਇਸ ਰਾਗੁ ਮਾਲੀ ਗਉੜਾ ਦੇ ਸਬੰਧ ਵਿਚ ਜਿਸ ਤਰ੍ਹਾਂ ਲਿਖਿਆ ਹੈ ਉਹ ਅੱਗੇ ਦਰਸਾਇਆ ਹੈ। ਇਸ ਮਾਲੀ ਗਉੜਾ ਬਾਰੇ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਇਉਂ ਲਿਖਿਆ ਹੈ ਕਿ ਇਹ ਮਾਰੂ ਠਾਠ ਦਾ ਸੰਪੂਰਨ ਰਾਗ ਹੈ ਜੋ ਸਿਰੀਰਾਗੁ ਤੇ ਪੂਰੀਏ ਦੇ ਮੇਲ ਤੋਂ ਬਣਦਾ ਹੈ। ਗਾ ਵਾਦੀ ਤੇ ਧਾ ਸੰਵਾਦੀ ਹੈ। ਸਾ ਮਾ ਪਾ ਨੀ ਸ਼ੁੱਧ ਰੇ ਕੋਮਲ, ਧਾ ਦੋਵੇਂ ਲੱਗਦੇ ਹਨ। ਗਾਉਣ ਦਾ ਸਮਾਂ ਤੀਜਾ ਪਹਿਰ ਹੈ।

(ਸ੍ਰੀ ਗੁਰੂ ਗ੍ਰੰਥ ਪ੍ਰਕਾਸ਼, ਪੰਨਾ ੨੭੮)

## ੨੧. ਰਾਗੁ ਮਾਰੂ—

ਆਰੋਹੀ- ਸ ਗ ਮ ਪ, ਧ ਨ ਸੰ

ਅਵਰੋਹੀ- ਸੰ ਨੁ ਧ ਪ, ਮੰ ਪ ਧੁ ਨ ਧੁ ਪ, ਮ ਗ ਰ ਸਾ

ਪਿਆਰਾ ਸਿੰਘ ਜੀ (ਪਦਮ) ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ ਦੇ ਕਰਤਾ ਨੇ ਮਾਰੂ ਰਾਗੁ ਦੇ ਸਬੰਧ ਵਿਚ ਅਤੇ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਵਿਚ ਇਸ ਪ੍ਰਕਾਰ ਲਿਖਿਆ ਹੈ :

"ਇਕ ਸਾਡਵ ਜਾਤਿ ਦਾ ਰਾਗ, ਇਸ ਵਿਚ ਪੰਚਮ ਵਰਜਿਤ ਹੈ। ਮਾਰੂ ਨੂੰ ਸੜਜ, ਗੰਧਾਰ, ਧੈਵਤ ਤੇ ਨਿਸ਼ਾਧ ਸ਼ੁੱਧ, ਰਿਸ਼ਭ ਕੋਮਲ ਅਤੇ ਮੱਧਮ ਤੀਬਰ ਲਗਦਾ ਹੈ, ਗੰਧਾਰ ਵਾਦੀ ਅਤੇ ਧੈਵਤ ਸੰਵਾਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਰੂ ਦਾ ਇਕੀਹਵਾਂ ਨੰਬਰ ਹੈ। ਇਹ ਰਾਗ ਸ਼ੁੱਧ ਅਤੇ ਚਲਾਣੇ ਸਮੇਂ ਖ਼ਾਸ ਕਰਕੇ ਅਤੇ ਦਿਨ ਦੇ ਤੀਜੇ ਪਹਿਰ ਸਾਧਾਰਣ ਰੀਤਿ ਅਨੁਸਾਰ ਗਾਈਦਾ ਹੈ। "ਅਗੇ ਚਲਤ ਸੁ ਮਾਰੂ ਗਾਵਤ", ਸ੍ਰੀ ਗੁਰੂ ਗ੍ਰੰਥ ਪ੍ਰਕਾਸ਼ 'ਪਿਆਰਾ ਸਿੰਘ ਪਦਮ' ਵਿਚ ਮਾਰੂ ਰਾਗ ਨੂੰ ਖਾੜਵ ਦਸਿਆ ਹੈ। ਗਾ ਵਾਦੀ ਤੇ ਧਾ ਸੰਵਾਦੀ ਹੈ, ਪਾ ਮਨ੍ਹਾ ਹੈ। ਸਾ ਗਾ ਧਾ ਤੇ ਨੀ ਸੁੱਧ, ਰੇ ਕੋਮਲ ਅਤੇ ਮਾ ਤੀਬਰ ਲਗਦਾ ਹੈ, ਜੰਗ ਜਾਂ ਸ਼ੋਕ ਸਮੇਂ ਇਸਦਾ ਗਾਇਨ ਹੁੰਦਾ ਹੈ। ਗਾਉਣ ਦਾ ਸਮਾਂ ਤੀਜਾ ਪਹਿਰ ਹੈ।

## ੨੨. ਰਾਗੁ ਤੁਖਾਰੀ—

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਮਹਾਨ ਕੋਸ਼ ਅੰਦਰ ਇਸ ਪ੍ਰਕਾਰ ਲਿਖਿਆ ਹੈ :

੪. ਸੰਪੂਰਨ ਜਾਤੀ ਦੀ ਇਕ ਰਾਗਿਣੀ, ਜਿਸ ਦਾ ਗ੍ਰਿਹ ਸੁਰ ਸ਼ੜਜ ਵਾਦੀ ਰਿਸ਼ਭ, ਪੰਚਮ ਸੰਵਾਦੀ ਅਤੇ ਮੱਧਮ ਅਨੁਵਾਦੀ ਹੈ। ਇਸ ਵਿਚ ਦੋਵੇਂ ਗਾਂਧਾਰ ਅਤੇ ਦੋਵੇਂ ਮੱਧਮ ਲੱਗਦੇ ਹਨ। ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜ੍ਹੇ ਹੈ।

ਆਰੋਹੀ- ਨ਼ ਸ, ਗੁ ਮ॑ ਪ, ਨ ਸਂ

ਅਵਰੋਹੀ- ਸਂ ਨ ਧ ਪ, ਨੁ ਧ ਪ, ਮ॑ ਗੁ ਰ ਸਾ

ਮੁਖ ਅੰਗ - ਨ਼ ਸ, ਗ ਮ॑ ਪ, ਨੁ ਧ ਪ, ਪ ਧ ਮ॑ ਪ, ਮ॑ ਗੁ ਰ ਸ

ਕਈਆਂ ਨੇ ਪੰਚਮ ਵਰਜਿਤ ਮੰਨ ਕੇ ਤੁਖਾਰੀ ਸਾੜਵ ਲਿਖੀ ਹੈ। ਸੜਜ ਗਾਂਧਾਰ, ਨਿਸ਼ਾਧ ਸ਼ੁੱਧ, ਰਿਸ਼ਭ ਧੈਵਤ ਕੋਮਲ ਅਤੇ ਮੱਧਮ ਤੀਬਰ ਹੈ। ਇਸ ਹਾਲਤ ਵਿਚ ਮਧਮ ਵਾਦੀ, ਸੜਜ ਸੰਵਾਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅਨੁਸਾਰ, ਇਹ ਰਾਗਣੀ ਗੁਰਮਤਿ ਸੰਗੀਤ ਵਲੋਂ ਪ੍ਰਵਾਨ ਹੋਈ ਹੈ। ਦੇਸੀ ਭਿੰਨ ਰਾਗ ਹੈ। ਭੈਰੋ, ਰਾਮਕਲੀ, ਟੋਡੀ ਤੋਂ ਬਣੀ ਹੈ। ਸੰਪੂਰਨ ਹੈ। ਸ ਰ ਗ ਮ ਪ ਧ ਨ। ਅੰਸ ਨਯਾਸਗ੍ਰਹ ਰਿਖਭ ਹੈ। ਹੋਰਨਾਂ ਮਤਾਂ ਵਿਚ ਮੁਖਾਰੀ, ਕੁੰਭਾਰੀ, ਧੁੰਖਾਰ, ਕੁਮਾਰੀ ਆਦਿਕ ਹਨ, ਪਰੰਤੂ ਤੁਖਾਰੀ ਇਨ੍ਹਾਂ ਤੋਂ ਵੱਖਰੀ ਹੈ। ਅੰਮ੍ਰਿਤ ਵੇਲੇ ਗਾਵੀਦੀ ਹੈ। ਆਦਿ ਸਤਿਗੁਰਾਂ ਨੇ ਰਾਗੁ ਤੁਖਾਰੀ ਵਿਚ ਬਾਣੀ ਆਪਣੇ ਸੰਸਾਰ ਪਯਾਨਾ ਸਮੇਂ ਦੇ ਨੇੜੇ ਉਚਾਰੀ ਹੈ।

## ੨੩. ਰਾਗੁ ਕੇਦਾਰਾ—

ਕੇਦਾਰਾ ਪੁਰਾਤਨ ਰਾਗ ਹੈ। ਇਸ ਦਾ ਜ਼ਿਕਰ ਹਰੇਕ ਸੰਗੀਤ ਗ੍ਰੰਥ ਵਿਚ ਉਪਲਬਧ ਹੈ। ਪੁਰਾਤਨ ਰਾਗ ਹੋਣ ਕਾਰਨ ਇਸ ਦੇ ਸੁਰ ਵਿਚ ਕਈ ਮਤ ਭੇਦ ਹਨ ਪਰ ਡਾਕਟਰ ਭਾਈ ਵੀਰ ਸਿੰਘ ਜੀ ਤੇ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਕਥਨ ਅੱਗੇ ਦੇ ਰਹੇ ਹਾਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰ ਗੁਰਮਤ ਸੰਗੀਤ

ਵਿਚ ਕੇਦਾਰਾ ਮੇਘ ਰਾਗ ਦਾ ਪੁਤ੍ਰ ਹੈ, ਪਾਵਸ ਅਤੇ ਮਲਾਰ ਮਿਲ ਕੇ ਬਣਦਾ ਹੈ। ਰਾਗਾਰਣਵ ਮਤ ਵਿਚ ਨਟ ਦੀ ਰਾਗਣੀ ਮੰਨੀ ਹੈ, ਭਰਤ ਮਤ ਵਿਚ ਦੀਪਕ ਦੀ ਰਾਗਣੀ ਹੈ, ਇਹੋ ਹਨੁਮੰਤ ਵਿਚ ਹੈ। ਸ਼ਿਵ ਮਤ ਵਿਚ ਕੇਦਾਰਾ ਗੌੜ ਸਿਰੀਰਾਗ ਦੀ ਰਾਗਣੀ ਹੈ।

***ਯਥਾ - "ਕੇਦਾਰਾ ਰਾਗਾ ਵਿਚਿ ਜਾਣੀਐ"***

(ਅੰਗ ੧੦੮੭)

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨਾਭਾ ਦੇ ਮਹਾਨ ਕੋਸ਼ ਅਨੁਸਾਰ ਇਹ ਕਲਯਾਣ ਠਾਟ ਦਾ ਇਕ ਸੰਪੂਰਨ ਰਾਗ ਹੈ। ਇਸ ਵਿਚ ਮੱਧਮ ਸ਼ੁੱਧ ਅਤੇ ਤੀਬਰ ਦੋਵੇਂ ਲੱਗਦੇ ਹਨ। ਨਿਸ਼ਾਧ ਭੀ ਦੋਵੇਂ ਹਨ।

ਸ਼ੁੱਧ ਮੱਧਮ ਵਾਦੀ ਅਤੇ ਖਾੜਵ ਸੰਵਾਦੀ ਹੈ। ਤੀਬਰ ਮੱਧਮ ਅਤੇ ਗਾਂਧਾਰ ਦੁਰਬਲ ਹਨ। ਗਾਉਣ ਦਾ ਵੇਲਾ ਰਾਤ ਦਾ ਦੂਜਾ ਪਹਿਰ ਹੈ :-

ਆਰੋਹੀ- ਸ, ਮ, ਮ ਪ, ਧ ਪ, ਨ ਧ ਸੰ

ਅਵਰੋਹੀ- ਸੰ ਨ ਧ ਪ, ਮ ਪ ਧ ਪ ਮ, ਸ ਰ ਸ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਦਾਰਾ ਦਾ ਤੇਈਵਾਂ ਨੰਬਰ ਹੈ।

## ੨੪. ਰਾਗੁ ਭੈਰਉ—

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਦੇ ਮਹਾਨ ਕੋਸ਼ ਅਨੁਸਾਰ ਇਕ ਰਾਗ, ਜਿਸ ਦੀ ਛੇ ਰਾਗਾਂ ਵਿਚ ਗਿਣਤੀ ਹੈ, ਇਹ ਸੰਪੂਰਨ ਜਾਤਿ ਦਾ ਮਾਰਗੀ (ਮਾਰਗੀਯ) ਹੈ। ਇਸ ਦੇ ਆਲਾਪ ਦਾ ਵੇਲਾ ਪ੍ਰਾਤਹਕਾਲ ਹੈ, ਭੈਰਵ ਦੇ ਸੁਰ ਹਨ :-ਰਿਸ਼ਭ ਅਤੇ ਧੈਵਤ ਕੋਮਲ, ਅਰੋਹੀ ਵਿਚ ਰਿਸ਼ਭ ਕੋਮਲਤਰ, ਅਰ ਸੜਜ ਗਾਂਧਾਰ ਮੱਧਮ, ਪੰਚਮ ਨਿਸ਼ਾਧ ਸ਼ੁੱਧ ਹੈ। ਇਸ ਵਿਚ ਵਾਦੀ ਸੁਰ ਧੈਵਤ ਅਤੇ ਸੰਵਾਦੀ ਰਿਸ਼ਭ ਹੈ :

ਆਰੋਹੀ- ਸ ਰੁ, ਗ ਮ ਪ ਧੁ, ਨ ਸੰ ।

ਅਵਰੋਹੀ- ਸੰ ਨ ਧੁ ਧੁ ਪ, ਮ ਗ ਰੁ ਰੁ ਸ

ਮੁਖ ਅੰਗ- ਗ ਮ ਧੁ ਧੁ ਪ ਮ, ਗ ਮ ਰੁ ਰੁ ਸਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਾਗੁ ਭੈਰਉ ਦਾ ਚੌਵੀਹਵਾਂ ਨੰਬਰ ਹੈ।

ਭਾਈ ਵੀਰ ਸਿੰਘ ਜੀ ਅਨੁਸਾਰ ਇਕ ਰਾਗ ਦਾ ਨਾਮ ਹੈ। ਗੁਰਮਤਿ ਸੰਗੀਤ ਵਿਚ ਗਿਣਤੀ ਲਈ ਇਹ ਪਹਿਲਾ ਰਾਗ ਹੈ।

ਯਥਾ-ਪ੍ਰਥਮ ਰਾਗ ਭੈਰਉ ਵੈ ਕਰਹੀ (੧੪੨੯) ਇਕਰ ਹੀ 'ਦੁਤੀਆ ਮਾਲ ਕਉਸਕ ਆਲਾਪਹਿ (੧੪੩੦) ਤੀਜਾ ਹਿੰਡੋਲ, ਚੌਥਾ ਦੀਪਕ, ਪੰਜਵਾਂ ਸਿਰੀਰਾਗ, ਯਥਾ-ਖਸਟਮ ਮੇਘ ਰਾਗ ਵੈ ਗਾਵਹਿ (੧੪੩੦) ਰਾਗਾਂ ਵਿਚ ਮੁਖੀ ਮੁਹਰਲਾ ਰਾਗ ਹੈ (ਸਿਰੀਰਾਗੁ ਦੀ ਮੁਖਤਾ ਸਿਰੀਰਾਗੁ ਪ੍ਰਕਰਣ ਵਿਚ ਦੇਖੋ) ਸਿਰੀਰਾਗੁ ਅਤੇ ਭੈਰਉ ਇਹੋ ਦੋਵੇਂ ਰਾਗ ਵਰਤੇ ਹਨ, ਪਰੰਤੂ ਖਾਲਸ ਇਹੋ ਦੋਵੇਂ ਰਾਗ ਮੁਹਰਲੇ ਹੀ ਵਰਤੇ ਹਨ। ਹੋਰਨਾਂ ਮਤਾਂ ਵਿਚੋਂ ਜਿਹਾ ਕੁ ਸਮੇਸਰ ਮਤ ਅਤੇ ਕਾਲੀਨਾਥ ਮਤ ਵਿਚ ਤੀਸਰਾ ਰਾਗ ਮੰਨਿਆ ਹੈ, ਪਰੰਤੂ ਰਾਗਾਰਣਵ, ਸਿੱਧ ਸਾਰਸੁਤ, ਭਰਤ, ਹਨੂਮਾਨ ਮਤ ਇਹ ਪਹਿਲਾ ਮੰਨਦੇ ਹਨ। ਇਹਨਾਂ ਵਿਚੋਂ ਭਰਤ ਮਤ ਸੰਕੀਰਨ ਮੰਨਦਾ ਹੈ, ਜਿਹਾ ਕੁ 'ਟੰਕੇ ਟੋਡੀ ਅੰਗ ਮਿਲ ਸੁਧ ਦੇਵ ਗਾਂਧਾਰ। ਆਦਿ ਰਾਗ ਭੈਰਵ ਇਹੋ ਪ੍ਰਗਟੋ ਭਗਤ ਕੁਮਾਰ।' ਚੇਤਾਵਨੀ— ਗੁਰਮਤਿ ਸੰਗੀਤ ਵਿਚ ਛੀਏ ਰਾਗ ਸ਼ੁੱਧ ਹਨ। ਭਾਵ ਭਟ ਦੇ ਮਤ ਵਿਚ ੨੮ ਉਪ ਰਾਗਾਂ ਵਿਚ ੧੦ਵਾਂ ਭੈਰਵ ਹੈ, ਇਕੁਰ ਹੀ ਸੰਗੀਤ ਪਾਰਜਾਤ ਸਾਰੰਗ ਦੇਵ ਦੇ ਮਤ ਦੇ ੧੨੮ ਰਾਗਾਂ ਵਿਚੋਂ ਅਠਾਰ੍ਹਵਾਂ ਭੈਰਵ ਹੈ। ਫ਼ਾਰਸੀ ਦੇ ਬਾਰ੍ਹਾਂ ਰਾਗਾਂ ਵਿਚੋਂ ਛੇਵਾਂ ਅਰਾਕ (ਭੈਰਉ) ਹੈ।

## ੨੫. ਰਾਗ ਬਸੰਤ—

***ਬਨਸਪਤਿ ਮਉਲੀ ਚੜਿਆ ਬਸੰਤੁ॥ ਇਹੁ ਮਨੁ ਮਉਲਿਆ ਸਤਿਗੁਰੂ ਸੰਗਿ॥ ੧॥***

(ਅੰਗ ੧੧੭੬)

ਸਾਰੀ ਕਾਇਨਾਤ ਅੰਦਰ ਬਸੰਤ ਰੁੱਤ ਸਾਰੀਆਂ ਰੁੱਤਾਂ ਤੋਂ ਸ੍ਰੇਸ਼ਟ ਰੁੱਤ ਮੰਨੀ ਹੈ ਕਿਉਂਕਿ ਇਸ ਰੁਤ ਵਿਚ ਧਰਤੀ ਦੇ ਜ਼ੱਰੇ ਜ਼ੱਰੇ ਵਿਚ ਨਵੀਨਤਾ, ਹਰਿਆਵਲਤਾ ਤੇ ਉਮਾਹ ਦੇ ਦਰਸ਼ਨ ਹੁੰਦੇ ਹਨ। ਬਨਸਪਤੀ ਦਾ ਖੇੜਾ ਬੁੱਝੇ ਹੋਏ ਮਨ ਨੂੰ ਵੀ ਰੌਣਕ ਪ੍ਰਦਾਨ ਕਰਦਾ ਹੈ।

ਬਸੰਤ ਰੁੱਤ ਵਿਚ ਇਹ ਰਾਗ ਕਿਸੇ ਵੀ ਸਮੇਂ ਗਾਇਆ ਜਾ ਸਕਦਾ ਹੈ ਪਰ ਉਸ ਤੋਂ ਅਗੇ ਪਿਛੇ ਇਸ ਲਈ ਦਿਨ ਦਾ ਦੂਜਾ ਪਹਿਰ ਜਾਂ ਰਾਤ ਦਾ ਸਮਾਂ ਵਧੇਰੇ ਪ੍ਰਭਾਵਸ਼ਾਲੀ ਮੰਨਿਆ ਗਿਆ ਹੈ। ਇਹ ਰਾਗ ਪੂਰਬੀ ਠਾਟ ਦਾ ਸੰਪੂਰਣ ਰਾਗ ਹੈ ਅਤੇ ਸਾਰੇ ਭਾਰਤ ਵਿਚ ਬਹੁਤ ਹਰਮਨ ਪਿਆਰਾ ਹੈ ਅਤੇ ਪੁਰਾਤਨ ਸਮਿਆਂ ਤੋਂ ਇਸ ਦੀ ਭਾਰਤੀ ਸੰਸਕ੍ਰਿਤੀ ਨਾਲ ਨੇੜਤਾ ਹੈ। ਹਜ਼ੂਰ ਦੇ ਬਚਨ ਹਨ :

ਬਸੰਤੁ ਮਹਲਾ ੩ ॥

***"ਬਸੰਤੁ ਚੜਿਆ ਫੂਲੀ ਬਨਰਾਇ॥ ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ॥ ੧॥***
***ਇਨ ਬਿਧਿ ਇਹੁ ਮਨੁ ਹਰਿਆ ਹੋਇ॥***
***ਹਰਿ ਹਰਿ ਨਾਮੁ ਜਪੈ ਦਿਨੁ ਰਾਤੀ ਗੁਰਮੁਖਿ ਹਉਮੈ ਕਢੈ ਧੋਇ॥ ੧॥ ਰਹਾਉ॥***
***ਸਤਿਗੁਰ ਬਾਣੀ ਸਬਦੁ ਸੁਣਾਏ॥ ਇਹੁ ਜਗੁ ਹਰਿਆ ਸਤਿਗੁਰ ਭਾਏ॥ ੨॥***
***ਫਲ ਫੂਲ ਲਾਗੇ ਜਾਂ ਆਪੇ ਲਾਏ॥ ਮੂਲਿ ਲਗੈ ਤਾਂ ਸਤਿਗੁਰੁ ਪਾਏ॥ ੩॥***

***ਆਪਿ ਬਸੰਤੁ ਜਗਤੁ ਸਭੁ ਵਾੜੀ॥ ਨਾਨਕ ਪੂਰੈ ਭਾਗਿ ਭਗਤਿ ਨਿਰਾਲੀ॥ ੪ ॥ ੫ ॥ ੧੭ ॥"***

(ਅੰਗ ੧੧੭੬-੭੭)

## ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਲਾਈ ਮਰਿਆਦਾ ਅਨੁਸਾਰ—

ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬਸੰਤੁ ਰਾਗੁ ਦੀ ਸ਼ੁਰੂਆਤ ਲੋਹੜੀ ਵਾਲੀ ਰਾਤ ਤੋਂ ਸ਼ੁਰੂ ਕੀਤੀ ਜਾਂਦੀ ਹੈ। ਸ਼ੁਰੂ ਕਰਨ ਦੀ ਮਰਯਾਦਾ—ਸਮਾਪਤੀ ਦੀ ਅਰਦਾਸ ਤੋਂ ਪਹਿਲਾਂ ਲੋਹੜੀ ਵਾਲੇ ਦਿਨ ਅਨੰਦ ਸਾਹਿਬ ੬ ਪਉੜੀਆਂ ਕੀਰਤਨ ਕਰਨ ਉਪਰੰਤ ਬਸੰਤ ਰਾਗੁ ਸ਼ੁਰੂ ਕਰਨ ਦੀ ਵਿਸ਼ੇਸ਼ ਅਰਦਾਸ ਕੀਤੀ ਜਾਂਦੀ ਹੈ। ਅਰਦਾਸ ਉਪਰੰਤ ਰਾਗੀ ਸਿੰਘ ਬਸੰਤ ਰਾਗੁ ਦਾ ਇਸੇ ਰਾਗੁ ਵਿਚ ਇਕ ਸ਼ਬਦ ਪੜ੍ਹ ਕੇ ਬਸੰਤ ਕੀ ਵਾਰ ਦਾ ਕੀਰਤਨ ਰਾਹੀਂ ਅਲਾਪ ਕਰਕੇ, ਬਸੰਤ ਰਾਗੁ ਦੀ ਸ਼ੁਰੂਆਤ ਕਰਦੇ ਹਨ। ਰੁਟੀਨ ਦੀ ਸਮਾਪਤੀ ਦੀ ਅਰਦਾਸ ਸਮਾਪਤੀ ਉਪਰੰਤ ਰੁਟੀਨ ਅਨੁਸਾਰ ਹੀ ਹੁੰਦੀ ਹੈ। ਮਾਘੀ ਦੀ ਸੰਗਰਾਂਦ ਨੂੰ ਆਸਾ ਦੀ ਵਾਰ ਦੀ ਸੰਪੂਰਨਤਾ ਉਪਰੰਤ ਫੇਰ ਬਸੰਤ ਰਾਗੁ ਸ਼ੁਰੂ ਕਰਨ ਦੀ ਅਰਦਾਸ ਬੇਨਤੀ ਗੁਰੂ ਸਾਹਿਬ ਅੱਗੇ ਕੀਤੀ ਜਾਂਦੀ ਹੈ। ਬਸੰਤ ਰਾਗੁ ਲਗਾਤਾਰ ਹੋਲੇ ਮਹੱਲੇ ਤੱਕ ਹਰਿਮੰਦਰ ਸਾਹਿਬ ਵਿਖੇ ਗਾਇਣ ਕੀਤਾ ਜਾਂਦਾ ਹੈ। ਹੋਲੇ ਮਹੱਲੇ ਵਾਲੇ ਦਿਨ ਸਵੇਰੇ ਇਸ ਦੀ ਸਮਾਪਤੀ ਕੀਤੀ ਜਾਂਦੀ ਹੈ।

ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਬਸੰਤ ਇਕ ਰਾਗ ਹੈ ਜੋ ਪੂਰਵੀ ਠਾਟ ਦਾ ਸੰਪੂਰਨ ਰਾਗ ਹੈ। ਇਸ ਵਿਚ ਦੋਵੇਂ ਮੱਧਮ ਲੱਗਦੇ ਹਨ। ਸੜਜ ਗਾਂਧਾਰ ਮਧਮ, ਪੰਚਮ ਧੈਵਤ ਅਤੇ ਨਿਸ਼ਾਧ ਸ਼ੁਧ, ਰਿਸ਼ਭ ਕੋਮਲ ਅਤੇ ਮੱਧਮ ਤੀਬਰ ਲੱਗਦਾ ਹੈ। ਗਾਉਣ ਦਾ ਸਮਾਂ ਬਸੰਤ ਰੁਤ, ਅਥਵਾ ਰਾਤ ਦਾ ਸਮਾਂ ਹੈ।

ਥਾਟ ਬਿਲਾਵਲ-

ਆਰੋਹੀ- ਸ ਗ ਮ, ਧ ਨ ਸੰ

ਅਵਰੋਹੀ- ਸੰ ਨ ਧ ਪ ਮ, ਗ ਰੇ ਸਾ

ਮੁੱਖ ਅੰਗ- ਗ ਮ ਧ ਨ ਸੰ , ਸੰ ਨ ਧ ਨ ਧ ਪ ਮ, ਗ ਰ ਸਾ

## ੨੬. ਰਾਗੁ ਸਾਰੰਗ—

ਇਹ ਇਕ ਸਰਲ ਮਨਮੋਹਕ ਰਾਗ ਹੈ। ਇਹ ਚਿਰਾਂ ਤੋਂ ਗੁਰੂ ਘਰਾਂ ਵਿਚ ਗਾਇਆ ਜਾਂਦਾ ਹੈ। ਇਸ ਦਾ ਸੁਭਾਅ ਸੀਤਲ ਮੰਨਿਆ ਹੈ। ਸੰਗੀਤਕਾਰਾਂ ਨੇ ਇਸ ਨੂੰ ਗਾਉਣ ਲਈ ਦੁਪਹਿਰ ਦਾ ਤੀਜਾ ਪਹਿਰ ਮਿਥਿਆ ਹੈ। ਰਾਗ ਪੱਧਤੀ ਵਿਚ ਇਸ ਨੂੰ ਮੇਘ ਅਤੇ ਸ੍ਰੀਰਾਗੁ ਦਾ ਪੁੱਤਰ ਮੰਨਿਆ ਜਾਂਦਾ ਹੈ। ਰਾਗਮਾਲਾ ਵਿਚ "ਸਾਲੂ ਸਾਰਗ ਸਾਗਰਾ" ਰਾਧਾ ਗੋਬਿੰਦ ਸੰਗੀਤ ਸਾਰ, ਬੁਧ ਪ੍ਰਕਾਸ਼ ਦਰਪਣ ਵਿਚ ਇਸ ਰਾਗ ਦਾ ਭਿੰਨ ਭਿੰਨ ਉਲੇਖ ਹੈ।

ਆਰੋਹੀ- ਸ, ਨ਼ ਸ, ਰ ਮ ਪ, ਨ ਸਂ

ਅਵਰੋਹੀ- ਸਂ ਨੁ ਪ, ਮ ਰ ਸਾ।

ਵਾਦੀ- ਰੇ

ਸੰਵਾਦੀ- ਪ

ਥਾਟ-ਕਾਫੀ ਮੰਨਿਆ ਹੈ

ਜਾਤੀ-ਓਡਵ

ਇਸ ਰਾਗ ਵਿਚ ਗੰਧਾਰ ਅਤੇ ਧੈਵਤ ਵਰਜਿਤ ਹਨ।

ਦੋਨੋਂ ਨਿਸ਼ਾਧ ਲਗਦੇ ਹਨ ਅਤੇ ਬਾਕੀ ਸੂਰ ਸ਼ੁੱਧ ਹਨ।

ਪਕੜ- ਨ਼ੀ ਸ ਰ, ਮ ਰ, ਪ ਮ ਰ, ਨ਼ੀ ਸ।

## ੨੭. ਰਾਗੁ ਮਲਾਰ—

ਗੁਰਮਤਿ ਸੰਗੀਤ ਵਿਚ ਮਲਾਰੁ ਮੇਘ ਦੀ ਰਾਗਣੀ ਹੈ। ਯਥਾ-'ਸੋਰਠਿ ਗੋਂਡ ਮਲਾਰੀ ਧੁਨੀ (੧੪੩੦) ਸੋਰਠਿ, ਮਧ ਮਾਧਵੀ, ਕਾਨੜਾ ਤਿੰਨਾਂ ਦੇ ਮੇਲ ਤੋਂ ਬਣਦੀ ਹੈ। ਪਰੰਤੂ ਹੋਰਨਾਂ ਮੱਤਾਂ ਵਿਚ ਮੇਘ ਦਾ ਪੁੱਤਰ ਮਲਾਰ ਕਰਕੇ ਲਿਖਿਆ ਹੈ। ਮੇਲ ਵੀ ਮੇਘ, ਗੋਂਡ ਤੇ ਸਾਰੰਗ ਦਾ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ)

ਬਾਣੀ ਬਿਉਰਾ (ਡਾ. ਚਰਨ ਸਿੰਘ) ਵਿਚ ਇਸ ਰਾਗ ਦੇ ਹੇਠ ਲਿਖੇ ਪ੍ਰਕਾਰ ਦੱਸੇ ਹਨ :-

੧. ਸੁਧ ਮਲਾਰ, ੨. ਗੋਂਡ ਮਲਾਰ, ੩. ਧੌਲੀਆ ਮਲਾਰ, ੪. ਮਲ ਦੁਹਨ ਮਲਾਰ, ੫. ਰਾਮਦਾਸੀ ਮਲਾਰ, ੬. ਸੂਰਦਾਸੀ ਮਲਾਰ, ੭. ਸਾਵੰਤ ਮਲਾਰ, ੮. ਮੇਘਾਵਲੀ ਮਲਾਰ, ੯. ਬਸੰਤੀ ਮਲਾਰ, ੧੦. ਹਿੰਡੋਲੀ ਮਲਾਰ, ੧੧. ਸਾਵਰੀ ਮਲਾਰ, ੧੨. ਕਚ ਮਲਾਰ, ੧੩. ਮੀਆਂ ਕੀ ਮਲਾਰ, ੧੪. ਸਿੰਧ ਮਲਾਰ, ੧੫. ਨਟ ਮਲਾਰ।

***"ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ॥***
***ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ॥"*** (ਅੰਗ ੧੨੮੩)

ਆਰੋਹੀ- ਸ ਰ ਗ ਮ, ਮ ਰ ਪ, ਨੁ ਧ ਨ ਸਾਂ

ਅਵਰੋਹੀ- ਸਂ ਧ ਨੁ ਪ ਮ, ਗ ਮ ਰ, ਰ ਨ਼ ਸਾ

ਮੁੱਖ ਅੰਗ- ਸ ਰ ਗ ਮ, ਮ ਰ ਪ, ਧ ਨੁ ਪ, ਮ ਰ ਸਾ

## ੨੮. ਰਾਗੁ ਕਾਨੜਾ—

ਕਠਨ ਰਾਗ ਹੋਣ ਦੇ ਬਾਵਜੂਦ ਬੜਾ ਹਰਮਨ ਪਿਆਰਾ ਤੇ ਪ੍ਰਚਲਤ ਰਾਗ ਹੈ। ਸੰਗੀਤ ਸ਼ਾਸਤ੍ਰੀਆਂ ਦੀਆਂ ਮਹਿਫ਼ਲਾਂ ਦਾ ਇਹ ਮਕਬੂਲ ਰਾਗ ਹੈ। ਰਾਜਿਆਂ ਮਹਾਰਾਜਿਆਂ ਦੇ ਦਰਬਾਰਾਂ ਵਿਚ ਵੀ ਇਸ ਦੀ ਵਿਸ਼ੇਸ਼ ਉਪਾਸ਼ਨਾ ਰਹੀ ਹੈ। ਗਾਇਕਾਂ ਨੇ ਇਸ ਦੇ ੧੮ ਭੇਦ ਕਲਪੇ ਹਨ। ਇਹ ੧੮ ਭੇਦ ਭਾਈ ਕਾਨ੍ਹ ਸਿੰਘ ਜੀ ਮਹਾਨ ਕੋਸ਼ ਵਿਚ ਇਸ ਪ੍ਰਕਾਰ ਦਰਸਾਏ ਹਨ:-

ਦਰਬਾਰੀ, ਨਾਯਕੀ, ਮੁਦ੍ਰਾ, ਕਾਸਿਕੀ, ਵਾਗੇਸ੍ਰੀ (ਵਾਗੀਸ੍ਵਰੀ) ਨਟ ਕਾਫ, ਕੋਲਾਹਲ, ਮੰਗਲ, ਸਯਾਮ, ਟੰਕ, ਨਾਗਧ੍ਵਨਿ, ਅਡਾਨਾ, ਸਹਾਨਾ, ਸੂਹਾ, ਸੁਘਰ, ਹੁਸੈਨੀ ਅਤੇ ਜਯ ਜਯੰਤਿ। ਪਾਠਕਾਂ ਦੇ ਗਯਾਨ ਲਈ ਅੱਗੇ ਦਰਬਾਰੀ ਕਾਨੜੇ ਦਾ ਸਰੂਪ ਦਿੱਤਾ ਜਾਂਦਾ ਹੈ:-

ਥਾਟ-ਕਾਫੀ। ਜਾਤੀ-ਸਾਡਵ-ਸ਼ਾਡਵ

ਆਰੋਹੀ- ਸ ਰ ਗੁ, ਮ ਪ, ਨ ਸਾਂ

ਅਵਰੋਹੀ- ਸਂ ਨੁ ਪ, ਮ ਪ ਗੁ, ਮ ਰ ਸਾ

ਮੁੱਖ ਅੰਗ- ਸ ਰ ਗੁ, ਮ ਰ ਸਾ, ਰ ਨ਼ ਸਾ, ਰ ਪ ਗੁ, ਮ ਰ ਸਾ

ਵਾਦੀ- ਪੰਚਮ ਸੰਵਾਦੀ- ਸ਼ੜਜ ਸਮਾਂ ਰਾਤ ਦਾ ਦੂਜਾ ਪਹਿਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਾਨੜਾ ਰਾਗ ਦਾ ਅਠਾਈਵਾਂ ਨੰਬਰ ਹੈ।

## ੨੯. ਰਾਗੁ ਕਲਿਆਨ—

ਭਾਈ ਵੀਰ ਸਿੰਘ ਜੀ ਅਨੁਸਾਰ ਕਲਿਆਨ, ਇਕ ਰਾਗੁ ਦਾ ਨਾਮ ਹੈ। ਰਾਤਰੀ ਦੇ ਪਹਿਲੇ ਪਹਿਰ ਗਾਈਦਾ ਹੈ। ਗੁਰਮਤਿ ਸੰਗੀਤ ਵਿਚੋਂ ਦੀਪਕ ਦਾ ਪੁੱਤਰ ਹੈ, ਪਰੰਤੂ ਹਨੁਮੰਤ ਮੱਤ ਵਿਚ ਸਿਰੀਰਾਗ ਦਾ ਪੁੱਤਰ ਹੈ। ਤਨਕ ਕਾਮੋਦ ਗੋਂਡ ਮਿਲਕੇ ਦੀਪਕ ਦੀ ਛਾਇਆ ਸਮੇਤ ਕਲਯਾਨ ਬਣਦਾ ਹੈ। ਸ਼ਾਮ, ਏਮਨ, ਭੁਪਾਲੀ ਆਦਿ ੧੨ ਇਸ ਦੀਆਂ ਕਿਸਮਾਂ ਵੀ ਅੱਗੇ ਹੋਰ ਹਨ ਅਤੇ ਬਾਣੀ ਬਿਉਰਾ ਨਿਰਗੁਣਿਆਰਾ ਨੇ ਇਹ ੧੪ ਕਿਸਮਾਂ ਇਸ ਦੀਆਂ ਦਰਸਾਈਆਂ ਹਨ:-

੧. ਸੁਧ ਕਲਿਆਨ, ੨. ਏਮਨ ਕਲਿਆਨ, ੩. ਭੁਪਾਲ ਕਲਿਆਨ, ੪. ਪੂਰੀਆ ਕਲਿਆਨ, ੫. ਹਮੀਰ ਕਲਿਆਨ, ੬. ਖੇਮ ਕਲਿਆਨ, ੭. ਸਾਂਵਰੀ ਕਲਿਆਨ, ੮. ਸਯਾਮ ਕਲਿਆਨ, ੯. ਕਾਮੋਦੀ ਕਲਿਆਨ, ੧੦. ਨਟ ਕਲਿਆਨ, ੧੧. ਹੋਮ ਕਲਿਆਨ, ੧੨. ਜੈਤ ਕਲਿਆਨ, ੧੩. ਨਾਯਕੀ ਕਲਿਆਨ, ੧੪. ਬਿਨੋਦ ਕਲਿਆਨ।

ਆਰੋਹੀ- ਸ ਨ਼ ਰ ਗ, ਮ ਪ, ਮ ਧ ਨ ਸ

ਜਾਂ - ਸ ਰ ਗ, ਮ ਪ, ਧ ਨ ਸਾਂ

ਅਵਰੋਹੀ- ਸਂ ਨ ਧ ਪ, ਮ ਗ ਰ ਸਾ।

ਮੁੱਖ ਅੰਗ- ਨ਼ ਰ ਗ, ਰ ਮ ਗ, ਪ ਮ ਗ ਰ, ਨ਼ ਰ ਸਾ।

ਵਾਦੀ- ਗੰਧਾਰ ਸੰਵਾਦੀ- ਨਿਸ਼ਾਦ ਸਮਾਂ- ਰਾਤ ਦਾ ਪਹਿਲਾ ਪਹਿਰ

## ੩੦. ਰਾਗੁ ਪ੍ਰਭਾਤੀ—

ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਅਨੁਸਾਰ ਗੁਰਮਤਿ ਸੰਗੀਤ ਵਿਚ ਇਹ ਭਿੰਨ ਰਾਗਣੀ ਹੈ ਅਤੇ ਗੁਰਮਤਿ ਸੰਗੀਤ ਵਲੋਂ ਹੀ ਪ੍ਰਵਾਨ ਹੋਈ ਹੈ। ਆਸਾ ਭੈਰਉ ਦੇ ਮੇਲ ਤੋਂ ਬਣੀ ਹੈ। ਇਸ ਦਾ ਬਿਭਾਸ ਨਾਲ ਮੇਲ ਮੰਨਿਆ ਹੈ, ਜੋ ਹੋਰਨਾਂ ਮਤਾਂ ਵਿਚ ਨਹੀਂ। ਪ੍ਰਭਾਤੀ ਤੇ ਬਿਭਾਸ ਦੋਵੇਂ ਰਾਗਣੀਆਂ ਮੇਲ ਕੇ ਲਿਖੀਆਂ ਹਨ।

ਥਾਟ- ਕਲਿਆਣ ਜਾਤੀ- ਆਡਵ-ਸ਼ਾਡਵ

ਆਰੋਹੀ- ਸ ਰ ਗ, ਪ ਧ ਸਂ

ਅਵਰੋਹੀ- ਸਂ ਨ ਧ ਨ—ਪ ਗ ਰ ਸਾ

ਵਾਦੀ- ਸ਼ੜਜ

ਸੰਵਾਦੀ- ਪੰਚਮ

## ੩੧. ਰਾਗੁ ਜੈਜਾਵੰਤੀ—

ਭਾਈ ਵੀਰ ਸਿੰਘ ਜੀ ਅਨੁਸਾਰ ਗੁਰਮਤਿ ਸੰਗੀਤ ਵਿਚ ਇਹ ਭਿੰਨ ਰਾਗਣੀ ਦੱਸੀ ਹੈ। ਕਾਨੜਾ ਸੋਰਠਿ ਦੇ ਮੇਲ ਤੋਂ ਜੈਜਾਵੰਤੀ ਬਣਦੀ ਹੈ, ਪਰੰਤੂ ਹੋਰਨਾਂ ਮਤਾਂ ਵਿਚੋਂ ਜਿਹਾ ਕਿ ਹਨੁਮੰਤ ਮੱਤ ਵਿਚ ਦੀਪਕ ਦੀ ਨੂੰਹ ਲਿਖੀ ਹੈ, ਏਥੇ ਧੋਲਗਿਰੀ ਸੋਰਠ ਬਿਲਾਵਲ ਦਾ ਮੇਲ ਦੀਪਕ ਦੀ ਛਾਇਆ ਸਮੇਤ ਜੈਜਾਵੰਤੀ ਬਣਦੀ ਹੈ ਅਤੇ ਮਹਾਨ ਕੋਸ਼ ਦੇ ਕਰਤਾ ਭਾ: ਕਾਨ੍ਹ ਸਿੰਘ ਨਾਭਾ ਨੇ ਇਸ ਰਾਗ ਬਾਰੇ ਇਸ ਪ੍ਰਕਾਰ ਦਰਸਾਇਆ ਹੈ :-

ਸੰਗਯਾ-ਜਯਜਯਵੰਤੀ ਅਥਵਾ ਜਯਜਯੰਤਿ, ਕਮਾਚ ਠਾਟ ਦੇ ਸੰਪੂਰਣ ਜਾਤੀ ਦੀ ਇਕ ਰਾਗਿਣੀ, ਜੋ ਧੂਲਸ਼੍ਰੀ ਬਿਲਾਵਲ ਅਤੇ ਸੋਰਠਿ ਦੇ ਮੇਲ ਤੋਂ ਬਣਦੀ ਹੈ। ਇਸ ਵਿਚ ਦੋਵੇਂ ਗਾਂਧਾਰ ਅਤੇ ਦੋਵੇਂ ਨਿਸ਼ਾਧ ਲੱਗਦੇ ਹਨ। ਆਰੋਹੀ ਵਿਚ ਸ਼ੁੱਧ ਨਿਸ਼ਾਧ ਅਤੇ ਸ਼ੁੱਧ ਗਾਂਧਾਰ ਹੈ। ਅਵਰੋਹੀ ਵਿਚ ਦੋਵੇਂ ਕੋਮਲ ਹਨ। ਪੰਚਮ ਅਤੇ ਰਿਸ਼ਭ ਦੀ ਇਸ ਵਿਚ ਸੰਗਤਿ ਹੈ, ਰਿਸ਼ਭ ਵਾਦੀ ਅਤੇ ਪੰਚਮ ਸੰਵਾਦੀ ਹੈ :-

ਆਰੋਹੀ- ਸ ਰ ਗ ਮ ਪ, ਨ ਸ̇

ਜਾਂ- ਸ ਰ ਗ ਮ ਧ ਨ ਸ̇

ਅਵਰੋਹੀ- ਸ̇ ਨੁ ਧ ਪ, ਧ ਮ ਗ ਰ, ਰ ਗੁ ਰ ਸਾ

ਮੁੱਖ ਅੰਗ- ਰ ਗੁ ਰ ਸ, ਨੁ̣ ਧ̣ ਪ̣ ਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੈਜਾਵੰਤੀ ਦਾ ਨੰਬਰ ਇਕੱਤੀਹਵਾਂ ਹੈ। ਇਸ ਵਿਚ ਕੇਵਲ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਹੈ। ਇਹ ਰਾਗਿਣੀ ਨੌਵੇਂ ਸਤਿਗੁਰੂ ਦੀ ਹੋਰ ਬਾਣੀ ਸਮੇਤ ਦਸਮੇਸ਼ ਪਿਤਾ ਨੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਲਿਖਾਈ ਹੈ। (ਮਹਾਨ ਕੋਸ਼ ਭਾਸ਼ਾ ਵਿਭਾਗ ਪੰਨਾ ੫੩੩) ੩੧ ਰਾਗਾਂ ਦੀ ਸੰਪੂਰਨਤਾ ਹੋਈ ਹੈ।

ਥਾਟ- ਖਮਾਜ ਜਾਤੀ- ਸ਼ਾਡਵ ਸੰਪੂਰਨ

ਸਮਾਂ - ਰਾਤ ਦਾ ਦੂਜਾ ਪਹਿਰ

ਰਾਗੁ ਕਵਿਤਾ ਦੇ ਰੂਪ ਵਿਚ ਇਸ ਪ੍ਰਕਾਰ ਹਨ-

ਕਬਿੱਤ-ਸਿਰੀ ਰਾਗੁ ਮਾਝ ਗਉੜੀ ਆਸਾ ਸੰਗ ਭਈ ਬਉਰੀ, ਗੂਜਰੀ ਗੰਧਾਰੀ ਤੇ ਬਿਹਾਗੜਾ ਸੁਹਾਇਓ ਹੈ॥ ਵਡਹੰਸ ਸੋਰਠਿ ਧਨਾਸਰੀ ਤੇ ਜੈਤਸਰੀ, ਟੋਡੀ ਤੇ ਬੈਰਾੜੀ ਔ ਤਿਲੰਗ ਸੂਹੀ ਛਾਇਓ ਹੈ॥ ਬਿਲਾਵਲੁ ਤੇ ਗੋਂਡ ਰਾਮਕਲੀ ਨਟ ਮਾਲੀ ਗਉੜਾ, ਮਾਰੂ ਤੇ ਤੁਖਾਰੀ ਔ ਕੇਦਾਰ ਭੈਰਉ ਪਾਇਓ ਹੈ॥ ਬਸੰਤੁ ਸਾਰਗ ਮਲਾਰ ਕਾਨੜਾ ਕਲਿਆਨ ਪ੍ਰਭਾਤੀ ਬਿਭਾਸ ਤੇ ਜੈਜਾਵੰਤੀ ਗੁਣ ਗਾਇਓ ਹੈ॥

ਇਹ ਕਵਿਤਾ ਜਿਸ ਵਿਚ ੩੧ ਰਾਗਾਂ ਦਾ ਨਾਮ ਹੈ, ਇਨ੍ਹਾਂ ਸਮੁੱਚੇ ਰਾਗਾਂ ਦੇ ਨਾਮ ਸੌਖਿਆਂ ਯਾਦ ਕਰਨ ਵਾਸਤੇ ਇਥੇ ਇਹ ਕਵੀ ਦੀ ਬਣਾਈ ਕਵਿਤਾ ਦਿੱਤੀ ਹੈ। ਪੁਰਾਤਨ ਸਿੰਘਾਂ ਨੇ ਇਸ ਤਰ੍ਹਾਂ ਇਹ ਸਾਰੇ ਰਾਗੁ ਯਾਦ ਕੀਤੇ ਹੁੰਦੇ ਸਨ, ਇਸ ਲਈ ਹੁਣ ਸਾਨੂੰ ਵੀ ਸਭ ਨੂੰ ਸਾਰੇ ਰਾਗਾਂ ਦੇ ਨਾਮ ਜ਼ਬਾਨੀ ਯਾਦ ਕਰਨੇ ਚਾਹੀਦੇ ਹਨ ਅਤੇ ਪੁਰਾਤਨ ਸਮੇਂ ਅੰਦਰ ਸਿੰਘਾਂ ਨੂੰ ਰਾਗੁ ਮਾਲਾ ਵੀ ਜ਼ਬਾਨੀ ਯਾਦ ਹੁੰਦੀ ਸੀ।

★★★

# ਹੁਕਮਨਾਮਿਆਂ ਦੀ ਵਿਆਖਿਆ

ਸ੍ਰੀ ਮੁਖਵਾਕ ਨੰਬਰ ੧ (ਅੰਗ ੫੦੯)

ਸਲੋਕੁ ॥ ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ ॥ ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ ॥ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ ॥ ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ ॥੧ ॥ਮਃ ੩ ॥ ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ ॥ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ ॥ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ ॥ ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ ॥੨ ॥ ਪਉੜੀ ॥ ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ ॥ ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ ॥ ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ ॥ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ ॥ ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ ॥੪ ॥

# ਪ੍ਰਾਕ੍ਥਨ-

ਇਹ ਪਵਿੱਤ੍ਰ ਸ੍ਰੀ ਮੁਖਵਾਕ ਗੂਜਰੀ ਰਾਗੁ ਦੀ ਪਹਿਲੀ ਵਾਰ ਦੀ ਚੌਥੀ ਪਉੜੀ ਨਾਲ ਸਬੰਧਤ ਸਲੋਕਾਂ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੦੯ ਉਪਰ ਅੰਕਿਤ ਹੈ। ਅਰੰਭਤਾ ਦਾ ਸਲੋਕ ਭਗਤ ਕਬੀਰ ਜੀ ਦਾ ਹੈ। ਅਗਲਾ ਸਲੋਕ ਤੇ ਪਉੜੀ ਉਤਰ ਰੂਪ ਵਿੱਚ ਉਚਾਰਨ ਕੀਤੀ ਹੈ, ਦੂਜਾ ਸਲੋਕ ਸ੍ਰੀ ਗੁਰੂ ਅਮਰਦਾਸ ਜੀ ਦਾ ਹੈ।

ਸ਼ਬਦ ਦੀ ਆਰੰਭਤਾ ਦੀ ਪੰਗਤੀ ਦੇ ਅੰਦਰ ਭਗਤ ਕਬੀਰ ਜੀ ਨੇ ਮੁਕਤੀ ਦੇ ਦਰਵਾਜ਼ੇ ਦਾ ਜ਼ਿਕਰ ਕੀਤਾ ਹੈ। ਇਹ ਮੁਕਤੀ ਦਾ ਦਰ ਇਤਨਾ ਤੰਗ ਦਸਿਆ ਹੈ ਕਿ ਰਾਈ ਦੇ ਦਾਣੇ ਦੇ ਦਸਵੇਂ ਹਿੱਸੇ ਦੇ ਬਰਾਬਰ ਹੈ। ਦੂਸਰੀ ਪੰਗਤੀ ਅੰਦਰ 'ਮਨੁ' ਨੂੰ ਹਾਥੀ ਦੀ ਤਰ੍ਹਾਂ ਮੋਟਾ ਦਸਿਆ ਹੈ। ਇਸ ਮੁਕਤੀ ਰੂਪ ਤੰਗ ਦਰਵਾਜ਼ੇ ਥਾਣੀ 'ਮਨੁ' ਰੂਪ ਹਾਥੀ ਕਿਸ ਤਰ੍ਹਾਂ ਪਾਰ ਲੰਘੇਗਾ, ਇਹ ਪ੍ਰਸ਼ਨ ਕੀਤਾ ਹੈ ਭਗਤ ਜੀ ਨੇ।

ਇਸ ਸ਼ਬਦ ਦਾ ਵਿਸ਼ਾ ਹੈ ਮੁਕਤੀ।

## ਮੁਕਤੀ ਕਿਸ ਨੂੰ ਆਖਦੇ ਹਨ

ਮੁਕਤੀ ਸੰਸਕ੍ਰਿਤ ਦਾ ਸ਼ਬਦ ਮੰਨਿਆ ਹੈ। ਇਸ ਦਾ ਅਰਥ ਹੈ ਬੰਧਨਾਂ ਤੋਂ ਛੁਟਕਾਰਾ, ਖ਼ਲਾਸੀ ਅਥਵਾ ਆਖ਼ਰੀ ਛੁਟਕਾਰਾ ਜੋ ਰੂਹ ਭਾਵ ਜੀਵ-ਆਤਮਾ ਨੂੰ ਸਰੀਰ ਤੋਂ ਪ੍ਰਾਪਤ ਹੁੰਦਾ ਹੈ। ਫਿਰ ਮੁੜ ਕੇ ਕੋਈ ਸਰੀਰ ਨਾ ਧਾਰਣਾ ਪਵੇ, ਉਸ ਨੂੰ ਮੁਕਤੀ ਮੰਨਿਆ ਹੈ।

੧. ਵੇਦਾਂਤ ਸ਼ਾਸਤ੍ਰ ਨੇ ਆਪਣੇ ਆਪ ਨੂੰ ਗਿਆਨ ਦੁਆਰਾ ਬ੍ਰਹਮ ਨਾਲ ਅਭੇਦ ਨਿਹਚੇ ਕਰਨ ਨੂੰ ਮੁਕਤੀ ਮੰਨਿਆ ਹੈ।

੨-੩. ਨਯਾਯ ਤੇ ਵਿਸ਼ੇਸ਼ਕ ਸ਼ਾਸਤ੍ਰਾਂ ਨੇ ਆਪਣੇ ਗਿਣੇ ਦੁੱਖਾਂ ਤੋਂ ਛੁਟਕਾਰੇ ਨੂੰ ਮੁਕਤੀ ਦੱਸਿਆ ਹੈ।

੪. ਯੋਗ ਸ਼ਾਸਤ੍ਰ ਨੇ ਸਮਾਧੀ ਦੁਆਰਾ ਆਪਣੇ ਆਪ ਨੂੰ ਦ੍ਰਿਸ਼ਟਮਾਨ ਤੋਂ ਕੈਵਲ ਕਰ ਲੈਣਾ ਹੀ ਮੁਕਤੀ ਦੱਸੀ ਹੈ।

੫. ਮੀਮਾਂਸਾ ਸ਼ਾਸਤ੍ਰ ਨੇ ਸੁਰਗ ਦੀ ਪ੍ਰਾਪਤੀ ਨੂੰ ਮੁਕਤੀ ਕਿਹਾ ਹੈ।

੬. ਸਾਂਖ ਸ਼ਾਸਤ੍ਰ ਨੇ ਪ੍ਰਕ੍ਰਿਤੀ ਤੋਂ ਪੁਰਖ ਦਾ ਆਪਣੇ ਆਪ ਨੂੰ ਅਸੰਗ ਜਾਣਨਾ ਮੁਕਤੀ ਦੱਸੀ ਹੈ।

੭. ਜੈਨੀਆਂ ਨੇ ਉੱਚੇ ਲੋਕਾਂ ਵਿਚ ਚਲੇ ਜਾਣ ਨੂੰ ਮੁਕਤੀ ਮੰਨਿਆ ਹੈ।

੮. ਚਾਰਵਾਕੀਏ ਦੇਹ ਦੇ ਮਰ ਜਾਣ ਨੂੰ ਹੀ ਮੁਕਤੀ ਮੰਨਦੇ ਹਨ, ਕਿਉਂਕਿ ਇਹ ਰੂਹ ਨੂੰ ਨਹੀਂ ਮੰਨਦੇ।

੯. ਯਹੂਦੀ, ਈਸਾਈ ਤੇ ਮੁਸਲਮਾਨ ਆਦਿ ਪੱਛਮੀ ਲੋਕਾਂ ਨੇ ਸੁਰਗ ਦੀ ਪ੍ਰਾਪਤੀ ਨੂੰ ਹੀ ਮੁਕਤੀ ਮੰਨਿਆ ਹੈ, ਕਿਉਂਕਿ ਇੰਨ੍ਹਾਂ ਦਾ ਅਕੀਦਾ ਹੈ ਕਿ ਕਿਆਮਤ ਦੇ ਦਿਨ ਮੁਰਦੇ ਕਬਰਾਂ ਵਿਚੋਂ ਫੇਰ

ਜੀਅ ਉਠਣਗੇ ਤੇ ਫੇਰ ਸਦਾ ਜੀਉਂਦੇ ਰਹਿਣਗੇ। ਮਾੜੇ ਦੋਜ਼ਕਾਂ ਦੀ ਅੱਗ ਵਿਚ ਸੜਨਗੇ, ਚੰਗੇ ਬਹਿਸ਼ਤ ਦੇ ਸੁਖ ਭੋਗਣਗੇ।

''**ਮੁਸਲਮਾਨਾਂ**'' ਨੇ ਕਰਮ ਪ੍ਰਧਾਨ ਮੰਨਿਆ ਹੈ ਅਤੇ ਮੁਹੰਮਦ ਸਾਹਿਬ ਜੀ ਦੀ ਸ਼ਿਫ਼ਾਰਸ਼ ਇਸ ਦਾ ਵਸੀਲਾ ਮੰਨਿਆ ਹੈ।

''**ਈਸਾਈਆਂ**'' ਨੇ ਈਸਾ ਜੀ ਅਤੇ ਉਸ ਦੇ ਮੁੜ ਜੀਅ ਉਠਣ ਉੱਤੇ ਈਮਾਨ ਲਿਆਉਣਾ ਵਸੀਲਾ ਮੰਨਿਆ ਹੈ।

## ਤਿੰਨ ਤਰ੍ਹਾਂ ਦੀਆਂ ਮੁਕਤੀਆਂ

ਕਈ ਵਿਦਵਾਨਾਂ ਨੇ ਤਿੰਨ ਮੁਕਤੀਆਂ ਦਾ ਜ਼ਿਕਰ ਕੀਤਾ ਹੈ:-

੧. ਜੀਵਨ ਮੁਕਤੀ, ੨. ਵਿਦੇਹ ਮੁਕਤੀ, ੩. ਨਿੱਤ ਮੁਕਤੀ।

੧. ਜੀਵਨ ਮੁਕਤੀ ਉਸ ਨੂੰ ਮੰਨਦੇ ਹਨ, ਜੋ ਸਰੀਰ ਅੰਦਰ ਰਹਿੰਦਿਆਂ, ਵਾਹਿਗੁਰੂ ਦੀ ਬੰਦਗੀ ਕਰਦਿਆਂ ਆਤਮ ਗਿਆਨ ਰਾਹੀਂ ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ।

੨. ਜੋ ਜੀਵ ਦੇਹ ਦੇ ਨਸ਼ਟ ਹੋਣ 'ਤੇ ਮੁਕਤੀ ਪ੍ਰਾਪਤ ਕਰਦੇ ਹਨ, ਉਹ ਵਿਦੇਹ ਮੁਕਤ ਹਨ।

੩. ਜੋ ਜੀਵ ਕਰਮ ਦੇ ਵੱਸ ਵਿਚ ਪੈ ਕੇ ਜਨਮ ਮਰਣ ਦੇ ਚੱਕਰ ਵਿਚ ਨਹੀਂ ਪੈਂਦੇ ਅਤੇ ਅਵਤਾਰ ਵਾਂਗ ਆਪਣੀ ਜਾਂ ਪਰਮਾਤਮਾ ਦੀ ਇੱਛਾ ਅਨੁਸਾਰ ਵੱਖਰੇ-ਵੱਖਰੇ ਲੋਕਾਂ ਵਿਚ ਵਿਚਰਦੇ ਰਹਿੰਦੇ ਹਨ, ਉਹ ਨਿੱਤ ਮੁਕਤ ਹਨ। (ਗੁਰੂ ਗ੍ਰੰਥ ਵਿਸ਼ਵ ਕੋਸ਼)

ਪਰ ਗੁਰਬਾਣੀ ਅਤੇ ਗੁਰਇਤਿਹਾਸ ਅਨੁਸਾਰ ਇਹ ਉਪਰੋਕਤ ਮੁਕਤੀਆਂ ਇਸ ਪ੍ਰਕਾਰ ਹਨ:

## ੳ - ਜੀਵਨ ਮੁਕਤ ਪੁਰਖ

ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਦੀ ਨੌਵੀਂ ਅਸਟਪਦੀ ਦੀ ਸੱਤਵੀਂ ਪਉੜੀ ਅੰਦਰ, ਜੀਵਨ ਮੁਕਤ ਪੁਰਖ, ਉਸ ਨੂੰ ਕਿਹਾ ਹੈ ਜਿਹੜਾ ਇੰਨ੍ਹਾਂ ਅੱਠਾਂ ਗੁਣਾਂ ਵਿਚ ਪੂਰਨ ਹੈ:

੧. ਜੀਵਨ ਮੁਕਤ ਪੁਰਖ ਉਹੀ ਕਹਾ ਸਕਦਾ ਹੈ ਜਿਹੜਾ ਵਾਹਿਗੁਰੂ ਜੀ ਦੇ ਹੁਕਮ ਨੂੰ ਦਿਲੋਂ ਪ੍ਰੇਮ ਸਹਿਤ ਮੰਨਦਾ ਹੈ।

੨. ਖ਼ੁਸ਼ੀ ਅਤੇ ਚਿੰਤਾ ਦੇ ਸਮੇਂ ਵਿਚ ਇਕ ਸਮਾਨ ਬਿਰਤੀ ਦਾ ਰਹਿਣਾ।

੩. ਉਸਦੀ ਆਤਮਿਕ ਅਵਸਥਾ ਵਿਚ ਸਦਾ ਖੇੜਾ ਬਣਿਆ ਰਹਿਣਾ, ਇਸ ਅਨੰਦ ਮਈ ਅਵਸਥਾ ਦਾ ਵਿਛੋੜਾ ਨਹੀਂ, ਸਦੀਵੀ ਅਨੰਦ ਹੈ।

੪. ਸੋਨਾ ਤੇ ਮਿਟੀ ਜਿਸ ਨੂੰ ਇਕ ਸਮਾਨ ਪ੍ਰਤੀਤ ਹੋਵੇ। ਭਰਥਰੀ ਜੀ ਵਰਗੇ, ਕਾਰਣ ਵੈਰਾਗ ਦੇ ਧਾਰਣੀ, ਜਿੰਨ੍ਹਾਂ ਨੇ ਰਾਜ ਭਾਗ ਤਿਆਗ ਦਿੱਤਾ, ਰਤਨ ਜੜਤ ਸੀਸ ਮਹਿਲ ਛੱਡ ਦਿੱਤੇ। ਸੁੰਦਰ ਪਟਰਾਣੀਆਂ ਤੇ ਸੇਜਾ ਦੇ ਸੁਖ ਅਨੰਦ, ਵਿਸ਼ੇ ਭੋਗ ਨੂੰ ਲੱਤ ਮਾਰ ਦਿੱਤੀ। ਵੈਰਾਗ ਮਈ ਅਵਸਥਾ ਵਿਚ, ਸਵੇਰੇ ਵੱਡੇ ਤੜਕੇ, ਸਿਆਲ ਦੀ ਰੁੱਤ ਸੀ। ਤੁਰੇ ਜਾਂਦਿਆਂ ਕੀ ਤੱਕਿਆ, ਰਸਤੇ ਵਿਚ ਕਿਸੇ ਦਾ ਪਾਨ ਚੱਬ ਕੇ ਥੁੱਕਿਆ ਪਿਆ ਸੀ। ਭਰਥਰੀ ਜੀ ਨੂੰ ਭੁਲੇਖਾ ਪੈ ਗਿਆ ਕਿ ਕੀਮਤੀ ਲਾਲ ਪਿਆ ਹੈ। ਚੜ੍ਹਦੇ ਸੂਰਜ ਦੀਆਂ ਕਿਰਣਾਂ ਪੈਣ ਨਾਲ ਥੁੱਕ ਚਮਕ ਰਿਹਾ ਸੀ। ਭਰਥਰੀ ਜੀ ਨੇ ਲਾਲ ਚੁਕਣਾ ਚਾਹਿਆ, ਜਿਸ ਵੇਲੇ ਹੱਥ ਪਾਇਆ ਤਾਂ ਥੁੱਕ ਨਾਲ ਹੱਥ ਭਰ ਗਿਆ। ਉਸ ਵੇਲੇ ਨੇਤਰਾਂ ਵਿਚੋਂ ਜਲ ਭਰ ਆਇਆ। ਵੈਰਾਗ ਅੰਦਰ ਆ ਕੇ ਬਚਨ ਕਹੇ :

*"ਰਤਨ ਜੜਤ ਮੰਦਰ ਤਜੇ, ਅਰ ਸਖੀਅਨ ਕੇ ਸਾਥ।*
*ਰੇ ਮਨ ਧੋਖੇ ਲਾਲ ਕੇ, ਭਰਿਉ ਪੀਕ ਮੇਂ ਹਾਥ।"*

ਇਸ ਲਈ ਸੋਨਾ ਤੇ ਮਿਟੀ ਇਕ ਸਮਾਨ ਸਮਝਣੀ ਹੈ ਤਾਂ ਔਖੀ ਪਰ ਜਿਸ ਦੀ ਐਸੀ ਅਵਸਥਾ ਹੈ, ਉਹ ਇਕ ਸਮਾਨ ਸਮਝਦਾ ਹੈ।

੫. ਜਿਸ ਨੂੰ ਅੰਮ੍ਰਿਤ ਤੇ ਜ਼ਹਿਰ ਇੱਕ ਸਮਾਨ ਹੈ। ਇਥੇ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਖ਼ਸ਼ਿਸ਼ ਕੀਤੇ ਅੰਮ੍ਰਿਤ ਦੀ ਗੱਲ ਨਹੀਂ ਹੈ। ਅੰਮ੍ਰਿਤ ਦੇ ਅਰਥ ਵਿਦਵਾਨਾਂ ਨੇ ਕੀਤੇ ਹਨ, ਮ੍ਰਿਤੂ ਤੋਂ ਰਹਿਤ ਕਰਨ ਵਾਲੀ ਵਸਤੂ। ਜ਼ਹਿਰ ਮਿਰਤੂ ਕਰਨ ਵਾਲੀ ਵਸਤੂ ਹੈ ਭਾਵ ਜੋ ਉਸ ਦੀ ਰਜ਼ਾ ਵਿਚ ਜੀਉਂਦਾ ਹੈ, ਸਦਾ ਜੀਉਂਦੇ ਰਹਿਣ ਵਾਸਤੇ ਕਿਸੇ ਦੇਵਤਿਆਂ ਦੇ ਅੰਮ੍ਰਿਤ ਨੂੰ ਚੰਗਾ ਨਹੀਂ ਸਮਝਦਾ। ਨਾ ਹੀ ਜ਼ਹਿਰ ਖਾ ਕੇ ਮਰਨ ਦਾ ਡਰ ਹੈ, ਜਿਸ ਦੀ ਦ੍ਰਿਸ਼ਟੀ ਵਿਚ ਅੰਮ੍ਰਿਤ ਤੇ (ਬਿਖ) ਜ਼ਹਿਰ ਸਮਾਨ ਹੈ।

੬. ਮਾਨ, ਅਭਿਮਾਨ ਭਾਵ ਸਤਿਕਾਰ ਤੇ ਨਿਰਾਦਰ ਇਕ ਸਮਾਨ ਹੈ। 'ਮਾਨ ਹੋਂਦੇ ਹੋਇ ਨਿਮਾਣਾ, ਤਾਣ ਹੋਂਦੇ ਹੋਇ ਨਿਤਾਣਾ', ਵਾਲੀ ਅਵਸਥਾ ਹੋਵੇ, ਸਮਾਨ ਅਵਸਥਾ।

੭. ਰੰਕ ਤੇ ਰਾਜਾ ਬਰਾਬਰ ਨਜ਼ਰ ਆਵੇ। ਰਾਜੇ ਦਾ ਮਨ ਅੰਦਰ ਡਰ ਨਾ ਹੋਵੇ। ਰੰਕ ਦਾ ਅਪਮਾਨ ਨਾ ਕਰੇ।

*"ਰਾਣਾ ਰੰਕੁ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ॥"*

ਇਹ ਤਾਂ ਗੁਰੂ ਸਾਹਿਬ ਜੀ ਨੂੰ ਹੀ ਬਣ ਆਂਵਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਅਨੰਦ ਵਿਚ ਬੈਠੇ ਸਨ। ਬਾਦਸ਼ਾਹ ਹਮਾਯੂੰ ਦਰਸ਼ਨਾਂ ਨੂੰ ਆਇਆ ਸੀ।

## ਸਾਖੀ ਹਮਾਯੂੰ ਬਾਦਸ਼ਾਹ ਦੀ

ਲੋਧੀ ਖ਼ਾਨਦਾਨ ਦਾ ਅਖ਼ੀਰਲਾ ਬਾਦਸ਼ਾਹ ਇਬਰਾਹੀਮ ਬਾਬਰ ਦੇ ਮੁਕਾਬਲੇ 'ਤੇ ਜੰਗ ਵਿਚ

ਮਾਰਿਆ ਗਿਆ ਸੀ ਤਾਂ ਸ਼ੇਰ ਸ਼ਾਹ ਸੂਰੀ ਜਿਸ ਦਾ ਪਹਿਲਾ ਨਾਮ ਫ਼ਰੀਦ ਸੀ, ਇਹ ਫ਼ਰੀਦ ਬਿਹਾਰ ਖ਼ਾਂ ਪਾਸ ਚਲਾ ਗਿਆ ਸੀ। ਇਕ ਵਾਰ ਬਿਹਾਰ ਖ਼ਾਂ ਨਾਲ ਫ਼ਰੀਦ ਸ਼ਿਕਾਰ ਖੇਡਣ ਗਿਆ ਸੀ। ਫ਼ਰੀਦ ਨੇ ਇਕ ਸ਼ੇਰ ਮਾਰਿਆ ਤਾਂ ਬਿਹਾਰ ਖ਼ਾਂ ਨੇ ਇਸ ਦਾ ਨਾਮ ਹੀ ਸ਼ੇਰ ਖ਼ਾਂ ਰੱਖ ਦਿੱਤਾ ਸੀ। ਬਿਹਾਰ ਖ਼ਾਂ ਆਪ ਨੂੰ ਸੁਲਤਾਨ ਕਹਾਵਣ ਲੱਗ ਗਿਆ ਸੀ। ਆਖ਼ਿਰ ਸ਼ੇਰ ਖ਼ਾਂ ਇਤਨੀ ਤਾਕਤ ਫੜ ਗਿਆ ਸੀ ਕਿ ਬੰਗਾਲ ਉਪਰ ਕਬਜ਼ਾ ਕਰਕੇ ਇਸ ਨੇ ਆਪਣੇ ਆਪ ਨੂੰ ਫ਼ਰੀਦੁੱਦੀਨ ਸ਼ੇਰਸ਼ਾਹ ਅਖਵਾਣਾ ਸ਼ੁਰੂ ਕਰ ਦਿੱਤਾ ਸੀ। ਇਸ ਸਮੇਂ ਹਮਾਯੂੰ ਨੇ ਸ਼ੇਰ ਸ਼ਾਹ ਪਾਸੋਂ ਸੰਨ ੧੫੩੯ ਵਿਚ ਹਾਰ ਖਾਧੀ ਸੀ। ਦੂਸਰੀ ਵਾਰ ਕਨੌਜ ਦੇ ਪਾਸ ਮੁਗ਼ਲ ਬਾਦਸ਼ਾਹ ਹਮਾਯੂੰ ਦੀ ਸ਼ੇਰ ਸ਼ਾਹ ਸੂਰੀ ਨਾਲ ਦੂਸਰੀ ਲੜਾਈ ੧੫੪੦ ਈਃ ਨੂੰ ਹੋਈ। ਏਥੇ ਹਮਾਯੂੰ ਪੂਰੀ ਤਰ੍ਹਾਂ ਹਾਰ ਗਿਆ। ਉਹ ਜਾਨ ਬਚਾਉਣ ਵਾਸਤੇ ਆਗਰੇ ਤੋਂ ਪੰਜਾਬ ਵੱਲ ਨੱਸਿਆ। ਉਹ ਸੁਲਤਾਨਪੁਰ ਤੋਂ ਦਰਿਆ ਬਿਆਸ ਪਾਰ ਕਰਕੇ ਸਿੱਧਾ ਲਾਹੌਰ ਨੂੰ ਜਾ ਰਿਹਾ ਸੀ। ਰਸਤੇ ਵਿਚ ਉਸਨੂੰ ਗੁਰੂ ਅੰਗਦ ਦੇਵ ਜੀ ਦੀ ਦੱਸ ਪਈ। ਉਹ ਸਿੱਧਾ ਗੁਰਦੇਵ ਦੇ ਦਰਸ਼ਨਾਂ ਵਾਸਤੇ ਖਡੂਰ ਸਾਹਿਬ ਆ ਪੁੱਜਾ। ਮਹਿਮਾ ਪ੍ਰਕਾਸ਼ ਅਨੁਸਾਰ ਜਿੱਥੇ ਇਸ ਵੇਲੇ ਗੁਰਦੁਆਰਾ 'ਮੱਲ ਅਖਾੜਾ' ਹੈ, ਗੁਰੂ ਅੰਗਦ ਦੇਵ ਜੀ ਉਸ ਥਾਂ ਬੈਠੇ ਬਾਲਕਾਂ ਦਾ ਘੋਲ ਕਰਾ ਰਹੇ ਸਨ। ਹਮਾਯੂੰ ਭਾਵੇਂ ਗੁਰੂ ਜੀ ਕੋਲੋਂ ਆਪਣੇ ਹੱਕ ਵਿਚ ਆਸ਼ੀਰਵਾਦ ਦੀ ਇੱਛਿਆ ਨਾਲ ਆਇਆ ਸੀ, ਪਰ ਉਹਦੇ ਮਨ ਵਿਚ ਬਾਦਸ਼ਾਹੀ ਦੀ ਹਉਮੈਂ ਮੌਜੂਦ ਸੀ। ਹੋ ਸਕਦਾ ਹੈ ਕਿ ਗੁਰੂ ਘਰ ਦੇ ਵਿਰੋਧੀਆਂ ਨੇ ਬਾਦਸ਼ਾਹ ਦੇ ਕੰਨ ਵੀ ਭਰੇ ਹੋਣ। ਤਵਾਰੀਖ਼ ਗੁਰੂ ਖ਼ਾਲਸਾ ਅਨੁਸਾਰ ਗੁਰੂ ਜੀ ਸਮਾਧੀ ਵਿਚ ਬੈਠੇ ਸਨ। ਹਮਾਯੂੰ ਉਥੇ ਖੜਾ ਰਿਹਾ ਤੇ ਮਹਾਰਾਜ ਆਪਣੀ ਮਸਤੀ ਵਿਚ ਖ਼ਾਮੋਸ਼ ਬੈਠੇ ਰਹੇ। ਹਮਾਯੂੰ ਨੇ ਇਸ ਨੂੰ ਆਪਣਾ ਅਪਮਾਨ ਸਮਝਿਆ। ਉਹਦੀ ਚਾਹ ਸੀ ਕਿ ਗੁਰੂ ਜੀ ਖੜੇ ਹੋ ਕੇ ਉਸ ਦਾ ਸਤਿਕਾਰ ਕਰਦੇ, ਕਿਉਂਕਿ ਆਮ ਫ਼ਕੀਰ ਬਾਦਸ਼ਾਹ ਦਾ ਏਸੇ ਤਰ੍ਹਾਂ ਆਦਰ ਕਰਿਆ ਕਰਦੇ ਸਨ। ਗ਼ੁੱਸੇ ਵਿਚ ਹਮਾਯੂੰ ਤਲਵਾਰ ਧੂ ਕੇ ਗੁਰੂ ਜੀ ਵੱਲ ਵਧਿਆ। ਗੁਰੂ ਜੀ ਨੇ ਬੜੀ ਨਿਰਭੈਤਾ ਨਾਲ ਮੁਸਕਰਾਉਂਦਿਆਂ ਉਤਰ ਦਿੱਤਾ, "ਐ ਬਾਦਸ਼ਾਹ ! ਜਿਹੜੀ ਤਲਵਾਰ ਫ਼ਕੀਰਾਂ ਉੱਤੇ ਉਠਾਉਣ ਦਾ ਯਤਨ ਕਰ ਰਿਹਾ ਹੈਂ, ਇਹ ਮੈਦਾਨੇ-ਜੰਗ ਵਿਚ ਸ਼ੇਰ ਸ਼ਾਹ ਦੇ ਟਾਕਰੇ 'ਤੇ ਕਿਉਂ ਨਾ ਉਠੀ ? ਇਸਦਾ ਸਹੀ ਥਾਂ ਉਹ ਸੀ।

***"ਗੁਜਰੀ ਦੋਇ ਘੜੀ ਸਤਿਗੁਰ ਨਹੀ ਦੇਖਾ।***
***ਕੀਆ ਬਾਦਸ਼ਾਹ ਮਨ ਕੋਪ ਬਿਸੇਖਾ।***
***ਤਬ ਹਾਥ ਤਲਵਾਰ ਮੂਠ ਪਰ ਰਾਖਾ।***
***ਬਝ ਗਯੋ ਹਾਥ ਤਬ ਦੇਖ ਪ੍ਰਭ ਭਾਖਾ।***
***ਸ਼ੇਰ ਸ਼ਾਹ ਸੋ ਕੁਛ ਨਹੀਂ ਕੀਨਾ।***
***ਈਹਾਂ ਤਲਵਾਰ ਮੂਠ ਗਹਿ ਲੀਨਾ।"***

(ਮਹਿਮਾ ਪ੍ਰਕਾਸ਼)

ਹਮਾਯੂੰ ਦਾ ਤਲਵਾਰ ਵਾਲਾ ਹੱਥ ਨੀਵਾਂ ਹੋ ਗਿਆ। ਦਿਲ ਵਿਚ ਸ਼ਰਮ ਮਹਿਸੂਸ ਕਰਦਿਆਂ ਹਮਾਯੂੰ ਨੇ ਸਿਰ ਝੁਕਾ ਕੇ ਕਿਹਾ, "ਮਹਾਰਾਜ ! ਮੈਥੋਂ ਗ਼ਲਤੀ ਹੋ ਗਈ। ਆਪ ਵਲੀ ਬਾਬਾ ਨਾਨਕ ਦੇ ਸਹੀ ਗੱਦੀ-

ਨਸ਼ੀਨ ਹੋ, ਉਹਨਾਂ ਦਾ ਰੂਪ ਹੋ। ਆਪ ਮੇਰੇ ਉੱਤੇ ਮਿਹਰ ਕਰੋ, ਤੁਹਾਡੀ ਦੁਆ ਮੇਰੀ ਹਾਰ ਨੂੰ ਜਿੱਤ ਵਿਚ ਬਦਲ ਸਕਦੀ ਹੈ। ਮਿਹਰ ਕਰੋ।

''ਬਾਦਸ਼ਾਹ ! ਸਮੇਂ ਦੀ ਉਡੀਕ ਕਰਨੀ ਪਵੇਗੀ। ਹਉਮੈਂ ਦੀ ਥਾਂ ਅੰਦਰ ਬਲ ਪੈਦਾ ਕਰੋ।'' ਹਮਾਯੂੰ ਸਿਰ ਝੁਕਾ ਕੇ ਸਿੰਧ ਵਲ ਚਲਿਆ ਗਿਆ ਸੀ।

੮. 'ਜੋ ਵਰਤਾਏ ਸਾਈ ਜੁਗਤਿ॥' ਜੋ ਵਾਹਿਗੁਰੂ ਹੁਕਮ ਵਰਤਾ ਦੇਵੇ ਉਸ ਵਿਚ ਪ੍ਰਸੰਨ ਰਹਿਣਾ, ਇਹ ਹੀ ਪ੍ਰਮਾਣੀਕ ਜੁਗਤੀ ਹੈ। ਉਸ ਦੇ ਹੁਕਮ ਨੂੰ ਜੋ ਸੱਤ ਕਰਕੇ ਮੰਨਦਾ ਹੈ। ਗੁਰੂ ਨਾਨਕ ਦੇਵ ਜੀ ਦਾ ਪੰਜਵਾਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਿਸ ਦੀ ਅਵਸਥਾ ਉਪਰੋਕਤ ਦੱਸੇ ਗਏ ਅੱਠਾਂ ਗੁਣਾਂ ਵਿਚ ਸਮਾਨ ਰਹਿੰਦੀ ਹੈ, ਉਸ ਨੂੰ ਜੀਵਨ ਮੁਕਤ ਪੁਰਖ ਕਹਿਣਾ ਚਾਹੀਦਾ ਹੈ।

*''ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥*
*ਤੈਸਾ ਹਰਖੁ ਤੈਸਾ ਉਸੁ ਸੋਗੁ॥*
*ਸਦਾ ਅਨੰਦੁ ਤਹ ਨਹੀ ਬਿਓਗੁ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ॥*
*ਤੈਸਾ ਮਾਨੁ ਤੈਸਾ ਅਭਿਮਾਨੁ॥*
*ਤੈਸਾ ਰੰਕੁ ਤੈਸਾ ਰਾਜਾਨੁ॥*
*ਜੋ ਵਰਤਾਏ ਸਾਈ ਜੁਗਤਿ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ ੭॥''*

(ਸ੍ਰੀ ਸੁਖਮਨੀ ਸਾਹਿਬ, ਅੰਗ ੨੭੫)

*''ਓਹੁ ਧਨਵੰਤੁ ਕੁਲਵੰਤੁ ਪਤਿਵੰਤੁ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥*

(ਸ੍ਰੀ ਸੁਖਮਨੀ ਸਾਹਿਬ, ਅੰਗ ੨੯੪)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਜੀਵਨ ਮੁਕਤ ਪੁਰਖ ਦਾ ਜ਼ਿਕਰ ਕੀਤਾ ਹੈ ਕਿ ਜਿਸ ਨੇ ਮਾਨ, ਮੋਹ, ਤਿਆਗ ਕੇ ਵਾਹਿਗੁਰੂ ਦੇ ਗੁਣ ਗਾਉਣਾ ਸ਼ੁਰੂ ਕੀਤੇ ਹਨ, ਇਸ ਤਰ੍ਹਾਂ ਦਾ ਮਨੁੱਖ ਜੀਵਨ ਮੁਕਤ ਕਹਾ ਸਕਦਾ ਹੈ।

*''ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥*
*ਕਹੁ ਨਾਨਕ ਇਹ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥''*

(ਬਿਲਾਵਲ ਰਾਗੁ, ਅੰਗ ੮੩੧)

*"ਜੀਵਨ ਮੁਕਤੁ ਮਨਿ ਨਾਮੁ ਵਸਾਏ॥"*
*"ਗੁਰਮੁਖਿ ਹੋਇ ਤਾ ਸਚਿ ਸਮਾਏ॥"*

(ਅੰਗ ੪੧੨)

*"ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ॥"*

(ਅੰਗ ੪੪੯)

## ਅ – ਬਿਦੇਹ-ਮੁਕਤ

ਭਾਈ ਕਾਨ੍ਹ ਸਿੰਘ ਜੀ ਅਨੁਸਾਰ, ਬਿਦੇਹ, ਸੰਗਯਾ-ਵਿਦੇਹ, ਜਨਕ, ਜਿਸ ਦਾ ਦੇਹ ਅਭਿਮਾਨ ਦੂਰ ਹੋ ਗਿਆ ਹੈ। "ਜੈਸੇ ਬਿਦੇਹ ਰਹਯੋ ਗ੍ਰਿਸਥਾਸ੍ਰਮ" (ਨਾਨਕ ਪ੍ਰਕਾਸ਼) (ਮਹਾਨ ਕੋਸ਼) ਭਾਈ ਵੀਰ ਸਿੰਘ ਜੀ ਅਨੁਸਾਰ ਸੰਸਕ੍ਰਿਤ, ਦੇਹ=ਸਰੀਰ।

ਦੇਹੀ=ਸਰੀਰ ਵਾਲਾ ਭਾਵ ਆਤਮਾ ਜੋ ਸਰੀਰ ਦਾ ਮਾਲਕ ਹੈ। ਵਿਦੇਹੀ= ਜੋ ਆਤਮਾ ਨਹੀਂ ਹੈ ਭਾਵ ਸਰੀਰ। ਇਹ ਪਦ ਉਸ ਪਦ ਤੋਂ ਵੱਖਰਾ ਹੈ, ਜੋ "ਵਿਦੇਹ" ਕਰਕੇ ਲਿਖੀਦਾ ਹੈ। ਉਸ ਦਾ ਅਰਥ ਹੈ ਵਿਦੇਹ=ਜੋ ਦੇਹ ਨਹੀਂ ਹੈ ਭਾਵ ਆਤਮਾ। ਜੋ ਆਤਮਾ ਨਹੀਂ, ਸਰੀਰ। ਯਥਾ 'ਦੇਹੀ ਗੁਪਤ ਬਿਦੇਹੀ ਦੀਸੈ" (ਅੰਗ ੯੦੦) ਦੇਹੀ। ਆਤਮਾ ਗੁਪਤ ਹੈ, ਬਿਦੇਹੀ। ਸਰੀਰ ਦਿਸਦਾ ਹੈ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼) ਇਤਿਹਾਸ ਦਮਦਮੀ ਟਕਸਾਲ ਅਨੁਸਾਰ, ਤਖ਼ਤ ਸ੍ਰੀ ਦਮਦਮਾ ਸਾਹਿਬ ਜਿਸ ਵੇਲੇ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਹੀਦ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਗਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਲਿਖਵਾਇਆ ਅਤੇ ੪੮ ਸਿੰਘਾਂ ਨੂੰ ਗੁਰਬਾਣੀ ਦੇ ਅਰਥ ਪੜ੍ਹਾਏ ਸਨ। ਉਹ ਅਰਥ ਪੜ੍ਹਨ ਵਾਲੇ ਸਾਰੇ ਸਿੰਘ ਬਿਦੇਹ-ਮੁਕਤ ਹੋ ਗਏ ਸਨ। ਕਲਗੀਧਰ ਜੀ ਨੇ ਬਾਬਾ ਦੀਪ ਸਿੰਘ ਜੀ ਤੇ ਭਾਈ ਮਨੀ ਸਿੰਘ ਜੀ ਨੂੰ ਹੁਕਮ ਕੀਤਾ ਕਿ ਤੁਹਾਡੇ ਤੋਂ ਅਰਥ ਪੜ੍ਹਾਉਣ ਦੀ ਸੇਵਾ ਲੈਣੀ ਹੈ। ਨਾਲ ਬਾਬਾ ਦੀਪ ਸਿੰਘ ਜੀ ਨੂੰ ਕਿਹਾ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਸੇਵਾ ਸੰਭਾਲ ਤੁਸੀਂ ਕਰਨੀ ਹੈ। ਭਾਈ ਮਨੀ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਕਰਨੀ ਹੈ।

ਦੋਵਾਂ ਸਿੰਘਾਂ ਨੇ ਬੇਨਤੀ ਕੀਤੀ – ਜੀ ਅਸੀਂ ਬਿਦੇਹ ਮੁਕਤ ਹਾਂ। ਇਸ ਅਨੰਦ ਵਿਚ ਫ਼ਰਕ ਨਾ ਪੈ ਜਾਵੇ। ਤਾਂ ਹਜ਼ੂਰ ਨੇ ਕਿਹਾ ਸੀ ਦੀਪ ਸਿੰਘ, ਤੇਰਾ ਧੜ ਨਾਲੋਂ ਸਿਰ ਭਾਵੇਂ ਵੱਖਰਾ ਹੋ ਜਾਵੇ ਪਰ ਇਹ ਅਨੰਦ ਕਾਇਮ ਰਹੇਗਾ। ਮਨੀ ਸਿੰਘ ਜੀ ਨੂੰ ਕਿਹਾ ਕਿ ਤੇਰਾ ਭਾਵੇਂ ਬੰਦ-ਬੰਦ ਕੱਟਿਆ ਜਾਵੇ, ਇਸ ਅਨੰਦ ਵਿਚ ਫ਼ਰਕ ਨਹੀਂ ਪਵੇਗਾ।

## ੲ –ਨਿਤ ਮੁਕਤ

ਭਾਵ ਹਮੇਸ਼ਾ ਵਾਸਤੇ ਮੁਕਤ ਹੋ ਜਾਣਾ। ਸਦਾ ਮੁਕਤ ਵੀ ਕਹਿ ਸਕਦੇ ਹਾਂ। ਐਸੇ ਸਦਾ ਮੁਕਤ ਸਿੰਘਾਂ ਦਾ ਇਤਿਹਾਸ ਅੰਦਰ ਜ਼ਿਕਰ ਆਇਆ ਹੈ। ਮਹਾਨ ਕੋਸ਼ ਅਨੁਸਾਰ ਪੰਜ ਮੁਕਤੇ ਹੋਏ ਹਨ।

**ਪੰਜ ਮੁਕਤੇ**—ਪੰਜ ਸਿੰਘ, ਜਿੰਨ੍ਹਾਂ ਨੇ ਪੰਜਾਂ ਪਿਆਰਿਆਂ ਪਿਛੋਂ ਇਕ ਵੈਸਾਖ ਸੰਮਤ ੧੭੫੬ ਨੂੰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਇੰਨ੍ਹਾਂ ਨੂੰ ਪੰਜ ਮੁਕਤੇ ਕਹਿ ਕੇ ਹਜ਼ੂਰ ਨੇ ਨਿਵਾਜਿਆ ਸੀ। ਇੰਨ੍ਹਾਂ ਦੇ ਨਾਮ ਇਸ ਪ੍ਰਕਾਰ ਹਨ :

ਦੇਵਾ ਸਿੰਘ, ਰਾਮ ਸਿੰਘ, ਟਹਿਲ ਸਿੰਘ, ਈਸ਼ਰ ਸਿੰਘ, ਫਤੇ ਸਿੰਘ।

***"ਬਹੁਰ ਪੰਚ ਸਿਖ ਖਰੇ ਕਰਿ ਅੰਮ੍ਰਿਤ ਦਯੋ ਛਕਾਇ।***
***ਸੰਗਯਾ ਮੁਕਤੇ ਜਿਨ ਕਹੇ ਭਏ ਸਿੰਘ ਹਰਖਾਇ॥ ੧੭॥"***

(ਗੁ: ਪ੍ਰ: ਸੂ: ਗ੍ਰੰਥ, ਰਿਤੁ ੩, ਅੰਸੂ ੨੦)

ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਜੋ ਮੁਕਤਸਰ ਜੰਗ ਅੰਦਰ ਚਾਲੀ ਸਿੰਘ ਸ਼ਹੀਦ ਹੋਏ, ਉਹਨਾਂ ਨੂੰ ਵੀ ਦਸਮੇਸ਼ ਪਿਤਾ ਜੀ ਨੇ ਮੁਕਤ ਕਰਕੇ, ਮੁਕਤੇ ਨਾਮ ਨਾਲ ਸਤਿਕਾਰਿਆ ਹੈ।

## ਸਾਖੀ ਮੁਕਤਸਰ ਜੰਗ ਦੀ

ਦਸਮੇਸ਼ ਪਿਤਾ ਜੀ ਜਿਸ ਸਮੇਂ ਰਾਏਕੋਟ ਤੋਂ ਚਲਦੇ ਦੀਨੇ ਕਾਂਗੜ ਪਹੁੰਚੇ। ਇਥੋਂ ਜ਼ਫ਼ਰਨਾਮਾ ਲਿਖ ਕੇ ਔਰੰਗਜ਼ੇਬ ਪਾਸ ਸਿੰਘਾਂ ਦੇ ਹੱਥ ਭੇਜਿਆ। ਇਥੋਂ ਚਲਕੇ ਸੁਨੀਆਰ ਆਦਿ ਪਿੰਡਾਂ ਵਿਚ ਹੁੰਦੇ ਹੋਏ ਰਾਮੇਆਣੇ ਤੋਂ ਥੋੜੀ ਦੂਰ ਗਏ ਸਨ। ਮਾਝੇ ਦੇ ਸਿੰਘ ਜਿਨ੍ਹਾਂ ਵਿਚ ਪਿੰਡਾਂ ਦੇ ਚੌਧਰੀ ਨੰਬਰਦਾਰ ਆਦਿ ਸਨ, ਗੁਰੂ ਸਾਹਿਬ ਜੀ ਨੂੰ ਬਾਦਸ਼ਾਹ ਨਾਲ ਸਮਝੌਤਾ ਕਰਨ ਵਾਸਤੇ ਕਹਿਣ ਲੱਗੇ। ਗੁਰੂ ਸਾਹਿਬ ਜੀ ਨੇ ਕਿਹਾ, ਤੁਹਾਡੀ ਸਿਖਿਆ ਦੀ ਸਾਨੂੰ ਲੋੜ ਨਹੀਂ। ਇਸ ਸਮੇਂ ਉਹ ਚੌਧਰੀ ਲੋਕ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਗਏ ਸਨ, ਜਿਸਦਾ ਜ਼ਿਕਰ ਕਵੀ ਸੰਤੋਖ ਸਿੰਘ ਜੀ ਨੇ ਇਸ ਪ੍ਰਕਾਰ ਕੀਤਾ ਹੈ—

***"ਜੋ ਜੋ ਬੇਮੁਖ ਸਿਦਕ ਬਿਨ, ਸਿਮਰਿ ਪੰਚਾਇਤ ਬਾਤ।***
***ਲਿਖਯੋ ਬਿਦਾਵਾ ਦੇਰ ਬਿਨ, ਗੁਰੂ ਸਿੱਖ ਨਹੀਂ ਕਦਾਂਤ।"***

(ਗੁਰ ਪ੍ਰਤਾਪ ਸੂਰਜ ਗ੍ਰੰਥ)

ਸ਼ਾਹੀ ਫ਼ੌਜ ਗੁਰੂ ਦੀ ਭਾਲ ਵਿਚ ਪਿੱਛੇ ਆ ਰਹੀ ਸੀ। ਗੁਰੂ ਜੀ ਅੱਗੇ ਚਲੇ ਗਏ, ਸਿਦਕੀ ਸਿੰਘ ਮਾਝੇ ਦੇ ਭਾਈ ਰਾਏ ਸਿੰਘ ਅਤੇ ਮਹਾਂ ਸਿੰਘ, ਮਾਤਾ ਭਾਗ ਕੌਰ ਆਦਿ ਗੁਰੂ ਜੀ ਦੇ ਪਿੱਛੇ ਆ ਰਹੇ ਸਨ। ਇਨ੍ਹਾਂ ਸਿੰਘਾਂ ਨੇ ਖਿਦਰਾਣੇ ਦੀ ਢਾਬ ਕੋਲ ਪਹੁੰਚ ਕੇ ਮੋਰਚੇ ਮੱਲ ਲਏ ਸਨ।

ਗੁਰਦੇਵ ਖਿਦਰਾਣੇ ਦੀ ਢਾਬ ਉਤੇ ਪੁੱਜੇ। ਉੱਥੋਂ ਅੱਗੇ ਗੁਰਦੇਵ ਨੇ ਵੱਧ ਕੇ ਜੰਗਲ ਵਿਚ ਇਕ ਉੱਚੀ ਥਾਂ ਜਾ ਮੋਰਚੇ ਮੱਲੇ, ਜਿਥੇ ਅੱਜ ਕੱਲ੍ਹ ਗੁਰਦੁਆਰਾ 'ਟਿੱਬੀ ਸਾਹਿਬ' ਹੈ।

ਮਾਝੇ ਦੇ ਸਿੱਖ ਵੀ ਪਿੱਛੇ-ਪਿੱਛੇ ਢਾਬ ਕੰਢੇ ਜਾ ਪੁੱਜੇ। ਬਸਤਰ ਸਿੰਘਾਂ ਨੇ ਝਾੜਾਂ ਉੱਤੇ ਪਾ ਦਿੱਤੇ, ਜੋ ਦੂਰੋਂ ਤੰਬੂਆਂ ਵਾਂਗ ਨਜ਼ਰ ਆਉਂਦੇ। ਆਪ ਸਾਰੇ ਮੋਰਚੇ ਮੱਲ ਕੇ ਬਹਿ ਗਏ।

ਵਜ਼ੀਰ ਖ਼ਾਂ ਅੱਠ ਹਜ਼ਾਰ ਫ਼ੌਜ ਸਣੇ ਕੋਟਕਪੂਰੇ ਦੇ ਨੇੜੇ ਪੁੱਜਾ ਤਾਂ ਇਲਾਕੇ ਦਾ ਜਗੀਰਦਾਰ ਹੋਣ ਦੀ ਹੈਸੀਅਤ ਵਿਚ ਕਪੂਰਾ ਹਾਜ਼ਰ ਜਾ ਹੋਇਆ। ਦਿਲੋਂ ਗੁਰੂ ਮਹਾਰਾਜ ਨਾਲ ਹਮਦਰਦੀ ਹੁੰਦਿਆਂ ਹੋਇਆਂ ਵੀ ਕਪੂਰਾ ਵਜ਼ੀਰ ਖ਼ਾਂ ਦੀ ਫ਼ੌਜ ਨਾਲ ਮਿਲ ਕੇ ਖਿਦਰਾਣੇ ਵੱਲ ਤੁਰ ਪਿਆ।

ਵਜ਼ੀਰ ਖ਼ਾਂ ਦੀ ਫ਼ੌਜ ਮਾਰ ਹੇਠਾਂ ਪਹੁੰਚੀ, ਤਾਂ ਅੱਗੋਂ ਮੋਰਚਿਆਂ ਵਿਚ ਬੈਠੇ ਸਿੰਘਾਂ ਨੇ ਦੁਸ਼ਮਣ ਦਾ ਸਵਾਗਤ ਤੀਰਾਂ ਗੋਲੀਆਂ ਨਾਲ ਕੀਤਾ। ਕਿਤਨੇ ਜੰਗ ਦੇ ਚਾਹਵਾਨ ਮੌਤ ਦਾ ਸ਼ਿਕਾਰ ਹੋ ਗਏ। ਪਿਛਲਿਆਂ ਦੇ ਵੀ ਵਧਦੇ ਪੈਰ ਰੁਕ ਗਏ। ਸਾਹਮਣਿਓਂ ਆ ਰਹੇ ਤੀਰ ਗੋਲੀਆਂ ਸਾਬਤ ਕਰਦੇ ਸਨ, ਕਿ ਟਾਕਰਾ ਕਰਨ ਵਾਲੇ ਕਈ ਸੌ ਸਿੰਘ ਜ਼ਰੂਰ ਹਨ। ਵਜ਼ੀਰ ਖ਼ਾਂ ਵੀ ਜ਼ਰਾ ਸੰਭਲ ਕੇ ਹੱਲੇ ਕਰਾਉਣ ਲੱਗਾ। ਤੀਰ ਗੋਲੀਆਂ ਮੁੱਕਣ 'ਤੇ ਆ ਗਏ ਤਾਂ ਸਿੰਘਾਂ ਨੇ ਮੋਰਚਿਆਂ 'ਚੋਂ ਬਾਹਰ ਨਿਕਲ ਕੇ ਹੱਥੋ ਹੱਥ ਜੂਝਣ ਦੀ ਧਾਰੀ। ਪੰਜ-ਪੰਜ, ਦਸ-ਦਸ ਸਿੰਘਾਂ ਦਾ ਜਥਾ ਮੋਰਚਿਆਂ 'ਚੋਂ ਬਾਹਰ ਨਿਕਲਦਾ ਤੇ ਤਲਵਾਰਾਂ ਧੂਹ ਕੇ ਦੁਸ਼ਮਣਾਂ ਉੱਤੇ ਸ਼ੇਰਾਂ ਵਾਂਗ ਟੁੱਟ ਪੈਂਦਾ।

ਮਾਝੇ ਦੇ ਸਿੰਘਾਂ ਨੂੰ ਇਸ ਤਰ੍ਹਾਂ ਜੂਝਦੇ ਵੇਖ ਕੇ, ਗੁਰਦੇਵ ਨੇ ਆਪਣੇ ਤੀਰ ਚਲਾ ਕੇ ਦੁਸ਼ਮਣਾਂ ਦਾ ਨਾਸ ਕੀਤਾ। ਗੁਰੂ ਜੀ ਵਲੋਂ ਮਦਦ ਵੇਖ ਕੇ ਸਿੰਘ ਏਨੀ ਦਲੇਰੀ ਨਾਲ ਲੜੇ ਕਿ ਦੁਸ਼ਮਣ ਦਲ ਦੇ ਆਹੂ ਲਾਹ ਦਿੱਤੇ।

ਢਾਬ ਕੰਢੇ ਲੜਨ ਵਾਲੇ ਲਗਭਗ ਸਾਰੇ ਸਿੰਘ ਸ਼ਹੀਦ ਹੋ ਗਏ। ਮੁਕਾਬਲੇ 'ਤੇ ਵਜ਼ੀਰ ਖ਼ਾਂ ਦੀ ਵੀ ਅੱਧੀ ਕੁ ਫ਼ੌਜ ਇਸ ਲੜਾਈ ਦੀ ਭੇਟਾ ਹੋ ਗਈ। ਵਜ਼ੀਰ ਖ਼ਾਂ ਦੇ ਖ਼ਿਆਲ ਅਨੁਸਾਰ ਗੁਰੂ ਮਹਾਰਾਜ ਵੀ ਢਾਬ ਕੰਢੇ ਜ਼ਰੂਰ ਸ਼ਹੀਦ ਹੋ ਗਏ ਹੋਣਗੇ।

ਓਧਰੋਂ ਫ਼ੌਜ ਵਿਚ ਪਾਣੀ ਬਿਨਾਂ ਦੁਹਾਈ ਮੱਚ ਗਈ। ਕਪੂਰੇ ਨੇ ਪਿਛੇ ਪਾਣੀ ਨੇੜੇ ਦੱਸਿਆ।

ਵਜ਼ੀਰ ਖ਼ਾਂ ਬਹੁਤ ਹੀ ਘਬਰਾ ਗਿਆ ਸੀ। ਏਥੋਂ ਤਕ ਕਿ ਉਹ ਆਪਣੇ ਫੱਟੜ ਸਿਪਾਹੀਆਂ ਨੂੰ ਵੀ ਮੁਰਦਿਆਂ ਦੇ ਨਾਲ ਹੀ ਪਏ ਛੱਡ ਕੇ ਵਾਪਸ ਮੁੜ ਗਿਆ। ਇਸ ਲੜਾਈ ਵਿਚ ਵਜ਼ੀਰ ਖ਼ਾਂ ਦੀ ਪੂਰੀ ਹਾਰ ਹੋਈ ਸਮਝਣੀ ਚਾਹੀਦੀ ਹੈ।

## ਸ਼ਹੀਦਾਂ ਨੂੰ ਵਰ

ਲੜਾਈ ਖ਼ਤਮ ਹੋ ਗਈ। ਗੁਰੂ ਮਹਾਰਾਜ 'ਟਿੱਬੀ' ਤੋਂ ਚੱਲ ਕੇ ਜੰਗ ਦੇ ਮੈਦਾਨ ਵਿਚ ਆਏ। ਇਕ ਇਕ ਸ਼ਹੀਦ ਨੂੰ ਗੁਰੂ ਮਹਾਰਾਜ ਉਠਾ ਕੇ ਛਾਤੀ ਨਾਲ ਲਾਉਂਦੇ ਤੇ ਪ੍ਰਸੰਨ ਹੋ ਕੇ ਵਰ ਦਿੰਦੇ, ''ਇਹ ਪੰਜ-ਹਜ਼ਾਰੀ ਸਰਦਾਰ ਹੈ, ਇਹ ਦਸ-ਹਜ਼ਾਰੀ ਜਰਨੈਲ ਹੈ, ਇਹ ਵੀਹ-ਹਜ਼ਾਰੀ ਹੈ।''

ਗੁਰਦੇਵ ਚਲਦੇ-ਚਲਦੇ ਮਹਾਂ ਸਿੰਘ ਪਾਸ ਪਹੁੰਚੇ। ਅੱਗੇ ਮਹਾਂ ਸਿੰਘ ਕੁੱਝ ਦਮਾਂ ਦਾ ਪ੍ਰਾਹੁਣਾ ਸੀ। ਹਜ਼ੂਰ ਮਹਾਂ ਸਿੰਘ ਦਾ ਸੀਸ ਗੋਦ ਵਿਚ ਲੈ ਕੇ ਬੈਠ ਗਏ। ਜ਼ਰਾ ਹੋਸ਼ ਆਈ ਤਾਂ ਹਜ਼ੂਰ ਦਾ ਦਰਸ਼ਨ ਕਰਕੇ

ਮਹਾਂ ਸਿੰਘ ਦੀਆਂ ਸਾਰੀਆਂ ਰੀਝਾਂ ਪੂਰੀਆਂ ਹੋ ਗਈਆਂ। ਗੁਰਦੇਵ ਨੇ ਪਿਆਰ ਨਾਲ ਮਹਾਂ ਸਿੰਘ ਦੇ ਸਿਰ 'ਤੇ ਹੱਥ ਫੇਰਦਿਆਂ ਪੁੱਛਿਆ, ''ਮਹਾਂ ਸਿੰਘ! ਅਸੀਂ ਤੇਰੀ ਕੁਰਬਾਨੀ 'ਤੇ ਬਹੁਤ ਪ੍ਰਸੰਨ ਹਾਂ। ਮੰਗ ਜੋ ਕੁਛ ਚਾਹੁੰਦਾ ਹੈਂ।''

''ਸੱਚੇ ਪਾਤਸ਼ਾਹ!'' ਮਹਾਂ ਸਿੰਘ ਨੇ ਹੱਥ ਬੰਨ੍ਹ ਕੇ ਕਿਹਾ, ''ਤੁੱਠੇ ਹੋ ਤਾਂ ਸਾਡੀ ਉਹ ਭੁੱਲ ਮਾਫ਼ ਕਰ ਦਿਓ, ਜੋ ਬੇਦਾਵਾ ਲਿਖ ਆਏ ਸੀ। ਹੋਰ ਕਿਸੇ ਵਰ ਦੀ ਇੱਛਿਆ ਨਹੀਂ।''

''ਮੇਰੇ ਪਿਆਰੇ ਮਹਾਂ ਸਿੰਘ!'' ਹਜ਼ੂਰ ਨੇ ਰੁਮਾਲ ਨਾਲ ਮਹਾਂ ਸਿੰਘ ਦਾ ਮੁੱਖ ਸਾਫ਼ ਕਰਦਿਆਂ ਕਿਹਾ, ''ਭੁੱਲਾਂ ਤਾਂ ਸਭ ਮੈਂ ਓਦੋਂ ਹੀ ਮਾਫ਼ ਕਰ ਦਿੱਤੀਆਂ ਸਨ, ਜਦੋਂ ਮੇਰੇ ਵੱਲ ਤੁਰ ਪਏ ਸੀ। ਬੇਦਾਵਾ ਸਾਮ੍ਹਣੇ ਪਾੜ ਕੇ ਗੁਰਦੇਵ ਨੇ ਪੁੱਤਰਾਂ ਵਾਂਗ ਮਹਾਂ ਸਿੰਘ ਨੂੰ ਆਪਣੀ ਛਾਤੀ ਨਾਲ ਘੁੱਟ ਲਿਆ। ਹਜ਼ੂਰ ਦੀ ਗੋਦ ਵਿਚ ਅੰਤਮ ਸਵਾਸ ਭਾਈ ਮਹਾਂ ਸਿੰਘ ਦੇ ਪੂਰੇ ਹੋਏ। ਹਜ਼ੂਰ ਨੇ ਸ਼ਹੀਦ ਹੋਣ ਵਾਲਿਆਂ ਦੀ ਕੁਰਬਾਨੀ ਦੀ ਵਡਿਆਈ ਕਰਦਿਆਂ ਫ਼ੁਰਮਾਇਆ, ''ਧੰਨ ਹਨ ਮਹਾਂ ਸਿੰਘ ਤੇ ਉਹਦੇ ਸਾਥੀ। ਅਸੀਂ ਸਾਰਿਆਂ ਨੂੰ 'ਮੁਕਤ' ਕਰਦੇ ਹਾਂ। ਲੋਕ ਇਹਨਾਂ ਸ਼ਹੀਦਾਂ ਨੂੰ 'ਮੁਕਤੇ' ਤੇ ਇਸ ਢਾਬ ਨੂੰ 'ਮੁਕਤਸਰ' ਕਿਹਾ ਕਰਨਗੇ।'' ਗੁਰਦੇਵ ਦੇ ਵਰ ਨਾਲ ਅੱਜ ਉਹ ਜਗ੍ਹਾ ਮੁਕਤਸਰ ਅਖਵਾਉਂਦੀ ਹੈ। ਸ਼ਹੀਦਾਂ ਦੀ ਯਾਦ ਵਿਚ ਉਥੇ ਮਾਘੀ ਵਾਲੇ ਦਿਨ ਮੇਲਾ ਲੱਗਦਾ ਹੈ।

***''ਇਸ ਥਲ ਮੁਕਤਿ ਭਏ ਸਿਖ ਚਾਲੀ। ਜੇ ਨਿਸਪਾਪ ਘਾਲ ਬਹੁ ਘਾਲੀ॥ ੪੬॥***
***ਯਾਂਤੇ ਨਾਮ ਮੁਕਤਸਰ ਹੋਵਾ। ਜੋ ਮੱਜਹਿ ਤਿਨਹੀ ਅਘ ਖੋਵਾ।***
***ਅਸ ਮਹਿਮਾ ਸ੍ਰੀ ਮੁਖ ਤੇ ਕਹੀ। ਜੋ ਅਬਿ ਪ੍ਰਗਟ ਜਗਤ ਮੋ ਸਹੀ॥ ੪੭॥''***

(ਗੁ: ਪ੍ਰ: ਸੂਰਜ ਗ੍ਰੰਥ, ਐਨ ੧, ਅੰਸੂ ੧੩)

ਉਪਰੋਕਤ ਮੁਕਤੀ ਪਦ ਦੀ ਵਿਆਖਿਆ ਤੋਂ ਇਲਾਵਾ ਇਹ ਚਾਰ ਤਰ੍ਹਾਂ ਦੀਆਂ 'ਬੈਕੁੰਠ ਮੁਕਤੀਆਂ' ਭੀ ਮੰਨੀਆਂ ਹਨ।

## ਚਾਰ ਮੁਕਤੀਆਂ

੧. ਸਲੋਕ, ੨. ਸਮੀਪ, ੩. ਸਾਯੁਜ, ੪. ਸਰੂਪ।

ਇਨ੍ਹਾਂ ਦਾ ਨਿਰਣਾ :

੧. ਸਲੋਕ : ਉਪਾਸਯ ਦੇ ਲੋਕ ਵਿਚ ਜਾਣਾ ਭਾਵ ਜਿਸ ਦੀ ਉਪਾਸਨਾ ਕਰਦੇ ਹਾਂ, ਉਸ ਲੋਕ ਦੀ ਪ੍ਰਾਪਤੀ ਹੋਣੀ।

੨. ਸਮੀਪ : ਜਿਸ ਦੀ ਉਪਾਸਨਾ ਕਰਦੇ ਹਾਂ, ਉਸ ਦੀ ਨੇੜਤਾ ਪ੍ਰਾਪਤ ਹੋਣੀ।

੩. ਸਾਯੁਜ : ਜਿਸ ਇਸਟ ਦੀ ਉਪਾਸਨਾ ਕਰਦੇ ਹਾਂ, ਉਸ ਨਾਲ ਮਿਲਾਪ ਹੋ ਜਾਣ ਦਾ ਨਾਮ 'ਸਾਯੁਜ' ਮੁਕਤੀ ਹੈ।

੪. ਸਰੂਪ : ਇਸਟ ਗੁਰੂ ਦਾ ਰੂਪ ਹੀ ਜਾਣਿਆ ਜਾਵੇ। ਜਿਸ ਇਸਟ ਗੁਰੂ ਦੀ ਉਪਾਸਨਾ ਕਰਦੇ ਹਾਂ ਉਸ ਦਾ ਰੂਪ ਹੀ ਹੋ ਜਾਣਾ।

## ਮੁਕਤੀ 'ਤੇ ਪ੍ਰਮਾਣ

ਕਬਿੱਤ

*ਗੁਰ ਉਪਦੇਸ ਰਿਦੈ ਨਿਮ੍ਰਤਾ ਨਿਵਾਸ ਜਾਸੁ, ਧਿਆਨ ਗੁਰ ਮੂਰਤਿ ਕੈ ਪੂਰਨ ਬ੍ਰਹਮ ਹੈ॥*
*ਗੁਰਮਖਿ ਸਬਦ ਸੁਰਤਿ ਉਨਮਾਨ ਗਿਆਨ, ਸਹਜ ਸੁਭਾਇ ਸਰਬਾਤਮ ਕੈ ਸਮ ਹੈ॥*
*ਹਉਮੈ ਤਿਆਗ ਤਿਆਗੀ ਬਿਸਮਾਦ ਕੌ ਬੈਰਾਗੀ ਭਏ, ਮਨ ਉਨਮਨ ਲਿਵ ਗੰਮਿਤਾ ਅਗੰਮ ਹੈ॥*
*ਸੂਖਮ ਅਸਥੂਲ ਮੂਲ ਏਕ ਹੀ ਅਨੇਕ ਮੇਕ, ਜੀਵਨ ਮੁਕਤਿ ਨਮੋ ਨਮੋ ਨਮੋ ਨਮ ਹੈ॥ ੨੨॥*

ਗੁਰਬਾਣੀ-

*੧. ਸਤਿਗੁਰੁ ਮਿਲੈ ਤ ਤਤੁ ਪਾਏ॥ ਹਰਿ ਕਾ ਨਾਮੁ ਮੰਨਿ ਵਸਾਏ॥*
*ਸਬਦਿ ਮਰੈ ਮਨੁ ਮਾਰੈ ਅਪੁਨਾ ਮੁਕਤੀ ਕਾ ਦਰੁ ਪਾਵਣਿਆ॥*

(ਮਾਝ ਮ: ੩, ਅੰਗ ੧੧੬)

*੨. ਜਾਤੌ ਜਾਇ ਕਹਾ ਤੇ ਆਵੈ॥ ਕਹ ਉਪਜੈ ਕਹ ਜਾਇ ਸਮਾਵੈ॥*
*ਕਿਉ ਬਾਧਿਓ ਕਿਉ ਮੁਕਤੀ ਪਾਵੈ॥ ਕਿਉ ਅਬਿਨਾਸੀ ਸਹਜਿ ਸਮਾਵੈ॥ ੧॥*
*ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ॥ ਨਰਹਰ ਨਾਮੁ ਨਰਹਰ ਨਿਹਕਾਮੁ॥ ੧॥ ਰਹਾਉ॥*
*ਸਹਜੇ ਆਵੈ ਸਹਜੇ ਜਾਇ॥ ਮਨ ਤੇ ਉਪਜੈ ਮਨ ਮਾਹਿ ਸਮਾਇ॥*
*ਗੁਰਮੁਖਿ ਮੁਕਤੋ ਬੰਧੁ ਨ ਪਾਇ॥ ਸਬਦੁ ਬੀਚਾਰਿ ਛੁਟੈ ਹਰਿ ਨਾਇ॥ ੨॥*

(ਗਉੜੀ ਮ: ੧, ਅੰਗ ੧੫੨)

*੩. ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥*
*ਕਵਨੁ ਸੁ ਆਵੈ ਕਵਨੁ ਸੁ ਜਾਇ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥ ੧੨॥*
*ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ॥*
*ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥ ੧੩॥*

(ਰਾਮਕਲੀ ਮ: ੧, ਅੰਗ ੯੩੯)

*੪. ਕਵਨ ਸੁ ਮੁਕਤੀ ਕਵਨ ਸੁ ਨਰਕਾ॥ ਕਵਨੁ ਸੈਸਾਰੀ ਕਵਨੁ ਸੁ ਭਗਤਾ॥*
*ਕਵਨ ਸੁ ਦਾਨਾ ਕਵਨੁ ਸੁ ਹੋਛਾ ਕਵਨ ਸੁ ਸੁਰਤਾ ਕਵਨੁ ਜੜਾ॥ ੬॥*

*ਹੁਕਮੇ ਮੁਕਤੀ ਹੁਕਮੇ ਨਰਕਾ॥ ਹੁਕਮਿ ਸੈਸਾਰੀ ਹੁਕਮੇ ਭਗਤਾ॥*

*ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ॥ ੭॥*

(ਮ: ੫, ਅੰਗ ੧੦੮੧)

ਸਲੋਕੁ॥

ਕਬੀਰ ਮੁਕਤਿ ਦੁਆਰਾ ਸੰਕੁੜਾ ਰਾਈ ਦਸਵੈ ਭਾਇ॥
ਮਨੁ ਤਉ ਮੈਗਲੁ ਹੋਇ ਰਹਾ ਨਿਕਸਿਆ ਕਿਉ ਕਰਿ ਜਾਇ॥
ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥ ੧॥

(ਅੰਗ ੫੦੯)

**ਪਦ ਅਰਥ**–ਮੁਕਤਿ (ਬੰਧਨਾਂ ਤੋਂ, ਮਾਇਆ ਦੇ ਮੋਹ ਤੋਂ) ਖਲਾਸੀ। ਦੁਆਰਾ-ਦਰਵਾਜ਼ਾ। ਸੰਕੁੜਾ-ਸੁੰਗੜਿਆ ਭਾਵ ਤੰਗ ਹੈ। ਰਾਈ-ਨਿੱਕਾ ਬੀਜ, ਇਹ ਰਾਈ ਦਾ ਦਾਣਾ, ਸਰ੍ਹੋਂ ਦੇ ਦਾਣੇ ਜੈਸਾ ਹੁੰਦਾ ਹੈ। ਆਮ ਕਰਕੇ ਇਸ ਰਾਈ ਦੇ ਦਾਣਿਆਂ ਨੂੰ ਅੰਬ ਦੇ ਆਚਾਰ ਵਿਚ ਪਾਂਦੇ ਹਨ। ਰਾਈ ਦੇ ਦਾਣੇ ਬਹੁਤ ਬਰੀਕ ਹੁੰਦੇ ਹਨ, ਨਿੱਕੀ ਸ਼ੈਅ ਦਾ ਜ਼ਿਕਰ ਕਰਨ ਵੇਲੇ 'ਰਾਈ' ਦੀ ਉਪਮਾ ਦੇਣੀ ਇੱਕ ਮੁਹਾਵਰਾ ਬਣ ਚੁੱਕਾ ਹੈ। ਦਸਵੈ ਭਾਇ-ਦਸਵਾਂ ਹਿੱਸਾ। ਮੈਗਲੁ-ਹਾਥੀ। ਕਿਉ ਕਰਿ-ਕਿਵੇਂ। ਤੁਠਾ-ਪ੍ਰਸੰਨ। ਪਸਾਉ-ਮੇਹਰ, ਕ੍ਰਿਪਾ (ਅਥਵਾ) ਪਸਾਉ-ਦਾਤ। ਸਹਿਜੇ-ਸੌਖਿਆਂ ਹੀ।

**ਅਰਥ**– ਇਹ ਸਲੋਕ ਭਗਤ ਕਬੀਰ ਜੀ ਦਾ ਹੈ। ਆਪ ਜੀ ਫ਼ੁਰਮਾਉਂਦੇ ਹਨ ਕਿ ਮੁਕਤੀ ਦਾ 'ਦਰਵਾਜ਼ਾ' ਸੁੰਗੜਿਆ ਹੋਇਆ ਹੈ ਭਾਵ ਇੰਨਾ ਤੰਗ ਹੈ ਕਿ ਰਾਈ ਦੇ ਦਾਣੇ ਨਾਲੋਂ ਵੀ ਦਸਵਾਂ ਹਿੱਸਾ ਤੰਗ ਹੈ। ਮਨੁੱਖ ਦਾ ਮਨ 'ਹਉਮੈ' ਕਰਕੇ ਹਾਥੀ ਜੈਸਾ ਮੋਟਾ ਹੋ ਰਿਹਾ ਹੈ। ਮੁਕਤੀ ਦੇ ਦਰਵਾਜ਼ੇ ਥਾਣੀ ਕਿਵੇਂ ਨਿਕਲ ਸਕਦਾ ਹੈ ? ਹਾਂ, ਇਹੋ ਜਿਹਾ ਪੂਰਨ ਬ੍ਰਹਮ ਨੇਸਟੀ, ਬ੍ਰਹਮ ਸ੍ਰੋਤ੍ਰੀ ਗੁਰੂ ਮਿਲ ਪਵੇ ਅਤੇ ਉਹ ਪ੍ਰਸੰਨ ਹੋ ਕੇ ਕ੍ਰਿਪਾ ਕਰ ਦੇਵੇ ਅਥਵਾ ਪ੍ਰਸੰਨ ਹੋ ਕੇ ਨਾਮ ਦੀ ਦਾਤ ਦੇ ਦੇਵੇ ਤਾਂ ਮੁਕਤੀ ਦਾ ਦਰਵਾਜ਼ਾ (ਮੋਕਲਾ) ਖੁੱਲ੍ਹਾ ਹੋ ਜਾਵੇਗਾ, ਜਿਸ ਥਾਣੀ ਸੌਖਿਆਂ ਹੀ ਆ ਜਾ ਸਕੇਗਾ। ੧।

ਮ: ੩॥ ਨਾਨਕ ਮੁਕਤਿ ਦੁਆਰਾ ਅਤਿ ਨੀਕਾ ਨਾਨ੍ਹਾ ਹੋਇ ਸੁ ਜਾਇ॥
ਹਉਮੈ ਮਨੁ ਅਸਥੂਲੁ ਹੈ ਕਿਉ ਕਰਿ ਵਿਚੁ ਦੇ ਜਾਇ॥ਸਤਿਗੁਰ ਮਿਲਿਐ

**ਹਉਮੈ ਗਈ ਜੋਤਿ ਰਹੀ ਸਭ ਆਇ॥ ਇਹੁ ਜੀਉ ਸਦਾ ਮੁਕਤੁ ਹੈ ਸਹਜੇ ਰਹਿਆ ਸਮਾਇ॥੨॥**

**ਪਦ ਅਰਥ** – ਅਤਿ ਨੀਕਾ— ਬਹੁਤ ਹੀ ਨਿੱਕਾ। ਨਾਨ੍ਹਾ-ਛੋਟਾ ਜਿਹਾ, ਬਹੁਤ ਛੋਟੇ ਤੋਂ ਭਾਵ ਹੈ। ਅਸਥੂਲੁ-ਮੋਟਾ। ਵਿਚੁ ਦੇ-ਵਿਚੋਂ ਦੀ।

**ਅਰਥ** – ਸ੍ਰੀ ਗੁਰੂ ਅਮਰਦਾਸ ਜੀ ਨੇ ਭਗਤ ਕਬੀਰ ਜੀ ਦੇ ਸਲੋਕ ਦਾ ਉੱਤਰ ਇਸ ਸਲੋਕ ਵਿਚ ਦਿੱਤਾ ਹੈ। ਮੁਕਤੀ ਦਾ ਦਰਵਾਜ਼ਾ ਤਾਂ ਬਹੁਤ ਨਿੱਕਾ ਹੈ, ਪਰ ਜੇ ਕੋਈ ਉਸ ਤੋਂ ਵੀ ਬਹੁਤ ਛੋਟਾ ਹੋ ਜਾਵੇ ਤਾਂ ਮੁਕਤੀ ਦੇ ਤੰਗ ਦਰਵਾਜ਼ੇ ਥਾਂਈਂ ਲੰਘ ਸਕਦਾ ਹੈ। ਮਨ ਹਉਮੈ ਕਰਕੇ ਮੋਟਾ ਹੋ ਰਿਹਾ ਹੈ। ਇਹ ਉਸ ਵਿਚੋਂ ਕਿਸ ਤਰ੍ਹਾਂ ਲੰਘ ਸਕਦਾ ਹੈ ? ਉੱਤਰ ਵਿਚ ਹਜ਼ੂਰ ਨੇ ਦਸਿਆ ਹੈ ਕਿ ਸਤਿਗੁਰੂ ਦਾ ਮਿਲਾਪ ਕਰਕੇ ਜਿਸ ਦੀ ਹਉਮੈ ਨਵਿਰਤ ਹੋ ਗਈ ਹੈ ਫਿਰ ਉਸ ਦੇ ਅੰਦਰ ਪ੍ਰਕਾਸ਼ ਹੋ ਜਾਂਦਾ ਹੈ। ਈਸ਼ਵਰੀ ਜੋਤਿ ਮਨ ਵਿਚ ਆ ਕੇ ਟਿਕ ਜਾਂਦੀ ਹੈ। ਫਿਰ ਇਸ ਅਵਸਥਾ ਵਿਚ ਇਹ ਜੀਵ ਸਦਾ ਮੁਕਤ ਹੈ, ਜੋ ਜੋਤੀ ਸਰੂਪ ਵਿਚ ਸਹਿਜੇ ਹੀ ਸਮਾਇਆ ਰਹਿੰਦਾ ਹੈ॥ ੨॥

**ਪਉੜੀ॥ ਪ੍ਰਭਿ ਸੰਸਾਰੁ ਉਪਾਇ ਕੈ ਵਸਿ ਆਪਣੈ ਕੀਤਾ॥ ਗਣਤੈ ਪ੍ਰਭੂ ਨ ਪਾਈਐ ਦੂਜੈ ਭਰਮੀਤਾ॥ ਸਤਿਗੁਰ ਮਿਲਿਐ ਜੀਵਤੁ ਮਰੈ ਬੁਝਿ ਸਚਿ ਸਮੀਤਾ॥ ਸਬਦੇ ਹਉਮੈ ਖੋਈਐ ਹਰਿ ਮੇਲਿ ਮਿਲੀਤਾ॥ ਸਭ ਕਿਛੁ ਜਾਣੈ ਕਰੇ ਆਪਿ ਆਪੇ ਵਿਗਸੀਤਾ॥੪॥**

**ਪਦ ਅਰਥ** – ਗਣਤੈ-ਗਿਣਤੀਆਂ ਨਾਲ। ਭਰਮੀਤਾ-ਭਟਕਦਾ ਹੈ, ਭਾਵ ਭਰਮ ਵਿਚ ਫਿਰਦਾ ਹੈ। ਸਮੀਤਾ-ਸਮਾ ਗਿਆ ਭਾਵ ਸਮਾ ਜਾਣਾ ਹੈ। ਵਿਗਸੀਤਾ-ਖ਼ੁਸ਼ ਹੁੰਦਾ ਹੈ ਭਾਵ ਆਪ ਹੀ ਖ਼ੁਸ਼ ਹੁੰਦਾ ਹੈ।

**ਅਰਥ** – ਮਾਲਕ ਨੇ ਸੰਸਾਰ ਨੂੰ ਪੈਦਾ ਕਰਕੇ ਆਪਣੇ ਵੱਸ ਵਿਚ ਕੀਤਾ ਹੋਇਆ ਹੈ। ਆਪਣੇ ਕੀਤੇ ਸ੍ਰੇਸ਼ਟ ਕਰਮ, ਜਪ, ਤਪ ਦੀ 'ਗਣਤੈ' ਗਿਣਤੀ ਕੀਤਿਆਂ ਪ੍ਰਭੂ ਨੂੰ ਨਹੀਂ ਪਾ ਸਕਦਾ, ਸਗੋਂ ਜੀਵ ਦ੍ਵੈਤ ਭਾਵਨਾ ਵਿਚ ਭਟਕਦਾ ਰਹਿੰਦਾ ਹੈ। ਸਤਿਗੁਰੂ ਸਾਹਿਬ ਜੀ ਦੇ ਮਿਲਾਪ ਕਰਕੇ ਜੀਵਤ ਭਾਵ ਤੋਂ ਮਰ ਜਾਂਦਾ ਹੈ (ਭਾਵ ਹਉਮੈ ਮਿਟ ਜਾਂਦੀ ਹੈ ਤੇ ਇਹ ਸਚ ਸਰੂਪ ਨੂੰ ਬੁਝਿ, ਸਮਝ ਲੈਂਦਾ ਹੈ ਭਾਵ ਸਤਯ ਸਰੂਪ ਦੇ ਗਯਾਨ ਨੂੰ ਪ੍ਰਾਪਤ ਹੋ ਜਾਂਦਾ ਹੈ, ਸੋ ਸੱਚ ਨੂੰ ਬੁਝਿ ਕੇ ਸੱਚ ਵਿਚ ਸਮਾ ਜਾਂਦਾ ਹੈ। (ਕਿਸ ਤਰ੍ਹਾਂ ਸਮਾਂਦਾ ਹੈ ?) ਗੁਰੂ ਦੇ ਸ਼ਬਦ ਦੁਆਰਾ ਹਉਮੈ ਦੂਰ ਕਰ ਦੇਈਦੀ ਹੈ ਤੇ ਹਰੀ ਦੇ ਮੇਲ ਵਿਚ ਮਿਲ ਜਾਈਦਾ ਹੈ। ਉਹ ਵਾਹਿਗੁਰੂ ਸਭ ਕੁਛ ਆਪ ਜਾਣਦਾ ਹੈ ਤੇ ਆਪ ਹੀ ਸਭ ਕੁਛ ਕਰਦਾ ਹੈ। ਆਪਣੇ ਕੀਤੇ ਨੂੰ ਵੇਖ ਕੇ 'ਵਿਗਸੀਤਾ' ਖ਼ੁਸ਼ ਹੁੰਦਾ ਹੈ॥ ੪॥

## ਵਿਆਖਿਆ ਤੇ ਸਾਰੰਸ਼ :

ਭਗਤ ਕਬੀਰ ਜੀ ਨੇ ਆਰੰਭ ਵਿਚ ਮੁਕਤੀ ਦੇ ਦਰਵਾਜ਼ੇ ਦਾ ਜ਼ਿਕਰ ਕੀਤਾ ਹੈ। ਦਰਵਾਜ਼ੇ ਅਤੇ ਮੰਦਰ ਦਾ ਬੜਾ ਨੇੜੇ ਦਾ ਸੰਬੰਧ ਹੈ, ਪਰ ਮੰਦਰ ਵਿਚ ਪ੍ਰਵੇਸ਼ ਦਰਵਾਜ਼ੇ ਥਾਈ ਹੀ ਕੀਤਾ ਜਾ ਸਕਦਾ ਹੈ। ਪਰ ਭਗਤ ਕਬੀਰ ਜੀ ਨੇ ਮੁਕਤੀ ਦਾ ਦਰਵਾਜ਼ਾ ਬਹੁਤ ਤੰਗ ਦਸਿਆ ਹੈ। ਸ਼ਾਇਦ ਇਸੇ ਕਰਕੇ ਗੁਰੂ ਸਾਹਿਬ ਜੀ ਨੇ ਇਸ ਮੁਕਤੀ ਨੂੰ ਕਹਿ ਦਿੱਤਾ ਹੈ 'ਮੁਕਤਿ ਬਪੁੜੀ ਭੀ ਗਿਆਨੀ ਤਿਆਗੇ॥' (ਅਥਵਾ) 'ਰਾਜੁ ਨਾ ਚਾਹਉ ਮੁਕਤਿ ਨ ਚਾਹਉ ਮਨ ਪ੍ਰੀਤ ਚਰਨ ਕਮਲਾਰੇ॥' ਆਮ ਦੇਖਣ ਵਿਚ ਆਇਆ ਹੈ ਕਿ ਰਾਜ ਘਰਾਣਿਆਂ ਦੇ ਮੁਖ ਦਰਵਾਜ਼ੇ ਬਹੁਤ ਵੱਡੇ ਹੁੰਦੇ ਹਨ। ਉਸ ਵੱਡੇ ਦਰਵਾਜ਼ਿਆਂ ਵਿਚ ਇਕ ਛੋਟਾ ਦਰਵਾਜ਼ਾ ਹੁੰਦਾ ਹੈ, ਜੋ ਆਮ ਲੋਕਾਂ ਦੇ ਆਉਣ ਜਾਣ ਵਾਸਤੇ ਹੁੰਦਾ ਹੈ। ਖ਼ਾਸ ਰਾਜਾ ਆਪ ਤੇ ਰਾਜੇ ਦੇ ਨਜ਼ਦੀਕੀ ਜਦ ਲੰਘਦੇ ਹਨ ਤਾਂ ਵੱਡਾ ਦਰਵਾਜ਼ਾ ਖੋਲ੍ਹਦੇ ਹਨ। ਇਸ ਲਈ ਭਗਤ ਕਬੀਰ ਜੀ ਨੇ ਮੁਕਤੀ ਦੇ ਤੰਗ ਦਰਵਾਜ਼ੇ ਦੀ ਗੱਲ ਕੀਤੀ ਹੈ ਪਰ ਨਾਲ ਹੀ ਕਿਹਾ ਹੈ ਕਿ

***''ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ॥***
***ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥''***

(ਅੰਗ ੫੦੯)

ਸਤਿਗੁਰੂ ਦੇ ਮਿਲਾਪ ਵਾਲਿਆਂ ਵਾਸਤੇ ਮੁਕਤੀ ਦਾ 'ਦੁਆਰਾ' ਦਰਵਾਜਾ 'ਮੋਕਲਾ' ਖੁੱਲ੍ਹਾ ਹੈ। ਉਹ 'ਸਹਜੇ ਆਵਉ ਜਾਉ॥' ਸੌਖਿਆਂ ਹੀ ਜਦ ਮਰਜ਼ੀ ਆ ਜਾ ਸਕਦੇ ਹਨ। ਉਨ੍ਹਾਂ ਨੂੰ ਕੋਈ ਰੋਕ ਟੋਕ ਨਹੀਂ ਹੈ। ਜਿਸ ਤਰ੍ਹਾਂ ਅਫ਼ਸਰਾਂ ਨੂੰ ਦਰਵਾਨਚੀ ਸਤਿਕਾਰ ਨਾਲ ਵੱਡਾ ਦਰਵਾਜ਼ਾ ਖੋਲ੍ਹ ਕੇ ਲੰਘਾਂਦੇ ਹਨ।, ਇਸੇ ਤਰ੍ਹਾਂ ਗੁਰੂ ਦੀ ਪ੍ਰਸੰਨਤਾ ਜਿੰਨ੍ਹਾਂ ਉਪਰ ਹੈ, ਉਨ੍ਹਾਂ ਨੂੰ ''ਰੇ ਰੇ ਦਰਗਹ ਕਹੈ ਨ ਕੋਊ॥ ਆਉ ਬੈਠ ਆਦਰੁ ਸੁਭ ਦੇਊ॥'' (ਅਥਵਾ) ਮੁਕਤੀ ਨੂੰ ਇਕ ਮੰਦਰ ਮੰਨ ਕੇ ਇਸ ਦਾ ਦਰਵਾਜ਼ਾ ਗਿਆਨ ਮੰਨਿਆ ਹੈ। ਪੰਡਿਤ ਅਨਾਥ ਜੀ ਨੇ ਵਿਚਾਰ ਮਾਲਾ ਅੰਦਰ ਮੁਕਤ ਦੁਆਰ ਦੇ ਚਾਰ ਦੁਆਰ ਪਾਲਕ ਦਸੇ ਹਨ।

***''ਮੁਕਤ ਦੁਆਰ ਪਾਲਕ ਚਤੁਰ ਸਮ ਸੰਤੋਖ ਬਿਚਾਰ॥***
***ਚੌਥੇ ਸਤਿ ਸੰਗਤਿ ਧਰਮ ਮਹਾਂ ਪੂਜ ਨਿਰਧਾਰ॥ ੨੩॥''***

(ਵਿਚਾਰ ਮਾਲਾ, ਅਧਿ: ੨)

ਇਹ ਚਾਰ ਦੁਆਰ ਪਾਲਕ ਹਨ :

੧. ਸਮ, ੨. ਸੰਤੋਖ, ੩. ਵਿਚਾਰ, ੪. ਸਤਿਸੰਗਤਿ।

੧. ਸਮ ਤੋਂ ਭਾਵ ਹੈ ਸਮ ਦ੍ਰਿਸ਼ਟੀ।

੨. ਸੰਤੋਖ ਤੋਂ ਭਾਵ ਹੈ ਯਥਾ ਲਾਭ ਤਥਾ ਸੰਤੁਸ਼ਟ।

੩. ਵਿਚਾਰ ਤੋਂ ਭਾਵ ਹੈ ਬਿਬੇਕ ਬੁਧੀ ਧਾਰਣੀ ਭਾਵ ਜਿਸ ਤਰ੍ਹਾਂ ਪੰਡਿਤ ਨਿਸਚਲ ਦਾਸ ਜੀ ਨੇ ਵਿਚਾਰ

ਸਾਗਰ ਅੰਦਰ ਜ਼ਿਕਰ ਕੀਤਾ ਹੈ—

*"ਅਬਿਨਾਸੀ ਆਤਮਾ ਅਚੱਲ ਜਗਿ ਜਾਤੌ ਪ੍ਰਤਿਕੂਲ॥*
*ਐਸੌ ਗਿਆਨ 'ਬਿਬੇਕ' ਹੈ ਸਭ ਸਾਧਨ ਕੌ ਮੂਲ॥"*

੪. ਸਤਿਸੰਗਤਿ ਤੋਂ ਭਾਵ ਹੈ ਜਿਥੇ ਕੇਵਲ ਸਤਿ ਅਸੱਤਿ ਦਾ ਨਿਰਣਾ ਹੋਵੇ।

(ਅਥਵਾ)

*"ਸਤਿ ਸੰਗਤਿ ਕੈਸੀ ਜਾਣੀਐ ਜਿਥੇ ਏਕੋ ਨਾਮ ਵਖਾਣੀਐ॥"*

ਪਰ ਧੰਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਦੂਸਰੇ ਸਲੋਕ ਅੰਦਰ ਕਿਹਾ ਹੈ ਕਿ ਠੀਕ ਹੈ

*"ਨਾਨਕ ਮੁਕਤਿ ਦੁਆਰਾ ਅਤਿ ਨੀਕਾ*

ਮੁਕਤੀ ਦਾ ਦਰਵਾਜ਼ਾ ਬਹੁਤ ਛੋਟਾ ਹੈ ਪਰ ਨਾਲ ਹੀ ਕਹਿ ਦਿੱਤਾ

ਨਾਨ੍ਾ ਹੋਇ ਸੁ ਜਾਇ॥ "

ਮੁਕਤੀ ਦੇ ਦਰਵਾਜ਼ੇ ਨਾਲੋਂ ਵੀ ਛੋਟਾ ਹੋ ਜਾਵੇ ਤਾਂ ਲੰਘ ਸਕਦਾ ਹੈਂ। ਇਸ ਮੁਕਤੀ ਦੁਆਰੇ ਥਾਈਂ ਲੰਘਣ ਦਾ ਤਰੀਕਾ ਇਹ ਦਸਿਆ ਹੈ—

*"ਸਤਿਗੁਰ ਮਿਲਿਐ ਹਉਮੈ ਗਈ ਜੋਤਿ ਰਹੀ ਸਭ ਆਇ॥"*

ਭਾਵ ਮਨ ਜੋਤ ਸਰੂਪ ਹੋ ਜਾਂਦਾ ਹੈ। ਜੋਤ ਕਹੋ, ਪ੍ਰਕਾਸ਼ ਕਹੋ, ਚਾਨਣ ਕਹੋ, ਇਹ ਤਾਂ ਨਿੱਕੇ ਤੋਂ ਨਿੱਕੇ ਛਿਦ੍ਰ (ਛੇਕ) ਵਿਚੋਂ ਲੰਘ ਜਾਂਦਾ ਹੈ। ਇਸ ਲਈ ਮਨ ਨੂੰ ਜੋਤਿ ਸਰੂਪ ਕਰਨ ਲਈ ਸਤਿਗੁਰੂ ਜੀ ਦਾ ਮਿਲਾਪ ਦਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨ (ਅੰਗ ੫੧੧)

ਸਲੋਕ ਮਃ ੩ ॥ ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ ॥੧ ॥ ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥ ੨ ॥ ਪਉੜੀ ॥ ਸਤੁ ਸੰਤੋਖੁ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥ ਤਹ ਜੋਤਿ ਪ੍ਰਗਾਸੁ ਅਨੰਦ ਰਸੁ ਅਗਿਆਨੁ ਗਵਿਤਾ ॥ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥ ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥ ੯ ॥

## ਪ੍ਰਾਕ੍ਰਥਨ–

ਇਹ ਪਾਵਨ ਸ਼ਬਦ ਜੋ ਆਪ ਨੇ ਹੁਕਮਨਾਮੇ ਦੇ ਰੂਪ ਵਿਚ ਸ੍ਰਵਣ ਕੀਤਾ ਹੈ, ਗੂਜਰੀ ਰਾਗ ਦੀ ਵਾਰ ਦੀ ਨੌਂਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਇਸ ਸ੍ਰੀ ਮੁਖਵਾਕ ਦੇ ਅਰੰਭ ਦੀ ਪੰਗਤੀ ਅੰਦਰ ਜਿਹੜੇ ਆਪਣੇ ਸਤਿਗੁਰੂ ਸਾਹਿਬ ਜੀ ਦੀ ਸੇਵਾ ਕਰਦੇ ਹਨ, ਤਿੰਨ੍ਹਾਂ ਨੂੰ ਸਭ ਕੋਈ ਪੂਜਦਾ ਦਸਿਆ ਹੈ। ਇਸ ਸ਼ਬਦ ਦਾ ਮੁਖ ਵਿਸ਼ਾ ਹੈ 'ਸਤਿਗੁਰੂ' ਜੀ ਦੀ ਸੇਵਾ। ਆਉ ਪਹਿਲਾਂ ਸੇਵਾ ਦੇ ਸਬੰਧ ਵਿਚ ਵਿਚਾਰ ਕਰੀਏ।

## ਸੇਵਾ ਕਿਸ ਨੂੰ ਕਹਿੰਦੇ ਹਨ ?

ਸੇਵਾ ਸੰਸਾਰ ਅੰਦਰ ਬੜੀ ਉੱਚੀ ਸਾਧਨਾ ਹੈ। ਇਸ ਦਾ ਮਨੁੱਖਤਾ ਦੀ ਕਲਿਆਣਕਾਰੀ ਵਿਚ ਵਿਸ਼ੇਸ਼ ਮਹੱਤਵ ਹੈ। ਮਨੁੱਖ ਨੂੰ ਹਉਮੈ ਦਾ ਦੀਰਘ ਰੋਗ ਚਿੰਬੜਿਆ ਹੋਇਆ ਹੈ। ਸੇਵਾ ਕਰਨ ਨਾਲ ਹਉਮੈ ਦੂਰ ਹੁੰਦੀ ਹੈ। ਹਉਮੈ ਅੰਧ ਗੁਬਾਰ ਦੀ ਤਰ੍ਹਾਂ ਹੈ, ਸੇਵਾ ਪ੍ਰਕਾਸ਼ ਵਾਂਗ ਹੈ। ਸੇਵਾ ਰਾਹੀਂ ਮਨੁੱਖ ਸਹਿਜ ਢੰਗ ਨਾਲ ਸੱਚੇ ਦੀ ਦਰਗਾਹ ਵਿਚ ਪਹੁੰਚ ਸਕਦਾ ਹੈ। ਹਜ਼ੂਰ ਦਾ ਫੁਰਮਾਣ ਹੈ—

***"ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥"***

(ਅੰਗ ੨੬)

ਸੇਵਾ ਨੂੰ ਅਸੀਂ ਕਈ ਹਿੱਸਿਆਂ ਵਿਚ ਵੰਡ ਸਕਦੇ ਹਾਂ ਭਾਵ ਕਈ ਤਰ੍ਹਾਂ ਦੀ ਸੇਵਾ ਕਹਿ ਸਕਦੇ ਹਾਂ। ਨੌਂ ਤਰ੍ਹਾਂ ਦੀ ਸੇਵਾ—

੧. ਗੁਰਸੇਵਾ, ੨. ਦੂਜੀ ਸੇਵਾ, ੩. ਸੰਤ ਸੇਵਾ, ੪. ਸਾਧ ਸੇਵਾ, ੫. ਗੁਰਸਿੱਖ ਸੇਵਾ, ੬. ਲੋਕ ਸੇਵਾ, ੭. ਗੁਰਸੰਗਤ ਸੇਵਾ, ੮. ਕਾਰਸੇਵਾ, ੯. ਖਾਲਸੇ ਦੀ ਸੇਵਾ।

## ੧. ਗੁਰ ਸੇਵਾ–

ਗੁਰਬਾਣੀ ਅੰਦਰ ਗੁਰਸੇਵਾ ਦਾ ਜ਼ਿਕਰ ਬਹੁਤ ਵਾਰ ਆਇਆ ਹੈ, ਜੈਸੇ ਹਜ਼ੂਰ ਦਾ ਫੁਰਮਾਣ ਹੈ—

***"ਗੁਰ ਸੇਵਾ ਤੇ ਸੁਖੁ ਊਪਜੈ ਫਿਰਿ ਦੁਖੁ ਨ ਲਗੈ ਆਇ॥***
***ਜੰਮਣੁ ਮਰਣਾ ਮਿਟਿ ਗਇਆ ਕਾਲੈ ਕਾ ਕਿਛੁ ਨ ਬਸਾਇ॥"*** (ਅੰਗ ੬੫੧)

***"ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ॥***
***ਮਨਿ ਚਿੰਦਿਆ ਫਲੁ ਪਾਵਣਾ ਹਉਮੈ ਵਿਚਹੁ ਜਾਇ॥"*** (ਅੰਗ ੬੪੪)

ਗੁਰੂ ਕਾਲ ਸਮੇਂ ਗੁਰੂ ਸਾਹਿਬਾਨ ਦੀ ਸੇਵਾ ਕਰਨ ਦਾ ਗੁਰਇਤਿਹਾਸ ਅੰਦਰ ਵਿਸਥਾਰ ਸਹਿਤ ਜ਼ਿਕਰ ਆਇਆ ਹੈ। ਗੁਰੂ ਅਮਰਦਾਸ ਜੀ ਨੇ ਬਿਰਧ ਅਵਸਥਾ ਵਿਚ ੧੨ ਸਾਲ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ, ਜਿਸ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਰੂਪ ਅਸਥਾਪਤ ਕਰ ਦਿੱਤਾ। ਇਥੇ ਸਮੇਂ ਅਨੁਸਾਰ ਦਸ ਗੁਰੂ ਸਾਹਿਬਾਨ ਦੀ ਸੇਵਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਦਾ ਨਿਰਣਾ ਕੀਤਾ ਜਾ ਸਕਦਾ ਹੈ।

## ੨. ਦੂਜੀ ਸੇਵਾ–

ਦੂਜੀ ਸੇਵਾ ਤੋਂ ਭਾਵ ਹੈ, ਗੁਰੂ ਦੀ ਸੇਵਾ ਛੱਡ ਕੇ, ਦੇਵੀ ਦੇਵਤਿਆਂ ਦੀ ਸੇਵਾ ਕਰਨੀ, ਜਿਸ ਸਬੰਧ ਵਿਚ ਗੁਰੂ ਸਾਹਿਬ ਜੀ ਦਾ ਫੁਰਮਾਣ ਹੈ—

***"ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ॥***
***ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ ਦੂਜੀ ਸੇਵਾ ਜਨਮੁ ਬਿਰਥਾ ਜਾਇ ਜੀ॥"***

(ਅੰਗ ੪੯੦)

ਸ੍ਰੀ ਗੁਰੂ ਅਮਰਦਾਸ ਜੀ ਕਹਿੰਦੇ ਹਨ ਕਿ ਹਰੀ ਸਰੂਪ ਗੁਰੂ ਦੀ ਸੇਵਾ ਕਰਨ ਨਾਲ ਮਨ ਚਿੰਦਿਆ, ਮਨ ਇੱਛਤ ਫਲ ਪ੍ਰਾਪਤ ਹੁੰਦੇ ਹਨ, ਪਰ ਦੂਜਿਆਂ ਦੇਵੀ ਦੇਵਤਿਆਂ ਦੀ ਸੇਵਾ ਕਰਨ ਨਾਲ ਜਨਮ ਵਿਅਰਥ ਚਲਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਸਬੰਧ ਵਿਚ ਬੜੇ ਸੁੰਦਰ ਸ਼ਬਦ ਕਹੇ ਹਨ—

***"ਦੋਇ ਦਰਪਨ ਦੇਖੈ ਏਕ ਸੈ ਅਨੇਕ ਰੂਪ, ਦੋਇ ਨਾਵ ਪਾਵ ਧਰੈ ਪਹੁੰਚੈ ਨਾ ਪਾਰਿ ਹੈ॥***
***ਦੋਇ ਦਿਸਾ ਗਹੇ ਗਹਾਏ ਸੈ ਹਾਥ ਪਾਉ ਟੂਟੈ, ਦੁਰਾਹੇ ਦੁਚਿਤ ਹੋਇ ਭੂਲਿ ਪਗੁ ਧਾਰਿ ਹੈ॥***
***ਦੋਇ ਭੂਪ ਤਾਕੋ ਗਾਉ ਪਰਜਾ ਨ ਸੁਖੀ ਹੋਤ, ਦੋਇ ਪੁਰਖਨ ਕੀ ਨਾ ਕੁਲਾ ਬਧੂ ਨਾਰਿ ਹੈ॥***
***ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ, ਸਹੈ ਜਮ ਡੰਡੁ ਧ੍ਰਿਗ ਜੀਵਨੁ ਸੰਸਾਰ ਹੈ॥੪੬੭॥"***

## ੩. ਸੰਤ ਸੇਵਾ–

ਗੁਰਬਾਣੀ ਅਨੁਸਾਰ ਸ੍ਵਾਸ-ਸ੍ਵਾਸ ਸਿਮਰਨ ਕਰਨ ਵਾਲੇ, ਪਰਉਪਕਾਰੀ ਜਿੰਨ੍ਹਾਂ ਦਾ ਜੀਵਨ ਹੈ, ਐਸੇ ਸੰਤ ਜਨਾਂ ਦੀ ਸੇਵਾ ਬਾਰੇ ਹਜ਼ੂਰ ਦਾ ਗੁਰਬਾਣੀ ਅੰਦਰ ਫੁਰਮਾਣ ਹੈ—

***"ਪ੍ਰਭ ਇਹੈ ਮਨੋਰਥੁ ਮੇਰਾ॥***
***ਕ੍ਰਿਪਾ ਨਿਧਾਨ ਦਇਆਲ ਮੋਹਿ ਦੀਜੈ ਕਰਿ ਸੰਤਨ ਕਾ ਚੇਰਾ॥ ਰਹਾਉ॥***
***ਪ੍ਰਾਤਹਕਾਲ ਲਾਗਉ ਜਨ ਚਰਨੀ ਨਿਸ ਬਾਸੁਰ ਦਰਸੁ ਪਾਵਉ॥***
***ਤਨੁ ਮਨੁ ਅਰਪਿ ਕਰਉ ਜਨ ਸੇਵਾ ਰਸਨਾ ਹਰਿ ਗੁਨ ਗਾਵਉ॥ ੧॥"***

(ਅੰਗ ੫੩੩)

## ੪. ਸਾਧ ਸੇਵਾ-

ਸਾਧੂ ਗੁਰਬਾਣੀ ਅਨੁਸਾਰ ਇਸ ਤਰ੍ਹਾਂ ਦਸਿਆ ਹੈ—

***"ਸਾਧ ਨਾਮ ਨਿਰਮਲ ਤਾ ਕੇ ਕਰਮ॥"*** (ਅੰਗ ੨੯੬)

ਪੰਡਿਤ ਹਰਿਦਿਆਲ ਜੀ ਨੇ ਸਾਧੂ ਦੇ ਲੱਛਣ ਦੱਸੇ ਹਨ ਕਿ ਜਿਸ ਦਾ ਮਨ ਵਿਕਾਰਾਂ ਰੂਪ ਉਪਾਧੀਆਂ ਤੋਂ ਰਹਿਤ ਹੈ।

***"ਸਾਧ ਵਹੀ ਜਗ ਜਾਨੀਐ ਜਾ ਕੈ ਨਹੀ ਉਪਾਧ ਮਨ॥"*** (ਸਾਰਕੁਤਾਵਲੀ)

ਐਸੇ ਸਾਧੂ ਪੁਰਖ ਦੀ ਸੇਵਾ ਕਰਨ ਨਾਲ ਪੰਚਮ ਗੁਰਦੇਵ ਜੀ ਦਾ ਕਥਨ ਹੈ ਕਿ ਚਾਰ ਪਦਾਰਥ ਪ੍ਰਾਪਤ ਹੋ ਜਾਂਦੇ ਹਨ।

***"ਚਾਰਿ ਪਦਾਰਥ ਜੇ ਕੋ ਮਾਗੈ॥ ਸਾਧ ਜਨਾ ਕੀ ਸੇਵਾ ਲਾਗੈ॥"*** (ਅੰਗ ੨੬੬)

## ੫. ਗੁਰਸਿੱਖ ਸੇਵਾ-

ਭਾਈ ਗੁਰਦਾਸ ਜੀ ਨੇ ਗੁਰਸਿੱਖਾਂ ਦੀ ਸੇਵਾ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਹੈ। ਆਪ ਜੀ ਨੇ ਗੁਰਸਿੱਖਾਂ ਦੀ ਸੇਵਾ ਇਤਨੀ ਉੱਤਮ ਦਸੀ ਹੈ।

***"ਪੰਚ ਵਾਰ ਗੰਗ ਜਾਇ ਵਾਰ ਪੰਚ ਪ੍ਰਾਗ ਨ੍ਹਾਏ ਤੈਸਾ ਪੁੰਨ ਇਕ ਗੁਰ ਸਿਖ ਕਉ ਨ੍ਹਵਾਏ ਕਾ॥***
***ਸਿਖ ਕਉ ਪਲਾਏ ਪਾਣੀ ਭਾਉ ਕਰ ਕੁਰਖੇਤ, ਅਸਮੇਧ ਜਗ ਫਲ ਸਿਖ ਕਉ ਜਵਾਏ ਕਾ॥***
***ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ, ਤੈਸਾ ਪੁੰਨ ਸਿਖ ਕੋ ਇਕ ਸਬਦ ਸਖਾਏ ਕਾ॥***
***ਜੈਸੇ ਬੀਸ ਬਾਰ ਦਰਸਨ ਸਾਧੁ ਕਾਹੁ ਕੀਆ, ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥ ੬੭੩॥"***

## ੬. ਲੋਕ-ਸੇਵਾ-

ਲੋਕ-ਭਲਾਈ ਵਾਸਤੇ ਪਰਉਪਕਾਰੀ ਕੰਮ ਕਰਨੇ। ਜਿਸ ਤਰ੍ਹਾਂ ਗੁਰੂ ਸਾਹਿਬਾਨਾਂ ਨੇ ਲੰਗਰ ਦੀ ਪ੍ਰਥਾ ਤੋਰੀ ਤੇ ਖੂਹ ਛਿਹਰਟਾ ਸਾਹਿਬ ਜੈਸੇ ਲਗਾਏ ਅਤੇ ਮੀਆਂ ਦੋਲ੍ਹਾ ਦਾ ਜ਼ਿਕਰ ਆਉਂਦਾ ਹੈ ਇਤਿਹਾਸ ਅੰਦਰ। ਬਰਸਾਤੀ ਨਾਲਿਆਂ ਉਪਰ ਪੁਲ ਬਣਾ ਦੇਣੇ ਤੇ ਪਾਣੀ ਵਾਸਤੇ ਖੂਹ, ਤਲਾ ਆਦਿ ਲਗਵਾ ਦੇਣੇ। ਹੋਰ ਅੱਜ ਕੱਲ੍ਹ ਸਮੇਂ ਅਨੁਸਾਰ ਲੋਕ-ਭਲਾਈ, ਲੋਕ-ਸੇਵਾ ਬਹੁਤ ਤਰ੍ਹਾਂ ਦੀ ਹੈ।

***"ਵਿਚਿ ਦੁਨੀਆ ਸੇਵ ਕਮਾਈਐ॥***
***ਤਾ ਦਰਗਹ ਬੈਸਣੁ ਪਾਈਐ॥***
***ਕਹੁ ਨਾਨਕ ਬਾਹ ਲੁਡਾਈਐ॥"***

(ਅੰਗ ੨੬)

## ੭. ਗੁਰਸੰਗਤ ਸੇਵਾ–

ਲੰਗਰ ਵਿਚ ਪ੍ਰਸ਼ਾਦੇ ਪਕਾਉਣ ਦੀ ਸੇਵਾ, ਭਾਂਡੇ ਮਾਂਜਣ ਦੀ ਸੇਵਾ, ਪ੍ਰਸ਼ਾਦੇ ਵਰਤਾਉਣ ਦੀ ਸੇਵਾ। ਗੁਰ ਇਤਿਹਾਸ ਅਨੁਸਾਰ ਗੁਰਸਿੱਖਾਂ ਦੇ ਪ੍ਰਸੰਗ ਲੱਗ ਸਕਦੇ ਹਨ, ਜਿਨ੍ਹਾਂ-ਜਿਨ੍ਹਾਂ ਨੇ ਸੇਵਾਵਾਂ ਕੀਤੀਆਂ।

## ੮. ਕਾਰ ਸੇਵਾ–

ਇਤਿਹਾਸਕ ਗੁਰਦੁਆਰਿਆਂ ਦੀ ਸੇਵਾ, ਜਿਸ ਤਰ੍ਹਾਂ ਕਾਰ ਸੇਵਾ ਵਾਲੇ ਬਾਬੇ ਸੇਵਾ ਕਰਦੇ ਹਨ। ਗੁਰੂ ਦੇ ਦਰਬਾਰ ਸਾਹਿਬ ਅਤੇ ਰਿਹਾਇਸ਼ ਵਾਸਤੇ ਸਰ੍ਹਾਵਾਂ ਤੇ ਸਰੋਵਰਾਂ ਦੀ ਸੇਵਾ।

## ੯. ਖ਼ਾਲਸੇ ਦੀ ਸੇਵਾ–

ਦਸਮ ਪਾਤਸ਼ਾਹ ਜੀ ਨੇ ਖ਼ਾਲਸੇ ਦੀ ਸੇਵਾ ਦੇ ਸਬੰਧ ਵਿਚ ਬਚਨ ਕਹੇ ਹਨ—

***"ਸੇਵ ਕਰੀ ਇਨਹੀ ਕੀ ਭਾਵਤ ਅਰ ਆਨ ਕੀ ਸੇਵ ਸੁਹਾਤ ਨ ਜੀਕੋ॥***
***ਦਾਨ ਦੀਉ ਇਨ ਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਦੀਉ ਇਨਹੀ ਕੋ ਫਲੈ ਜਗ ਮੈ ਔਰ ਦੀਯੋ ਸਭ ਫੀਕੋ॥"***

ਉਪਰ ਇਹ ਨੌਂ ਤਰ੍ਹਾਂ ਦੀ ਸੇਵਾ ਦਾ ਨਿਰਣਾ ਕੀਤਾ ਹੈ। ਪਰ ਇਸ ਸ਼ਬਦ ਅੰਦਰ ਸ੍ਰੀ ਗੁਰੂ ਅਮਰਦਾਸ ਜੀ ਨੇ ਗੁਰ ਸੇਵਾ ਦਾ ਜ਼ਿਕਰ ਕੀਤਾ ਹੈ। ਨਾਲ ਹੀ ਗੁਰੂ ਸੇਵਾ ਦਾ ਫਲ ਇਹ ਦਸਿਆ ਹੈ ਕਿ ਜੋ ਆਪਣੇ ਗੁਰੂ ਦੀ ਸੇਵਾ ਕਰਦਾ ਹੈ, ਉਸ ਨੂੰ ਵੀ ਸਭ ਕੋਈ ਪੂਜਦਾ ਹੈ। ਭਾਵ ਗੁਰਸੇਵਾ ਕਰਕੇ ਸੇਵਕ ਵੀ ਪੂਜਨ ਯੋਗ ਬਣ ਜਾਂਦਾ ਹੈ।

***"ਜਿ ਸਤਿਗੁਰ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ॥"***

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੇ ਪਵਿੱਤ੍ਰ ਬਚਨ ਹਨ ਕਿ ਜਿੰਨ੍ਹਾਂ ਨੇ ਸਤਿਗੁਰੂ ਸਾਹਿਬ ਜੀ ਦੀ (ਪੂਜਾ) ਸੇਵਾ ਕੀਤੀ ਹੈ, ਉਨ੍ਹਾਂ ਨੂੰ ਸਤਿਗੁਰੂ ਸਾਹਿਬ ਜੀ ਦੀ ਸੇਵਾ ਦਾ ਫਲ ਇਹ ਮਿਲਦਾ ਹੈ ਕਿ ਹਰੀ ਵਾਹਿਗੁਰੂ ਜੀ ਸੇਵਕ ਦੀ ਪੂਜਾ ਕਰਾ ਦਿੰਦਾ ਹੈ।

***"ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥***
***ਜਿਨੀ ਸਤਿਗੁਰ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥***
***ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖੁ ਸਦ ਹੋਈ॥***
***ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ॥"***

(ਅੰਗ ੪੫੧)

ਭਾਈ ਗੁਰਦਾਸ ਜੀ ਨੇ ਵੀ ਗੁਰ ਸੇਵਾ ਦਾ ਫਲ ਇਸ ਰੂਪ ਵਿੱਚ ਦਰਸਾਇਆ ਹੈ—

***''ਸਤਿਗੁਰ ਚਰਨ ਸਰਨ ਚਲ ਜਾਇ ਸਿਖ, ਤਾ ਚਰਨ ਸਰਨ ਜਗਤੁ ਚਲਿ ਆਵਈ॥***
***ਸਤਿਗੁਰ ਆਗਿਆ ਸਤਿ ਸਤਿ ਕਰ ਮਾਨੈ ਸਿਖ, ਆਗਿਯਾ ਤਾਹਿ ਸਕਲ ਸੰਸਾਰਗਹਿ ਹਿਤਾਵਈ॥***
***ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ, ਸਰਬ ਨਿਧਾਨ ਅਗ੍ਰ ਭਾਗ ਲਿਵ ਲਾਵਈ॥***
***ਸਤਿਗੁਰ ਸੀਖਿਆ ਦੀਖਿਆ ਹਿਰਦੈ ਪ੍ਰਵੇਸ਼ ਜਾਹਿ, ਤਾਕੀ ਸੀਖ ਸੁਨਤ ਪਰਮ ਪਦ ਪਾਵਈ॥੯੭॥''***

ਸ੍ਰੀ ਗੁਰੂ ਅਮਰਦਾਸ ਜੀ ਦੇ ਕਥਨ ਅਨੁਸਾਰ ''ਤਿਸ ਨੋ ਪੂਜੇ ਸਭਿ ਕੋਇ॥'' ਗੁਰੂ ਦੀ ਸੇਵਾ ਕਰਨ ਵਾਲੇ ਨੂੰ ਕਿਸ ਤਰ੍ਹਾਂ ਸੰਸਾਰ ਪੂਜਦਾ ਹੈ। ਇਸ ਸਬੰਧ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਕਰਨ ਵਾਲੇ ਭਾਈ ਲਹਿਣਾ ਜੀ ਗੁਰੂ ਅੰਗਦ ਦੇਵ ਜੀ ਬਣ ਗਏ ਅਤੇ ਸ੍ਰੀ ਅੰਗਦ ਦੇਵ ਜੀ ਦੀ ਸੇਵਾ ਕਰਕੇ ਗੁਰੂ ਅਮਰਦਾਸ ਜੀ ਸੰਸਾਰ ਦੇ ਪੂਜਣੇ ਯੋਗ ਹੋ ਗਏ ਸਨ। ਇਹ ਪ੍ਰਸੰਗ ਤਰਤੀਬ ਵਾਰ ਗੁਰੂ ਸਾਹਿਬਾਨਾਂ ਦੀ ਸੇਵਾ ਦਾ ਇਥੇ ਦੇ ਰਹੇ ਹਾਂ।

## ਸਾਖੀ ਸ੍ਰੀ ਗੁਰੂ ਅੰਗਦ ਦੇਵ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਿਚ ਆਏ ਹਨ, ਆਉ ਇਸ ਪ੍ਰਸੰਗ ਨੂੰ ਅਰੰਭ ਤੋਂ ਵਿਚਾਰੀਏ।

ਬਾਬਾ ਫੇਰੂ ਮੱਲ ਜੀ ਸੰਨ ੧੫੨੬ (ਸੰਮਤ ੧੫੮੩) ਨੂੰ ਚਲਾਣਾ ਕਰ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਦੀ ਉਮਰ ਉਸ ਵੇਲੇ ੨੨ ਸਾਲ ਦੀ ਸੀ। ਬਾਬਾ ਫੇਰੂ ਮੱਲ ਜੀ ਹਰ ਸਾਲ ਵੈਸ਼ਨੋ ਦੇਵੀ ਦੀ ਯਾਤਰਾ-ਜਥਾ ਲੈ ਕੇ ਜਾਇਆ ਕਰਦੇ ਸਨ ਅਤੇ ਆਪ ਜੀ ਜਥੇ ਦੇ ਮੁਖੀ ਹੁੰਦੇ ਸਨ। ਪਿਤਾ ਜੀ ਦੇ ਅਕਾਲ ਚਲਾਣੇ ਪਿੱਛੋਂ ਯਾਤਰਾ ਲੈ ਜਾਣ ਦੀ ਜ਼ਿੰਮੇਵਾਰੀ ਭਾਈ ਲਹਿਣਾ ਜੀ ਨੇ ਸਾਂਭ ਲਈ। ਕਰਤਾਰਪੁਰ ਰਾਵੀ ਦੇ ਕੰਢੇ ਪਰ, ਖਡੂਰ ਸਾਹਿਬ ਤੋਂ ਪੈਦਲ ਜਾਣ ਵਾਲਿਆਂ ਨੂੰ ਰਸਤੇ ਵਿਚ ਹੀ ਪੈਂਦਾ ਸੀ। ਪਿਤਾ ਜੀ ਵਾਲੀ ਜ਼ਿੰਮੇਵਾਰੀ ਤਾਂ ਭਾਵੇਂ ਨਿਭਾਉਂਦੇ ਸਨ, ਯਾਤਰਾ 'ਤੇ ਜਾਂਦੇ ਸਨ, ਪਰ ਅੰਦਰ ਸ਼ਾਂਤੀ ਨਹੀਂ ਪ੍ਰਾਪਤ ਹੋਈ, ਸਗੋਂ ਬੇਚੈਨੀ ਵਧਦੀ ਗਈ। ਭਾਈ ਲਹਿਣਾ ਜੀ ਧਾਰਮਿਕ ਰੁਚੀਆਂ ਦੇ ਨਾਲ-ਨਾਲ ਧਰਮ ਦੀ ਕਿਰਤ ਵੀ ਕਰਦੇ ਸਨ। ਆਪ ਜੀ ਦੇ ਪਿਤਾ ਜੀ ਵੀ ਦੁਕਾਨ ਦਾ ਕੰਮ ਕਰਦੇ ਸਨ। ਉਹਨਾਂ ਦੇ ਅਕਾਲ ਚਲਾਣੇ ਤੋਂ ਉਪਰੰਤ ਆਪ ਜੀ ਦੁਕਾਨ ਦਾ ਕੰਮ ਵੀ ਪੂਰਾ ਕਰਦੇ ਸਨ। ਇਕ ਵਾਰ ਗੁਰੂ ਨਾਨਕ ਦੇਵ ਜੀ ਦਾ ਸਿੱਖ ਭਾਈ ਭਾਣਾ ਜੀ ਆਪ ਜੀ ਪਾਸ ਦੋ ਆਨੇ ਦੀ ਖੰਡ ਲੈਣ ਵਾਸਤੇ ਆਇਆ, ਤਾਂ ਭਾਈ ਲਹਿਣਾ ਜੀ ਨੇ ਦੋ ਆਨੇ ਦੀ ਤਿੰਨ ਸੇਰ ਖੰਡ ਦੇ ਕੇ ਇੱਕ ਮੁੱਠ ਭਰ ਵੱਧ ਪਾ ਦਿੱਤੀ। ਭਾਣਾ ਜੀ ਨੇ ਮੁੱਠੀ ਵੱਧ ਲੈਣ ਤੋਂ ਇਨਕਾਰ ਕੀਤਾ ਕਿ ਮੇਰੇ ਗੁਰੂ ਨਾਨਕ ਦੇਵ ਜੀ ਦਾ ਹੁਕਮ ਨਹੀਂ ਹੈ। ਇਹ ਸੁਣ ਕੇ ਭਾਈ ਲਹਿਣਾ ਜੀ ਦੀ ਗੁਰੂ ਨਾਨਕ ਪ੍ਰਤੀ ਸ਼ਰਧਾ ਹੋ ਆਈ।

## ਭਾਈ ਜੋਧ ਪਾਸੋਂ ਗੁਰਬਾਣੀ ਸੁਣੀ—

ਇਨ੍ਹਾਂ ਹੀ ਦਿਨਾਂ ਵਿਚ ਸੰਨ ੧੫੩੨ (ਸੰਮਤ ੧੫੮੯) ਨੂੰ ਅਚਾਨਕ ਗੁਰੂ ਨਾਨਕ ਦੇਵ ਜੀ ਦੇ ਪਰਮ ਪਿਆਰੇ ਸੇਵਕ ਭਾਈ ਜੋਧ ਜੀ ਪਾਸੋਂ ਸ੍ਰੀ ਆਸਾ ਜੀ ਦੀ ਵਾਰ ਦੀ ਪਉੜੀ ਸੁਣੀ—

*"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥*
*ਕਿਛੁ ਲਾਹੇ ਉਪਰਿ ਘਾਲੀਐ ॥ ੨੧ ॥"*

(ਆਸਾ ਦੀ ਵਾਰ, ਅੰਗ ੪੭੪)

ਇਹ ਅੰਮ੍ਰਿਤ ਬਚਨ ਸੁਣਦਿਆਂ ਮਨ ਅੰਦਰ ਠੰਡ ਵਰਤ ਗਈ। ਭਾਈ ਜੋਧ ਜੀ ਪਾਸੋਂ ਬੇਨਤੀ ਕਰਕੇ ਪੁੱਛਿਆ ਕਿ ਬਾਣੀ ਕਿਸ ਦੀ ਹੈ। ਭਾਈ ਜੋਧ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਦੱਸਿਆ ਅਤੇ ਗੁਰੂ ਨਾਨਕ ਦੇਵ ਜੀ ਦਾ ਨਾਮ ਆਪ ਜੀ ਨੇ ਪਹਿਲਾਂ ਭਾਈ ਭਾਣਾ ਜੀ ਪਾਸੋਂ ਵੀ ਸੁਣਿਆ ਸੀ। ਪੁੱਛਿਆ ਗੁਰੂ ਜੀ ਕਿਥੇ ਹਨ ਤਾਂ ਦਸਿਆ ਕਿ ਕਰਤਾਰਪੁਰ ਰਾਵੀ ਦੇ ਕਿਨਾਰੇ ਜੀਆਂ ਨੂੰ ਤਾਰ ਰਹੇ ਹਨ ਤਾਂ ਭਾਈ ਲਹਿਣਾ ਜੀ ਨੇ ਉਸੇ ਵੇਲੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਇਸ ਵਾਰ ਯਾਤਰਾ ਸਮੇਂ ਰਸਤੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜ਼ਰੂਰ ਦਰਸ਼ਨ ਕਰਨੇ ਹਨ। ਸੰਗੀਆਂ ਦੇ ਨਾਲ ਭਾਈ ਲਹਿਣਾ ਜੀ ਲਈ ਇਸ ਵਾਰ ਸੰਨ ੧੫੩੨ ਨੂੰ ਜੰਮੂ ਵੱਲ ਯਾਤਰਾ ਸਮੇਂ, ਉਹ ਸੁਭਾਗ ਦਿਨ ਆ ਗਿਆ ਜਿਸ ਦਿਨ ਮਨ ਦੀ ਸ਼ਰਧਾ ਨੂੰ ਦਰਸ਼ਨਾਂ ਦਾ ਫਲ ਲੱਗਾ।

ਦਰਿਆ ਪਾਰ ਕਰਕੇ ਸੰਗੀਆਂ ਨੂੰ ਆਖਿਆ ਕਿ ਤੁਸੀਂ ਚੱਲੋ, ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਨੇ ਹਨ। ਭਾਈ ਲਹਿਣਾ ਜੀ ਦਰਸ਼ਨਾਂ ਦੀ ਇੱਛਾ ਧਾਰ ਕੇ ਹਜ਼ੂਰ ਵੱਲ ਨੂੰ ਚੱਲਿਆ ਹੀ ਹੈ ਕਿ ਅੱਗੋਂ ਅੰਤਰਜਾਮੀ ਆਪ ਲੈਣ ਆਏ ਹਨ ਕਿ ਇਸ ਪੁਰਖ ਨੇ ਗੱਦੀ ਦਾ ਵਾਰਸ ਬਣਨਾ ਹੈ। ਭਾਈ ਲਹਿਣਾ ਜੀ ਨੇ ਸਤਿਗੁਰੂ ਜੀ ਪਾਸੋਂ ਹੀ ਗੁਰੂ ਨਾਨਕ ਦੇਵ ਜੀ ਦੇ ਘਰ ਦਾ ਰਸਤਾ ਪੁੱਛਿਆ। ਸ੍ਰੀ ਗੁਰੂ ਨਾਨਕ ਦੇਵ ਜੀ ਅਤਿ ਨਿਮਰਤਾ ਨਾਲ ਘੋੜੀ ਦੀ ਲਗਾਮ ਪਕੜ ਕੇ ਲੈ ਆਏ। ਘੋੜੀ ਬੰਨ੍ਹ ਕੇ ਅੱਗੇ ਅੰਦਰ ਜਾਣ ਦਾ ਰਸਤਾ ਦੱਸ ਕੇ ਆਪ ਜੀ ਦੂਜੇ ਦਰਵਾਜ਼ੇ ਥਾਈਂ ਅੰਦਰ ਜਾ ਬੈਠੇ। ਭਾਈ ਲਹਿਣਾ ਜੀ ਤੱਕ ਕੇ ਕਿ ਇਹੋ ਗੁਰੂ ਨਾਨਕ ਦੇਵ ਜੀ ਘੋੜੀ ਦੀ ਲਗਾਮ ਫੜ ਕੇ ਲੈ ਕੇ ਆਏ ਹਨ ਤਾਂ ਛੇਤੀ ਨਾਲ ਭਾਈ ਲਹਿਣਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨੀਂ ਡਿੱਗ ਪਏ। ਪਹਿਲੀ ਵਾਰੀ ਨਿਮਰਤਾ ਦੇ ਤੀਰ ਨੇ ਮਾਨੋ ਐਸਾ ਜ਼ਖ਼ਮ ਕੀਤਾ ਕਿ ਜਿਸ ਦਾ ਦਾਰੂ ਸਿਰਫ਼ ਮਿਲਾਪ ਹੀ ਸੀ। ਗੁਰੂ ਇਤਿਹਾਸ ਅੰਦਰ ਇਹ ਪ੍ਰਸੰਗ ਇਸ ਪ੍ਰਕਾਰ ਅੰਕਿਤ ਹੈ-

*"ਇਨ ਕੋ ਸਿੰਘ ਪੌਰ ਦਿਖਰਾਯੋ॥ ਲਘ ਦਰ ਪ੍ਰਵਿਸੇ ਗੁਨ ਸੁਖਦਾਯੋ॥*

***ਅੰਤਰ ਜਾਏ ਸਿੰਘਾਸਨ ਬੈਸੇ॥ ਧਰਿਯੋ ਸਰੀਰ ਸਾਂਤ ਰਸ ਜੈਸੇ॥ ੨੯॥***
***ਜਬ ਸ੍ਰੀ ਲਹਿਣਾ ਅੰਤਰ ਗਯੋ॥ ਸ੍ਰੀ ਨਾਨਕ ਗੁਰ ਦੇਖਤ ਭਯੋ॥***
***ਸ਼ਰਨ ਸ਼ਰਨ ਕਹਿ ਬੰਦਨ ਕੀਨੀ॥ ਅਤਿ ਸਰਧਾ ਮਹਿ ਮਤ ਜਿਨ ਭੀਨੀ॥ ੩੦॥***
***ਬੈਠ ਪਛਾਨਿਯੋ ਹੈ ਇਹ ਸੋਈ॥ ਪੰਥ ਬਤਾਵਤ ਆਵਤ ਜੋਈ॥"***

(ਸ੍ਰੀ ਗੁਰ ਪੁਰ ਪ੍ਰਕਾਸ਼)

ਮੱਥਾ ਟੇਕਣ ਤੋਂ ਉਪਰੰਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੁੱਛਿਆ, ਪੁਰਖਾ ਤੇਰਾ ਨਾਮ ਕੀ ਹੈ? ਤਾਂ ਭਾਈ ਲਹਿਣਾ ਜੀ ਨੇ ਹੱਥ ਜੋੜ ਦੱਸਿਆ ਕਿ ਹਜ਼ੂਰ ਮੇਰਾ ਨਾਮ ਲਹਿਣਾ ਹੈ। ਗੁਰੂ ਸਾਹਿਬ ਨੇ ਕਿਹਾ ਅੱਛਾ ਜੇ ਤੂੰ ਲਹਿਣਾ ਹੈ ਤਾਂ ਅਸੀਂ ਤੇਰਾ ਦੇਣਾ ਹੈ। ਇਨ੍ਹਾਂ ਰਮਜ਼-ਭਰੇ ਬਚਨਾਂ ਅਤੇ ਕ੍ਰਿਪਾ ਭਰੀ ਦ੍ਰਿਸ਼ਟੀ ਪਾ ਕੇ ਭਾਈ ਲਹਿਣਾ ਜੀ ਦੇ ਅੰਦਰ ਲਟ-ਲਟ ਕਰਦੀ ਜੋਤ ਜਗਾ ਦਿੱਤੀ। ਉਸ ਜੋਤ ਦੇ ਪ੍ਰਕਾਸ਼ ਨਾਲ ਆਪ ਜੀ ਨੇ ਪਛਾਣ ਲਿਆ ਕਿ ਸ੍ਰਿਸ਼ਟੀ ਦਾ ਰਚਨਹਾਰ ਨਿਰੰਕਾਰ

***"ਆਪ ਨਾਰਾਇਣ ਕਲਾ ਧਾਰ ਜਗ ਮਹਿ ਪਰਵਰਿਉ।"***

ਨਿਰੰਕਾਰ ਆਪ ਗੁਰੂ ਰੂਪ ਧਾਰ ਕੇ ਆਇਆ ਹੈ। ਭਾਈ ਲਹਿਣਾ ਜੀ ਇੱਕ ਵਾਰ ਘਰ ਜਾ ਕੇ ਸਾਰਾ ਕੰਮ ਕਾਰ ਭਣੇਵੇਂ ਨੂੰ ਸੌਂਪ ਕੇ ਵਾਪਸ ਕਰਤਾਰਪੁਰ ਨੂੰ ਚੱਲ ਪਏ। ਉਸ ਸਮੇਂ ਲੂਣ ਦੀ ਇੱਕ ਪੰਡ ਸਿਰ 'ਤੇ ਚੁੱਕ ਲਈ। ਕਰਤਾਰਪੁਰ ਪਹੁੰਚ ਕੇ ਮਾਤਾ ਜੀ ਪਾਸੋਂ ਹਜ਼ੂਰ ਬਾਰੇ ਪੁੱਛਿਆ। ਗੁਰਦੇਵ, ਉਸ ਵੇਲੇ ਝੋਨੇ ਦੇ ਖੇਤ ਵਿਚੋਂ ਘਾਹ ਪੁਟਾ ਰਹੇ ਸਨ। ਬਾਬਾ ਲਹਿਣਾ ਜੀ ਵੀ ਖੇਤ ਚਲੇ ਗਏ। ਗੁਰੂ ਨਾਨਕ ਦੇਵ ਜੀ ਨੇ ਘਾਹ ਪੁੱਟਣ ਲਾ ਦਿੱਤਾ। ਆਪ ਜੀ ਨੇ ਕਦੇ ਖੇਤੀ ਦਾ ਕੰਮ ਨਹੀਂ ਸੀ ਕੀਤਾ। ਘਾਹ ਦੀ ਥਾਂ ਝੋਨੇ ਦੇ ਬੂਟੇ ਪੁੱਟੀ ਗਏ। ਆਖ਼ਿਰ ਗੁਰੂ ਨਾਨਕ ਦੇਵ ਜੀ ਨੇ ਬਾਬਾ ਲਹਿਣਾ ਜੀ ਨੂੰ ਘਾਹ ਦੀ ਪੰਡ ਚੁਕਾ ਦਿੱਤੀ। ਉਸ ਪੰਡ ਨੂੰ ਜਿਸ ਵੇਲੇ ਧਰਮਸ਼ਾਲਾ ਲਿਆ ਕੇ ਲਾਹਿਆ ਤਾਂ ਆਪ ਦੇ ਕਪੜੇ ਵੇਖ ਕੇ ਮਾਤਾ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਇਨ੍ਹਾਂ ਦੇ ਕੱਪੜੇ ਗਾਰੇ ਨਾਲ ਲਬੇੜ ਦਿੱਤੇ ਹਨ। ਮਹਾਰਾਜ ਜੀ ਨੇ ਸਾਡੇ ਮਾਤਾ ਸੁਲੱਖਣੀ ਜੀ ਨੂੰ ਦੱਸਦਿਆਂ ਕਿਹਾ, ਇਹ ਘਾਹ ਦੀ ਪੰਡ ਨਹੀਂ, ਦੀਨ ਦੁਨੀਆਂ ਦਾ ਛੱਤਰ ਦਿੱਤਾ ਹੈ। ਚਿੱਕੜ ਨਹੀਂ, ਕੇਸਰ ਹੈ। ਇਹ ਵੱਡਾ ਭਾਗਵਾਨ ਪੁਰਖ ਹੈ।

***"ਮੈਂ ਦੀਨੁ ਦੁਨੀਆਂ ਛੱਤਰ ਸਿਰ ਧਾਰਾ। ਵਾਹ ਕੀਚ ਜਲ ਨਹੀਂ, ਕੇਸਰ ਸਿਰ ਡਾਰਾ।***
***ਇਹ ਲਹਨਾ ਮੈਂ ਇਸ ਕੋ ਦੇਨਾ। ਕਹੋਂ ਸਤ, ਮਿਥਿਆ ਨਹੀਂ ਬੈਨਾ।***
***ਇਨ ਕੀ ਮੋ ਸੋ ਹੈ ਬਿਧ ਬਨੀ। ਮੇਰੇ ਰਾਜ ਕੋ ਆਇਓ ਧਨੀ।"***

(੩੫, ਮਹਿਮਾ ਪ੍ਰਕਾਸ਼, ਸਾਖੀ ੫੧)

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪ੍ਰਮੇਸ਼ਰ ਸਰੂਪ ਸਮਝ ਕੇ ਸੇਵਾ ਵਿੱਚ ਜੁੱਟ ਗਏ। ਸੇਵਾ ਵਿੱਚ ਨਿਹਚੇ ਨਾਲ ਐਸੇ ਤੱਤਪਰ ਹੋਏ ਸਨ। ਪਰਖ ਸਮੇਂ ਗੁਰੂ ਨਾਨਕ ਦੇਵ ਜੀ ਨੇ ਗੰਦੇ ਨਾਲੇ ਵਿਚੋਂ ਕਟੋਰਾ ਕੱਢਣ ਵਾਸਤੇ ਪਹਿਲਾਂ ਦੋਵੇਂ ਪੁੱਤਰਾਂ ਨੂੰ ਕਿਹਾ। ਉਨ੍ਹਾਂ ਇਹ ਕੰਮ ਨੀਚ ਦਾ ਕਹਿ ਕੇ ਇਨਕਾਰ ਕਰ ਦਿੱਤਾ। ਭਾਈ

ਲਹਿਣਾ ਜੀ ਨੂੰ ਕਿਹਾ ਤਾਂ ਇਹਨਾਂ ਉਸੇ ਵੇਲੇ ਗੰਦੇ ਨਾਲੇ ਵਿਚੋਂ ਕਟੋਰਾ ਕੱਢ ਦਿੱਤਾ। ਮੋਈ ਚੂਹੀ ਬਾਹਰ ਸੁੱਟਣ ਲਈ ਪੁੱਤਰਾਂ ਨੂੰ ਕਿਹਾ ਤਾਂ ਦੋਵਾਂ ਨੇ ਇਨਕਾਰ ਕਰ ਦਿੱਤਾ, ਪਰ ਬਾਬਾ ਲਹਿਣਾ ਜੀ ਨੇ ਹੁਕਮ ਸੁਣਦਿਆਂ ਸਾਰ ਚੂਹੀ ਬਾਹਰ ਚੁੱਕ ਕੇ ਸੁੱਟ ਦਿੱਤੀ। ਧਰਮਸ਼ਾਲਾ ਦੀ ਢੱਠੀ ਕੰਧ ਗੁਰੂ ਜੀ ਦਾ ਹੁਕਮ ਮੰਨ ਬਣਾਈ। ਰਾਜ ਮਿਸਤ੍ਰੀਆਂ ਵਾਲਾ ਕੰਮ ਆਪ ਜੀ ਨੇ ਕਰ ਵਿਖਾਇਆ। ਅਸਲ ਵਿਚ ਗੁਰੂ ਨਾਨਕ ਦੇਵ ਜੀ ਭਾਈ ਲਹਿਣਾ ਜੀ ਨੂੰ ਹੁਕਮ ਮੰਨਣ ਰੂਪ ਭੱਠੀ ਵਿਚ ਪਾ ਕੇ ਸ਼ੁੱਧ ਕੁੰਦਨ ਬਣਾ ਰਹੇ ਸਨ। ਅੱਧੀ ਰਾਤ ਨੂੰ ਕੱਪੜੇ ਧੋਣ ਦਾ ਹੁਕਮ ਵੀ ਆਪ ਨੇ ਹੀ ਮੰਨਿਆ ਸੀ, ਸਾਹਿਬਜ਼ਾਦਿਆਂ ਨਹੀਂ ਮੰਨਿਆ। ਹੋਰ ਭਾਵੇਂ ਪਰਖ ਸਮੇਂ ਗੁਰੂ ਨਾਨਕ ਦੇਵ ਜੀ ਨੇ ਧਾਨਕ ਰੂਪ ਧਾਰਿਆ। ਕਿਤੇ ਮਾਇਆ ਰਸਤੇ ਵਿੱਚ ਖਿਲਾਰਣ ਦਾ ਕੌਤਕ ਕੀਤਾ। ਕਿਤੇ ਸੋਟੇ ਮਾਰ ਕੇ ਭਜਾਵਣ ਦੀ ਕਸਵੱਟੀ ਲਾਈ। ਜਿਸ ਕਸਵੱਟੀ ਦੇ ਤਾਅ ਨੂੰ ਬਾਕੀ ਸਿੱਖ ਸਹਿ ਨਹੀਂ ਸਕੇ, ਦੌੜ ਗਏ ਸਨ। ਮੁਰਦਾ ਖਾਣ ਦਾ ਕੌਤਕ ਵੀ ਰਚਿਆ ਪਰ ਭਾਈ ਲਹਿਣਾ ਜੀ ਹੀ ਪੂਰੇ ਉਤਰੇ। ਕਿਹਾ ਪੁਰਖਾ, ਮੁਰਦਾ ਖਾ, ਜਿਸ ਵੇਲੇ ਹੁਕਮ ਮੰਨ ਕੇ ਮੁਰਦਾ ਖਾਣ ਲਈ ਕਪੜਾ ਉਤਾਰਿਆ ਤਾਂ ਥੱਲੇ ਕੜਾਹ ਪ੍ਰਸਾਦਿ ਸੀ। ਇਹ ਪਰਖ ਦਾ ਕੌਤਕ ਸੀ।

***''ਸੇਤ ਬਸਤ੍ਰ ਉਤਾਰਾ ਜਬਹੀ। ਤਿਹਾਵਲ ਪਿਖਹੀ ਤਵਹੀ।''***

ਇਸ ਸਮੇਂ ਤੱਕ ਹੋਰ ਸਭ ਥਿੜਕ ਗਏ ਸਨ। ਅਖ਼ੀਰ ਧੰਨ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੇ ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ :

***'ਅੰਗਹੁ ਅੰਗੁ ਉਪਾਇਓਨੁ ਗੰਗਹੁ ਜਾਣੁ ਤਰੰਗੁ ਉਠਾਇਆ॥***

ਅਥਵਾ-ਜਿਸ ਤਰ੍ਹਾਂ ਦੀਵੇ ਨਾਲ ਦੀਵਾ ਜਗ ਪੈਂਦਾ ਹੈ, ਇਵੇਂ ਹੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਛਾਤੀ ਨਾਲ ਲਗਾ ਕੇ, ਆਪਣੀ ਜੋਤ ਭਾਈ ਲਹਿਣਾ ਜੀ ਅੰਦਰ ਰੱਖ ਕੇ ਐਸਾ ਦੂਸਰਾ ਦੀਵਾ ਗੁਰੂ ਅੰਗਦ ਰੂਪ ਜਗਾਇਆ ''ਜਨ ਦੀਪਕ ਤੇ ਦੀਪ ਜਗਾਯੋ।'' ਜਿਸ ਗੁਰੂ ਜੋਤ ਦੀ ਗਿਆਨ ਰੂਪ ਰੌਸ਼ਨੀ ਅਗਿਆਨ ਰੂਪ ਅੰਧੇਰੇ ਨੂੰ ਮੇਟਣ ਲਈ ਸਮਰੱਥ ਹੈ, ਇਸ ਰੌਸ਼ਨੀ ਦੀ ਬਰਾਬਰੀ ਸੈਂਕੜੇ ਚੰਦ੍ਰਮਾ ਅਤੇ ਹਜ਼ਾਰਾਂ ਸੂਰਜ ਵੀ ਨਹੀਂ ਕਰ ਸਕਦੇ ਹਨ। ਇਸ ਰੌਸ਼ਨੀ ਦਾ ਜ਼ਿਕਰ ਆਪ ਜੀ ਨੇ ਗੁਰੂ ਰੂਪ ਹੋ ਕੇ ਆਪਣੀ ਬਾਣੀ ਅੰਦਰ ਇਸ ਪ੍ਰਕਾਰ ਕੀਤਾ ਹੈ-

***ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥***
***ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ॥''***

(ਅੰਗ ੪੬੩)

ਅਤੇ ਇਸ ਦੀਵੇ ਦਾ ਜ਼ਿਕਰ ਭਾਈ ਗੁਰਦਾਸ ਜੀ ਵਲੋਂ, ਇਸ ਪ੍ਰਕਾਰ ਵੀ ਆਇਆ ਹੈ-

***''ਗੁਰੁ ਅੰਗਦੁ ਗੁਰ ਅੰਗੁ ਤੇ ਅੰਮ੍ਰਿਤ ਬਿਰਖੁ ਅੰਮ੍ਰਿਤ ਫਲ ਫਲਿਆ।***
***ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ।''***

(ਵਾਰ ੨੪, ਪ: ੮)

ਸੰਨ ੧੫੩੯ ਨੂੰ ਭਾਈ ਲਹਿਣਾ ਜੀ ਨੂੰ ਗੁਰਿਆਈ ਗੱਦੀ ਦੇ ਕੇ ਗੁਰੂ ਅੰਗਦ ਰੂਪ ਥਾਪ ਦਿੱਤਾ।

***"ਅਬ ਤੂੰ ਮੇਰੇ ਅੰਗ ਤੇ ਭਇਆ। ਤੂੰ ਲਹਨਾ ਮੈ ਦੇਨਾ ਦਇਆ।"***

(ਮਹਿਮਾ ਪ੍ਰਕਾਸ਼)

ਖਡੂਰ ਸਾਹਿਬ ਜਾਣ ਦਾ ਹੁਕਮ ਕੀਤਾ ਜਿਸ ਦਾ ਜ਼ਿਕਰ ਇਸ ਪ੍ਰਕਾਰ ਆਇਆ ਹੈ-

***"ਦਿਤਾ ਛੋੜਿ ਕਰਤਾਰ ਪੁਰੁ, ਬੈਠਿ ਖਡੂਰੇ ਜੋਤਿ ਜਗਾਈ॥"***

(ਵਾਰ ੧, ਪਉੜੀ ੪੬, ਭਾਈ ਗੁਰਦਾਸ ਜੀ)

***ਤਿਸ ਗੱਦੀ ਗੁਰ ਅੰਗਦ ਬੈਸੇ, ਪੋਸਸ ਅਪਰ ਪਹਿਰ ਨ੍ਰਿਪ ਜੈਸੇ॥***

ਗੁਰੂ ਰੂਪ ਹੋ ਕੇ ਆਪਣੇ ਗੁਰਦੇਵ ਤੋਂ ਗੁਰਿਆਈ ਗੱਦੀ ਰੂਪ ਬਖ਼ਸ਼ਿਸ਼ ਲੈ ਕੇ ਗੁਰੂ ਅੰਗਦ ਦੇਵ ਜੀ ਖਡੂਰ ਸਾਹਿਬ ਆ ਗਏ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ

***"ਤਿਸਨੋ ਪੂਜੇ ਸਭਿ ਕੋਇ॥ ੧॥ " ਸਭ ਸੰਸਾਰ ਨੇ ਗੁਰੂ ਜਾਣ ਕਰ ਪੂਜਿਆ।***

# ਸਾਖੀ ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅਮਰਦਾਸ ਜੀ ਜਿਸ ਵੇਲੇ ਇੱਕੀਵੀਂ ਵਾਰੀ ਹਰਿਦੁਆਰ ਗੰਗਾ ਦਾ ਇਸ਼ਨਾਨ ਕਰਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਇਕ ਬ੍ਰਹਮਚਾਰੀ ਦਾ ਮੇਲ ਹੋਇਆ। ਕੁਝ ਚਿਰ ਇਕੱਠੇ ਸੰਗ ਕੀਤਾ ਤੇ ਬ੍ਰਹਮਚਾਰੀ ਨੇ ਪੁੱਛ ਲਿਆ ਕਿ ਤੁਹਾਡੇ ਗੁਰੂ ਦਾ ਨਾਮ ਕੀ ਹੈ। ਤਾਂ ਆਪ ਜੀ ਨੇ ਕਿਹਾ ਕਿ ਗੁਰੂ ਦੀ ਹਾਲੇ ਭਾਲ ਵਿਚ ਹਾਂ, ਕੋਈ ਗੁਰੂ ਧਾਰਨ ਨਹੀਂ ਕੀਤਾ। ਇਹ ਸੁਣ ਕੇ ਬ੍ਰਹਮਚਾਰੀ ਨੇ ਪਛਤਾਵਾ ਕੀਤਾ।

***"ਨਿਗੁਰੇ ਕੋ ਸੰਗੀ ਭਯੋ, ਕਿਯ ਖਾਨ ਰੁ ਪਾਨਾ।***
***ਪੁੰਨ ਅਕਾਰਥ ਸਭ ਭਇ, ਮੁਝ ਚਿੰਤ ਮਹਾਨਾ॥"***

(ਗੁ: ਪ੍ਰ: ਸੂ: ਗ੍ਰੰਥ, ਰਾਸਿ ੧, ਅੰਸੂ ੧੪)

ਫੇਰ ਬੀਬੀ ਅਮਰੋ ਜੀ ਪਾਸੋਂ ਬਾਣੀ ਸੁਣੀ (ਗੁਰੂ) ਅਮਰਦਾਸ ਜੀ ਨੇ "ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ। (ਅੰਗ ੯੯੦) ਇਹ ਪ੍ਰਸੰਗ ਪੜ੍ਹੋ ਵਿਸਥਾਰ ਸਹਿਤ ਦਾਸ ਦੀ ਲਿਖੀ ਪੁਸਤਕ "ਦਸ ਗੁਰ ਜੋਤ" ਅੰਦਰ ਪੰਨਾ ੧੧੩ ਉਪਰ। ਆਖ਼ਿਰ ਬੀਬੀ ਅਮਰੋ ਜੀ ਰਾਹੀਂ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆ ਗਏ ਤੇ ਗੁਰੂ ਜੀ ਦੇ ਦਰਸ਼ਨ ਕਰਕੇ ਮਹਾਰਾਜ ਦੇ ਚਰਨਾਂ 'ਤੇ ਜਾ ਢੱਠੇ। ਗੁਰੂ ਅੰਗਦ ਦੇਵ ਜੀ ਨੇ ਉਹਨਾਂ ਨੂੰ ਚਰਨਾਂ ਤੋਂ ਉਠਾ ਕੇ ਸਤਿਕਾਰ ਨਾਲ ਆਪਣੇ ਬਰਾਬਰ ਬਿਠਾਉਣਾ ਚਾਹਿਆ, ਪਰ (ਗੁਰੂ) ਅਮਰਦਾਸ ਜੀ ਨਾ ਮੰਨੇ। ਉਹਨਾਂ ਹੱਥ ਜੋੜ ਕੇ ਕਿਹਾ, "ਮੈਂ ਰਿਸ਼ਤੇਦਾਰ ਦੀ ਹੈਸੀਅਤ ਵਿਚ ਹਾਜ਼ਰ ਨਹੀਂ ਹੋਇਆ, ਸਗੋਂ ਹਜ਼ੂਰ ਦਾ ਸਿੱਖ ਬਣਨ ਵਾਸਤੇ ਆਇਆ ਹਾਂ।" ਕਹਿੰਦੇ ਹੋਏ ਆਪ ਫਿਰ ਚਰਨਾਂ 'ਤੇ ਢਹਿ ਪਏ।

***''ਚਰਨ ਗਹੇ ਸ੍ਰੀ ਅਮਰ ਤਬ, ਬੰਦਨ ਕੌ ਠਾਨੀ।***
***ਉਚਤ ਨਹੀ ਗਲ ਮਿਲਣ ਕੇ ਲੇਹੁ ਦਾਸ ਪਛਾਨੀ।''***

(ਗੁ: ਪ੍ਰ: ਸੂ:, ਰਾਸ ੧, ਅੰਸੂ ੧੫)

''ਉਠੋ ਭਾਈ, ਭਲੇ ਸਮੇਂ ਆਏ ਹੋ। ਸੇਵਾ ਕਰੋ। ਜਿਸਨੇ ਸਿੱਖੀ ਪਾਈ ਹੈ, ਸੇਵਾ ਤੋਂ ਪਾਈ ਹੈ।'' ਗੁਰੂ ਅੰਗਦ ਦੇਵ ਜੀ ਨੇ ਰਸਤਾ ਦੱਸ ਦਿੱਤਾ।

(ਗੁਰੂ) ਅਮਰਦਾਸ ਜੀ ਉਸ ਸਮੇਂ ਤੋਂ ਸੇਵਾ ਵਿਚ ਜੁੱਟ ਪਏ। ਸੰਨ ੧੫੪੧ ਤੋਂ ੧੫੫੨ ਤੱਕ ਖਡੂਰ ਸਾਹਿਬ ਰਹਿ ਕੇ ੧੧ ਸਾਲ ਸੇਵਾ ਕੀਤੀ। ਸੰਗਤ ਨੂੰ ਪੱਖਾ ਝੱਲਣਾ, ਪਾਣੀ ਪਿਆਉਣਾ, ਲੰਗਰ ਵਾਸਤੇ ਬਾਲਣ ਲਿਆਉਣਾ ਤੇ ਸੰਗਤਾਂ ਦੇ ਜੂਠੇ ਭਾਂਡੇ ਮਾਂਜਣੇ ਆਦਿ, (ਗੁਰੂ) ਅਮਰਦਾਸ ਜੀ ਸਭ ਤੋਂ ਉੱਤਮ ਸਮਝ ਕੇ ਪੂਰੀ ਸ਼ਰਧਾ ਨਾਲ ਨਿਭਾਉਂਦੇ। ਅੱਧੀ ਰਾਤ ਉੱਠ ਕੇ ਆਪ ਬਿਆਸ ਦਰਿਆ 'ਤੇ ਜਾ ਕੇ ਉਥੋਂ ਜਲ ਦੀ ਗਾਗਰ ਭਰ ਕੇ, ਤੜਕੇ ਖਡੂਰ ਸਾਹਿਬ ਪਹੁੰਚ ਕੇ ਆਪਣੇ ਹੱਥੀਂ ਗੁਰਦੇਵ ਦੇ ਇਸ਼ਨਾਨ ਕਰਾਉਂਦੇ। ਇਹ ਸੇਵਾ ਨਿਭਾਉਂਦਿਆਂ (ਗੁਰੂ) ਅਮਰਦਾਸ ਜੀ ਨੇ ੧੨ ਸਾਲ ਤਕ ਸੇਵਾ ਕੀਤੀ :

***''ਰਹੇ ਪਹਰ ਰਾਤ ਤਬ ਜਲ ਭਰ ਲਿਆਵੈ।***
***ਸਤਿਗੁਰੂ ਕੌ ਇਸਨਾਨ ਕਰਾਵੈ। ੬੭।***
***ਇਸਨਾਨ ਕਰਾਇ ਇਕੰਤ ਬਹ ਰਹੇ।***
***ਕਾਹੂ ਸੋ ਕਿਛ ਸੁਨੇ ਨ ਕਹੇ।***
***ਸਤਿਗੁਰ ਮੂਰਤ ਹਿਰਦੇ ਧਰੇ।***
***ਖਾਨ ਪਾਨ ਕਛ ਸੁਧ ਨਹੀਂ ਕਰੇ। ੬੮।***
***ਇਹ ਬਿਧ ਦੁਆਦਸ ਬਰਖ ਬਿਤਾਏ।''***

(ਮਹਿਮਾ ਪ੍ਰਕਾਸ਼)

ਆਪ ੬੨ ਸਾਲ ਦੀ ਉਮਰ ਵਿਚ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਆਏ ਸਨ।

ਅੰਤ ਸੇਵਾ ਨੂੰ ਫਲ ਲੱਗਣ ਦਾ ਸਮਾਂ ਆ ਗਿਆ। ਸਰਦੀ ਪੂਰੇ ਜੋਬਨ 'ਤੇ ਸੀ। ਮੀਂਹ ਵਰ੍ਹ ਰਿਹਾ ਸੀ ਤੇ ਠੰਡੀ ਹਵਾ, ਝੱਖੜ ਦਾ ਰੂਪ ਧਾਰੀ ਚੱਲ ਰਹੀ ਸੀ। ਪਰ (ਗੁਰੂ) ਅਮਰਦਾਸ ਜੀ ਨਿੱਤ ਵਾਂਗ ਸਿਰ 'ਤੇ ਗਾਗਰ ਉਠਾਈ ਚਲੇ ਆ ਰਹੇ ਸਨ। ਆਪ ਖਡੂਰ ਸਾਹਿਬ ਪੁੱਜੇ ਤਾਂ ਹਨੇਰੇ ਦੇ ਕਾਰਨ, ਕੁਛ ਰਾਹੋਂ ਖੁੰਝ ਗਏ। ਲਾਗੇ ਹੀ ਪਾਸੇ 'ਤੇ ਜੁਲਾਹਿਆਂ ਦਾ ਘਰ ਸੀ। (ਗੁਰੂ) ਅਮਰਦਾਸ ਜੀ ਜੁਲਾਹਿਆਂ ਦੀ ਖੱਡੀ ਵਿਚ ਜਾ ਡਿੱਗੇ, ਪਰ ਆਪ ਨੇ ਸਿਰ ਤੋਂ ਗਾਗਰ ਨਹੀਂ ਡਿੱਗਣ ਦਿੱਤੀ। ਖੜਾਕ ਸੁਣ ਕੇ ਜੁਲਾਹੇ ਨੇ ਆਪਣੀ ਘਰਵਾਲੀ ਨੂੰ ਬਾਹਰ ਵੇਖਣ ਵਾਸਤੇ ਕਿਹਾ। ਜੁਲਾਹੀ ਬਾਹਰ ਨਿਕਲੀ। ਉਹਨੇ ਗੁੱਸਾ ਕੱਢਦਿਆਂ ਖਰ੍ਹਵੀ ਸੁਰ ਵਿਚ ਕਿਹਾ, ''ਹੈਗਾ ਏ, ਉਹ ਅਮਰੂ ਨਿਥਾਵਾਂ, ਜੀਹਨੂੰ ਨਾ ਦਿਨੇ ਚੈਨ, ਨਾ ਰਾਤ ਅਰਾਮ। ਰੋਟੀ ਬਦਲੇ ਕੁੜਮਾਂ ਦੇ ਬੂਹੇ 'ਤੇ ਰੁਲਦਾ ਪਿਆ ਹੈ।''

''ਹੇ ਝੱਲੀਏ ! ਨਿਥਾਵਾਂ ਕਿਵੇਂ ਹੋਇਆ ? ਮੇਰੇ ਸਿਰ 'ਤੇ ਮੇਰਾ ਗੁਰੂ ਹੈ। ਗੁਰੂ ਵਾਲੇ ਨਿਥਾਵੇ ਨਹੀਂ ਹੁੰਦੇ।''

ਸੁਤੇ ਹੀ ਵਾਕ ਹੋ ਗਿਆ। ਜੁਲਾਹੀ ਉਸੇ ਵੇਲੇ ਝੱਲੀ ਹੋ ਗਈ। ਦਿਨ ਚੜ੍ਹੇ ਉਸ ਜੁਲਾਹੀ ਨੂੰ ਲੈ ਕੇ ਉਸ ਦੇ ਘਰ ਦੇ ਗੁਰੂ ਦੇ ਚਰਨਾਂ ਵਿਚ ਹਾਜ਼ਰ ਹੋਏ। ਸਾਰੀ ਕਹਾਣੀ ਸੁਣ ਕੇ ਗੁਰੂ ਅੰਗਦ ਦੇਵ ਜੀ ਦੇ ਨੇਤਰ ਜਲ ਨਾਲ ਭਰ ਆਏ।

ਹਜ਼ੂਰ ਨੇ ਸਿੰਘਾਸਣ ਤੋਂ ਉਠ (ਗੁਰੂ) ਅਮਰਦਾਸ ਨੂੰ ਛਾਤੀ ਨਾਲ ਲਾ ਲਿਆ। ਨਾਲ ਹੀ ਮਹਾਰਾਜ ਨੇ ਸੰਗਤ ਨੂੰ ਸੰਬੋਧਨ ਕਰਕੇ ਕਿਹਾ, ''ਅਮਰੂ ਨਿਥਾਵਾਂ ਨਹੀਂ ਅਤੇ ਵਰ ਦਿੰਦਿਆਂ ਇਹ ਬਚਨ ਕਹੇ ਹਨ :-

***''ਹੋਇ ਕੈ ਪ੍ਰਸੰਨਯ, ਧੰਨਯ ਧੰਨਯ ਕਹਿ ਅਮਰ ਕੋ।***
***ਕਰ ਦੀਨੋ ਤਿਲਕ ਗੁਰਿਆਈ ਕੋ ਮਹਾਨ ਹੈ।''***

ਅੱਜ ਤੋਂ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਦੇ ਮਾਲਕ ਹਨ :

***''ਤੁਸੀਂ ਨਿਮਾਣਿਆਂ ਦੇ ਮਾਣ ਹੋ। ਨਿਥਾਵਿਆਂ ਦੇ ਥਾਉਂ ਹੋ।***
***ਨਿਓਟਿਆਂ ਦੀ ਓਟ ਹੋ। ਨਿਧਰਿਆਂ ਦੀ ਧਰ ਹੋ।***
***ਨਿਆਸਰਿਆਂ ਕਾ ਆਸਰਾ ਹੋ। ਗਈ ਬਹੋੜ ਹੋ।***
***ਬੰਦੀ ਛੋੜ ਹੋ। ਭੰਨਣ ਘੜਨ ਸਮਰਥ ਹੋ।***
***ਰਿਜਕ ਦੀ ਕੁੰਜੀ ਤੁਮਾਰੇ ਹੱਥ ਹੈ। ਪੁਰਖਾ ਜੀ ਤੁਮ ਧੰਨ ਹੋ।''***

(ਮਹਿਮਾ ਪ੍ਰਕਾਸ਼ ਵਾਰਤਕ)

ਤਾਰੀਖ਼-ਇ-ਪੰਜਾਬ ਮੁਤਾਬਿਕ ਜੁਲਾਹੀ ਨੂੰ ਕਾਫ਼ੀ ਮਾਇਆ ਦੇ ਕੇ ਉਹ ਜਗ੍ਹਾ ਗੁਰੂ ਅੰਗਦ ਦੇਵ ਜੀ ਨੇ ਖ਼ਰੀਦ ਲਈ। ਜਿਸ ਕਿੱਲੀ ਨਾਲ ਚਰਨ ਛੋਹ ਕੇ ਗੁਰੂ ਅਮਰਦਾਸ ਜੀ ਡਿੱਗੇ ਸਨ, ਉਹ ਕਿੱਲੀ ਹਰੀ ਭਰੀ ਹੋ ਗਈ। ਵਰ ਦੇ ਕੇ ਬਖ਼ਸ਼ਿਸ਼ ਕਰ ਦਿੱਤੀ।

ਗੁਰੂ ਅਮਰਦਾਸ ਜੀ ਦਾ ਇਸ਼ਨਾਨ ਕਰਾਕੇ, ਨਵੀਂ ਪੁਸ਼ਾਕ ਪਹਿਨਾ ਕੇ ਗੁਰਗੱਦੀ ਉੱਤੇ ਬਿਠਾਇਆ। ਸਭ ਤੋਂ ਪਹਿਲਾਂ ਗੁਰੂ ਅੰਗਦ ਦੇਵ ਜੀ ਨੇ ਆਪ ਗੁਰੂ ਅਮਰਦਾਸ ਜੀ ਨੂੰ ਮੱਥਾ ਟੇਕਿਆ। ਫਿਰ ਹੋਰ ਸੰਗਤਾਂ ਨੇ ਵੀ ਮੱਥਾ ਟੇਕਿਆ। ਇਹ ਘਟਨਾ ਸੰਨ ੧੫੫੨, ਸੰਮਤ ੧੬੦੯ ਦੀ ਹੈ। (ਅਥਵਾ)

***''ਪੈਸੇ ਪੰਚ ਨਾਰੀਅਲ ਟੇਕ। ਲੈ ਬੁਢੇ ਤੇ ਜਲਧ ਬਿਬੇਕ।***
***ਠਾਂਡੇ ਭਏ ਪ੍ਰਦਛਣਾ ਦੀਨੀ। ਸ੍ਰੀ ਗੁਰ ਘਰ ਕੀ ਰੀਤਿ ਸੁ ਕੀਨੀ।''***

ਗੁਰੂ ਅਮਰਦਾਸ ਜੀ ਦੇ ਗੁਰੂ ਹੋਣ ਦਾ ਐਲਾਨ ਕਰ ਦਿੱਤਾ ਗਿਆ-

***''ਸੁਨ ਪੁਰਖਾ ਸ੍ਰੀ ਅਮਰ ਸੁ ਪਿਆਰੇ॥ ਅਬ ਤੁਮ ਬੈਠਹੁ ਥਾਨ ਹਮਾਰੇ॥ ੮॥***
***ਰਾਜ ਜੋਗ ਕੋ ਮਹਿਦ ਸਿੰਘਾਸਨ॥ ਤਿਸ ਪਰ ਸੋਭਹੁ ਕਰਹੁ ਪ੍ਰਕਾਸਨ॥''***

(ਗੁ: ਪ੍ਰ: ਸੂ: ਗ੍ਰੰਥ, ਰਾਸ ੧, ਅੰਸੂ ੨੭)

(ਅਥਵਾ)

***"ਪੁਨ ਸੰਗਤ ਮਹਿ ਕਹਿਤ ਸੁਨਾਈ। ਮਮ ਸਰੂਪ ਅਬ ਇਹੈ ਸਹਾਈ।***
***ਮੋ ਮੈਂ ਇਸ ਮਹਿ ਭੇਦ ਨ ਜਾਨਹੁ। ਏਕ ਸਰੂਪ ਦੁਹਨ ਕਉ ਮਾਨਹੁ।"***

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਆਗਿਆ ਕੀਤੀ, "ਸਤਿਗੁਰੂ ਜੀ ਨੇ ਸਾਨੂੰ ਕਰਤਾਰਪੁਰ ਦੀ ਥਾਂ ਖਡੂਰ ਰਹਿਣ ਦਾ ਹੁਕਮ ਦਿੱਤਾ ਸੀ। ਉਸੇ ਕਾਰਨ, ਅਸੀਂ ਤੁਹਾਨੂੰ ਆਗਿਆ ਦੇਂਦੇ ਹਾਂ, ਕਿ ਆਪ ਗੋਇੰਦਵਾਲ ਜਾ ਰਹੋ ਤੇ ਉਥੇ ਸਿੱਖੀ ਦਾ ਪ੍ਰਚਾਰ ਕਰੋ।" ਨਾਲ ਹੀ ਮਹਾਰਾਜ ਨੇ ਆਪਣੀ ਬਾਣੀ, ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਗੁਰੂ ਜੀ ਦੀ ਜਨਮ ਸਾਖੀ ਗੁਰੂ ਅਮਰਦਾਸ ਜੀ ਦੇ ਹਵਾਲੇ ਕਰ ਦਿੱਤੀ।

ਗੁਰੂ ਅਮਰਦਾਸ ਜੀ ਹੁਕਮ ਮੰਨ ਕੇ ਉਸੇ ਵੇਲੇ ਸਿਰ ਝੁਕਾ ਕੇ ਗੋਇੰਦਵਾਲ ਨੂੰ ਚਲੇ ਗਏ।

ਉਹਨਾਂ ਦਾ ਪਰਿਵਾਰ ਪਹਿਲਾਂ ਹੀ ਗੋਇੰਦਵਾਲ ਰਹਿੰਦਾ ਸੀ। ਗੁਰੂ ਅਮਰਦਾਸ ਜੀ ਓਨਾ ਚਿਰ ਸਿੰਘਾਸਣ ਲਾ ਕੇ ਨਹੀਂ ਬੈਠੇ ਜਿੰਨਾ ਚਿਰ ਗੁਰੂ ਅੰਗਦ ਦੇਵ ਜੀ ਸਰੀਰ ਕਰਕੇ ਸੰਸਾਰ ਵਿਚ ਰਹੇ। ਦੂਸਰੇ ਗੁਰੂ ਦੇ ਜੋਤੀ-ਜੋਤ ਸਮਾਉਣ ਉੱਤੇ, ਉਸੇ ਦਿਨ ਬਾਬਾ ਬੁੱਢਾ ਜੀ ਨੇ ਗੋਇੰਦਵਾਲ ਪਹੁੰਚ ਕੇ ਗੁਰੂ ਅਮਰਦਾਸ ਜੀ ਨੂੰ ਚੇਤ ਸੁਦੀ ੪ ਤੇ ਤਿੰਨ ਵੈਸਾਖ ਸੰਮਤ ੧੬੦੯ ਬਿਕ੍ਰਮੀ, ਸੰਨ ੧੫੫੨ ਨੂੰ ਬੇਨਤੀ ਕਰਕੇ ਗੁਰਿਆਈ ਗੱਦੀ ਰੂਪ ਸਿੰਘਾਸਣ 'ਤੇ ਸੁਭਾਇਮਾਨ ਹੋ ਕੇ ਸੰਗਤਾਂ ਨੂੰ ਤਾਰਣ ਲਈ ਮਨਾਇਆ।

***"ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ।***
***ਫੇਰਿ ਵਸਾਇਆ ਗੋਇੰਦਵਾਲੁ, ਅਚਰਜੁ ਖੇਲੁ ਨ ਲਖਿਆ ਜਾਈ।***
***ਦਾਤਿ ਜੋਤਿ ਖਸਮੈ ਵਡਿਆਈ॥' ੪੬॥*** (ਵਾਰ ੧, ਪਉੜੀ ੪੬)

ਸਤਿਗੁਰੂ ਜੀ ਸੰਗਤਾਂ ਨੂੰ ਤਾਰਣ ਲੱਗੇ। ਬੇਅੰਤ ਸੰਗਤਾਂ ਦਾ ਇਕੱਠ ਹੋਣ ਲੱਗਿਆ। ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਅਮਰਦਾਸ ਜੀ ਗੁਰੂ ਨਾਨਕ ਦੇਵ ਜੀ ਤੇ ਗੁਰੂ ਅੰਗਦ ਦੇਵ ਜੀ ਦਾ ਰੂਪ ਹੀ ਹੋ ਗਏ ਹਨ।

***"ਸਬਦ ਸੁਰਤਿ ਪਰਚਾਇ ਕੈ ਚੇਲੇ ਤੇ ਗੁਰੁ, ਗੁਰੁ ਤੇ ਚੇਲਾ।***
***ਵਾਣਾ ਤਾਣਾ ਆਖੀਐ ਸੂਤੁ ਇਕੁ ਹੁਇ ਕਪੜੁ ਮੇਲਾ।"***

(ਵਾਰ ੨੪, ਪਉੜੀ ੧੦)

ਗੁਰੂ ਅੰਗਦ ਦੇਵ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੁਰੂ ਥਾਪ ਦਿੱਤਾ।

## ਪ੍ਰਮਾਣ :-

***੧. ਸਤਿਗੁਰ ਸੇਵਾ ਭਾਇ ਪ੍ਰਾਨ ਪੂਜਾ ਕਰੈ ਸਿਖ, ਸਰਬ ਨਿਧਾਨ ਅਗ੍ਰਭਾਗਿ ਲਿਵ ਲਾਵਈ॥***

*੨.ਮਾਨਸਰੁ ਤਿਆਗ ਆਨਸਰ ਜਾਇ ਬੈਠੇ ਹੰਸੁ, ਖਾਇ ਜਲਜੰਤ ਹੰਸ ਬੰਸਹਿ ਲਜਾਵਈ॥*
*ਸਲਿਲ ਬਿਛੋਹ ਭਏ ਜੀਅਤ ਰਹੈ ਜਉ ਮੀਨ, ਕਪਟ ਸਨੇਹ ਕੈ ਸਨੇਹੀ ਨ ਕਹਾਵਈ।*
*ਬਿਨੁ ਘਨ ਬੂੰਦ ਜਉ ਅਨਤ ਜਲ ਪਾਨ ਕਰੈ, ਚਾਤ੍ਰਿਕ ਸੰਤਾਨ ਬਿਖੈ ਲਛਨੁ ਲਗਾਵਈ।*
*ਚਰਨ ਕਮਲ ਅਲਿ ਗੁਰਸਿਖ ਮੋਖ ਹੁਇ ਆਨ ਦੇ ਸੇਵਕ ਹੁਇ ਮੁਕਤਿ ਨ ਪਾਵਈ॥੪੬੩॥*
*੩.ਜੈਸੇ ਮਾਤ ਪਿਤਾ ਪ੍ਰਤਿਪਾਲਤ ਅਨੇਕ ਸੁਤ, ਅਨਕ ਸੁਤਨ ਪੈ ਨ ਤੈਸੇ ਹੋਇ ਆਵਈ॥*
*ਜੈਸੇ ਮਾਤ ਪਿਤਾ ਚਿਤ ਚਾਹਤ ਹੈ ਸੁਤਨ ਕਉ, ਤੈਸੇ ਨ ਸੁਤਨ ਚਿਤ ਚਾਹ ਉਪਜਾਵਈ॥*
*ਜੈਸੇ ਮਾਤਾ ਪਿਤਾ ਸੁਤ ਸੁਖ ਦੁਖ ਸੋਗਾਨੰਦ, ਦੁਖ ਸੁਖ ਮੈ ਨ ਤੈਸੇ ਸੁਤ ਠਹਰਾਵਈ॥*
*ਜੈਸੇ ਮਨ ਬਚ ਕ੍ਰਮ ਸਿਖਨੁ ਲਡਾਵੈ ਗੁਰ, ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ॥ ੧੦੧॥*
*੪.ਜੈਸੇ ਕਛਪ ਧਰ ਧਿਆਨ ਸਾਵਧਾਨ ਕਰੈ, ਤੈਸੇ ਮਾਤਾ ਪਿਤਾ ਪ੍ਰੀਤ ਸੁਤ ਨ ਲਗਾਵਈ॥*
*ਜੈਸੇ ਸਿਮਰਨ ਕਰਿ ਕੂੰਜ ਪਰਪਕ ਕਰੈ, ਤੈਸੋ ਸਿਮਰਨ ਸੁਤ ਪੈ ਨ ਬਨਿ ਆਵਈ॥*
*ਜੈਸੇ ਗਊ ਬਛਰਾ ਕਉ ਦੁਗਧ ਪੀਆਂਇ ਪੋਖੈ, ਤੈਸੇ ਬਛੁਰਾ ਨ ਗਊ ਪ੍ਰੀਤਿ ਹਿਤੁ ਲਾਵਈ॥*
*ਜੈਸੇ ਗਿਆਨ ਧਿਆਨ ਸਿਮਰਨ ਗੁਰਸਿਖ ਪ੍ਰਤਿ, ਤੈਸੇ ਕੈਸੇ ਸਿਖ ਗੁਰ ਸੇਵਾ ਠਹਰਾਵਈ॥੧੦੨॥*

## ਗੁਰਬਾਣੀ ਪ੍ਰਮਾਣ

੧. ਗਉੜੀ ਗੁਆਰੇਰੀ ਮਹਲਾ ੩॥

*ਗੁਰ ਸੇਵਾ ਜੁਗ ਚਾਰੇ ਹੋਈ॥ ਪੂਰਾ ਜਨੁ ਕਾਰ ਕਮਾਵੈ ਕੋਈ॥*
*ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ॥ ਐਥੈ ਸਦਾ ਸੁਖੁ ਦਰਿ ਸੋਭਾ ਹੋਈ॥ ੧॥*
*ਏ ਮਨ ਮੇਰੇ ਭਰਮੁ ਨ ਕੀਜੈ॥ ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ॥ ੧॥ ਰਹਾਉ॥*
*ਸਤਿਗੁਰੁ ਸੇਵਹਿ ਸੇ ਮਹਾ ਪੁਰਖ ਸੰਸਾਰੇ॥ ਆਪ ਉਧਰੇ ਕੁਲ ਸਗਲ ਨਿਸਤਾਰੇ॥*
*ਹਰਿ ਕਾ ਨਾਮੁ ਰਖਹਿ ਉਰ ਧਾਰੇ॥ ਨਾਮਿ ਰਤੇ ਭਉਜਲ ਉਤਰਹਿ ਪਾਰੇ॥ ੨॥*
*ਸਤਿਗੁਰੁ ਸੇਵਹਿ ਸਦਾ ਮਨ ਦਾਸਾ॥ ਹਉਮੈ ਮਾਰਿ ਕਮਲੁ ਪਰਗਾਸਾ॥*
*ਅਨਹਦੁ ਵਾਜੈ ਨਿਜ ਘਰਿ ਵਾਸਾ॥ ਨਾਮਿ ਰਤੇ ਘਰ ਮਾਹਿ ਉਦਾਸਾ॥ ੩॥*
*ਸਤਿਗੁਰੁ ਸੇਵਹਿ ਤਿਨ ਕੀ ਸਚੀ ਬਾਣੀ॥ ਜੁਗੁ ਜੁਗੁ ਭਗਤੀ ਆਖਿ ਵਖਾਣੀ॥*
*ਅਨਦਿਨੁ ਜਪਹਿ ਹਰਿ ਸਾਰੰਗਪਾਣੀ॥ ਨਾਨਕ ਨਾਮਿ ਰਤੇ ਨਿਹਕੇਵਲ ਨਿਰਬਾਣੀ॥ ੪॥*

(ਅੰਗ ੧੬੧)

*੨. ਗੁਰ ਕੀ ਸੇਵਾ ਸਬਦੁ ਵੀਚਾਰੁ॥ ਹਉਮੈ ਮਾਰੇ ਕਰਣੀ ਸਾਰੁ॥*

(ਗਉੜੀ ਮ: ੧, ਅੰਗ ੨੨੩)

***੩. ਕੋਈ ਪੁਤੁ ਸਿਖੁ ਸੇਵਾ ਕਰੇ ਸਤਿਗੁਰੂ ਕੀ ਤਿਸੁ ਕਾਰਜ ਸਭਿ ਸਵਾਰੇ॥***
***ਜੋ ਇਛੈ ਸੋ ਫਲੁ ਪਾਇਸੀ ਪੁਤੁ ਧਨੁ ਲਖਮੀ ਖੜਿ ਮੇਲੇ ਹਰਿ ਨਿਸਤਾਰੇ॥***

(ਅੰਗ ੩੦੭)

**ਸਲੋਕ ਮਃ ੩ ॥ ਜਿ ਸਤਿਗੁਰੁ ਸੇਵੇ ਆਪਣਾ ਤਿਸ ਨੋ ਪੂਜੇ ਸਭੁ ਕੋਇ ॥ ਸਭਨਾ ਉਪਾਵਾ ਸਿਰਿ ਉਪਾਉ ਹੈ ਹਰਿ ਨਾਮੁ ਪਰਾਪਤਿ ਹੋਇ ॥ ਅੰਤਰਿ ਸੀਤਲ ਸਾਤਿ ਵਸੈ ਜਪਿ ਹਿਰਦੈ ਸਦਾ ਸੁਖੁ ਹੋਇ ॥ ਅੰਮ੍ਰਿਤੁ ਖਾਣਾ ਅੰਮ੍ਰਿਤੁ ਪੈਨਣਾ ਨਾਨਕ ਨਾਮੁ ਵਡਾਈ ਹੋਇ ॥੧॥**

(ਅੰਗ ੫੧੧)

**ਪਦ ਅਰਥ :-** ਜਿ-ਜਿਹੜਾ ਮਨੁੱਖ। ਸਭ ਕੋਇ-ਸਭ ਕੋਈ। ਸੀਤਲ-ਸੀਤਲਤਾਈ ਭਾਵ ਠੰਡ। ਸਾਤਿ-ਸ਼ਾਂਤੀ। ਅੰਮ੍ਰਿਤੁ-ਨਾਮ (ਅਥਵਾ) ਅੰਮ੍ਰਿਤੁ-ਸਫਲਾ ਹੈ।

**ਅਰਥ :-** ਹੇ ਭਾਈ! ਜਿਹੜਾ ਮਨੁੱਖ ਆਪਣੇ ਸਤਿਗੁਰੂ ਨੂੰ ਸੇਂਵਦਾ (ਪੂਜਦਾ) ਹੈ, ਉਸ ਨੂੰ ਸਭ ਕੋਈ ਪੂਜਦਾ ਹੈ। ਸਾਰਿਆਂ ਉਪਾਵਾਂ ਦਾ ਸ਼ਿਰੋਮਣੀ ਉਪਾਵ ਉਹ ਹੀ ਜਾਣਿਆ ਜਾਂਦਾ ਹੈ ਕਿ ਜਿਸ (ਉਪਾਵ) ਜਤਨ ਨਾਲ ਹਰੀ ਦਾ ਨਾਮ ਪ੍ਰਾਪਤ ਹੁੰਦਾ ਹੈ। ਨਾਮ ਜਪਣ ਕਰਕੇ ਹਿਰਦੇ ਅੰਦਰ ਸੀਤਲਤਾਈ ਭਾਵ ਠੰਡ ਤੇ ਸ਼ਾਂਤੀ ਆ ਵਸਦੀ ਹੈ ਅਤੇ ਸਦੀਵੀ ਸੁਖ ਪ੍ਰਾਪਤ ਹੋ ਜਾਂਦਾ ਹੈ। ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਵਾਹਿਗੁਰੂ ਜੀ ਦਾ ਨਾਮ ਜਪਣ ਦੀ ਇਹ ਵਡਿਆਈ ਹੈ ਕਿ ਉਸ ਪੁਰਸ਼ ਦਾ ਨਾਮ ਜਪਣਾ ਹੀ ਭੋਜਨ ਬਣ ਜਾਂਦਾ ਹੈ ਤੇ ਨਾਮ ਜਪਣਾ ਹੀ ਬਸਤ੍ਰ ਦਾ ਪੈਨਣਾ ਬਣ ਜਾਂਦਾ ਹੈ (ਅਥਵਾ) ਨਾਮ ਜਪਣ ਦੀ ਇਹ ਵਡਿਆਈ ਹੈ ਕਿ ਨਾਮ ਜਪਣ ਵਾਲੇ ਦਾ ਖਾਣਾ ਵੀ ਅੰਮ੍ਰਿਤ=ਸਫਲ ਹੈ, ਕੱਪੜਿਆਂ ਦਾ ਪੈਨਣਾ ਵੀ ਕਹੀਏ ਅੰਮ੍ਰਿਤੁ=ਸਫਲਾ ਹੈ।੧।

**ਮਃ ੩ ॥ ਏ ਮਨ ਗੁਰ ਕੀ ਸਿਖ ਸੁਣਿ ਹਰਿ ਪਾਵਹਿ ਗੁਣੀ ਨਿਧਾਨੁ ॥ ਹਰਿ ਸੁਖਦਾਤਾ ਮਨਿ ਵਸੈ ਹਉਮੈ ਜਾਇ ਗੁਮਾਨੁ ॥ ਨਾਨਕ ਨਦਰੀ ਪਾਈਐ ਤਾ ਅਨਦਿਨੁ ਲਾਗੈ ਧਿਆਨੁ ॥੨॥**

(ਅੰਗ ੫੧੧)

**ਪਦ ਅਰਥ :-** ਏ ਮਨ-ਹੇ ਮਨ। ਸਿਖ ਸੁਣਿ-ਗੁਰੂ ਦੀ ਸਿਖਿਆ ਸੁਣਿ। ਨਿਧਾਨ-ਖ਼ਜ਼ਾਨਾ। ਹਉਮੈ-ਹੰਗਤਾ ਮਮਤਾ। ਗੁਮਾਨ-ਜਾਤੀ ਦਾ ਹੰਕਾਰ। ਨਦਰੀ-ਮੇਹਰ। ਅਨਦਿਨ- ਹਰ ਵੇਲੇ ਸਦਾ ਹੀ।

**ਅਰਥ :-**ਹੇ ਮਨਾ ! ਤੂੰ ਗੁਰੂ ਦੀ ਸਿਖਿਆ ਸੁਣ ਤਾਂ ਜੋ ਸ਼ੁਭ ਗੁਣਾਂ ਦੇ ਖ਼ਜ਼ਾਨੇ (ਹਰਿ) ਵਾਹਿਗੁਰੂ ਜੀ ਨੂੰ ਪਾ ਲਵੇਂ। ਉਹ ਹਰੀ ਸਾਰੇ ਸੁਖ ਬਖ਼ਸ਼ਣ ਵਾਲਾ ਤੇਰੇ ਮਨ ਵਿਚ ਵਸ ਜਾਵੇ ਤੇ ਫਿਰ ਤੇਰੀ ਹੰਗਤਾ, ਮਮਤਾ ਤੇ ਜਾਤੀ ਹੰਕਾਰ ਦੂਰ ਹੋ ਜਾਵੇ। ਗੁਰੂ ਸਾਹਿਬ ਜੀ ਫੁਰਮਾਨ ਕਰਦੇ ਹਨ ਕਿ ਗੁਰੂ (ਨਦਰੀ) ਮੇਹਰ

ਨਾਲ ਹਰ ਵੇਲੇ ਭਾਵ ਸਦਾ ਹੀ ਵਾਹਿਗੁਰੂ ਦੇ ਧਿਆਨ ਵਿਚ ਜੁੜ ਜਾਣਾ ਭਾਵ ਧਿਆਨ ਲੱਗ ਜਾਣਾ ਪਾ ਲਈਦਾ ਹੈ। ੨।

**ਪਉੜੀ ॥ ਸਤੁ ਸੰਤੋਖ ਸਭੁ ਸਚੁ ਹੈ ਗੁਰਮੁਖਿ ਪਵਿਤਾ ॥ ਅੰਦਰਹੁ ਕਪਟੁ ਵਿਕਾਰੁ ਗਇਆ ਮਨੁ ਸਹਜੇ ਜਿਤਾ ॥ ਤਹ ਜੋਤਿ ਪ੍ਰਗਾਸ ਅਨੰਦ ਰਸੁ ਅਗਿਆਨੁ ਗਵਿਤਾ ॥ ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥ ਸਭਨਾ ਦਾਤਾ ਏਕੁ ਹੈ ਇਕੋ ਹਰਿ ਮਿਤਾ ॥ ੯ ॥**

(ਅੰਗ ੫੧੨)

**ਪਦ ਅਰਥ** :-ਸਭੁ-ਸਭ ਕੁਝ। ਸਚੁ ਹੈ-ਸੱਚਾ ਹੈ। ਗੁਰਮੁਖਿ-ਜੋ ਮਨੁੱਖ ਗੁਰੂ ਦੇ ਸਨਮੁਖ ਹੈ। ਪਵਿਤਾ-ਉਹ ਪਵਿੱਤ੍ਰ ਜੀਵਨ ਵਾਲਾ ਹੈ। ਸਹਜੇ-ਸੌਖਿਆਂ ਹੀ। ਤਹ-ਉੱਥੇ। ਗਵਿਤਾ-ਦੂਰ ਹੋ ਜਾਂਦਾ ਹੈ। ਕਿਤਾ-ਕੀਤਾ।

**ਅਰਥ** :-ਜੋ ਗੁਰੂ ਦੇ ਸਨਮੁਖ ਹੈ ਉਹ ਪਵਿੱਤ੍ਰ ਜੀਵਨ ਵਾਲਾ ਹੈ। ਉਸ ਦਾ ਸਤ ਸੰਤੋਖ ਆਦਿ ਸ਼ੁਭ ਗੁਣਾਂ ਦਾ ਧਾਰਨਾ ਸਭ ਕੁਝ ਸੱਚਾ ਹੈ। ਉਸ ਦੇ ਅੰਦਰੋਂ (ਕਪਟ) ਛਲ ਕਰਨਾ ਤੇ (ਵਿਕਾਰ) ਕਾਮ, ਕਰੋਧ ਆਦਿ ਸਭ ਨਵਿਰਤ ਹੋ ਗਿਆ ਹੈ। ਉਸ ਨੇ ਸੌਖਿਆਂ ਹੀ ਅਜਿੱਤ ਮਨ ਨੂੰ ਜਿੱਤ ਲਿਆ ਹੈ। ਓਥੇ ਅਰਥਾਤ ਉਸ ਦੇ ਮਨ ਵਿਚ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਤੇ ਅਨੰਦ ਦਾ ਰਸ ਹੁੰਦਾ ਹੈ ਅਤੇ ਅਗਿਆਨ ਦੂਰ ਹੋ ਜਾਂਦਾ ਹੈ ਭਾਵ ਗਿਆਨ ਦਾ ਪ੍ਰਕਾਸ਼ ਹੁੰਦਾ ਹੈ। ਉਹ ਆਪ ਦਿਨ ਰਾਤ ਹਰੀ ਦੇ ਗੁਣ (ਰਵੈ) ਉਚਾਰਦਾ ਹੈ ਭਾਵ ਗਾਉਂਦਾ ਹੈ ਤੇ ਹੋਰਨਾਂ ਵਿਚ ਹਰੀ ਦੇ ਗੁਣ ਪਰਗਟ ਕਰਦਾ ਹੈ। ਤੇ ਸਿਖਲਾਂਦਾ ਹੈ ਕਿ ਲੋਕੋ ! ਸਭਨਾਂ ਜੀਆਂ ਦਾ ਦਾਤਾ ਇਕੋ ਹਰੀ ਹੈ ਤੇ ਸਭਨਾਂ ਜੀਆਂ ਦਾ ਮਿੱਤਰ ਭੀ ਇਕ ਹਰੀ ਹੀ ਹੈ। ੯।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੀ ਪਉੜੀ ਦੀ ਆਖ਼ਿਰੀ ਪੰਗਤੀ ਅੰਦਰ 'ਦਾਤੇ' ਤੇ 'ਮਿਤਰ' ਦਾ ਜ਼ਿਕਰ ਹਜ਼ੂਰ ਨੇ ਕੀਤਾ ਹੈ। ਇਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸਿਧਾਂਤ ਨੂੰ ਪ੍ਰਗਟ ਕੀਤਾ ਹੈ। ''ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥'' ਸੰਸਾਰ ਅੰਦਰ ਭਾਵੇਂ ਅਨੇਕਾਂ ਦਾਤੇ ਬਣੇ ਬੈਠੇ ਹਨ, ਪਰ ਗੁਰੂ ਪਰਮੇਸ਼ਰ ਤੋਂ ਬਿਨਾਂ ਕੋਈ ਦਾਤਾ ਨਹੀਂ ਹੈ, ਸਗੋਂ ਸਾਰੇ ਮੰਗਤੇ ਹਨ : ''ਜਾਚਕ ਅਨੇਕ ਸੁ ਏਕ ਦਵੱਈਆ।

(ਦਸਮ ਗ੍ਰੰਥ)

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਬਚਨ ਹਨ : ''ਤੂ ਪ੍ਰਭਿ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ॥'' ਇਸ ਸਬੰਧ ਵਿਚ ਵਿਸਥਾਰ ਸਹਿਤ ਪੜ੍ਹੋ 'ਗੁਰਵਾਕ ਵਿਸ਼ਾ ਪ੍ਰਬੋਧ', ਪੰਨਾ ੭੨, ਦਾਸ ਦੀ ਲਿਖੀ ਪੁਸਤਕ ਵਿਚੋਂ। ਪ੍ਰਭੂ ਦਾਤੇ ਮਿੱਤਰ ਦਾ ਜ਼ਿਕਰ ਇਸ ਸ਼ਬਦ ਦੀ ਪਉੜੀ ਦੀ ਆਖ਼ਰੀ ਪੰਗਤੀ ਵਿਚ ਆਇਆ ਹੈ। ਸੰਸਾਰ ਅੰਦਰ ਜੀਵਾਂ ਦਾ ਅਸਲੀ ਮਿੱਤਰ ਸੰਸਾਰਕ ਸੰਬੰਧੀਆਂ ਵਿਚੋਂ ਕੋਈ ਵੀ ਨਹੀਂ ਹੈ। ਸ੍ਰੀ

ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ ਪਵਿੱਤ੍ਰ ਬਚਨ ਹਨ—

***"ਇਹ ਜਗਿ ਮੀਤੁ ਨ ਦੇਖਿਓ ਕੋਈ॥***
***ਸਗਲ ਜਗਤੁ ਅਪਨੈ ਸੁਖਿ ਲਾਗਿਓ, ਦੁਖ ਮੈ ਸੰਗਿ ਨ ਹੋਈ॥੧॥ ਰਹਾਉ॥"***

(ਅੰਗ ੬੩੩)

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਸਬੰਧ ਵਿਚ ਕਥਨ ਕੀਤਾ ਹੈ—

***ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ॥***
***ਜਿਤੁ ਦਿਨਿ ਉਨ੍ਹਿ ਕਾ ਸੁਆਉ ਹੋਇ ਨ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥***

(ਅੰਗ ੮੬੦)

## ਤਿੰਨ ਤਰ੍ਹਾਂ ਦੇ ਮਿੱਤਰ

ਵਿਦਵਾਨਾਂ ਨੇ ਜੀਵ ਦੇ ਤਿੰਨ ਮਿੱਤਰ ਮੰਨੇ ਹਨ : ੧. ਸੰਬੰਧੀ , ੨. ਧਨ, ੩. ਕਰਮ।

੧. ਧਨ ਦੀ ਮਿੱਤ੍ਰਤਾ ਓਨਾ ਚਿਰ ਹੈ ਜਿੰਨਾ ਚਿਰ ਸਰੀਰ ਵਿਚ ਤਾਕਤ ਹੈ। ਫੇਰ ਧਨ ਦੇ ਮਾਲਕ ਹੋਰ ਬਣ ਜਾਂਦੇ ਹਨ।

੨. ਸੰਬੰਧੀ ਜੀਵ ਦੇ ਪੰਜ ਭੌਤਿਕ ਸਰੀਰ ਦਾ ਸੰਸਕਾਰ ਕਰਨ ਤੱਕ ਭਾਵ ਸ਼ਮਸ਼ਾਨ ਘਾਟ ਤੱਕ ਨਾਲ ਜਾਂਦੇ ਹਨ, ਇਥੋਂ ਤੱਕ ਸੰਬੰਧੀ ਮਿੱਤ੍ਰ ਹਨ।

੩. ਕਰਮ ਜੀਵ ਦਾ ਸਾਥ ਦਿੰਦੇ ਹਨ। ਸ਼ਾਸਤ੍ਰਾਂ ਦਾ ਕਥਨ ਹੈ।

***"ਅਬੱਸਮੇਵ ਭੁਕਤਵਯੰ ਕਿਰਤ ਕਰਮ ਸੁਭ ਅਸੁਭ॥***

ਭਾਵ ਕਰਮ ਦਾ ਫਲ ਜ਼ਰੂਰ ਬਰ ਜ਼ਰੂਰ ਭੋਗਣਾ ਪੈਂਦਾ ਹੈ। ਚੰਗੇ ਕਰਮਾਂ ਦਾ ਫਲ ਸੁਖ ਤੇ ਮਾੜੇ ਕਰਮਾਂ ਦਾ ਫਲ ਦੁੱਖ ਹੁੰਦਾ ਹੈ। ਇਥੇ ਸਮੇਂ ਅਨੁਸਾਰ ਪੰਜ ਪ੍ਰਕਾਰ ਦੇ ਕਰਮਾਂ ਦਾ ਨਿਰਣਾ ਹੋ ਸਕਦਾ ਹੈ ਅਤੇ ਚਾਰ ਢੇਰੀਆਂ ਬਣਾਉਣ ਵਾਲੇ ਬੱਚੇ ਦੀ ਸਾਖੀ ਲੱਗ ਸਕਦੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੩ (ਅੰਗ ੫੧੩)

ਸਲੋਕੁ ਮਃ ੩ ॥ ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ ॥
ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ ॥
ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ ॥ ਤਨੁ ਮਨੁ
ਹੋਵੈ ਉਜਲਾ ਨਾਮੁ ਵਸੈ ਮਨਿ ਆਇ ॥ ਨਾਨਕ ਮਾਇਆ ਕਾ
ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ ॥ ੧ ॥ ਮਃ ੩ ॥
ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ ॥
ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ ॥ ਜਾ
ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ ॥ ਨਾਨਕ ਮਨ
ਹੀ ਤੇ ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ ॥ ੨ ॥ ਪਉੜੀ ॥
ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ ॥ ਕਾਇਆ ਅੰਦਰਿ
ਆਪਿ ਵਸਿ ਰਹਿਆ ਆਪੇ ਰਸ ਭੋਗੀ ॥ ਆਪਿ ਅਤੀਤੁ ਅਲਿਪਤੁ
ਹੈ ਨਿਰਜੋਗੁ ਹਰਿ ਜੋਗੀ ॥ ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ ॥
ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ ॥ ੧੩ ॥

# ਪ੍ਰਾਕ੍ਰਥਨ-

ਇਹ ਸ੍ਰੀ ਮੁਖਵਾਕ ਗੂਜਰੀ ਰਾਗੁ ਦੀ ਪਹਿਲੀ ਵਾਰ ਦੀ ਤੇਰ੍ਹਵੀਂ ਪਉੜੀ ਸਬੰਧਤ ਸਲੋਕਾਂ ਨਾਲ ਹੈ। ਇਸ ਦੇ ਆਦਿ ਵਿਚ ''ਹਉਮੈ ਮਮਤਾ ਮੋਹਣੀ'' ਕਥਨ ਕੀਤਾ ਹੈ। ਇਸ ਪਹਿਲੀ ਪੰਗਤੀ ਦਾ ਅਰਥ ਵੱਖ-ਵੱਖ ਟੀਕਾਕਾਰਾਂ ਨੇ ਇਸ ਪ੍ਰਕਾਰ ਕੀਤਾ ਹੈ—

੧. ਇਸ ਪੰਗਤੀ ਵਿਚ ਸਤਿਗੁਰੂ ਜੀ ਜੀਵ 'ਤੇ ਮਾਇਆ ਦਾ ਪ੍ਰਭਾਵ ਵਰਨਣ ਕਰਦੇ ਹਨ। ਮੋਹਣੀ= ਮਾਇਆ ਜੋ ਤਮਾਮ ਜੀਵਾਂ ਨੂੰ ਅਨੇਕਾਂ ਰੂਪ ਹੋ ਕਰਕੇ ਮੋਹ ਰਹੀ ਹੈ। ਹੰਗਤਾ ਮਮਤਾ ਰੂਪ ਕਰਕੇ ਮਨਮੁਖੀ ਜੀਵਾਂ ਨੂੰ ਖਾ ਗਈ ਹੈ। (ਗੁਰਵਾਕ ਚਾਨਣ, ਭਾਗ ਪਹਿਲਾ, ਪੰਨਾ ੧੬੩)

੨. ਅਰਥ :-ਹਉਮੈ ਤੇ ਅਪਣੱਤ (ਸਰੂਪ ਵਾਲੀ ਮਾਇਆ, ਮਾਨੋਂ ਚੁੜੇਲ ਹੈ ਜੋ ਆਪ ਹੁਦਰਿਆਂ ਨੂੰ ਹੜੱਪ ਕਰੀ ਜਾਂਦੀ ਹੈ। (ਦਰਪਣ ਲੇਖਕ ਪ੍ਰੋ: ਸਾਹਿਬ ਸਿੰਘ ਜੀ)

੩. ਹਉਮੈ=ਮੈ-ਮੇਰੀ, ਮੋਹਣੀ (ਮਾਇਆ) ਮਨਮੁਖਾਂ ਨੂੰ ਖਾ ਗਈ ਹੈ।

(ਦਰਸਨ ਨਿਰਣੈ, ਗਿ: ਹਰਬੰਸ ਸਿੰਘ ਜੀ)

੪. ਮਮਤਾ-(ਸੰਸ:) ਮੈਂ ਪਨਾ। ਅਹੰਭਾਵ ਜਿਸ ਤੋਂ ਫੇਰ 'ਮੇਰੀ' ਪੈਦਾ ਹੋ ਕੇ ਮੋਹ ਮਾਇਆ ਦਾ ਜਾਲ ਖਿਲਰਦਾ ਹੈ। ਹਉਮੈ-ਮਮਤਾ (ਇਕ ਮਾਨੋ) ਠੱਗਣੀ ਹੈ ਜੋ ਮਨਮੁਖਾਂ ਨੂੰ ਖਾ ਗਈ ਹੈ, ਜੋ (ਵਾਹਿਗੁਰੂ ਨੂੰ ਛੱਡ ਕੇ) ਮੋਹਤ ਹੋ ਕੇ ਦੂਜੇ ਨਾਲ ਚਿਤ ਲਾਉਂਦੇ ਹਨ, ਉਨ੍ਹਾਂ ਨੂੰ ਵਾਪਰ ਰਹੀ ਹੈ। (ਐਸੀ ਕਿ) ਚੰਬੜ ਰਹੀ ਹੈ। (ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਵੀਰ ਸਿੰਘ ਜੀ)

੫. ਹਉਮੈ (ਸੰ: ਦੇਸ਼ ਭਾਸ਼ਾ। ਸੰਸਕ੍ਰਿਤ, ਅਹੰ=ਮਤਿ=ਰੂਹਾਨੀ ਅਗਯਾਨ)

ਮੈਂ-ਪਨੇ ਦਾ ਭਾਵ ਜੋ ਅੰਦਰ ਸਥੂਲ ਰੂਪ ਧਾਰ ਲਵੇ। 'ਮੈਂ' ਜਦ 'ਹਉਂ' ਵੱਲ ਝੁਕਦੀ 'ਹਉਂ ਹਉਂ' ਵਿਚ ਦ੍ਰਿੜ੍ਹ ਹੋ ਜਾਂਦੀ ਹੈ ਤਦ ਆਪਾ ਦ੍ਰਿੜ੍ਹ ਕਰਦੀ ਹੈ। ਇਸ ਤੋਂ ਭਾਵ ਮੋਹ ਮਾਇਆ ਵਿਚ ਫਸਦੀ ਹੈ। ਇਹ ਹਉਮੈ ਹੈ, ਅਹੰਕਾਰ, ਅਭਿਮਾਨ। ਯਥਾ-ਹਉਮੈ ਦੀਰਘ ਰੋਗ ਹੈ। (੪੬੬)

ਮਮਤਾ (ਸੰ: ਸੰਸਕ੍ਰਿਤ, ਮਮਤਾ, ਮਮਤ੍ਵ) ੧. ਅਪਣੱਤ ਯਥਾ- 'ਮਮਤਾ ਕਾਟਿ ਸਭ ਲਿਵ ਲਾਏ।'
੨. ਮੇਰ, ਮੇਰਾ ਪਨ, ਹੰਕਾਰ। ਯਥਾ-ਹਉਮੈ ਮਮਤਾ ਮਾਇਆ। (੪੩੭)

***ਮਾਇਆ ਕਿਸ ਨੋ ਆਖੀਐ*** (ਅੰਗ ੬੭)

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ ਜੀ)

ਇਸ ਸ਼ਬਦ ਅੰਦਰ ਪਹਿਲੀ ਪੰਗਤੀ ਜਿਸ ਦੇ ਵੱਖ-ਵੱਖ ਟੀਕਾਕਾਰਾਂ ਦੇ ਅਰਥ ਕੀਤੇ ਆਪ ਨੇ ਪੜ੍ਹ ਲਏ ਹਨ, ਜੋ 'ਹਉਮੈ ਮੋਹ ਮਾਇਆ' ਦਾ ਹੀ ਜ਼ਿਕਰ ਕੀਤਾ ਹੈ। ਇਸ ਦੇ ਅਰਥ ਇਸ ਪੰਗਤੀ ਨਾਲ ਹੋਰ ਸਪਸ਼ਟ ਹੋ ਜਾਂਦੇ ਹਨ—

***"ਹਉਮੈ ਮਮਤਾ ਮਾਇਆ, ਸੰਗਿ ਨ ਜਾਈ ਰਾਮ॥"***

(ਅੰਗ ੪੩੭)

ਅਰਥ:-ਹਉਮੈ ਸਹਿਤ ਮਾਇਆ ਦੀ 'ਮਮਤਾ' ਮੇਰ ਜੋ ਮਨੁੱਖ ਨੇ ਧਾਰੀ ਹੈ, ਹੇ ਭਾਈ ਇਹ ਮਾਇਆ ਨਾਲ ਨਹੀਂ ਜਾਂਦੀ। 'ਵਿਸ਼ਾ' ਇਸ ਸ਼ਬਦ ਦਾ ਮੋਹਣੀ ਮਾਇਆ ਹੀ ਹੈ। ਗੁਰਬਾਣੀ ਅੰਦਰ ਹਜ਼ੂਰ ਨੇ ਮਾਇਆ ਨੂੰ ਮੋਹਣੀ ਕਈ ਥਾਈਂ ਦਰਸਾਇਆ ਹੈ।

***"ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ ਤੇਤੇ ਡਹਕਾਈ॥"***

(ਅੰਗ ੧੧੬੦)

***"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥"***

(ਅੰਗ ੬੪੩)

***"ਮੋਹਨੀ ਮੋਹਿ ਲੀਏ ਤ੍ਰੈ ਗੁਨੀਆ॥ ਲੋਭਿ ਵਿਆਪੀ ਝੂਠੀ ਦੁਨੀਆ॥***
***ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ॥ ੧॥"***

(ਅੰਗ ੧੦੦੪)

ਮਾਇਆ (ਸੰ:) ਸੰਸਕ੍ਰਿਤ, ਮਾਯਾ। ਪੰਜਾਬੀ, ਮਾਇਆ।

੧. ਕਪਟ ਛਲ, ੨. ਭੁਲੇਵਾ, ੩. ਦਾਰਸ਼ਨਿਕ ਵਿਦਿਆ ਵਿਚ ਉਹ ਭੁਲੇਵਾ ਜੋ ਜਗਤ ਦੀ ਅਣਹੋਂਦ ਵਿਚ ਹੋਂਦ ਦਿਖਾ ਰਿਹਾ ਹੈ। ਜਗਤ ਹੈ ਨਹੀਂ, ਇਕ ਬ੍ਰਹਮ ਪਸਰ ਰਿਹਾ ਹੈ, ਇਹ ਫਿਰ ਜੋ ਸਾਰਾ ਜਗਤ ਨਜ਼ਰ ਆ ਰਿਹਾ ਹੈ, ਇਹ ਮਾਇਆ ਹੈ। ੪ ਤੀਸਰੇ ਮੇਰੇ ਗੁਰੂ ਜੀ ਭਗਤੀ ਮਾਰਗ ਵਿਚੋਂ ਮਾਇਆ ਦਾ ਇਹ ਲੱਛਣ ਲਿਖਦੇ ਹਨ- "ਇਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥" (੯੨੧), ਇਹ ਮਾਇਆ ਹੀ ਹੈ ਜੋ ਜਗਿਆਸੂ ਨੂੰ ਪ੍ਰਮੇਸ਼ਰ ਦੇ ਧਿਆਨ ਵਿਚੋਂ ਉਖੇੜਦੀ ਹੈ ਤੇ ਮੋਹ ਵਿਚ ਰਖਦੀ ਹੈ। ਵਾਹਿਗੁਰੂ ਭਾਵਨਾ ਤੋਂ ਉਖੜ ਕੇ, ਦੂਈ ਭਾਵਨਾ ਵਿਚ ਜੋ ਮਨ ਦੀ ਅਵਸਥਾ ਹੈ ਸੋ ਮਾਯਾ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਭਾਈ ਵੀਰ ਸਿੰਘ ਜੀ)

## ਮਾਇਆ ਕੀ ਹੈ-

ਧੰਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਿਰੀਰਾਗੁ ਅੰਦਰ ਪਹਿਲਾ ਪ੍ਰਸ਼ਨ ਕੀਤਾ ਹੈ ਕਿ ਮਾਇਆ ਕਿਸ ਨੂੰ ਕਹਿੰਦੇ ਹਨ ਤੇ ਮਾਇਆ ਦਾ ਕਰਮ ਕੀ ਹੈ ਭਾਵ ਮਾਇਆ ਕੀ ਕਰਦੀ ਹੈ ? ਉੱਤਰ ਵਿਚ ਦਸਿਆ ਹੈ ਕਿ ਵਾਹਿਗੁਰੂ ਜੀ ਨੂੰ ਭੁੱਲ ਜਾਣਾ ਹੀ 'ਮਾਇਆ' ਹੈ ਤੇ ਹਉਮੈ ਦੇ ਸਹਿਤ ਜੀਵ ਕਰਮ ਕਰਦਾ ਹੈ, ਇਸ ਕਰਕੇ ਜੀਵ ਦੁੱਖ ਸੁੱਖ ਵਿਚ ਬੰਨ੍ਹਿਆ ਜਾਂਦਾ ਹੈ।

***"ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥***

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

*ਦੁਖਿ ਸੁਖਿ ਏਹੁ ਜੀਉ ਬਧੁ ਹੈ, ਹਉਮੈ ਕਰਮ ਕਮਾਇ॥"* (ਅੰਗ ੬੭)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਸਾ ਰਾਗੁ ਵਿਚ ਮਾਇਆ ਦਾ ਕਰਮ ਵਿਸਥਾਰ ਸਹਿਤ ਇਸ ਤਰ੍ਹਾਂ ਦਸਿਆ ਹੈ—

*ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ॥*
*ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ॥*
*ਭਾਈ ਮੀਤ ਕੁਟੰਬ ਦੇਖਿ ਬਿਬਾਦੇ॥*
*ਹਮ ਆਈ ਵਸਗਤਿ ਗੁਰ ਪਰਸਾਦੇ ॥੧॥*
*ਐਸਾ ਦੇਖਿ ਬਿਮੋਹਿਤ ਹੋਇ॥*
*ਸਾਧਿਕ ਸਿਧ ਸੁਰਦੇਵ ਮਨੁਖਾ, ਬਿਨੁ ਸਾਧੂ ਸਭਿ ਧ੍ਰੋਹਨਿ ਧ੍ਰੋਹੇ॥ ੧॥ ਰਹਾਉ॥*
*ਇਕਿ ਫਿਰਹਿ ਉਦਾਸੀ ਤਿਨ੍ ਕਾਮਿ ਵਿਆਪੈ॥*
*ਇਕਿ ਸੰਚਹਿ ਗਿਰਹੀ ਤਿਨ੍ ਹੋਇ ਨ ਆਪੈ॥*
*ਇਕਿ ਸਤੀ ਕਹਾਵਹਿ ਤਿਨ੍ ਬਹੁਤੁ ਕਲਪਾਵੈ॥*
*ਹਮ ਹਰਿ ਰਾਖੇ ਲਗਿ ਸਤਿਗੁਰ ਪਾਵੈ ॥੨॥*
*ਤਪ ਕਰਤੇ ਤਪਸੀ ਭੂਲਾਏ॥ ਪੰਡਿਤ ਮੋਹੇ ਲੋਭਿ ਸਬਾਏ॥*
*ਤ੍ਰੈ ਗੁਣ ਮੋਹੇ ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ ਦੇ ਕਰਿ ਹਾਥੁ॥ ੩॥*
*ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ ਸੇਵਾ ਕਰੇ ਅਰਦਾਸਿ॥*
*ਜੋ ਤੂੰ ਕਹਹਿ ਸੁ ਕਾਰ ਕਮਾਵਾ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ॥ ੪॥"*

(ਅੰਗ ੩੭੦)

ਸਿਆਣੇ ਵਿਦਵਾਨਾਂ ਨੇ ਮਾਇਆ ਦਾ ਕਰਮ ਇਹ ਵੀ ਦਸਿਆ ਹੈ ਕਿ ਨਾ ਹੋਣ ਵਾਲੀ ਗੱਲ ਨੂੰ ਕਰ ਵਿਖਾਲਦੀ ਹੈ। ਹੋਣ ਵਾਲੀ ਗੱਲ ਨੂੰ ਬਿਲਕੁਲ ਨਾ ਹੋਣ ਵਾਲੀ ਕਰ ਦਿੰਦੀ ਹੈ। ਮਾਇਆ ਦਾ ਇਹ ਰੂਪ ਹੈ। ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਕਰ ਦਿੰਦੀ ਹੈ।

*"ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਇ।*
*ਅਰ ਹੋਤੀ ਬਾਤ ਕਾ ਤਾਕਾ ਲੋਪ ਕਰਾਇ।*
*ਤਾਕਾ ਲੋਪ ਕਰਾਇ ਯਹਿ ਮਾਇਆ ਕਾ ਰੂਪ।*
*ਸਾਚੁ ਕੋ ਝੂਠ ਦਿਖਾਏ, ਝੂਠ ਕੋ ਸਾਚ ਸਰੂਪ।"*

(ਲੋਕਿਕ ਪ੍ਰਮਾਣ)
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਗੁਰੂ ਅਮਰਦਾਸ ਜੀ ਨੇ ਮਾਇਆ ਦਾ ਸਰੂਪ ਇਸ ਤਰ੍ਹਾਂ ਦਰਸਾਇਆ ਹੈ ਕਿ ਇਹ ਮਾਇਆ ਹੀ ਹੈ ਜੋ ਵਾਹਿਗੁਰੂ ਜੀ ਨੂੰ ਭੁੱਲ ਜਾਣਾ ਹੈ।

*"ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ॥*
*ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ॥*
*ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ॥*
*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*
*ਏਹ ਮਾਇਆ ਜਿਤੁ ਹਰਿ ਵਿਸਰੈ ਮੋਹੁ ਉਪਜੈ ਭਾਉ ਦੂਜਾ ਲਾਇਆ॥*
*ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ,*
*ਤਿਨੀ ਵਿਚੇ ਮਾਇਆ ਪਾਇਆ ॥ ੨੯ ॥"* (ਅਨੰਦੁ ਸਾਹਿਬ, ਅੰਗ ੯੨੧)

ਸ੍ਰੀ ਗੁਰੂ ਅਮਰਦਾਸ ਜੀ ਇਸ ਪਉੜੀ ਵਿਚ ਦੱਸਦੇ ਹਨ ਕਿ ਜਿਸ ਵੇਲੇ ਜੀਵ ਜਨਮ ਲੈ ਲੈਂਦਾ ਹੈ, ਫਿਰ ਇਸ ਦੀ ਲਿਵ ਪ੍ਰਮੇਸ਼ਰ ਨਾਲੋਂ ਟੁੱਟ ਜਾਂਦੀ ਹੈ, ਕਿਉਂਕਿ ਮਾਇਆ ਦਾ ਹੁਕਮ ਇਸ 'ਤੇ ਵਰਤ ਜਾਂਦਾ ਹੈ ਅਤੇ ਉਸ ਨਾਲ ਮੋਹ ਹੋ ਜਾਂਦਾ ਹੈ। ਜਦੋਂ ਇਹ ਮਾਇਆ ਵਿੱਚ ਖਚਿੱਤ ਹੋ ਜਾਂਦਾ ਹੈ ਤਾਂ ਵਾਹਿਗੁਰੂ ਵੱਲੋਂ ਇਸ ਦੀ ਲਿਵ ਟੁੱਟ ਜਾਂਦੀ ਹੈ। ਭਾਈ ਗੁਰਦਾਸ ਜੀ ਨੇ ਇੱਕ ਕਬਿੱਤ ਬੜਾ ਸੁੰਦਰ ਲਿਖਿਆ ਹੈ। ਨਦੀ ਤੋਂ ਬਾਹਰ ਦੀ ਅੱਗ ਤਾਂ ਨਦੀ ਦੇ ਪਾਣੀ ਨਾਲ ਬੁੱਝ ਜਾਂਦੀ ਹੈ, ਪਰ ਨਦੀ ਵਿੱਚ ਜਾਂਦੀ ਬੇੜੀ ਨੂੰ ਅੱਗ ਲੱਗ ਜਾਵੇ ਤਾਂ ਕਿਵੇਂ ਬੁਝਾਈਏ। ਬਾਹਰ ਦੀ ਅਪਦਾ ਤੋਂ ਬਚਣ ਵਾਸਤੇ ਕਿਸੇ ਕਿਲ੍ਹੇ ਦੀ ਓਟ ਲਈਦੀ ਹੈ, ਪਰ ਜੇ ਕਿਲ੍ਹੇ ਵਿੱਚ ਹੀ ਲੁੱਟੇ ਗਏ ਫਿਰ ਬਚਾਉ ਕਿਥੇ ਹੋਵੇਗਾ। ਚੋਰਾਂ ਤੋਂ ਡਰ ਕਰਕੇ ਰਾਜੇ ਦੀ ਸ਼ਰਨ 'ਚ ਜਾਈਦਾ ਹੈ, ਪਰ ਜੇ ਰਾਜਾ ਹੀ ਮਾਰੇ ਫੇਰ ਕਿਸ ਨੇ ਸਹਾਇਤਾ ਕਰਨੀ ਹੈ। ਇਸੇ ਤਰ੍ਹਾਂ ਮਾਇਆ ਤੋਂ ਬਚਣ ਵਾਸਤੇ ਗੁਰਦੁਆਰੇ ਜਾਈਦਾ ਹੈ। ਜੇ ਗੁਰਦੁਆਰੇ ਹੀ ਮਾਇਆ ਬਿਆਪੇ ਫੇਰ ਬਚਾਅ ਕਿਥੇ। ਅੱਜ ਮਾਇਆ ਪਿੱਛੇ ਗੁਰਦੁਆਰਿਆਂ ਵਿੱਚ ਵੱਧ ਝਗੜੇ ਹਨ। ਭਾਈ ਸਾਹਿਬ ਕਥਨ ਕਰਦੇ ਹਨ :

*"ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ,*
*ਨਾਉ ਮੈ ਜਉ ਆਗ ਲਾਗੈ ਕੈਸੇ ਕੈ ਬੁਝਾਈਐ॥*
*ਬਾਹਰ ਸੇ ਭਾਗ ਓਟ ਲੀਜੀਅਤ ਕੋਟ ਗੜ,*
*ਗੜ ਮੈ ਜਉ ਲੂਟ ਲੀਜੈ ਕਹੁ ਕਤ ਜਾਈਐ॥*
*ਚੋਰਨ ਕੇ ਤ੍ਰਾਸ ਜਾਇ ਸਰਨ ਨਰਿੰਦ ਗਹੈ,*
*ਮਾਰੈ ਮਹੀਪਤ, ਜੀਉ ਕੈਸੇ ਕੈ ਬਚਾਈਐ॥*
*ਮਾਇਆ ਡਰ ਡਰਪਤ ਹਾਰ ਗੁਰਦੁਆਰੈ ਜਾਵੈ,*
*ਤਹਾ ਜਉ ਬਿਆਪੈ ਮਾਇਆ ਕਹਾ ਠਹਿਰਾਈਐ॥ ੫੪੪॥*

ਮਾਇਆ ਵਿਦਵਾਨਾਂ ਨੇ ਤਿੰਨ ਤਰ੍ਹਾਂ ਦੀ ਮੰਨੀ ਹੈ: ੧. ਜੜ੍ਹ ਮਾਇਆ, ੨. ਚੇਤਨ ਮਾਇਆ, ੩. ਅਗਿਆਨ ਰੂਪ ਮਾਇਆ ਹੈ।

੧. ਜਿਹੜੀ 'ਜੜ੍ਹ' ਮਾਇਆ ਹੈ, ਇਸ ਨੂੰ ਭਾਵੇਂ ਡਾਲਰ ਕਹਿ ਲਵੋ, ਦਮੜੇ ਕਹਿ ਲਵੋ, ਸੋਨਾ, ਚਾਂਦੀ, ਹੀਰੇ, ਰਤਨ ਕਹਿ ਲਵੋ।

੨. ਜਿਹੜੀ 'ਚੇਤਨ' ਮਾਇਆ ਹੈ, ਇਸ ਤੋਂ ਭਾਵ ਹੈ ਕਿ ਜਿਸ ਵਿਚ ਚੇਤਨ ਸ਼ਕਤੀ ਵਾਹਿਗੁਰੂ ਦੀ ਹੈ ਭਾਵ ਕਿ ਉਸ ਵਿੱਚ ਸਮੁੱਚੇ ਪਸ਼ੂ, ਜਿਵੇਂ ਹਾਥੀ, ਘੋੜੇ ਤੇ ਪੰਛੀ। ਖ਼ਾਸ ਕਰਕੇ ਇਸਤਰੀ ਨੂੰ ਚੇਤਨ ਮਾਇਆ ਕਹਿ ਦਿੰਦੇ ਹਨ।

੩. ਅਗਿਆਨ ਵਿਚ ਮਾਇਆ ਦਾ ਰੂਪ ਤੇ ਹਉਮੈ ਤੇ ਭਰਮ ਅਤੇ ਮਮਤਾ ਵੀ ਮਾਇਆ ਹੈ।

ਇਹ ਤਿੰਨ ਤਰ੍ਹਾਂ ਦੀ 'ਮਾਇਆ' ਹੈ, ਪਰ ਵੇਦਾਂਤ ਮਤ ਵਾਲਿਆਂ ਨੇ ਜਿਹੜੀ ਨੌਂ ਜੁਗਤੀਆਂ ਨਾ ਸਹਾਰੇ, ਉਸ ਨੂੰ ਅਨਰ ਬਚਨੀ ਮਾਇਆ ਮੰਨਿਆ ਹੈ। ਨੌਂ ਜੁਗਤੀਆਂ ਹਨ: ੧. ਨਾ ਸੱਤ ਹੈ, ੨. ਨਾ ਅਸੱਤ ਹੈ, ੩. ਨਾ ਸੱਤ ਅਸੱਤ ਉਭੈ ਹੈ, ੪. ਨਾ ਭਿੰਨ ਹੈ, ੫. ਨਾ ਅਭਿੰਨ ਹੈ, ੬. ਨਾ ਭਿੰਨ ਅਭਿੰਨ ਉਭੈ ਹੈ, ੭. ਨਾ ਸੁਵੈਵ ਹੈ, ੮. ਨਾ ਨਿਰਵੈਵ ਹੈ, ੯. ਨਾ ਸੁਵੈਵ ਨਿਰਾਵੈਵ ਉਭੈ ਹੈ, ਭਾਵ ਦੋਵੇਂ ਨਹੀਂ। ਸੱਤ ਅਸੱਤ ਦਾ ਵਿਰੋਧ ਦਿਨ ਰਾਤ ਵਾਂਗ ਹੈ। ਜੇ ਰਾਤ ਹੈ ਤਾਂ ਦਿਨ ਨਹੀਂ, ਜੇ ਦਿਨ ਹੈ ਤਾਂ ਰਾਤ ਨਹੀਂ। ਇਸੇ ਤਰ੍ਹਾਂ ਜੇ ਸੱਤ ਹੈ ਤਾਂ ਅਸੱਤ ਨਹੀਂ, ਜੇ ਅਸੱਤ ਹੈ ਤਾਂ ਸੱਤ ਨਹੀਂ। ਸੱਤ ਤੇ ਅਸੱਤ ਦੋਵੇਂ ਇਕੱਠੇ ਵੀ ਨਹੀਂ ਕਹੇ ਜਾ ਸਕਦੇ। ਜੇ ਬ੍ਰਹਮ ਤੋਂ ਭਿੰਨ ਕਹੀਏ, ਮਾਇਆ ਕਿਤੇ ਪ੍ਰਤੀਤ ਨਹੀਂ ਹੁੰਦੀ। ਜੇ ਅਭਿੰਨ ਕਹੀਏ ਤਾਂ ਵੀ ਬਣਦੀ ਨਹੀਂ। ਬ੍ਰਹਮ ਸੱਤ ਚੇਤੰਨ ਅਨੰਦ ਰੂਪ ਹੈ। ਮਾਇਆ ਅਸੱਤ ਜੜ੍ਹ ਦੁੱਖ ਰੂਪ ਹੈ ਤੇ ਭਿੰਨ ਅਭਿੰਨ ਦੋਵੇਂ ਵੀ ਕਹੀ ਨਹੀਂ ਜਾ ਸਕਦੀ।

ਨਿਰਵੈਵ ਅੰਗਾਂ ਤੋਂ ਰਹਿਤ ਕਹੀਏ ਤਾਂ ਸਾਰਿਆਂ ਸਰੀਰਾਂ ਦੇ ਅੰਗ ਦਿੱਸਦੇ ਹਨ। ਜੇ ਸਵੈਵੀ ਕਹੀਏ ਤਾਂ ਸਾਰੇ ਅੰਗ ਚਿਖਾ ਵਿੱਚ ਸੜ ਜਾਂਦੇ ਹਨ। ਦੋਵੇਂ ਤਾਂ ਕਹੇ ਨਹੀਂ ਜਾ ਸਕਦੇ। ਇਹ ਨੌਂ ਜੁਗਤੀਆਂ ਜੋ ਨਾ ਸਹਾਰੇ, ਅਨਰ ਬਚਨੀ ਮਾਇਆ ਹੈ। ਮਾਇਆ ਬੜੀ ਮੋਹਣੀ ਹੈ, ਕਿਉਂਕਿ ਇਸ ਨੇ ਤਾਂ ਬਿਨਾਂ ਦੰਦਾਂ ਤੋਂ ਹੀ ਜੱਗ ਨੂੰ ਖਾਇਆ ਹੋਇਆ ਹੈ। ਇੱਕ ਤਾਂ ਪ੍ਰਤੱਖ ਰੂਪ ਵਿੱਚ ਦੰਦ ਹੁੰਦੇ ਹਨ, ਪਰ ਇਸ ਮਾਇਆ ਦੇ ਦੰਦ ਵਿਕਾਰ ਰੂਪ ਹਨ :

***"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥***
***ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥"***

(ਅੰਗ ੬੪੩)

***"ਸਰਪਨੀ ਤੇ ਊਪਰਿ ਨਹੀ ਬਲੀਆ॥***
***ਜਿਨਿ ਬ੍ਰਹਮਾ ਬਿਸਨੁ ਮਹਾਦੇਉ ਛਲੀਆ॥"*** (ਅੰਗ ੪੮੦)

ਇਹਨਾਂ ਨੂੰ ਵੀ ਮਾਇਆ ਨੇ ਛੱਲ ਲਿਆ ਹੈ। ਮਾਇਆ ਬਹੁਤ ਕੁਝ ਕਰ ਦਿੰਦੀ ਹੈ। ਮਾਇਆ ਨੇ

ਸਾਰੇ ਜੀਵਾਂ ਨੂੰ ਖ਼ਤਮ ਕਰ ਦਿੱਤਾ ਹੈ। ਇਹ ਜੜ੍ਹ ਮਾਇਆ ਕਿਸ ਤਰ੍ਹਾਂ ਖ਼ਤਮ ਕਰਦੀ ਹੈ। ਇਕ ਜਗ੍ਹਾ ਜ਼ਿਕਰ ਆਉਂਦਾ ਹੈ।

## ਸਾਖੀ ਚਾਰ ਚੋਰਾਂ ਦੀ

ਚਾਰ ਚੋਰ ਸਨ। ਹੁਣ ਲੋੜ ਹੈ ਮਾਇਆ ਦੀ ਤੇ ਇਸ ਦੀ ਪ੍ਰਾਪਤੀ ਲਈ ਚਾਰ ਚੋਰ ਹਰ ਰੋਜ਼ ਇਕੱਠੇ ਚਲਦੇ ਨੇ। ਪਰ ਸਤਿਗੁਰੂ ਜੀ ਕਹਿੰਦੇ ਨੇ ਕਿ ਚੋਰੀ ਕਰਨੀ ਬਹੁਤ ਮਾੜੀ ਹੈ, ਲੇਕਿਨ ਪਤਾ ਤਾਂ ਉਦੋਂ ਚਲਦਾ ਹੈ ਜਦੋਂ ਚੋਰ ਫੜਿਆ ਜਾਵੇ ਤੇ ਜਦੋਂ ਉਸ ਨੂੰ ਮਾਰ ਪੈਂਦੀ ਹੈ। ਜੇਕਰ ਇਥੇ ਮਾਰ ਪੈਂਦੀ ਹੈ ਤਾਂ ਫਿਰ ਅੱਗੇ ਵੀ ਨਰਕਾਂ ਵਿੱਚ ਮਾਰ ਪੈਂਦੀ ਹੈ।

ਸੋ ਵਿਚਾਰ ਇਹ ਸੀ ਕਿ ਚਾਰੋਂ ਚੋਰ ਇੱਕ ਦਿਨ ਬੜੇ ਤਕੜੇ ਘਰ ਵਿੱਚ ਚੋਰੀ ਕਰਨ ਲਈ ਗਏ। ਉਹਨਾਂ ਸੋਚਿਆ ਕਿ ਗ਼ਰੀਬ ਦੇ ਘਰ ਕੀ ਚੋਰੀ ਕਰਨੀ ਹੈ, ਨਾਲੇ ਇੱਥੋਂ ਲੱਭਣਾ ਕੀ ਹੈ ? ਉਹਨਾਂ ਇੱਕ ਰਾਜੇ ਦੇ ਘਰ ਚੋਰੀ ਕਰ ਲਈ। ਚੰਗੇ ਜ਼ੇਵਰ, ਚੰਗੀ ਮਾਇਆ, ਚੰਗਾ ਪੈਸਾ ਉਹਨਾਂ ਦੇ ਹੱਥ ਲੱਗਾ। ਸਭ ਕੁਝ ਲੈ ਕੇ ਚੱਲੇ ਹਨ, ਪਰ ਮਨ ਵਿੱਚ ਇਹ ਡਰ ਵੀ ਸੀ ਕਿ ਕਿਤੇ ਫੜੇ ਨਾ ਜਾਈਏ। ਇਸ ਲਈ ਇਸ ਸਾਮਾਨ ਨੂੰ ਬਾਹਰ ਹੀ ਛੁਪਾ ਕੇ ਰੱਖੀਏ। ਉਹ ਸੰਗਣੇ ਜੰਗਲ ਵਿੱਚ ਚਲੇ ਗਏ ਤੇ ਉਥੇ ਜਾ ਕੇ ਸੋਚਣ ਲੱਗੇ ਕਿ ਕਿਤੇ ਬਾਦਸ਼ਾਹ ਨੂੰ ਪਤਾ ਨਾ ਲੱਗ ਗਿਆ ਹੋਵੇ। ਇਸ ਲਈ ਅਸੀਂ ਸਾਰੇ ਸਾਮਾਨ ਨੂੰ ਇਥੇ ਜੰਗਲ ਵਿੱਚ ਹੀ ਰੱਖ ਲਈਏ। ਫਿਰ ਉਹ ਕਹਿਣ ਲੱਗੇ ਕਿ ਬੜੀ ਭੁੱਖ ਲੱਗੀ ਹੋਈ ਹੈ ਸਵੇਰ ਦਾ ਕੁਝ ਖਾਧਾ ਹੀ ਨਹੀਂ ਤੇ ਦੋ ਬੰਦੇ ਕੁਝ ਖਾਣ ਵਾਸਤੇ ਲੈ ਕੇ ਆਉ ਤੇ ਦੋ ਬੰਦੇ ਇਥੇ ਰਖਵਾਲੀ ਵਾਸਤੇ ਬੈਠ ਜਾਵੋ। ਉਹਨਾਂ ਵਿੱਚੋਂ ਦੋ ਬੰਦੇ ਕੁਝ ਖਾਣ ਵਾਸਤੇ ਲੈਣ ਲਈ ਚਲੇ ਗਏ ਤੇ ਦੋ ਰਖਵਾਲੀ ਵਾਸਤੇ ਬੈਠ ਗਏ।

ਜਿਹੜੇ ਦੋ ਚੋਰ ਰੋਟੀ ਲੈਣ ਵਾਸਤੇ ਗਏ ਹੋਏ ਸੀ, ਉਹ ਆਪਸ ਵਿਚ ਗੱਲਾਂ ਕਰਨ ਲੱਗੇ ਕਿ ਜੇਕਰ ਅਸੀਂ ਦੋਨੋਂ ਹੁੰਦੇ ਤਾਂ ਸਾਡੇ ਹੱਥ ਬੜਾ ਕੁਝ ਹਿੱਸੇ ਆਉਣਾ ਸੀ। ਕਿਉਂਕਿ ਇਸ ਵਾਰ ਬੜੇ ਜ਼ੇਵਰ ਤੇ ਬੜੇ ਪੈਸੇ ਇਕੱਠੇ ਹੱਥ ਲੱਗੇ ਹਨ, ਪਰ ਅਸੀਂ ਹੁਣ ਚਾਰ ਹਾਂ, ਜਿਸ ਕਰਕੇ ਇਹ ਸਾਰਾ ਕੁਝ ਹੁਣ ਚਾਰ ਹਿੱਸਿਆਂ ਵਿਚ ਵੰਡਿਆ ਜਾਵੇਗਾ। ਉਹ ਦੋਵੇਂ ਕਹਿਣ ਲੱਗੇ ਕਿ ਕਿਉਂ ਨਾ ਉਹਨਾਂ ਦੋਵਾਂ ਦੇ ਖਾਣੇ ਵਿੱਚ ਜ਼ਹਿਰ ਪਾ ਦੇਈਏ। ਇਹ ਸਭ ਧਨ-ਮਾਲ ਸਾਡੇ ਦੋਵਾਂ ਦਾ ਹੋ ਜਾਵੇਗਾ। ਗੁਰਸਿੱਖੋ ! ਮਾਇਆ ਕੀ ਕੁਝ ਕਰਵਾ ਦਿੰਦੀ ਹੈ। ਦੂਸਰਾ ਕਹਿਣ ਲੱਗਾ ਗੱਲ ਤਾਂ ਤੇਰੀ ਠੀਕ ਹੈ। ਫਿਰ ਦੋਹਾਂ ਨੇ ਜ਼ਹਿਰ ਲੈ ਲਈ ਤੇ ਉਹਨਾਂ ਦੋਵਾਂ ਦੇ ਖਾਣੇ ਵਿਚ ਮਿਲਾ ਦਿੱਤੀ, ਪਰ ਜਿਹੜੇ ਉਥੇ ਜ਼ੇਵਰਾਂ ਤੇ ਪੈਸਿਆਂ ਦੀ ਰਖਵਾਲੀ ਕਰ ਰਹੇ ਸਨ, ਉਹਨਾਂ ਦੇ ਮਨ ਵਿਚ ਵੀ ਇਹੋ ਖ਼ਿਆਲ ਸੀ। ਉਹ ਵੀ ਇਹੋ ਕਹਿਣ ਲੱਗੇ ਕਿ ਜੇਕਰ ਅਸੀਂ ਦੋਵੇਂ ਹੁੰਦੇ ਤਾਂ ਸਾਰਾ ਕੁਝ ਸਾਡੇ ਦੋਨਾਂ ਵਿਚ ਵੰਡਿਆ ਜਾਣਾ ਸੀ। ਉਹ ਕਹਿਣ ਲੱਗੇ ਕਿਉਂ ਨਾ ਇਹਨਾਂ ਦੋਵਾਂ ਨੂੰ ਆਉਂਦਿਆਂ ਹੀ ਵੱਢ ਸੁਟੀਏ। ਕਿਸੇ ਤਰ੍ਹਾਂ ਭੁਲੇਖਾ ਪਾ ਕੇ ਉਹਨਾਂ ਨੂੰ ਮਾਰ ਦੇਵਾਂਗੇ। ਆਪਾਂ ਵੀ ਦੋ ਹੀ ਹਾਂ। ਉਹਨਾਂ ਦੇ ਮਨ ਵਿੱਚ ਵੀ ਇਹੋ ਖ਼ਿਆਲ ਆ ਗਿਆ। ਉਹਨਾਂ ਨੇ ਆਉਂਦਿਆਂ ਹੀ ਉਹਨਾਂ ਦੋਵਾਂ ਨੂੰ ਮਾਰ ਦਿੱਤਾ। ਹੁਣ ਉਹ ਕਹਿਣ ਲੱਗੇ ਕਿ ਇਹ ਸਾਰੀ ਦੌਲਤ ਦੇ ਮਾਲਿਕ ਅਸੀਂ ਦੋਵੇਂ ਹੀ ਹਾਂ। ਸਾਰਾ ਦਿਨ ਲੰਘ ਗਿਆ ਤੇ

ਉਹ ਸਵੇਰ ਦੇ ਭੁੱਖੇ ਸਨ। ਕਹਿਣ ਲੱਗੇ ਕਿ ਇਹ ਜੋ ਕੁਝ ਇਹਨਾਂ ਨੇ ਲਿਆਂਦਾ ਹੈ, ਉਹ ਬੈਠ ਕੇ ਖਾਂਦੇ ਹਾਂ। ਭੁੱਖ ਵੀ ਬੜੀ ਲੱਗੀ ਹੋਈ ਹੈ। ਜਿਸ ਵੇਲੇ ਉਹਨਾਂ ਨੇ ਖਾਣਾ ਖਾਧਾ ਤੇ ਥੋੜੀ ਦੇਰ ਮਗਰੋਂ ਹੀ ਉਹ ਵੀ ਦੋਵੇਂ ਉਥੇ ਹੀ ਮਰ ਗਏ ਅਤੇ ਜਿਹੜੀ ਮਾਇਆ ਉਹਨਾਂ ਇਕੱਠੀ ਕੀਤੀ ਸੀ, ਉਹ ਉਥੇ ਦੀ ਉਥੇ ਹੀ ਰਹਿ ਗਈ। ਪਹਿਲਾਂ ਤਾਂ ਇਹ ਮਾਇਆ ਦਾ ਮਾਲਿਕ ਰਾਜਾ ਸੀ ਤੇ ਜਿਹੜੇ ਰਾਜੇ ਕੋਲੋਂ ਚੋਰੀ ਕਰ ਲੈ ਆਏ ਸਨ, ਫਿਰ ਉਸ ਦੇ ਮਾਲਿਕ ਉਹ ਚਾਰ ਚੋਰ ਬਣੇ, ਪਰ ਉਹਨਾਂ ਚਾਰਾਂ ਨੂੰ ਵੀ ਨਹੀਂ ਰਹਿਣ ਦਿੱਤਾ ਇਸ 'ਮਾਇਆ' ਨੇ। ਉਹ ਚਾਰੇ ਚੋਰ ਵੀ ਖ਼ਤਮ ਕਰ ਦਿੱਤੇ ਇਸ ਮਾਇਆ ਨੇ। ਇਸ ਤੋਂ ਬਾਅਦ ਜਿਸ ਨੂੰ ਇਹ ਮਾਇਆ ਮਿਲੇਗੀ, ਉਹ ਇਸ ਦਾ ਮਾਲਿਕ ਬਣ ਜਾਵੇਗਾ। ਇਸੇ ਲਈ ਤਾਂ ਸਤਿਗੁਰੂ ਜੀ ਨੇ ਕਿਹਾ ਹੈ :

***"ਖਸਮੁ ਮਰੈ ਤਉ ਨਾਰਿ ਨ ਰੋਵੈ॥***
***ਉਸੁ ਰਖਵਾਰਾ ਅਉਰੋ ਹੋਵੈ॥"***

(ਅੰਗ ੮੭੧)

ਇਸ ਦੇ ਅਰਥ ਹਨ ਕਿ ਮਾਇਆ ਜਿਸ ਕੋਲ ਹੋਵੇਗੀ, ਉਹ ਫਿਰ ਇਸ ਦਾ ਮਾਲਿਕ ਬਣ ਜਾਂਦਾ ਹੈ। ਭਾਵ ਕਿ ਮਾਇਆ ਦਾ ਮਾਲਿਕ ਬਣਨ ਲਈ ਹਰ ਕੋਈ ਤਿਆਰ ਰਹਿੰਦਾ ਹੈ। ਇਸੇ ਲਈ ਸਤਿਗੁਰੂ ਜੀ ਕਹਿੰਦੇ ਹਨ :

***"ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥"***

(ਅੰਗ ੬੪੩)

ਭਾਵ ਕਿ ਇਹ ਮਾਇਆ ਐਸੀ ਹੈ ਕਿ ਜਿਸ ਦੇ ਪ੍ਰਤੱਖ ਦੰਦ ਨਾ ਹੁੰਦਿਆਂ ਹੋਇਆਂ ਵੀ ਇਸ ਨੇ ਵਿਕਾਰਾਂ ਰੂਪ ਦੰਦਾਂ ਨਾਲ ਸਾਰੇ ਜੱਗ ਨੂੰ ਖਾਇਆ ਹੋਇਆ ਹੈ।

## ਮਾਇਆ 'ਤੇ ਪ੍ਰਮਾਣ

***੧. ਕਾਰਤਕ ਜੈਸੇ ਦੀਪ ਮਾਲਕਾ ਰਜਨੀ ਸਮੈ, ਦੀਪ ਜੋਤ ਕੋ ਉਦੋਤ ਹੋਤਿ ਹੀ ਬਿਲਾਤ ਹੈ।***
***ਬਰਖਾ ਸਮੈ ਜੈਸੇ ਬੁਦਬੁਦਾ ਕੌ ਪ੍ਰਗਾਸ, ਤਾਸ ਨਾਮ ਪਲਕ ਮੈ ਨ ਠਹਿਰਾਤ ਹੈ।***
***ਗ੍ਰੀਖਮ ਸਮੈ ਜੈਸੇ ਤਉ ਮ੍ਰਿਗ ਤ੍ਰਿਸਨਾਚਰਿਤ੍ਰ, ਝਾਈ ਸੀ ਦਿਖਾਈ ਦੇਤ ਉਪਜ ਸਮਾਤਿ ਹੈ।***
***ਤੈਸੇ ਮੋਹ ਮਾਇਆ ਛਾਇਆ ਬਿਰਖ ਚਪਲ ਛਲੁ ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ॥੩੧੧॥***

***੨. ਸੋਈ ਲੋਹਾ ਬਿਸ੍ਰ ਬਿਖੈ ਬਿਬਿਧ ਬੰਧਨ ਰੂਪ ਸੋਈ ਤਉ ਕੰਚਨ ਜੋਤਿ ਪਾਰਸ ਪ੍ਰਸੰਗ ਹੈ।***
***ਸੋਈ ਤਉ ਸਿੰਗਾਰ ਅਤਿ ਸੋਭਤ ਪਤਿਬ੍ਰਿਤਾ ਕਉ, ਸੋਈ ਅਭਰਨ ਗਨਿਕਾ ਰਚਤ ਅੰਗ ਹੈ।***
***ਸੋਈ ਸ੍ਵਾਂਤਿ ਬੂੰਦ ਮਿਲ ਸਾਗਰ ਮੁਕਤਾ ਫਲ, ਸੋਈ ਸ੍ਵਾਂਤਿ ਬੂੰਦ ਮਿਲ ਬਿਖ ਭੇਟਤ ਭੁਇਅੰਗ ਹੈ।***
***ਤੈਸੇ ਮਾਇਆ ਕਿਰਤ ਬਿਰਤ ਹੈ ਬਿਕਾਰ ਜਗ ਪਰਉਪਕਾਰ ਗੁਰਸਿਖਨ ਸੁਬੰਗ ਹੈ॥੩੮੫॥***

*੩. ਬਾਹਰ ਕੀ ਅਗਨਿ ਬੂਝਤ ਜਲ ਸਰਿਤਾ ਕੈ, ਨਾਉ ਮੈ ਜਉ ਅਗਨਿ ਲਾਗੈ ਕੈਸੇ ਕੈ ਬੁਝਾਈਐ॥*
*ਬਾਹਰ ਸੈ ਭਾਗਿ ਓਇ ਲੀਜੀਅਤ ਕੋਟ ਗੜ, ਗੜ ਮੈ ਜਉ ਲੂਟਿ ਲੀਜੈ ਕਹੁ ਕਤ ਜਾਈਐ॥*
*ਚੋਰਨ ਕੈ ਤ੍ਰਾਸ ਜਾਇ ਸਰਨ ਗਹੈ ਨਰਿੰਦ ਮਾਰੈ ਮਹੀਪਤ ਜੀਉ ਕੈਸੇ ਕੈ ਬਚਾਈਐ॥*
*ਮਾਇਆ ਡਰ ਡਰਪਤ ਹਾਰ ਗੁਰਦੁਆਰੇ ਜਾਵੈ, ਤਹਾ ਜਉ ਮਾਇਆ ਬਿਆਪੈ ਕਹਾ ਠਹਰਾਈਐ॥੫੪੪॥*

*੪. ਜੈਸੇ ਮਧੁ ਮਾਖੀ ਸੀਚਿ ਸੀਚਿ ਕੈ ਇਕਤ੍ਰ ਕਰੈ, ਹਰੈ ਮਧੁ ਆਇ ਤਾਕੇ ਮੁਖਿ ਛਾਰੇ ਡਾਰਿ ਕੈ॥*
*ਜੈਸੇ ਬਛੁ ਹੇਤ ਗਊ ਸੰਚਤ ਹੈ ਖੀਰ ਤਾਹਿ, ਲੇਤ ਹੈ ਅਹੀਰੁ ਦੁਹਿ ਬਛੁਰੇ ਬਿਡਾਰ ਕੈ॥*
*ਜੈਸੇ ਧਰ ਖੋਦਿ ਖੋਦਿ ਕਰ ਬਿਲ ਸਾਜੈ ਮੂਸਾ, ਪੈਸਤ ਸਰਪ ਧਾਇ ਖਾਇ ਤਾਹਿ ਮਾਰਿ ਕੈ॥*
*ਤੈਸੇ ਕੋਟ ਪਾਪ ਕਰਿ ਮਾਇਆ ਜੋਰਿ ਜੋਰਿ ਮੂੜ, ਅੰਤ ਕਾਲ ਛਾਡਿ ਚਲੈ ਦੋਨੋ ਕਰਿ ਝਾਰਿ ਕੈ॥੫੫੪॥*

ਸਲੋਕੁ ਮਃ ੩ ॥ ਹਉਮੈ ਮਮਤਾ ਮੋਹਣੀ ਮਨਮੁਖਾ ਨੋ ਗਈ ਖਾਇ॥ ਜੋ ਮੋਹਿ ਦੂਜੈ ਚਿਤੁ ਲਾਇਦੇ ਤਿਨਾ ਵਿਆਪਿ ਰਹੀ ਲਪਟਾਇ॥ ਗੁਰ ਕੈ ਸਬਦਿ ਪਰਜਾਲੀਐ ਤਾ ਏਹ ਵਿਚਹੁ ਜਾਇ॥ ਤਨੁ ਮਨੁ ਹੋਵੈ ਉਜਲਾ ਨਾਮੁ ਵਸੈ ਮਨਿ ਆਇ॥ ਨਾਨਕ ਮਾਇਆ ਕਾ ਮਾਰਣੁ ਹਰਿ ਨਾਮੁ ਹੈ ਗੁਰਮੁਖਿ ਪਾਇਆ ਜਾਇ॥੧॥

**ਪਦ ਅਰਥ :–** ਪਿਛੇ ਹਉਮੈ ਤੇ ਮਮਤਾ ਦਾ ਖੁਲਾਸਾ ਅਰੰਭ ਵਿਚ ਵੱਖ ਵੱਖ ਟੀਕਾਕਾਰਾਂ ਤੇ ਕੋਸ਼ਕਾਰਾਂ ਦਾ ਦਿੱਤਾ ਹੈ, ਉਥੇ ਪੜ੍ਹੋ। ਮੋਹਣੀ-ਮੋਹ ਲੈਣ ਵਾਲੀ, ਠਗਣੀ। ਲਪਟਾਇ-ਚਿੰਬੜ ਕੇ। ਪਰਜਾਲੀਐ-ਚੰਗੀ ਤਰ੍ਹਾਂ ਸਾੜ ਦੇਈਏ। ਮਾਰਣੁ-ਮਸਾਲਾ।

**ਅਰਥ :–** ਹਉਮੈ ਤੇ 'ਮਮਤਾ' ਮੈਂ ਮੇਰੀ 'ਮੋਹਣੀ' ਮੋਹ ਲੈਣ ਵਾਲੀ ਠਗਣੀ ਮਾਇਆ ਮਨਮੁਖ ਪੁਰਸ਼ਾਂ ਨੂੰ ਖਾ ਗਈ ਹੈ। ਜੋ ਮਾਇਆ ਦੇ ਮੋਹੇ ਹੋਏ, ਪ੍ਰਮੇਸ਼ਰ ਨੂੰ ਭੁਲਾ ਕੇ 'ਦੂਜੈ' ਦੇਵੀ ਦੇਵਤਿਆਂ ਤੇ ਹੋਰਾਂ ਦੀ ਮੰਨ ਮਨੌਤ ਵਿਚ ਚਿੱਤ ਜੋੜਦੇ ਹਨ, ਉਨ੍ਹਾਂ ਨੂੰ ਚਿੰਬੜ ਕੇ ਆਪਣੇ ਵੱਸ ਵਿੱਚ ਕਰ ਲੈਂਦੀ ਹੈ। ਜੇ ਗੁਰੂ ਦੇ ਸਬਦਿ ਦੀ ਅਭਿਆਸ ਕਮਾਈ ਨਾਲ ਇਸ ਨੂੰ ਚੰਗੀ ਤਰ੍ਹਾਂ ਸਾੜ ਦੇਈਏ, (ਜਿਸ ਤਰ੍ਹਾਂ ਮਾਂਦਰੀ ਲੋਕ, ਚਿੰਬੜੇ ਹੋਏ ਭੂਤਾਂ ਪ੍ਰੇਤਾਂ ਨੂੰ ਅੱਗ ਨਾਲ ਸਾੜਨ ਦਾ ਡਰਾਵਾ ਦਿੰਦੇ ਸੁਣੀਦੇ ਹਨ) ਤਾਂ ਇਹ ਮੋਹਣੀ ਮਾਇਆ ਮਨ ਵਿਚੋਂ ਨਿਕਲ ਕੇ ਬਾਹਰ ਚਲੀ ਜਾਂਦੀ ਹੈ। ਇਸ ਦੇ ਚਲੀ ਜਾਣ ਕਰਕੇ ਤਨ=ਸਰੀਰ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਮਨ ਵਿਚ ਨਾਮ ਆ ਕੇ ਵੱਸ ਜਾਂਦਾ ਹੈ। ਗੁਰਦੇਵ ਫੁਰਮਾਂਦੇ ਹਨ ਕਿ ਮਾਇਆ ਦੇ ਮਾਰਨ ਦਾ 'ਮਾਰਣੁ' ਮਸਾਲਾ ਹਰੀ ਦਾ ਨਾਮ ਹੈ ਜੋ ਗੁਰੂ ਰਾਹੀਂ ਪ੍ਰਾਪਤ ਹੁੰਦਾ ਹੈ।੧।

ਮਃ ੩ ॥ ਇਹੁ ਮਨੁ ਕੇਤੜਿਆ ਜੁਗ ਭਰਮਿਆ ਥਿਰੁ ਰਹੈ ਨ ਆਵੈ ਜਾਇ॥ ਹਰਿ ਭਾਣਾ ਤਾ ਭਰਮਾਇਅਨੁ ਕਰਿ ਪਰਪੰਚੁ ਖੇਲੁ ਉਪਾਇ॥ ਜਾ ਹਰਿ ਬਖਸੇ ਤਾ ਗੁਰ ਮਿਲੈ ਅਸਥਿਰੁ ਰਹੈ ਸਮਾਇ॥ ਨਾਨਕ ਮਨ ਹੀ ਤੇ

**ਮਨੁ ਮਾਨਿਆ ਨਾ ਕਿਛੁ ਮਰੈ ਨ ਜਾਇ॥੨॥**

ਪਦ ਅਰਥ :-ਕੇਤੜਿਆ ਜੁਗ-ਕਈ ਜੁਗ। ਹਰਿ ਭਾਣਾ-ਹਰੀ ਨੂੰ ਭਾਇਆ। ਭਰਮਾਇਨ-ਉਸ ਪ੍ਰਭੂ ਨੇ ਭਰਮਾਏ ਹਨ (ਭਾਵ) ਭਟਕਣਾ ਵਿਚ ਪਾ ਦਿੱਤੇ ਹਨ। ਪਰਪੰਚ-ਜਗਤ ਜੋ ਕਈ ਰੰਗਾਂ ਵਾਲਾ ਦਿਖਾਈ ਦਿੰਦਾ ਹੈ ਤੇ ਭੁਲੇਖੇ ਵਿਚ ਪਾਂਦਾ ਹੈ। ਨ ਜਾਇ-ਨਾ ਜੰਮਦਾ ਹੈ।

**ਅਰਥ :**-ਇਹ ਮਨ ਕਈ ਜੁਗ ਭਰਮ ਦਾ ਭਰਮਾਇਆ ਹੋਇਆ ਚੰਚਲਤਾ ਨੂੰ ਪ੍ਰਾਪਤ ਹੋ ਕੇ ਭਰਮਨ ਕਰਦਾ ਰਿਹਾ ਹੈ, (ਥਿਰੁ ਰਹੈ ਨ) ਇਸ ਜਨਮ ਵਿਚ ਵੀ ਪ੍ਰਮਾਤਮਾ ਦੇ ਨਾਮ ਵਿਚ ਟਿਕਦਾ ਨਹੀਂ, ਇਸ ਕਰਕੇ (ਆਵੈ ਜਾਇ) ਜੰਮਦਾ ਮਰਦਾ ਰਹਿੰਦਾ ਹੈ। ਨਾਮ ਵਿਚ ਚਿੱਤ ਨਾ ਟਿਕਣ ਕਰਕੇ ਹਰੀ ਨੂੰ ਭਾਇਆ ਹੈ ਤਾਂ ਜਗਤ ਰੂਪੀ ਖੇਲ ਪੈਦਾ ਕਰਕੇ (ਮਨੁੱਖ) ਭਟਕਣਾ ਵਿਚ ਪਾ ਦਿੱਤੇ। ਜਦੋਂ ਵਾਹਿਗੁਰੂ (ਆਪ) ਕਿਰਪਾ ਕਰਦਾ ਹੈ ਤਾਂ (ਜੀਵ ਨੂੰ) ਪੂਰਾ ਗੁਰੂ ਮਿਲਦਾ ਹੈ, ਮਨ ਨਾਮ ਵਿਚ ਟਿਕ ਜਾਂਦਾ ਹੈ ਤੇ ਜੀਵ ਪ੍ਰਭੂ ਵਿਚ ਲੀਨ ਹੋ ਜਾਂਦਾ ਹੈ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਜਦ ਇਹ ਅਵਸਥਾ ਹੋਈ ਤਾਂ ਮਨ ਆਪਣੇ ਆਪ ਹੀ ਪਤੀਜ ਜਾਂਦਾ ਹੈ, ਇਸ ਨੂੰ ਇਹ ਦ੍ਰਿੜ੍ਹ ਹੋ ਜਾਂਦਾ ਹੈ ਕਿ ਨਾ ਕੁਝ ਮਰਦਾ ਹੈ ਨਾ ਜੰਮਦਾ ਹੈ।੨।

ਨੋਟ-ਮਨ ਹੀ ਤੇ ਮਨੁ ਮਾਨਿਆ ਦਾ ਅਰਥ ਇਥੇ ਭਾਈ ਵੀਰ ਸਿੰਘ ਜੀ ਦੀ, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ, ਪੰਨਾ ੩੨੦੭ ਅਨੁਸਾਰ ਕੀਤਾ ਹੈ।

**ਪਉੜੀ॥ਕਾਇਆ ਕੋਟੁ ਅਪਾਰੁ ਹੈ ਮਿਲਣਾ ਸੰਜੋਗੀ॥ਕਾਇਆ ਅੰਦਰਿ ਆਪਿ ਵਸਿ ਰਹਿਆ ਆਪੇ ਰਸ ਭੋਗੀ॥ ਆਪਿ ਅਤੀਤੁ ਅਲਿਪਤੁ ਹੈ ਨਿਰਜੋਗੁ ਹਰਿ ਜੋਗੀ॥ਜੋ ਤਿਸੁ ਭਾਵੈ ਸੋ ਕਰੇ ਹਰਿ ਕਰੇ ਸੁ ਹੋਗੀ॥ਹਰਿ ਗੁਰਮੁਖਿ ਨਾਮੁ ਧਿਆਈਐ ਲਹਿ ਜਾਹਿ ਵਿਜੋਗੀ॥੧੩॥**

**ਪਦ ਅਰਥ :**- ਕਾਇਆ-ਮਨੁੱਖੀ ਸਰੀਰ। ਕੋਟੁ-ਕਿਲ੍ਹਾ। ਅਪਾਰੁ-ਪਾਰ ਤੋਂ ਰਹਿਤ ਬੜਾ ਸੁੰਦਰ। ਸੰਜੋਗੀ-ਚੰਗੇ ਭਾਗਾਂ ਦੇ ਸੰਜੋਗ ਕਰਕੇ। ਅਤੀਤੁ-ਤਿੰਨਾਂ ਗੁਣਾਂ ਤੋਂ (ਅਤੀਤ) ਰਹਿਤ ਵਿਰਕਤ। ਅਲਿਪਤੁ-ਨਿਰਲੇਪ। ਨਿਰਜੋਗੁ-ਅਣਜੁੜਿਆ ਅਲੱਗ। ਜੋਗੀ-ਜੁੜ ਰਿਹਾ। ਲਹਿ ਜਾਹਿ-ਉਤਰ ਜਾਂਦੇ ਹਨ। ਵਿਜੋਗੀ-ਵਿਛੋੜੇ, ਵਿਜੋਗ।

**ਅਰਥ :**-ਮਨੁੱਖੀ ਸਰੀਰ ਇਕ ਪਾਰ ਰਹਿਤ ਬੜਾ ਸੁੰਦਰ ਕਿਲ੍ਹਾ ਹੈ ਪਰ ਇਸ ਦਾ ਮਿਲਣਾ ਚੰਗੇ ਭਾਗਾਂ ਦੇ ਸੰਜੋਗ ਕਰਕੇ ਹੁੰਦਾ ਹੈ। ਇਹ ਸਰੀਰ ਰੂਪ ਕਿਲ੍ਹੇ ਅੰਦਰ ਪ੍ਰਭੂ ਆਪ ਨਿਵਾਸ ਕਰਕੇ ਰਸਾਂ ਦੇ ਭੋਗਣ ਵਾਲਾ ਹੋ ਰਿਹਾ ਹੈ। ਰਸ ਭੋਗਦਾ ਹੋਇਆ, ਆਪ ਤਿੰਨਾਂ ਗੁਣਾਂ ਤੋਂ ਰਹਿਤ ਵਿਰਕਤ, ਨਿਰਲੇਪ, ਅਣਜੁੜਿਆ ਭਾਵ ਅਲੱਗ ਹੋ ਕੇ ਹਰੀ ਸਾਰਿਆਂ ਨਾਲ 'ਜੁੜ ਰਿਹਾ' ਭਾਵ ਮਿਲ ਰਿਹਾ ਹੈ। ਜੋ ਉਸ ਵਾਹਿਗੁਰੂ ਨੂੰ ਚੰਗਾ ਲੱਗਦਾ ਹੈ ਉਹੀ ਕੁਝ ਕਰਦਾ ਹੈ, ਜੋ ਕੁਝ ਪ੍ਰਭੂ ਕਰਦਾ ਹੈ ਉਹੀ ਹੁੰਦਾ ਹੈ। ਹੇ ਭਾਈ (ਗੁਰਮੁਖਿ) ! ਗੁਰੂ ਦੁਆਰਾ ਅਥਵਾ ਗੁਰੂ ਦੇ ਸਨਮੁਖਿ ਰਹਿ ਕੇ ਨਾਮ ਸਿਮਰੀਏ ਤਾਂ ਹਰੀ ਨਾਲੋਂ ਪਏ ਹੋਏ

(ਵਿਜੋਗੀ) ਵਿਛੋੜੇ ਉਤਰ ਜਾਂਦੇ ਹਨ, ਦੂਰ ਹੋ ਜਾਂਦੇ ਹਨ। ੧੩।

## ਟੀਕਾਕਾਰਾਂ ਦੇ ਅਰਥ ਭੇਦ

***"ਨਾਨਕ ਮਨ ਹੀ ਤੇ ਮਨੁ ਮਾਨਿਆ"***

੧. ਨਾਨਕ (ਗੁਰੂ ਜੀ ਫ਼ੁਰਮਾਉਂਦੇ ਹਨ ਕਿ ਜਦੋਂ ਮਨ ਨੂੰ) ਮਨ ਤੋਂ ਹੀ (ਸ਼ਾਂਤੀ ਮਿਲ ਗਈ) ਤਦ ਆਪਣੇ ਆਪ ਤੋਂ ਹੀ ਪਤੀਜ ਗਿਆ, (ਦਰਸਨ ਨਿਰਣੈ, ਗਿ: ਹਰਬੰਸ ਸਿੰਘ ਜੀ)

੨. ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਦੋਂ ਗੁਰਾਂ ਦੇ ਮਨੁ-ਮੰਤਰ ਦੇ ਉੱਤੇ ਜੀਵ ਦਾ ਮਨ ਮੰਨ ਗਿਆ ਤਾਂ ਇਸ ਦੀ ਗਿਆਨ ਦ੍ਰਿਸ਼ਟੀ ਅਜੇਹੀ ਹੋ ਜਾਂਦੀ ਹੈ। (ਗੁਰਵਾਕ ਚਾਨਣ, ਸੰਤ ਹਰੀ ਸਿੰਘ ਜੀ ਰੰਧਾਵਾ)

੩. (ਇਸ ਤਰ੍ਹਾਂ) ਹੇ ਨਾਨਕ ! ਮਨ ਅੰਦਰੋਂ ਹੀ (ਪ੍ਰਭੂ ਨਾਮ ਵਿਚ) ਪਤੀਜ ਜਾਂਦਾ ਹੈ। (ਦਰਪਣ ਪ੍ਰੋ: ਸਾਹਿਬ ਸਿੰਘ)

੪. ਹੇ ਨਾਨਕ ! ਜਦ ਇਹ ਅਵਸਥਾ ਹੋ ਜਾਂਦੀ ਹੈ ਤਾਂ ਮਨ ਆਪਣੇ ਆਪ ਹੀ ਪਤੀਜ ਜਾਂਦਾ ਹੈ। (ਫਿਰ ਦਿਸਦਾ ਹੈ ਕਿ) (ਸੰਥਿਆ ਪੋਥੀ ਸੱਤਵੀਂ, ਭਾਈ ਵੀਰ ਸਿੰਘ ਜੀ)

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੀ ਪਉੜੀ ਅੰਦਰ ਸਰੀਰ ਨੂੰ ਇੱਕ ਸੁੰਦਰ ਕਿਲ੍ਹਾ ਦੱਸ ਕੇ ਇਸ ਵਿੱਚ ਵਾਹਿਗੁਰੂ ਜੀ ਦਾ ਨਿਵਾਸ ਦਸਿਆ ਹੈ। ਚੰਗਿਆਂ ਕਰਮਾਂ ਕਰਕੇ ਹੀ ਇਸ ਦੀ ਪ੍ਰਾਪਤੀ ਦਸੀ ਹੈ। ਨਾਲ ਹੀ ਵਾਹਿਗੁਰੂ ਜੀ ਦੇ ਵਿਛੋੜੇ ਤੇ ਮਿਲਾਪ ਦਾ ਜ਼ਿਕਰ ਕੀਤਾ ਹੈ।

## ਸੁੰਦਰ ਕਿਲ੍ਹੇ ਦਾ ਅਲੰਕਾਰ

ਇਕ ਰਾਜੇ ਨੇ ਸੁੰਦਰ ਬਗ਼ੀਚਾ ਲਗਾ ਕੇ ਸੋਹਣੇ ਫੁਹਾਰੇ, ਫੁੱਲ ਤੇ ਫਲਦਾਰ ਬੂਟਿਆਂ ਨਾਲ ਸਜਾਇਆ। ਇਸ ਵਿਚ ਇਕ ਸੁੰਦਰ ਕਿਲ੍ਹਾ ਸੱਤ ਛੱਤਾਂ ਵਾਲਾ ਬਣਾ ਕੇ ਨਾਲ ਹੀ ਇਸ ਦੇ ਥੱਲੇ ਇਕ ਕੋਠੜੀ ਸੁੰਦਰ ਬਣਾ ਕੇ ਉਸ ਵਿਚ ਆਪਣਾ ਸਿੰਘਾਸਨ ਲਗਵਾ ਕੇ ਉਸ ਰਾਜ ਸਿੰਘਾਸਨ ਤਖ਼ਤ ਉਪਰ ਬਾਦਸ਼ਾਹ ਸੱਜ ਗਿਆ। ਉਸ ਕੋਠੜੀ ਦਾ ਦਰਵਾਜ਼ਾ ਬੰਦ ਕਰਕੇ ਜਿੰਦਰਾ ਮਾਰ ਕੇ ਉਪਰ ਮਿਟੀ ਦੀ ਢੇਰੀ ਲਗਵਾ ਦਿੱਤੀ। ਬਾਗ਼ ਤੇ ਕਿਲ੍ਹੇ ਦੇ ਮੁਖ ਦਰਵਾਜ਼ੇ ਉਪਰ ਲਿਖ ਕੇ ਲਗਾ ਦਿੱਤਾ ਕਿ ਜੋ ਮਨੁੱਖ ਮੈਨੂੰ ਦਿਨ ਛਿਪਦੇ ਤੋਂ ਪਹਿਲਾਂ-ਪਹਿਲਾਂ ਇਸ ਬਾਗ਼ ਦੇ ਕਿਲ੍ਹੇ ਵਿਚੋਂ ਲੱਭੇਗਾ, ਮੈਂ ਉਸ ਨੂੰ ਰਾਜ ਤਖ਼ਤ ਦੇ ਦੇਵਾਂਗਾ, ਪਰ ਸ਼ਰਤ ਕੋਈ ਬਾਗ਼ ਦਾ ਬੂਟਾ ਨਾ ਪੁਟੇ, ਨਾ ਹੀ ਕੋਈ ਕਿਲ੍ਹੇ ਦੀ ਤੋੜ ਭੰਨ ਕਰੇ। ਕਈਆਂ ਨੇ ਬਾਗ਼ ਤੇ

ਕਿਲ੍ਹੇ ਦੀਆਂ ਸੱਤ-ਛੱਤਾ ਮਕਾਨਾਂ ਵਿਚੋਂ ਬਾਦਸ਼ਾਹ ਨੂੰ ਲੱਭਦਿਆਂ ਹੀ ਸਮਾਂ ਪੂਰਾ ਕਰ ਲਿਆ, ਪਰ ਬਾਦਸ਼ਾਹ ਲੱਭਿਆ ਨਹੀਂ। ਇਕ ਸਿਆਣੇ ਪੁਰਸ਼ ਨੇ ਸਭ ਤੋਂ ਪਹਿਲਾਂ ਬਾਗ਼ ਦੇ ਮਾਲੀਆਂ ਦੀ ਸਹਾਇਤਾ ਲਈ। ਉਨ੍ਹਾਂ ਦਸਿਆ ਕਿ ਉਹ ਜਿਹੜੀ ਮਿੱਟੀ ਦੀ ਢੇਰੀ ਹੈ ਉਸਨੂੰ ਲਾਂਭੇ ਕਰਕੇ ਇਨ੍ਹਾਂ ਚਾਬੀਆਂ ਨਾਲ ਜਿੰਦਰਾ ਖੋਲ੍ਹ ਕੇ ਬਾਦਸ਼ਾਹ ਨੂੰ ਲੱਭ ਲਓ। ਉਸੇ ਤਰ੍ਹਾਂ ਕੀਤਾ। ਬਾਦਸ਼ਾਹ ਨੇ ਖ਼ੁਸ਼ ਹੋ ਕੇ ਉਸ ਨੂੰ ਰਾਜ ਤਖ਼ਤ ਦੇ ਦਿੱਤਾ। ਇਹ ਦ੍ਰਿਸ਼ਟਾਂਤ ਹੈ ਦਾ ਦ੍ਰਿਸ਼ਟਾਂਤ ਇਸੀ ਤਰ੍ਹਾਂ ਸੰਸਾਰ ਇਕ ਬਾਗ਼ ਹੈ, ਅਕਾਲ ਪੁਰਖ ਵਾਹਿਗੁਰੂ ਜੀ ਬਾਦਸ਼ਾਹ ਹੈ। ਸਰੀਰ ਇਸ ਵਿੱਚ ਕਿਲ੍ਹਾ ਹੈ, ਪੰਜ ਗਿਆਨ ਇੰਦ੍ਰੇ, ਮਨ ਤੇ ਬੁਧ ਇਹ ਸੱਤ ਛੱਤਾਂ ਵਾਲਾ ਕਿਲ੍ਹਾ ਹੈ। ਹਿਰਦਾ ਕੋਠੜੀ ਹੈ, ਆਸਾ ਅੰਦੇਸਾ ਦੇ ਤਖ਼ਤੇ ਹਨ, ਮੋਹ ਰੂਪ ਕੁੰਡਾ ਹੈ। ਹਿਰਦੇ ਕੋਠੜੀ ਵਿੱਚ ਵਾਹਿਗੁਰੂ ਜੀ ਬਾਦਸ਼ਾਹ ਨੇ ਆਪਣਾ ਨਿਵਾਸ ਕੀਤਾ ਹੈ। ਪਰ ਇਸ ਕੋਠੜੀ ਨੂੰ ਅਗਿਆਨ ਦਾ ਜਿੰਦਰਾ ਮਾਰ ਕੇ ਹੰਗਤਾ ਦੀ ਢੇਰੀ ਉਪਰ ਲਗਾ ਕੇ ਢੱਕ ਦਿੱਤਾ ਹੈ। ਨਾਲ ਹੁਕਮ ਕਰ ਦਿੱਤਾ ਕਿ ਮਨੁੱਖਾ ਜਨਮ ਰੂਪੀ ਦਿਨ ਅੰਦਰ ਜਿਹੜਾ ਮੈਨੂੰ ਲੱਭ ਲਏਗਾ ਉਸਨੂੰ ਸਰੂਪ ਰੂਪੀ ਤਖ਼ਤ ਬਖ਼ਸ਼ ਦੇਵਾਂਗਾ, ਪਰ ਸ਼ਰਤ ਹੈ ਕਿ ਸਰੀਰ ਰੂਪੀ ਕਿਲ੍ਹੇ ਦੀ ਤੋੜ ਭੰਨ ਨਹੀਂ ਕਰਨੀ। ਕਈਆਂ ਨੇ ਰੋਮਾਂ ਦੀ ਬੇਅਦਬੀ ਤੇ ਨੱਕ, ਕੰਨ ਛੇਦਨ ਰੂਪ ਭੰਨ ਤੋੜ ਕੀਤੀ। ਵਾਹਿਗੁਰੂ ਜੀ ਬਾਦਸ਼ਾਹ ਨੇ ਉਨ੍ਹਾਂ ਨੂੰ ਚੁਰਾਸੀ ਲੱਖ ਜੂਨਾਂ ਰੂਪੀ ਜੇਲ੍ਹ ਵਿਚ ਪਾ ਦਿੱਤਾ। ਜੋ ਗੁਰਮੁਖ ਸਿਆਣੇ ਸਨ, ਇਸ ਸ਼ਬਦ ਦੀ ਪਉੜੀ ਦੀ ਅਖ਼ੀਰੀ ਪੰਗਤੀ ਅਨੁਸਾਰ "ਹਰਿ ਗੁਰਮੁਖਿ ਨਾਮ ਧਿਆਈਐ ਲਹਿ ਜਾਹਿ ਵਿਜੋਗੀ॥ ਉਨ੍ਹਾਂ ਗੁਰਮੁਖਾਂ ਨੇ ਗੁਰੂ ਰਾਹੀਂ ਗੁਰੂ ਦੇ ਇਸ ਉਪਦੇਸ਼ ਨੂੰ ਕਮਾ ਕੇ "ਢੇਰੀ ਢਾਹਹੁ ਸਾਧ ਸੰਗ ਅਹੰਬੁਧ ਬਿਕਰਾਲ॥" ਹੰਗਤਾ ਦੀ ਢੇਰੀ ਦੂਰ ਕਰਕੇ ਮੋਹ ਦਾ ਕੁੰਡਾ ਤੇ ਅਗਿਆਨ ਦਾ ਜਿੰਦਰਾ ਖੋਲ੍ਹ ਕੇ ਹਿਰਦੇ ਰੂਪ ਕੋਠੜੀ ਵਿਚੋਂ ਵਾਹਿਗੁਰੂ ਜੀ ਬਾਦਸ਼ਾਹ ਨੂੰ ਪ੍ਰਾਪਤ ਕਰਕੇ ਸਰੂਪ ਰੂਪੀ ਤਖ਼ਤ ਦੇ ਮਾਲਕ ਬਣ ਗਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪ (ਅੰਗ ੫੧੫)

ਸਲੋਕ ਮ: ੩ ॥ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ ॥ ਵਾਹੁ ਵਾਹੁ ਅੰਮ੍ਰਿਤ ਨਾਮੁ ਹੈ ਗੁਰਮੁਖਿ ਪਾਵੈ ਕੋਇ ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ ॥ ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ ॥ ੧ ॥ ਮ: ੩ ॥ ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥ ਜਿਨ੍ਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥ ੨ ॥ ਪਉੜੀ ॥ ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ ॥ ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ ॥ ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ ॥ ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ ॥ ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ ॥ ੧੮ ॥

# ਪ੍ਰਾਕ੍ਰਥਨ-

ਇਹ ਪਾਵਣ ਸ਼ਬਦ ਗੂਜਰੀ ਰਾਗੁ ਦੀ ਪਹਿਲੀ ਵਾਰ ਅੰਦਰ ਅਠਾਰ੍ਹਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਹਨ। ਸ਼ਬਦ ਦੀ ਆਰੰਭਤਾ ਦੀ ਪੰਗਤੀ ਅਨੁਸਾਰ ਵਿਸ਼ਾ ਹੈ, ''ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰ ਨ ਕੋਇ॥''

## ਬਾਣੀ ਨਿਰੰਕਾਰ ਹੈ

ਬਾਣੀ ਨਿਰੰਕਾਰ—ਨਿਰਾਕਾਰ ਪ੍ਰਭੂ ਦੀ ਬਾਣੀ ਅਰਥਾਤ ਉਸੇ ਦੀ ਆਪਣੀ ਦਿੱਤੀ ਬਾਣੀ ਹੈ। (ਭਾਈ ਵੀਰ ਸਿੰਘ)

ਤਿੰਨ ਅਗੰਮੀ ਚਸ਼ਮਿਆਂ ਰਾਹੀਂ ਗੁਰਬਾਣੀ ਪ੍ਰਗਟ ਹੋਈ ਮੰਨ ਸਕਦੇ ਹਾਂ—

੧. ਨਿਰੰਕਾਰ ਸਰੂਪ ਜਗਤ ਗੁਰੂ ਸਾਹਿਬ ਜੀ ਸਮਾਧੀ ਇਸਥਿਤ ਆਪਣੇ ਆਪੇ ਵਿਚ ਲੀਨ ਹੋਏ ਜਗਤ ਜੀਆਂ 'ਤੇ ਤ੍ਰੁੱਠ ਕੇ ਮਰਦਾਨੇ ਨੂੰ ਕਹਿੰਦੇ ਸਨ, ਮਰਦਾਨਿਆਂ, ਰਬਾਬ ਛੇੜ ਕਾਈ ਸਿਫਤ ਕਰਤਾਰ ਦੀ ਕਰੀਏ। ਉਸ ਵੇਲੇ ਆਪ ਜੀ ਅਗੰਮੀ ਸੰਗੀਤਕ ਧੁਨ ਵਿਚ ਗਾ ਉਠਦੇ ਸਨ।

੨. ਕਈ ਵਾਰੀ ਸਿਦਕੀ ਸਿੱਖ ਹਜ਼ੂਰ ਦੇ ਪਾਸ ਸ਼ੰਕੇ ਨਿਵਿਰਤ ਕਰਨ ਵਾਸਤੇ ਬੇਨਤੀ ਕਰਦੇ ਸਨ, ''ਸਤਿਗੁਰ ਬਚਨ ਬਚਨ ਹੈ ਸਤਿਗੁਰ ਪਾਧਰ ਮੁਕਤ ਜਨਾਵੈਗੋ॥'' ਗੁਰਸਿਖਾ ਦੇ ਸ਼ੰਕੇ ਨਿਵਿਰਤ ਕਰਕੇ ਮੋਖਸ਼ ਦੇ ਅਧਿਕਾਰੀ ਬਣਾ ਦਿੰਦੇ ਸਨ।

੩. ਕਈ ਥਾਈਂ ਸਿੱਧਾਂ ਨਾਲ ਚਰਚਾ ਕਰਨ ਸਮੇਂ ਬਖ਼ਸ਼ਿਸ਼ ਕਰਦੇ ਸਨ। ਸਿਧ ਗੋਸ਼ਟ ਨਾਮੇ ਬਾਣੀ ਸਿੱਧਾਂ ਦੇ ਪ੍ਰਸ਼ਨਾਂ ਦੇ ਉੱਤਰ ਰੂਪ ਵਿਚ ਉਚਾਰੀ ਹੈ। ਜਪੁ ਜੀ ਸਾਹਿਬ ਦੀਆਂ ਬਹੁਤ ਸਾਰੀਆਂ ਪਉੜੀਆਂ ਸਿੱਧਾਂ ਪ੍ਰਥਾਏ ਉਚਾਰੀਆਂ ਹਨ। ''ਸਿਧਨ ਸੰਗ ਹਮ ਚਰਚਾ ਕੀਨੀ ਤਬੈ ਉਚਾਰਾ ਜਪੁ ਪ੍ਰਬੀਨੀ॥ (ਟੀਕਾ ਗਰਬ ਗੰਜਨੀ) ਅਤੇ ਕਈ ਥਾਈਂ ਪੰਡਤਾਂ, ਬ੍ਰਾਹਮਣਾਂ, ਕਾਜ਼ੀਆਂ ਨਾਲ ਚਰਚਾ ਕਰਨ ਸਮੇਂ ਬਖ਼ਸ਼ਿਸ਼ ਕਰਦੇ ਸਨ। ਇਹ ਗੁਰਬਾਣੀ ਪ੍ਰਗਟ ਹੋਣ ਦੇ ਤਿੰਨ ਅਗੰਮੀ ਅਰਸ਼ੀ ਚਸ਼ਮੇ ਸਨ।

## ਵਿਸ਼ੇਸ਼ਣ

ਧੁਰ ਕੀ ਬਾਣੀ, ਖਸਮ ਕੀ ਬਾਣੀ, ਬਾਣੀਆਂ ਸਿਰ ਬਾਣੀ, ਸੱਚੀ ਬਾਣੀ, ਇਹ ਵਿਸ਼ੇਸ਼ਣ ਗੁਰਬਾਣੀ ਪ੍ਰਤੀ ਗੁਰੂ ਸਾਹਿਬਾਂ ਨੇ ਆਪ ਵਰਤੇ ਹਨ।

***''ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥''***
***''ਬਾਣੀਆ ਸਿਰਿ ਬਾਣੀ॥'' ''ਧੁਰ ਕੀ ਬਾਣੀ ਆਈ॥'' ''ਜੈਸੀ ਮੈ ਆਵੈ ਖਸਮ ਕੀ ਬਾਣੀ॥''***

ਭਾਈ ਗੁਰਦਾਸ ਜੀ ਨੇ ਇਕ ਕਬਿੱਤ ਵਿਚ ਗੁਰਸਿੱਖਾਂ ਦੇ ਮਿਲ ਕੇ ਗੁਰਬਾਣੀ ਪੜ੍ਹ ਕੇ ਪ੍ਰਭੂ ਚਰਨਾਂ

ਵਿਚ ਲਿਵ ਲਾਉਣ ਦਾ ਜ਼ਿਕਰ ਕੀਤਾ ਹੈ। ਅਰੰਭ ਵਿਚ ਸੁੰਦਰ ਦ੍ਰਿਸ਼ਟਾਂਤ ਦਿੱਤੇ ਹਨ।

੧. ਜਿਸ ਪ੍ਰਕਾਰ ਖੰਡ, ਘਿਉ, ਆਟਾ ਇਹ ਚੀਜ਼ਾਂ ਘਰ ਵਿਚ ਹੀ ਪਈਆਂ ਹੁੰਦੀਆਂ ਹਨ, ਅਤੇ ਜਿਸ ਵੇਲੇ ਘਰ ਵਿਚ ਕੋਈ ਪ੍ਰਾਹੁਣਾ ਆ ਜਾਵੇ ਤਾਂ ਉਸ ਲਈ ਉਹ ਘਰ ਵਿਚ ਪਏ ਪਦਾਰਥ ਤੋਂ ਪੂਰੀਆਂ ਆਦਿ ਪਕਵਾਨ ਬਣਾ ਕੇ ਖੁਆਈਦੇ ਤੇ ਖਾਈਦੇ ਹਨ।

੨. ਜਿਸ ਤਰ੍ਹਾਂ ਸੁੰਦਰ ਨਵੇਂ ਬਸਤ੍ਰ, ਮੋਤੀ ਜੜਤ ਹਾਰ, ਸੋਨੇ ਦੇ ਹੋਰ ਗਹਿਣੇ ਆਪਣੇ ਕੋਲ ਹੀ ਬਣਾ ਕੇ ਰੱਖੇ ਹੁੰਦੇ ਹਨ ਅਤੇ ਕਿਸੇ ਵਿਆਹ ਆਦਿ ਖ਼ੁਸ਼ੀ ਦੇ ਸਮੇਂ ਸਰੀਰ ਉਪਰ ਪਹਿਨ ਕੇ ਸੱਜਣਾ ਮਿੱਤਰਾਂ ਨੂੰ ਵਿਖਾਈਦੇ ਹਨ।

੩. ਦੁਕਾਨਦਾਰ ਨੇ ਜਿਸ ਤਰ੍ਹਾਂ ਕੀਮਤੀ ਹੀਰੇ ਰਤਨ ਮਾਣਿਕ ਆਦਿ ਸਾਰੇ ਹੱਟੀ ਵਿੱਚ ਰੱਖੇ ਹੁੰਦੇ ਹਨ, ਅਤੇ ਜਦ ਹੱਟੀ ਉਪਰ ਕੋਈ ਗਾਹਕ ਆ ਜਾਵੇ ਤਾਂ ਉਸ ਨੂੰ ਵਿਖਾ ਕੇ, ਵੇਚ ਕੇ, ਬਹੁਤ ਲਾਭ ਭਾਵ ਮੁਨਾਫ਼ਾ ਪਾਉਂਦਾ ਹੈ।

੪. ਇਸੀ ਪ੍ਰਕਾਰ ਗੁਰਬਾਣੀ ਦੀਆਂ ਪੋਥੀਆਂ ਪਹਿਲੇ ਸਮਿਆਂ ਵਿੱਚ ਗੁਰਸਿੱਖ ਹੱਥੀਂ ਲਿਖਦੇ ਸਨ। ਕੋਈ ਅਧਿਕਾਰੀ ਗੁਰਸਿੱਖ ਸੰਗਤ ਮਿਲਣ ਤੇ ਉਹ ਪੜ੍ਹ ਕੇ ਪ੍ਰਭੂ ਚਰਨਾਂ ਵਿਚ ਲਿਵ ਲਾਉਂਦੇ ਸਨ। ਅੱਜ ਕੱਲ੍ਹ ਪ੍ਰੈਸ ਵਿਚ ਪੋਥੀਆਂ ਗੁਟਕੇ ਛਾਪ ਕੇ ਰੱਖੀਦੇ ਹਨ, ਗੁਰਸਿੱਖ ਸੰਗਤ ਪੜ੍ਹ ਕੇ ਲਾਹਾ ਲੈਂਦੇ ਹਨ।

***"ਜੈਸੇ ਖਾਂਡ ਚੂਨ ਘ੍ਰਿਤ ਹੋਤ ਘਰ ਹੀ ਬਿਖੈ,***
***ਪੈ ਪਾਹੁਨਾ ਕੈ ਆਏ ਪੂਰੀ ਕੈ ਖੁਵਾਇ ਖਾਈਐ॥***
***ਜੈਸੇ ਚੀਰ ਹਾਰ ਮੁਕਤਾ ਕਨਕ ਆਭਰਨ,***
***ਪੈ ਬਿਆਹੁ ਕਾਜ ਸਾਜਿ ਤਨ ਸੁਜਨ ਦਿਖਾਈਐ॥***
***ਜੈਸੇ ਹੀਰਾ ਮਾਨਿਕ ਅਮੋਲ ਹੋਤ ਹਾਟ ਹੀ ਮੈਂ,***
***ਗਾਹਕੈ ਦਿਖਾਇ ਬਿੜਤਾ ਬਿਸੇਖ ਪਾਈਐ॥***
***ਤੈਸੇ ਗੁਰਬਾਣੀ ਲਿਖ ਪੋਥੀ ਬਾਂਧਿ ਰਾਖੀਅਤ,***
***ਮਿਲ ਗੁਰਸਿਖ ਪੜਿ ਸੁਨਿ ਲਿਵ ਲਾਈਐ॥ ੫੬੨॥"***

ਅਗੇ ਇੱਕ ਹੋਰ ਕਬਿੱਤ ਉਚਾਰ ਕੇ ਭਾਈ ਸਾਹਿਬ ਜੀ ਨੇ ਉਹਨਾਂ ਪ੍ਰੇਮੀਆਂ ਨੂੰ ਸਮਝਾਇਆ ਹੈ ਕਿ ਜਿਹੜੇ ਕਹਿੰਦੇ ਹਨ ਕਿ ਅਸੀਂ ਗੁਰਬਾਣੀ ਹਰ ਰੋਜ਼ ਪੜ੍ਹਦੇ ਹਾਂ, ਸਾਡਾ ਮਨ ਨਹੀਂ ਟਿਕਦਾ, ਰਸ ਨਹੀਂ ਆਉਂਦਾ।

੧. ਜਿਵੇਂ ਜਗਦੇ ਦੀਵੇ 'ਤੇ ਪਤੰਗਾ ਲੱਟੂ ਹੋ ਜਾਂਦਾ ਹੈ (ਦੀਵੇ ਦੁਆਲੇ ਘੁਮਾਟਣੀਆਂ ਲਾਉਂਦਾ ਫਿਰਦਾ ਹੈ) ਪਰ ਇਕ ਦਿਨ ਲਾਟ ਵਿਚ ਸੜ ਕੇ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ।

੨. ਜਿਸ ਤਰ੍ਹਾਂ ਪੰਛੀ ਚੋਗਾ ਚੁਗ ਕੇ ਹਰ ਰੋਜ਼ ਰਾਤ ਨੂੰ ਆਪਣੇ ਟਿਕਾਣੇ 'ਤੇ ਆ ਜਾਂਦਾ ਹੈ, ਪਰ ਕਿਸੇ

ਦਿਨ (ਫਾਂਧੀ ਦੀ) ਫਾਹੀ ਵਿਚ ਫਸ ਜਾਂਦਾ ਹੈ, ਫਿਰ ਮੁੜਕੇ ਉਥੇ ਕਿਥੋਂ ਆਉਣਾ ਹੈ।

੩. ਜਿਵੇਂ ਭੌਰਾ ਕਮਲ ਦੇ ਫੁੱਲ ਦੀ ਸੁਗੰਧੀ ਨੂੰ ਖੋਜਦਾ ਫਿਰਦਾ ਹੈ, ਪਰ ਕਿਸੇ ਦਿਨ ਕਮਲ ਦੀ ਪੰਖੜੀ ਰੂਪ ਡੱਬੇ ਵਿਚ ਹੀ ਸਮਾ ਜਾਂਦਾ ਹੈ।

੪. ਇਸੇ ਤਰ੍ਹਾਂ ਜਿਹੜੇ ਗੁਰਸਿੱਖ ਹਰ ਰੋਜ਼ ਗੁਰਬਾਣੀ ਪੜ੍ਹਦੇ ਹਨ ਭਾਵੇਂ ਰਸ ਨਹੀਂ ਆਇਆ। ਗੁਰਬਾਣੀ ਪੜ੍ਹੀ ਚਲੋ, ਵਿਚਾਰ ਵਿਚ ਲਗੇ ਰਹੋ, ਇਕ ਦਿਨ ਐਸਾ ਆਵੇਗਾ, ਗੁਰਬਾਣੀ ਦਾ ਰਸ ਐਸਾ ਪ੍ਰਾਪਤ ਹੋਵੇਗਾ, ਗੁਰ ਸ਼ਬਦ ਵਿਚ ਹੀ ਲਿਵਲੀਨ ਹੋ ਜਾਉਗੇ।

***"ਜੈਸੇ ਦੀਪ ਦੀਪਤ ਪਤੰਗ ਲੋਟ ਪੋਟ ਹੋਤ,***
***ਕਬਹੂੰ ਕੈ ਜ੍ਵਾਰਾ ਮੈ ਪਰਤ ਜਰਿ ਜਾਇ ਹੈ॥***
***ਜੈਸੇ ਖਗ ਦਿਨ ਪ੍ਰਤਿ ਚੋਗ ਚੁਗਿ ਆਵੈ ਉਡਿ,***
***ਕਾਹੂ ਦਿਨ ਫਾਸੀ ਫਾਸੈ ਬਹੁਰਿ ਨ ਆਇ ਹੈ॥***
***ਜੈਸੇ ਅਲਿ ਕਮਲ ਕਮਲ ਪ੍ਰਤਿ ਖੋਜੈ ਨਿਤ***
***ਕਬਹੂੰ ਕਮਲ ਦਲ ਸੰਪਟ ਸਮਾਇ ਹੈ॥***
***ਤੈਸੇ ਗੁਰਬਾਣੀ ਅਵਗਾਹਣ ਕਰਤ ਚਿਤ***
***ਕਬਹੂ ਮਗਨ ਹ੍ਵੈ ਸਬਦਿ ਉਰਝਾਇ ਹੈ॥ ੫੯੦॥"***

(ਕਬਿੱਤ ਸਵਈਏ ਭਾ: ਗੁਰਦਾਸ ਜੀ)

## ੨. ਸਾਖੀ ਗੁਰੂ ਅੰਗਦ ਦੇਵ ਜੀ ਕੇ ਸਿੱਖੋਂ ਕੀ

ਤਵਾਰੀਖ਼ ਗੁਰੂ ਖ਼ਾਲਸਾ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ। ਇਕ ਭਾਈ ਗੁੱਜਰ ਨਾਮ ਦਾ ਲੁਹਾਰ ਫਤਿਆਬਾਦ ਦੇ ਰਹਿਣ ਵਾਲਾ ਇਕ ਦਿਨ ਦੂਸਰੇ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸ਼ਰਣ ਵਿਚ ਖਡੂਰ ਸਾਹਿਬ ਚਲ ਕੇ ਆਇਆ। ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ, ਹਜ਼ੂਰ ! ਅਸੀਂ ਪ੍ਰਵਾਰਕ ਜੀਆਂ ਦੀ ਪਾਲਨਾ ਪੋਸਨਾ ਤੇ ਸੰਸਾਰਕ ਧੰਦਿਆਂ ਵਿਚ ਖਚਿਤ ਰਹਿੰਦੇ ਹਾਂ। ਕੋਈ ਪੁੰਨ ਦਾਨ ਜਪ ਤਪ ਨਹੀਂ ਹੋ ਪੈਂਦਾ, ਸੋ ਸਾਡਾ ਕੀਕੂੰ ਭਲਾ ਹੋਵੇ।

***"ਗੁੱਜਰ ਨਾਮ ਸੁ ਜਾਤ ਲੁਹਾਰ। ਚਲਿ ਆਯਹੁ ਗੁਰ ਕੇ ਦਰਬਾਰ॥੨੦॥***
***ਬੰਦਨ ਕਰਿ ਬੈਠਯੋ ਗੁਰ ਪਾਸਿ। ਦਰਸਨ ਦੇਖ ਕਰੀ ਅਰਦਾਸਿ।***
***ਸੁਨਹੁ ਗੁਰੂ ਜੀ ਹੇਤ ਅਹਾਰ। ਦਿਨ ਸਗਰੇ ਹਮ ਠਾਨਹਿ ਕਾਰ॥੨੧॥***
***ਫਸੇ ਗ੍ਰਿਹਸਤਿ ਪਾਇ ਨ ਅਵਿਕਾਸ਼। ਸੇਵਾ ਕਰਹਿ ਰਹਹਿ ਤੁਮ ਪਾਸਿ।***

***ਹਮਰੋ ਭੀ ਕਿਮ ਹੋਇ ਕੱਲਯਾਨ। ਜਨਮ ਮਰਨ ਕਾ ਬੰਧਨ ਹਾਨਿ॥ ੨੨॥"***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੧੧)

ਗੁਰੂ ਜੀ ਨੇ ਕਿਹਾ, ਜਪੁ ਜੀ ਸਾਹਿਬ ਇਕਾਗਰ ਮਨ ਹੋ ਕੇ ਪੜ੍ਹਿਆ ਕਰ। ਗ਼ਰੀਬ ਦਾ ਕੰਮ ਧਨੀ ਤੋਂ ਪਹਿਲਾਂ ਕਰਿਆ ਕਰ। ਧਰਮ ਦੀ ਕਿਰਤ ਕਰ, ਵੰਡ ਛਕ, ਤੇਰਾ ਭਲਾ ਹੋਵੇਗਾ।

(ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ, ਪੰਨਾ ੩੩੦)

ਇਹ ਪ੍ਰਸੰਗ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਪ੍ਰਕਾਰ ਆਇਆ ਹੈ—

***"ਸੁਨਿ ਸਤਿਗੁਰ ਕੀਨ ਉਪਦੇਸ। ਇਕ ਚਿਤ ਜਪੁ ਜੀ ਪਠਹੁ ਹਮੇਸ।***
***ਜੇਤਿਕ ਵਾਰ ਪਠਯੋ ਨਿਤ ਜਾਇ। ਪਠਿਤ ਰਹਹੁ ਦੀਰਘ ਫਲ ਪਾਇ॥੨੩॥***
***ਪਿਖਹੁ ਗਰੀਬ ਕਾਜ ਕਰ ਦੀਜੈ। ਨਹਿ ਤਿਸ ਨਿਕਟ ਮਜੂਰੀ ਲੀਜੈ॥***
***ਜਪੁ ਜੀ ਅਰਥ ਵਿਚਾਰਨ ਕਰੋ। ਸ੍ਵਾਸ ਸ੍ਵਾਸ ਅੰਤਰ ਨਿਤਿ ਧਰੋ॥੨੪॥"***

ਸੋ ਇਸ ਉਪਦੇਸ਼ ਨੂੰ ਕਮਾ ਕੇ ਭਾਈ ਗੁੱਜਰ ਨੇ ਆਪਣਾ ਜੀਵਨ ਸਫਲਾ ਕੀਤਾ। ਇਹ ਵੀ ਲਿਖਿਆ ਹੈ ਕਿ ਇਕ ਦਿਨ ਇਕ ਕੈਦੀ ਨੱਠ ਕੇ ਇਸ ਦੇ ਘਰ ਆਇਆ। ਗੁਰੂ ਜੀ ਦਾ ਵਾਸਤਾ ਪਾ ਕੇ ਕਿਹਾ ਕਿ ਮੇਰੀ ਬੇੜੀ ਕੱਟ ਦਿਉ। ਤੁਹਾਨੂੰ ਜਮਾਂ ਦਾ ਰਸਤਾ ਨਹੀਂ ਦੇਖਣਾ ਪਵੇਗਾ।

***ਪ੍ਰਭ ਨਮਿਤ ਦੇਹੁ ਬੰਧਨ ਕਾਟਿ। ਤੁਝ ਕੋ ਹੋਇ ਨਾ ਜਮ ਕੀ ਬਾਟ॥੨੯॥***

ਇਸ ਨੇ ਗੁਰੂ ਦਾ ਵਾਸਤਾ ਸੁਣ ਕੇ ਬੇੜੀ ਕਟ ਦਿੱਤੀ। ਉਹ ਅਸੀਸਾਂ ਦਿੰਦਾ ਚਲਿਆ ਗਿਆ। ਗੁਰੂ ਕ੍ਰਿਪਾ ਨਾਲ ਇਸ ਨੂੰ ਪੂਰਨ ਗਿਆਨ ਹੋ ਗਿਆ।

ਉਪਜਯੋ ਇਸ ਕੇ ਗਯਾਨ ਵਿਸੇਸ। ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਦਰ ਵੀ ਇਹ ਪ੍ਰਸੰਗ ਇਸੇ ਪ੍ਰਕਾਰ ਆਇਆ ਹੈ। ਗੁਰੂ ਸਾਹਿਬ ਜੀ ਨੇ ਇਸ ਤਰ੍ਹਾਂ ਉਪਦੇਸ਼ ਦੇਣਾ ਕੀਤਾ ਹੈ :

***ਸੁਨਿ ਸਤਿਗੁਰੂ ਦਯਾਲ ਹ੍ਵੈ, ਅਸ ਬਚਨ ਉਚਾਰੇ। ਪਢਾ ਕਰੋ ਜਪੁ ਜੀ ਸਦਾ, ਕਰਤੇ ਰਹੁ ਕਾਰੇ।***
***ਹੋਇ ਜੁ ਕਾਮ ਗ੍ਰਿਬ ਕਾ, ਬਿਨ ਕਰੋ ਮਜੂਰੀ। ਸੇਵ ਕਰੋ ਸਿਖ ਸਾਧ ਕੀ, ਧਰਿ ਦਯਾ ਜਰੂਰੀ॥ ੩੯॥***

(ਪੂਰਬਾਰਧ ਬਿਸਰਾਮ ੧੪)

## ੪. ਸਾਖੀ ਗੁਰੂ ਰਾਮਦਾਸ ਜੀ ਕੇ ਸਿੱਖੋਂ ਕੀ

ਭਾਈ ਜਾਪਾ, ਮਈਆ, ਨਈਆ ਤੇ ਤੁਲਸਾ ਜੀ ਇਹ ਚਾਰ ਸਿੱਖ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਦੀ ਸ਼ਰਣ ਵਿਚ ਚਲ ਕੇ ਆਏ ਹਨ। ਪਰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਨ੍ਹਾਂ ਦੇ ਨਾਮ ਇਸ ਪ੍ਰਕਾਰ ਦਰਸਾਏ ਹਨ :

***"ਮਾਈਆ ਜਾਪਾ ਜਾਣੀਅਨਿ ਨਈਆ ਖੁੱਲਰ ਗੁਰੂ ਪਿਆਰਾ।"***

ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ :

***"ਧਰਿ ਸਰਧਾ ਜਾਪਾ ਅਰੁ ਮੱਈਆ। ਖੁੱਲਰ ਜਾਤ ਨਾਮੁ ਜਿਸ ਨੱਈਆ।***
***ਤੁਲਸਾ ਵਹੁਰਾ ਮਿਲਿ ਸਿਖ ਚਾਰੇ। ਸਤਿਗੁਰ ਰਾਮਦਾਸ ਕੇ ਦ੍ਵਾਰੇ॥ ੨੯॥"***

(ਗੁ: ਪ੍ਰ: ਸੂਰਜ ਗ੍ਰੰਥ ਰਾਸਿ ੨, ਅੰਸੂ ੧੮)

ਮਸਤਕ ਟੇਕਣ ਉਪਰੰਤ ਚਾਰਾਂ ਨੇ ਬੇਨਤੀ ਕੀਤੀ, ਜੀ ਆਪਣੇ ਜਾਣ ਕੇ ਉਪਦੇਸ਼ ਦਿਓ। ਗ੍ਰਹਿਸਤ ਵਿਚ, ਘਰਿ ਅੰਦਰ ਰਹਿੰਦਿਆਂ ਸਿੱਖੀ ਪ੍ਰਾਪਤ ਹੋ ਆਵੇ ਜੀ। ਪਰਉਪਕਾਰੀ ਸਤਿਗੁਰਾਂ ਨੇ ਉਪਦੇਸ਼ ਬਖ਼ਸ਼ਿਆ, ਭਾਈ ਗੁਰਸਿੱਖੋ ! ਜਿਸ ਤਰ੍ਹਾਂ ਦਿਨ ਰਾਤ ਤੁਹਾਨੂੰ ਘਰ ਦੇ ਕੰਮ ਪਿਆਰੇ ਹਨ, ਇਸ ਤਰ੍ਹਾਂ ਗੁਰਬਾਣੀ ਨਾਲ ਪ੍ਰੇਮ ਕਰੋ, ਦਿਨ ਰਾਤ ਪ੍ਰੇਮ ਨਾਲ ਗੁਰਬਾਣੀ ਪੜ੍ਹਿਆ ਕਰੋ ਅਤੇ ਗੁਰਬਾਣੀ ਜੋ ਪੜ੍ਹਦੇ ਹੋ, ਉਸ ਦੇ ਬਾਰ-ਬਾਰ ਅਰਥਾਂ ਨੂੰ ਵੀਚਾਰਿਆ ਕਰੋ। ਇਸ ਤਰ੍ਹਾਂ ਵੀਚਾਰ ਕਰਿਆ ਕਰੋ ਕਿ ਗੁਰਬਾਣੀ ਕੀ ਸਿਖਿਆ ਦਿੰਦੀ ਹੈ ਅਤੇ ਅਸੀਂ ਕੀ ਕਰਦੇ ਹਾਂ। ਇਹ ਵੀਚਾਰ ਧਾਰ ਕੇ ਗੁਰਬਾਣੀ ਉਪਦੇਸ਼ ਹਿਰਦੇ ਵਿਚ ਵਸਾ ਕੇ ਕਮਾਉਣਾ ਕਰੋ ਤਾਂ ਤੁਹਾਡਾ ਜੀਵਨ ਸਫਲ ਹੋ ਆਵੇਗਾ :

***"ਸ੍ਰੀ ਗੁਰ ਰਾਮਦਾਸ ਉਪਕਾਰੀ। ਬਾਨੀ ਕਰਨਾ ਠਾਨਿ ਉਚਾਰੀ।***
***ਜਿਮ ਨਿਸ ਦਿਨ ਘਰ ਕਾਜ ਸੁਧਾਰੇ। ਤਯਾਗਹੁ ਕਬਹੁ ਨਾ, ਲਾਗਹਿ ਪਯਾਰੇ ॥ ੩੨॥***
***ਤਥਾ ਪਯਾਰ ਧਾਰਹੁ ਗੁਰਬਾਨੀ। ਪਠਨਿ ਸੁਨਨਿ ਕੀਜਹਿ ਰੁਚਿ ਠਾਨੀ।***
***ਧਰਯੋ ਅਰਥ ਜੋ ਸ਼ਬਦ ਮਝਾਰਾ। ਬਾਰ ਬਾਰ ਉਹ ਕਰਹੁ ਬਿਚਾਰਾ ॥ ੩੩॥***
***ਕਯਾ ਗੁਰ ਕਹੈਂ, ਕਰੈਂ ਹਮ ਕਹਾਂ ਸਨੈ ਸਨੈ ਮੋਰਹੁ ਮਨ ਮਹਾ।***
***ਮਮ ਸਰੀਰ ਕੋ ਧਾਰਹੁ ਧਯਾਨ। ਅੰਮ੍ਰਿਤ ਵੇਲਾ ਪੁੰਨ ਮਹਾਨ॥ ੩੪॥"***

ਭਾਈ ਗੁਰਸਿੱਖੋ ! ਮਨ ਅੜੀਅਲ ਘੋੜੇ ਜੈਸਾ ਹੈ, ਜਿਸ ਤਰ੍ਹਾਂ ਘੋੜੇ ਨੂੰ ਮਸਾਲਾ ਦੇ ਕੇ "ਕਾਜੈ" ਕਰਦੇ ਹਨ। ਮਸਾਲਾ ਦੇਣ ਪਿਛੋਂ, ਘੋੜੇ ਦੇ ਮੁਖ ਵਿਚ ਲਗਾਮ ਦੇ ਕੇ ਖਿਚਕੇ ਕਾਠੀ ਨਾਲ ਬੰਨ੍ਹ ਦਿੰਦੇ ਹਨ, ਜਿਸ ਕਰਕੇ ਘੋੜਾ ਦਾਣਾ ਅਤੇ ਘਾਹ ਨਾ ਚਰ ਸਕੇ, ਇਸ ਤਰ੍ਹਾਂ ਕਰਨ ਨਾਲ ਘੋੜੇ ਦਾ ਹਾਜ਼ਮਾ ਠੀਕ ਹੋ ਜਾਂਦਾ ਹੈ। ਇਹ ਕਰਨ ਨਾਲ ਆਖਦੇ ਹਨ ਘੋੜਾ ਰੋਗ ਰਹਿਤ ਹੋ ਜਾਂਦਾ ਹੈ।

***"ਮਮ ਬਾਨੀ ਕੋ ਕਰਹੁ ਉਚਾਰਨਿ। ਮਿਲਿ ਸਿਖਨ ਤੇ ਅਰਥ ਬਿਚਾਰਨ।***
***ਜਿਮ ਤੁਰੰਗ ਕੋ ਦੇਹਿ ਮਸਾਲਾ। ਬਹੁਰ ਕਰਹਿਂ ਕਾਜੈ ਚਿਰਕਾਲਾ॥ ੩੫॥***
***ਤਬਿ ਹਯ ਰੋਗੀ ਹੋਇ ਨਿਰੋਵਾ। ਸਭਿ ਸਰੀਰ ਕੀ ਬਯਾਧੀ ਖੋਵਾ।"***

ਇਸ ਤਰ੍ਹਾਂ ਮਨ ਰੂਪ ਘੋੜੇ ਨੂੰ ਹਉਮੈ ਦਾ ਰੋਗ ਲਗਿਆ ਹੋਇਆ ਹੈ। ਇਸ ਦੀ ਨਵਿਰਤੀ ਇਸ ਤਰ੍ਹਾਂ ਹੁੰਦੀ ਹੈ ਭਾਵ ਹਉਮੈ ਦਾ ਰੋਗ ਕੱਟਣ ਦਾ ਇਹ ਤਰੀਕਾ ਹੈ। ਪ੍ਰੇਮ ਸਹਿਤ ਗੁਰੂ ਸਰੂਪ ਦੇ ਧਿਆਨ ਵਿਚ

ਮਗਨ ਹੋਣਾ। ਸ੍ਵਾਸਿ-ਸ੍ਵਾਸਿ ਵਾਹਿਗੁਰੂ ਮੰਤਰ ਦਾ' ਸਿਮਰਨ ਕਰਨਾ।

*"ਤਿਮ ਸਤਿਗੁਰ ਕੋ ਕਰਿਬੇ ਧਯਾਨ। ਹਿਰਦੇ ਧਾਰਨ ਪ੍ਰੇਮ ਮਹਾਨ॥ ੩੬॥*
*ਸਿਮਰਹਿ ਵਾਹਿਗੁਰੂ ਸਤਿਨਾਮੂ। ਤਬਿ ਨਾਸਹਿ ਹਉਮੈ ਬਡਿ ਆਮੂ।*
*ਮਨ ਤੁਰੰਗ ਬਡ ਸੁਧਤਾ ਪਾਵੈ। ਗੁਰ ਅਨੁਸਾਰੀ ਹੁਇ ਬਿਰਤਾਵੈ॥ ੩੭॥"*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੨, ਅੰਸੂ ੧੮)

ਕਵੀ ਸੰਤੋਖ ਸਿੰਘ ਜੀ ਨੇ ਮਨ ਰੂਪ ਘੋੜੇ ਨੂੰ ਵਸਿ ਵਿਚ ਕਰਨ ਦਾ ਤਰੀਕਾ ਇਸੀ ਤਰ੍ਹਾਂ ਦਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਵੀ ਕਥਨ ਕੀਤਾ ਹੈ। "ਜਬਹਿ ਸਬਦ ਨੇ ਮਨ ਸਮਝਾਯੋ। ਕਾਜਾ ਕਰਨ ਬਾਜ ਸਮ ਭਾਯੋ। (ਸ੍ਰੀ ਗੁਰੂ ਨਾਨਕ ਪ੍ਰਕਾਸ਼) ਮਨ ਨੂੰ ਵਸ ਵਿਚ ਕਰਨ ਦਾ ਤਰੀਕਾ ਇਕ ਹੋਰ ਗੁਰੂ ਜੀ ਨੇ ਇਥੇ ਦਸਿਆ ਹੈ। ਕਿਹਾ ਗੁਰਸਿੱਖੋ ! ਤੁਰਦਿਆਂ, ਫਿਰਦਿਆਂ, ਕੰਮ ਕਰਦਿਆਂ, ਹਰ ਸਮੇਂ ਵਾਹਿਗੁਰੂ ਵਾਹਿਗੁਰੂ ਕਰਦੇ ਰਹੋ। ਕੰਮ ਕਰਨ ਸਮੇਂ ਮਨ ਸਿਮਰਨ ਵਿਚ ਇਸ ਤਰ੍ਹਾਂ ਲਾਈ ਰਖੋ ਜਿਸ ਤਰ੍ਹਾਂ ਮਾਈਆਂ ਪਾਣੀ ਦੇ ਘੜੇ ਭਰ ਕੇ ਸੀਸ ਉਪਰ ਰੱਖ ਕੇ ਹੱਥ ਛੱਡ ਕੇ ਆਪਸ ਵਿਚ ਗੱਲਾਂ ਕਰਦੀਆਂ ਜਾਂਦੀਆਂ ਹਨ, ਪਰ ਮਨ ਘੜੇ ਵਿਚ ਹੁੰਦਾ ਹੈ, ਘੜਾ ਗਿਰਦਾ ਨਹੀਂ, ਇਸੀ ਪ੍ਰਕਾਰ ਕੰਮ ਕਾਰ ਸਮੇਂ ਧਿਆਨ ਸਿਮਰਨ ਵਿਚ ਰੱਖਣਾ ਹੈ ਤਾਂ ਜੀਵਨ ਸਫਲਾ ਹੋ ਆਵੇਗਾ।

*"ਪਾਇਨ ਬਿਚਰਤ ਸਿਮਰਹੁ ਨਾਮੂ। ਹਾਥਨ ਕਰਿਹੁ ਕਾਜ ਸਭ ਧਾਮੂ।*
*ਊਠਤਿ ਬੈਠਤਿ ਜਾਗਤ ਸੋਵਤਿ। ਸੁਨਿਤੇ ਸ੍ਰਵਣ, ਬਿਲੋਚਨ ਜੋਵਤਿ॥ ੩੮॥*
*ਰਿਦਾ ਧਰਹੁ ਸਤਿਗੁਰ ਕੇ ਸੰਗਿ। ਅਪਰ ਕ੍ਰਿਯਾ ਕਰਿਯਹਿ ਸਭ ਅੰਗ।*
*ਜਿਮ ਸਿਰ ਘਟ ਬਹੁ ਬਾਤ ਬਨਾਵਤਿ। ਹਾਥ ਹਲਾਵਤ ਮਾਰਗੁ ਜਾਵਤਿ॥ ੩੯॥*
*ਤਊ ਘਟੇ ਸੋ ਮਨ ਹੈ ਜੁਰਿਓ। ਗਿਰਹਿ ਨ ਡੋਲਹਿ, ਰਹੈ ਸੋ ਧਰਿਓ।*
*ਇਮ ਬ੍ਰਿਤਿ ਨਿਸਚਲ ਕਰਿ ਸੁਖ ਪਾਵੋ। ਅੰਤਕਾਲ ਕੈਵਲ ਹੋਇ ਜਾਵੋ॥ ੪੦॥"*

ਇਸ ਤਰ੍ਹਾਂ ਇਹ ਚਾਰੇ ਗੁਰਸਿੱਖ ਗੁਰ ਉਪਦੇਸ਼ ਕਮਾ ਕੇ ਮੋਖਸ਼ ਨੂੰ ਪ੍ਰਾਪਤ ਹੋਏ ਹਨ।

## ਗੁਰਬਾਣੀ ਪ੍ਰਮਾਣ

੧. *ਜਨੁ ਨਾਨਕੁ ਬੋਲੇ ਗੁਣ ਬਾਣੀ ਗੁਰਬਾਣੀ ਹਰਿ ਨਾਮਿ ਸਮਾਇਆ॥* (੪੯੪)
੨. *ਗੁਰਬਾਣੀ ਗਾਵਹ ਭਾਈ॥ ਓਹ ਸਫਲ ਸਦਾ ਸੁਖਦਾਈ॥* (੬੨੮)
੩. *ਨਦਰਿ ਕਰੇ ਮੇਲਾਵਾ ਹੋਇ॥ ਗੁਰਬਾਣੀ ਤੇ ਹਰਿ ਮੰਨਿ ਵਸਾਏ॥* (੬੬੪)
੪. *ਗੁਰਬਾਣੀ ਸੁਣਿ ਮੈਲੁ ਗਵਾਏ॥ ਸਹਜੇ ਹਰਿ ਨਾਮੁ ਮੰਨਿ ਵਸਾਏ॥* (੬੬੫)
੫. *ਗੁਰਬਾਣੀ ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿ ਨਾਮੁ ਪਾਇਦਾ॥* (੧੦੬੬)

*੬. ਅੰਮ੍ਰਿਤ ਬਾਣੀ ਹਰਿ ਹਰਿ ਤੇਰੀ॥ ਸੁਣਿ ਸੁਣਿ ਹੋਵੈ ਪਰਮ ਗਤਿ ਮੇਰੀ॥*
*ਜਲਨਿ ਬੁਝੀ ਸੀਤਲੁ ਹੋਇ ਮਨੂਆ ਸਤਿਗੁਰ ਕਾ ਦਰਸਨੁ ਪਾਏ ਜੀਉ॥* (੧੦੩)
*੭. ਅੰਮ੍ਰਿਤ ਬਾਣੀ ਗੁਰ ਕੀ ਮੀਠੀ॥ ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥*
*ਅੰਤਰਿ ਪਰਗਾਸੁ ਮਹਾ ਰਸੁ ਪੀਵੈ ਦਰਿ ਸਚੈ ਸਬਦੁ ਵਜਾਵਣਿਆ॥ ੨੫॥* (੧੧੩)

**ਸਲੋਕ ਮਃ ੩ ॥ ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥ ਵਾਹੁ ਵਾਹੁ ਅਗਮ ਅਥਾਹੁ ਹੈ ਵਾਹੁ ਵਾਹੁ ਸਚਾ ਸੋਇ॥ ਵਾਹੁ ਵਾਹੁ ਵੇਪਰਵਾਹੁ ਹੈ ਵਾਹੁ ਵਾਹੁ ਕਰੇ ਸੁ ਹੋਇ॥ ਵਾਹੁ ਵਾਹੁ ਅੰਮ੍ਰਿਤ ਨਾਮ ਹੈ ਗੁਰਮੁਖਿ ਪਾਵੈ ਕੋਇ॥ ਵਾਹੁ ਵਾਹੁ ਕਰਮੀ ਪਾਈਐ ਆਪਿ ਦਇਆ ਕਰਿ ਦੇਇ॥ ਨਾਨਕ ਵਾਹੁ ਵਾਹੁ ਗੁਰਮੁਖਿ ਪਾਈਐ ਅਨਦਿਨੁ ਨਾਮੁ ਲਏਇ॥੧॥**

**ਪਦ ਅਰਥ :-** ਵਾਹੁ-ਪਦ ਫ਼ਾਰਸੀ ਦਾ ਹੈ, ਅਰਥ ਇਸ ਦਾ ਹੈ : ਖ਼ੂਬ, ਸ਼ਾਬਾਸ਼, ਧੰਨ। ਇਹ ਅਸਚਰਜ ਜਨਾਉਣ ਲਈ ਵਿਸਮਯ ਬੋਧਕ ਪਦ ਹੈ, ਪਰ ਇਹ ਤਦੋਂ ਉਚਾਰ ਹੁੰਦਾ ਹੈ ਜਦੋਂ ਜੀਵ-ਆਤਮਾ ਮਨ ਬੁੱਧੀ ਤੋਂ ਉੱਚਾ ਉਠ ਕੇ 'ਅਨੰਤ' ਨਾਲ ਛੁਹ ਜਾਂ ਡੁਬਕੀ ਲੈਂਦਾ ਹੈ ਅਤੇ ਉਥਾਨ ਸਮੇਂ ਮਨ ਬਾਣੀ ਪਿੱਛੇ ਰਹਿ ਜਾਣ ਕਰਕੇ ਕੁਛ ਜਾਣਦਾ ਤਾਂ ਨਹੀਂ ਪਰ ਉਸ ਰਸ-ਅਸ੍ਵਾਦਨ ਵਿਚ ਜੋ ਆਤਮਾ ਤੋਂ ਮਨ ਨੂੰ ਮਿਲਦਾ ਹੈ, 'ਵਾਹੁ ਵਾਹੁ' ਕਹਿ ਉਠਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਪਦ ਤੋਂ ਹੀ ਸਿਮਰਨ ਸ਼ੁਰੂ ਕਰਵਾਇਆ ਹੈ ਕਿ :- ਅਸ੍ਰ ਰਜ ਰੂਪੰ ਰਹੰਤ ਜਨਮੰ॥ (ਸਲੋਕ ਸਹਸਕ੍ਰਿਤੀ) ਇਥੇ ਵਾਹੁ ਪਦ ਤੋਂ ਮੁਰਾਦ ਵਾਹਿਗੁਰੂ ਦੀ ਹੈ। ਭੱਟਾਂ ਨੇ ਸਵਈਏ ਮਹਲੇ ਚਉਥੇ ਕੇ ਵਿਚ 'ਵਾਹੁ ਵਾਹੁ ਕਾ ਬਡਾ ਤਮਾਸਾ॥ ਕਹਿ ਕੇ 'ਆਪੇ ਕੀਆ ਘਟਿ ਘਟਿ ਬਾਸਾ॥' ਫੁਰਮਾ ਕੇ ਦਸਿਆ ਹੈ ਕਿ 'ਵਾਹੁ ਵਾਹੁ' ਪਦ ਅਸਚਰਜ ਰੂਪ ਅਕਾਲ ਪੁਰਖ ਦਾ ਵਾਚਕ ਹੈ ਅਤੇ ਨਾਲ ਹੀ ਕਿਹਾ ਕਿ :- ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ (ਅੰਗ ੧੪੦੩) ਇਸ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ 'ਵਾਹੁ ਵਾਹੁ' ਦਾ ਭਾਵ 'ਵਾਹਿਗੁਰੂ' ਪਦ ਆਦਿ ਪੁਰਖ ਦਾ ਵਾਚਕ ਹੈ। ਜੈਸੇ ਭੱਟਾਂ ਦੇ ਸਵਈਆਂ ਅੰਦਰ ਫੁਰਮਾਣ ਹੈ :- ਆਦਿ ਪੁਰਖ ਸਦਾ ਤੁਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਚੂੜਮਣਿ ਕਵੀ ਸੰਤੋਖ ਸਿੰਘ ਜੀ ਨੇ ਇਸੇ ਸਬੰਧ ਵਿਚ ਕਥਨ ਕੀਤਾ ਹੈ :- ਵਾਹ ਨਾਮ ਅਚਰਜ ਕੋ ਹੋਈ। ਅਚਰਜ ਤੇ ਪਰ ਉਕਤ ਨ ਕੋਈ। 'ਗੋ' ਤਮ ਨਾਮ ਅਗਯਾਨ ਅਨਿਤ। 'ਰੂ' ਪ੍ਰਕਾਸ ਕਿਯੋ ਜਿਨਿ ਚਿਤ। (ਨਾਨਕ ਪ੍ਰਕਾਸ਼ ਪੂਰਬਾਰਧ)

''ਬਾਣੀ ਨਿਰੰਕਾਰ - ਨਿਰਾਕਾਰ ਪ੍ਰਭੂ ਦੀ ਬਾਣੀ। ਭਾਵ ਉਸ ਪ੍ਰਭੂ ਦੀ ਆਪਣੀ ਦਿੱਤੀ ਬਾਣੀ ਹੈ। ਅਕਾਲ ਪੁਰਖ ਸ਼ਬਦ ਬ੍ਰਹਮ-ਬੀ ਹੈ। ਇਸ ਲਈ ਬਾਣੀ ਦਾ ਦਾਤਾ ਵੀ ਹੈ ਅਤੇ ਇਹ ਪਦ 'ਵਾਹਿਗੁਰੂ' ਉਸ ਦਾ ਦਿੱਤਾ ਹੋਇਆ ਹੈ। ਵੇਪਰਵਾਹੁ— ਫ਼ਾਰਸੀ ਵਿਚ ਇੱਛਾ ਰਹਿਤ, ਕਾਨ ਕਨੋੜ ਰਹਿਤ, ਅਗਮ— ਮਨ ਬਾਣੀ ਦੀ ਗੰਮਤਾ ਤੋਂ ਪਰੇ, ਅਥਾਹੁ— ਜਿਸ ਦੀ ਥਾਹ ਨਾ ਆਵੇ।

**ਅਰਥ :–** ਅਸਰਚਜ ਰੂਪ ਵਾਹਿਗੁਰੂ ਨਿਰਾਕਾਰ ਪ੍ਰਭੂ ਦੀ ਬਾਣੀ ਹੈ, ਭਾਵ ਉਸ ਪ੍ਰਭੂ ਦੀ ਆਪਣੀ ਦਿੱਤੀ ਬਾਣੀ ਹੈ, ਜਿਸ ਜਿੱਡਾ ਵੱਡਾ ਸੰਸਾਰ ਅੰਦਰ ਹੋਰ ਕੋਈ ਨਹੀਂ ਹੈ। ਅਸਚਰਜ ਰੂਪ ਵਾਹਿਗੁਰੂ ਜੀ ਮਨ ਬਾਣੀ ਦੀ ਗੰਮਤਾ ਤੋਂ ਪਰੇ ਤੇ (ਅਥਾਹ) ਜਿਸ ਦੀ ਥਾਹ ਨਾ ਆਵੇ, (ਸੋਇ) ਉਹ ਵਾਹਿਗੁਰੂ ਅਸਚਰਜ ਰੂਪ (ਸਚਾ) ਤਿੰਨ ਕਾਲ ਸਚਾ ਹੈ। ਉਹ ਧੰਨ ਵਾਹਿਗੁਰੂ ਜੀ 'ਵੇਪਰਵਾਹੁ' ਹੈ, ਜੋ ਮਨੁੱਖ ਵਾਹਿਗੁਰੂ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਉਹ ਵੀ ਉਸ ਵੇਪਰਵਾਹੁ ਵਾਹਿਗੁਰੂ ਦਾ ਰੂਪ ਹੀ ਹੋ ਜਾਂਦੇ ਹਨ। ਵਾਹਿਗੁਰੂ ਵਾਹਿਗੁਰੂ ਨਾਮ ਅੰਮ੍ਰਿਤ ਜੈਸਾ ਮਿੱਠਾ ਅਤੇ ਅਮਰ ਕਰਨ ਵਾਲਾ ਹੈ, ਪਰ ਇਸ ਨੂੰ ਕੋਈ 'ਗੁਰਮੁਖਿ' ਗੁਰੂ ਰਾਹੀਂ ਪ੍ਰਾਪਤ ਕਰਦਾ ਹੈ। ਅੰਮ੍ਰਿਤ ਜੈਸੇ ਮਿਠੇ ਵਾਹਿਗੁਰੂ ਨਾਮ ਦੀ ਪ੍ਰਾਪਤੀ ਵੀ ਉਸ ਹਰੀ ਦੀ ਕਿਰਪਾ ਨਾਲ ਹੁੰਦੀ ਹੈ, ਆਪ ਵਾਹਿਗੁਰੂ ਦਇਆ ਦ੍ਰਿਸ਼ਟੀ ਕਰਕੇ ਜਿਸ ਨੂੰ ਦਿੰਦਾ ਹੈ ਉਹੀ ਪ੍ਰਾਪਤ ਕਰਦਾ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ 'ਗੁਰਮੁਖਿ' ਗੁਰੂ ਰਾਹੀਂ ਪਹਿਲਾਂ (ਅਨਦਿਨ) ਦਿਨ ਰਾਤ ਵਾਹਿਗੁਰੂ ਨਾਮ ਲੈਂਦਿਆਂ ਉਸ ਵਾਹਿਗੁਰੂ ਜੀ ਨੂੰ ਪਾ ਲੈਂਦਾ ਹੈ। ੧।

**ਮਃ ੩ ॥ ਬਿਨੁ ਸਤਿਗੁਰ ਸੇਵੇ ਸਾਤਿ ਨ ਆਵਈ ਦੂਜੀ ਨਾਹੀ ਜਾਇ ॥ ਜੇ ਬਹੁਤੇਰਾ ਲੋਚੀਐ ਵਿਣੁ ਕਰਮੈ ਨ ਪਾਇਆ ਜਾਇ ॥ ਜਿਨ੍ਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥ ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥ ਜਿਨ੍ਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥ ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥ ਨਾਨਕ ਗੁਰਮੁਖਿ ਉਬਰੇ ਸਚੈ ਸਬਦਿ ਸਮਾਹਿ ॥੨ ॥**

**ਪਦ ਅਰਥ :–** ਲੋਚੀਐ–ਚਾਹੀਏ। ਕਰਮੈ–ਭਾਗਾਂ। ਤਲਬ–ਸੱਦਾ, ਬੁਲਾਵਾ, ਹਾਕਮ ਯਾ ਅਦਾਲਤ ਵੱਲੋਂ ਜਵਾਬ ਦੇਹੀ ਲਈ ਕਚਹਿਰੀ ਵਿਚ ਸੱਦੇ ਜਾਣ ਦਾ ਨਾਮ ਵੀ 'ਤਲਬ' ਹੈ।

ਬਿਨੁ ਸਤਿਗੁਰ ਸੇਵੇ–ਸਤਿਗੁਰੂ ਦੀ ਸੇਵਾ ਤੋਂ ਬਿਨਾਂ ਅੰਤਸ਼ਕਰਨ ਦੀ ਸ਼ੁੱਧੀ ਨਹੀਂ ਹੁੰਦੀ। ਸ਼ੁੱਧ ਅੰਤਹਕਰਨ ਤੋਂ ਬਿਨਾਂ ਹਿਰਦੇ ਅੰਦਰ ਨਾਮ ਨਹੀਂ ਵਸਦਾ। ਨਾਮ ਤੋਂ ਬਿਨਾਂ ਸ਼ਾਂਤੀ ਨਹੀਂ ਆ ਸਕਦੀ।

**ਅਰਥ :–** ਗੁਰ ਸੇਵਾ ਕੀਤੇ ਬਿਨਾ ਅੰਤਸ਼ਕਰਨ ਦੀ ਸ਼ੁੱਧੀ ਨਹੀਂ ਹੁੰਦੀ, ਅੰਤਹਕਰਨ ਦੀ ਸ਼ੁੱਧੀ ਬਿਨਾਂ ਹਿਰਦੇ ਅੰਦਰ ਨਾਮ ਨਹੀਂ ਵਸਦਾ, ਨਾਮ ਹਿਰਦੇ ਅੰਦਰ ਵਸੇ ਬਿਨਾਂ ਮਨ ਨੂੰ ਸ਼ਾਂਤੀ ਨਹੀਂ ਆਂਵਦੀ, ਸਤਿਗੁਰੂ ਦੀ ਸੇਵਾ ਤੋਂ ਬਿਨਾਂ ਹੋਰ ਕੋਈ ਸ਼ਾਂਤੀ ਦੀ ਪ੍ਰਾਪਤੀ ਲਈ ਜਗ੍ਹਾ ਨਹੀਂ ਹੈ। ਜੇ ਬਹੁਤ ਚਾਹੀਏ ਵੀ ਕਿ ਮੈਨੂੰ ਪ੍ਰਭੂ ਜੀ ਦਾ ਮਿਲਾਪ ਹੋ ਜਾਵੇ ਪਰ ਚੰਗੇ ਭਾਗਾਂ ਬਿਨਾਂ ਵਾਹਿਗੁਰੂ ਜੀ ਪਾਇਆ ਨਹੀਂ ਜਾਂਦਾ। ਜਿਨ੍ਹਾਂ ਪੁਰਸ਼ਾਂ ਦੇ ਅੰਦਰ ਲੋਭ ਦਾ ਵਿਕਾਰ ਹੈ ਉਹ (ਦੂਜੈ ਭਾਇ) ਦ੍ਵੈਤ ਭਾਵ ਵਿਚ (ਖੁਆਏ) ਭੁਲੇ ਫਿਰਦੇ ਹਨ। ਉਹਨਾਂ ਦਾ ਜਨਮ ਧਾਰ ਕੇ ਸੰਸਾਰ ਅੰਦਰ ਆਉਣਾ ਮਰ ਕੇ ਜੂਨਾਂ ਵਿਚ ਪੈਣਾ ਮੁਕਦਾ ਨਹੀਂ ਹੈ, ਇਹ ਜਨਮਾਂ ਦੇ ਦੇਣ ਵਾਲੀ ਹਉਮੈ ਹੈ, ਹਉਮੈ ਵਿਚ ਹੋਣ ਕਰਕੇ ਦੁਖ ਪਾਉਂਦਾ ਹੈ। ਜਿਨ੍ਹਾਂ ਨੇ ਸਤਿਗੁਰੂ ਜੀ ਨਾਲ ਆਪਣੀ ਚਿਤ ਬਿਰਤੀ ਨੂੰ ਲਾਇਆ ਹੈ ਭਾਵ ਜੋੜਿਆ ਹੈ ਉਹਨਾਂ ਵਿਚੋਂ ਕੋਈ ਵੀ ਪ੍ਰਭੂ ਮਿਲਾਪ ਤੋਂ

'ਖਾਲੀ' ਨਹੀਂ ਭਾਵ ਵਾਂਝਾ ਨਹੀਂ ਰਿਹਾ। ਉਹਨਾਂ ਨੂੰ ਜਮਾਂ ਦਾ ਸੱਦਾ ਧਰਮ ਰਾਇ ਦੀ ਕਚਹਿਰੀ ਵਿਚ ਜਵਾਬ ਦੇਹੀ ਲਈ ਨਹੀਂ ਆਉਂਦਾ ਅਤੇ ਨਾ ਹੀ ਉਹਨਾਂ ਨੂੰ ਜਮਾਂ ਦੇ ਦੁੱਖ ਸਹਾਰਨੇ ਪੈਂਦੇ ਹਨ। ਗੁਰੂ ਜੀ ਫੁਰਮਾਨ ਕਰਦੇ ਹਨ ਕਿ ਗੁਰਮੁਖਿ ਸੰਸਾਰ ਸਾਗਰ ਨੂੰ ਤਰ ਜਾਂਦੇ ਹਨ, ਕਿਉਂਕਿ ਉਹ ਸ਼ਬਦ ਦੁਆਰਾ ਸੱਚੇ ਵਿਚ ਸਮਾ ਜਾਂਦੇ ਹਨ।੨।

ਨੋਟ-ਭਾਈ ਵੀਰ ਸਿੰਘ ਜੀ ਨੇ 'ਸਮਾਹਿ' ਦਾ ਅਰਥ ਸਮਾਉਣਾ ਹੀ ਕੀਤਾ ਹੈ।

ਸੰਪ੍ਰਦਾਈ ਮਹਾਂਪੁਰਖ ਵਿਦਵਾਨਾਂ ਨੇ 'ਸਮਾਹਿ' ਦਾ ਅਰਥ ਸਮਾਹੜਾ ਭਾਵ ਅਨੰਦ ਕੀਤਾ ਹੈ।

**ਪਉੜੀ॥ਢਾਢੀ ਤਿਸ ਨੋ ਆਖੀਐ ਜਿ ਖਸਮੈ ਧਰੇ ਪਿਆਰੁ॥ਦਰਿ ਖੜਾ ਸੇਵਾ ਕਰੇ ਗੁਰ ਸਬਦੀ ਵੀਚਾਰੁ॥ ਢਾਢੀ ਦਰੁ ਘਰੁ ਪਾਇਸੀ ਸਚੁ ਰਖੈ ਉਰ ਧਾਰਿ॥ ਢਾਢੀ ਕਾ ਮਹਲੁ ਅਗਲਾ ਹਰਿ ਕੈ ਨਾਇ ਪਿਆਰਿ॥ ਢਾਢੀ ਕੀ ਸੇਵਾ ਚਾਕਰੀ ਹਰਿ ਜਪਿ ਹਰਿ ਨਿਸਤਾਰਿ॥੧੮॥**

**ਪਦ ਅਰਥ-** ਢਾਢੀ-(ਸੰ: ਪੰਜਾਬੀ, ਢਢ+ਆ, ਗੁਣ+ਈ ਪ੍ਰਤੈ) ਢੱਡ ਵਜਾਉਣ ਵਾਲਾ ਜੋ ਪਿਛਲੇ ਬਹਾਦਰਾਂ ਦੇ ਸਮਾਚਾਰ ਗੀਤਾਂ ਵਿਚ ਗਾ ਕੇ ਸੁਣਾਉਂਦੇ ਹਨ। ਜਸ ਕਰਨ ਵਾਲਾ, ਕੀਰਤੀ ਕਰਨ ਵਾਲਾ। ਗੁਰਬਾਣੀ ਅੰਦਰ ਗੁਰੂ ਸਾਹਿਬਾਂ ਨੇ ਆਪਣੇ ਆਪ ਨੂੰ ਵੀ ਢਾਡੀ ਕਿਹਾ ਹੈ। ਭਾਵ ਹੈ ਵਾਹਿਗੁਰੂ ਜੀ ਦੀ ਕੀਰਤੀ ਕਰਨ ਵਾਲਾ ਢਾਡੀ, ਪਰ ਇਥੇ ਪ੍ਰਕਰਨ ਅਨੁਸਾਰ ਅਰਥ ਕਰਨਾ ਹੈ। ਢਾਡੀ ਉਸ ਨੂੰ ਆਖੀਦਾ ਹੈ ਜੋ ਆਪਣੇ (ਖਸਮ) ਮਾਲਕ ਵਾਹਿਗੁਰੂ ਜੀ ਨਾਲ ਪਿਆਰ ਕਰੇ। ਮਹਲੁ ਅਗਲਾ-'ਮਹਲੁ' ਸਰੂਪ, 'ਅਗਲਾ' ਬਹੁਤ ਵੱਡਾ ਭਾਵ ਸ੍ਵੈ-ਸਰੂਪ ਦੀ ਪ੍ਰਾਪਤੀ, ਇਹ ਦਰਜਾ ਰੂਹਾਨੀ ਮੰਡਲਾਂ ਵਿਚ ਸਭ ਤੋਂ ਵੱਡਾ ਹੈ। ਸੇਵਾ-ਨਿਸ਼ਕਾਮ ਰਹਿ ਕੇ ਕਰਨੀ। ਚਾਕਰੀ-ਸਕਾਮ ਭਾਵ ਪੈਸੇ ਲੈ ਕੇ ਕਰਨੀ।

**ਅਰਥ :**-ਢਾਡੀ ਉਸ ਨੂੰ ਆਖੀਦਾ ਹੈ ਜੋ ਆਪਣੇ 'ਖਸਮ' ਮਾਲਕ ਵਾਹਿਗੁਰੂ ਜੀ ਨਾਲ ਪਿਆਰ ਕਰਦਾ ਹੈ। ਗੁਰ ਸ਼ਬਦ ਦੀ ਵਿਚਾਰ ਵਿਚ ਜੁੜਿਆ ਹੋਇਆ, ਸੁਆਮੀ ਦੇ ਦਰਵਾਜ਼ੇ 'ਤੇ ਖਲੋਤਾ 'ਦਰਿ ਖੜਾ' ਭਾਵ ਹਮੇਸ਼ਾ ਸੁਆਮੀ ਦੇ ਸਨਮੁਖ ਰਹਿ ਕੇ ਸੇਵਾ ਕਰਦਾ ਹੈ। ਉਹ ਸੱਚ ਨਾਮ ਨੂੰ 'ਉਰਧਾਰਿ' ਹਿਰਦੇ ਵਿਚ ਵਸਾਈ ਰਖਦਾ ਹੈ ਅਤੇ ਉਹ ਢਾਡੀ (ਦਰੁ) ਗਿਆਨ ਰੂਪ ਦਰਵਾਜ਼ੇ ਰਾਹੀਂ (ਘਰੁ) ਸਰੂਪ ਰੂਪੀ ਘਰ ਨੂੰ ਪਾ ਲੈਂਦਾ ਹੈ। ਉਸ ਢਾਡੀ ਦਾ ਸ੍ਵੈ-ਸਰੂਪ ਦੀ ਪ੍ਰਾਪਤੀ ਰੂਪ ਦਰਜਾ ਰੂਹਾਨੀ ਮੰਡਲਾਂ ਵਿਚ ਸਭ ਤੋਂ ਵੱਡਾ ਹੈ, ਪਰ ਇਹ ਦਰਜਾ ਹਰੀ ਨਾਮ ਵਿਚ ਹਮੇਸ਼ਾ ਪ੍ਰੇਮ ਸਹਿਤ ਜੁੜਿਆ ਪ੍ਰਾਪਤ ਹੁੰਦਾ ਹੈ। ਢਾਡੀ ਦੀ ਸੇਵਾ ਤੇ (ਚਾਕਰੀ) ਨੌਕਰੀ ਇਹੀ ਹੈ ਕਿ ਉਹ ਨਾਮ ਜਪਦਾ ਰਹਿੰਦਾ ਹੈ, ਹਰੀ ਨਾਮ ਜਪਣੇ ਕਰਕੇ (ਹਰਿ) ਵਾਹਿਗੁਰੂ ਜੀ ਉਸ ਨੂੰ (ਨਿਸਤਾਰਿ) ਨਿਸਪਰਪੰਚ ਰੂਪ ਸਾਗਰ ਤੋਂ (ਤਾਰਿ) ਤਾਰ ਦਿੰਦਾ ਹੈ। ੧੮।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਅਰੰਭਤਾ ਦੇ ਸਲੋਕ ਅੰਦਰ 'ਵਾਹੁ ਵਾਹੁ' ਵਾਹਿਗੁਰੂ ਵਾਹਿਗੁਰੂ ਬਾਣੀ ਨਿਰੰਕਾਰ ਦੀ ਦੱਸ ਕੇ (ਵਾਹਿਗੁਰੂ) ਗੁਰ ਮੰਤਰ ਦੀ ਮਹਿਮਾ ਦਰਸਾਈ ਹੈ। ਭਾਈ ਗੁਰਦਾਸ ਜੀ ਨੇ ਬਾਰ੍ਹਵੀਂ ਵਾਰ ਦੀ ਸਤਾਰ੍ਹਵੀਂ ਪਉੜੀ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ—

***"ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ॥***
***ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ॥"***

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਸਰਬ ਲੋਹ ਪ੍ਰਕਾਸ਼' ਅੰਦਰ ਵਾਹਿਗੁਰੂ ਸ਼ਬਦ ਦੇ ਸਬੰਧ ਵਿਚ ਇਸ ਤਰ੍ਹਾਂ ਅੰਮ੍ਰਿਤ ਬਚਨ ਕਹੇ ਹਨ—

***"ਸਾਰ ਮੰਤ੍ਰ ਚਾਰੋ ਕਾ ਚਾਰ॥ ਵਾਹਿਗੁਰੂ ਮੰਤਰ ਨਿਰਧਾਰ॥***
***ਕਲਪ ਕਲਮ ਪ੍ਰਤ ਅਖਛਰ ਕਹੀ॥ ਸ੍ਰੀ ਗੁਰ ਨਾਨਕ ਜਾਪਯੋ ਸਹੀ॥***
***ਨਿਜ ਆਤਮ ਪਰਮਾਤਮ ਦਰਸਯੋ॥ ਚਾਰ ਕਲਪ ਮਹਿ ਮੰਤ੍ਰ ਸਰਸਯੋ॥***
***ਸਾ ਮੰਤ੍ਰ ਪ੍ਰਭ ਖਾਲਸਹ ਦੀਨਾ॥ ਵਾਹਿਗੁਰੂ ਪਦ ਪਾਵਨ ਕੀਨਾ॥"***

(ਸਰਬ ਲੋਹ ਪ੍ਰਕਾਸ਼)

ਗਿਆਨੀ ਗਿਆਨ ਸਿੰਘ ਜੀ ਨੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਦਰ ਵਾਹਿਗੁਰੂ ਮੰਤ੍ਰ ਨੂੰ ਸਾਰੇ ਮੰਤਰਾਂ ਦਾ ਸ਼੍ਰੋਮਣੀ ਦੱਸ ਕੇ ਇਸ ਦਾ ਜਾਪ ਸਾਰੇ ਪਾਪ ਨਾਸ਼ ਕਰਨ ਵਾਲਾ ਤੇ ਜਨਮ ਮਰਨ ਦੀ ਫਾਹੀ ਕੱਟਣ ਵਾਲਾ ਦਸਿਆ ਹੈ।

***"ਵਾਹਿਗੁਰੂ ਵਰ ਮੰਤ੍ਰ ਰਾਜ, ਉਚਾਰਨ ਤੇ ਅਘ ਓਘ ਨਸੇ ਹੈ॥***
***ਦਾਸਨ ਕੀ ਭਵ ਪਾਸੁ ਬਿਨਾਸਕ ਜਾਂ ਸਮ ਔਰ ਨ ਕੌ ਕਲਿ ਮੈ ਹੈ॥"***

(ਸ੍ਰੀ ਗੁਰੂ ਪੰਥ ਪ੍ਰਕਾਸ਼)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੫ (ਅੰਗ ੫੧੭)

ਰਾਗੁ ਗੂਜਰੀ ਵਾਰ ਮਹਲਾ ੫ ੧ਓ ਸਤਿਗੁਰ ਪ੍ਰਸਾਦਿ॥ ਸਲੋਕੁ ਮ: ੫ ॥ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥ ਮ: ੫॥ ਰਖੇ ਰਖਣਹਾਰਿ ਆਪਿ ਉਬਾਰਿਅਨੁ॥ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ॥ ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ॥ ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ਤਿਸ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥੨ ॥ਪਉੜੀ ॥ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ॥ ਸਚੋ ਸਚਾ ਸਚੁ ਸਚੁ ਨਿਹਾਰੀਐ॥ ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ॥ ਹੁਕਮੇ ਭਵਜਲ ਮੰਝਿ ਹੁਕਮੇ ਤਾਰੀਐ॥ ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ ॥ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ॥੧॥

# ਪ੍ਰਾਕ੍ਥਨ-

ਇਹ ਪਾਵਣ ਸ਼ਬਦ ਗੂਜਰੀ ਰਾਗੁ ਦੀ ਦੂਸਰੀ ਵਾਰ ਦੀ ਪਹਿਲੀ ਪਉੜੀ ਨਾਲ ਦੋ ਸਲੋਕਾਂ ਸਮੇਤ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਹੈ। ੧. ਰਾਗੁ ਗੂਜਰੀ=ਗੁਰਮਤਿ ਸੰਗੀਤ ਅਨੁਸਾਰ ਇਹ ਦੀਪਕ ਰਾਗੁ ਦੀ ਰਾਗਨੀ ਹੈ।

ਯਥਾ-'ਕਾਮੋਦੀ ਅਉ ਗੂਜਰੀ ਸੰਗ ਦੀਪਕ ਕੇ ਥਾਪ॥(ਅੰਗ ੧੪੩੦) ਭੈਰਵ ਅਤੇ ਰਾਮਕਲੀ ਮਿਲਕੇ ਗੂਜਰੀ ਬਣਦੀ ਹੈ। ਦੀਪਕ ਦੀ ਛਾਇਆ ਸਮੇਤ ਹੈ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ ੨੧੨, ਭਾਈ ਵੀਰ ਸਿੰਘ)

੨. ਬੁਧ ਪ੍ਰਕਾਸ਼ ਦਰਪਣ ਵਿਚ ਇਸ ਗੂਜਰੀ ਰਾਗੁ ਦੇ ਅੱਠ ਭੇਦ ਦਰਸਾਏ ਹਨ।

੧. ਦੱਖਣੀ ਗੂਜਰੀ, ੨. ਦ੍ਰਾਵੜੀ ਗੂਜਰੀ, ੩. ਗੰਧਾਰ ਗੂਜਰੀ, ੪. ਸੰਰਾਸਟ੍ਰ ਗੂਜਰੀ, ੫. ਮੰਗਲ ਗੂਜਰੀ, ੬. ਰਾਮਕਲੀ ਗੂਜਰੀ, ੭. ਬਹੁਲਾ ਗੂਜਰੀ, ੮. ਸਿਆਮ ਗੂਜਰੀ। ਇਸ ਨੂੰ ਦੀਪਕ ਰਾਗ ਦੀ ਇਸਤਰੀ ਲਿਖਿਆ ਹੈ।

ਰਾਗੁ ਗੂਜਰੀ ਬਾਰੇ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਪ੍ਰਕਾਰ ਲਿਖਿਆ ਹੈ : ਗੂਜਰੀ, ਟੋਡੀ, ਠਾਟ ਦੀ ਇਕ ਖਾੜਵ ਰਾਗਣੀ ਦੱਸੀ ਹੈ। ਇਸ ਵਿਚ ਪੰਚਮ ਵਰਜਿਤ ਹੈ। ਧੈਵਤ ਵਾਦੀ ਵਿਚ ਰਿਖਭ ਸੰਵਾਦੀ ਹੈ। ਰਿਖਭ, ਗੰਧਾਰ, ਧੈਵਤ, ਕੋਮਲ, ਮਧਮ, ਤੀਬ੍ਰ ਨਿਸ਼ਾਦ ਸ਼ੁੱਧ ਹੈ।

ਚਾਰ ਘੜੀ ਦਿਨ ਚੜ੍ਹੇ ਇਸ ਦੇ ਗਾਇਣ ਕਰਨ ਦਾ ਸਮਾਂ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਰਾਗ ਮਾਲਾ ਵਿਚ ਪੰਜਵੇਂ ਦੀਪਕ ਰਾਗ ਦੀ ਇਸਤ੍ਰੀ ਲਿਖੀ ਹੈ :

***"ਪੁਨਿ ਆਈ ਦੀਪਕ ਕੀ ਬਾਰੀ ॥ ੧ ॥***
***ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ॥***
***ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ॥ ੧ ॥"***

(ਅੰਗ ੧੪੩੦)

ਗਾਇਨ ਕਰਨ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਦਰਸਾਇਆ ਹੈ। ਇਸ ਸ਼ਬਦ ਦੇ ਅਰੰਭ ਵਿਚ ਵਸਤੂ ਨਿਰਦੇਸ਼ ਮੰਗਲ ਕੀਤਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਚਾਰ ਤਰ੍ਹਾਂ ਦੇ ਆਏ ਮੰਗਲਾਂ ਵਿਚੋਂ ਇਹ ਇਕ ਪ੍ਰਕਾਰ ਦਾ ਮੰਗਲ ਹੈ।

"੧ੴ ਸਤਿਗੁਰ ਪ੍ਰਸਾਦਿ॥ ਅਰਥ :-੧-ਇੱਕ ਅਦਵੈਤ ਬ੍ਰਹਮ। ੴ-ਸਰਬ ਦਾ ਪ੍ਰਕਾਸ਼ਕ ਸਤਿ-ਤ੍ਰੈ ਕਾਲ ਨਾਸ ਰਹਿਤ। ਗੁਰ-ਚੇਤਨ। ਪ੍ਰਸਾਦਿ-ਅਨੰਦ ਸਰੂਪ। ਇਸ ਸਤਿ ਚਿਤ ਅਨੰਦ ਸਰੂਪ ਦੀ ਪ੍ਰਾਪਤੀ ਗੁਰਪ੍ਰਸਾਦਿ-ਗੁਰ ਕਿਰਪਾ ਦੁਆਰਾ ਹੁੰਦੀ ਹੈ।

ਇਸ ਸ਼ਬਦ ਦੇ ਪਹਿਲੇ ਸਲੋਕ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਜਿਥੇ ਸਰੀਰਕ

ਇੰਦ੍ਰਿਆਂ ਦੀ ਸਫਲਤਾ ਤੇ ਸੱਚੇ ਦੀ ਦਰਗਾਹ ਵਿਚ ਟਿਕਾਣਾ ਦਸਿਆ ਹੈ, ਉਥੇ ਨਾਲ ਆਰੰਭ ਵਿਚ ਮਨ ਵਿਚ ਵਾਹਿਗੁਰੂ ਨੂੰ 'ਅਰਾਧਣਾ' ਯਾਦ ਕਰਨਾ ਦਸਿਆ ਹੈ। ਵੱਖ-ਵੱਖ ਧਰਮਾਂ ਵਿਚ ਉਸ ਨੂੰ ਯਾਦ ਕਰਨ ਦੇ ਵੱਖ-ਵੱਖ ਤਰੀਕੇ ਹਨ, ਜਿਸ ਤਰ੍ਹਾਂ (ਹਿੰਦੂ) ਸਨਾਤਨੀ ਧਰਮ ਵਿੱਚ ਉਸ ਨੂੰ ਯਾਦ ਕਰਨ ਵਾਸਤੇ ਮਾਲਾ ਫੇਰਦੇ ਹਨ। ਇਹ ਮਾਲਾ ਹਿੰਦੂ ਮੱਤ ਦੇ ਗ੍ਰੰਥਾਂ ਵਿਚ ਤਿੰਨ ਤਰ੍ਹਾਂ ਦੀ ਦੱਸੀ ਹੈ।

੧. ਕਰਮਾਲਾ, ੨. ਵਰਨਮਾਲਾ, ੩. ਅਕਮਾਲਾ। ਮੁਸਲਮਾਨ 'ਤਸਬੀ' ਫੇਰਦੇ ਹਨ। ਈਸਾਈ 'ਰੋਜਰੀ' ਫੇਰਦੇ ਹਨ, ਪਰ ਗੁਰਮਤਿ ਵਿਚ ਮਾਲਾ ਇਹ ਹੈ—

***"ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥***
***ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥"*** **(ਅੰਗ ੧੩੬੪)**

ਸਾਰੇ ਤਰ੍ਹਾਂ ਦੀਆਂ ਮਾਲਾਂ ਦਾ ਨਿਰਣਾ ਇਸ ਪ੍ਰਕਾਰ ਹੈ—

## ਤਿੰਨ ਤਰ੍ਹਾਂ ਦੀ ਮਾਲਾ

ਸਿਮਰਨੀ, ਜਪਮਾਲਾ, ਤਸਬੀ, ਮਾਲਾ।

(ੳ) ਹਿੰਦੂ ਮਤ ਦੇ ਗ੍ਰੰਥਾਂ ਵਿਚ ਤਿੰਨ ਤਰ੍ਹਾਂ ਦੀ ਮਾਲਾ ਦਸੀ ਹੈ :-

੧. ਕਰਮਾਲਾ—ਉਂਗਲੀਆਂ ਉਪਰ ਗਿਣਤੀ ਕਰਨੀ।

੨. ਵਰਣਮਾਲਾ—ਅ ਤੋਂ ਕ ਤੱਕ ਅੱਖਰਾਂ ਨੂੰ ਮਾਲਾ ਕਲਪਣਾ, ਜਿਵੇਂ -ੳ ਤੋਂ ੜ ਤੀਕ ਗਿਣਤੀ ਵਾਸਤੇ ਅੱਖਰ ਥਾਪੀਏ।

੩. ਅਕਮਾਲਾ—ਮਣਕਿਆਂ ਦੀ ਮਾਲਾ, ਜੋ ਰੁਦ੍ਰਾਖ, ਕਮਲ ਦੇ ਬੀਜ, ਹਾਥੀ ਦੰਦ, ਸੰਖ ਦੇ ਟੁਕੜੇ, ਚੰਦਨ, ਤੁਲਸੀ, ਮੋਤੀ, ਬਿਲੌਰ, ਮੂੰਗਾ, ਸੁਵਰਨ (ਸੋਨੇ) ਆਦਿ ਦੇ ਮਣਕਿਆਂ ਤੋਂ ਬਣਾਈ ਜਾਂਦੀ ਹੈ।

(ਅ) ਗਿਣਤੀ ਬਾਰੇ ਇਹ ਵੀ ਲਿਖਿਆ ਹੈ ਕਿ ਇੱਕ ਇੱਕ ਰਾਸਿ ਦੇ ਨੌ ਨੌ ਅੱਖਰ ਹਨ, ਬਾਰਾ ਨਾਏ ੧੦੮ ਗਿਣਤੀ ਹੁੰਦੀ ਹੈ।

ਦੂਸਰਾ, ਇਕ ਇਕ ਨਛੱਤ੍ਰ ਦੇ ਚਾਰ ਚਾਰ ਅੱਖਰ ਹਨ, ਸਤਾਈ ਚੌਕੇ ੧੦੮ ਬਣਦੇ ਹਨ।

(ੲ) ਮੁਸਲਮਾਨਾਂ ਦੀ ਮਾਲਾ (ਤਸਬੀ) ਖ਼ੁਦਾ ਦੇ ੯੯ ਗੁਣ ਵਾਚਕ ਅਤੇ ਇਕ ਖ਼ਾਸ ਨਾਉਂ ਅੱਲ੍ਹਾ ਜਪਣ ਲਈ ੧੦੦ ਮਣਕੇ ਦੀ ਹੋਇਆ ਕਰਦੀ ਹੈ। ਕਈ ਮੁਸਲਮਾਨ ਮੇਰੁ ਸਮੇਤ ੧੦੧ ਮਣਕੇ ਵੀ ਤਸਬੀ ਦੇ ਰੱਖਦੇ ਹਨ।

(ਸ) ਈਸਾਈਆਂ ਦੀ ਮਾਲਾ 'ਰੋਜਰੀ'' ਡੇਢ ਸੌ ਕਾਠ ਦੇ ਮਣਕਿਆ ਦੀ ਹੁੰਦੀ ਹੈ। ਹਰੇਕ ਦਸ ਛੋਟੇ ਮਣਕਿਆਂ ਪਿਛੋਂ ਇਕ ਵੱਡਾ ਮਣਕਾ ਹੁੰਦਾ ਹੈ। ਇਸ ਤਰ੍ਹਾਂ ੧੩੫ ਛੋਟੇ ਅਤੇ ੧੫ ਵੱਡੇ ਮਣਕੇ ਹੁੰਦੇ

ਹਨ, ਛੋਟੇ ਮਣਕਿਆਂ ਤੇ (ਧਨਯ ਮੇਰੀ) ਅਤੇ ਵੱਡੇ ਮਣਕਿਆਂ ਉਤੇ (ਸਾਡਾ ਪਿਤਾ) ਜਾਪ ਹੁੰਦਾ ਹੈ। ਪਚਵੰਜਾ ਮਣਕੇ ਦੀ ਮਾਲਾ ਵੀ ਈਸਾਈ ਰਖਦੇ ਹਨ, ਜਿਸ ਦਾ ਨਾਮ ਚੈਪਲੇਟ ਹੈ। ਇਸ ਵਿਚ ਪੰਜਾਹ ਛੋਟੇ ਅਤੇ ਪੰਜ ਵੱਡੇ ਮਣਕੇ ਹੁੰਦੇ ਹਨ। ਛੋਟੇ ਮਣਕਿਆਂ ਤੇ (ਧਨਯ ਮੇਰੀ) ਅਤੇ ਵੱਡੇ ਮਣਕਿਆਂ ਉਤੇ (ਸਾਡਾ ਪਿਤਾ) ਰੋਮਨ ਕੈਥੋਲਿਕ ਮਤ ਦੇ ਈਸਾਈਆਂ ਵਿਚ ਜਪਮਾਲਾ ਦਾ ਵਿਸ਼ੇਸ਼ ਪ੍ਰਚਾਰ ਹੈ।

(ਹ) ਜੈਨੀਆਂ ਦੀ ਮਾਲਾ ੧੧੧ ਮਣਕਿਆਂ ਦੀ ਹੋਇਆ ਕਰਦੀ ਹੈ।

ਨੋਟ- ਉਪਰੋਕਤ ਮਾਲਾ ਨਿਰਣਯ ਦਾ ਗੁਰਮਤ ਨਾਲ ਕੋਈ ਸੰਬੰਧ ਨਹੀਂ ਹੈ। ਇਹ ਕੇਵਲ ਵੱਖ-ਵੱਖ ਧਰਮਾਂ ਦੀਆਂ ਮਾਲਾ ਜਾਣਕਾਰੀ ਵਾਸਤੇ ਹਨ। ਆਓ ਹੁਣ ਸਿੱਖ ਧਰਮ ਅੰਦਰ ਮਾਲਾ ਕਿਹੜੀ ਹੈ, ਉਸ ਦਾ ਵਿਚਾਰ ਕਰੀਏ।

(੨) ਸਿੱਖ ਧਰਮ ਦੀ ਮਾਲਾ ਦਾ ਨਿਰਣਾ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਇਸ ਤਰ੍ਹਾਂ ਦਿੱਤਾ ਹੈ :-

ਭੈਰਉ ਮਹਲਾ ੪ ॥

*"ਸੁਕ੍ਰਿਤੁ ਕਰਣੀ ਸਾਰੁ ਜਪਮਾਲੀ॥ ਹਿਰਦੈ ਫੇਰਿ ਚਲੈ ਤੁਧੁ ਨਾਲੀ॥ ੧॥*
*ਹਰਿ ਹਰਿ ਨਾਮੁ ਜਪਹੁ ਬਨਵਾਲੀ॥*
*ਕਰਿ ਕਿਰਪਾ ਮੇਲਹੁ ਸਤਸੰਗਤਿ,*
*ਤੂਟਿ ਗਈ ਮਾਇਆ ਜਮ ਜਾਲੀ॥ ੧॥ ਰਹਾਉ॥*
*ਗੁਰਮੁਖਿ ਸੇਵਾ ਘਾਲ ਜਿਨਿ ਘਾਲੀ॥*
*ਤਿਸੁ ਘੜੀਐ ਸਬਦੁ ਸਚੀ ਟਕਸਾਲੀ ॥ ੨ ॥"* (ਅੰਗ ੧੧੩੪)

*"ਇੱਕ ਤਸਬੀ ਇਕ ਮਾਲਾ ਧਰਹੀ॥ ਏਕ ਕੁਰਾਣ ਪੁਰਾਨ ਉਚਰਹੀ॥*
*ਕਰਤ ਬਿਰੁਧ ਗਏ ਮਰ ਮੂੜ੍ਹਾ॥ ਪ੍ਰਭ ਕੋ ਰੰਗੁ ਨ ਲਾਗਾ ਗੂੜ੍ਹਾ॥ ੨੦॥"*

(ਦਸਮ ਗ੍ਰੰਥ, ਅੰਗ ੧੫੭)

*"ਕਬੀਰ ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ॥*
*ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ॥"*

(ਅੰਗ ੧੩੬੮)

*"ਹਿਰਦੈ ਜਪਨੀ ਜਪਉ ਗੁਣਤਾਸਾ॥*
*ਹਰਿ ਅਗਮ ਅਗੋਚਰੁ ਅਪਰੰਪਰ ਸੁਆਮੀ*
*ਜਨ ਪਗਿ ਲਗਿ ਧਿਆਵਉ ਹੋਇ ਦਾਸਨਿ ਦਾਸਾ॥ ੧॥ ਰਹਾਉ॥"*

(ਅੰਗ ੮੪੧)

*"ਨਾਮ ਜਪਨ ਕੋ ਜਿਹਵਾ ਦੀਨੀ, ਹਰਿ ਦਰਸਨ ਕੋ ਅੱਖੀਂ।*
*ਇਕ ਇਕ ਸਵਾਸ ਅਮੋਲਕ ਜਾਂਦਾ, ਹੱਥ ਨਾ ਆਵੇ ਲੱਖੀਂ।*
*ਚਵੀ ਹਜ਼ਾਰ ਸ੍ਵਾਸ ਬੰਦੇ ਦਾ, ਆਮਦਨ ਮੂਲ ਨ ਥੀਵੇ।*
*ਜਿਸ ਬੰਦੇ ਕੋ ਇਤਨਾ ਘਾਟਾ, ਸੋ ਬੰਦਾ ਕਿਉਂ ਜੀਵੇ।*
*ਨਿੱਕੇ ਹੁੰਦੇ ਢੱਗੇ ਚਾਰੇ, ਵੱਡੇ ਹੋਇ ਹੱਲ ਵਾਹਿਆ।*
*ਬੁਢੇ ਹੋਇ ਮਾਲਾ ਫੜ ਲਈ, ਰੱਬ ਦਾ ਲਾਂਭਾ ਲਾਹਿਆ।"*

ਗੁਰਮਤਿ ਅੰਦਰ ਉਸ ਨੂੰ ਯਾਦ ਕਰਨ ਦਾ ਉਪਦੇਸ਼ ਸੋਢੀ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਤਰ੍ਹਾਂ ਦਿੱਤਾ ਹੈ—

*"ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ, ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ, ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ, ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ, ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ, ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥"*

(ਅੰਗ ੩੦੫)

ਇਸੇ ਸਿਧਾਂਤ ਨੂੰ ਸਪੱਸ਼ਟ ਕਰਨ ਵਾਸਤੇ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਵਿਸਥਾਰ ਸਹਿਤ ਨਿਰਣਾ ਕੀਤਾ ਹੈ। ਇਥੇ ਨਿਮੂਨੇ ਮਾਤ੍ਰ ਸਮਝਣ ਵਾਸਤੇ ਭਾਈ ਸਾਹਿਬ ਜੀ ਦੀ ਰਚਨਾ ਵਿਚੋਂ ਇਕ ਪਉੜੀ ਤੇ ਇਕ ਕਬਿੱਤ ਦੇ ਰਹੇ ਹਾਂ :—

*"ਅੰਮ੍ਰਿਤ ਵੇਲੇ ਉਠਿ ਕੈ ਜਾਇ ਅੰਦਰਿ ਦਰੀਆਉ ਨ੍ਹਵੰਦੇ।*
*ਸਹਜਿਸਮਾਧਿ ਅਗਾਧਿ ਵਿਚਿ, ਇਕ ਮਨਿ ਹੋਇ ਗੁਰ ਜਾਪੁ ਜਪੰਦੇ।*
*ਮਥੈ ਟਿਕੇ ਲਾਲ ਲਾਇ, ਸਾਧਸੰਗਤਿ ਚਲਿ ਜਾਇ ਬਹੰਦੇ।*
*ਸਬਦੁ ਸੁਰਤਿ ਲਿਵ ਲੀਣੁ ਹੋਇ, ਸਤਿਗੁਰ ਬਾਣੀ ਗਾਇ ਸੁਣੰਦੇ।*
*ਭਾਇ ਭਗਤਿ ਭੈ ਵਰਤਮਾਨਿ, ਗੁਰ ਸੇਵਾ ਗੁਰਪੁਰਬ ਕਰੰਦੇ।*
*ਸੰਝੈ ਸੋਦਰੁ ਗਾਵਣਾ, ਮਨ ਮੇਲੀ ਕਰਿ ਮੇਲਿ ਮਿਲੰਦੇ।*
*ਰਾਤੀ ਕੀਰਤਿ ਸੋਹਿਲਾ, ਕਰਿ ਆਰਤੀ ਪਰਸਾਦੁ ਵੰਡੰਦੇ।*
*ਗੁਰਮੁਖਿ ਸੁਖ ਫਲੁ ਪਿਰਮ ਚਖੰਦੇ॥ ੩॥* (ਵਾਰ ੬, ਪਉੜੀ ੩)

*"ਚਿੰਤਾਮਨਿ ਚਿਤਵਤ ਚਿੰਤਾ ਚਿਤ ਤੇ ਚੁਰਾਈ ਅਜੋਨੀ ਆਰਾਧੇ ਜੋਨਿ ਸੰਕਟ ਕਟਾਏ ਹੈ।*
*ਜਪਤ ਅਕਾਲ ਕਾਲ ਕੰਟਕ ਕਲੇਸ ਨਾਸੇ ਨਿਰਭੈ ਭਜਨ ਭ੍ਰਮ ਭਯ ਦਲ ਭਜਾਏ ਹੈ।*
*ਸਿਮਰਤ ਨਾਥ ਨਿਰਵੈਰ ਬੈਰ ਭਾਉ ਤਿਆਗਿਓ, ਭਾਗਿਓ ਭੇਦੁ ਖੇਦੁ ਨਿਰਭੇਦ ਗੁਣ ਗਾਏ ਹੈ।*
*ਅਕੁਲ ਅੰਚਲ ਗਹਿ ਕੁਲ ਨ ਬਿਚਾਰੈ ਕੋਊ, ਅਟਲ ਸਰਨਿ ਆਵਾ ਗਵਨ ਮਿਟਾਏ ਹੈ॥ ੪੦੮॥*

(ਭਾਈ ਗੁਰਦਾਸ ਜੀ)

ਇਸ ਸਿਧਾਂਤ ਅਨੁਸਾਰ ਜਿਨ੍ਹਾਂ ਗੁਰਸਿੱਖਾਂ ਨੇ ਕਮਾਈ ਕੀਤੀ ਹੈ, ਉਨ੍ਹਾਂ ਵਿਚੋਂ ਭਾਈ ਫਿਰਣਾ ਤੇ ਭਾਈ ਜੋਧ ਸਿੱਖ ਦਾ ਪ੍ਰਸੰਗ ਇਥੇ ਦੇ ਰਹੇ ਹਾਂ।

## ਸਾਖੀ—ਭਾਈ ਫਿਰਣਾ ਤੇ ਭਾਈ ਜੋਧ ਸਿੱਖਾਂ ਦੀ

ਇਹ ਭਾਈ ਫਿਰਣਾ ਖਹਿਰਾ ਤੇ ਭਾਈ ਜੋਧ ਦੋਵੇਂ ਮਿਲਕੇ ਹਜ਼ੂਰ ਗੁਰੂ ਨਾਨਕ ਦੀ ਸ਼ਰਣ ਮੇਂ ਆਏ ਪੜੇ। ਹਥ ਜੋੜ ਬਿਨਤੀ ਕਰੀ ਜੀ ਕੋਈ ਐਸਾ ਉਪਾ ਦਸੋ ਜਿਸ ਥੀ ਅਸਾਡਾ ਕਲਿਆਣ ਹੋਵੇ, ਅਰ ਗੁਰਸਿਖੀ ਕੀ ਪ੍ਰਾਪਤੀ ਹੋਵੇ ਜੀ। ਤਾਂ ਬਚਨ ਹੋਇਆ ਮਨ ਨੀਵਾਂ ਕਰ ਰੱਖੋ ਹਮੇਸਾਂ, ਤਾਂ ਸਿਖੀ ਕੀ ਪ੍ਰਾਪਤੀ ਹੋਤੀ ਹੈ।

*"ਪ੍ਰਭੁ ਭਾਖਿਯੋ ਮਨ ਨੀਵੇ ਜੋਇ। ਤਿਨ ਕੋ ਸਿਖੀ ਪ੍ਰਾਪਤ ਹੋਇ॥ ੮੮॥*

(ਨਃ ਪ੍ਰਃ ਉਃ ਧਿਃ ੪੩)

ਔਰ ਸਰੀਰ ਕਰਕੇ ਗੁਰਸਿੱਖਾਂ ਦੀ ਸੇਵਾ ਭਾਵਨਾ ਨਾਲ ਕਰਨੀ। ਪਿਛਲੀ ਰਾਤ ਅੰਮ੍ਰਿਤ ਵੇਲੇ ਉਠਿ ਕਰ ਇਸਨਾਨ ਕਰਕੇ ਗੁਰਬਾਣੀ ਗੁਰ ਸਬਦ ਦਾ ਅਭਿਆਸ ਕਰਨਾ। ਮਨ ਨੀਵਾ ਰਖ ਕਰ ਸੰਗਤ ਕਰਨ ਚਲ ਜਾਵਣਾ। ਗੁਰਬਾਣੀ ਗੁਰ ਸਬਦ ਦੀ ਵੀਚਾਰ ਮਨ ਲਾ ਕੇ ਸੁਣਨਾ ਤੇ ਮਨਨ ਕਰਨਾ। ਜੇ ਸੰਸਾਰ ਤਰਣਾ ਲੋੜਦੇ ਹੋ।

*"ਪਿਛਲੀ ਨਿਸਾ ਕਰਹੁ ਇਸਨਾਨਾ। ਸਦਾ ਸ਼ਬਦ ਅੱਭਯਾਸ ਪ੍ਰਮਾਨਾ।*
*ਮਨ ਨੀਵੇਂ ਸਤਿਸੰਗਤਿ ਜਾਇ। ਗੁਰ ਕੋ ਸ਼ਬਦ ਸੁਨਹੁ ਹਿਤ ਲਾਇ॥ ੯੦॥*
*ਜਾਨਹਿ ਵਾਹਿਗੁਰੂ ਕੋ ਸ੍ਵਾਮੀ। ਦਾਸ ਆਪਨੂੰ ਲਖੈ ਸਖਾਮੀ।*
*ਗੁਰਬਾਣੀ ਕੋ ਮਨਨ ਕਰਨਾ। ਜੇ ਚਾਹਤ ਹੋ ਭਵ ਤੇ ਤਰਨਾ। ੯੧।*
*ਦੋਹਰਾ॥ ਸੀਖੀ ਸਿਖ ਸਤਿਗੁਰੂ ਤੇ ਤੈਸੀ ਕੀਨੀ ਕਾਰ।*
*ਜਨਮ ਮਰਨ ਛੁਟ ਕਸਟ ਤੇ ਤਿਨਕੋ ਭਯੋ ਉਧਾਰ॥ ੯੨॥*

(ਨਾਃ ਪ੍ਰਃ ਉਃ ਧਿਃ ੪੩)

ਇਸ ਪ੍ਰਕਾਰ ਗੁਰੂ ਉਪਦੇਸ਼ ਕਮਾ ਕਰ ਜਨਮ ਮਰਣ ਥੀਂ ਰਹਿਤ ਹੋਏ। (ਸਿੱਖਾਂ ਦੀ ਭਗਤ ਮਾਲਾ)

ਅਤੇ ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਇਨ੍ਹਾਂ ਬਾਰੇ ਇਸ ਪ੍ਰਕਾਰ ਲਿਖਿਆ ਹੈ। ਫਿਰਣਾ ਖਹਿਰਾ ਗੋਤ ਦਾ ਜੱਟ, ਜੋ ਸ੍ਰੀ ਗੁਰੂ ਨਾਨਕ ਜੀ ਦਾ ਸਿੱਖ ਹੋ ਕੇ ਆਤਮਗਯਾਨੀ ਅਤੇ ਵੱਡਾ ਪਰਉਪਕਾਰੀ ਹੋਇਆ। ਜੋਧ, ਖਹਿਰਾ ਗੋਤ ਦਾ ਇਕ ਜੱਟ, ਜੋ ਗੁਰੂ ਨਾਨਕ ਦੇਵ ਜੀ ਦਾ ਪੂਰਨ ਭਗਤ ਸੀ।

ਨੋਟ- ਇਹ ਭਾਈ ਖਹਿਰਾ ਜੱਟ ਹੀ ਸੀ, ਜਿਸ ਨੇ ਗੁਰੂ ਨਾਨਕ ਦੇਵ ਜੀ ਪਾਸੋਂ ਉਪਦੇਸ਼ ਲਿਆ। ਅੰਮ੍ਰਿਤ ਵੇਲੇ ਉਠ ਕੇ ਬਾਣੀ ਪੜ੍ਹਨੀ, ਸਿਮਰਨ ਕਰਨਾ। ਇਸ ਨੇ ਪੂਰਨ ਰੂਪ ਵਿਚ ਕਮਾਇਆ। ਇਸ ਪਾਸੋਂ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰੂ ਦੀ ਸ਼ਰਣ ਵਿਚ ਆਉਣ ਤੋਂ ਪਹਿਲਾਂ ਜਦ ਭਾਈ ਲਹਿਣਾ ਜੀ ਕਰਕੇ ਜਾਣੇ ਜਾਂਦੇ ਸਨ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦੀ ਇਹ ਪਉੜੀ ਸੁਣੀ ਸੀ—

*"ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਾਲੀਐ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥*
*ਕਿਛੁ ਲਾਹੇ ਉਪਰਿ ਘਾਲੀਐ ॥੨੧॥*

(ਆਸਾ ਕੀ ਵਾਰ, ਅੰਗ ੪੭੪)

ਸਿਮਰਨੀ-ਮਾਲਾ-ਅੰਤਰਿ ਗੁਰੁ ਆਰਾਧਣਾ॥

*ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥*
*ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥੧॥*

(ਅੰਗ ੧੩੬੪)

*ਬ੍ਰਿਥਾ ਅਨੁਗ੍ਰਹੰ ਗੋਬਿੰਦਹ ਜਸ੍ਹ ਸਿਮਰਣ ਰਿਦੰਤਰਹ॥*
*ਆਰੋਗੰ ਮਹਾ ਰੋਗੰ ਬਿਸਿਮ੍ਰਿਤੇ ਕਰੁਣਾ ਮਯਹ॥*

(ਸਹਿਸਕ੍ਰਿਤੀ ਮ: ੫, ਅੰਗ ੧੩੫੬)

ਭਾਈ ਗੁਰਦਾਸ ਜੀ-

*ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।*

(ਵਾਰ ੨੭, ਪਉੜੀ ੧੦)

*ਕੰਠ ਰਮਣੀਯ ਰਾਮ ਰਾਮ ਮਾਲਾ ਹਸਤ ਊਚ ਪ੍ਰੇਮ ਧਾਰਣੀ॥*
*ਜੀਹ ਭਣਿ ਜੋ ਉਤਮ ਸਲੋਕ ਉਧਰਣੰ ਨੈਨ ਨੰਦਨੀ॥ ੩੨॥*

(ਅੰਗ ੧੩੫੬)

## ਉਥਾਨਕਾ :-

ਕ੍ਰਿਪਾਲੂ ਸਤਿਗੁਰੂ ਸਾਹਿਬ ਜੀ ਪਾਸ ਇੱਕ ਸਿਖ ਨੇ ਬੇਨਤੀ ਕੀਤੀ, ਜੀ ਸੱਚੇ ਵਾਹਿਗੁਰੂ ਜੀ ਦੀ ਦਰਗਾਹ ਅੰਦਰ ਸਦੀਵੀ ਰਹਿਣ ਵਾਸਤੇ ਥਾਂ ਕਿਸ ਨੂੰ ਮਿਲਦੀ ਹੈ ? ਉੱਤਰ ਵਿਚ ਹਜ਼ੂਰ ਨੇ ਇਸ ਸ਼ਬਦ ਦੁਆਰਾ ਬਖ਼ਸ਼ਿਸ਼ ਕੀਤੀ ਹੈ। ਜੋ ਗੁਰਮੁਖਿ ਮਨ ਵਿਚ ਵਾਹਿਗੁਰੂ ਜੀ ਨੂੰ ਯਾਦ ਕਰਦਾ ਹੈ ਤੇ ਜਿਹਵਾ ਨਾਲ ਗੁਰੂ ਗੁਰੂ ਜਪਦਾ ਹੋਇਆ, ਨੇਤਰਾਂ ਨਾਲ ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਕਰਦਾ ਹੈ ਅਤੇ ਸਤਿਗੁਰੂ ਸਾਹਿਬ ਜੀ ਦੇ ਪ੍ਰੇਮ ਵਿਚ ਰਤਿਆ, ਕੰਨਾਂ ਨਾਲ ਹਮੇਸ਼ਾ ਵਾਹਿਗੁਰੂ ਜਸ ਸੁਣਦਾ ਹੈ, ਉਸ ਨੂੰ ਸਦੀਵੀ ਸੱਚੇ ਵਾਹਿਗੁਰੂ ਜੀ ਦੀ ਦਰਗਾਹ ਵਿਚ ਰਹਿਣ ਵਾਸਤੇ ਥਾਂ ਮਿਲਦੀ ਹੈ। ਹਜ਼ੂਰ ਨੇ ਰਹਿਮਤਿ ਕਰਕੇ ਇਹ ਪਾਵਣ ਸ਼ਬਦ ਉਚਾਰਨ ਕੀਤਾ।

**ਰਾਗੁ ਗੂਜਰੀ ਵਾਰ ਮਹਲਾ ੫ ੧ੴ ਸਤਿਗੁਰ ਪ੍ਰਸਾਦਿ ॥ ਸਲੋਕੁ ਮਃ ੫ ॥**
**ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥ ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥ ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥ ਕਹੁ ਨਾਨਕ ਕਿਰਪਾ ਕਰੇ ਜਿਸ ਨੋ ਏਹ ਵਥੁ ਦੇਇ ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥**

(ਅੰਗ ੫੧੭)

**ਪਦ ਅਰਥ:-** ਅੰਤਰਿ-ਅੰਦਰ ਭਾਵ ਮਨ ਦੇ ਵਿਚ।

ਗੁਰੁ-ਸੰਸਕ੍ਰਿਤ ਵਿਚ ਇਹ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਮੰਨਦੇ ਹਨ। ਇਸ ਦੇ ਅਰਥ ਇਸ ਤਰ੍ਹਾਂ ਹਨ, ਨਿਗਲਣਾ ਤੇ ਸਮਝਾਉਣਾ, ਜੋ ਅਗਿਆਨ ਨੂੰ ਨਿਗਲਣ ਵਾਲਾ ਹੈ ਤੇ ਸਿੱਖ ਨੂੰ ਤਤ੍ਵ ਗਯਾਨ ਸਮਝਾਉਂਦਾ ਹੈ, ਉਹ ਹੈ ਗੁਰੂ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਗੁਰ, ਗੁਰੁ ਅਤੇ ਗੁਰੂ ਇਹ ਪਦ ਇਕ ਹੀ ਅਰਥ ਵਿਚ ਆਏ ਹਨ। ਗੁਰਮਤਿ ਸਿਧਾਂਤ ਅਨੁਸਾਰ ਗੁਰੁ ਪਦ ਅਕਾਲ ਪੁਰਖ ਲਈ ਹੈ, ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ "ਮੈ ਆਪਣਾ ਗੁਰੁ ਪੂਛਿ ਦੇਖਿਆ (ਅਥਵਾ) ਹਜ਼ੂਰ ਨੇ ਆਪਣੇ ਗੁਰੂ ਬਾਰੇ ਇਸ ਤਰ੍ਹਾਂ ਦਰਸਾਇਆ ਹੈ—

***ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥ ੫ ॥***

(ਅੰਗ ੫੯੯)

ਗੁਰਇਤਿਹਾਸ ਅਨੁਸਾਰ ਗੁਰੂ ਸ਼ਬਦ, ਦਸ ਗੁਰੂ ਸਾਹਿਬਾਨਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਪੂਰਨ ਰੂਪ ਵਿਚ ਸਤਿਕਾਰਤ ਸ਼ਬਦ ਹੈ।

ਆਰਾਧਣਾ-ਯਾਦ ਕਰਨਾ। ਜਿਹਵਾ-ਜੀਭ ਨਾਲ। ਨੇਤ੍ਰੀ-ਅੱਖਾਂ ਨਾਲ। ਪੇਖਣਾ-ਵੇਖਣਾ। ਸ੍ਰਵਣੀ-ਕੰਨਾਂ ਨਾਲ। ਰਤਿਆ-ਰਚਿਆ, ਪ੍ਰੇਮ ਸਹਿਤ ਤਦਾਕਾਰ। ਦਰਗਾਹ-ਰੱਬੀ ਦਰਗਾਹ, ਵਾਹਿਗੁਰੂ ਜੀ ਦਾ

ਘਰ ਸੱਚ ਖੰਡ। ਠਾਉ-ਥਾਂ। ਵਥੁ-ਵਸਤੂ, ਚੀਜ਼, ਪਦਾਰਥ। "ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ॥ ਕਾਢੀਅਹਿ-ਕਹੇ ਜਾਂਦੇ ਹਨ, ਨਿਕਲਦੇ ਹਨ। ਕੇਈ ਕੇਇ-ਕੋਈ ਕੋਈ।

**ਅਰਥ** :-ਮਨ ਵਿਚ ਐਸੇ ਗੁਰੂ ਨੂੰ ਯਾਦ ਕਰੀਏ ਤੇ ਜੀਭ ਕਰਕੇ ਵੈਖਰੀ ਬਾਣੀ ਦੁਆਰਾ ਗੁਰੂ ਦਾ ਨਾਮ ਜਪੀਏ। ਅੱਖਾਂ ਨਾਲ ਸਤਿਗੁਰੂ ਜੀ ਦੇ ਦਰਸ਼ਨ ਤੇ ਕੰਨਾਂ ਨਾਲ ਗੁਰੂ ਜਸ ਸੁਣੀਏ। ਇਸ ਤਰ੍ਹਾਂ ਇੰਦ੍ਰੀਆਂ ਕਰਕੇ ਪ੍ਰੇਮ ਸਹਿਤ ਸਤਿਗੁਰੂ ਵਿਚ ਰਚਿਆਂ ਭਾਵ ਤਦਾਕਾਰ ਹੋਇਆਂ, ਰੱਬੀ ਦਰਗਾਹ ਅੰਦਰ ਭਾਵ ਸੱਚ ਖੰਡ ਵਿਚ ਥਾਂ ਪਾ ਲਈਦਾ ਹੈ। ਸਤਿਗੁਰੂ ਫੁਰਮਾਣ ਕਰਦੇ ਹਨ ਕਿ ਜਿਸ ਨੂੰ ਵਾਹਿਗੁਰੂ ਜੀ ਕਿਰਪਾ ਕਰਕੇ ਇਹ ਨਾਮੁ ਵਿਚ ਰੱਤੇ ਰਹਿਣ ਰੂਪ ਵਸਤੂ ਦਿੰਦਾ ਹੈ, ਐਸੇ ਉਤਮ ਪੁਰਖ ਸੰਸਾਰ ਅੰਦਰ ਕੋਈ-ਕੋਈ ਵਿਰਲੇ ਹੀ ਕਹੇ ਜਾਂਦੇ ਹਨ।੧।

**ਮਃ ੫ ॥ ਰਖੇ ਰਖਣਹਾਰਿ ਆਪਿ ਉਬਾਰਿਅਨੁ ॥ ਗੁਰ ਕੀ ਪੈਰੀ ਪਾਇ ਕਾਜ ਸਵਾਰਿਅਨੁ ॥ ਹੋਆ ਆਪਿ ਦਇਆਲੁ ਮਨਹੁ ਨ ਵਿਸਾਰਿਅਨੁ ॥ ਸਾਧ ਜਨਾ ਕੈ ਸੰਗਿ ਭਵਜਲੁ ਤਾਰਿਅਨੁ ॥ ਸਾਕਤ ਨਿੰਦਕ ਦੁਸਟ ਖਿਨ ਮਾਹਿ ਬਿਦਾਰਿਅਨੁ ॥ ਤਿਸੁ ਸਾਹਿਬ ਕੀ ਟੇਕ ਨਾਨਕ ਮਨੈ ਮਾਹਿ ॥ ਜਿਸੁ ਸਿਮਰਤ ਸੁਖੁ ਹੋਇ ਸਗਲੇ ਦੂਖ ਜਾਹਿ ॥ ੨ ॥**

**ਪਦ ਅਰਥ**:- ਰਖੇ ਰਖਣਹਾਰਿ-ਰੱਖਿਆ ਕਰਨ ਵਾਲੇ ਵਾਹਿਗੁਰੂ ਨੇ। ਉਬਾਰਿਅਨੁ-ਬਚਾਅ ਲਏ (ਵਾਹਿਗੁਰੂ) ਨੇ। ਸਵਾਰਿਅਨੁ-ਸਵਾਰ ਦਿੱਤੇ ਉਸ (ਪ੍ਰਭੂ) ਨੇ। ਮਨਹੁ-ਮਨ ਤੋਂ। ਨ ਵਿਸਾਰਿਅਨੁ-ਨਹੀਂ ਵਿਸਰਦਾ। ਭਵਜਲ-ਸੰਸਾਰ ਸਾਗਰ। ਤਾਰਿਅਨੁ-ਤਾਰ ਦਿੱਤੇ। ਸਾਕਤ-ਸ਼ਕਤੀ ਉਪਾਸ਼ਕ, ਮਾਇਆ ਦੇ ਪ੍ਰੇਮੀ, ਸਾਈਂ ਤੋਂ ਵਿਛੜੇ। ਬਿਦਾਰਿਅਨੁ-ਮਾਰ ਕੇ ਨਾਸ ਕਰ ਦਿੱਤੇ।

**ਅਰਥ** :-ਰੱਖਿਆ ਕਰਨ ਵਾਲੇ ਵਾਹਿਗੁਰੂ ਜੀ ਨੇ (ਐਸੇ ਉੱਤਮ ਪੁਰਖ) ਦੁੱਖਾਂ ਤੋਂ ਬਚਾ ਲਏ ਹਨ। ਗੁਰੂ ਦੀ (ਪੈਰੀ) ਚਰਨੀ ਪਾ ਕੇ ਆਪ ਹੀ ਉਸ (ਪ੍ਰਭੂ) ਨੇ ਉਨ੍ਹਾਂ ਦੇ ਮੋਖਸ਼ ਰੂਪ ਸਾਰੇ ਕੰਮ ਸਵਾਰ ਦਿੱਤੇ ਹਨ। ਉਨ੍ਹਾਂ ਉਪਰ ਆਪ ਦਇਆਲੂ ਹੋਇਆ ਹੈ, ਇਸ ਲਈ ਉਨ੍ਹਾਂ ਨੂੰ ਮਨ ਤੋਂ ਨਹੀਂ ਵਿਸਾਰਦਾ। (ਸਗੋਂ) ਸਾਧੂ ਜਨਾਂ ਦੀ ਸੰਗਤ ਦੇ ਕੇ (ਉਹ) ਸੰਸਾਰ ਸਾਗਰ ਤੋਂ ਤਾਰ ਦਿੱਤੇ ਹਨ। (ਸਾਕਤ) ਸਾਂਈਂ ਤੋਂ ਵਿਛੜੇ ਤੇ ਨਿੰਦਕ (ਦੁਸ਼ਟ) ਭੈੜੇ ਪਾਪੀ ਪੁਰਸ਼ ਇਹ ਸਾਰੇ ਇੱਕ ਖਿਨ ਵਿਚ ਮਾਰ ਕੇ ਨਾਸ਼ ਕਰ ਦਿੱਤੇ। ਸਤਿਗੁਰੂ ਜੀ ਫੁਰਮਾਣ ਕਰਦੇ ਹਨ ਕਿ ਉਸ ਮਾਲਕ ਦੀ ਟੇਕ, ਓਟ ਆਪਣੇ ਮਨ ਵਿਚ ਰੱਖੋ। ਜਿਸ ਦਾ ਸਿਮਰਨ ਕਰਨ ਨਾਲ ਸੁਖ ਪ੍ਰਾਪਤ ਹੁੰਦਾ ਹੈ ਤੇ ਸਾਰੇ ਦੁੱਖ ਮਿਟ ਜਾਂਦੇ ਹਨ। ੨।

**ਪਉੜੀ ॥ ਅਕੁਲ ਨਿਰੰਜਨ ਪੁਰਖੁ ਅਗਮੁ ਅਪਾਰੀਐ ॥ ਸਚੋ ਸਚਾ ਸਚੁ ਸਚੁ ਨਿਹਾਰੀਐ ॥ ਕੂੜੁ ਨ ਜਾਪੈ ਕਿਛੁ ਤੇਰੀ ਧਾਰੀਐ ॥ ਸਭਸੈ ਦੇ ਦਾਤਾਰੁ ਜੇਤ ਉਪਾਰੀਐ ॥ ਇਕਤੁ ਸੂਤਿ ਪਰੋਇ ਜੋਤਿ ਸੰਜਾਰੀਐ ॥ ਹੁਕਮੇ ਭਵਜਲ ਮੰਝਿ**

**ਹੁਕਮੇ ਤਾਰੀਐ ॥ਪ੍ਰਭ ਜੀਉ ਤੁਧੁ ਧਿਆਏ ਸੋਇ ਜਿਸੁ ਭਾਗੁ ਮਥਾਰੀਐ ॥ਤੇਰੀ ਗਤਿ ਮਿਤਿ ਲਖੀ ਨ ਜਾਇ ਹਉ ਤੁਧੁ ਬਲਿਹਾਰੀਐ ॥੧॥**

**ਪਦ ਅਰਥ:-** ਅਕੁਲ-ਅਕਾਲ ਪੁਰਖ ਕੁਲ ਰਹਿਤ ਹੈ, ਕੁਲ ਜਨਮ ਲੈਣ ਵਾਲੇ ਦੀ ਹੁੰਦੀ ਹੈ, ਉਹ ਜਨਮ ਰਹਿਤ, ਅਜਨਮਾ ਹੈ। ਅਵਤਾਰ ਵੀ ਕੁਲ ਰਹਿਤ ਨਹੀਂ ਹਨ ਕਿਉਂਕਿ ਜਿਸ ਕੁਲ ਵਿਚ ਜਨਮ ਲੈਂਦੇ ਹਨ, ਉਹੀ ਉਨ੍ਹਾਂ ਦੀ ਕੁਲ ਹੈ।

ਨਿਰੰਜਨ-ਮਾਇਆ ਤੋਂ ਰਹਿਤ ਭਾਵ ਨਿਰਲੇਪ ਹੈ। ਪੁਰਖ-ਸਭ ਥਾਂ ਪੂਰਨ ਵਿਆਪਕ। ਅਗਮ-ਮਨ ਬਾਣੀ ਦੀ ਪਹੁੰਚ ਤੋਂ ਪਰੇ ਅਪਹੁੰਚ। ਅਪਾਰੀਐ-ਅ+ਪਾਰ, ਪਾਰਾਵਾਰ ਤੋਂ ਰਹਿਤ। ਸਚੋ-ਸੱਚੇ ਗੁਰਾਂ ਦੇ। ਸਚਾ-ਸੱਚੇ ਉਪਦੇਸ ਰਾਹੀਂ। ਸਚ-ਸੱਚੇ ਨਾਮ ਨੂੰ ਜਪ ਕੇ। ਸਚੁ ਨਿਹਾਰੀਐ-ਸਦਾ ਰਹਿਣ ਵਾਲੇ ਵਾਹਿਗੁਰੂ ਜੀ ਨੂੰ (ਨਿਹਾਰੀਐ) ਦੇਖ ਲਈਦਾ ਹੈ। ਧਾਰੀਐ-ਬਣਾਈ ਹੋਈ ਹੈ। ਜੇਤਿ-ਜਿਤਨੀ (ਸ੍ਰਿਸ਼ਟੀ)। ਉਪਾਰੀਐ-ਪੈਦਾ ਕੀਤੀ ਹੋਈ। ਸੰਜਾਰੀਐ-ਸੰਜਰੀ ਹੈ, ਮਿਲਾਈ ਹੈ। ਮਥਾਰੀਐ-ਮੱਥੇ ਦੇ ਸ੍ਰੇਸ਼ਟ (ਭਾਗ) ਹਨ। ਗਤਿ-ਪ੍ਰਾਪਤੀ, ਹਾਲਤ, ਅਵਸਥਾ। ਮਿਤਿ-ਮਰਯਾਦਾ, ਮਿਨਤੀ।

**ਅਰਥ :-** ਹੇ ਅਕਾਲ ਪੁਰਖ ! ਤੂੰ ਕੁਲ ਰਹਿਤ ਭਾਵ ਅਜਨਮਾ ਹੈਂ ਤੇ ਮਾਇਆ ਤੋਂ ਨਿਰਲੇਪ ਸਭ ਥਾਂ ਪੂਰਨ ਅਤੇ ਮਨ ਬਾਣੀ ਦੀ ਪਹੁੰਚ ਤੋਂ ਪਰੇ, ਪਾਰਾਵਾਰ ਤੋਂ ਰਹਿਤ ਹੈਂ। ਸੱਚੇ ਗੁਰਾਂ ਦੇ ਸੱਚੇ ਉਪਦੇਸ਼ ਰਾਹੀਂ, ਸੱਚੇ ਨਾਮ ਨੂੰ ਜਪ ਕੇ, ਸਦਾ ਰਹਿਣ ਵਾਲੇ ਵਾਹਿਗੁਰੂ ਜੀ (ਤੈਨੂੰ) ਵੇਖ ਲਈਦਾ ਹੈਂ। ਸਾਰੀ ਸ੍ਰਿਸ਼ਟੀ ਤੇਰੀ ਹੀ ਬਣਾਈ ਹੋਈ ਹੈ, ਇਸ ਵਿੱਚ ਕੁਝ ਵੀ ਝੂਠ ਨਹੀਂ ਜਾਪਦਾ ਕਿਉਂਕਿ "ਇਹ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚ ਵਾਸ॥" ਕੀਤਾ ਹੋਇਆ ਹੈ। (ਫਿਰ ਦੇਖੋ) ਜਿਤਨੀ ਸ੍ਰਿਸ਼ਟੀ ਪੈਦਾ ਕੀਤੀ ਹੋਈ ਹੈ, ਸਾਰੀ ਨੂੰ (ਦਾਤਾਰ) ਦਾਤਾਂ ਦੇ ਰਿਹਾ ਹੈ। ਵਾਹਿਗੁਰੂ ਜੀ ਨੇ ਸਾਰੀ ਸ੍ਰਿਸ਼ਟੀ ਨੂੰ ਇਕ ਹੁਕਮ ਰੂਪੀ ਧਾਗੇ ਵਿਚ ਪ੍ਰੋ ਕੇ ਰੱਖਿਆ ਹੋਇਆ ਹੈ ਅਤੇ ਆਪਣੀ ਜੋਤਿ ਸਭ ਅੰਦਰ ਸੰਜਰੀ ਹੈ ਭਾਵ ਮਿਲਾਈ ਹੈ। ਆਪਣੇ ਹੁਕਮ ਨਾਲ ਹੀ ਮਨਮੁਖਾਂ ਨੂੰ ਸੰਸਾਰ ਸਮੁੰਦਰ ਵਿਚਕਾਰ ਫਸਾਇਆ ਹੋਇਆ ਹੈ ਅਤੇ ਹੁਕਮ ਵਿਚ ਹੀ ਗੁਰਮੁਖਾਂ ਨੂੰ ਸੰਸਾਰ ਸਾਗਰ ਤੋਂ ਤਾਰਦਾ ਹੈ। ਹੇ ਵਾਹਿਗੁਰੂ ਜੀ ! ਤੈਨੂੰ ਉਹੀ ਮਨੁੱਖ ਧਿਆਉਂਦਾ ਹੈ ਜਿਸ ਦੇ ਮੱਥੇ 'ਤੇ ਸ੍ਰੇਸ਼ਟ ਭਾਗ ਹਨ । ਤੇਰੀ ਪ੍ਰਾਪਤੀ ਦੀ ਮਰਯਾਦਾ ਜਾਣੀ ਨਹੀਂ ਜਾਂਦੀ, ਮੈਂ ਆਪ ਜੀ ਤੋਂ (ਸਦਕੇ) ਕੁਰਬਾਣ ਜਾਂਦਾ ਹਾਂ। ੧।

## ਵਿਆਖਿਆ ਤੇ ਸਾਰੰਸ਼

ਕ੍ਰਿਪਾਲੂ ਸਤਿਗੁਰੂ ਜੀ ਨੇ ਅਰੰਭਤਾ ਦੇ ਸਲੋਕ ਅੰਦਰ ਜਿਥੇ ਸਰੀਰਕ ਅੰਗਾਂ ਦੀ ਸਫਲਤਾ ਦਾ ਤਰੀਕਾ ਦਸਿਆ ਹੈ, ਉਥੇ ਐਸੇ ਉੱਤਮ ਪੁਰਸ਼ ਵਿਰਲੇ ਦੱਸੇ ਹਨ ਜਿੰਨ੍ਹਾਂ ਨੇ ਜੀਵਨ ਸਫਲਾ ਕੀਤਾ ਹੈ। ਅੱਗੇ ਗੁਰਸਿੱਖਾਂ ਦਾ ਜੀਵਨ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ—

***"ਗੁਰ ਸਿਖੀ ਗੁਰ ਸਿਖ ਸੁਣਿ, ਅੰਦਰਿ ਸਿਆਣਾ ਬਾਹਰਿ ਭੋਲਾ।***

***ਸਬਦੁ ਸੁਰਤਿ ਸਾਵਧਾਨ ਹੋਇ, ਵਿਣੁ ਗੁਰਸਬਦਿ ਨ ਸੁਣਈ ਬੋਲਾ।***
***ਸਤਿਗੁਰ ਦਰਸਨੁ ਦੇਖਣਾ, ਸਾਧਸੰਗਤ ਵਿਣੁ ਅੰਨ੍ਹਾ ਖੋਲਾ।***
***ਵਾਹਿਗੁਰੂ ਗੁਰੁ ਸਬਦੁ ਲੈ, ਪਿਰਮ ਪਿਆਲਾ ਚੁਪਿ ਚਬੋਲਾ।***
***ਪੈਰੀਂ ਪੈ ਪਾਖਾਕ ਹੋਇ, ਚਰਣਿ ਧੋਇ ਚਰਣੋਦਕ ਝੋਲਾ।***
***ਚਰਣ ਕਵਲ ਚਿਤੁ ਭਵਰੁ ਕਰਿ, ਭਵਜਲ ਅੰਦਰਿ ਰਹੈ ਨਿਰੋਲਾ।***
***ਜੀਵਣਿ ਮੁਕਤਿ ਸਚਾਵਾ ਚੋਲਾ॥ ੧੭॥" (ਵਾਰ ੪, ਪਉੜੀ ੧੭)***

ਪਹਿਲੇ ਸਲੋਕ ਅੰਦਰ ਜੋ ਪੰਗਤੀ ਆਈ ਹੈ : "ਦਰਗਹ ਪਾਈਐ ਠਾਉ॥" ਇਸ ਪੰਗਤੀ ਤੇ ਸੰਪ੍ਰਦਾਈ ਵਿਦਵਾਨ ਮਹਾਪੁਰਖ ਭਾਈ ਡੱਲੇ ਦੀ ਸਾਖੀ ਲਗਾਇਆ ਕਰਦੇ ਹਨ, ਜੋ ਸੰਖੇਪ ਰੂਪ ਵਿਚ ਇਸ ਤਰ੍ਹਾਂ ਹੈ।

## ਸਾਖੀ—ਭਾਈ ਡੱਲਾ (ਸਿੰਘ) ਦੀ

ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ ਦੇ ਪੰਨਾ ੧੦੮੧ ਉਪਰ ਇਸ ਤਰ੍ਹਾਂ ਲਿਖਿਆ ਹੈ: ਇਕ ਦਿਨ ਤਲਵੰਡੀ ਸਾਬੋ ਕੀ ਭਾਈ ਡੱਲਾ (ਸਿੰਘ) ਸ਼ਸਤ੍ਰਧਾਰੀ ਹੋ ਕੇ ਸਾਰੀ ਰਾਤ ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਲੰਘ ਪਾਸ ਪਹਿਰੇ ਉਪਰ ਸਾਵਧਾਨ ਖੜਾ ਰਿਹਾ। ਪੰਜ ਵਾਰੀ ਰਾਤ ਨੂੰ ਗੁਰੂ ਜੀ ਬੋਲੇ ਪਹਿਰੇ ਪਰ ਕੌਣ ਹੈ? ਸਰਦਾਰ ਡੱਲਾ ਹੀ ਬੋਲਦਾ ਰਿਹਾ ਜਿਸ ਤੋਂ ਪ੍ਰਸੰਨ ਹੋ ਕੇ ਗੁਰਦੇਵ ਨੇ ਕਿਹਾ ਰਾਇ ਡੱਲਾ ਮੰਗ ਜੋ ਤੇਰੀ ਇੱਛਿਆ ਹੈ। ਤਾਂ ਭਾਈ ਡੱਲੇ ਨੇ ਕਿਹਾ ਜੀ ਆਪ ਜੀ ਦੇ ਚਰਣਾਂ ਵਿਚ ਨਿਵਾਸ ਲਈ ਪੀੜੀ ਜਿੰਨੀ ਥਾਂ ਬਖ਼ਸ਼ੋ। ਹਜ਼ੂਰ ਨੇ ਕਿਹਾ ਅੰਮ੍ਰਿਤ ਛੱਕ ਜੇ ਚਰਣਾਂ ਵਿਚ ਭਾਵ ਦਰਗਾਹ ਵਿਚ ਸਦੀਵੀ ਨਿਵਾਸ ਲੈਣਾ ਹੈ। ਕਵੀ ਸੰਤੋਖ ਸਿੰਘ ਜੀ ਨੇ ਲਿਖਿਆ ਹੈ ਕਿ ਭਾਈ ਡੱਲੇ ਨੇ ਕਿਹਾ ਜੀ ਪ੍ਰਭੂ ਜਿਥੇ ਤੁਹਾਡਾ ਨਿਵਾਸ ਹੈ, ਉਥੇ ਇਕ ਪੀੜੀ ਜਿੰਨੀ ਥਾਂ ਬਖ਼ਸ਼ੋ ਜੀ, ਉਥੇ ਆਪਣੇ ਪਾਸ ਹੀ ਹਮੇਸ਼ਾ ਰੱਖਣਾ ਕਰੋ।

***ਸ੍ਰੀ ਪ੍ਰਭੁ ਜਹਾ ਬਾਸ ਤੁਮ ਠਾਨਾ। ਇਕ ਪੀਢੀ ਕਹੁ ਮੁਹਿ ਦਿਹੁ ਥਾਨਾ।***
***ਆਪਨ ਨਜੀਕ ਰਾਖੀਅਹਿ ਮੋਹੀ। ਅਪਰ ਨ ਮੋ ਉਰ ਮੈਂ ਇਛ ਹੋਹੀ॥ ੩੬॥***
***ਸੁਨਿ ਕਰਿ ਤਿਸ ਤੇ ਗੁਰੂ ਉਚਾਰੀ। ਅੰਮ੍ਰਿਤ ਲਿਹੁ ਖੰਡੇ ਕਹੁ ਧਾਰੀ।***
***ਡੱਲੇ ਤੇ ਡਲ ਸਿੰਘ ਕਹਾਵਹੁ। ਪੁਨ ਗੁਰ ਘਰ ਕੋ ਸਿਦਕ ਕਮਾਵਹੁ॥ ੩੭॥"***

(ਗੁ: ਪ੍ਰ: ਸੂ: ਗ੍ਰੰਥ, ਐਨ ੧, ਅੰਸੂ ੨੮)

ਭਾਈ ਡੱਲਾ ਕਹਿੰਦਾ ਜੀ ਮੈਂ ਤਾਂ ਅੰਮ੍ਰਿਤ ਬਹੁਤ ਛਕਿਆ ਹੈ। ਹਜ਼ੂਰ ਕਹਿੰਦੇ ਕਿੱਥੇ ਛਕਿਆ ਹੈ। ਕਹਿੰਦਾ ਜੀ ਮੈਂ ਆਪ ਦਾ ਸੀਤ ਪ੍ਰਸਾਦਿ ਥਾਲ ਲੈ ਕੇ ਛਕਦਾ ਰਿਹਾ ਹਾਂ। ਗੁਰਦੇਵ ਜੀ ਕਹਿੰਦੇ ਭਾਈ ਖੰਡੇ ਬਾਟੇ ਦਾ ਅੰਮ੍ਰਿਤ ਛਕਣਾ ਕਰ, ਤਾਂ ਡੱਲਾ ਕਹਿੰਦਾ ਜੀ ਉਹ ਵੀ ਖੰਡੇ ਦਾ ਹੈ, ਉਸ ਵਿਚ ਪ੍ਰਸ਼ਾਦਾ ਛੱਕਣ

ਤੋਂ ਪਹਿਲਾਂ ਅਰਦਾਸ ਕਰਕੇ ਕਿਰਪਾਨ ਭੇਟ ਕਰੀਦੀ ਹੈ।

*ਸ੍ਰੀ ਗੁਰ ਸੋਂ ਭੀ ਖੰਡੇ ਕੇਰ। ਕਰਦ ਭੇਟ ਕਿਯ ਅਚਿਬੇ ਬੇਰ॥ ੪੦॥*
*ਸੁਨਿ ਕਰਿ ਸ੍ਰੀ ਮੁਖਿ ਬਹੁ ਬਿਕਸਾਨੇ। ਸੁਨਿ ਡਲ ਸਿੰਘ ਹਮ ਖੁਸ਼ੀ ਮਹਾਨੇ।*
*ਜੋ ਅੰਮ੍ਰਿਤ ਖੰਡੇ ਕੋ ਲੈ ਹੈ। ਗੁਰ ਕੇ ਸੋ ਜਹਾਜ ਚਢਿ ਜੈ ਹੈ॥ ੪੧॥"*

ਕਲਗੀਧਰ ਜੀ ਕਹਿੰਦੇ ਭਾਈ ਡੱਲੇ, ਜੋ ਖੰਡੇ ਬਾਟੇ ਦਾ ਅੰਮ੍ਰਿਤ ਛਕ ਲੈਂਦਾ ਹੈ, ਉਹ ਗੁਰੂ ਕੇ ਜਹਾਜ਼ ਚੜ੍ਹ ਜਾਂਦਾ ਹੈ। ਅਗਲੇ ਦਿਨ ਭਾਈ ਡੱਲੇ ਨੇ ਤੇ ਸੌ ਨਾਲ ਹੋਰ ਜੀਆਂ ਨੇ ਅੰਮ੍ਰਿਤ ਛਕਿਆ, ਜਿਸ ਤੋਂ ਭਾਈ ਡੱਲਾ ਸਿੰਘ 'ਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਉਸ ਨੂੰ ਇੱਕ ਖੰਡਾ ਤੇ ਢਾਲਾ, ਦੋ ਕੜੇ ਨਾਲ ਆਪਣੇ ਬਸਤ੍ਰ ਬਖ਼ਸ਼ਣਾ ਕੀਤੇ।

*"ਹਾਥ ਜੋਰ ਆਗੈ ਹੋਇ ਖਰਿਯੋ। ਖੰਡੇ ਕੋ ਅੰਮ੍ਰਿਤ ਤਬਿ ਕਰਿਯੋ।*
*ਸੌ ਨਰ ਅਪਰ ਖਰੇ ਸੰਗ ਹੋਇ। ਛਕਯੋ ਸੁਨਹਿਰੇ ਇਕ ਸਭਿ ਕੋਇ॥੪੩॥*
*ਪੁਨ ਪ੍ਰਸੰਨ ਬਹੁ ਭਏ ਕ੍ਰਿਪਾਲਾ। ਬਖਸਯੋ ਖੜਗ ਬਡੋ ਅਰ ਢਾਲਾ।*
*ਦ੍ਵੈ ਹਜਾਰ ਕੇ ਕੰਕਨ ਦੋਇ। ਹੁਤੇ ਜਰਾਉ ਬਖਸੇ ਸੋਇ॥ ੪੪॥*
*ਗੁਰ ਕੋ ਬਸਤ੍ਰ ਪੁਜਬੇ ਹੇਤੁ। ਦੇਤ ਭਏ ਤਬਿ ਕ੍ਰਿਪਾ ਨਿਕੇਤ।"*

(ਗੁ: ਪ੍ਰ: ਸੂ: ਗ੍ਰੰਥ, ਐਨ ੧, ਅੰਸੂ ੨੮)

ਇਹ ਸਾਰੀਆਂ ਬਖ਼ਸ਼ਿਸ਼ਾਂ ਭਾਈ ਡੱਲਾ ਸਿੰਘ ਜੀ ਦੇ ਪ੍ਰਵਾਰ ਪਾਸ ਹਨ। ਵੈਸਾਖੀ ਆਦਿ, ਖ਼ਾਸ ਖ਼ਾਸ ਦਿਨਾਂ ਨੂੰ ਇਨ੍ਹਾਂ ਦੇ ਦਰਸ਼ਨ ਕਰਾਉਂਦੇ ਹਨ।

ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹਿ॥

✯✯✯

ਸ੍ਰੀ ਮੁਖਵਾਕ ਨੰਬਰ ੬ (ਅੰਗ ੫੧੯)

ਸਲੋਕ ਮਃ ੫ ॥ ਲਗੜੀ ਸੁਥਾਨਿ ਜੋੜਣਹਾਰੈ ਜੋੜੀਆ ॥ ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ ॥੧॥ ਮਃ ੫ ॥ ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥ ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥ ੨ ॥ ਪਉੜੀ ॥ ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥ ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥ ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥ ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥ ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥ ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥ ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥ ੭ ॥

# ਪ੍ਰਾਕ੍ਰਥਨ-

ਲਗੜੀ ਸੁਥਾਨਿ ਜੋੜਨਹਾਰੈ ਜੋੜੀਆ॥

੧. ਸ਼ਬਦ ਦੀ ਇਸ ਪਹਿਲੀ ਪੰਗਤੀ ਦਾ ਅਰਥ ਸੰਪ੍ਰਦਾਈ ਟੀਕਾਕਾਰਾਂ ਨੇ ਇਸ ਤਰ੍ਹਾਂ ਕੀਤਾ ਹੈ। ਅਰਥ :- ਜਿਸ ਦੀ ਬਿਰਤੀ ਜੋੜਨ ਵਾਲੇ ਗੁਰਾਂ ਨੇ ਇਕਾਗਰਤਾ ਵਿਚ ਜੋੜੀ ਹੈ, ਉਸ ਦੀ ਬਿਰਤੀ ਸਰੂਪ ਰੂਪੀ ਸੁਥਾਨਿ-ਸ੍ਰੇਸ਼ਟ ਅਸਥਾਨ ਵਿਚ ਲਗੀ ਹੈ। (ਅਮੀਰ ਭੰਡਾਰ, ਸੈਂਚੀ ਪੰਜਵੀਂ)

੨. ਇਸ ਮੁਖਵਾਕ ਵਿਚ ਹਜ਼ੂਰ ਇਹ ਸਿਧਾਂਤ ਕਥਨ ਕਰਦੇ ਹਨ ਕਿ ਸਿੱਖ ਦੀ ਬਿਰਤੀ ਗੁਰੂ ਚਰਨਾਂ ਨਾਲ ਲਗੀ ਤਾਂ ਬਿਰਤੀ ਨੂੰ ਜੋੜਨਹਾਰੈ-ਜੋੜਨ ਵਾਲੇ 'ਗੁਰੂ' ਨੇ ਸੁਥਾਨਿ-ਸੁਭ ਥਾਨ ਸ੍ਰੇਸ਼ਟ ਥਾਨ ਭਾਵ ਸਰੂਪ ਵਿਚ ਜੋੜੀਆ-ਜੋੜ ਦਿੱਤਾ ਹੈ। (ਗੁਰਵਾਕ ਚਾਨਣ ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ)

ਉਪਰੋਕਤ ਅਰਥਾਂ ਅਨੁਸਾਰ ਇਸ ਸ਼ਬਦ ਦੇ ਅਰੰਭ ਵਿਚ ਪੰਚਮ ਗੁਰਦੇਵ ਨੇ ਬਿਰਤੀ ਜੋੜਨ ਦੀ ਗੱਲ ਕੀਤੀ ਹੈ। ਇਸ ਲਈ ਪਹਿਲਾਂ ਬਿਰਤੀ ਬਾਰੇ ਵਿਚਾਰ ਕਰੀਏ ਕਿ ਬਿਰਤੀ ਕਿਸ ਨੂੰ ਕਹਿੰਦੇ ਹਨ। ਡਾ. ਭਾਈ ਵੀਰ ਸਿੰਘ ਜੀ ਨੇ ਬਿਰਤੀ ਬਾਰੇ ਇਸ ਤਰ੍ਹਾਂ ਲਿਖਿਆ ਹੈ।

## ਬਿਰਤੀਆਂ ਦਾ ਨਿਰਣਾ

੩. ਬਿਰਤੀ, ਚਿੱਤ ਤੋਂ ਉਠਣ ਵਾਲੇ ਭਾਵ- ਸੰਕਲਪ, ਵਿਕਲਪ, ਸੁਭਾਵ। (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ੪੮੪)

ਭਾਈ ਵੀਰ ਸਿੰਘ ਜੀ ਨੇ ਲਿਵ ਦਾ ਅਰਥ ਵੀ ਬਿਰਤੀ ਕੀਤੇ ਹਨ। (ਲਿਵ ਤਾਰ ਲਿਵ ਤਾਰੈ) ੧. ਕਿਸੇ ਇਕ ਸੋਚ ਵਿਚ ਲੀਣ ਹੋਣਾ। ਯਥਾ- 'ਜੇ ਲਇ ਰਹਾ ਲਿਵਤਾਰ' (੧) ਜੇ ਸੋਚ ਵਿਚ ਬਿਰਤੀ ਦਾ ਪ੍ਰਵਾਹ ਲਾਵਾਂ। ੨. ਇਕ ਰਸ ਬਿਰਤੀ ਦਾ ਜੁੜਨਾ, ਤੇਲ ਦੀ ਧਾਰ ਵਾਂਙੂ ਪ੍ਰਵਾਹ ਬਿਰਤੀ ਦਾ। ਯਥਾ- ਅੰਮ੍ਰਿਤੁ ਮੂਲ ਸਿਖਰਿ ਲਿਵ ਤਾਰੈ (੮੪੦), ਤੇਰ੍ਹਵੀਂ (ਥਿੱਤ ਦੁਆਰਾ ਕਹਿੰਦੇ ਹਨ ਕਿ ਇਸ ਸੰਸਾਰ ਰੂਪੀ ਖਾਰੇ) ਸਮੁੰਦ੍ਰ ਦੇ ਕਿਨਾਰੇ (ਇਕ ਬ੍ਰਿਛ ਹੈ (ਸਤਸੰਗ ਰੂਪ), (ਉਸ ਬ੍ਰਿਛ ਦਾ) ਮੂਲ ਹੈ (ਅੰਮ੍ਰਿਤ) ਨਾਮ, ਤੇ) (ਉਸ ਦੀ) (ਸਿਖਰ) ਚੋਟੀ ਹੈ ਲਿਵ ਦੀ ਤਾਰ।

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ ਵੀ ਲਿਵ ਦਾ ਅਰਥ ਬਿਰਤੀ ਕੀਤਾ ਹੈ।

੨. ਵ੍ਰਿੱਤ ਦੀ ਇਕਾਗਰਤਾ, ''ਲਿਵ ਛੁੜਕੀ, ਲਗੀ ਤ੍ਰਿਸਨਾ'' (ਮਹਾਨ ਕੋਸ਼)

ਪੰਡਿਤ ਅਨਾਥ ਜੀ ਨੇ ਵਿਚਾਰਮਾਲਾ ਅੰਦਰ ਮਨ ਦੀਆਂ ਬਿਰਤੀਆਂ ਦੀ ਚੰਚਲਤਾ ਇਸ ਤਰ੍ਹਾਂ ਦਰਸਾਈ ਹੈ—

***ਦੋਹਰਾ॥ ਚਲਦਲ ਪਤ੍ਰ ਪਤਾਕ ਪਟ, ਦਾਮਨਿ ਕੱਛਪ ਮਾਥ।***
***ਭੂਤ ਦੀਪ ਦੀਪਕ ਸਿਖਾ, ਯੌਂ ਮਨ ਬਿਰਤਿ ਅਨਾਥ॥ ੨੦॥***

ਅਨਾਥ ਜੀ ਨੇ ਮਨ ਦੀਆਂ ਬਿਰਤੀਆਂ ਦੀ ਚੰਚਲਤਾ ਦਸਣ ਵਾਸਤੇ ਛੇ ਦ੍ਰਿਸ਼ਟਾਂਤ ਦਿੱਤੇ ਹਨ।

੧. ਪਿਪਲ ਦਾ ਪੱਤਾ, ੨. ਨਿਸ਼ਾਨ ਸਾਹਿਬ ਦਾ ਫਰਲਾ, ੩. ਅਕਾਸ਼ੀ ਬਿਜਲੀ, ੪. ਕਛੂਕੁੰਮੇ ਦੀ ਸਿਰੀ, ੫. ਭੂਤਾਂ ਦੀ ਅੱਗ, ੬. ਦੀਵੇ ਦੀ ਲਾਟ। ਇਹ ਛੇ ਦ੍ਰਿਸ਼ਟਾਂਤ ਜੋ ਦਿੱਤੇ ਹਨ ਇਹ ਸਾਰੇ ਚੰਚਲ ਤੇ ਤੇਜ਼ ਮੰਨੇ ਹਨ। ਇਸੀ ਤਰ੍ਹਾਂ ਮਨ ਦੀਆਂ ਬਿਰਤੀਆਂ ਚੰਚਲ ਮੰਨੀਆਂ ਹਨ। ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਜਥਾ ਭਿੰਡਰਾਂ ਮਹਿਤਾ ਵਾਲਿਆਂ ਨੇ ਸਟੀਕ ਜਪੁ ਜੀ ਸਾਹਿਬ ਅੰਦਰ ਪੰਜ ਤਰ੍ਹਾਂ ਦੀਆਂ ਬਿਰਤੀਆਂ ਦਾ ਨਿਰਣਾ ਇਸ ਤਰ੍ਹਾਂ ਕੀਤਾ ਹੈ—

## ਬਿਰਤੀਆਂ ਪੰਜ ਤਰ੍ਹਾਂ ਦੀਆਂ

੧. ਪ੍ਰਮਾਣ, ੨. ਵਿਪਰਜੇ, ੩. ਨਿੰਦ੍ਰਾ, ੪. ਵਿਕਲਪ, ੫. ਸਿੰਮ੍ਰਿਤੀ।

੧. ਪ੍ਰਮਾਣ—ਦਿਸਣ ਵਾਲੀਆਂ ਚੀਜ਼ਾਂ ਵਿਚੋਂ ਮਨ ਦਾ ਪਰਚੇ ਰਹਿਣਾ।

੨. ਵਿਪਰਜੇ—ਬੇਦ ਸ਼ਾਸਤ੍ਰ ਅਤੇ ਗੁਰੂ ਸਾਹਿਬਾਨਾਂ ਦੀ ਆਗਿਆ ਤੋਂ ਉਲਟ ਸਭ ਸੰਸਾਰ ਨੂੰ ਸੱਤ ਕਰਕੇ ਜਾਣਨਾ, ਬ੍ਰਹਮ ਨੂੰ ਅਸੱਤ ਕਰ ਜਾਣਨਾ।

੩. ਨਿੰਦ੍ਰਾ—ਜਾਗ੍ਰਤ ਸੁਪਨ ਦਾ ਅਭਾਵ ਤੇ ਮਨ ਬੁੱਧ ਨੇ ਅਵਿਦਿਆ ਵਿਚ ਲੀਣ ਹੋਣਾ।

੪. ਵਿਕਲਪ—ਬਿਰਤੀ ਇਕਾਗਰ ਤਾਂ ਹੋ ਨਾ ਸਕਣੀ, ਫਲ ਦੀ ਇੱਛਾ ਬਹੁਤੀ ਕਰਨੀ।

੫. ਸਿੰਮ੍ਰਿਤੀ—ਨਿਤ ਨੇਮ, ਸਿਮਰਨ ਭਜਨ ਕਰਨ ਸਮੇਂ, ਪਿਛਲੇ ਕੀਤੇ ਕੰਮਾਂ ਨੂੰ ਯਾਦ ਕਰਨਾ।

## ਸ਼ਕਤੀ, ਲਛਣਾ, ਵਯੰਜਨਾ ਤਿੰਨ ਤਰ੍ਹਾਂ ਦੀ ਬ੍ਰਿਤੀ

ਇਨ੍ਹਾਂ ਬਿਰਤੀਆਂ ਤੋਂ ਵੱਖ ਹੋਰ ਅਰਥ ਕਰਨ ਨਾਲ ਜਿਨ੍ਹਾਂ ਬਿਰਤੀਆਂ ਦਾ ਸਬੰਧ ਹੈ, ਇਹ ਬਿਰਤੀਆਂ ਦਾ ਨਿਰਣਾ ਸਤਿਕਾਰ ਯੋਗ ਡਾਕਟਰ ਚਰਨ ਸਿੰਘ ਜੀ ਨੇ (ਸ਼ਬਦ ਬ੍ਰਿਤੀ ਪ੍ਰਕਾਸ਼) ਅੰਦਰ ਬਹੁਤ ਵਿਸਥਾਰ ਸਹਿਤ ਕੀਤਾ ਹੈ—

੧. ਸ਼ਕਤਿ ਬ੍ਰਿਤੀ, ੨. ਲੱਕਛਣਾ ਬ੍ਰਿਤੀ, ੩. ਵਯੰਜਨਾ ਬਿਰਤੀ।

੧. ਸ਼ਕਤਿ ਬ੍ਰਿਤੀ ਉਸ ਨੂੰ ਕਹਿੰਦੇ ਹਨ ਜਿਸ ਤੋਂ ਪਦ ਸੁਣਦੇ ਸਾਰ ਅਰਥ ਸਮਝ ਪੈ ਜਾਵੇ। ਸਿਆਣਿਆਂ ਨੇ ਦ੍ਰਿਸ਼ਟਾਂਤ ਦਿੱਤਾ ਹੈ। ਜੈਸੇ ਘੋੜਾ ਪਦ ਸੁਣਦੇ ਸਾਰ ਤੁਰੰਗ ਦਾ ਗਿਆਨ ਹੁੰਦਾ ਹੈ।

੨. ਲੱਕਛਣਾ ਬ੍ਰਿਤੀ ਤੋਂ ਭਾਵ ਹੈ (ਪਦ) ਦੇ ਅਰਥ ਤੋਂ ਭਿੰਨ ਹੋਰ ਕਲਪਣਾ ਕਰਨੀ ਪਵੇ, ਜਿਸ ਤੋਂ ਲੱਕਸ਼ਯ ਅਰਥ ਜਾਣਿਆ ਜਾਵੇ। ਭਾਵ ਜਿਵੇਂ ਕੋਈ ਕਹੇ ਕਿ ਮੈਂ ਸਮੁੰਦਰ ਵਿਚ ਰਹਿੰਦਾ ਹਾਂ, ਇਸ ਦਾ ਲੱਕਸ਼ਯ ਅਰਥ ਇਹ ਹੈ ਕਿ ਸਮੁੰਦਰ ਦੇ ਜਲ ਨਾਲ ਘਿਰੇ ਟਾਪੂ ਅੰਦਰ ਰਹਿੰਦਾ ਹੈ। ਜਲ ਅੰਦਰ ਕੇਵਲ ਜਲ ਜੰਤੂ ਹੀ ਰਹਿ ਸਕਦੇ ਹਨ।

੩. ਵਯੰਜਨਾ ਬਿਰਤੀ ਤੋਂ ਭਾਵ ਹੈ ਜੋ ਵਯੰਗਯ ਢੰਗ ਨਾਲ ਅਰਥ ਦਾ ਬੋਧ ਕਰਾਵੇ। ਜਿਸ ਤਰ੍ਹਾਂ ਕਿਸੇ ਨੇ ਆਖਿਆ ਤੇਰੇ ਚਿਹਰੇ ਤੋਂ ਮੂਰਖਤਾ ਭਾਸਦੀ ਹੈ। ਤਾਂ ਸੁਣਨ ਵਾਲੇ ਨੇ ਅੱਗੋਂ ਉਤਰ ਦਿੱਤਾ ਕਿ ਮੇਰਾ ਮੁਖ ਨਹੀਂ ਮਾਨੋਂ ਦਰਪਨ ਹੈ ਭਾਵ ਇਥੇ ਵਯੰਜਨਾ ਬ੍ਰਿਤੀ ਦੁਆਰਾ ਇਹ ਪ੍ਰਗਟ ਕੀਤਾ ਕਿ ਮੇਰੇ ਮੁਖ ਰੂਪ ਸ਼ੀਸ਼ੇ ਵਿਚ ਤੈਨੂੰ ਆਪਣੀ ਮੂਰਖਤਾ ਨਜ਼ਰ ਆ ਰਹੀ ਹੈ।

ਲਕਛਣਾ ਬ੍ਰਿਤੀ ਡਾਕਟਰ ਚਰਨ ਸਿੰਘ ਜੀ ਨੇ ੮੦ ਪ੍ਰਕਾਰ ਦੀ ਦਰਸਾਈ ਹੈ। (ਗ੍ਰੰਥ ਸ਼ਬਦ ਬ੍ਰਿਤੀ ਪ੍ਰਕਾਸ਼) ਅੰਦਰ ਨਾਲ ਨਕਸ਼ਾ ਦਿੱਤਾ ਹੈ। ਹੋਰ ਸਾਰੀਆਂ ਬਿਰਤੀਆਂ ਦੇ ਨਕਸ਼ੇ ਦਿੱਤੇ ਹਨ। ਇਥੇ ਵਿਸਥਾਰ ਤੋਂ ਡਰਦਿਆਂ ਲਿਖਣ ਦਾ ਸੰਕੋਚ ਕੀਤਾ ਹੈ।

ਆਉ ਹੁਣ ਵਿਚਾਰ ਕਰੀਏ ਕਿ ਇਹ ਚੰਚਲ ਬਿਰਤੀਆਂ ਕਿਸ ਤਰ੍ਹਾਂ ''ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥'' ਅਵਸਥਾ ਨੂੰ ਪ੍ਰਾਪਤ ਹੋਕੇ ਸੱਚ ਸਰੂਪ ਵਿਚ ਜੁੜ ਕੇ ਸਥਿਰਤਾ ਨੂੰ ਪ੍ਰਾਪਤ ਹੋ ਸਕਦੀਆਂ ਹਨ। ਬਿਰਤੀ ਦੀ ਇਕਾਗਰਤਾ ਦਾ ਤਰੀਕਾ ਤੀਸਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਤਰ੍ਹਾਂ ਦਰਸਾਇਆ ਹੈ—

***''ਸਬਦਿ ਸੁਣੀਐ, ਸਬਦਿ ਬੁਝੀਐ ਸਚਿ ਰਹੈ ਲਿਵ ਲਾਇ॥***

(ਅੰਗ ੪੨੯)

ਮਨ ਬਿਰਤੀ ਦੀ ਇਕਾਗਰਤਾ ਗੁਰੂ ਸ਼ਬਦ ਨਾਲ ਜੁੜਿਆਂ ਹੀ ਪ੍ਰਾਪਤ ਹੋ ਸਕਦੀ ਹੈ। ਹਜ਼ੂਰ ਨੇ ਗੁਰਬਾਣੀ ਅੰਦਰ ਬੇਅੰਤ ਥਾਈਂ ਇਹ ਉਪਦੇਸ਼ ਬਖ਼ਸ਼ਿਆ ਹੈ—

***''ਸਬਦੁ ਵੀਚਾਰੇ ਏਕ ਲਿਵ ਤਾਰਾ॥''*** (ਅੰਗ ੪੧੨)

***''ਸੋ ਗਿਆਨੀ ਜਿਨਿ ਸਬਦਿ ਲਿਵ ਲਾਈ॥''***

(ਅੰਗ ੮੩੧)

ਇਸ ਲਈ ਮਨ ਬਿਰਤੀ ਦੀ ਇਕਾਗਰਤਾ ਸ਼ਬਦ ਸੁਰਤਿ ਦੇ ਮੇਲਿ ਦੁਆਰਾ ਹੀ ਹੋ ਸਕਦੀ ਹੈ। ਸ਼ਬਦ ਸੁਰਤਿ ਦਾ ਮੇਲ ਕਿਵੇਂ ਹੋਵੇ ? ਤੇ ਮਨ ਬਿਰਤੀ ਕਿਵੇਂ ਸੱਚ ਸਰੂਪ ਵਿਚ ਜੁੜੇ ? ਅਸਲ ਵਿਚ ਮਨ ਬਿਰਤੀਆਂ ਦੀ ਇਕਾਗਰਤਾ ਤੇ ਸ਼ਬਦ ਸੁਰਤਿ ਦੇ ਸੰਜੋਗ ਦਾ ਹਰ ਕਿਸੇ ਨੂੰ ਗਿਆਨ ਨਹੀਂ ਹੈ। ਜੋ ਨਾਮ ਰਸਨਾ ਦੁਆਰਾ ਜਪਿਆ ਜਾਂਦਾ ਹੈ, ਉਹ ਹਿਰਦੇ ਵਿਚ ਪ੍ਰਵੇਸ਼ ਕਰਦਾ ਹੈ। ਹਿਰਦੇ ਵਿਚ ਇਕਾਗਰਤਾ ਮਨ ਬਿਰਤੀ ਦੇ ਆਉਣ ਨਾਲ ਸੁਰਤਿ ਟਿਕਦੀ ਹੈ। ਟਿਕੀ ਹੋਈ ਸੁਰਤਿ ਜਦੋਂ ਸ਼ਬਦ ਨਾਲ ਸਪਰਸ਼ ਕਰਦੀ ਹੈ ਤਾਂ ਮਨ ਬਿਰਤੀ, ਸੁਰਤਿ, ਮਤਿ ਅਤੇ ਬੁਧੀ ਵਿਚ ਇਕ ਵਿਸਮਾਦੀ ਹਾਲਤ ਛਾ ਜਾਂਦੀ ਹੈ, ਜਿਸ ਦਾ ਅਸਲ ਰਸ ਤੇ ਰਹੱਸ ਵਿਰਲੇ ਨਾਮ ਅਭਿਆਸ ਕਮਾਈ ਕਰਨ ਵਾਲੇ ਹੀ ਜਾਣਦੇ ਹਨ। ਬਿਰਤੀ ਦੀ ਇਕਾਗਰਤਾ ਤੇ ਸ਼ਬਦ ਸੁਰਤਿ ਦੇ ਸੰਗਮ ਦਾ ਵਰਣਨ ਅਕਥਨੀਯ ਹੈ। 'ਸਬਦ ਗੁਰੂ ਸੁਰਤਿ ਧੁਨਿ ਚੇਲਾ' ਦਾ ਸਿਧਾਂਤ ਜੋ ਗੁਰੂ ਨਾਨਕ ਦੇਵ ਜੀ ਨੇ ਸਿੱਧਾਂ ਨੂੰ ਦਸਿਆ ਹੈ। ਇਸੇ ਗੁਰੂ ਜੀ ਦੇ ਦੱਸੇ ਸਿਧਾਂਤ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਹੋਰ ਸਪੱਸ਼ਟ ਕੀਤਾ ਹੈ—

*"ਸਬਦੁ ਗੁਰੂ ਗੁਰੁ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ ਚੇਲਾ।*
*ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।*
*ਗਿਆਨੁ ਧਿਆਨੁ ਸਿਮਰਨੁ ਜੁਗਤਿ ਕੂੰਜ ਕੁਰਮ ਹੰਸ ਵੰਸ ਨਵੇਲਾ।*
*ਬਿਰਖਹੁੰ ਫਲ ਫਲ ਤੇ ਬਿਰਖੁ ਗੁਰਸਿਖ ਸਿਖ ਗੁਰ ਮੰਤੁ ਸੁਹੇਲਾ।*
*ਵੀਹਾ ਅੰਦਰਿ ਵਰਤਮਾਨ ਹੋਇ ਇਕੀਹ ਅਗੋਚਰੁ ਖੇਲਾ।*
*ਆਦਿ ਪੁਰਖੁ ਆਦੇਸੁ ਕਰਿ ਆਦਿ ਪੁਰਖ ਆਦੇਸ ਵਹੇਲਾ।*
*ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ॥੨੦॥"* (ਵਾਰ ੭, ਪਉੜੀ ੨੦)

ਪਿਛੇ ਮਨ ਬਿਰਤੀ ਦੀ ਇਕਾਗਰਤਾ ਤੇ ਸ਼ਬਦ ਸੁਰਤਿ ਦੇ ਸੰਗਮ ਬਾਰੇ ਜ਼ਿਕਰ ਕੀਤਾ ਗਿਆ ਹੈ ਅਤੇ ਸ਼ਬਦ ਮਿਲਾਪ ਨੂੰ ਹੀ ਗੁਰੂ ਸਾਹਿਬ ਜੀ ਨੇ ਸਦੀਵੀ ਮਿਲਾਪ ਦਸਿਆ ਹੈ। ਇਸ ਸਬੰਧ ਵਿਚ ਗੁਰ ਇਤਿਹਾਸ ਅੰਦਰ ਆਏ ਪ੍ਰਸੰਗਾਂ ਵਿੱਚੋਂ ਇਥੇ ਇਕ ਪ੍ਰਸੰਗ ਦਾ ਜ਼ਿਕਰ ਕਰ ਰਹੇ ਹਾਂ।

## ਸਾਖੀ—ਗੁਰੂ ਨਾਨਕ ਦੇਵ ਜੀ ਕੇ ਸਿੱਖੋਂ ਕੀ

ਇਹ ਪ੍ਰਸੰਗ ਚੂੜਮਣਿ ਕਵਿ ਸੰਤੋਖ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਇਸ ਪ੍ਰਕਾਰ ਦਰਸਾਇਆ ਹੈ—

*"ਇਕ ਦਿਨ ਸੰਗਤ ਕੇਰ ਮਝਾਰਾ। ਬੈਠੇ ਪ੍ਰਭੂ ਹੈ ਸਬਦ ਵੀਚਾਰਾ।*
*ਪ੍ਰਿਥਾ ਖੇਡਾ ਦਰਸਨ ਆਸੂ। ਚਲ ਆਏ ਸ੍ਰੀ ਨਾਨਕ ਪਾਸੂ॥੪੯॥"*

(ਨਾ: ਪ੍ਰ: ਉ: ਧਿ: ੪੨)

ਇਕ ਦਿਨ ਕ੍ਰਿਪਾਲੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸੰਗਤ ਵਿਚ ਬੈਠੇ ਉਪਦੇਸ਼ ਦੇ ਰਹੇ ਸਨ। ਬੇਅੰਤ ਸੰਗਤਾਂ ਗੁਰ ਉਪਦੇਸ਼ ਸੁਣ ਕਰ ਕਮਾ ਕੇ ਨਿਹਾਲ ਹੋ ਰਹੀਆਂ ਸਨ। ਇਸ ਸਮੇਂ ਭਾਈ ਪ੍ਰਿਥਾ ਤੇ ਭਾਈ ਖੇਡਾ ਦੋਵੇਂ ਹਜ਼ੂਰ ਦੀ ਸ਼ਰਣ ਵਿਚ ਚੱਲ ਕੇ ਆਏ ਹਨ। ਮਸਤਕ ਟੇਕ ਕੇ ਦੋਵਾਂ ਨੇ ਹੱਥ ਜੋੜ ਕਰ ਕੁਝ ਦੇਰ ਸੰਗਤ ਵਿਚ ਬੈਠਣਾ ਕੀਤਾ। ਸ਼ਬਦ ਦੀ ਵੀਚਾਰ ਗੁਰਦੇਵ ਸੰਗਤਾਂ ਨੂੰ ਸੁਣਾ ਰਹੇ ਸਨ। ਇੰਨ੍ਹਾਂ ਨੇ ਵੀ ਸ਼ਬਦ ਦੀ ਵੀਚਾਰ ਸੁਣੀ। "ਸ਼ਬਦ ਵੀਚਾਰ ਸੁਨਿਯੋ ਜਬ ਦੋਈ। ਰਿਦੇ ਸਾਂਤਿ ਪ੍ਰਾਪਤਿ ਤਬ ਹੋਈ॥੫੧॥ ਸ਼ਬਦ ਦੀ ਵੀਚਾਰ ਸੁਣਦਿਆਂ ਹੀ ਮਨ ਅੰਦਰ ਸ਼ਾਂਤੀ ਪ੍ਰਾਪਤ ਹੋ ਗਈ। ਗੁਰ ਦਰਸ਼ਨ ਕਰਨ ਅਤੇ ਸ਼ਬਦ ਵੀਚਾਰ ਸੁਣਨ ਦਾ ਇਹ ਲਾਭ ਪ੍ਰਾਪਤ ਹੋਇਆ ਹੈ। ਹਜ਼ੂਰ ਦੇ ਬਚਨ ਵੀ ਹਨ ਕਿ "ਜਿਸੁ ਮਿਲਿਐ ਮਨਿ ਹੋਇ ਅਨੰਦ ਸੁ ਸਤਿਗੁਰ ਕਹੀਐ॥ ਮਨ ਕੀ ਦੁਬਿਧਾ ਬਿਨਸ ਜਾਇ ਹਰਿ ਪਰਮਪਦ ਲਹੀਐ॥ (ਅੰਗ ੧੬੮) ਹਜ਼ੂਰ ਨੇ ਦੋਵਾਂ ਨੂੰ ਕਿਹਾ ਕਿ ਮੰਗੋ ਜੋ ਇੱਛਾ ਹੈ। ਕਰਤਾਰ ਪੂਰੀ ਕਰੇਗਾ। "ਜੁ ਕਛ ਕਾਮਨਾ ਰਿਦੇ ਤੁਮਾਰੇ। ਜਾਚਹੁ ਪੂਰਹਿ ਸ੍ਰੀ ਕਰਤਾਰੇ।" ਦੋਵਾਂ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੀ ਜੇ ਮੇਹਰ ਦੇ ਘਰ ਵਿਚ ਆਏ ਹੋ ਤਾਂ ਇਹ ਕ੍ਰਿਪਾ ਕਰੋ ਜੀ ਕਿ ਆਪਣੇ ਚਰਨਾਂ ਦੀ ਸ਼ਰਣ ਦਾ ਆਸਰਾ ਬਖ਼ਸ਼ੋ

ਜੀ ਅਤੇ ਸਾਰੇ ਸੰਸਾਰ ਨੂੰ ਸੁਪਨ ਪਦਾਰਥ ਦੀ ਤਰ੍ਹਾਂ ਜਾਣ ਲਈਏ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਸਾਡੇ ਚਰਨ ਹਮੇਸ਼ਾ ਸੰਗਤ ਵਿਚ ਹਨ। ਸੰਗਤ ਕਰਿਆ ਕਰੋ ਅਤੇ ਸੰਤ ਸਾਧ ਜਨਾਂ ਦੀ ਸੇਵਾ ਕਰਿਆ ਕਰੋ।

*"ਬੋਲੇ ਸ੍ਰੀ ਪ੍ਰਭਿ ਹਮ ਪਗ ਤਹਿਵਾ। ਬਸਹਿ ਸਦਾ ਸਤਿ ਸੰਗਤ ਜਹਿਵਾ।*
*ਸੰਤ ਸਭਨ ਕੀ ਸੇਵ ਕਰੀਜੈ। ਤਿਨ ਮਹਿ ਮਿਲ ਕਰ ਸਮਾ ਬਤੀਜੈ॥ ੫੪॥*
*ਸੰਤ ਕਰਤਾਰ ਭੇਦ ਕਛ ਨਾਹੀ। ਦ੍ਰਿੜ ਨਿਹਚੈ ਧਾਰਹੁ ਮਨ ਮਾਹੀ।*
*ਧਰਮ ਕ੍ਰਿਤ ਕਰ ਵੰਡ ਸੁ ਖਾਉ। ਚਰਣ ਸਰਣ ਨਿਤ ਇਉ ਜਿ ਕਮਾਓ॥ ੫੫॥"*

ਹੇ ਭਾਈ! ਸੰਤਾਂ ਤੇ ਕਰਤਾਰ ਵਿਚ ਕੋਈ ਫ਼ਰਕ ਨਹੀਂ ਹੈ। ਦੋਵੇਂ ਇਕ ਸਰੂਪ ਹਨ। ਜੇ ਇਸ ਤਰ੍ਹਾਂ ਧਰਮ ਦੀ ਕ੍ਰਿਤ ਕਰਦਿਆਂ, ਸੰਗਤ ਕਰਦਿਆਂ ਚਰਣ ਸ਼ਰਣ ਵਿਚ ਰਹਿਣ ਰੂਪ ਇਸ ਤਰ੍ਹਾਂ ਦਾ ਕਰਮ ਕਰੋਗੇ ਤਾਂ ਜੀਵਨ ਸਫ਼ਲ ਹੋ ਜਾਵੇਗਾ। ਪਰ ਅਗੇ ਗੁਰਬਾਣੀ ਅਤੇ ਗੁਰ ਸ਼ਬਦ ਦੀ ਮਹਾਨਤਾ ਇਸ ਤਰ੍ਹਾਂ ਦਰਸਾਈ ਹੈ। ਹਜ਼ੂਰ ਕਹਿੰਦੇ ਹਨ ਸਰਗੁਣ ਸਾਡਾ ਸਥੂਲ ਸਰੀਰ ਹੈ। ਸ਼ਬਦ ਗੁਰਬਾਣੀ ਸਾਡਾ ਹਿਰਦਾ ਹੈ। ਇਹ ਨਿਰਗੁਣ ਸਰੂਪ ਹੈ। ਸਰੀਰ ਨਾਲ ਮਿਲੇ ਵਿਛੜ ਜਾਂਦੇ ਹਨ, ਸ਼ਬਦ ਨਾਲ ਮਿਲੇ ਮੁੜ ਵਿਛੜਦੇ ਨਹੀਂ। ਇਹ ਸਦੀਵੀ ਮਿਲਾਪ ਹੈ।

*"ਸਰਗੁਣ ਰੂਪ ਸਰੀਰ ਪਛਾਨੋ। ਸ਼ਬਦ ਰਿਦਾ ਮਮ ਨਿਰਗੁਣ ਮਾਨੋ।*
*ਮਿਲੇ ਸਰੀਰ ਬਿਛਰ ਸੇ ਜਾਵਹਿ। ਸਬਦ ਮਿਲੇ ਨਾ ਬਿਛਰਣ ਪਾਵਹਿ॥ ੫੬॥"*

ਇਸ ਪ੍ਰਕਾਰ ਗੁਰ ਸੰਗਤ ਜੀ! ਗੁਰੂ ਨਾਨਕ ਦੇਵ ਜੀ ਨੇ ਸ਼ਬਦ ਨੂੰ ਹੀ ਮਹਾਨ ਦਸਿਆ ਹੈ। ਇਹ ਉਹ ਹੀ ਸਿਧਾਂਤ ਦਰਸਾਇਆ ਹੈ ਜੋ ਭਾਈ ਨੰਦ ਲਾਲ ਜੀ ਨੂੰ ਕਲਗੀਧਰ ਜੀ ਨੇ ਦਸਿਆ ਸੀ।

*"ਤੀਨ ਰੂਪ ਹੈ ਮੋਹਿ ਕੇ ਸੁਣਹੁ ਨੰਦ ਚਿਤ ਲਾਇ।*
*ਨਿਰਗੁਣ ਸਰਗੁਣ ਗੁਰ ਸਬਦ ਕਹੋ ਤੋਹਿ ਸਮਝਾਇ।"*

ਭਾਈ ਪ੍ਰਿਥਾ ਤੇ ਭਾਈ ਖੇਡਾ ਗੁਰ ਸ਼ਬਦ ਕਮਾ ਕੇ ਤਰੇ ਸਨ।

*"ਜੀਵਨ ਮੁਕਤਿ ਰੁਚਿਰ ਪਦ ਪਾਵਾ। ਸਤਿਗੁਰ ਬਚਨ ਰਿਦੇ ਠਹਿਰਾਵਾ॥ ੫੭॥"*

ਇੰਨ੍ਹਾਂ ਭਾਈ ਪ੍ਰਿਥਾ ਤੇ ਭਾਈ ਖੇਡਾ ਜੀ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਅੰਦਰ ਕੀਤਾ ਹੈ—

*"ਪਿਰਥਾ ਖੇਡਾ ਸੋਇਰੀ ਚਰਨ ਸਰਣ ਸੁਖ ਸਹਜਿ ਨਿਵਾਸੀ।"*

(ਵਾਰ ੧੧, ਪਉੜੀ ੧੩)

ਗੁਰਬਾਣੀ ਪ੍ਰਮਾਣ

੧. ਗਉੜੀ ਮ: ੫-

*"ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥*

*ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥*
*ਹਰਿ ਸਿਉ ਜੁਰੈ ਨ ਵਿਆਪੈ ਕਾੜ੍ਾ॥*
*ਹਰਿ ਸਿਉ ਜੁਰੈ ਤ ਹੋਇ ਨਿਸਤਾਰਾ॥ ੧॥*
*ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ॥ਕਾਜਿ ਤੁਹਾਰੈ ਨਾਹੀ ਹੋਰੁ॥੧॥ ਰਹਾਉ॥"*

(ਅੰਗ ੨੩੮)

੨. *ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ॥*
*ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ॥*
*ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ॥*
*ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ॥*
*ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ॥*
*ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ॥*
*ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ॥*
*ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ॥*
*ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ॥"* (ਅੰਗ ੧੩੪)

੩. *ਮ: ੫॥ "ਨੀਹਿ ਜਿ ਵਿਧਾ ਮੰਨੁ ਪਛਾਣੂ ਵਿਰਲੋ ਥਿਓ॥*
*ਜੋੜਣਹਾਰਾ ਸੰਤੁ ਨਾਨਕ ਪਾਧਰੁ ਪਧਰੋ॥"* (ਅੰਗ ੩੨੧)

**ਸਲੋਕ ਮ: ੫॥ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥ਨਾਨਕ ਲਹਰੀ ਲਖ ਸੈ ਆਨ ਡੁਬਣ ਦੇਇ ਨ ਮਾ ਪਿਰੀ॥੧॥**

**ਪਦ ਅਰਥ** :–ਲਗੜੀ–ਬ੍ਰਿਤੀ ਲਗ ਗਈ ਭਾਵ ਜੁੜ ਗਈ ਹੈ। ਸੁਥਾਨਿ–ਗੁਰ ਸ਼ਬਦ ਰੂਪ ਸ੍ਰੇਸ਼ਟ ਥਾਂ 'ਤੇ। ਜੋੜਣਹਾਰੈ–ਜੋੜਨ ਵਾਲੇ ਗੁਰੂ ਨੇ। ਜੋੜੀਆ–ਜੋੜਿ ਦਿੱਤੀ। ਲਹਰੀ–ਮੰਦੂ ਵਾਸਨਾ ਦੀਆਂ ਲਹਿਰਾਂ। ਲਖ–ਲੱਖਾਂ। ਸੈ ਆਨ–ਸੈਂਕੜੇ, ਸੈ ਦਾ ਬਹੁ ਵਚਨ, (ਅ) ਸੈ+ਆਨ=ਸੋ ਪਈਆਂ ਆਉਣ। ਮਾ ਪਿਰੀ–ਮੇਰਾ ਪਿਆਰਾ।

**ਅਰਥ** :–ਮੇਰੀ ਬ੍ਰਿਤੀ ਸ੍ਰੇਸ਼ਟ ਥਾਂ 'ਤੇ (ਭਾਵ ਗੁਰ ਸ਼ਬਦ ਵਿਚ) ਜੋੜਨ ਵਾਲੇ ਗੁਰੂ ਨੇ ਜੋੜ ਦਿੱਤੀ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ ਚਾਹੇ ਸੰਸਾਰ ਸਾਗਰ ਅੰਦਰ ਮੰਦ ਵਾਸ਼ਨਾ ਦੀਆਂ ਸੈਂਕੜੇ ਕੀ ਭਾਵੇਂ ਲੱਖਾਂ ਲਹਿਰਾਂ ਉਠਿ ਰਹੀਆਂ ਹਨ, ਪਰ ਮੇਰਾ ਪਿਆਰਾ ਗੁਰੂ ਇਨ੍ਹਾਂ ਲਹਿਰਾਂ ਵਿਚ (ਮੈਨੂੰ) ਮੇਰੀ ਬ੍ਰਿਤੀ ਨੂੰ ਡੁੱਬਣ ਨਹੀਂ ਦਿੰਦਾ। ੧।

ਮ: ੫ ॥ ਬਨਿ ਭੀਹਾਵਲੈ ਹਿਕੁ ਸਾਥੀ ਲਧਮੁ ਦੁਖ ਹਰਤਾ ਹਰਿ ਨਾਮਾ ॥
ਬਲਿ ਬਲਿ ਜਾਈ ਸੰਤ ਪਿਆਰੇ ਨਾਨਕ ਪੂਰਨ ਕਾਮਾਂ ॥ ੨ ॥

**ਪਦ ਅਰਥ:**–ਬਨਿ–ਜੰਗਲ। ਭੀਹਾਵਲੈ–ਭਿਆਨਕ, ਡਰਾਉਣੇ। ਹਿਕੁ–ਇੱਕ। ਲਧਮੁ–ਲੱਧਾ ਹੈ ਭਾਵ ਲੱਭਾ ਹੈ। ਹਰਤਾ–ਦੂਰ ਕਰਨ ਵਾਲਾ। ਬਲਿ ਬਲਿ–ਮੈਂ ਬਲਿਹਾਰ (ਸੱਦਕੇ)। ਜਾਈ–ਜਾਂਦਾ ਹਾਂ। ਸੰਤ–ਗੁਰੂ ਰਾਮਦਾਸ।

**ਅਰਥ :**–ਹੇ ਭਾਈ ! ਸੰਸਾਰ ਰੂਪੀ ਭਿਆਨਕ ਡਰਾਉਣੇ ਜੰਗਲ ਵਿਚ ਮੈਨੂੰ ਇਕ ਸਾਥੀ (ਲਧਮੁ) ਲੱਭਾ ਹੈ, ਉਹ ਦੁੱਖਾਂ ਨੂੰ ਦੂਰ ਕਰਨੇ ਵਾਲਾ ਹੈ, ਉਹ ਹੈ (ਹਰਿ ਨਾਮਾ) ਵਾਹਿਗੁਰੂ ਜੀ ਦਾ ਨਾਮ। (ਗੁਰੂ ਜੀ ਫੁਰਮਾਨ ਕਰਦੇ ਹਨ) ਕਿ ਮੈਂ ਪਿਆਰੇ (ਸੰਤ) ਸਰੂਪ ਗੁਰੂ ਰਾਮਦਾਸ ਜੀ ਤੋਂ ਬਲਿਹਾਰ (ਸਦਕੇ) ਜਾਂਦਾ ਹਾਂ, ਜਿਸਨੇ ਮੇਰਾ ਜੀਵਨ ਦੀ ਸਫਲਤਾ ਰੂਪ ਕੰਮ ਪੂਰਾ ਕਰ ਦਿੱਤਾ ਹੈ।੨।

ਪਉੜੀ ॥ ਪਾਈਅਨਿ ਸਭਿ ਨਿਧਾਨ ਤੇਰੈ ਰੰਗਿ ਰਤਿਆ ॥ ਨ ਹੋਵੀ ਪਛੋਤਾਉ ਤੁਧ ਨੋ ਜਪਤਿਆ ॥ ਪਹੁਚਿ ਨ ਸਕੈ ਕੋਇ ਤੇਰੀ ਟੇਕ ਜਨ ॥ ਗੁਰ ਪੂਰੇ ਵਾਹੁ ਵਾਹੁ ਸੁਖ ਲਹਾ ਚਿਤਾਰਿ ਮਨ ॥ ਗੁਰ ਪਹਿ ਸਿਫਤਿ ਭੰਡਾਰੁ ਕਰਮੀ ਪਾਈਐ ॥ ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ ॥ ਰਖੈ ਆਪਿ ਦਇਆਲੁ ਕਰਿ ਦਾਸਾ ਆਪਣੇ ॥ ਹਰਿ ਹਰਿ ਹਰਿ ਹਰਿ ਨਾਮੁ ਜੀਵਾ ਸੁਣਿ ਸੁਣੇ ॥ ੭ ॥

**ਪਦ ਅਰਥ :**–ਪਾਈਅਨਿ–ਪਾ ਲਈਂਦੇ ਹਨ। ਨਿਧਾਨ–ਖ਼ਜ਼ਾਨੇ। ਰੰਗਿ ਰਤਿਆ–ਪ੍ਰੇਮ ਰੰਗਿ ਵਿਚ ਤਦਾਕਾਰ। ਪਹੁਚਿ–ਬਰਾਬਰੀ। ਵਾਹੁ ਵਾਹੁ–ਧੰਨ ਹੈ, ਧੰਨ ਹੈ। ਕਰਮੀ–ਭਾਗਾਂ ਨਾਲ। ਬਹੁੜਿ–ਫਿਰ ਮੁੜ ਕੇ। ਨ ਧਾਈਐ–ਭੱਜਣਾ, ਭੱਟਕਣਾ ਨਹੀਂ ਪੈਂਦਾ।

**ਅਰਥ :**–ਹੇ ਵਾਹਿਗੁਰੂ ਜੀ ! ਤੇਰੇ ਪ੍ਰੇਮ ਰੰਗਿ ਵਿਚ ਤਦਾਕਾਰ ਹੋਇਆ ਸਾਰੇ ਖ਼ਜ਼ਾਨੇ ਪਾ ਲਈਦੇ ਹਨ। ਹੇ ਵਾਹਿਗੁਰੂ ਜੀ ! ਤੈਨੂੰ ਜਪਦਿਆਂ ਹੋਇਆਂ ਕਿਸੇ ਪ੍ਰਕਾਰ ਦਾ ਕੋਈ ਪਛਤਾਵਾ ਨਹੀਂ ਹੁੰਦਾ। ਜਿਸ ਨੂੰ ਤੇਰੀ ਟੇਕ–ਓਟ ਹੈ, ਉਸ ਦੀ ਬਰਾਬਰੀ ਕਰਨ (ਅਥਵਾ) ਉਸ ਨੂੰ ਦੁੱਖ ਦੇਣ ਲਈ ਕੋਈ ਦੁਸ਼ਮਣ ਉਸ ਪਾਸ ਪਹੁੰਚ ਨਹੀਂ ਸਕਦਾ। ਹੇ ਪੂਰਨ ਗੁਰਦੇਵ! ਤੂੰ ਧੰਨ ਹੈਂ, ਧੰਨ ਹੈਂ, ਮੈਂ ਤੈਨੂੰ ਚਿਤਾਰਿ–ਯਾਦ ਕਰਕੇ ਮਨ ਵਿਚ ਸੁਖ ਪ੍ਰਾਪਤ ਕਰਦਾ ਹਾਂ। ਗੁਰੂ ਜੀ ਦੇ ਪਾਸ ਵਾਹਿਗੁਰੂ ਜੀ ਦੀ ਸਿਫਤ ਦਾ ਭੰਡਾਰੁ–ਖ਼ਜ਼ਾਨਾ ਹੈ ਪਰ ਭਾਗਾਂ ਨਾਲ ਪਾਈਦਾ ਹੈ। ਸਤਿਗੁਰੂ ਸਾਹਿਬ ਜੀ ਮੇਹਰ ਦੀ ਨਜ਼ਰ ਨਾਲ ਵੇਖਣ ਤਾਂ ਫਿਰ ਜੂਨਾਂ ਵਿਚ ਭਟਕਣਾ ਨਹੀਂ ਪੈਂਦਾ। ਉਹ ਦਇਆਲੂ ਪਿਤਾ ਬਖ਼ਸ਼ਿਸ਼ ਕਰਕੇ ਆਪਣਿਆਂ ਦਾਸਾਂ ਨੂੰ ਆਪ ਹੀ ਜੂਨਾਂ ਵਿਚ ਭਟਕਣ ਤੋਂ ਰੱਖ ਲੈਂਦਾ ਹੈ।

ਨੋਟ :- ਹਰਿ ਸ਼ਬਦ ਚਾਰ ਵਾਰੀ ਆਇਆ ਹੈ। ਇਸ ਪੰਗਤੀ ਵਿਚ ਚਾਰੇ ਹਰਿ ਹਰਿ ਪਦ ਨੂੰ

ਸੰਪ੍ਰਦਾਈ ਵਿਦਵਾਨ ਇਸ ਤਰ੍ਹਾਂ ਸਫਲਾ ਕਰਦੇ ਹਨ। ਜੋ ਹਰੀ ਹਰਿ ਇਕ ਜੀਵਾਂ ਦੇ ਹਰੇ ਭਰੇ ਕਰਨ ਵਾਲਾ ਹੈ, ਉਸ ਦੇ ਹਰੀ ਨਾਮ ਨੂੰ ਸੁਣਿ ਸੁਣਿ ਕੇ ਮੈਂ ਜੀਉਂਦਾ ਹਾਂ। ੭।

## ਟੀਕਾਕਾਰਾਂ ਦੇ ਅਰਥ ਭੇਦ

***"ਲਗੜੀ ਸੁਥਾਨਿ ਜੋੜਣਹਾਰੈ ਜੋੜੀਆ॥***

੧. ਅਰਥ :-(ਮੇਰੀ ਪ੍ਰੀਤ) ਚੰਗੇ ਟਿਕਾਣੇ 'ਤੇ ਭਾਵ ਪਿਆਰੇ (ਪ੍ਰਭੂ ਦੇ ਚਰਨਾਂ ਵਿਚ) ਚੰਗੀ ਤਰ੍ਹਾਂ ਲਗ ਗਈ ਹੈ। ਜੋੜਨਹਾਰ ਪ੍ਰਭੂ ਨੇ ਆਪ ਜੋੜੀ ਹੈ। (ਦਰਪਣ, ਡਾ. ਸਾਹਿਬ ਸਿੰਘ)

੨. ਅਰਥ : ਸਲੋਕ ਮ: ੫-(ਮੇਰੀ) ਪ੍ਰੀਤ ਸ੍ਰੇਸ਼ਟ ਥਾਂ 'ਤੇ ਭਾਵ ਚਰਨਾਂ ਵਿਚ ਜੁੜ ਗਈ।

(ਦਰਸਣ ਨਿਰਣੈ, ਗਿ: ਹਰਬੰਸ ਸਿੰਘ)

੩. ਜਿਸ ਦੀ ਬ੍ਰਿਤੀ ਜੋੜਨ ਵਾਲੇ ਗੁਰਾਂ ਨੇ ਇਕਾਗਰਤਾ ਵਿਚ ਜੋੜੀ ਹੈ, ਉਸ ਦੀ ਬ੍ਰਿਤੀ ਸਰੂਪ ਰੂਪੀ ਸੁਥਾਨਿ-ਸ੍ਰੇਸ਼ਟ ਅਸਥਾਨ ਵਿਚ ਲਗੀ ਹੈ।

(ਅਮੀਰ ਭੰਡਾਰ, ਸੈਂਚੀ ਪੰਜਵੀਂ, ਸੰਪ੍ਰਦਾਈ ਟੀਕਾ)

੪. ਨਿਰੁਕ੍ਤ-ਲਗੜੀ-ਲੱਗੀ ਹੋਣੀ, ਲੱਗ ਗਈ ਭਾਵ ਹੈ ਪ੍ਰੀਤ ਲਗ ਗਈ, ਦਾਨੇ ਬ੍ਰਿਤੀ ਲੱਗ ਗਈ ਵੀ ਕਰਦੇ ਹਨ ਭਾਵ ਦੁਹਾਂ ਦਾ ਇਕੋ ਹੀ ਹੈ।

(ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਭਾਈ ਵੀਰ ਸਿੰਘ ਜੀ, ਪੋਥੀ ਸੱਤਵੀਂ)

੫. ਸਿੱਖ ਦੀ ਬ੍ਰਿਤੀ ਗੁਰ ਚਰਨਾਂ ਨਾਲ ਲਗੀ ਤਾਂ ਬ੍ਰਿਤੀ ਨੂੰ ਜੋੜਨ ਵਾਲੇ ਗੁਰੂ ਨੇ ਸਰੂਪ ਵਿਚ ਜੋੜ ਦਿੱਤਾ। (ਗੁਰਵਾਕ ਚਾਨਣ ਸੰਪ੍ਰਦਾਈ ਸਟੀਕ)

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਅਰੰਭ ਵਿਚ ਬਿਰਤੀ ਨੂੰ ਇਕਾਗਰ ਕਰਨ ਦਾ ਜ਼ਿਕਰ ਆਇਆ ਹੈ। ਬਿਰਤੀ ਇਕਾਗਰ ਸ਼ਬਦ ਸੁਰਤਿ ਦੇ ਮੇਲ ਕਰਕੇ ਹੋਣੀ ਹੈ। ਆਉ ਸ਼ਬਦ ਗੁਰੂ ਦੇ ਸਬੰਧ ਵਿਚ ਵਿਸਥਾਰ ਸਹਿਤ ਗੁਰਮਤਿ ਦੇ ਸਿਧਾਂਤ ਅਨੁਸਾਰ ਵਿਚਾਰ ਕਰੀਏ। ਸ਼ਬਦ ਗੁਰੂ ਦੀ ਵਡਿਆਈ ਦਰਸਾਉਂਦਿਆਂ ਗੁਰਦੇਵ ਨੇ ਸਿੱਧਾਂ ਨੂੰ ਇਥੋਂ ਤੱਕ ਕਹਿ ਦਿੱਤਾ ਕਿ ਆਪਣੇ ਆਪ ਸੱਚੇ ਤੇ ਸੁੱਚੇ ਬਣ ਕੇ ਕੀ ਭੌਂਦੇ ਫਿਰਦੇ ਹੋ। ਸੱਚੇ ਗੁਰੂ ਦੇ (ਸ਼ਬਦ) ਉਪਦੇਸ਼ ਤੋਂ ਮੋਖਸ਼ ਦੀ ਪ੍ਰਾਪਤੀ ਨਹੀਂ ਹੋਣੀ। ਹਜ਼ੂਰ ਦਾ ਫੁਰਮਾਣ ਹੈ :

***"ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ਰਹਾਉ॥"***

(ਅੰਗ ੯੩੮)

ਪ੍ਰਭਾਤੀ ਅਸਟਪਦੀਆਂ ਅੰਦਰ ਗੁਰਦੇਵ ਬਖ਼ਸ਼ਿਸ਼ ਕਰਦੇ ਹਨ ਕਿ ਸੱਚੇ ਗੁਰੂ ਦੇ ਉਪਦੇਸ਼ ਰਾਹੀਂ ਸੱਚ

ਨਾਮ ਜਪਣ ਰੂਪ ਕਮਾਈ ਕਰੇ। ਸੱਚੀ ਗੁਰੂ ਦੀ ਬਾਣੀ ਰਾਹੀਂ ਹਰੀ ਦੇ ਗੁਣ ਗਾਵੇ, ਤਦ ਸੱਚੇ ਦੇ ਦਰਬਾਰ ਅੰਦਰ ਸੋਭਾ ਪਾਂਵਦਾ ਹੈ ਅਤੇ ਅਮਰ ਪਦਵੀ ਪ੍ਰਾਪਤ ਹੋ ਜਾਂਦੀ ਹੈ। ਬਾਣੀ ਪੜ੍ਹਦਿਆਂ, ਗੁਰਸੇਵਾ ਕਰਦਿਆਂ ਹੀ ਭਗਤੀ ਸਫਲੀ ਹੁੰਦੀ ਹੈ। ਸੇਵਾ ਬਿਨਾਂ ਹੰਕਾਰ ਹੋ ਜਾਂਦਾ ਹੈ। ਭਗਤੀ ਸਫਲੀ ਨਹੀਂ ਹੁੰਦੀ। ਹਉਮੈ ਗੁਰ ਉਪਦੇਸ਼ ਰਾਹੀਂ ਸੇਵਾ ਸਿਮਰਨ ਕਰਕੇ ਨਵਿਰਤ ਹੁੰਦੀ ਹੈ। ਸੰਸਾਰ ਅੰਦਰ ਸ਼ਬਦ ਦੀ ਕਮਾਈ ਸਭ ਤੋਂ ਸ੍ਰੇਸ਼ਟ ਹੈ। ਸ਼ਬਦ ਤੋਂ ਬਿਨਾਂ ਹੋਰ ਮੋਹ ਆਦਿ ਅਗਿਆਨਤਾ ਦੇ ਹਨੇਰੇ ਅੰਦਰ ਹਨ। ਪਾਤਸ਼ਾਹ ਜੀ ਦੇ ਪਵਿੱਤ੍ਰ ਅੰਮ੍ਰਿਤ ਬਚਨ ਹਨ—

*"ਸਚੈ ਸਬਦਿ ਸਚੁ ਕਮਾਵੈ॥ ਸਚੀ ਬਾਣੀ ਹਰਿ ਗੁਣ ਗਾਵੈ॥*
*ਨਿਜ ਘਰਿ ਵਾਸੁ ਅਮਰ ਪਦੁ ਪਾਵੈ॥ ਤਾ ਦਰਿ ਸਾਚੈ ਸੋਭਾ ਪਾਵੈ॥ ੫॥*
*ਗੁਰ ਸੇਵਾ ਬਿਨੁ ਭਗਤਿ ਨ ਹੋਈ॥ ਅਨੇਕ ਜਤਨ ਕਰੈ ਜੇ ਕੋਈ॥*
*ਹਉਮੈ ਮੇਰਾ ਸਬਦੇ ਖੋਈ॥ ਨਿਰਮਲ ਨਾਮੁ ਵਸੈ ਮਨਿ ਸੋਈ॥ ੬॥*
*ਇਸੁ ਜਗ ਮਹਿ ਸਬਦੁ ਕਰਣੀ ਹੈ ਸਾਰੁ॥ ਬਿਨੁ ਸਬਦੈ ਹੋਰੁ ਮੋਹੁ ਗੁਬਾਰੁ॥*
*ਸਬਦੇ ਨਾਮੁ ਰਖੈ ਉਰ ਧਾਰਿ॥ ਸਬਦੇ ਗਤਿ ਮਤਿ ਮੋਖ ਦੁਆਰੁ॥ ੭॥"*

(ਅੰਗ ੧੩੪੨)

ਇਸੇ ਸ਼ਬਦ ਗੁਰੂ ਦੇ ਸਿਧਾਂਤ ਤੇ ਨਿਰੰਕਾਰੀ ਜੋਤਿ ਗੁਰੂ ਨਾਨਕ ਦੇਵ ਜੀ ਹੋ ਕੇ ਜੀਆਂ ਦੇ ਤਾਰਣ ਦੇ ਸਿਧਾਂਤ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਦਰਸਾਇਆ ਹੈ—

*"ਗੁਰ ਸਿਖਹੁ ਗੁਰ ਸਿਖੁ ਹੈ, ਪੀਰ ਪੀਰਹੁ ਕੋਈ।*
*ਸਬਦਿ ਸੁਰਤਿ ਚੇਲਾ ਗੁਰੂ ਪਰਮੇਸਰੁ ਸੋਈ।*
*ਦਰਸਨਿ ਦਿਸਟਿ ਧਿਆਨੁ ਧਰਿ ਗੁਰ ਮੂਰਤਿ ਹੋਈ।*
*ਸਬਦ ਸੁਰਤਿ ਕਰਿ ਕੀਰਤਨੁ ਸਤਿਸੰਗਿ ਵਿਲੋਈ।*
*ਵਾਹਿਗੁਰੂ ਗੁਰਮੰਤ੍ਰ ਹੈ ਜਪਿ ਹਉਮੈ ਖੋਈ।*
*ਆਪੁ ਗਵਾਏ ਆਪਿ ਹੈ ਗੁਣ ਗੁਣੀ ਪਰੋਈ॥"*

(ਵਾਰ ੧੩, ਪਉੜੀ ੨)

*"ਨਿਰੰਕਾਰੁ ਆਕਾਰੁ ਕਰਿ ਜੋਤਿ ਸਰੂਪੁ ਅਨੂਪ ਦਿਖਾਇਆ।*
*ਵੇਦ ਕਤੇਬ ਅਗੋਚਰਾ ਵਾਹਿਗੁਰੂ ਗੁਰ ਸਬਦੁ ਸੁਣਾਇਆ।*
*ਚਾਰਿ ਵਰਨ ਚਾਰਿ ਮਜਹਬਾ ਚਰਣ ਕਵਲ ਸਰਣਾਗਤਿ ਆਇਆ।*
*ਪਾਰਸਿ ਪਰਸਿ ਅਪਰਸ ਜਗਿ ਅਸਟਧਾਤੁ ਇਕੁ ਧਾਤੁ ਕਰਾਇਆ।*
*ਪੈਰੀਂ ਪਾਇ ਨਿਵਾਇਕੈ ਹਉਮੈ ਰੋਗੁ ਅਸਾਧੁ ਮਿਟਾਇਆ।*

***ਹੁਕਮਿ ਰਜਾਈ ਚਲਣਾ ਗੁਰਮੁਖਿ ਗਾਡੀ ਰਾਹੁ ਚਲਾਇਆ।***
***ਪੂਰੈ ਪੂਰਾ ਥਾਟੁ ਬਣਾਇਆ॥ ੧੭॥''*** (ਵਾਰ ੧੨, ਪਉੜੀ ੧੭)

ਸ਼ਬਦ ਗੁਰੂ ਦੀ ਮਹਾਨਤਾ ਦਸੇ ਗੁਰੂ ਸਾਹਿਬਾਂ ਨੇ ਦਰਸਾਈ ਹੈ। ਅਸਲ ਵਿਚ ਗੁਰੂ ਸਾਹਿਬ ਜੀ ਸਰੀਰ ਨਹੀਂ ਸਨ। ''ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਉ॥ ਨਿਰੰਕਾਰ ਆਕਾਰ ਜੋਤ ਜਗਿ ਮੰਡਲ ਕਰਿਉ॥'' ਪਾਰਬ੍ਰਹਮ ਪ੍ਰਮੇਸਰ ਸਨ ਅਥਵਾ ਸਬਦ-ਜੋਤਿ ਹੀ ਗੁਰੂ ਹੈ ਜਿਸ ਨੇ ਗੁਰੂ ਨਾਨਕ ਦੇਵ ਜੀ ਵਿਚ ਪ੍ਰਵੇਸ਼ ਕੀਤਾ।

***''ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਇਉ॥''*** (ਅੰਗ ੧੩੯੫)

ਇਸੇ ਸ਼ਬਦ- ਗੁਰੂ ਦਾ ਹੀ ਜ਼ਿਕਰ ਗੁਰਦੇਵ ਗੁਰੂ ਨਾਨਕ ਦੇਵ ਜੀ ਨੇ ਸਿਧ ਗੋਸ਼ਟ ਨਾਮੇ ਬਾਣੀ ਅੰਦਰ ਕੀਤਾ ਹੈ। ਜਿਸ ਵੇਲੇ ਸਿਧਾਂ ਨੇ ਪਰਮ ਕ੍ਰਿਪਾਲੂ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ ਕਿ ਜੀਵਨ ਦਾ ਮੁੱਢ ਕੀ ਹੈ? ਇਨ੍ਹਾਂ ਕੀਤੇ ਪ੍ਰਸ਼ਨਾਂ ਦਾ ਜ਼ਿਕਰ ਬਾਣੀ ਅੰਦਰ ਇਸ ਪ੍ਰਕਾਰ ਆਇਆ ਹੈ—

***''ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥''***

ਹਜ਼ੂਰ ਨੇ ਸਿਧ ਗੋਸ਼ਟ ਬਾਣੀ ਦੀ ੪੪ਵੀਂ ਪਉੜੀ ਅੰਦਰ ਉਤਰ ਇਸ ਤਰ੍ਹਾਂ ਦਿੱਤਾ ਹੈ—

***''ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥''***

(ਅੰਗ ੯੪੩)

ਭਾਵ ਪ੍ਰਾਣ ਜੀਵਨ ਦਾ ਮੁੱਢ ਹਨ। ਮਨੁੱਖਾ ਜਨਮ ਹੀ ਸਤਿਗੁਰੂ ਪਾਸੋਂ ਸਿਖਿਆ ਲੈਣ ਦਾ ਵੇਲਾ ਹੈ। ਸ਼ਬਦ ਹੀ ਮੇਰਾ ਗੁਰੂ ਹੈ ਅਤੇ ਮੇਰੀ ਸੁਰਤਿ ਚੇਲਾ ਹੈ।

ਗੁਰੂ ਨਾਨਕ ਦੇਵ ਜੀ ਨੇ ਸ਼ਬਦ ਗੁਰੂ ਦੀ ਮਹਾਨਤਾ ਸੋਰਠਿ ਰਾਗ ਅੰਦਰ ਅਸਟਪਦੀ ਦੇ ਅਠਵੇਂ ਬੰਦ ਅੰਦਰ ਇਸ ਤਰ੍ਹਾਂ ਦਰਸਾਈ ਹੈ—

***''ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥''***

(ਅੰਗ ੬੩੫)

ਅਰਥः- ਸ਼ਬਦ ਗੁਰੂ ਪੀਰ ਹੈ। (ਸਬਦ) ਡੂੰਘਾ ਤੇ ਸ਼ਾਂਤ ਰੂਪ ਹੈ। ਸ਼ਬਦ (ਗੁਰੂ) ਤੋਂ ਬਿਨਾਂ ਸਾਰਾ ਸੰਸਾਰ ਪਾਗ਼ਲ ਹੋਇਆ ਫਿਰਦਾ ਹੈ।

ਇਸ ਸ਼ਬਦ ਦੀ ਪਹਿਲੀ ਪਉੜੀ ਅੰਦਰ ਇਕ ਪੰਗਤੀ ਆਈ ਹੈ :

***''ਸਤਿਗੁਰ ਨਦਰਿ ਨਿਹਾਲ ਬਹੁੜਿ ਨ ਧਾਈਐ॥***

(ਅੰਗ ੫੧੯)

ਸੰਪ੍ਰਦਾਈ ਵਿਦਵਾਨ ਮਹਾਪੁਰਖ ਇਸ ਪੰਗਤੀ 'ਤੇ ਇਹ ਸਾਖੀ ਸੁਣਾਇਆ ਕਰਦੇ ਸਨ।

# ਸਾਖੀ-ਠੱਗਾਂ ਨੂੰ ਤਾਰਣ ਦੀ

ਨਾਨਕ ਪ੍ਰਕਾਸ਼ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਪਾਤਿਸ਼ਾਹ ਜੀ ਜੰਗਲ ਵਿਚ ਤੁਰੇ ਜਾ ਰਹੇ ਨੇ ਤੇ 'ਭਾਈ ਮਰਦਾਨੇ' ਨੂੰ ਭੁੱਖ ਲੱਗੀ ਹੈ ਤੇ ਭਾਈ ਮਰਦਾਨਾ ਜੀ ਬਾਰ-ਬਾਰ ਇਹੋ ਗੱਲ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਕਹੀ ਜਾ ਰਹੇ ਨੇ ਕਿ ਆਪ ਕਿਰਪਾ ਕਰੋ, ਮੈਥੋਂ ਭੁੱਖਿਆਂ ਤੁਰਿਆ ਨਹੀਂ ਜਾਂਦਾ, ਆਪ ਰਹਿਮਤ ਕਰੋ। ਇਸ ਦਾ ਜਵਾਬ ਸਤਿਗੁਰੂ ਜੀ ਮਰਦਾਨੇ ਨੂੰ ਦਿੰਦੇ ਹੋਏ ਕਹਿੰਦੇ ਹਨ ਕਿ ਅੱਗੇ ਕੋਈ ਜਗ੍ਹਾ ਆਵੇਗੀ ਤੇਰੇ 'ਤੇ ਵੀ ਫਿਰ ਰਹਿਮਤ ਹੋ ਜਾਵੇਗੀ। ਉਥੇ ਭੋਜਨ ਛਕ ਲੈਣਾ। ਪਰ ਭਾਈ ਮਰਦਾਨਾ ਜੀ ਕਹਿਣ ਲੱਗੇ ਕਿ ਆਪ ਤਾਂ ਮਹਾਨ ਹੋ ਜੋ ਕਿ ਜੰਗਲ ਵਿਚ ਤੁਰੇ ਜਾ ਰਹੇ ਹੋ, ਤੁਹਾਨੂੰ ਤਾਂ ਭੁੱਖ ਨਹੀਂ ਲਗਦੀ, ਮੈਨੂੰ ਇਸ ਭਿਆਨਕ ਜੰਗਲ ਚੋਂ ਡਰ ਲੱਗ ਰਿਹਾ ਹੈ, ਤਾਂ ਸਤਿਗੁਰੂ ਨੇ ਜਵਾਬ ਦਿੱਤਾ ਕਿ ਇਹ ਜੰਗਲ ਨਹੀਂ ਹੈ, ਇਹ ਕੋਈ ਭਿਆਨਕ ਜਗ੍ਹਾ ਨਹੀਂ ਹੈ, ਕਿਉਂਕਿ ਅਗਰ ਇਕ ਵੀ ਰੱਬ ਦਾ ਪਿਆਰਾ ਕਿਸੇ ਜਗ੍ਹਾ 'ਤੇ ਬੈਠ ਕੇ ਬੰਦਗੀ ਕਰਦਾ ਹੈ ਤਾਂ ਉਹ ਜਗ੍ਹਾ ਭਿਆਨਕ ਨਹੀਂ ਰਹਿ ਜਾਂਦੀ, ਸ਼ਬਦ ਉਚਾਰਿਆ :

***ਦੇਵਤਿਆ ਦਰਸਨ ਕੈ ਤਾਈ ਦੂਖ ਭੂਖ ਤੀਰਥ ਕੀਏ॥***

(ਅੰਗ ੩੫੮)

ਹਜ਼ੂਰ ਇਸੇ ਤਰ੍ਹਾਂ ਹੀ ਤੁਰੇ ਜਾ ਰਹੇ ਨੇ ਤੇ ਸ਼ਾਮ ਪੈ ਜਾਂਦੀ ਹੈ ਤੇ ਅੱਗੇ ਇਕ ਨਗਰ ਆਉਂਦਾ ਹੈ, ਪਰ ਉਹ ਨਗਰ ਐਸਾ ਸੀ, ਜਿਥੇ ਸਾਰੇ ਹੀ ਠੱਗ ਲੋਕ ਰਹਿੰਦੇ ਸਨ ਅਤੇ ਉਥੋਂ ਦੇ ਲੋਕਾਂ ਦਾ ਸੁਭਾਅ ਐਸਾ ਸੀ ਜਿਹੜੇ ਵੀ ਲੋਕ ਉਥੇ ਰਾਤ ਬਿਤਾਉਣ ਵਾਸਤੇ ਆਉਂਦੇ ਸਨ, ਉਹ ਠੱਗ ਲੋਕ ਉਹਨਾਂ ਨੂੰ ਰਾਤ ਸੌਣ ਵਾਸਤੇ ਜਗ੍ਹਾ ਦਿੰਦੇ ਸਨ, ਲੇਕਿਨ ਰਾਤ ਹੁੰਦਿਆਂ ਹੀ ਉਹਨਾਂ ਦਾ ਸਾਰਾ ਸਮਾਨ ਲੁੱਟ ਕੇ ਉਹਨਾਂ ਨੂੰ ਖ਼ਤਮ ਕਰ ਦਿੰਦੇ ਸਨ।

ਗੁਰੂ ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ ਕਿ ਜਿਸ ਵੇਲੇ ਗੁਰੂ ਨਾਨਕ ਪਾਤਸ਼ਾਹ ਜੀ ਉਸ ਨਗਰ ਵਿਚ ਪਹੁੰਚੇ ਤਾਂ ਉਥੋਂ ਦੇ ਲੋਕੀਂ ਵੇਖ ਕੇ ਬੜੇ ਖ਼ੁਸ਼ ਹੋਏ ਕਿ ਕੋਈ ਮਹਾਨ ਅਮੀਰ ਲੱਗਦਾ ਹੈ। ਚਿਹਰੇ 'ਤੇ ਬੜਾ ਜਲਾਲ ਹੈ, ਇਸ ਲਈ ਲੱਗਦਾ ਹੈ ਕਿ ਇਹਨਾਂ ਕੋਲੋਂ ਬੜਾ ਕੁਝ ਲੱਭੇਗਾ। ਉਹਨਾਂ ਦੇ ਠੱਗਾਂ ਦਾ ਜਿਹੜਾ ਮੁਖੀ ਸੀ ਉਹ ਗੁਰੂ ਨਾਨਕ ਪਾਤਸ਼ਾਹ ਨੂੰ ਆਪਣੇ ਘਰ ਲੈ ਗਿਆ ਤੇ ਬੜਾ ਸਨਮਾਨ ਦੇਣ ਲੱਗਾ। ਕਹਿਣ ਲੱਗਾ ਹਜ਼ੂਰ ਜੀ ਜਲ ਛਕੋ, ਪਰ ਸਾਹਿਬ ਨੇ ਇਨਕਾਰ ਕਰ ਦਿੱਤਾ। ਲੇਕਿਨ ਮਰਦਾਨੇ ਨੂੰ ਕਾਫ਼ੀ ਪਿਆਸ ਲੱਗੀ ਹੋਈ ਸੀ ਤੇ ਉਹ ਆਪਣੇ ਮਨ ਵਿਚ ਹੀ ਕਹਿਣ ਲੱਗਾ ਕਿ ਆਪ ਨੂੰ ਤੇ ਪਿਆਸ ਨਹੀਂ ਲੱਗੀ ਹੋਈ ਤੇ ਮੇਰੀ ਵੀ ਹਰ ਚੀਜ਼ ਨੂੰ ਇਨਕਾਰ ਕਰੀ ਜਾਂਦੇ ਨੇ। ਥੋੜੀ ਦੇਰ ਬਾਅਦ ਆ ਕੇ ਉਸ ਨੇ ਫਿਰ ਪੁੱਛਿਆ, ਸਾਹਿਬਾਂ ਨੇ ਫਿਰ ਇਨਕਾਰ ਕਰ ਦਿੱਤਾ। ਭਾਈ ਮਰਦਾਨਾ ਜੀ ਵੇਖ-ਵੇਖ ਕੇ ਹੈਰਾਨ ਹੋਣ ਲੱਗ ਪਏ ਕਿ ਮੈਂ ਰਸਤੇ ਵਿੱਚ ਹੀ ਕਹਿੰਦਾ ਆ ਰਿਹਾ ਸੀ ਕਿ ਮੈਨੂੰ ਭੁੱਖ ਲੱਗੀ ਹੋਈ ਹੈ ਤੇ ਪਾਤਿਸ਼ਾਹ ਜੀ ਹਰ ਚੀਜ਼ ਨੂੰ ਇਨਕਾਰ ਕਰੀ ਜਾਂਦੇ ਨੇ। ਇਤਨੇ ਨੂੰ ਜਦੋਂ ਘਰ ਵਾਲੇ ਥੋੜੀ ਕੁ ਦੂਰ ਹੋਏ ਤੇ ਆਰਾਮ ਕਰਨ ਦਾ ਸਮਾਂ ਹੋ ਗਿਆ ਤਾਂ ਮਰਦਾਨੇ ਨੇ ਸ੍ਰੀ ਗੁਰੂ ਨਾਨਕ ਪਾਤਿਸ਼ਾਹ ਜੀ ਨੂੰ ਕਿਹਾ ਕਿ ਸਤਿਗੁਰੂ ਸਾਹਿਬ ਜੀ ! ਮੈਨੂੰ

ਤਾਂ ਭੁੱਖ ਲੱਗੀ ਹੋਈ ਹੈ ਅਤੇ ਜਦੋਂ ਉਹ ਕੁਝ ਛੱਕਣ ਵਾਸਤੇ ਕਹਿਣ ਆਇਆ ਸੀ ਤਾਂ ਤੁਸੀਂ ਤਾਂ ਜਲ ਵੀ ਛਕਣ ਨਹੀਂ ਦਿੱਤਾ। ਜਦੋਂ ਉਸ ਨੇ ਭੋਜਨ ਛਕਣ ਵਾਸਤੇ ਕਿਹਾ ਸੀ, ਤੁਸੀਂ ਉਹ ਵੀ ਇਨਕਾਰ ਕਰ ਦਿੱਤਾ। ਜੇਕਰ ਤੁਸੀਂ ਆਪ ਨਹੀਂ ਸੀ ਛਕਣਾ ਤਾਂ ਮੇਰੇ ਲਈ ਹੁਕਮ ਕਰ ਦੇਣਾ ਸੀ।

ਮਰਦਾਨੇ ਦੀਆਂ ਸਾਰੀਆਂ ਗੱਲਾਂ ਸੁਣਨ ਤੋਂ ਬਾਅਦ ਸਾਹਿਬਾਂ ਨੇ ਉਸ ਨੂੰ ਜਵਾਬ ਦਿੱਤਾ ਕਿ ਇਹ ਲੋਕ ਬਹੁਤ ਭੈੜੇ ਹਨ ਅਤੇ ਜੇਕਰ ਤੂੰ ਕੁਝ ਖਾਏਂਗਾ ਤਾਂ ਇਸ ਨੇ ਉਸੇ ਵਿਚ ਹੀ ਜ਼ਹਿਰ ਮਿਲਾ ਕੇ ਤੈਨੂੰ ਦੇ ਦੇਣੀ ਹੈ। ਇਹ ਲੋਕ ਤਾਂ ਇਥੋਂ ਤਕ ਭੈੜੇ ਨੇ ਕਿ ਜੋ ਕੁਝ ਵੀ ਕੋਲ ਹੁੰਦਾ ਹੈ, ਉਹ ਸਭ ਕੁਝ ਖੋਹ ਲੈਂਦੇ ਨੇ ਤੇ ਇਨਸਾਨ ਨੂੰ ਵੀ ਜੀਉਂਦਾ ਨਹੀਂ ਛੱਡਦੇ। ਸੋ ਹੁਣ ਤੇਰੀ ਮਰਜ਼ੀ ਹੈ ਜੇਕਰ ਤੂੰ ਕੁਝ ਛਕਣਾ ਹੈ ਤਾਂ ਛੱਕ ਲੈ।

ਇਹ ਸਭ ਗੱਲਾਂ ਸੁਣ ਕੇ ਮਰਦਾਨੇ ਨੇ ਕਿਥੋਂ ਲੰਗਰ ਛਕਣਾ ਸੀ। ਜਦੋਂ ਗੁਰੂ ਜੀ ਨੇ ਇੰਨੀ ਗੱਲ ਮਰਦਾਨੇ ਨੂੰ ਦੱਸ ਦਿੱਤੀ ਤਾਂ ਫਿਰ ਮਰਦਾਨੇ ਨੂੰ ਨੀਂਦ ਵੀ ਕਿਥੇ ਆਉਣੀ ਸੀ ? ਉਹਨਾਂ ਕਿਹਾ ਕਿ ਇਹਨਾਂ ਦਾ ਪਤਾ ਨਹੀਂ ਕਿ ਇਹ ਰਾਤ ਨੂੰ ਸੁੱਤੇ ਪਇਆਂ ਨੂੰ ਹੀ ਖ਼ਤਮ ਕਰ ਦੇਣ। ਆਖ਼ਿਰ ਸਤਿਗੁਰੂ ਨੇ ਉਹਨਾਂ ਲੋਕਾਂ 'ਤੇ ਐਸੀ ਮਾਇਆ ਪਾਈ ਕਿ ਉਹਨਾਂ ਨੂੰ ਐਨੀ ਗੂੜ੍ਹੀ ਨੀਂਦ ਆਈ ਕਿ ਮੁੜ ਕੇ ਜਾਗ ਹੀ ਨਹੀਂ ਆਈ ਅਤੇ ਗੁਰੂ ਜੀ ਆਪਣੇ ਨਿਤਨੇਮ ਅਨੁਸਾਰ ਉੱਠੇ ਤੇ ਪਾਠ ਕੀਤਾ। ਉਸ ਤੋਂ ਬਾਅਦ ਹਜ਼ੂਰ ਉਥੋਂ ਤੁਰ ਪਏ ਤੇ ਕੁਝ ਦੇਰ ਬਾਅਦ ਉਹਨਾਂ ਲੋਕਾਂ ਨੂੰ ਜਾਗ ਆਈ। ਲਿਖਿਆ ਗਿਆ ਹੈ ਕਿ ਚਾਰ ਲੋਕੀਂ ਸੋਟੀਆਂ ਲੈ ਕੇ ਹਜ਼ੂਰ ਦੇ ਮਗਰ ਗਏ ਤੇ ਮਰਦਾਨੇ ਨੇ ਉਹਨਾਂ ਨੂੰ ਵੇਖ ਲਿਆ। ਮਰਦਾਨਾ ਹਜ਼ੂਰ ਨੂੰ ਕਹਿਣ ਲੱਗਾ ਕਿ ਘਰੋਂ ਤਾਂ ਬਚ ਕੇ ਆ ਗਏ ਸੀ, ਪਰ ਹੁਣ ਨਹੀਂ ਬਚ ਪਾਵਾਂਗੇ। ਪਰ ਸਤਿਗੁਰਾਂ ਨੇ ਮਰਦਾਨੇ ਨੂੰ ਹੌਸਲਾ ਦਿੰਦਿਆਂ ਕਿਹਾ ਕਿ ਕੋਈ ਗੱਲ ਨਹੀਂ, ਕਰਤਾਰ ਆਪੇ ਹੀ ਰੱਖਿਆ ਕਰੇਗਾ। ਇੰਨੇ ਨੂੰ ਉਹ ਚਾਰੋਂ ਲੋਕ ਹਜ਼ੂਰ ਦੇ ਨੇੜੇ ਆ ਗਏ ਤੇ ਉਹਨਾਂ ਨੇ ਘੇਰਾ ਪਾ ਲਿਆ ਅਤੇ ਕਹਿਣ ਲੱਗੇ ਕਿ ਰਾਤ ਨੂੰ ਤਾਂ ਬਚ ਕੇ ਆ ਗਏ, ਪਰ ਹੁਣ ਬਚ ਨਹੀਂ ਪਾਵੋਗੇ। ਇਸ ਲਈ ਜੋ ਕੁਝ ਵੀ ਕੋਲ ਹੈ, ਉਹ ਦੇ ਦਿਉ, ਨਹੀਂ ਤਾਂ ਤੁਹਾਨੂੰ ਖ਼ਤਮ ਕਰ ਦੇਵਾਂਗੇ।

ਇਸ ਦਾ ਜ਼ਿਕਰ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਜੀ ਨੇ ਸ੍ਰੀ ਨਾਨਕ ਪ੍ਰਕਾਸ਼ ਵਿਚ ਕੀਤਾ ਹੈ ਕਿ ਕਿਰਪਾਲੂ ਪਾਤਿਸ਼ਾਹ ਨੇ ਉਹਨਾਂ ਚਾਰ ਲੋਕਾਂ ਨੂੰ ਕਿਹਾ ਕਿ ਭਾਵੇਂ ਤੁਸੀਂ ਸਾਨੂੰ ਖ਼ਤਮ ਕਰ ਦਿਉ, ਪਰ ਸਾਡੇ ਸਰੀਰਾਂ ਦਾ ਸੰਸਕਾਰ ਜ਼ਰੂਰ ਕਰ ਦੇਣਾ। ਇਹ ਬਚਨ ਸੁਣ ਕੇ ਉਹਨਾਂ ਦੇ ਮਨ ਵਿਚ ਤਰਸ ਆਇਆ ਤੇ ਕਹਿਣ ਲੱਗੇ ਕਿ ਸਾਡੇ ਕੋਲ ਅੱਗ ਨਹੀਂ ਹੈ। ਫਿਰ ਅਸੀਂ ਤੁਹਾਡਾ ਸੰਸਕਾਰ ਕਿਸ ਤਰ੍ਹਾਂ ਕਰਾਂਗੇ। ਇਸ ਲਈ ਜੇਕਰ ਤੁਸੀਂ ਚੰਗਾ ਚਾਹੁੰਦੇ ਹੋ ਤਾਂ ਜੋ ਕੁਝ ਵੀ ਕੋਲ ਹੈ, ਉਹ ਦੇ ਦਿਉ। ਮਹਾਰਾਜ ਕਹਿਣ ਲੱਗੇ ਤੁਸੀਂ ਇੰਜ ਕਰੋ ਕਿ ਉਹ ਦੇਖੋ ਅੱਗ ਬਲ ਰਹੀ ਹੈ ਤੇ ਤੁਹਾਡੇ ਵਿਚੋਂ ਦੋ ਬੰਦੇ ਜਾ ਕੇ ਅੱਗ ਲੈ ਆਉਣ ਤੇ ਦੋ ਸਾਡੇ ਕੋਲ ਖੜੇ ਹੋ ਜਾਣ। ਅਸੀਂ ਕਿਤੇ ਵੀ ਨਹੀਂ ਜਾਵਾਂਗੇ। ਉਹਨਾਂ ਬੰਦਿਆਂ ਨੇ ਕਿਹਾ, ਠੀਕ ਹੈ। ਦੋ ਉਹਨਾਂ ਦੇ ਕੋਲ ਖੜੇ ਹੋ ਗਏ ਤੇ ਦੋ ਅੱਗ ਲੈਣ ਲਈ ਚਲੇ ਗਏ ਤੇ ਸਾਰਾ ਸਾਮਾਨ ਵੀ ਉਹਨਾਂ ਕੋਲੋਂ ਲੈ ਲਿਆ।

ਦੋ ਬੰਦੇ ਜਦੋਂ ਅੱਗ ਲੈਣ ਵਾਸਤੇ ਗਏ ਤਾਂ ਉਹਨਾਂ ਰਸਤੇ ਵਿਚ ਕੀ ਕੌਤਕ ਵੇਖਿਆ ? ਉਹਨਾਂ ਵੇਖਿਆ ਕਿ ਦੋ ਪਾਸਿਆਂ ਤੋਂ ਆਪਸ ਵਿਚ ਝਗੜਾ ਹੁੰਦਾ ਹੋਇਆ ਪ੍ਰਤੀਤ ਹੋਇਆ। ਇਕ ਪਾਸੇ ਬੜੀਆਂ

ਡਰਾਉਣੀਆਂ ਰੂਹਾਂ ਨੇ ਤੇ ਇਕ ਪਾਸੇ ਬਹੁਤ ਸੁੰਦਰ ਸਰੀਰਾਂ ਵਾਲੇ ਹਨ ਅਤੇ ਉਥੇ ਇਕ ਬਹੁਤ ਪਾਪ ਆਤਮਾ ਹੈ, ਜਿਸ ਨੂੰ ਮਾਰ ਪੈ ਰਹੀ ਹੈ। ਉਥੇ ਜਿਹੜੀਆਂ ਸੁੰਦਰ ਰੂਹਾਂ ਹਨ, ਉਹ ਕਹਿ ਰਹੀਆਂ ਹਨ ਕਿ ਇਸ ਨੂੰ ਛੱਡ ਦੇਵੋ, ਕਿਉਂਕਿ ਇਸ ਉਪਰ ਮਹਾਨ ਗੁਰੂ ਨਾਨਕ ਦੀ ਦ੍ਰਿਸ਼ਟੀ ਪੈ ਗਈ ਹੈ ਤੇ ਇਸ ਦੇ ਹੁਣ ਸਾਰੇ ਪਾਪ ਖ਼ਤਮ ਹੋ ਗਏ ਹਨ। ਜਿਹੜੀਆਂ ਡਰਾਉਣੀਆਂ ਰੂਹਾਂ ਸਨ ਭਾਵ ਕਿ ਜਮਦੂਤ ਸਨ, ਉਹ ਕਹਿਣ ਲੱਗੇ ਕਿ ਧਰਮਰਾਜੇ ਨੇ ਸਾਨੂੰ ਹੁਕਮ ਦਿੱਤਾ ਹੈ ਇਸ ਲਈ ਇਸ ਨੂੰ ਲੈਣ ਆਏ ਹਾਂ। ਇਹ ਪਾਪੀ ਹੈ, ਇਸ ਨੂੰ ਨਰਕਾਂ ਵਿਚ ਪਾਵਾਂਗੇ। ਪਰ ਉਹ ਦੇਵਤੇ ਕਹਿਣ ਲੱਗੇ ਕਿ ਪਹਿਲਾਂ ਇਹ ਪਾਪੀ ਸੀ, ਪਰ 'ਗੁਰੂ ਨਾਨਕ' ਦੀ ਦ੍ਰਿਸ਼ਟੀ ਪੈਣ ਕਰਕੇ ਇਸ ਦੇ ਸਾਰੇ ਪਾਪ ਧੁੱਪ ਗਏ ਹਨ। ਸੋ ਇਸਦੀ ਆਤਮਾ ਹੁਣ ਪਵਿੱਤਰ ਹੋ ਗਈ ਹੈ। ਇਸ ਲਈ ਅਸੀਂ ਇਸ ਨੂੰ ਲੈਣ ਵਾਸਤੇ ਆਏ ਹਾਂ।

ਜਿਹੜੇ ਬੰਦੇ ਅੱਗ ਲੈਣ ਵਾਸਤੇ ਗਏ ਸੀ, ਉਹਨਾਂ ਪੁੱਛਿਆ ਕਿ ਕੌਣ ਹੈ ਗੁਰੂ ਨਾਨਕ ? ਤਾਂ ਉਹਨਾਂ ਪਵਿੱਤਰ ਰੂਹਾਂ ਨੇ ਜਵਾਬ ਦਿੱਤਾ ਕਿ ਜਿਹਨਾਂ ਨੂੰ ਤੁਸੀਂ ਮਾਰਨ ਵਾਸਤੇ ਆਏ ਹੋ ਤੇ ਜਿੰਨ੍ਹਾਂ ਵਾਸਤੇ ਅੱਗ ਲੈਣ ਆਏ ਹੋ, ਉਹੀ ਹੈ ਗੁਰੂ ਨਾਨਕ ਨਿਰੰਕਾਰੀ ਜੋਤ। ਉਹਨਾਂ ਦੀ ਦ੍ਰਿਸ਼ਟੀ ਇਸ ਪਾਪ-ਆਤਮਾ 'ਤੇ ਪੈ ਗਈ ਹੈ। ਇਸ ਲਈ ਇਸਦੇ ਸਾਰੇ ਪਾਪ ਖ਼ਤਮ ਹੋ ਗਏ ਨੇ, ਨਹੀਂ ਤੇ ਇਹ ਤਾਂ ਬਹੁਤ ਵੱਡਾ ਪਾਪੀ ਮਨੁੱਖ ਸੀ। ਇਸ ਲਈ ਜਮਦੂਤ ਇਸ ਨੂੰ ਲੈਣ ਵਾਸਤੇ ਆਏ ਨੇ।

ਇਹ ਸਭ ਗੱਲਾਂ ਸੁਣ ਕੇ ਉਹ ਸੋਚੀ ਪੈ ਗਏ ਤੇ ਆਪਣੇ ਮਨ ਵਿਚ ਹੀ ਸੋਚਣ ਲੱਗ ਪਏ ਕਿ ਉਹ ਗੁਰੂ ਨਾਨਕ ਨਿਰੰਕਾਰ ਦੀ ਜੋਤ ਹੈ। ਭੱਜ ਕੇ ਵਾਪਿਸ ਉਸੇ ਹੀ ਜਗ੍ਹਾ 'ਤੇ ਪਹੁੰਚੇ ਤੇ ਗੁਰੂ ਜੀ ਦੇ ਚਰਨਾਂ 'ਤੇ ਡਿੱਗ ਪਏ ਅਤੇ ਕਹਿਣ ਲੱਗੇ ਕਿ ਸਾਨੂੰ ਬਖ਼ਸ਼ ਦੇਵੋ ਅਤੇ ਜਿਹੜੇ ਨਾਲ ਦੇ ਦੋਵੇਂ ਸਾਥੀ ਸਨ, ਉਹਨਾਂ ਨੂੰ ਵੀ ਇਹ ਸਾਰੀ ਗੱਲ ਸੁਣਾਈ। ਆਖ਼ਿਰ ਬੇਨਤੀ ਕਰਕੇ ਗੁਰੂ ਜੀ ਨੂੰ ਦੁਬਾਰਾ ਆਪਣੇ ਪਿੰਡ ਵਿਚ ਲੈ ਗਏ। ਇਹ ਸਾਰੀ ਹੱਡ-ਬੀਤੀ ਉਹਨਾਂ ਬਾਕੀ ਦੇ ਪਿੰਡ-ਵਾਸੀਆਂ ਨੂੰ ਵੀ ਸੁਣਾਈ। ਸਾਰੀ ਗੱਲ ਸੁਣ ਕੇ ਬਾਕੀ ਦੇ ਵੀ ਲੋਕ ਗੁਰੂ ਜੀ ਦੇ ਚਰਣੀਂ ਪੈ ਗਏ ਤੇ ਕਹਿਣ ਲੱਗੇ ਕਿ ਸਾਨੂੰ ਵੀ ਬਖ਼ਸ਼ ਲਵੋ। ਫਿਰ ਗੁਰੂ ਜੀ ਨੇ ਉਨ੍ਹਾਂ ਤੋਂ ਸਾਰੀ 'ਪਾਪ ਦੀ ਕਮਾਈ' ਦਾ ਤਿਆਗ ਕਰਾ ਕੇ ਉਸ ਨਗਰ ਵਿਚ ਇਕ ਧਰਮਸ਼ਾਲਾ ਬਣਵਾਈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੭ (ਅੰਗ ੫੨੦)

ਸਲੋਕ ਮ: ੫ ॥ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥ ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥੧॥ਮ: ੫॥ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ॥ ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ॥੨॥ ਪਉੜੀ॥ਹੋਵੈ ਸੁਖੁ ਘਣਾ ਦਯਿ ਧਿਆਇਐ॥ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ॥ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ॥ਕੋਇ ਨ ਲਗੈ ਬਿਘਨੁ ਆਪੁ ਗਵਾਇਐ॥ ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥ ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ॥੮॥

# ਪ੍ਰਾਕ੍ਥਨ :-

ਇਹ ਸ੍ਰੀ ਮੁਖਵਾਕ ਗੂਜਰੀ ਰਾਗ ਦੀ ਦੂਸਰੀ ਵਾਰ ਦੀ ਅੱਠਵੀਂ ਪਉੜੀ ਨਾਲ ਸਬੰਧਤ ਦੋ ਸਲੋਕਾਂ ਸਮੇਤ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਅਰੰਭ ਵਿਚ 'ਪ੍ਰੇਮ ਪਟੋਲੇ'' ਦਾ ਹਜ਼ੂਰ ਨੇ ਜ਼ਿਕਰ ਕੀਤਾ ਹੈ। ਪਟੋਲਾ ਕਿਸ ਨੂੰ ਆਖਦੇ ਹਨ ? ਇਹ ਇਕ ਰੇਸ਼ਮੀ ਕਪੜਾ ਲਾਲ ਰੰਗ ਦਾ ਬਹੁਤ ਹੀ ਸੁੰਦਰ ਹੁੰਦਾ ਹੈ, ਜੋ ਗੁਜਰਾਤ ਵਿਚ ਬਣਦਾ ਸੀ। ਪਟੋਲਾ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਸਿਆਣਿਆਂ ਵਿਦਵਾਨਾਂ ਨੇ ਦਰਸਾਇਆ ਹੈ। ਇਸ ਨੂੰ ਨਿਰਾ ਸੁੰਦਰ ਕਪੜਾ ਹੀ ਨਾ ਸਮਝ ਲੈਣਾ। ਇਹ (ਪਟੋਲਾ) ਪੁਰਾਤਨ ਸਮੇਂ ਅੰਦਰ ਡਾ. ਵੀਰ ਸਿੰਘ ਜੀ ਦੇ ਕਥਨ ਅਨੁਸਾਰ ਸਜਵਿਆਹੀ ਲਾੜੀ ਨੂੰ ਪਹਿਨਾਉਂਦੇ ਸਨ, ਜੋ ਉਸ ਨੂੰ ਇਕ ਦੀ ਹੋ ਗਈ ਲਖਾਉਂਦਾ ਸੀ ਤੇ ਕੋਈ ਹੋਰ ਉਸ ਨੂੰ ਵਿਆਹ ਕੁੜਮਾਈ ਲਈ ਫੇਰ ਤੱਕ ਵੀ ਨਹੀਂ ਸੀ ਸਕਦਾ। ਉਹ ਸਜ ਵਿਆਹੀ ਲਾੜੀ, ਪਤੀਬਰਤਾ, ਸੁਹਾਗਣ, ਸਤਵੰਤੀ ਜਾਣੀ ਜਾਂਦੀ ਸੀ। ਇਥੇ ਸਤਿਗੁਰੂ ਸਾਹਿਬ ਜੀ ਨੇ ਪ੍ਰੇਮ ਦਾ ਪਟੋਲਾ ਦਰਸਾਇਆ ਹੈ, ਜੋ ਵਾਹਿਗੁਰੂ ਜੀ ਨੇ ਪ੍ਰੇਮ ਰੂਪ ਪਟੋਲਾ ਦੇ ਕੇ ਸਾਡੀ ਪਤਿ ਢੱਕ ਲਈ ਹੈ। ਪ੍ਰੇਮ ਕਿਸ ਤਰ੍ਹਾਂ ਪ੍ਰਾਪਤ ਹੋ ਸਕਦਾ ਹੈ ? ਪ੍ਰੇਮ ਕਿਸ ਨੂੰ ਕਹਿੰਦੇ ਹਨ ? ਆਉ ਇਸ ਸਬੰਧ ਵਿਚ ਵਿਚਾਰ ਕਰੀਏ।

ਅਕਾਲ ਪੁਰਖ ਵਾਹਿਗੁਰੂ ਜੀ ਦੀਆਂ ਦਾਤਾਂ ਵਿਚੋਂ ਪ੍ਰੇਮ ਇਕ ਉਸਦੀ ਮਹਾਨ ਦੇਣ ਹੈ। ਰੱਬੀ ਗੁਣਾਂ ਵਿਚੋਂ ਪ੍ਰੇਮ ਸ਼੍ਰੋਮਣੀ ਹੈ। ਜਿਸ ਤਰ੍ਹਾਂ ਬਰਾਤ ਲਾੜੇ ਤੋਂ ਬਿਨਾਂ ਸੋਭਦੀ ਨਹੀਂ, ਇਸੇ ਤਰ੍ਹਾਂ ਹਰੇਕ ਕਰਮ ਪ੍ਰੇਮ ਤੋਂ ਬਿਨਾਂ ਫਿੱਕਾ ਹੈ। ਪ੍ਰੇਮ ਕਰਕੇ ਪ੍ਰਮੇਸ਼ਰ ਵੱਲ ਚਲਿਆ ਹਰ ਕਦਮ ਸਫਲਾ ਹੁੰਦਾ ਹੈ। ਪ੍ਰੇਮ ਕੋਈ ਗੁਣ ਨਹੀਂ ਸਗੋਂ ਆਂਤ੍ਰਿਕ ਅਵਸਥਾ ਹੈ। ਗੁਣ ਤਾਂ ਸਿੱਖਿਆ ਜਾ ਸਕਦਾ ਹੈ। ਪ੍ਰੇਮ ਤਾਂ ਸਿਰਫ ਗੁਰੂ ਦੀ ਬਖ਼ਸ਼ਿਸ਼ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਜਿਸ ਨੂੰ ਉਹ ਪ੍ਰਾਪਤ ਹੋ ਗਿਆ ਉਹ ਆਤਮਿਕ ਰਸ ਨਾਲ ਤ੍ਰਿਪਤ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਪਵਿੱਤਰ ਬਚਨ ਹਨ–

***"ਜਿੰਨ੍ੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ॥"***

(ਬਾਰਹਮਾਹ, ਅੰਗ ੧੩੫)

ਭਾਈ ਨੰਦ ਲਾਲ ਜੀ ਪ੍ਰੇਮ ਦੀ ਜਾਚਨਾ ਕਰਦੇ ਹਨ :

***"ਦਰ ਦਿਲਿ ਗੋਯਾ ਹਵਾਇ ਸ਼ੌਕ ਬਖ਼ਸ਼।***
***ਬਰ ਜ਼ੁਬਾਨਸ ਜ਼ੌਗ ਇ ਅਜ਼ਜ਼ੌਕ ਬਖਸ਼॥ ੫੦੭॥"***

(ਭਾਈ ਨੰਦ ਲਾਲ ਗ੍ਰੰਥਾਵਲੀ, ਕ੍ਰਿਤ ਡਾ. ਗੰਡਾ ਸਿੰਘ, ਪੰਨਾ ੧੩੬)

ਅਰਥ :- ਹੇ ਅਕਾਲ ਪੁਰਖ ! ਗੋਯਾ ਦੇ ਦਿਲ ਵਿਚ ਪ੍ਰੇਮ ਦੀ ਚਾਹ ਬਖ਼ਸ਼, ਗੋਯਾ ਦੀ ਜੀਭ ਪੁਰ ਆਪਣੇ ਚਾਉ ਦਾ ਇਕ ਕਿਣਕਾ ਬਖ਼ਸ਼।

***"ਤਾਂ ਨਾ ਬਾਸ਼ਦ ਵਿਰਦਿ ਆਂ ਜੁਜ਼ ਯਾਦ ਹੱਕ।***
***ਤਾਂ ਨ ਖ਼ਾਨਦ ਗ਼ੈਰ ਹੱਕ ਦੀਗਰ ਸਬਕ॥ ੫੦੮॥"***

ਤਾਂ ਜੋ ਰੱਬ ਦੀ ਯਾਦ ਤੋਂ ਛੁੱਟ ਹੋਰ ਦੂਜਾ ਸਿਮਰਨ ਨਾ ਕਰੇ, ਤਾਂ ਜੋ ਰੱਬ ਦੇ ਪ੍ਰੇਮ ਤੋਂ ਬਿਨਾਂ ਹੋਰ ਦੂਜਾ ਕੋਈ ਸਬਕ ਨਾ ਪੜ੍ਹੇ।

***"ਐ ਜੁਰੇ ਦਿਲ ਕਾਦਰੋ ਸੌਕਰ ਬਵਦ। ਦਰ ਹਕੀਕਤ ਸਾਹਿਬ ਯੌਕਸ ਬਵਦ॥"***

ਅਦਭੁੱਤ ਹੈ ਉਹ ਮਨ ਜੋ ਉਸ ਦੇ ਪ੍ਰੇਮ ਵਿਚ ਮਗਨ ਹੈ, ਪਰ ਜੇ ਵਾਸਤਵ ਵਿਚ ਉਸ ਵਾਹਿਗੁਰੂ ਜੀ ਦਾ ਪ੍ਰੇਮੀ ਹੋਵੇ।

***"ਇਸ਼ਕੇ ਮੌਲਾ ਮਰ ਤੁਰਾ ਮੌਲਾ ਕੁਨਦ। ਦਰਦੋ ਆਲਮ ਬਿਹਤਰ ਔਲਾ ਕੁਨਦ॥"***

ਅਕਾਲ ਪੁਰਖ ਦਾ ਪ੍ਰੇਮ ਤੈਨੂੰ ਉਸ ਦਾ ਸਰੂਪ ਹੀ ਕਰ ਦੇਵੇਗਾ, ਦੋਹਾਂ ਲੋਕਾਂ ਵਿਚ ਸ੍ਰੇਸ਼ਟ ਅਤੇ ਸ਼੍ਰੋਮਣੀ ਬਣਾ ਦੇਵੇਗਾ।

## ਪ੍ਰੇਮ ਅਮੋਲਕ ਦਾਤ

ਪ੍ਰੇਮ ਮਾਇਆ ਨਾਲ ਨਹੀਂ ਖ਼ਰੀਦਿਆ ਜਾ ਸਕਦਾ। ਸਤਿਗੁਰੂ ਜੀ ਦੀ ਬਖ਼ਸ਼ਿਸ਼ ਨਾਲ ਹੀ ਪ੍ਰਾਪਤ ਹੋ ਸਕਦਾ ਹੈ। ਧੰਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਵਿੱਤਰ ਬਚਨ ਹਨ—

***"ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥***
***ਰਾਵਨ ਹੁਤੇ ਸੁ ਰੰਕ ਨਹਿ ਜਿਨਿ ਸਿਰ ਦੀਨੇ ਕਾਟਿ॥"***

(ਅੰਗ ੧੩੬੩)

ਪ੍ਰੇਮ ਇਕ ਦ੍ਰਵਿਤਾ ਹੈ ਜਿਹੜਾ ਨਦੀ ਦੇ ਚੱਲਣ ਵਾਂਗ ਖਿਮਾ, ਦਯਾ ਤੇ ਸਦਾ ਮਾਫ਼ੀ ਵਿਚ ਵਿਚਰਦਾ ਹੈ। ਇਹਦਾ ਇਨਸਾਫ਼ ਬਖ਼ਸ਼ਣਾ ਅਤੇ ਪਿਆਰ ਕਰਨਾ ਹੈ। ਇਹ ਤਾਂ ਗੰਗਾ ਦੀ ਧਾਰਾ ਦੀ ਤਰ੍ਹਾਂ ਹੈ, ਜਿਸ ਵਿਚ ਸਭ ਝੂਠ ਦੀ ਮੈਲ ਲੱਥ ਜਾਂਦੀ ਹੈ।

ਪ੍ਰੇਮ ਨੂੰ ਵੀ ਉਹੀ ਸਮਝ ਸਕਦਾ ਹੈ ਜਿਸਨੂੰ ਪੀੜਾ ਲੱਗੀ ਹੈ। ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ :-

***"ਜਿਸੁ ਲਾਗੀ ਪੀਰ ਪਿਰੰਮ ਕੀ, ਸੋ ਜਾਣੈ ਜਰੀਆ॥"***

(ਅੰਗ ੪੪੯)

ਪ੍ਰੇਮੀ ਮਸਤੀ ਵਿਚ ਕਦੇ ਹੱਸ ਪੈਂਦੇ ਹਨ, ਕਦੇ ਰੋਣ ਲੱਗ ਪੈਂਦੇ ਹਨ-

***"ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ॥"***

(ਵਾਰ ਆਸਾ ਦੀ, ਅੰਗ ੪੭੩)

## ਪ੍ਰੇਮੀ ਦੀਆਂ ਨੌ ਨਿਸ਼ਾਨੀਆਂ

ਆਸ਼ਕ (ਪ੍ਰੇਮੀ) ਦੀਆਂ ਨੌ ਨਿਸ਼ਾਨੀਆਂ ਮੰਨੀਆਂ ਗਈਆਂ ਹਨ—

੧. ਪ੍ਰੀਤਮ ਦੇ ਪ੍ਰੇਮ 'ਚ ਠੰਢੇ ਹਉਕੇ ਲੈਣੇ।

੨. ਰੰਗ ਪੀਲਾ ਹੋ ਜਾਣਾ।

੩. ਨੇਤਰਾਂ ਵਿਚੋਂ ਵੈਰਾਗ ਦਾ ਜਲ ਵਹਿਣਾ।

੪. ਨੀਂਦ ਦਾ ਘੱਟ ਆਉਣਾ।

੫. ਘੱਟ ਬੋਲਣਾ।

੬. ਘੱਟ ਖਾਣਾ।

੭. ਉਡੀਕ ਲੱਗੀ ਰਹਿਣੀ।

੮. ਬੇਚੈਨੀ ਹੋਣੀ।

੯. ਗੋਡਿਆਂ 'ਚ ਸਿਰ ਦੇ ਕੇ ਬੈਠਣਾ।

*"ਆਸਕਾਰਾ ਰਾ ਨਵ ਨਿਸ਼ਾਨੀ ਐ ਪਿਸਰ,*
*ਆਹ ਸਰਦੋਂ, ਰੰਗ ਜ਼ਰਦੋਂ, ਚਸ਼ਮਤਰ।*
*ਕਮ ਗੁਫਤਨੋਂ, ਕਮ ਖੁਰਦਨੋਂ, ਖੁਆਵਸ ਹਰਾਮ,*
*ਇੰਤਜ਼ਾਰੀ, ਬੇਕਰਾਰੀ, ਦਸਤਸਰ।"*

ਗੁਰਵਾਕ ਹੈ :-

*"ਹਉ ਰਹਿ ਨ ਸਕਾ ਬਿਨੁ ਦੇਖੇ ਪ੍ਰੀਤਮਾ ਮੈ ਨੀਰੁ ਵਹੇ ਵਹਿ ਚਲੈ ਜੀਉ॥"*

(ਅੰਗ ੯੪)

ਜਿਸ ਤਰ੍ਹਾਂ ਮਾਲੀ ਆਪਣੇ ਲਾਏ ਹੋਏ ਬੂਟੇ ਨੂੰ ਪਾਣੀ ਨਾ ਪਾਵੇ ਤਾਂ ਬੂਟਾ ਕੁਮਲਾ ਜਾਂਦਾ ਹੈ। ਪ੍ਰਭੂ ਪ੍ਰੇਮ ਦਾ ਬੂਟਾ ਵੀ ਅੱਖਾਂ ਦਾ ਜਲ ਮੰਗਦਾ ਹੈ। ਭਾਈ ਸਾਹਿਬ ਭਾਈ ਨੰਦ ਲਾਲ ਜੀ ਦਾ ਕਥਨ ਹੈ-

*"ਸਾਖੇ ਉਮੀਦੇ ਆਸ਼ਿਕ, ਹਰਗਿਜ਼ ਸਮਰ ਨ ਗੀਰਦ।*
*ਅਜ਼ ਆਬੇ ਅਸ਼ਕਿ ਮੇਜ਼ਗਾ, ਤਾ ਸਬਜ਼ ਤਰ ਨ ਬਾਸ਼ਦ।"*

(ਭਾਈ ਨੰਦ ਲਾਲ ਜੀ)

ਮਿਲਾਪ ਦਾ ਫਲ ਤਦੋਂ ਲੱਗਦਾ ਹੈ, ਜਦੋਂ ਪ੍ਰੇਮ ਦੇ ਬੂਟੇ ਨੂੰ ਹੰਝੂਆਂ ਦੇ ਨਾਲ ਸਿੰਚੀਏ। ਪ੍ਰੇਮ ਦੇ ਨਿਕਲੇ ਹੰਝੂ ਸੁੱਕੇ ਹਿਰਦਿਆਂ ਨੂੰ ਹਰਾ-ਭਰਾ ਕਰ ਦਿੰਦੇ ਹਨ।

*"ਦੋ ਚਸ਼ਮ ਮਨ ਕਿ ਦਰਯਾਇ ਅਜ਼ੀਮ ਉਲਸ਼ਾਨ ਐ ਗੋਇਆ।*
*ਜ਼ਹਰ ਅਸ਼ਕਮ ਬਵਦ ਸ਼ਾਦਾਬੀਏ ਸਰ ਬਾਗ਼ ਬਾਗ਼ ਈ ਜਾ।"*

(ਭਾਈ ਨੰਦ ਲਾਲ ਜੀ)

# ਸਾਖੀ—ਬਿਦਰ ਦੇ ਪ੍ਰੇਮ ਦੀ

ਭਗਤ ਕਬੀਰ ਜੀ ਨੇ ਵੀ ਆਪਣੀ ਪਾਵਨ ਬਾਣੀ ਵਿਚ ਦੁਆਪਰ ਯੁੱਗ ਦੀ ਇਕ ਕਥਾ ਦਾ ਜ਼ਿਕਰ ਕੀਤਾ ਹੈ।

ਇਹ ਸ਼ਬਦ ਬਿਦਰ ਦੇ ਪਿਆਰ ਤੇ ਰਾਜਾ ਦੁਰਯੋਧਨ ਦੇ ਹੰਕਾਰ ਨੂੰ ਨਿਰੂਪਣ ਕਰਦਾ ਹੈ। ਬਿਦਰ ਰਾਜਾ ਬਚਿੱਤਰ ਧੀਰਜ ਦੀ ਟਹਿਲਣ ਸੁਦੇਸਨਾਂ ਦੀ ਕੁੱਖੋਂ ਬਿਆਸ ਰਿਸ਼ੀ ਦੇ ਘਰ ਜਨਮਿਆ ਸੀ। ਇਸ ਲਈ ਇਸ ਦਾ ਨਾਂ ਦਾਸੀ ਸੁਤ ਪ੍ਰਸਿੱਧ ਹੈ। ਜਿਵੇਂ ਕਿ ਗੁਰਬਾਣੀ ਵਿਚ ਵੀ ਅੰਕਿਤ ਹੈ–

***"ਦਾਸੀ ਸੁਤ ਜਨੁ ਬਿਦਰੁ ਸੁਦਾਮਾ ਉਗ੍ਰਸੈਨ ਕਉ ਰਾਜ ਦੀਏ॥"***

(ਅੰਗ ੩੪੫)

ਬਿਦਰ ਚੰਗਾ ਨੀਤੀਵੇਤਾ ਪੁਰਸ਼ ਸੀ ਤੇ ਇਸਦਾ ਸ੍ਰੀ ਕ੍ਰਿਸ਼ਨ ਜੀ ਨਾਲ ਚੰਗਾ ਪ੍ਰੇਮ ਸੀ। ਇਹ ਕੌਰਵਾਂ ਤੇ ਪਾਂਡਵਾਂ ਨੂੰ ਪਰਸਪਰ ਠੀਕ ਵਿਉਹਾਰ ਕਰਨ ਦੀ ਪ੍ਰੇਰਨਾ ਦਿੰਦਾ ਰਹਿੰਦਾ ਸੀ। ਜਦੋਂ ਪਾਂਡਵਾਂ ਨੂੰ ਦੁਰਯੋਧਨ ਨੇ ਲਾਖ ਦੇ ਕਿਲ੍ਹੇ ਵਿਚ ਸਾੜਨ ਦੀ ਵਿਉਂਤ ਘੜੀ ਸੀ ਤਾਂ ਉਦੋਂ ਬਿਦਰ ਹੀ ਉਹਨਾਂ ਨੂੰ ਬਚਾਉਣ ਵਾਲਾ ਸੀ। ਜਦੋਂ ਦੁਸ਼ਾਸਨ ਦਰੋਪਤੀ ਨੂੰ ਬੇਪੱਤ ਕਰਨ ਲਈ ਰਾਜ ਸਭਾ ਵਿਚ ਲਿਆਇਆ, ਉਦੋਂ ਬਿਦਰ ਨੇ ਹੀ ਇਸ ਕੁਕਰਮ ਵਿਰੁੱਧ ਆਵਾਜ਼ ਉਠਾਈ ਸੀ।

ਪਾਂਡਵ ਜਦੋਂ ਕੌਰਵਾਂ ਅੱਗੇ ਆਪਣਾ ਸਭ ਕੁਝ ਹਾਰ ਗਏ ਤਾਂ ਕ੍ਰਿਸ਼ਨ ਜੀ ਨੂੰ ਇਹਨਾਂ 'ਤੇ ਤਰਸ ਆਇਆ। ਆਪ ਜੀ ਪੰਜ ਪਿੰਡਾਂ ਦਾ ਰਾਜ ਪਾਂਡਵਾਂ ਨੂੰ ਦਿਵਾਉਣ ਲਈ ਰਾਜਾ ਦੁਰਯੋਧਨ ਪਾਸ ਗਏ। ਦੁਰਯੋਧਨ ਨੇ ਕੁਝ ਵੀ ਨਾ ਦੇਣ ਲਈ ਪਹਿਲਾਂ ਹੀ ਆਪਣਾ ਮਨ ਬਣਾਇਆ ਹੋਇਆ ਸੀ। ਜਦੋਂ ਉਸ ਨੂੰ ਪਤਾ ਲੱਗਾ ਕਿ ਕ੍ਰਿਸ਼ਨ ਜੀ ਮੇਰੇ ਪਾਸ ਇਸ ਮਨੋਰਥ ਲਈ ਆ ਰਹੇ ਹਨ ਤਾਂ ਉਹ ਹਾਥੀ ਘੋੜੇ ਦੇਖਣ ਦੇ ਬਹਾਨੇ ਰਾਜ ਸਭਾ ਵਿਚੋਂ ਉੱਠ ਕੇ ਬਾਹਰ ਚਲਾ ਗਿਆ। ਕ੍ਰਿਸ਼ਨ ਜੀ ਵੀ ਰਾਜੇ ਦੀ ਨੀਤੀ ਤਾੜ ਗਏ ਅਤੇ ਬਿਦਰ ਦੇ ਉੱਚ ਆਚਰਨ ਨੂੰ ਮੁੱਖ ਰਖਦਿਆਂ ਆਪ ਰਾਜਾ ਦੁਰਯੋਧਨ ਦੇ ਮਹਿਲ ਠਹਿਰਨ ਦੀ ਬਜਾਏ ਬਿਦਰ ਦੇ ਘਰ ਚਲੇ ਗਏ। ਉਸ ਨੇ ਬੜਾ ਆਦਰ ਕੀਤਾ ਅਤੇ ਸਾਗ ਆਦਿ ਨਾਲ ਸਾਦਾ ਭੋਜਨ ਬੜੇ ਪ੍ਰੇਮ ਨਾਲ ਛਕਾਇਆ। ਇਸ ਗੱਲ ਦਾ ਜਦੋਂ ਦੁਰਯੋਧਨ ਨੂੰ ਪਤਾ ਲੱਗਾ ਕਿ ਕ੍ਰਿਸ਼ਨ ਜੀ ਸਾਡੇ ਸ਼ਾਹੀ ਮਹਿਲਾਂ ਨੂੰ ਛੱਡ ਕੇ ਬਿਦਰ ਦੇ ਘਰ ਠਹਿਰੇ ਹਨ ਤਾਂ ਇਸਨੇ ਬੜਾ ਬੁਰਾ ਮਨਾਇਆ। ਭਾਈ ਸਾਹਿਬ ਲਿਖਦੇ ਹਨ :-

***"ਆਇਆ ਸੁਣਿਆ ਬਿਦਰ ਦੇ, ਬੋਲੈ ਦੁਰਜੋਧਨੁ ਹੋਇ ਰੁਖਾ।***
***ਘਰ ਅਸਾਡੇ ਛਡਿ ਕੈ, ਗੋਲੇ ਦੇ ਘਰਿ ਜਾਹਿ ਕਿ ਸੁਖਾ।"***

(ਵਾਰ ੧੦, ਪਉੜੀ ੭)

ਭਗਤ ਕਬੀਰ ਜੀ ਦਾ ਸ਼ਬਦ ਜੋ ਇਸ ਪ੍ਰਸੰਗ ਨੂੰ ਪ੍ਰਗਟ ਕਰਦਾ ਹੈ—

***"ਰਾਜਨ ਕਉਨੁ ਤੁਮਾਰੈ ਆਵੈ॥***

*ਐਸੋ ਭਾਉ ਬਿਦਰ ਕੋ ਦੇਖਿਓ, ਓਹੁ ਗਰੀਬੁ ਮੋਹਿ ਭਾਵੈ॥ ੧॥ ਰਹਾਉ॥*
*ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆ॥*
*ਤੁਮਰੋ ਦੂਧੁ ਬਿਦਰ ਕੋ ਪਾਨ੍ਹੋ, ਅੰਮ੍ਰਿਤੁ ਕਰਿ ਮੈ ਮਾਨਿਆ॥ ੧॥*
*ਖੀਰ ਸਮਾਨਿ ਸਾਗੁ ਮੈ ਪਾਇਆ, ਗੁਨ ਗਾਵਤ ਰੈਨਿ ਬਿਹਾਨੀ॥*
*ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ॥ ੨॥ ੯॥"*

(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ ੧੧੦੫)

ਹੇ ਰਾਜਨ (ਦੁਰਯੋਧਨ)! ਤੇਰੇ ਪਾਸ ਕੌਣ ਆਵੇ ? ਭਾਵ (ਤੇਰੇ ਵਿਚ) ਪ੍ਰੇਮ ਨਹੀਂ ਹੈ। ਮੈਂ ਬਿਦਰ ਦਾ ਇਹੋ ਜਿਹਾ ਪਿਆਰ ਵੇਖਿਆ ਹੈ (ਜਿਸ ਕਰਕੇ) ਉਹ ਗ਼ਰੀਬ ਮੈਨੂੰ ਬਹੁਤ ਹੀ ਚੰਗਾ ਲੱਗਦਾ ਹੈ।

ਹੇ ਰਾਜਨ ! ਤੂੰ ਹਾਥੀ ਵੇਖ ਕੇ, ਇਸ ਭਰਮ ਕਰਕੇ ਹੀ ਪ੍ਰਮੇਸ਼ਰ ਨੂੰ ਭੁੱਲਿਆ ਪਿਆ ਹੈਂ, ਤੂੰ ਸ੍ਰੀ ਭਗਵਾਨ ਨੂੰ ਜਾਣਿਆ ਹੀ ਨਹੀਂ। ਇਸ ਲਈ ਹੇ ਰਾਜਨ ! ਇਕ ਪਾਸੇ ਤੇਰਾ ਦੁੱਧ ਪੀਣਾ ਮੈਂ ਛੱਡ ਦਿੱਤਾ ਹੈ ਅਤੇ ਦੂਜੇ ਪਾਸੇ ਬਿਦਰ ਦਾ ਪਾਣੀ ਮੈਂ ਅੰਮ੍ਰਿਤੁ ਕਰਕੇ ਮੰਨਿਆ ਹੈ, (ਭਾਵ ਪੀਤਾ ਹੈ)। ਹੇ ਰਾਜਨ ! ਬਿਦਰ ਦੇ ਘਰ ਦਾ ਸਾਗ ਮੈਨੂੰ ਖੀਰ ਦੇ ਸਮਾਨ ਰਸਦਾਇਕ ਲੱਗਾ ਹੈ, ਕਿਉਂਕਿ ਬਿਦਰ ਦਾ ਸੰਗ ਕਰਕੇ ਮੇਰੀ ਰਾਤ (ਪਰਮੇਸ਼ਰ ਦੇ) ਗੁਣ ਗਾਂਦਿਆਂ ਗੁਜ਼ਰੀ ਹੈ। ਕਬੀਰ ਦਾ ਮਾਲਕ ਅਨੰਦ ਮਈ ਚੋਜ ਕਰਨ ਵਾਲਾ ਹੈ। ਉਸ ਨੇ ਕਿਸੇ ਦੀ (ਉੱਚੀ-ਨੀਵੀਂ) ਜਾਤ ਨਹੀਂ ਮੰਨੀ (ਭਾਵ ਪ੍ਰਭੂ ਜਾਤ-ਅਜਾਤ ਨਹੀਂ ਵੇਖਦਾ, ਉਹ ਤਾਂ ਭਾਉ-ਭਗਤ ਦਾ ਭੁੱਖਾ ਹੈ।)

ਪਰਮਾਤਮਾ ਦੀ ਪ੍ਰੀਤਿ ਦੇ ਬਰਾਬਰ ਕਿਸੇ ਪ੍ਰੀਤਿ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਸੱਚੀ ਪ੍ਰੀਤ ਕਰਨ ਵਾਲੇ ਨੂੰ ਹਰ ਥਾਂ 'ਤੇ ਹਰੀ ਦੇ ਦਰਸ਼ਨ ਹੁੰਦੇ ਹਨ। ਉਹ ਵਿਸਮਾਦੀ ਰੰਗ ਵਿਚ ਪ੍ਰਮੇਸ਼ਰ ਦੇ ਗੁਣ ਗਾਇਨ ਕਰਦਾ ਰਹਿੰਦਾ ਹੈ।

## ਪ੍ਰੇਮ ਵਿਚ ਨਫ਼ਰਤ ਨਹੀਂ

ਈਸਾ ਜੀ ਦਾ ਸਿਸ਼ ਬਿਹਬਲ ਹੋਇਆ, ਈਸਾ ਜੀ ਨੂੰ ਲੱਭਦਾ ਫਿਰਦਾ ਰਿਹਾ ਹੈ। ਇਕ ਰਾਹ ਜਾਂਦੇ ਕੁਸ਼ਟੀ ਨੂੰ ਮਿਲਦਾ ਹੈ, ਉਹਦੇ ਜ਼ਖ਼ਮਾਂ ਨੂੰ ਚੁੰਮਦਾ ਹੈ। ਹਰ ਹੱਥ, ਕੀ ਰੋਗੀ, ਕੀ ਕੁਸ਼ਟੀ, ਸਭ ਦੇ ਹੱਥ ਵਿਚ ਈਸਾ ਦੇ ਹੱਥ ਨੂੰ ਚੁੰਮਦਾ ਹੈ। ਪਿਆਰੇ ਬਿਨਾਂ ਪਿਆਰ ਕਿੱਥੇ ? ਪਿਆਰ ਬਿਨਾਂ ਕੀਤੀ ਸੇਵਾ ਸਿਰਦਰਦੀ ਤੇ ਥਕਾਵਟ ਹੈ ਪਰ ਦੁਖੀਆਂ ਨਾਲ ਪ੍ਰੇਮ ਕਰਨਾ ਮੇਰੇ ਸਤਿਗੁਰੂ ਜੀ ਹੀ ਜਾਣਦੇ ਹਨ। ਇਸ ਵਿਸ਼ੇ ਬਾਰੇ ਵਿਸਥਾਰ ਸਾਹਿਤ ਪੜ੍ਹੋ।

(ਦਾਸ ਦੀ ਲਿਖੀ ਪੁਸਤਕ ਗੁਰ ਸਾਗਰੁ ਰਤਨੀ ਭਰਪੂਰੇ, ਪੰਨਾ ੧੦੯ ਤੋਂ ੧੩੦ ਤੱਕ)

# ਸਾਖੀ—ਪਰੇਮੇ ਕੋੜ੍ਹੀ ਦੀ

ਇਕ ਅਮੀਰ ਸ਼ਾਹੂਕਾਰ ਦਾ ਇਕਲੌਤਾ ਪੁੱਤਰ ਸੀ। ਮਾਤਾ ਪਿਤਾ ਨੇ ਬੜੀਆਂ ਰੀਝਾਂ ਤੇ ਸੱਧਰਾਂ ਨਾਲ ਉਸ ਦੀ ਪਾਲਣਾ ਕੀਤੀ। ਬਹੁਤ ਪਿਆਰਾ ਹੋਣ ਦੇ ਕਾਰਣ ਨਾਮ ਹੀ ਉਸ ਦਾ ਪਰੇਮ ਚੰਦ ਰੱਖ ਦਿੱਤਾ। ਛੋਟੀ ਉਮਰ ਵਿਚ ਅਮੀਰ ਘਰਾਣੇ ਦੀ ਲੜਕੀ ਨਾਲ ਸ਼ਾਦੀ ਕਰ ਦਿੱਤੀ। ਸੰਤ ਕ੍ਰਿਪਾਲ ਸਿੰਘ ਜੀ ਸੱਤੋ ਵਾਲੀ ਗਲੀ ਨੇ ਅਮੀਰ ਭੰਡਾਰ ਵਿਚ ਇਸਦੀ ਪਹਿਲੀ ਸ਼ਾਦੀ ਦਾ ਜ਼ਿਕਰ ਕੀਤਾ ਹੈ, ਪਰ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਦੀ ਪਹਿਲੀ ਸ਼ਾਦੀ ਦਾ ਜ਼ਿਕਰ ਨਹੀਂ ਆਇਆ। ਸੀਂਹੇ ਦੀ ਪੁੱਤਰੀ ਨਾਲ ਸ਼ਾਦੀ ਕਰਨ ਦਾ ਹੀ ਜ਼ਿਕਰ ਆਇਆ ਹੈ। ਧਨ ਪਦਾਰਥ ਪਹਿਲਾਂ ਹੀ ਬੜਾ ਸੀ, ਫਿਰ ਸੁਹਰੇ ਘਰੋਂ ਵੀ ਆ ਗਿਆ। ਸਮੇਂ ਅਨੁਸਾਰ ਮਾਤਾ ਪਿਤਾ ਬੁੱਢੇ ਹੋ ਗਏ। ਸਾਵਣ ਮਹੀਨੇ ਦੇ ਡੱਡੂਆਂ ਤੇ ਮਿੱਠੇ ਪਰ ਮੱਖੀਆਂ ਵਾਂਗੂ ਖ਼ੁਸ਼ਾਮਦੀ ਲੋਕ ਤੇ ਯਾਰਾਂ ਦੋਸਤਾਂ ਦੀ ਢਾਣੀ ਹਮੇਸ਼ਾਂ ਪਾਸ ਹੀ ਬੈਠੀ ਰਿਹਾ ਕਰੇ। ਕੁਸੰਗਤ ਦੇ ਅਸਰ ਨੇ ਜੂਏ ਤੇ ਸ਼ਰਾਬ ਦੀ ਆਦਤ ਪ੍ਰਪੱਕ ਕਰ ਦਿੱਤੀ। ਸ਼ਰਾਬ ਦੇ ਆਸਰੇ ਹੋਰ ਵੀ ਸਾਰੇ ਔਗੁਣ ਆਉਣੇ ਸ਼ੁਰੂ ਹੋ ਗਏ।

ਸਰੀਰ 'ਤੇ ਕੁਸ਼ਟ ਦਾ ਰੋਗ ਸ਼ੁਰੂ ਹੋ ਗਿਆ। ਯਾਰ ਤੇ ਦੋਸਤ ਹੁਣ ਫ਼ਸਲ ਕੱਟਣ ਤੋਂ ਮਗਰੋਂ ਬਟੇਰਿਆਂ ਸਮਾਨ ਦੌੜ ਗਏ। ਹੌਲੀ ਹੌਲੀ ਦੌਲਤ ਵੀ ਸਾਥ ਛੱਡ ਗਈ। ਪਰੇਮ ਚੰਦ ਤੋਂ ਕੱਲਾ ਪਰੇਮਾ ਰਹਿ ਗਿਆ। ਘਰ ਦੇ ਸੰਬੰਧੀ ਵੀ ਨਫ਼ਰਤ ਕਰਨ ਲੱਗ ਪਏ। ਘਰਵਾਲੀ ਨੂੰ ਜੇ ਕੋਈ ਬਚਨ ਕਹੇ ਤਾਂ ਅੱਗੋਂ ਉਹ ਚਾਰ ਸੁਣਾਵੇ।

ਇਕ ਸਮੇਂ ਕੋਈ ਮਖ਼ੌਲ ਦਾ ਬਚਨ ਕਹਿ ਬੈਠਾ, ਤਾਂ ਅੱਗੋਂ ਘਰਵਾਲੀ ਨੇ ਕਿਹਾ—ਤੂੰ ਕੀ ਬੋਲਣ ਨੂੰ ਮਰਦਾ ਹੈਂ, ਤੈਨੂੰ ਪਤਾ ਨਹੀਂ ਛੂਤ ਦੀ ਬੀਮਾਰੀ ਨਾਲ ਤੇਰਾ ਸਰੀਰ ਗਲਦਾ ਜਾ ਰਿਹਾ ਹੈ, ਹੁਣ ਅਸੀਂ ਤੇਰੀ ਛਪਰੀ ਪਿੰਡੋਂ ਬਾਹਰ ਪਾ ਕੇ ਉਥੇ ਛੱਡ ਆਉਣਾ ਹੈ।

ਘਰਵਾਲੀ ਦੇ ਇਹ ਬਚਨ ਇਸ ਨੂੰ ਤੀਰਾਂ ਸਮਾਨ ਲੱਗੇ। ਮਨ ਵਿਚ ਸੋਚਿਆ ਕਿ ਹੋਰ ਯਾਰ ਦੋਸਤ ਤਾਂ ਪਹਿਲਾਂ ਹੀ ਚੋਪੜੀ ਪ੍ਰੀਤੀ ਕਰਨ ਵਾਲੇ ਸਨ, ਪਰ ਘਰਵਾਲੀ ਵੀ ਅੱਜ ਇਸ ਤਰ੍ਹਾਂ ਦਾ ਬੋਲ ਬੋਲਦੀ ਹੈ। ਇਸ ਜੀਵਨ ਨਾਲੋਂ ਤਾਂ ਮਰਨਾ ਹੀ ਚੰਗਾ ਹੈ। ਚੁੱਪ ਕੀਤਾ ਘਰੋਂ ਬਾਹਰ ਨਿਕਲਿਆ ਕਿ ਕਿਸੇ ਉਜਾੜ ਵਾਲੇ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂ।

ਜਦੋਂ ਜੰਗਲ ਵਿਚ ਪੁੱਜਾ, ਖੂਹ ਦੀ ਮੌਣ 'ਤੇ ਬੈਠ ਗਿਆ, ਪਾਸ ਰਸਤਾ ਸੀ। ਗੁਰੂ ਕੇ ਸਿੱਖ ਤੀਸਰੇ ਗੁਰੂ ਨਾਨਕ ਜੀ ਦੇ ਦਰਸ਼ਨ ਕਰਨ ਵਾਸਤੇ ਗੋਇੰਦਵਾਲ ਨੂੰ ਜਾ ਰਹੇ ਸਨ। ਇਸ ਨੇ ਸੋਚਿਆ ਕਿ ਇਹਨਾਂ ਨੂੰ ਲੰਘ ਜਾਣ ਦਿਆਂ ਫੇਰ ਛਾਲ ਮਾਰਾਂਗਾ, ਨਹੀਂ ਤਾਂ ਇਹ ਮੈਨੂੰ ਕੱਢ ਲੈਣਗੇ। ਜਦੋਂ ਸੰਗਤ ਪਾਸ ਪੁੱਜੀ ਤਾਂ ਇਹ ਸ਼ਬਦ ਪੜ੍ਹ ਰਹੀ ਸੀ–

*"ਸਾਹਿਬੁ ਨਿਤਾਣਿਆ ਕਾ ਤਾਣੁ॥ ਨਿਮਾਣਿਆ ਕਾ ਮਾਣ ਸਾਹਿਬ॥"*

ਵਾਰ-ਵਾਰ ਸੰਗਤ ਪੜ੍ਹ ਰਹੀ ਸੀ। ਇਸ ਤੁਕ ਨੇ ਇਸ ਤੜਫਦੇ ਮਨ ਨੂੰ ਸ਼ਾਂਤ ਕੀਤਾ। ਗਹੁ ਨਾਲ ਫੇਰ ਸੁਣਿਆ, ਮਨ ਫਿਰ ਗਿਆ। ਇਤਨੇ ਨੂੰ ਸੰਗਤ ਪਾਸ ਆ ਗਈ ਤੇ ਕਿਹਾ ਕਿ ਮੇਰੇ ਵਰਗੇ ਨਿਤਾਣਿਆਂ ਦੇ ਵੀ ਤਾਣ ਹਨ ? ਸੰਗਤ ਨੇ ਕਿਹਾ, ਹਾਂ-

ਪਰੇਮੇ ਨੇ ਫੁਟ ਫੁਟ ਕੇ ਸੰਗਤ ਅੱਗੇ ਆਪਣਾ ਦੁੱਖ ਪ੍ਰਗਟ ਕੀਤਾ। ਸੰਗਤ ਨੂੰ ਤਰਸ ਆ ਗਿਆ। ਇਸ ਨੂੰ ਨਾਲ ਲੈ ਕੇ ਗੋਇੰਦਵਾਲ ਵਿਖੇ ਪੁੱਜੇ ਅਤੇ ਹਜ਼ੂਰ ਦੇ ਦਰਬਾਰ ਤੋਂ ਬਾਹਰ ਹੀ ਛੱਡ ਦਿੱਤਾ, ਜਿਥੇ ਕੁਸ਼ਟੀ ਤੇ ਹੋਰ ਰੋਗ ਵਾਲੇ ਰੋਗੀ ਬੈਠੇ ਰਹਿੰਦੇ ਸਨ। ਗੁਰੂ ਦੇ ਲੰਗਰੋਂ ਇਨ੍ਹਾਂ ਨੂੰ ਪ੍ਰਸ਼ਾਦਾ ਏਥੇ ਹੀ ਪਹੁੰਚਦਾ ਸੀ। ਇਸ ਪਰੇਮੇ ਨੇ ਗੁਰੂ ਜੀ ਦੇ ਦੂਰੋਂ ਦਰਸ਼ਨ ਕੀਤੇ, ਧੂੜ ਮਸਤਕ ਨੂੰ ਲਾਈ ਤੇ ਮਸਤੀ ਵਿਚ ਗਾਵਣ ਲੱਗ ਪਿਆ-

***"ਸੁਨੌ ਜਹਾਨਾ ਕਹੌ ਬਡੇਰ ਮੇਰਾ ਗਇਆ ਕਛੋਟਾ ਲਧਾ ਫੇਰ॥"***

ਹਰ ਸਮੇਂ ਇਹੋ ਹੀ ਪੜ੍ਹਦਾ ਰਹਿੰਦਾ ਹੈ। ਸਿੱਖ ਸੁਣ ਕੇ ਬੜੇ ਪ੍ਰਸੰਨ ਹੁੰਦੇ ਤੇ ਉਸ ਦੇ ਪਾਸੋਂ ਵਾਰੰਵਾਰ ਪੜ੍ਹਾਉਂਦੇ ਹਨ, ਕਿ ਫਿਰ ਕਹੁ, ਫਿਰ ਕਹੁ। ਸੁਣ ਕੇ ਸਿੱਖਾਂ ਨੂੰ ਤਰਸ ਆਉਂਦਾ ਹੈ ਤੇ ਹਜ਼ੂਰ ਪਾਸ ਬੇਨਤੀ ਕਰਦੇ ਹਨ ਕਿ ਮਹਾਰਾਜ ! ਇਸ ਗ਼ਰੀਬੜੇ ਦੁਖੀ ਪਰ ਕਿਰਪਾ ਕਰੋ, ਪਰ ਮਹਾਰਾਜ ਸੁਣ ਕੇ ਚੁੱਪ ਕਰ ਛੱਡਦੇ।

ਕਾਫ਼ੀ ਸਮਾਂ ਬਤੀਤ ਹੋ ਗਿਆ। ਅੱਜ ਮਿਹਰਾਂ ਦੇ ਸਾਈਂ ਤਰੁੱਠੇ, ਕਿਹਾ ਕਿ ਕੋਈ ਸਿੱਖ ਜਾਵੇ ਸਾਡੇ ਇਸ਼ਨਾਨ ਵਾਲੇ ਜਲ ਵਿਚ ਪਰੇਮੇ ਦਾ ਇਸ਼ਨਾਨ ਕਰਵਾ ਕੇ ਕਿਸੇ ਕੱਪੜੇ ਵਿਚ ਲਪੇਟ ਕੇ ਸਾਡੇ ਪਾਸ ਲਿਆਵੇ, ਉਸ ਸਿੱਖ ਦੀ ਮਨੋ ਕਾਮਨਾ ਪੂਰੀ ਹੋਵੇਗੀ।

ਹਜ਼ੂਰ ਦਾ ਬਚਨ ਸੁਣ ਕੇ ਇਸੇ ਤਰ੍ਹਾਂ ਹੀ ਕੀਤਾ ਗਿਆ। ਉਸ ਜਲ ਵਿਚ ਇਸ਼ਨਾਨ ਕਰਵਾ ਕੇ ਗੁਰੂ ਜੀ ਪਾਸ ਲੈ ਆਏ। ਉਸ ਵੇਲੇ ਮਹਾਰਾਜ ਨੇ ਸਿੰਘਾਸਨ ਤੋਂ ਉਠ ਕੇ ਆਪਣੇ ਹੱਥੀਂ ਪ੍ਰੇਮੇ ਦਾ ਮੂੰਹ ਨੰਗਾ ਕੀਤਾ, ਜਦ ਹਜ਼ੂਰ ਦੀ ਦ੍ਰਿਸ਼ਟੀ ਪਈ ਤਾਂ ਸਰੀਰ ਕੰਚਨ ਵਰਗਾ ਸ਼ੁੱਧ ਹੋ ਗਿਆ।

ਸਿੱਖ ਦੇਖ ਕੇ ਹੈਰਾਨ ਹੋ ਗਏ। ਬੇਨਤੀ ਕੀਤੀ—ਮਹਾਰਾਜ ਜੀ ! ਇਹ ਤਾਂ ਹੁਣ ਲਾੜੇ ਵਰਗਾ ਬਣ ਗਿਆ ਹੈ। ਸਤਿਗੁਰੂ ਜੀ ਕਹਿਣ ਲੱਗੇ ਕਿ ਇਹ ਵੀ ਤੁਹਾਡਾ ਬਚਨ ਪੂਰਾ ਕਰ ਦਿੰਦੇ ਹਾਂ। "ਹੈ ਕੋਈ ਅਜਿਹਾ ਸਿੱਖ ਜੋ ਇਸ ਨੂੰ ਆਪਣੀ ਪੁੱਤਰੀ ਦਾ ਨਾਤਾ ਦੇ ਦੇਵੇ ? ਉਸ 'ਤੇ ਸਾਡੀ ਅਤਿਅੰਤ ਪ੍ਰਸੰਨਤਾ ਹੋਵੇਗੀ।"

ਇਹ ਗੱਲ ਸੁਣ ਕੇ ਸਾਰੇ ਸਿੱਖ ਘਬਰਾ ਗਏ ਪਰ ਇੱਕੋ ਸਿੱਖ ਨਿਤਰਿਆ ਜੋ ਉਪਲ ਗੋਤ ਦਾ ਸੀਂਹਾ ਖੱਤਰੀ ਸੀ। ਉਸ ਨੇ ਆਪਣੀ ਲੜਕੀ ਲਿਆ ਕੇ ਹਾਜ਼ਰ ਕਰ ਦਿੱਤੀ। ਹਜ਼ੂਰ ਨੇ ਉਸ ਬੱਚੀ ਦਾ ਪਰੇਮੇ ਨਾਲ ਅਨੰਦ ਕਾਰਜ ਕਰ ਦਿੱਤਾ ਤੇ ਸੀਂਹੇ ਨੂੰ ਨਿਹਾਲ ਕੀਤਾ।

ਸੀਂਹੇ ਦੀ ਘਰਵਾਲੀ ਜੋ ਲੰਗਰ ਵਿਚ ਸੇਵਾ ਕਰਦੀ ਸੀ, ਜਦ ਉਸ ਨੂੰ ਪਤਾ ਲੱਗਾ ਕਿ ਮੇਰੀ ਧੀ ਕੁਸ਼ਟੀ ਨਾਲ ਵਿਆਹ ਦਿੱਤੀ ਹੈ, ਤਾਂ ਉਸੀ ਵੇਲੇ ਉਹ ਦੌੜੀ ਆਈ। ਮਹਾਰਾਜ ਦੇ ਪਾਸ ਆ ਕੇ ਰੋਣ ਲੱਗ ਪਈ ਕਿ ਮੇਰੀ ਧੀ ਕਿਸ ਨਾਲ ਵਿਆਹ ਦਿੱਤੀ ਹੈ ?

ਇਹ ਗੱਲ ਸੁਣ ਕੇ ਹਜ਼ੂਰ ਨੇ ਕਿਹਾ ਕਿ ਇਹ ਲੜਕਾ ਹੁਣ ਸਾਡਾ ਪੁੱਤਰ ਹੋ ਚੁੱਕਾ ਹੈ। ਤੂੰ ਕੋਈ ਫ਼ਿਕਰ

ਨਾ ਕਰ। ਅੱਜ ਤੋਂ ਤੇਰੀ ਧੀ ਦਾ ਨਾਮ ''ਮੱਥੋ'' ਤੇ ਇਸ ਦਾ ਨਾਮ ''ਮੁਰਾਰੀ'' ਰੱਖ ਦਿੱਤਾ ਹੈ। ਜੋ ਸਿੱਖ 'ਮੱਥੋ ਮੁਰਾਰੀ' ਦਾ ਜਾਪ ਕਰੇਗਾ ਉਹ ਜਮਾਂ ਨੂੰ ਨਹੀਂ ਦੇਖੇਗਾ।

***''ਮਥੋ ਮੁਰਾਰੀ ਸਿਮਰੈ ਨਾਮ। ਪੂਰਨ ਹੋਹਿ ਨਰਨ ਕੇ ਕਾਮ।''***

(ਗੁ: ਪ੍ਰ: ਸੂ: ਗ੍ਰੰਥ, ਰਾਸ ੧, ਅੰਸੂ ੬੦)

ਇਉਂ ਕਹਿਕੇ ਮੰਜੀ ਬਖ਼ਸ਼ ਦਿੱਤੀ। ਧੰਨ ਹਨ ਗੁਰੂ ਅਮਰਦਾਸ ਜੀ। ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੀ ਕਿਰਪਾ ਨਾਲ ਕੁਸ਼ਟੀ ਕੁਸ਼ਟ ਰਹਿਤ ਹੋ ਕੇ ਸਿੱਖੀ ਦਾ ਪ੍ਰਚਾਰਕ ਬਣ ਗਿਆ।

ਸਿੱਖੀ ਪ੍ਰਚਾਰ ਨੂੰ ਜੱਥੇਬੰਦ ਕਰਨ ਲਈ ਗੁਰੂ ਅਮਰਦਾਸ ਜੀ ਨੇ ਦੇਸ਼ ਦੇ ਹਰ ਕੋਨੇ ਵਿਚ ੨੨ ਪ੍ਰਚਾਰ ਮੰਜੀਆਂ ਕਾਇਮ ਕੀਤੀਆਂ। ਇਨ੍ਹਾਂ ੨੨ ਮੰਜੀਆਂ ਦੇ ਮੁਖੀਏ ਪ੍ਰਚਾਰਕਾਂ ਦੇ ਵਿਚ ਮੁਰਾਰੀ ਪ੍ਰਚਾਰਕ ਸੀ।

## ਗੁਰਬਾਣੀ ਪ੍ਰਮਾਣ

***੧. ''ਧਰਣਿ ਸੁਵੰਨੀ ਖੜ ਰਤਨ ਜੜਾਵੀ ਹਰਿ ਪ੍ਰੇਮ ਪੁਰਖੁ ਮਨਿ ਵੁਠਾ॥***
***ਸਭੇ ਕਾਜ ਸੁਹੇਲੜੇ ਥੀਏ ਗੁਰੁ ਨਾਨਕੁ ਸਤਿਗੁਰੁ ਤੁਠਾ॥੧੫॥''***

(ਅੰਗ ੩੨੨)

***੨. ''ਪ੍ਰੇਮ ਭਗਤਿ ਪ੍ਰਭਿ ਲਾਗੀ॥ ਸੋ ਪਾਏ ਜਿਸੁ ਵਡਭਾਗੀ॥''***

(ਅੰਗ ੬੨੭)

***੩. ''ਸੰਮਨ ਜਉ ਇਸ ਪ੍ਰੇਮ ਕੀ ਦਮ ਕ੍ਹਿਹੁ ਹੋਤੀ ਸਾਟ॥''***

(ਅੰਗ੧੩੬੩)

***੪. ''ਸਭੇ ਕੰਤ ਮਹੇਲੀਆ ਸਗਲੀਆ ਕਰਹਿ ਸੀਗਾਰੁ॥***
***ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ॥***
***ਪਾਖੰਡਿ ਪ੍ਰੇਮੁ ਨ ਪਾਈਐ ਖੋਟਾ ਪਾਜੁ ਖੁਆਰੁ॥''***

(ਅੰਗ ੫੩)

***੫. ''ਬਿਨੁ ਗੁਰ ਪ੍ਰੇਮੁ ਨ ਲਭਈ ਜਨ ਵੇਖਹੁ ਮਨਿ ਨਿਰਜਾਸਿ॥***
***ਹਰਿ ਗੁਰ ਵਿਚਿ ਆਪੁ ਰਖਿਆ ਹਰਿ ਮੇਲੇ ਗੁਰ ਸਾਬਾਸਿ॥''***

(ਅੰਗ ੯੯੬)

ਸਲੋਕ ਮਃ ੫॥ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥
ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ॥੧॥

ਪਦ ਅਰਥ :-ਪਟੋਲਾ-ਰੇਸ਼ਮੀ ਕਪੜਾ। ਪ੍ਰੇਮ ਪਟੋਲਾ-ਭਾਵ ਹੈ ਪ੍ਰੇਮ ਦਾ ਸੁੰਦਰ ਰੇਸ਼ਮੀ ਕਪੜਾ।

ਤੈ ਸਹਿ-ਤੂੰ ਮਾਲਕ ਨੇ। ਢਕਣ ਕੂ-ਢਕਣ ਨੂੰ। ਦਾਨਾ-ਜਾਨਣ ਵਾਲਾ। ਬੀਨਾ-ਵੇਖਣ ਵਾਲਾ। ਸਾਰ-ਕਦਰ।

**ਅਰਥ :-** ਤੂੰ ਮਾਲਕ ਨੇ (ਭਾਵ ਹੇ ਵਾਹਿਗੁਰੂ ਜੀ) ਮੇਰੀ ਇੱਜ਼ਤ ਢੱਕਣ ਲਈ (ਮੈਨੂੰ ਤੁਸਾਂ ਨੇ) ਪ੍ਰੇਮ ਦਾ ਸੁੰਦਰ ਰੇਸ਼ਮੀ ਕਪੜਾ ਦਿੱਤਾ ਹੈ। ਗੁਰੂ ਜੀ ਫੁਰਮਾਨ ਕਰਦੇ ਹਨ (ਹੇ ਵਾਹਿਗੁਰੂ ਜੀ! ਤੂੰ) ਮੇਰਾ ਮਾਲਕ ਦਿਲਾਂ ਦੀਆਂ ਜਾਨਣ ਵਾਲਾ ਤੇ ਦ੍ਰਿਸ਼ਟਾ ਰੂਪ ਹੋ ਕੇ ਕਰਮਾਂ ਨੂੰ ਵੇਖਣ ਵਾਲਾ ਹੈਂ (ਪਰ ਮੈਂ) ਤੇਰੀ ਸਰਬੱਗਤਾ ਦੀ (ਸਾਰ) ਕਦਰ ਕਰਨੀ ਨਹੀਂ ਜਾਣੀ।੧।

**ਮਃ ੫ ॥ਤੈਡੈ ਸਿਮਰਣਿ ਹਭੁ ਕਿਛੁ ਲਧਮੁ ਬਿਖਮੁ ਨ ਡਿਠਮੁ ਕੋਈ ॥ਜਿਸੁ ਪਤਿ ਰਖੈ ਸਚਾ ਸਾਹਿਬੁ ਨਾਨਕ ਮੇਟਿ ਨ ਸਕੈ ਕੋਈ ॥੨॥**

**ਪਦ ਅਰਥ :-** ਤੈਡੈ-ਤੇਰੇ। ਹਭੁ ਕਿਛੁ-ਸਭ ਕੁਝ। ਬਿਖਮੁ ਨ-ਔਖ ਨਹੀਂ ਭਾਵ ਕਠਨ ਨਹੀਂ।

**ਅਰਥ :-**(ਹੇ ਵਾਹਿਗੁਰੂ ਜੀ!) ਤੇਰੇ ਸਿਮਰਨ ਦੁਆਰਾ ਮੈਂ ਸਭ ਕੁਝ ਲੱਭ ਲਿਆ ਹੈ (ਕਿਉਂਕਿ ਸਿਮਰਨ ਦਾ ਸਦਕਾ) ਕਿਸੇ ਵੀ ਕਾਰਜ ਦੀ ਸਫਲਤਾ ਵਿਚ ਕੋਈ (ਔਖ) ਭਾਵ ਕਠਨਤਾਈ ਨਹੀਂ ਵੇਖੀ। ਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਜਿਸ ਦੀ ਪਤਿ ਸੱਚਾ ਸਾਹਿਬ ਰੱਖਦਾ ਹੈ (ਉਸ ਦੀ ਰੱਖੀ ਹੋਈ ਨੂੰ) ਕੋਈ ਮੇਟ ਨਹੀਂ ਸਕਦਾ ਭਾਵ ਕੋਈ ਉਸ ਦੀ ਪਤਿ ਨੂੰ ਖ਼ਤਮ ਨਹੀਂ ਕਰ ਸਕਦਾ।੨।

**ਪਉੜੀ ॥ ਹੋਵੈ ਸੁਖੁ ਘਣਾ ਦਯਿ ਧਿਆਇਐ ॥ ਵੰਞੈ ਰੋਗਾ ਘਾਣਿ ਹਰਿ ਗੁਣ ਗਾਇਐ ॥ ਅੰਦਰਿ ਵਰਤੈ ਠਾਢਿ ਪ੍ਰਭਿ ਚਿਤਿ ਆਇਐ ॥ ਪੂਰਨ ਹੋਵੈ ਆਸ ਨਾਇ ਮੰਨਿ ਵਸਾਇਐ ॥ ਕੋਇ ਨ ਲਗੈ ਬਿਘਨੁ ਆਪੁ ਗਵਾਇਐ ॥ ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ ॥ ਤਿਨਿ ਪਾਏ ਸਭੇ ਥੋਕ ਜਿਸੁ ਆਪਿ ਦਿਵਾਇਐ ॥ ਤੂੰ ਸਭਨਾ ਕਾ ਖਸਮੁ ਸਭ ਤੇਰੀ ਛਾਇਐ ॥੮॥**

**ਪਦ ਅਰਥ :-**ਦਯਿ-ਪ੍ਰੇਰਕ ਪ੍ਰਭੂ। ਨੋਟ ਇਸ ਦਾ ਉਚਾਰਨ ਇਸ ਤਰ੍ਹਾਂ ਕਰਨਾ ਹੈ ਜੀ (ਦਯਿ) ਦਈਇ। ਵੰਞੈ-ਚਲਾ ਜਾਂਦਾ ਹੈ। ਘਾਣਿ-ਸਮਦਾਆ ਭਾਵ ਸਮੂਹ। ਠਾਢਿ-ਠੰਢਤਾਈ, ਸ਼ਾਂਤੀ। ਥੋਕ-ਪਦਾਰਥ। ਛਾਇਐ-ਛਾਂ ਹੇਠ ਭਾਵ ਆਸਰੇ ਤੋਂ ਹੈ।

**ਅਰਥ :-**ਹੇ ਭਾਈ ! ਵਾਹਿਗੁਰੂ ਜੀ ਨੂੰ (ਧਿਆਇਐ) ਯਾਦ ਕਰਨ ਨਾਲ (ਘਣਾ) ਬਹੁਤਾ ਸੁਖ ਪ੍ਰਾਪਤ ਹੁੰਦਾ ਹੈ। ਰਸਨਾ ਕਰਕੇ ਹਰੀ ਦੇ ਗੁਣ ਗਾਉਣ ਨਾਲ ਰੋਗਾਂ ਦਾ ਸਮਦਾਆ ਚਲਾ ਜਾਂਦਾ ਹੈ। ਵਾਹਿਗੁਰੂ ਜੀ ਦੇ ਚਿਤਿ-ਚੇਤੇ ਸਿਮ੍ਰਿਤੀ ਵਿਚ ਆਉਣ ਨਾਲ ਭਾਵ ਹਮੇਸ਼ਾ ਯਾਦ ਰਹਿਣ ਨਾਲ ਹਿਰਦੇ ਅੰਦਰ ਠੰਢਤਾਈ ਭਾਵ ਸ਼ਾਂਤੀ ਵਰਤ ਜਾਂਦੀ ਹੈ। ਪ੍ਰਭੂ ਦਾ ਨਾਮ ਮਨ ਵਿਚ ਵਸਾਉਣ ਕਰਕੇ ਹਰੇਕ ਆਸ ਪੂਰੀ ਹੋ ਜਾਂਦੀ ਹੈ। (ਆਪੁ) ਆਪਾ, ਭਾਵ ਹੈ ਅੰਦਰੋਂ ਹੰਕਾਰ ਦੂਰ ਕੀਤਿਆਂ, ਕਿਸੇ ਵੀ ਕਾਰਜ ਵਿਚ ਕੋਈ

ਵਿਘਨ ਨਹੀਂ ਪੈਂਦਾ। ਗਿਆਨ ਪਦਾਰਥ ਦੀ (ਪ੍ਰਾਪਤੀ ਵਾਲੀ) ਮਤਿ ਗੁਰੂ ਤੋਂ ਪ੍ਰਾਪਤ ਹੁੰਦੀ ਹੈ। ਉਸ ਨੇ (ਜਾਣੋ) ਸਾਰੇ ਪਦਾਰਥ ਪਾ ਲਏ ਹਨ ਜਿਸ ਨੂੰ ਉਹ ਆਪ ਦਿਵਾਉਂਦਾ ਹੈ। ਹੇ ਵਾਹਿਗੁਰੂ! ਤੂੰ ਸਾਰਿਆਂ ਜੀਆਂ ਦਾ ਮਾਲਕ ਹੈਂ ਅਤੇ ਸਾਰੇ ਤੇਰੀ ਛਾਂ ਹੇਠ ਭਾਵ ਤੇਰੇ ਆਸਰੇ ਹਨ।੮।

## ਵਿਆਖਿਆ ਤੇ ਸਾਰੰਸ਼

ਇਸ ਦੇ ਆਰੰਭ ਵਿਚ ਪ੍ਰੇਮ ਦਾ ਜ਼ਿਕਰ ਹਜ਼ੂਰ ਨੇ ਕੀਤਾ ਹੈ, ਜਿਸ ਬਾਰੇ ਵਿਸਥਾਰ ਸਹਿਤ ਆਪ ਨੇ ਸ਼ੁਰੂ ਵਿਚ ਪੜ੍ਹ ਹੀ ਲਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬੜੇ ਸੁੰਦਰ ਬਚਨ ਹਨ। ਦਸਮੇਸ਼ ਜੀ ਆਖਦੇ ਹਨ ਕਿ ਮੈਂ ਸੱਚ ਆਖਦਾ ਹਾਂ, ਸਾਰੇ ਧਿਆਨ ਸਹਿਤ ਸੁਣੋ। ਜਿਸ ਮਨੁੱਖ ਨੇ ਕਰਮਕਾਂਡ ਅਤੇ ਵਿਸ਼ੇ ਭੋਗਾਂ ਦਾ ਰਾਹ ਛੱਡ ਕੇ ਪ੍ਰਭੂ ਨਾਲ ਪ੍ਰੇਮ ਕੀਤਾ, ਕੇਵਲ ਉਸ ਨੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਇਸ ਸ਼ਬਦ ਅੰਦਰ ਕਿਹਾ ਹੈ ਕਿ ਜਿਸ ਕਿਸੇ ਨੇ ਵੀ ਕਰਮਕਾਂਡੀ ਮਾਰਗ ਤਿਆਗ ਕੇ ਪ੍ਰਭੂ ਨਾਲ ਪ੍ਰੇਮ ਕੀਤਾ, ਉਸ ਨੇ ਪ੍ਰਭੂ ਨੂੰ ਪਾ ਲਿਆ ਹੈ।

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦੇ ਪਵਿੱਤਰ ਬਚਨ ਹਨ :-

***ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ, ਬੈਠਿ ਰਹਿਓ ਬਕ ਧਿਆਨ ਲਗਾਇਓ॥***
***ਨ੍ਹਾਤ ਫਿਰਿਓ ਲੀਏ ਸਾਤ ਸਮੁੰਦ੍ਰਨਿ, ਲੋਕ ਗਯੋ ਪਰਲੋਕ ਗਵਾਇਓ॥***
***ਬਾਸ ਕੀਓ ਬਿਖਿਆਨ ਸੋ ਬੈਠ ਕੈ, ਐਸੇ ਹੀ ਐਸੇ ਸੁ ਬੈਸ ਬਿਤਾਇਓ॥***
***ਸਾਚ ਕਹੋ ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ ੯॥***

(ਸ੍ਵਯੇ ਪਾ: ੧੦)

ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਰਮਕਾਂਡ ਦਾ ਖੰਡਨ ਕਰਦਿਆਂ ਫੁਰਮਾਉਂਦੇ ਹਨ ਕਿ ਐ ਮਨੁੱਖ ! ਕੀ ਹੋਇਆ ਜੇਕਰ ਤੂੰ ਦੋਵੇਂ ਅੱਖਾਂ ਮੀਟ ਕੇ, ਬਗਲ-ਸਮਾਧੀ ਲਾ ਕੇ (ਚਿਰੰਕਾਲ) ਬੈਠਾ ਰਿਹਾ। ਜੇਕਰ ਕੋਈ ਮਨੁੱਖ ਸੱਤਾਂ ਸਮੁੰਦਰਾਂ ਤਕ ਭਾਵ ਸਾਰੀ ਪ੍ਰਿਥਵੀ ਦੇ (ਤੀਰਥਾਂ 'ਤੇ) ਇਸ਼ਨਾਨ ਕਰਦਾ ਫਿਰਿਆ ਤਾਂ ਕੀ ਹੋਇਆ। ਅਜਿਹੇ ਮਨੁੱਖ ਦਾ ਇਹ ਲੋਕ ਤਾਂ ਕਰਮ-ਕਾਂਡਾਂ ਵਿਚ ਰੁਝ ਕੇ ਵਿਅਰਥ ਗਿਆ ਤੇ ਉਸ ਨੇ ਸਿਮਰਨ ਭਜਨ ਤੋਂ ਖੁੰਝ ਕੇ ਪ੍ਰਲੋਕ ਵੀ ਗਵਾ ਲਿਆ। ਹਜ਼ੂਰ ਕਹਿੰਦੇ ਹਨ, ਮੈਂ ਸੱਚ ਕਹਿੰਦਾ ਹਾਂ, ਸਾਰੇ ਸੁਣ ਲੈਣਾ ਕਰੋ। ਜਿਸ ਨੇ ਵੀ (ਪ੍ਰਭੂ) ਨਾਲ ਪ੍ਰੇਮ ਕੀਤਾ ਹੈ ਉਸ ਨੇ ਪਰਮਾਤਮਾ ਨੂੰ ਪਾਇਆ ਹੈ।

ਅਜਿਹੇ ਮਨੁੱਖਾਂ ਦਾ ਵਿਸ਼ਿਆਂ-ਵਿਕਾਰਾਂ ਵਿਚ ਵਿਅਸਤ ਹੋ ਕੇ ਜ਼ਿੰਦਗੀ ਦੇ ਸੁਆਦਾਂ ਵਿਚ ਹੀ ਉਮਰ ਦਾ ਸਾਰ ਸਮਾਂ ਅਜਾਈਂ ਹੀ ਗੁਆ ਲਿਆ ਹੈ।

## ਪ੍ਰੀਤੀ-ਗੁਰਬਾਣੀ ਤੇ ਭਾਈ ਗੁਰਦਾਸ ਜੀ ਅਨੁਸਾਰ

ਪਾਵਨ ਬਾਣੀ ਅੰਦਰ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਅੰਦਰ ਸੱਚੀ ਪ੍ਰੀਤੀ ਨੂੰ ਸਮਝਣ ਵਾਸਤੇ

ਕਿਰਤਮ ਰਚਨਾ ਵਿਚੋਂ ਹੇਠਲੀਆਂ ਪ੍ਰੀਤੀਆਂ ਦੇ ਦ੍ਰਿਸ਼ਟਾਂਤ ਦਿੱਤੇ ਹਨ—

(ਮੱਛੀ ਤੇ ਪਾਣੀ, ਪਪੀਹਾ ਤੇ ਸ੍ਵਾਂਤੀ ਬੂੰਦ, ਨਾਦ ਤੇ ਹਰਨ, ਭਵਰਾ ਤੇ ਸੁਗੰਧੀ, ਭੁੱਖਾ ਤੇ ਅੰਨ, ਪਿਆਸੇ ਤੇ ਜਲ, ਲੋਭੀ ਤੇ ਧਨ, ਚੰਦ ਤੇ ਚਕੋਰ, ਚਕਵੀ ਤੇ ਸੂਰਜ, ਕਵਲ ਫੁੱਲ ਤੇ ਜਲ, ਮੋਰ ਤੇ ਬੱਦਲ, ਇਸਤ੍ਰੀ ਤੇ ਪਤੀ, ਮਾਂ ਤੇ ਪੁੱਤਰ, ਮੁਰੀਦ ਤੇ ਪੀਰ, ਸੰਤ ਤੇ ਹਰੀ)

***"ਜੈਸੀ ਭੂਖੇ ਪ੍ਰੀਤਿ ਅਨਾਜ॥ ਤ੍ਰਿਖਾਵੰਤ ਜਲ ਸੇਤੀ ਕਾਜ॥"***

(ਅੰਗ ੧੧੬੪)

***"ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥***
***ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥***
***ਨਾਦ ਕੁਰੰਕਹਿ ਬੇਧਿਆ, ਸਨਮੁਖ ਉਠਿ ਧਾਵੈ॥***
***ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥***
***ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥"***

(ਅੰਗ ੭੦੮)

***"ਚੰਦ ਚਕੋਰ ਪਰੀਤ ਹੈ, ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ।***
***ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਭਹੈ ਨਾਲੇ॥੪॥"***

(ਵਾਰ ੨੭, ਪਉੜੀ ੪)

ਇਸ ਲਈ ਅੱਜ ਤੱਕ ਭਾਵੇਂ ਪ੍ਰੇਮ ਬਾਰੇ ਬੜਾ ਹੀ ਕੁਝ ਲਿਖਿਆ ਜਾ ਚੁੱਕਾ ਹੈ ਤੇ ਪ੍ਰੇਮ ਦੀਆਂ ਕਹਾਣੀਆਂ ਦਾ ਅੰਤ ਨਹੀਂ ਆਉਂਦਾ, ਪਰ ਪ੍ਰੇਮ ਦਾ ਸਾਰਾ ਝੁਕਾਉ ਈਸ਼ਵਰ ਅਰਾਧਨ ਵੱਲ ਹੀ ਹੈ। ਭਾਵੇਂ ਈਸ਼ਵਰ ਨਿਰਾਕਾਰ ਹੋਵੇ ਭਾਵੇਂ ਸਾਕਾਰ ਰੂਪ ਵਿਚ ਹੋਵੇ, ਈਸ਼ਵਰ ਨਾਲ ਪ੍ਰੇਮ ਕਰੋ। ਪ੍ਰੇਮਾ-ਭਗਤੀ ਕਰੋ। ਪ੍ਰੇਮਾ-ਭਗਤੀ ਦੇ ਮਾਰਗ ਨੂੰ ਬਿਹੰਗ ਮਾਰਗ ਕਿਹਾ ਹੈ। ਜਿਸ ਤਰ੍ਹਾਂ ਪੰਛੀ ਛੇਤੀ ਨਾਲ ਆਪਣੀ ਮੰਜ਼ਿਲ 'ਤੇ ਜਾ ਪੁੱਜਦਾ ਹੈ, ਇਸੇ ਤਰ੍ਹਾਂ ਪ੍ਰੇਮੀ, ਪ੍ਰੇਮਾ-ਭਗਤੀ ਦੇ ਪਰਾਂ ਨਾਲ ਕਰਮ-ਕਾਂਡੀ ਤੋਂ ਪਹਿਲਾਂ ਹੀ ਆਪਣੇ ਪ੍ਰਮੇਸ਼ਰ ਦੀ ਪ੍ਰਾਪਤੀ ਰੂਪ ਮੰਜ਼ਿਲ 'ਤੇ ਜਾ ਪੁੱਜਦਾ ਹੈ। ਕਰਮ-ਕਾਂਡੀ ਮਾਰਗ ਨੂੰ ਕੀਟੀ ਮਾਰਗ ਕਿਹਾ ਗਿਆ ਹੈ, ਜਿਸ ਤਰ੍ਹਾਂ ਕੀੜੀ ਨੂੰ ਦਰੱਖ਼ਤ ਦੀ ਜੜ੍ਹ ਤੋਂ ਟਾਹਣੀਆਂ ਪੱਤਿਆਂ ਰਾਹੀਂ ਸਿਖਰ 'ਤੇ ਪਹੁੰਚਣਾ ਬੜਾ ਮੁਸ਼ਕਲ ਹੈ। ਪੰਛੀ ਉਡਾਰੀ ਮਾਰ ਕੇ ਦਰੱਖ਼ਤ ਦੇ ਸਿਖਰ ਜਾ ਪੁੱਜਦਾ ਹੈ। ਇਸ ਕਰਕੇ ਪ੍ਰੇਮ ਨੂੰ ਇਕ ਬਿਹੰਗ ਮਾਰਗ ਦੱਸਿਆ ਹੈ।

## ਪ੍ਰੇਮ ਇਕ ਕੁੰਜੀ ਹੈ

ਸੰਤ ਅਗਸਤੀਨ ਤੋਂ ਕਿਸੇ ਨੇ ਪੁੱਛਿਆ ਸੀ ਕਿ ਮੈਨੂੰ ਸੰਖੇਪ ਰੂਪ ਵਿਚ ਇਹ ਸਮਝਾਉ ਕਿ ਧਰਮ ਦਾ ਸਾਰ ਕੀ ਹੈ। ਪਾਪਾਂ ਤੋਂ ਕਿਵੇਂ ਬਚਿਆ ਜਾ ਸਕਦਾ ਹੈ ਅਤੇ ਪਾਪ ਤਾਂ ਅਨੇਕ ਹਨ ਪਰ ਜੀਵਨ ਨਿੱਕਾ ਹੈ। ਇਸ ਲਈ ਮੈਨੂੰ ਕੋਈ ਐਸੀ ਕੁੰਜੀ ਦਿਉ ਜੋ ਇਕ ਨਾਲ ਸਾਰੇ ਮਸਲੇ ਹੱਲ ਹੋ ਜਾਵਣ। ਸੰਤ ਅਗਸਤੀਨ ਜੀ ਕਹਿੰਦੇ ਹਨ ਕਿ ਪਿਆਰਿਆ ! ਜੇ ਇਕੋ ਕੁੰਜੀ ਚਾਹੀਦੀ ਹੈ ਤਾਂ ਪ੍ਰੇਮ ਹੀ ਹੈ, ਕਿਉਂਕਿ ਜਿਸਨੇ ਪ੍ਰੇਮ ਕੀਤਾ, ਉਸ ਤੋਂ ਪਾਪ ਨਹੀਂ ਹੋ ਸਕੇਗਾ। ਮਨੁੱਖ ਕਿਸੇ ਦੀ ਚੋਰੀ ਕਰਦਾ ਹੈ ਤਾਂ ਉਸ ਨਾਲ ਪ੍ਰੇਮ ਨਹੀਂ, ਜਿਸਦੀ ਹੱਤਿਆ ਕਰਦਾ ਹੈ, ਉਸ ਨਾਲ ਇਸਦਾ ਪ੍ਰੇਮ ਨਹੀਂ! ਸਿਰਫ ਪ੍ਰੇਮ ਦੀ ਕਮੀ ਵਿਚ ਹੀ ਮਨੁੱਖ ਸਾਰੇ ਪਾਪ ਕਰਦਾ ਹੈ। ਕਹਿੰਦੇ ਹਨ (ਕਰੁਣਾ) ਦਾ ਅਰਥ ਹੈ ਪ੍ਰੇਮ। ਜੀਸਸ ਦਾ ਬਚਨ ਸਾਫ ਹੈ–''**Love is God**'' ਉਹ ਤਾਂ ਕਹਿੰਦੇ ਹਨ ਕਿ ਤੁਸੀਂ ਪ੍ਰਮਾਤਮਾ ਦੀ ਗੱਲ ਹੀ ਛੱਡ ਦਿਉ, ਪ੍ਰੇਮ ਹੀ ਪ੍ਰਮਾਤਮਾ ਹੈ। ਭਾਵੇਂ ਪ੍ਰੇਮ ਦੀ ਖੇਡ ਕਠਨ ਹੈ ਕਿਉਂਕਿ ਸਤਿਗੁਰੂ ਜੀ ਤਾਂ ਸਿੱਖਾਂ ਨੂੰ ਕਹਿੰਦੇ ਹਨ ਜੇ ਤੈਂ ਪ੍ਰੇਮ ਦੀ ਖੇਡ ਖੇਡਣੀ ਹੈ ਤਾਂ ਸਿਰ ਨੂੰ ਤਲੀ 'ਤੇ ਰੱਖ ਕੇ ਆ–

***''ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥***
***ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥''***

(ਅੰਗ ੧੪੧੨)

ਇਸ ''ਮੁਖਵਾਕ'' ਸ਼ਬਦ ਦੀ ਪਉੜੀ ਅੰਦਰ ਇਕ ਪੰਗਤੀ ਆਈ ਹੈ—

***''ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥''***

ਇਥੇ ਗਿਆਨ ਨੂੰ ਪਦਾਰਥ ਦਸਿਆ ਹੈ, ਆਉ ਪਦਾਰਥਾਂ ਬਾਰੇ ਵਿਚਾਰ ਕਰੀਏ ਕਿ ਪਦਾਰਥ ਕਿਤਨੇ ਹਨ :-

## ਗੁਰਬਾਣੀ ਅਨੁਸਾਰ ਅੱਠ ਪਦਾਰਥ

ਧਰਮ, ਅਰਥ, ਕਾਮ, ਮੋਖ, ਗਿਆਨ, ਪ੍ਰੇਮ, ਨਾਮ, ਜਨਮ ਇਹ ਅੱਠ ਪਦਾਰਥ ਗੁਰਬਾਣੀ ਨੇ ਦਰਸਾਏ ਹਨ।

***''ਅਰਥ, ਧਰਮ, ਕਾਮ, ਮੋਖ ਕਾ ਦਾਤਾ॥''***
***''ਪੂਰੀ ਭਈ ਸਿਮਰਿ ਸਿਮਰਿ ਬਿਧਾਤਾ॥''*** (ਅੰਗ ੮੦੬)
***''ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥''*** (ਅੰਗ ੬੦)
***''ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ॥''*** (ਅੰਗ ੪੨੯)
***''ਨਾਮੁ ਪਦਾਰਥੁ ਸਹਜੇ ਲਇਆ॥''*** (ਅੰਗ ੧੦੬੯)

***"ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ॥"*** (ਅੰਗ ੯੬੩)

੧. ਧਰਮ ਪਦਾਰਥ : 'ਧਰਮ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। ਧਾਤੂ ਧ੍ਰੀ=ਸਹਾਰਾ ਦੇਣਾ, ਧਾਰਣਾ। ਧਰਮ ਦੇ ਅਰਥ ਇਹ ਵੀ ਹਨ, ਸੁਭਾਵ, ਗੁਣ, ਮਰਯਾਦਾ, ਫਰਜ਼, ਨੇਕੀ, ਮੱਤ, ਮਜ਼ਹਬ, ਜੋ ਆਪੋ ਆਪਣੇ ਧਾਰਮਿਕ ਤਰੀਕੇ ਨਾਲ ਕਰਨੇ ਉਚਿਤ ਹਨ। ਜੈਮਨੀ ਲਿਖਦਾ ਹੈ—ਨੰਦਨ : ਲਕਸ਼ਣੋ ਅਰਥੋ : ਧਰਮ। ਧਰਮ ਦਾ ਅਰਥ ਇਹ ਹੈ ਕਿ ਜਿਸ ਤੋਂ (ਸ਼ਾਸਤ੍ਰ ਆਦਿ ਦੀ) ਆਗਿਆ ਦਾ ਲੱਛਣ ਪ੍ਰਤੀਤ ਹੋਵੇ। ਧਰਮ ਦਾ ਸਰੂਪ ਇਹ ਹੈ—ਯਤੋ ਅਭ ਉਦਯ ਨੇਹ ਸ੍ਰੇਯ ਸਿਧਿ ਸਾ ਧਰਮ : ਅਰਥਾਤ ਜਿਸ ਤੋਂ ਪ੍ਰਗਟ ਹੋਵੇ ਮੋਖ ਦੀ ਸਿਧੀ ਉਹ ਹੈ ਧਰਮ।

## ਧਰਮ ਦੋ ਪ੍ਰਕਾਰ ਦਾ ਹੈ

੧. ਸਾਧਾਰਣ ਧਰਮ ਅਤੇ ੨. ਅਸਾਧਾਰਣ ਧਰਮ।

ਸਾਧਾਰਣ ਧਰਮ ਹੈ ਆਪਣੇ ਇਸ਼ਟ ਦੇਵ ਦੇ ਅਨੁਸਾਰ ਚਲਣਾ ਅਤੇ ਆਪਣੇ ਇਸ਼ਟ ਗੁਰੂ ਦੇ ਹੁਕਮ ਨੂੰ ਮੰਨਣਾ। ਆਸਾਧਾਰਣ ਧਰਮ ਉਸ ਨੂੰ ਕਹਿੰਦੇ ਹਨ, ਜੋ ਕੁਲ ਦੁਨੀਆਂ ਦਾ ਸਾਂਝਾ ਹੋਵੇ, ਜੈਸੇ ਪ੍ਰਮਾਤਮਾ ਦੀ ਬੰਦਗੀ ਕਰਨੀ ਇਹ ਸਮੁੱਚੀ ਮਨੁੱਖਤਾ ਦਾ ਧਰਮ ਹੈ। ਧਰਮ ਦੇ ਦਸ ਚਿੰਨ੍ਹ ਵੀ ਪੰਡਿਤ ਹਰਿ ਦਿਆਲ ਜੀ ਨੇ ਕਥਨ ਕੀਤੇ ਹਨ-

***"ਖਿਮਾਂ, ਅਹਿੰਸਾ, ਦਯਾ, ਮ੍ਰਿਦੁ, ਸਤ ਬਚਨ, ਤਪ, ਦਾਨ।***
***ਸੀਲ, ਸੌਚ, ਤ੍ਰਿਸ਼ਨਾ ਬਿਨਾ, ਧਰਮ ਲਿੰਗ ਦਸ ਜਾਨ।"***

(ਸਾਰਕੁਤਾਵਲੀ)

ਅਤੇ ਧਰਮ ਬਾਰੇ ਹੋਰ ਵੀ ਪੰਡਿਤ ਹਰਦਿਆਲ ਜੀ ਨੇ ਜ਼ਿਕਰ ਕੀਤਾ ਹੈ—

***"ਧਰਮ ਸਰਬ ਸੁਖ ਖਾਨਿ ਜਾਨ ਸਭ ਕੌ ਹਿਤਕਾਰੀ।***
***ਧਰਮ ਧਰੇ ਬੁਧਿਮਾਨ ਨਿਰੰਤਰ ਚਿਤ ਮਝਾਰੀ।***
***ਧਰਮ ਸਰਬ ਸੁਖ ਹੇਤੁ ਨਿਖਲ ਕਿਲ ਕਲਮਲ ਖੋਵਤ।***
***ਗੁਰ ਸੰਗਤ ਕੇ ਮਾਂਹਿ ਧਰਮ ਕਰ ਪ੍ਰਾਪਤ ਹੋਵਤ।***
***ਦਸ ਅਸਟ ਨਰਕ ਕੁਸ਼ਟਨ ਵਿਖੇ ਧਰਮ ਬਿਮੁਖ ਨਰ ਨੀਤ ਗਮ।***
***ਹੈ ਧਰਮ ਸਾਰ ਸੰਸਾਰ ਮੈਂ ਤਾਂਤੇ ਧਰਮ ਨਮਾਮਿ ਮਮ।"***

(ਸਾਰਕੁਤਾਵਲੀ)

ਗੁਰਬਾਣੀ ਵਿਚ ਧਰਮ ਕੀ ਪੌੜੀ ਵੀ ਕਹਿਆ ਹੈ -

***"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥"***

(ਅੰਗ ੬੨੨)

ਐਸੇ ਧਰਮੀ ਪੁਰਸ਼ਾਂ ਲਈ ਹਜ਼ੂਰ ਦੇ ਇਹ ਵੀ ਬਚਨ ਹਨ—

***"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥***

(ਅੰਗ ੮੯)

***"ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥***
***ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥"*** (ਅੰਗ ੧੩੭੨)
***"ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥"*** (ਅੰਗ ੧੩੭੭)
***"ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਦ੍ਰਿੜੰਤ ਨਾਮੰ ਤਜੰਤ ਲੋਭੰ॥"***
***ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖ੍ਹਿਣ॥*** (ਅੰਗ ੧੩੫੪)

ਸੰਸਾਰ ਵਿਚ ਧਰਮ ਦੇ ਧਾਰਨ ਵਾਲਾ ਮਨੁੱਖ ਸੋਭਦਾ ਹੈ। ਸ਼ਾਸਤ੍ਰਾਂ ਦਾ ਕਥਨ ਹੈ, ਚੰਦ੍ਰਮਾ ਤੋਂ ਬਿਨਾਂ ਜੈਸੇ ਰਾਤਰੀ ਸੋਭਦੀ ਨਹੀਂ, ਕੰਵਲ ਫੁੱਲ ਤੋਂ ਬਿਨਾਂ ਤਲਾਬ ਸੋਭਦਾ ਨਹੀਂ, ਤੈਸੇ ਜੀਵ ਵੀ ਧਰਮ ਹੀਣ ਜਗਤ ਅੰਦਰ ਸੋਭਦਾ ਨਹੀਂ ਹੈ।

***"ਇੰਦ ਬਿਨਾ ਜਿਉ ਮੰਦ ਨਿਸ, ਮੰਦ ਕੰਜ ਬਿਨ ਤਾਲ।***
***ਜੀਵ ਮੰਦ ਤਿਉ ਧਰਮ ਬਿਨ, ਤਾਤੇ ਧਰਮ ਨਾ ਟਾਲ।"***

(ਸਾਰਕੁਤਾਵਲੀ)

ਧਰਮ ਤੋਂ ਮੁਰਾਦ ਇਹ ਵੀ ਹੈ ਕਿ ਜਿਸ ਨੇ ਸਭ ਕੁਝ ਧਾਰਨ ਕੀਤਾ ਹੋਇਆ ਹੈ, ਜਿਸ ਦੇ ਆਸਰੇ ਸਭ ਕੁਝ ਖੜ੍ਹਾ ਹੈ, ਉਹ ਹੈ ਧਰਮ। ਜਿਥੇ ਨਾਮ ਜਪਣਾ ਧਰਮ ਦੱਸਿਆ ਹੈ, ਉਥੇ ਜਿਸ ਨੇ ਖੰਡ-ਬ੍ਰਹਿਮੰਡ ਨੂੰ ਧਾਰਨ ਕੀਤਾ ਹੋਇਆ ਹੈ, ਐਸੇ ਪ੍ਰਮਾਤਮਾ ਦੇ ਨਾਮ ਨੂੰ, ਸਿਮਰਨ ਨੂੰ, ਬੰਦਗੀ ਨੂੰ ਧਰਮ ਕਹਿੰਦੇ ਹਨ। ਉਸ ਈਸ਼ਵਰ ਨੂੰ ਧਰਮ ਕਹਿੰਦੇ ਹਨ, ਧਰਮ ਨੂੰ ਮੰਨਣਾ ਈਸ਼ਵਰ ਨੂੰ ਮੰਨਣਾ ਹੈ ਅਤੇ ਈਸ਼ਵਰ ਨੂੰ ਮੰਨਣਾ ਧਰਮ ਨੂੰ ਮੰਨਣਾ ਹੈ। ਜਿਸ ਨੇ ਸਭ ਕੁਝ ਧਾਰਨ ਕੀਤਾ ਹੋਇਆ ਹੈ ਅਤੇ ਜਿਸ ਦੇ ਸਾਰੇ ਜੀਅ-ਜੰਤ ਖੰਡ-ਬ੍ਰਹਿਮੰਡ ਆਸਰੇ ਹਨ, ਧਰਮ।

***"ਨਾਮ ਕੇ ਧਾਰੇ ਸਗਲੇ ਜੰਤ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ॥"***

(ਅੰਗ ੨੮੪)

ਆਚਾਰ, ਈਮਾਨ, ਸੱਚ, ਸ਼ਬਦ, ਸ਼੍ਰੇਯ, ਸੁਭਾਵ, ਹੱਕ, ਦੀਨ, ਪੁਣਯ, ਪੁੰਨ, ਬਿਰਦ, ਬ੍ਰਿਖ, ਵ੍ਰਿਖ ਆਦਿਕ ਇਹ ਸਾਰੇ ਸ਼ਬਦ ਧਰਮ ਦੇ ਸਮਾਨ-ਅਰਥ ਸ਼ਬਦ ਹਨ। ਇਸੇ ਤਰ੍ਹਾਂ ਅੰਗਰੇਜ਼ੀ ਅੰਦਰ ਧਰਮ ਨੂੰ ਰਿਲੀਜਨ **(Religion)** ਕਹਿੰਦੇ ਹਨ ਜੋ ਦੋ ਸ਼ਬਦਾਂ ਦੇ ਜੋੜ **(Re+ligion)** ਤੋਂ ਬਣਿਆ ਹੈ—ਪ੍ਰਮਾਤਮਾ ਤੋਂ ਵਿਛੜੀ ਰੂਹ ਨੂੰ ਦੁਬਾਰਾ ਪ੍ਰਮਾਤਮਾ ਨਾਲ ਜੋੜਨਾ।

ਜੈਸੇ ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਦਾ ਧਰਮ ਖ਼ਤਮ ਕਰਕੇ ਉਹਨਾਂ ਨੂੰ ਆਪਣੇ ਈਮਾਨ ਵਿਚ ਧੱਕੇ ਨਾਲ ਮੁਸਲਮਾਨ ਬਣਾਉਣਾ ਚਾਹਿਆ ਸੀ, ਪਰ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਉਹਨਾਂ ਦੀ ਰੱਖਿਆ ਕੀਤੀ ਸੀ।

''ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋਡੀਏ। ਗੁਰੂ ਤੇਗ਼ ਬਹਾਦਰ ਬੋਲਿਆ ਧਹਿ ਪਈਏ ਧਰਮ ਨ ਛੋਡੀਏ।'' (ਚੁਹਾਣ ਭੱਟ) ਜੈਸੇ ਗਿਆਨੀ ਗਿਆਨ ਸਿੰਘ ਜੀ ਨੇ 'ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਦਰ ਲਿਖਿਆ ਹੈ-

***''ਜਗ ਹਿੰਦ ਧਰਮ ਕਹਾ ਰਹਿਤੋ ਅਰ ਤੱਗ ਤਿਲਕ ਨਾ ਦੇਖਣ ਪਾਤੇ।***
***ਤੀਰਥ ਦੇਵ ਸਥਾਨ ਪੁਰਾਨ ਨਿਗ ਆਗਮ ਭੀ ਸਭੀ ਉਠ ਜਾਤੇ।***
***ਰੋਜੇ ਬਾਂਗ ਨਿਵਾਜ ਮਸੀਤ ਯਹੀ ਸਭ ਹੀ ਜਗ ਛਾਤੇ।***
***ਗੁਰੂ ਤੇਗ ਬਹਾਦਰ ਹਿੰਦਹਿ ਚਾਦਰ ਕਾਦਰ ਜਉ ਨਾ ਧਰਾ ਪ੍ਰਗਟਾਤੇ।''***

ਇਕ ਹੋਰ ਕਵੀ ਨੇ ਇਸ ਸਬੰਧ ਵਿਚ ਬਹੁਤ ਸੁੰਦਰ ਲਿਖਿਆ ਹੈ-

***''ਅਗਰ ਤੇਰੀ ਜੋਤ ਦੁਨੀਆਂ ਮੇਂ ਆਈ ਨ ਹੋਤੀ।***
***ਜ਼ੁਲਮ ਵਾ ਜਬਰ ਕੀ ਸਫਾਈ ਨ ਹੋਤੀ।***
***ਹਰ ਤਰਫ ਝੰਡਾ ਝੂਲ ਜਾਤਾ ਇਸਲਾਮ ਕਾ।***
***ਹਰ ਜ਼ੁਬਾਂ ਪੇ ਕਲਮਾ ਹੋਤਾ ਅਲਹਾਮ ਕਾ।***
***ਅਗਰ ਗੁਰੋਂ ਨੇ ਬਾਣੀ ਗਾਈ ਨਾ ਹੋਤੀ।***
***ਤੋ ਵੇਦੋਂ ਕੀ ਕਾਨੋਂ ਮੇਂ ਸੁਨਾਈ ਨਾ ਹੋਤੀ।''***

ਇਸ ਲਈ ਧਰਮ ਧਾਰਨਾ ਅਤਿਅੰਤ ਜ਼ਰੂਰੀ ਹੈ। ਧਰਮ ਇਕ ਪਰਮ ਸ਼ਕਤੀ ਹੈ, ਸਚਾਈ ਹੈ, ਮਹਾਨ ਰੌਸ਼ਨੀ ਤੇ ਮਸਤੀ ਆਂਤ੍ਰਿਕ ਪ੍ਰਸੰਨਤਾ ਹੈ।

## ਅਰਥ ਪਦਾਰਥੁ

ਮਨ ਦੇ ਮਨੋਰਥ ਨੂੰ, ਮਨ ਦੀ ਇੱਛਾ ਨੂੰ ਅਰਥ ਕਹਿੰਦੇ ਹਨ। ਅਥਵਾ ਧਨ, ਬਿਤ, ਮਾਇਆ, ਸਰਮਾਇਆ ਆਦਿ ਨੂੰ ਵੀ ਅਰਥ ਕਹਿੰਦੇ ਹਨ। ਧਨ ਕਮਾਉਣ ਦੀ ਪੜ੍ਹਾਈ ਜਿਸ ਪੁਸਤਕ ਰਾਹੀਂ ਪੜ੍ਹੀਦੀ ਹੈ, ਉਸ ਦਾ ਨਾਮ ਵੀ ਅਰਥ ਸ਼ਾਸਤ੍ਰ ਰਖਿਆ ਹੈ। ਭੌਤਿਕ ਸਰੀਰ ਭੌਤਿਕ ਪਦਾਰਥਾਂ ਦੇ ਆਸਰੇ 'ਤੇ ਖੜ੍ਹਾ ਹੈ। ਭੌਤਿਕ ਪਦਾਰਥ ਧਨ ਦੇ ਨਾਲ ਹੀ ਮਿਲਦੇ ਹਨ। ਧਨ ਅਤੇ ਧਰਮ ਮਨੁੱਖੀ ਜ਼ਿੰਦਗੀ ਦੇ ਦੋ ਪੈਰ ਹਨ। ਇਨ੍ਹਾਂ ਦੇ ਆਸਰੇ 'ਤੇ ਜੀਵਨ ਚਲਦਾ-ਫਿਰਦਾ ਹੈ। ਬਹਿਰੂਨੀ ਦੁਨੀਆਂ ਦਾ ਸਾਰਾ ਪਸਾਰਾ ਧਨ ਦੇ ਆਸਰੇ 'ਤੇ ਖੜ੍ਹਾ ਹੈ। ਅੰਦਰੂਨੀ ਸਾਰੀ ਪ੍ਰਸੰਨਤਾ ਧਰਮ ਦੇ ਆਸਰੇ 'ਤੇ ਖੜੀ ਹੈ। ਭੂਤਕਾਲ ਅੰਦਰ ਧਰਮੀ ਸਧਾਰਣ

ਧਰਮ ਕਮਾਉਂਦੇ ਸਨ ਅਤੇ ਸਰੀਰ ਦੀ ਲੋੜ ਵਾਸਤੇ ਧਨਵਾਨਾਂ ਅੱਗੇ ਹੱਥ ਅੱਡਣੇ ਪੈਂਦੇ ਸਨ, ਪਰ ਧਨੀ ਪੁਰਸ਼ ਆਤਮਿਕ ਸ਼ਾਂਤੀ ਦੀ ਪ੍ਰਾਪਤੀ ਵਾਸਤੇ ਧਰਮੀ ਸਾਧੂ ਅੱਗੇ ਹੱਥ ਜੋੜਦਾ ਸੀ।

ਇਸ ਤਰ੍ਹਾਂ ਦੀ ਲੰਗੜੀ ਜ਼ਿੰਦਗੀ ਦੋਵੇਂ ਜੀਅ ਰਹੇ ਸਨ। ਪੱਛਮੀ ਦੇਸ਼ਾਂ ਨੇ ਸਾਰਾ ਜ਼ੋਰ ਬਹਿਰੂਨੀ ਦੁਨੀਆਂ ਨੂੰ ਸੰਵਾਰਨ 'ਤੇ ਲਾਇਆ। ਧਨ ਕਰਕੇ ਅਮੀਰ ਬਣ ਗਏ। ਸਰੀਰ ਦੀਆਂ ਤਮਾਮ ਲੋੜਾਂ ਪੂਰੀਆਂ ਹੋ ਗਈਆਂ, ਪਰ ਅੰਦਰੋਂ ਅਸ਼ਾਂਤ ਸਨ। ਧਰਮ ਤੋਂ ਸੱਖਣੇ ਸਨ, ਤਦੇ ਤਾਂ ਸਭ ਤੋਂ ਜ਼ਿਆਦਾ ਪਾਗ਼ਲਪਨ, ਆਤਮ ਹੱਤਿਆ ਆਦਿ ਦੇ ਦੋਸ਼ ਪੱਛਮੀ ਦੇਸ਼ਾਂ ਵਿਚ ਜ਼ਿਆਦਾ ਹਨ। ਪਰ ਪੱਛਮ ਇਸ ਘਾਟ ਨੂੰ ਹੁਣ ਮਹਿਸੂਸ ਕਰਨ ਲੱਗਾ ਹੈ। ਦੂਜੇ ਪਾਸੇ ਸਾਡੇ ਦੇਸ਼ ਦੇ ਸਧਾਰਨ ਧਰਮੀ ਸਾਧੂਆਂ ਨੇ ਬਾਹਰ ਦੀ ਦੁਨੀਆਂ ਨੂੰ ਛਲ, ਧੋਖਾ ਆਖ ਕੇ ਸੰਸਾਰ ਨੂੰ ਲੱਤ ਮਾਰ ਦਿੱਤੀ। ਇਸੇ ਕਰਕੇ ਸਾਡਾ ਦੇਸ਼ ਗ਼ਰੀਬੀ ਦੀ ਮਹਾਨ ਖੱਡ ਵਿਚ ਜਾ ਪਿਆ। ਇਸ ਲਈ ਸੰਸਾਰ ਨੂੰ ਤਿਆਗ ਕੇ ਜੰਗਲ ਵਿਚ ਧਰਮ ਕਮਾਉਣ ਵਾਲਾ ਧਰਮੀ ਬਾਹਰੋਂ ਦੁਖੀ ਹੈ। ਧਰਮ ਦਾ ਤਿਆਗ ਕਰਨ ਵਾਲਾ ਸੰਸਾਰੀ ਮਨੁੱਖ ਅੰਦਰੋਂ ਦੁਖੀ ਹੈ, ਪਰ ਅੰਦਰੋਂ-ਬਾਹਰੋਂ ਸੁਖੀ ਹੋਵਣ ਦੀ ਜਾਚ ਸਤਿਗੁਰੂ ਸਾਹਿਬ ਜੀ ਨੇ ਦੱਸੀ ਹੈ-

***"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥"***

(ਅੰਗ ੫੨੨)

***"ਰੇ ਮਨ ਐਸੋ ਕਰਿ ਸੰਨਿਆਸਾ॥***
***ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥"***

(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)

ਧਨ ਤੇ ਧਰਮ ਰੂਪ ਦੋਵੇਂ ਪੈਰਾਂ 'ਤੇ ਚੱਲ ਕੇ ਜੀਵਨ ਦੀ ਸਫਲਤਾ ਰੂਪ ਮੰਜ਼ਿਲ 'ਤੇ ਪਹੁੰਚਣਾ ਹੈ। ਗੁਰੂ ਦੀ ਸ਼ਰਨ ਪਈਏ ਤਾਂ ਵਾਹਿਗੁਰੂ ਸਭ ਕੁਝ ਬਖ਼ਸ਼ ਦਿੰਦਾ ਹੈ-

***"ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥"*** (ਅੰਗ ੮੧੬)

***"ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥"*** (ਅੰਗ ੬੨੬)

## ਕਾਮ ਪਦਾਰਥ

ਕਾਮ, ਨਾਮ ਕਾਮਨਾ ਦਾ ਹੈ ਅਤੇ ਇੱਛਾਵਾਂ ਦਾ ਨਾਮ ਹੀ ਕਾਮ ਹੈ।

***"ਕਾਮ ਕਾਮ ਸਭ ਕੋ ਕਹੈ, ਕਾਮ ਨਾ ਜਾਨੈ ਕੋਇ।***
***ਜੇਤੀ ਮਨ ਕੀ ਕਾਮਨਾ, ਕਾਮ ਕਹਾਵੈ ਸੋਇ।"***

ਇੱਛਾ ਚਾਰ ਪ੍ਰਕਾਰ ਦੀ ਮੰਨੀ ਹੈ। ਪਹਿਲੀ ਇੱਛਿਆ, ਹਰ ਇਕ ਮਨੁੱਖ ਦੀ ਹੁੰਦੀ ਹੈ ਕਿ ਮੇਰੇ ਕੰਮ ਵਿੱਚ ਵਿਘਨ ਨ ਪਵੇ, ਨਿਰਵਿਘਨ ਮੇਰਾ ਕੰਮ ਪੂਰਾ ਹੋਵੇ।

ਦੂਸਰੀ ਇੱਛਾ ਹੁੰਦੀ ਹੈ ਹਰੇਕ ਮਨੁੱਖ ਸੰਸਾਰ ਵਿੱਚ ਸਤਿਕਾਰ ਕਰਾਉਣਾ ਚਾਹੁੰਦਾ ਹੈ।

ਤੀਜੀ ਇੱਛਾ ਮਨੁੱਖ ਸੁਖ ਦੀ ਪ੍ਰਾਪਤੀ ਕਰਨੀ ਲੋੜਦਾ ਹੈ।

ਚੌਥੀ ਇੱਛਾ ਪ੍ਰਮੇਸ਼ਰ ਦੀ ਪ੍ਰਾਪਤੀ ਦੀ ਹੈ।

ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਇਹ ਚਾਰੇ ਇੱਛਾਵਾਂ ਇਸ ਪ੍ਰਕਾਰ ਪੂਰੀਆਂ ਹੁੰਦੀਆਂ ਦੱਸੀਆਂ ਹਨ–

*"ਜਿਨੀ ਗੁਰਮੁਖਿ ਨਾਮੁ ਧਿਆਇਆ ਤਿਨਾ ਫਿਰਿ ਬਿਘਨੁ ਨ ਹੋਈ ਰਾਮ ਰਾਜੇ॥*
*ਜਿਨੀ ਸਤਿਗੁਰੁ ਪੁਰਖੁ ਮਨਾਇਆ ਤਿਨ ਪੂਜੇ ਸਭੁ ਕੋਈ॥*
*ਜਿਨ੍ਹੀ ਸਤਿਗੁਰੁ ਪਿਆਰਾ ਸੇਵਿਆ ਤਿਨ੍ਹਾ ਸੁਖ ਸਦ ਹੋਈ॥*
*ਜਿਨ੍ਹਾ ਨਾਨਕੁ ਸਤਿਗੁਰੁ ਭੇਟਿਆ ਤਿਨ੍ਹਾ ਮਿਲਿਆ ਹਰਿ ਸੋਈ॥ ੨॥"*

(ਅੰਗ ੪੫੧)

*"ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ॥"*

(ਅੰਗ ੬੬੯)

## ਮੋਖ ਪਦਾਰਥ

ਮੋਖ ਨਾਮ ਮੁਕਤੀ ਦਾ ਹੈ, ਅਕਾਲ ਪੁਰਖ ਦੀ ਬੰਦਗੀ ਕਰਕੇ ਜਨਮ-ਮਰਨ ਦੀ ਫਾਹੀ ਕੱਟੀ ਜਾਂਦੀ ਹੈ। ਜਨਮ-ਮਰਨ ਤੋਂ ਰਹਿਤ ਹੋਣ ਦਾ ਨਾਮ ਹੀ ਮੁਕਤੀ ਹੈ। ਜੀਵ, ਪ੍ਰਮੇਸ਼ਰ ਤੋਂ ਵਿਛੜ ਕੇ ਪਤਾ ਨਹੀਂ ਕਿੰਨੀਆਂ ਕੁ ਜੂਨਾਂ ਵਿੱਚ ਭਟਕਦਾ ਹੈ–

*"ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ ਰਹਾਉ॥"*

(ਅੰਗ ੧੭੬)

ਪਰ ਮਨੁੱਖਾ ਜਨਮ ਇਸ ਲਈ ਹੀ ਪ੍ਰਾਪਤ ਹੋਇਆ ਹੈ–

*"ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥"*

(ਅੰਗ ੧੨)

ਸ਼ਾਸਤ੍ਰਾਂ ਅਨੁਸਾਰ ਮੁਕਤੀ, ਵੇਦ ਦੇ ਪੂਰਬ ਕਾਂਡ ਵਿਚ ਅਤੇ ਉਸ ਦੇ ਅਨਸਾਰੀ ਜੈਮਨੀ ਰਿਖੀ ਦੇ ਬਣਾਏ 'ਪੂਰਬ ਮੀਮਾਂਸਾ' ਵਿਚ ਅਖੈ ਸੁਰਗ ਦੀ ਪ੍ਰਾਪਤੀ ਹੀ ਮੁਕਤੀ ਮੰਨੀ ਹੈ। ਪੁਰਾਣਾਂ ਅਤੇ ਤੰਤ੍ਰ ਸ਼ਾਸਤ੍ਰਾਂ ਅਨੁਸਾਰ ਉਪਾਸਯ ਦੇਵਤਾ ਦੀ ਪ੍ਰਾਪਤੀ ਹੀ ਮੁਕਤੀ ਮੰਨੀ ਹੈ। ਨਯਾਯ ਤੇ ਵੈਸ਼ੇਸ਼ਕ ਸ਼ਾਸਤ੍ਰ ਵਿਚ ੨੧

ਦੁੱਖਾਂ ਦੀ ਨਵਿਰਤੀ ਦਾ ਨਾਮ ਮੁਕਤੀ ਮੰਨੀ ਹੈ। ਸਾਂਖ ਸ਼ਾਸਤ੍ਰ ਵਿਚ ਅਧਿਆਤਮਕ ਅਧੀ ਭੌਤਕ ਅਧੀ ਦੈਵਕ ਇਹ ਤਿੰਨ ਤਰ੍ਹਾਂ ਦੇ ਦੁੱਖਾਂ ਦੀ ਨਵਿਰਤੀ ਹੀ ਮੁਕਤੀ ਮੰਨੀ ਹੈ। ਜੈਨ ਮੱਤ ਵਿਚ ਏਸ ਜੀਉ ਦਾ ਅਲੋਕਾ ਕਾਸ਼ ਵਿਚ ਇਸਥਿਤ ਹੋਣਾ ਹੀ ਮੁਕਤੀ ਮੰਨੀ ਹੈ। ਵਿਆਕਰਣ ਦੇ ਮੱਤ ਅਨੁਸਾਰ ਪਰਾ ਬਾਣੀ ਰੂਪ ਬ੍ਰਹਮ ਦਾ ਦਰਸ਼ਨ ਹੀ ਮੁਕਤੀ ਮੰਨੀ ਹੈ। ਈਸਾਈ ਅਤੇ ਮੁਸਲਮਾਨੀ ਮੱਤ ਵਿਚ ਸਦਾ ਵਾਸਤੇ ਬਹਿਸ਼ਤ ਵਿਚ ਰਹਿਣਾ ਹੀ ਮੁਕਤੀ ਮੰਨੀ ਹੈ।

ਵੇਦਾਂਤ ਮੱਤ ਅਨੁਸਾਰ ਮੁਕਤੀ ਇਸ ਨੂੰ ਵੀ ਮੰਨਦੇ ਹਨ।

'ਅਧਿਆਤਮਕ ਪ੍ਰਕਾਸ਼' ਅੰਦਰ ਮੁਕਤੀ ਦੇ ਸਬੰਧ ਵਿਚ ਪੰਡਤ ਸੁਖਦੇਵ ਜੀ ਨੇ ਚਾਰ ਸਾਧਨ ਵਰਨਣ ਕੀਤੇ ਹਨ—ਵੈਰਾਗ, ਵਿਵੇਕ, ਖਟ ਸੰਪਤੀ ਅਤੇ ਮਮੁਛਤਾ ਅਤੇ ਆਤਮਾ ਨੂੰ ਜਾਣਨਾ ਹੀ ਮੁਕਤੀ ਵਰਨਣ ਕੀਤਾ ਹੈ।

*"ਤੂੰ ਛੁਟਿਓ ਸੰਸਾਰ ਤੇ ਨਿਰਸੰਦੇਹ ਰਹੁ ਚਿਤ।*
*ਲਖੋ ਆਪ ਕੋ ਆਤਮਾ ਯਹੈ ਮੁਕਤ ਹੈ ਮਿਤ।"*

(ਅਧਿਆਤਮ ਪ੍ਰਕਾਸ਼)

## ਗਿਆਨ ਪਦਾਰਥ

*"ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ॥ ੧॥"* (ਅੰਗ ੬੦)
*"ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥"* (ਅੰਗ ੬੦)
*"ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥"* (ਅੰਗ ੫੨੦)

ਇਸ ਦਾ ਵਿਸਥਾਰ ਦਾਸ ਦੀ ਲਿਖੀ ਪੁਸਤਕ 'ਗੁਰਸਾਗਰ ਰਤਨੀ ਭਰਪੂਰੇ' ਪੰਨਾ ੫੭ 'ਤੇ ਗਿਆਨ ਦਾ ਅੰਦਰ ਲੇਖ ਅੰਦਰ ਪੜ੍ਹੋ।

## ਪ੍ਰੇਮ ਪਦਾਰਥੁ

*"ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰਿ॥"*

(ਅੰਗ ੪੨੯)

*"ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥"* (ਅੰਗ ੬੪੦)
*"ਪ੍ਰੇਮ ਪਦਾਰਥੁ ਪਾਈਐ ਭਾਈ ਸਚੁ ਨਾਮੁ ਆਧਾਰੁ॥"* (ਅੰਗ ੬੩੮)
*"ਪਿਰਮ ਪਦਾਰਥੁ ਮੰਨਿ ਲੈ ਧੰਨੁ ਸਵਾਰਣਹਾਰੁ॥"* (ਅੰਗ ੧੦੮੯)

## ਨਾਮ ਪਦਾਰਥੁ

*"ਨਾਮੁ ਪਦਾਰਥੁ ਅਮਰੁ ਹੈ ਹਿਰਦੈ ਮੰਨਿ ਵਸਾਏ॥"*

(ਅੰਗ ੧੦੧੨)

*"ਨਾਮੁ ਪਦਾਰਥੁ ਸਹਜੇ ਪਾਇਆ ਇਹ ਸਤਿਗੁਰ ਕੀ ਵਡਿਆਈ॥੩॥"*

(ਅੰਗ ੧੨੬੫)

*"ਨਾਮੁ ਪਦਾਰਥੁ ਸਹਜੇ ਲਇਆ॥"* (ਅੰਗ ੧੦੬੯)

*"ਨਾਮੁ ਪਦਾਰਥੁ ਗੁਰ ਤੇ ਪਾਇਆ ਅਖੁਟ ਸਚੇ ਭੰਡਾਰੀ॥"* (ਅੰਗ ੯੧੧)

*"ਪਰਮ ਪਦਾਰਥੁ ਪਾਵੈ ਸੋਈ॥ ਤ੍ਰੈ ਗੁਣ ਮੇਟੇ ਨਿਰਮਲੁ ਹੋਈ॥"* (ਅੰਗ ੨੩੨)

## ਮਨੁੱਖ ਜਨਮ ਪਦਾਰਥੁ

*"ਜਨਮੁ ਪਦਾਰਥੁ ਗੁਰਮੁਖਿ ਜੀਤਿਆ ਬਹੁਰਿ ਨ ਜੂਐ ਹਾਰਿ॥"* (ਅੰਗ ੧੨੨੬)

*"ਜਨਮੁ ਪਦਾਰਥੁ ਜਿਣਿ ਚਲਿਆ ਨਾਨਕ ਆਇਆ ਸੋ ਪਰਵਾਣੁ ਥਿਆ॥"* (ਅੰਗ ੧੦੦੭)

*"ਜਨਮੁ ਪਦਾਰਥੁ ਸਫਲੁ ਹੋਇ ਮਨ ਮਹਿ ਲਾਇਹੁ ਭਾਉ॥"* (ਅੰਗ ੯੬੩)

## ਛੇ ਸ਼ਾਸਤ੍ਰਾਂ ਅਨੁਸਾਰ ਪਦਾਰਥਾਂ ਦੀ ਗਿਣਤੀ

ਪਦਾਰਥ-ਸੰਸਕ੍ਰਿਤੀ ਦਾ ਸ਼ਬਦ ਮੰਨਿਆ ਹੈ,

੧. ਮੂਲ ਵਸਤੂ, ਮੂਲ ਵਿਖਯ।

੨. ਚੀਜ਼, ਵਸਤੂ ਸ਼ੈ।

੩. ਦੌਲਤ, ਮਾਲ।

੪. ਪਦਾਰਥ-ਸੰਗਯਾ-ਪਦ ਦਾ ਅਰਥ ਤੁਕ ਅਤੇ ਸ਼ਬਦੁ ਦਾ ਭਾਵ।

੫. ਕਿਸੇ ਦਰਸ਼ਨ (ਸ਼ਾਸਤ੍ਰ) ਦਾ ਮੰਨਿਆ ਹੋਇਆ ਵਿਸ਼ਯ,

(੧) ਜੈਸੇ ਵਿਸ਼ੇਸ਼ਿਕ ਦਰਸ਼ਨ ਅਨੁਸਾਰ ਦ੍ਰਵਯ, ਗੁਣ, ਕਰਮ, ਸਾਮਾਨਯ, ਵਿਸ਼ੇਸ਼, ਸਮਵਾਯ, ਇਹ ਛੇ ਪਦਾਰਥ ਮੰਨੇ ਹਨ।

(੨) ਨਯਾਯ ਸ਼ਾਸਤ੍ਰ ਅਨੁਸਾਰ, ਪ੍ਰਮਾਣ, ਪ੍ਰਮੇਯ, ਸੰਸਯ, ਪ੍ਰਯੋਜਨ, ਦ੍ਰਿਸ਼ਟਾਂਤ, ਸਿਧਾਂਤ, ਅਵਯਵ, ਤਰਕ, ਨਿਰਣਯ, ਵਾਦ, ਜਲਪ, ਵਿਤੰਡਾ, ਹੇਤ੍ਵਾਭਾਸ, ਛਲ, ਜਾਤਿ, ਨਿਗ੍ਰਹ ਸਥਾਨ ਇਨ੍ਹਾਂ ਸੋਲ੍ਹਾਂ ਪਦਾਰਥਾਂ ਦੇ ਤਤ੍ਵਗਯਾਨ ਤੋਂ ਮੁਕਤੀ ਦੀ ਪ੍ਰਾਪਤੀ ਮੰਨੀ ਹੈ।

(੩) ਸਾਂਖ ਸ਼ਾਸਤ੍ਰ ਨੇ ਇਹ ੨੫ ਪਦਾਰਥ ਮੰਨੇ ਹਨ।

ਪ੍ਰਿਦ੍ਰਿਤਿ, ਮਹਤੱਤ੍ਵ, ਅਹੰਕਾਰ। ਪੰਜ ਤਨ ਮਾਤ੍ਰ ਇਹ ਹਨ - ਸ਼ਬਦ, ਸਪਰਸ਼, ਰੂਪ, ਰਸ, ਗੰਧ। ਪੰਜ ਗਿਆਨ ਇੰਦ੍ਰੇ। ਪੰਜ ਕਰਮ ਇੰਦ੍ਰੇ ਅਤੇ ਮਨ। ਪੰਜ ਮਹਾਂਭੂਤ ਇਹ ਹਨ - ਪ੍ਰਿਥਵੀ, ਜਲ, ਅਗਨਿ, ਪਵਨ, ਅਕਾਸ਼ ਅਤੇ ਪੁਰਸ਼, ਇਹ ਪਦਾਰਥ ਮੰਨੇ ਹਨ।

(੪) ਯੋਗ ਸ਼ਾਸਤ੍ਰ ਨੇ ੨੬ ਪਦਾਰਥ ਮੰਨੇ ਹਨ।

(੫) ਵੇਦਾਂਤ ਨੇ ਦੋ ਪਦਾਰਥ ਮੰਨੇ ਹਨ।

(੬) ਮੀਮਾਂਸਾ ਸ਼ਾਸਤ੍ਰ ਨੇ ਪੂਰਨ ਗਿਆਨ ਰੂਪ ਪਦਾਰਥ ਤੋਂ ਮੁਕਤੀ ਮੰਨੀ ਹੈ।

ਨੋਟ-''ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ॥'' ਕਈ ਅਨਜਾਣੂ ਗ੍ਰੰਥੀ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਰੁਮਾਲਾ ਦੇਣ ਸਮੇਂ ਇਹ ਸ਼ਬਦ ਪੜ੍ਹਦੇ ਹਨ, ਜੋ ਮਨਮਤਿ ਹੈ ਅਤੇ ਗੁਰਮਤਿ ਸਿਧਾਂਤ ਤੋਂ ਉਲਟ ਹੈ। ਰੁਮਾਲਾ ਦੇਣ ਸਮੇਂ ਨਹੀਂ ਪੜ੍ਹਨਾ ਚਾਹੀਦਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੮ (ਅੰਗ ੫੨੧)

ਸਲੋਕ ਮਃ ੫ ॥ ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥ ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥ ੧ ॥ ਮਃ ੫ ॥ ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥ ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ ॥ ੨ ॥ ਪਉੜੀ ॥ ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥ ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥ ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥ ਭਗਤ ਤੇਰੇ ਦਇਆਲ ਓਨ੍ਾ ਮਿਹਰ ਪਾਇ ॥ ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥ ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥ ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥ ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥ ੧੪ ॥

# ਪ੍ਰਾਕ੍ਥਨ :-

ਇਹ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਗੂਜਰੀ ਰਾਗੁ ਦੀ ਦੂਜੀ ਵਾਰ ਅੰਦਰ ਚੌਦਵੀਂ ਪਉੜੀ ਨਾਲ ਸਬੰਧਤ ਦੋ ਸਲੋਕਾਂ ਸਮੇਤ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਗਤੀ ਹੈ—

***"ਜਾ ਕਉ ਭਏ ਕ੍ਰਿਪਾਲ ਪ੍ਰਭ, ਹਰਿ ਹਰਿ ਸੇਈ ਜਪਾਤ॥"***

ਇਸ ਪੰਗਤੀ ਦਾ ਅਰਥ ਹੈ ਜਿਨ੍ਹਾਂ ਉੱਤੇ ਪ੍ਰਭੂ ਜੀ ਕ੍ਰਿਪਾਲੂ ਹੋ ਜਾਂਦੇ ਹਨ, 'ਹਰਿ ਹਰਿ' ਵਾਹਿਗੁਰੂ ਵਾਹਿਗੁਰੂ ਨਾਮ ਉਹੀ ਜਪਦੇ ਹਨ।

ਇਹ ਗੱਲ ਸਪਸ਼ਟ ਹੈ ਕਿ ਪ੍ਰਭੂ ਦੀ ਕ੍ਰਿਪਾ ਬਿਨਾ ਅਧਿਆਤਮਿਕਤਾ ਵਿਚ ਸਫਲਤਾ ਪ੍ਰਾਪਤ ਨਹੀਂ ਹੁੰਦੀ। ਸਿਆਣੇ ਵਿਦਵਾਨਾਂ ਨੇ ਪ੍ਰਭੂ ਦੀ ਕ੍ਰਿਪਾ ਦੋ ਤਰ੍ਹਾਂ ਦੀ ਦਰਸਾਈ ਹੈ।

## ਦੋ ਤਰ੍ਹਾਂ ਦੀ ਕਿਰਪਾ

੧. ਇਕ ਸਾਧਾਰਣ ਕਿਰਪਾ, ਜੋ ਸਰਬ ਵਿਆਪੀ ਮੰਨੀ ਹੈ। ਹਰ ਇੱਕ ਥਾਂ ਸਭ ਨੂੰ ਹਮੇਸ਼ਾ ਪ੍ਰਾਪਤ ਹੁੰਦੀ ਹੈ।

੨. ਦੂਜੀ ਵਿਸ਼ਿਸ਼ਟ ਕਿਰਪਾ ਜੋ ਕਰਮ-ਖੰਡ ਦੁਆਰਾ ਅਭਿਵਿਅਕਤ ਹੋਈ ਹੈ। ਇਹ ਵਸ਼ਿਸ਼ਟ ਕਿਰਪਾ ਅਧਿਆਤਮਿਕ ਯਾਤਰਾ ਦੀ ਕਾਮਯਾਬੀ ਦਾ ਪ੍ਰਮਾਣ ਪੱਤਰ ਹੈ। ਇਥੇ ਪ੍ਰਕਰਣ ਅਨੁਸਾਰ ਨਾਮ ਉਸ ਦੀ ਕਿਰਪਾ ਦੁਆਰਾ ਜਪਣਾ ਦਰਸਾਇਆ ਹੈ, ਇਹ 'ਵਿਸ਼ਿਸ਼ਟ ਕਿਰਪਾ' ਤੋਂ ਹੀ ਭਾਵ ਹੈ। ਇਸ ਸਬੰਧ ਵਿਚ ਹਜ਼ੂਰ ਦੇ ਬਚਨ ਹਨ—

***"ਕ੍ਰਿਪਾ ਕਰੇ ਜਿਸੁ ਪ੍ਰਾਨਪਤਿ ਦਾਤਾ, ਸੋਈ ਸੰਤੁ ਗੁਣ ਗਾਵੈ॥"*** (ਅੰਗ ੬੨੮)

***"ਨਦਰਿ ਕਰੇ ਤਾ ਸਿਮਰਿਆ ਜਾਇ॥ ਆਤਮਾ ਦ੍ਰਵੈ ਰਹੈ ਲਿਵ ਲਾਇ॥"*** (ਅੰਗ ੬੬੧)

ਨਾਮ ਜੋ ਉਸ ਦੀ ਕ੍ਰਿਪਾ ਦੁਆਰਾ ਜਪਿਆ ਜਾਂਦਾ ਹੈ, ਉਹ ਕਿਹੜਾ ਨਾਮ ਹੈ?

## ਨਾਮ ਕਿਸ ਤਰ੍ਹਾਂ ਜਪਣਾ ਹੈ?

## ਨਾਮ ਬਾਰੇ ਵਿਚਾਰ

੧. ਨਾਮ ਕਿਸਨੂੰ ਕਹਿੰਦੇ ਹਨ? ਇਸ ਦਾ ਉੱਤਰ ਇਸ ਪ੍ਰਕਾਰ ਹੈ—

ਨਾਮ-ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਹੈ, ਜਿਸ ਕਰਕੇ ਅਰਥ ਸਮਝ ਪਵੇ ਸੋ ਉਹ ਨਾਮ ਹੈ।

ਨਾਮ ਦੇ ਮੁਖ ਭੇਦ ਦੋ ਮੰਨੇ ਹਨ—ਇਕ ਵਸਤੂ ਵਾਚਕ, ਜੈਸੇ-ਮਾਨੁਖ, ਬੈਲ, ਪਹਾੜ ਆਦਿ। ਦੂਜਾ ਭਾਵ ਵਾਚਕ, ਜੈਸੇ ਸੁੰਦਰਤਾ, ਕਠੋਰਤਾ, ਭਲਮਨਸਊ, ਭਰੱਪਣ ਆਦਿ। (ਮਹਾਨ ਕੋਸ਼)

***"ਨਾਮ ਕਾਮ ਬਿਹੀਨ ਪੇਖਤ, ਧਾਮ ਹੂ ਨਹਿ ਜਾਹਿ॥"*** (ਜਾਪੁ)

## ੨. ਨਾਮ ਕਿਹੜਾ ਹੈ ?

ਉੱਤਰ —"ਨਾਮ" ਗੁਰਬਾਣੀ ਅਨੁਸਾਰ ਕਰਤਾਰ ਅਕਾਲ ਪੁਰਖ ਵਾਹਿਗੁਰੂ ਨਾਮ ਤੋਂ ਭਾਵ ਹੈ। ਇਥੇ ਨਾਮ ਤੋਂ ਭਾਵ ਹੈ ਕਿ ਪਰਮ ਪਿਤਾ ਅਕਾਲ ਪੁਰਖ ਵਾਹਿਗੁਰੂ ਜੀ ਨੂੰ ਅੰਤਰਜਾਮੀ ਸਰਵਵਿਆਪੀ ਮੰਨ ਕੇ ਜਪਣਾ ਹੈ। ਗੁਰਮਤਿ ਅਨੁਸਾਰ ਜਪਣ ਲਈ, ਗੁਰੂ ਨਾਨਕ ਦੇਵ ਜੀ ਨੇ ਦਸਾਂ ਸਰੂਪਾਂ ਅੰਦਰ ਤੇ ਪੰਜਾਂ ਪਿਆਰਿਆਂ ਦੁਆਰਾ ਜਗਿਆਸੂ ਨੂੰ ਵਾਹਿਗੁਰੂ ਗੁਰ ਮੰਤਰ ਬਖ਼ਸ਼ਿਆ ਹੈ।

***"ਵਾਹਿਗੁਰੂ ਗੁਰ ਮੰਤਰ ਹੈ, ਜਪੁ ਹਉਮੈ ਖੋਈ॥"***

(ਭਾਈ ਗੁਰਦਾਸ ਜੀ)

***"ਵਾਹਿਗੁਰੂ ਕੇ ਮੰਤ੍ਰ ਬਿਨ, ਜਪੈ ਆਨ ਜੋ ਜਾਪ॥***
***ਸੋ ਸਾਕਤ, ਸਿਖ ਮੂਲ ਨਹੀਂ, ਬਚਨ ਹੈ ਸ੍ਰੀ ਮੁਖ ਵਾਕ॥"***

## ੩. ਨਾਮ ਕਿਵੇਂ ਜਪੀਏ ?

***"ਭਜਹੁ ਗੋੁਬਿੰਦ ਭੂਲਿ ਮਤਿ ਜਾਹੁ॥"***

(ਅੰਗ ੧੧੫੯)

ਪ੍ਰਸ਼ਨ ੧. :- ਪਰ ਨਾਮ ਜਪਣ ਵਾਲਾ ਹਰ ਕੋਈ ਸਵਾਲ ਕਰਦਾ ਹੈ ਕਿ ਨਾਮ ਕਿਸ ਤਰ੍ਹਾਂ ਜਪੀਏ ਜੀ, ਨਾਮ ਜਪਣ ਦੀ ਕਿਹੜੀ ਵਿਧੀ ਹੈ ?

ਉਤਰ :- ਮਨੁੱਖ ਨੂੰ ਜਿਸ ਵੇਲੇ ਪਾਣੀ ਦੀ ਪਿਆਸ ਲੱਗੀ ਹੋਵੇ ਤਾਂ ਉਸ ਦਾ ਰੋਮ-ਰੋਮ ਪਾਣੀ ਮੰਗਦਾ ਹੈ। ਪਾਣੀ ਦੀ ਪਿਆਸ ਪਾਣੀ ਦਾ ਚਿੰਤਨ ਬਣ ਜਾਂਦੀ ਹੈ। ਇਸੇ ਤਰ੍ਹਾਂ ਜਦ ਭੋਜਨ ਦੀ ਭੁੱਖ ਲੱਗਦੀ ਹੈ ਤਾਂ ਭੋਜਨ ਯਾਦ ਦਾ ਹਿੱਸਾ ਬਣ ਜਾਂਦਾ ਹੈ। ਭੋਜਨ ਦੀ ਮੰਗ ਹਰ ਵਕਤ ਹਿਰਦੇ ਵਿਚ ਚੱਲਣ ਲੱਗ ਪੈਂਦੀ ਹੈ। ਅਸਲ ਪਿਆਸ ਪੈਦਾ ਹੋਣੀ ਹੀ ਵਿਧੀ ਹੈ। ਠੰਡੇ ਪਾਣੀ ਦਾ ਗਲਾਸ ਕਿਸੇ ਅੱਗੇ ਰੱਖ ਦੇਈਏ ਤੇ ਉਹ ਪੁੱਛੇ ਕਿ ਪੀਣ ਦਾ ਢੰਗ ਦੱਸੋ ਤਾਂ ਸਮਝੋ ਇਸ ਨੂੰ ਪਾਣੀ ਦੀ ਪਿਆਸ ਨਹੀਂ ਲੱਗੀ। ਭੋਜਨ ਦਾ ਥਾਲ ਪਰੋਸ ਕੇ ਅੱਗੇ ਰੱਖ ਦੇਈਏ ਤਾਂ ਅੱਗੋਂ ਆਖੇ ਛਕਣ ਦਾ ਢੰਗ ਦੱਸੋ ਤਾਂ ਸਮਝੋ ਕਿ ਇਸ ਨੂੰ ਭੁੱਖ ਨਹੀਂ ਲੱਗੀ, ਵਰਨਾ ਭੁੱਖਾ ਆਦਮੀ ਲਾਜ-ਕੁਲਾਜ ਤਿਆਗ ਕੇ ਇਕ ਰਸ ਛਕਣ ਲੱਗ ਪੈਂਦਾ ਹੈ। ਇਹ ਉੱਤਰ ਗੁਰਬਾਣੀ ਰੂਪ ਸਮੁੰਦਰ ਵਿੱਚੋਂ ਪ੍ਰਾਪਤ ਹੁੰਦੇ ਹਨ ਪਰ ਵਿਚਾਰ ਰੂਪ ਟੁੱਭੀ ਮਾਰ ਕੇ ਲੱਭਣ ਦੀ ਲੋੜ ਹੈ ਤਾਂ ਸਤਿਗੁਰੂ ਜੀ ਉੱਤਰ ਬਖ਼ਸ਼ਦੇ ਹਨ।

***ਭੂਖੇ ਖਾਵਤ ਲਾਜ ਨ ਆਵੈ॥***

(ਅੰਗ ੬੨੯)

ਜਿਹੜੇ ਮਨੁੱਖ ਵਿਧੀ ਪੁੱਛਦੇ ਹਨ, ਉਹਨਾਂ ਅੰਦਰ ਅਜੇ ਭੁੱਖ ਨਹੀਂ ਲੱਗੀ, ਅਜੇ ਪਿਆਸ ਨਹੀਂ ਉਪਜੀ।

***"ਜਿਨ ਕਉ ਲਗੀ ਪਿਆਸ ਅੰਮ੍ਰਿਤੁ ਸੇਇ ਖਾਹਿ॥"*** (ਅੰਗ ੯੬੨)

***"ਸਾਚੇ ਨਾਮ ਕੀ ਲਾਗੈ ਭੂਖ॥ ਉਤੁ ਭੂਖੈ ਖਾਇ ਚਲੀਅਹਿ ਦੂਖ॥ ੧॥"***

(ਅੰਗ ੯)

ਭੁੱਖੇ ਪੁਰਸ਼ ਦਾ ਭੋਜਨ ਖਾਣਾ ਹੀ ਵਿਧੀ ਹੈ। ਪਿਆਸੇ ਦਾ ਪਾਣੀ ਪੀਣਾ ਹੀ ਵਿਧੀ ਹੈ। ਜਗਿਆਸੂ ਦਾ ਨਾਮ ਜਪਣਾ ਹੀ ਵਿਧੀ ਹੈ।

## ਧਿਆਨ ਧਰਨ ਦਾ ਢੰਗ

ਪ੍ਰਸ਼ਨ ੨ :- ਸਵਾਲ ਕਰਦੇ ਹਨ ਕਿ ਧਿਆਨ ਕਿਸ ਦਾ ਕਰੀਏ ਜਾਂ ਧਿਆਨ ਕਿਸ ਤਰ੍ਹਾਂ ਧਰੀਏ ? ਤਾਂ ਹਜ਼ੂਰ ਉੱਤਰ ਬਖ਼ਸ਼ਦੇ ਹਨ।

ਉੱਤਰ :-

***"ਗੁਰੁ ਮੇਰਾ ਪਾਰਬ੍ਰਹਮ ਪਰਮੇਸੁਰੁ ਤਾ ਕਾ ਹਿਰਦੈ ਧਰਿ ਮਨ ਧਿਆਨੁ॥"***

(ਅੰਗ ੮੨੭)

***"ਧਿਆਨ ਰੂਪਿ ਹੋਇ ਆਸਣੁ ਪਾਵੈ॥ ਸਚਿ ਨਾਮਿ ਤਾੜੀ ਚਿਤੁ ਲਾਵੈ॥"***

(ਅੰਗ ੮੭੭)

***"ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥"*** **(ਅੰਗ ੩੨੭)**

ਕਿਸੇ ਇਕ ਸ਼ੈਅ ਵੱਲ, ਮਨ ਨੂੰ ਹੋਰਨਾਂ ਪਾਸਿਆਂ ਤੋਂ ਹੋੜ ਕੇ ਲੈ ਜਾਣ ਦੀ ਕਿਰਿਆ ਨੂੰ ਧਿਆਨ ਕਿਹਾ ਜਾਂਦਾ ਹੈ।

***"ਧਿਆਨ ਧਰੋ ਤਿਹ ਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗ ਛਾਯੋ।"***

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਫ਼ਰਮਾਉਂਦੇ ਹਨ ਕਿ ਜਿਸ ਅਕਾਲ ਪੁਰਖ ਵਾਹਿਗੁਰੂ ਜੀ ਦਾ ਬਲ ਸਾਰੇ ਛਾਇਆ ਹੋਇਆ ਹੈ।

***ਚਤੁਰ ਦਿਸਾ ਕੀਨੋ ਬਲ ਅਪੁਨਾ..........।***

(ਰਾਗ ਧਨਾਸਰੀ, ਅੰਗ ੬੮੧)

ਜੋ ਸਰਬ-ਵਿਆਪੀ ਹੈ, ਕਰੋੜਾਂ ਖੰਡਾਂ-ਬ੍ਰਹਮੰਡਾਂ ਦਾ ਮਾਲਕ ਹੈ, ਉਸ ਜਾਗਤ-ਜੋਤ ਦਾ ਧਿਆਨ

ਧਰੋ। ਅਥਵਾ-

***"ਵਾਹਿਗੁਰੂ ਗੁਰ ਜਾਪੀਏ ਵਾਹਿਗੁਰੂ ਕਰ ਧਿਆਨ।***
***ਮੁਕਤ ਲਾਭ ਸੋ ਹੋਇ ਹੈ ਗੁਰਸਿੱਖ ਰਿਦ ਮਹਿ ਮਾਨ।"***

ਜੇ ਗੁਰਮੰਤ੍ਰ ਦਾ ਸਿਮਰਨ ਕਰਦੇ ਹਾਂ ਤਾਂ ਉਸ ਵਿਚ ਧਿਆਨ ਹੋਣਾ ਚਾਹੀਦਾ ਹੈ। ਜੇਕਰ ਮੂਲਮੰਤ੍ਰ ਦਾ ਸਿਮਰਨ ਕਰਦੇ ਹਾਂ ਤਾਂ ਉਸ ਵਿਚ ਧਿਆਨ ਹੋਣਾ ਚਾਹੀਦਾ ਹੈ। ਜੇਕਰ ਗੁਰਬਾਣੀ ਦਾ ਨਿਤਨੇਮ ਕਰਦੇ ਹਾਂ ਤਾਂ ਉਸ ਵਿਚ ਧਿਆਨ ਹੋਣਾ ਚਾਹੀਦਾ ਹੈ।

ਧਿਆਨ ਦਾ ਭਾਵ ਹੈ ਜਿਸ ਤਰ੍ਹਾਂ ਜ਼ੁਬਾਨੀ ਜਪੁਜੀ ਸਾਹਿਬ ਜੀ ਦਾ ਨਿਤਨੇਮ ਕਰਦੇ ਹਾਂ, ਪਰ ਧਿਆਨ ਉਸ ਵਿਚ ਨਹੀਂ ਤਾਂ ਮਗਰੋਂ ਸਮਝ ਨਹੀਂ ਪੈਂਦੀ ਕਿ ਕਿਹੜੀ ਪਉੜੀ ਪੜ੍ਹੀ ਹੈ ਜਾਂ ਕਿਹੜੀ ਰਹਿ ਗਈ। ਧਿਆਨ ਤੋਂ ਬਿਨਾਂ ਬਾਣੀ ਪੜ੍ਹੀ ਦਾ ਰਸ ਨਹੀਂ ਆਉਂਦਾ। ਜਦ ਧਿਆਨ ਲਗਾ ਕੇ ਬਾਣੀ ਪੜ੍ਹਦੇ ਹਾਂ ਤਾਂ ਰਸ ਆਉਂਦਾ ਹੈ, ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਜਾਂ ਧਿਆਨ ਸਮਝਣ ਲਈ ਸਿਆਣੇ ਇਸ ਤਰ੍ਹਾਂ ਵੀ ਸਮਝਾਉਂਦੇ ਹਨ ਕਿ ਜਿਸ ਤਰ੍ਹਾਂ ਕੋਈ ਦੋ ਵਿਅਕਤੀ ਆਪਸ ਵਿਚ ਗੱਲ ਕਰ ਰਹੇ ਹਨ। ਇਕ ਦੱਸ ਰਿਹਾ ਹੈ, ਇਕ ਸੁਣ ਰਿਹਾ ਹੈ। ਇਤਨੇ ਨੂੰ ਤੀਸਰਾ ਮਨੁੱਖ ਕੋਲ ਆ ਕੇ ਸੁਣਨ ਵਾਲੇ ਦਾ ਨਾਮ ਲੈ ਕੇ ਕੁਝ ਕਹਿ ਕੇ ਚਲਿਆ ਜਾਂਦਾ ਹੈ। ਸੁਣਨ ਵਾਲਾ ਦੱਸਣ ਵਾਲੇ ਨੂੰ ਫਿਰ ਕਹਿੰਦਾ ਹੈ ਕਿ ਮੇਰਾ ਧਿਆਨ ਉਸ ਤਰਫ਼ ਚਲਿਆ ਗਿਆ ਸੀ। ਮੈਂ ਸੁਣ ਨਹੀਂ ਸਕਿਆ ਕਿਉਂਕਿ ਮੇਰਾ ਧਿਆਨ ਦੂਸਰੇ ਤਰਫ਼ ਚਲਿਆ ਗਿਆ ਸੀ।

ਜਾਂ ਫਿਰ ਧਿਆਨ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਦਾ ਸਾਰੇ ਧਿਆਨਾਂ ਦਾ ਮੂਲ ਭਾਈ ਗੁਰਦਾਸ ਜੀ ਨੇ ਦੱਸਿਆ ਹੈ।

***"ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮੁ ਜਾਣਿ ਜਾਣੋਈ॥"***

(ਵਾਰ ੨੬, ਪਉੜੀ ੬)

ਗੁਰੂ ਸਰੂਪ ਦਾ ਧਿਆਨ ਵੀ ਭਾਈ ਗੁਰਦਾਸ ਜੀ ਨੇ ਸਾਰੇ ਧਿਆਨਾਂ ਦਾ ਮੂਲ ਦੱਸਿਆ ਹੈ।

***"ਧਿਆਨ ਮੂਲ ਮੂਰਤਿ ਗੁਰੂ, ਪੂਜਾ ਮੂਲ ਗੁਰੁ ਚਰਣ ਪੁਜਾਏ।"***

(ਵਾਰ ੪੦, ਪਉੜੀ ੨੨)

ਮੂਰਤ ਦਾ ਅਰਥ ਇਥੇ ਸਰੂਪ ਕੀਤਾ ਹੈ। ਹੋਰ ਕਿਸੇ ਮੂਰਤੀ ਦਾ ਵਾਚਕ ਨਹੀਂ ਹੈ। ਸਤਿਗੁਰੂ ਜੀ ਦੇ ਸਰੂਪ ਦਾ ਧਿਆਨ ਧਰਨ ਵਾਸਤੇ ਭਾਈ ਸਾਹਿਬ ਜੀ ਨੇ ਕਿਹਾ ਹੈ ਅਤੇ ਭਾਈ ਸਾਹਿਬ ਜੀ ਨੇ ਗਿਆਨ ਤੇ ਧਿਆਨ ਅਤੇ ਸਿਮਰਨ ਦੀ ਜੁਗਤੀ, ਕੂੰਜ, ਕੱਛੂ, ਹੰਸ ਤੋਂ ਸਿਖਣ ਵਾਸਤੇ ਕਹਿਆ ਹੈ।

***"ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕੁਰਮ ਹੰਸ ਵੰਸ ਨਵੇਲਾ।"***

(ਵਾਰ ੭, ਪਉੜੀ ੨੦)

ਗਿਆਨ ਹੰਸ ਤੋਂ ਮੁਰਾਦ ਹੈ ਕਿ ਤੱਤ ਮਿਥਿਆ ਦਾ ਵਿਵੇਚਨ ਕਰਨਾ। ਧਿਆਨ ਕੱਛੂ ਦਾ ਪ੍ਰਪੱਕ ਮੰਨਿਆ ਹੈ, ਕਿਉਂਕਿ ਇਸ ਦੇ ਧਿਆਨ ਨਾਲ ਰੇਤੇ ਵਿਚ ਇਸਦੇ ਬੱਚੇ ਪਲ ਜਾਂਦੇ ਹਨ। ਕੂੰਜ ਦੇ ਸਿਮਰਨ ਨਾਲ ਹੀ ਕੂੰਜ ਦੇ ਬੱਚੇ ਪਲਦੇ ਮੰਨੇ ਹਨ। ਗੁਰਬਾਣੀ ਰਾਹੀਂ ਵੀ ਸਤਿਗੁਰੂ ਸਾਹਿਬ ਨੇ ਦੱਸਿਆ ਹੈ—

***"ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ ਪੰਖਿ ਖੀਰੁ ਤਿਨ ਨਾਹੀ॥"*** (ਅੰਗ ੪੮੮)

ਅਥਵਾ–

***"ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।"*** (ਅੰਗ ੧੦)

ਇਸ ਲਈ ਐਸਾ ਧਿਆਨ ਧਰਨਾ ਚਾਹੀਦਾ ਹੈ ਜਾਂ ਫਿਰ ਨਾਮ ਬਾਣੀ ਦੇ ਸੁਣਨ ਵਿਚ ਧਿਆਨ ਲਗਾਉਣਾ ਚਾਹੀਦਾ ਹੈ। ਕੋਈ ਤ੍ਰਿਕੁਟੀ ਵਿਚ ਧਿਆਨ ਧਰਨ ਦੀ ਗੱਲ ਕਰਦੇ ਹਨ, ਪਰ ਤ੍ਰਿਕੁਟੀ ਵਿਚ ਧਿਆਨ ਧਰਨ ਵਾਲਿਆਂ ਦਾ ਸਿਰ ਬਹੁਤ ਦੁੱਖਣ ਲੱਗ ਜਾਂਦਾ ਹੈ। ਕੋਈ ਨਾਭੀ 'ਚ ਧਿਆਨ ਦੀ ਗੱਲ ਕਰਦਾ ਹੈ। ਧਿਆਨ ਨੂੰ ਸਮਝਣ ਵਾਸਤੇ ਇਕ ਸੁੰਦਰ ਕਥਾ ਹੈ।

## ਸਾਖੀ–ਸਾਧੂ ਚੇਲੇ ਨੂੰ ਧਿਆਨ ਦੀ ਜੁਗਤੀ

ਇੱਕ ਸੰਨਿਆਸੀ ਸਾਧੂ ਸੀ। ਉਸ ਕੋਲ ਉਸਦਾ ਚੇਲਾ ਰਹਿੰਦਾ ਸੀ। ਇੱਕ ਦਿਨ ਚੇਲੇ ਨੇ ਸੰਨਿਆਸੀ ਗੁਰੂ ਨੂੰ ਧਿਆਨ ਬਾਰੇ ਪੁੱਛਿਆ, ਤਾਂ ਗੁਰੂ ਨੇ ਚੇਲੇ ਨੂੰ ਕਿਹਾ ਕਿ ਰਾਜੇ ਕੋਲ ਜਾਣਾ ਕਰ, ਉਥੇ ਤੈਨੂੰ ਧਿਆਨ ਬਾਰੇ ਸਮਝ ਪੈ ਜਾਵੇਗੀ। ਚੇਲਾ ਰਾਜੇ ਕੋਲ ਚਲਿਆ ਗਿਆ। ਉਥੇ ਰਾਜੇ ਦੇ ਦਰਬਾਰ ਵਿਚ ਬੜੇ ਗਾਉਣ-ਵਜਾਉਣ ਹੋ ਰਹੇ ਸਨ। ਚੇਲੇ ਨੇ ਮਨ 'ਚ ਕਿਹਾ ਕਿ ਗੁਰੂ ਜੀ ਨੇ ਮੈਨੂੰ ਕਿਥੇ ਭੇਜ ਦਿੱਤਾ ਹੈ। ਇਹ ਰਾਜਾ ਤਾਂ ਆਪ ਗਾਉਣ-ਵਜਾਉਣ ਸੁਣਨ ਵਿਚ ਖੱਚਤ ਹੈ। ਇਸਨੂੰ ਧਿਆਨ ਦਾ ਕੀ ਪਤਾ ਹੋਵੇਗਾ। ਚੇਲੇ ਨੇ ਰਾਜੇ ਨੂੰ ਬੇਨਤੀ ਕੀਤੀ ਜੀ ਮੈਨੂੰ ਹੁਕਮ ਹੋਵੇ ਤਾਂ ਵਾਪਸ ਚਲਿਆ ਜਾਵਾਂ। ਰਾਜਾ ਕਹਿੰਦਾ ਹੈ, ਰਾਤ ਠਹਿਰੋ, ਕੱਲ੍ਹ ਧਿਆਨ ਬਾਰੇ ਤੁਹਾਨੂੰ ਦੱਸਾਂਗਾ। ਸੰਨਿਆਸੀ ਚੇਲਾ ਰਾਤ ਰਹਿਆ। ਰਾਜੇ ਨੇ ਬੜੀ ਸੇਵਾ ਕੀਤੀ। ਰਾਤ ਨੂੰ ਆਰਾਮ ਕਰਨ ਵਾਸਤੇ ਬਹੁਤ ਸੁੰਦਰ ਕਮਰਾ, ਸੁੰਦਰ ਬੈੱਡ ਵਿਛਿਆ ਹੋਇਆ ਸੀ। ਅਰਾਮ ਲਈ ਬਹੁਤ ਸੁੰਦਰ ਪ੍ਰਬੰਧ ਕੀਤਾ, ਪਰ ਬੈੱਡ ਦੇ ਉਪਰ ਛੱਤ ਨਾਲ ਕੱਚੇ ਧਾਗੇ ਨਾਲ ਇਕ ਨੰਗੀ ਤਲਵਾਰ ਮਿਆਨ ਚੋਂ ਕੱਢੀ ਹੋਈ ਬੰਨ੍ਹ ਦਿੱਤੀ। ਸੰਨਿਆਸੀ ਚੇਲੇ ਨੇ ਰਾਤ ਨੂੰ ਪਿਆਂ ਤਲਵਾਰ ਵੱਲ ਤੱਕਿਆ। ਡਰਿਆ ਤਾਂ ਬਹੁਤ ਪਰ ਵਸ ਨਹੀਂ ਸੀ ਚੱਲਦਾ। ਕਿਉਂਕਿ ਉਥੇ ਹੱਥ ਹੀ ਨਹੀਂ ਪਹੁੰਚ ਸਕਦਾ ਸੀ। ਚੇਲੇ ਨੇ ਜਾਗਦਿਆਂ ਹੀ ਰਾਤ ਬਤੀਤ ਕਰ ਦਿੱਤੀ। ਸਵੇਰੇ ਰਾਜੇ ਨੇ ਪੁੱਛਿਆ, ਸੰਤ ਜੀ ! ਰਾਤ ਨੂੰ ਨੀਂਦ ਚੰਗੀ ਆਈ ? ਕਹਿੰਦਾ ਜੀ ਹੋਰ ਤਾਂ ਸਾਰਾ ਪ੍ਰਬੰਧ ਚੰਗਾ ਸੀ, ਪਰ ਨੀਂਦ ਕਿੱਥੋਂ ਆਉਂਦੀ, ਮੇਰਾ ਧਿਆਨ ਤਾਂ ਉਪਰ ਨੰਗੀ ਲਟਕਦੀ ਤਲਵਾਰ ਵਿਚ ਰਿਹਾ। ਅੱਗੋਂ ਰਾਜਾ ਕਹਿੰਦਾ ਹੈ, ਸੰਤ ਜੀ ! ਬੱਸ ਇਹੋ ਧਿਆਨ ਦੀ ਗੱਲ ਹੈ। ਇਸ ਲਈ ਸਤਿਗੁਰੂ ਸਾਹਿਬ ਜੀ ਸ਼ੁਭ ਸਿੱਖਿਆ ਦਿੰਦੇ ਹਨ। ਧਿਆਨ ਉਸ ਪ੍ਰਮੇਸ਼ਰ ਵਿਚ ਹੋਵੇ, ਕੰਮ ਕੋਈ ਵੀ ਕਰੀ ਜਾਵੋ।

## ਗੁਰਬਾਣੀ ਦੇ ਪ੍ਰਮਾਣ

ਗਉੜੀ ਗੁਆਰੇਰੀ ਮਹਲਾ ੫ ॥

*"ਤਉ ਕਿਰਪਾ ਤੇ ਮਾਰਗੁ ਪਾਈਐ ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ ॥*
*ਪ੍ਰਭ ਕਿਰਪਾ ਤੇ ਬੰਧਨ ਛੁਟੈ ॥ ਤਉ ਕਿਰਪਾ ਤੇ ਹਉਮੈ ਤੁਟੈ ॥੧॥*
*ਤੁਮ ਲਾਵਹੁ ਤਉ ਲਾਗਹ ਸੇਵ ॥ ਹਮ ਤੇ ਕਛੂ ਨ ਹੋਵੈ ਦੇਵ ॥੧॥ ਰਹਾਉ ॥"* (ਅੰਗ ੧੮੦)
*"ਜਾ ਕਉ ਅਪਨੀ ਕਿਰਪਾ ਧਾਰੈ ॥ ਸੋ ਜਨੁ ਰਸਨਾ ਨਾਮੁ ਉਚਾਰੈ ॥"*

(ਅੰਗ ੧੯੦)

ਮਾਝ ਮਹਲਾ ੫ ॥

*"ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥ ਪ੍ਰਭੂ ਦਇਆ ਤੇ ਮੰਗਲੁ ਗਾਵਉ ॥*
*ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ ਸਗਲ ਅਵਰਦਾ ਜੀਉ ॥ ੧ ॥*
*ਨਾਮੁ ਅਉਖਧੁ ਮੋ ਕਉ ਸਾਧੂ ਦੀਆ ॥ ਕਿਲਬਿਖ ਕਾਟੇ ਨਿਰਮਲੁ ਥੀਆ ॥*
*ਅਨਦੁ ਭਇਆ ਨਿਕਸੀ ਸਭ ਪੀਰਾ ਸਗਲ ਬਿਨਾਸੇ ਦਰਦਾ ਜੀਉ ॥ ੨ ॥*
*ਜਿਸ ਕਾ ਅੰਗੁ ਕਰੇ ਮੇਰਾ ਪਿਆਰਾ ॥ ਸੋ ਮੁਕਤਾ ਸਾਗਰ ਸੰਸਾਰਾ ॥*
*ਸਤਿ ਕਰੇ ਜਿਨਿ ਗੁਰੂ ਪਛਾਤਾ ਸੋ ਕਾਹੇ ਕਉ ਡਰਦਾ ਜੀਉ ॥ ੩ ॥*
*ਜਬ ਤੇ ਸਾਧੂ ਸੰਗਤਿ ਪਾਏ ॥ ਗੁਰ ਭੇਟਤ ਹਉ ਗਈ ਬਲਾਏ ॥*
*ਸਾਸਿ ਸਾਸਿ ਹਰਿ ਗਾਵੈ ਨਾਨਕੁ ਸਤਿਗੁਰ ਢਾਕਿ ਲੀਆ ਮੇਰਾ ਪੜਦਾ ਜੀਉ ॥ ੪ ॥"*

(ਅੰਗ ੧੦੧)

*"ਪ੍ਰਭ ਕਿਰਪਾ ਤੇ ਨਾਮੁ ਨਉ ਨਿਧਿ ਪਾਈ ॥*
*ਗੁਰ ਕਿਰਪਾ ਤੇ ਨਾਮ ਸਿਉ ਬਨਿ ਆਈ ॥"*

(ਅੰਗ ੧੧੪੪)

*"ਨਹ ਸਮਰਥੰ ਨਹ ਸੇਵਕੰ ਨਹ ਪ੍ਰੀਤਿ ਪਰਮ ਪੁਰਖੋਤਮੰ ॥*
*ਤਵ ਪ੍ਰਸਾਦਿ ਸਿਮਰਤੇ ਨਾਮੰ ਨਾਨਕ ਕ੍ਰਿਪਾਲ ਹਰਿ ਹਰਿ ਗੁਰੰ ॥"*

(ਅੰਗ ੧੩੫੬)

*"ਕ੍ਰਿਪਾ ਕਰੰਤ ਗੋਬਿੰਦ ਗੋਪਾਲਹ ਸਗਲੵੰ ਰੋਗ ਖੰਡਣਹ ॥*
*ਸਾਧ ਸੰਗੇਣਿ ਗੁਣ ਰਮਤ ਨਾਨਕ ਸਰਣਿ ਪੂਰਨ ਪਰਮੇਸੁਰਹ ॥"*

(ਅੰਗ ੧੩੫੯)

**ਸਲੋਕ ਮਃ ੫ ॥ ਜਾ ਕਉ ਭਏ ਕ੍ਰਿਪਾਲ ਪ੍ਰਭ ਹਰਿ ਹਰਿ ਸੇਈ ਜਪਾਤ ॥**
**ਨਾਨਕ ਪ੍ਰੀਤਿ ਲਗੀ ਤਿਨ ਰਾਮ ਸਿਉ ਭੇਟਤ ਸਾਧ ਸੰਗਾਤ ॥੧॥**

**ਪਦ ਅਰਥ** :–ਜਾ ਕਉ–ਜਿਨ੍ਹਾਂ ਮਨੁੱਖਾ ਉੱਤੇ। ਭਏ–ਹੋਇ। ਸੇਈ–ਉਹੀ। ਭੇਟਤ–ਮਿਲਣ ਕਰਕੇ। ਰਾਮ–ਵਾਹਿਗੁਰੂ।

**ਅਰਥ** :– ਜਿਨਾਂ ਮਨੁੱਖਾਂ ਉੱਤੇ (ਪ੍ਰਭ) ਵਾਹਿਗੁਰੂ ਜੀ ਕ੍ਰਿਪਾਲੂ ਹੋਏ ਹਨ, ਉਹੀ ਮਨੁੱਖ (ਹਰਿ ਹਰਿ) ਵਾਹਿਗੁਰੂ ਵਾਹਿਗੁਰੂ ਜਪਦੇ ਹਨ। ਗੁਰੂ ਜੀ ਫ਼ਰਮਾਉਂਦੇ ਹਨ (ਤਿਨ) ਉਨ੍ਹਾਂ ਦੀ ਵਾਹਿਗੁਰੂ ਜੀ ਨਾਲ ਪ੍ਰੀਤ ਲੱਗ ਜਾਂਦੀ ਹੈ, (ਕਿਵੇਂ)? ਸਾਧ ਸੰਗਤ ਵਿਚ ਮਿਲਣ ਕਰਕੇ। ੧।

**ਮਃ ੫ ॥ ਰਾਮੁ ਰਮਹੁ ਬਡਭਾਗੀਹੋ ਜਲਿ ਥਲਿ ਮਹੀਅਲਿ ਸੋਇ ॥**

**ਨਾਨਕ ਨਾਮਿ ਅਰਾਧਿਐ ਬਿਘਨੁ ਨ ਲਾਗੈ ਕੋਇ ॥੨॥**

**ਪਦ ਅਰਥ** :–ਰਾਮੁ–ਪ੍ਰਮੇਸ਼ਰ। ਰਮਹੁ–ਸਿਮਰਣ ਕਰੋ। ਜਲਿ–ਪਾਣੀ ਵਿਚ। ਥਲਿ–ਖ਼ੁਸ਼ਕ ਥਾਂ ਭਾਵ ਮਾਰੂਥਲ ਵਿਚ। ਮਹੀ–ਪ੍ਰਿਥਵੀ ਅਤੇ ਅਲਿ–ਅਕਾਸ਼ ਵਿਚ।

**ਅਰਥ** :–ਹੇ ਵੱਡੇ ਭਾਗਾਂ ਵਾਲਿਓ! ਪ੍ਰਮੇਸ਼ਰ ਦਾ ਸਿਮਰਣ ਕਰੋ, (ਓਹੀ ਪ੍ਰਮੇਸ਼ਰ) ਪਾਣੀ ਵਿਚ ਤੇ ਖ਼ੁਸ਼ਕ ਥਾਂ ਭਾਵ ਮਾਰੂਥਲ ਤੇ ਪ੍ਰਿਥਵੀ ਅਤੇ ਅਕਾਸ਼ ਵਿਚ ਸਾਰੇ ਪੂਰਨ ਹੈ। ਗੁਰੂ ਜੀ ਫ਼ਰਮਾਉਂਦੇ ਹਨ ਕਿ ਉਸ ਨਾਮੀ (ਵਾਹਿਗੁਰੂ) ਜੀ ਨੂੰ (ਅਰਾਧਿਐ) ਯਾਦ ਕਰਨ ਨਾਲ ਕਿਸੇ ਵੀ ਕੰਮ ਵਿਚ (ਬਿਘਨੁ) ਰੁਕਾਵਟ ਨਹੀਂ ਪੈਂਦੀ। ੨।

**ਪਉੜੀ ॥ ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ ॥ ਭਗਤਾ ਤੇਰੀ ਟੇਕ ਰਤੇ ਸਚਿ ਨਾਇ ॥ ਜਿਸ ਨੋ ਹੋਇ ਕ੍ਰਿਪਾਲੁ ਤਿਸ ਕਾ ਦੂਖੁ ਜਾਇ ॥ ਭਗਤ ਤੇਰੇ ਦਇਆਲ ਓਨ੍ਹਾ ਮਿਹਰ ਪਾਇ ॥ ਦੂਖੁ ਦਰਦੁ ਵਡ ਰੋਗੁ ਨ ਪੋਹੇ ਤਿਸੁ ਮਾਇ ॥ ਭਗਤਾ ਏਹੁ ਅਧਾਰੁ ਗੁਣ ਗੋਵਿੰਦ ਗਾਇ ॥ ਸਦਾ ਸਦਾ ਦਿਨੁ ਰੈਣਿ ਇਕੋ ਇਕੁ ਧਿਆਇ ॥ ਪੀਵਤਿ ਅੰਮ੍ਰਿਤ ਨਾਮੁ ਜਨ ਨਾਮੇ ਰਹੇ ਅਘਾਇ ॥੧੪॥**

**ਪਦ ਅਰਥ** :– ਪਵੈ ਥਾਇ–ਕਬੂਲ ਹੁੰਦਾ ਹੈ। ਟੇਕ–ਓਟ। ਸਚਿ ਨਾਇ–ਸੱਚੇ ਨਾਮ ਵਿਚ। ਅਧਾਰੁ–ਆਸਰਾ। ਰੈਣਿ–ਰਾਤ। ਰਹੇ ਅਘਾਇ–ਰੱਜੇ ਰਹਿੰਦੇ ਹਨ।

**ਅਰਥ** :–ਭਗਤਾਂ ਦਾ ਕਿਹਾ ਹੋਇਆ ਬਚਨ (ਵਾਹਿਗੁਰੂ ਜੀ ਨੂੰ) ਪਰਵਾਣੁ ਹੈ, ਮਨਜ਼ੂਰ ਹੁੰਦਾ ਹੈ, ਇਸ ਕਰਕੇ ਸੱਚੇ ਦੀ ਦਰਗਾਹ ਵਿਚ ਵੀ ਕਬੂਲ ਹੁੰਦਾ ਹੈ। ਭਗਤਾਂ ਨੂੰ ਤੇਰੀ ਹੀ ਓਟ ਹੈ, ਉਹ ਸੱਚੇ ਨਾਮ ਵਿਚ ਰੰਗੇ ਰਹਿੰਦੇ ਹਨ। ਤੂੰ ਜਿਸ ਉਪਰ ਕ੍ਰਿਪਾਲੂ ਹੁੰਦਾ ਹੈਂ ਉਸ ਦਾ ਜਨਮ ਮਰਨ ਦਾ ਦੁੱਖ ਦੂਰ ਹੋ ਜਾਂਦਾ

ਹੈ। ਹੇ ਦਿਆਲੂ (ਵਾਹਿਗੁਰੂ ਜੀ!) ਭਗਤ ਤੇਰੇ ਹਨ, ਉਹਨਾਂ ਭਗਤਾਂ 'ਤੇ ਸਦਾ ਹੀ ਆਪਣੀ ਮੇਹਰ ਕਰੋ। ਜਿਨ੍ਹਾਂ ਉਪਰ (ਵਾਹਿਗੁਰੂ ਜੀ) ਤੁਸਾਂ ਨੇ ਮਿਹਰ ਕੀਤੀ ਹੈ, ਉਨ੍ਹਾਂ ਭਗਤਾਂ ਨੂੰ ਰਾਗ ਦ੍ਵੈਖ ਰੂਪ ਦੁੱਖ, ਈਰਖਾ ਰੂਪ ਦਰਦ, ਹਉਮੈ ਰੂਪ ਵੱਡਾ ਰੋਗ ਅਤੇ (ਮਾਇ) ਮਾਇਆ ਆਦਿ ਉਨ੍ਹਾਂ ਨੂੰ ਪੋਹ ਨਹੀਂ ਸਕਦੇ। ਭਗਤਾਂ ਦਾ ਆਸਰਾ ਇਹੀ ਹੈ ਕਿ ਉਹ (ਗੋਬਿੰਦ) ਪ੍ਰਮੇਸਰ ਦੇ ਗੁਣ ਗਾਉਂਦੇ ਰਹਿੰਦੇ ਹਨ। ਦਿਨ ਰਾਤੀ, ਸਦਾ ਸਦਾ, ਭਾਵ ਹਮੇਸ਼ਾ ਹੀ ਇਕੋ ਇਕ (ਵਾਹਿਗੁਰੂ) ਜੀ ਨੂੰ ਧਿਆਉਂਦੇ ਹਨ। (ਪਰ ਹਾਂ, ਉਹ ਭਗਤ ਜਨ) ਅੰਮ੍ਰਿਤ ਨਾਮ ਪੀਂਦੇ ਹੋਏ ਨਾਮ ਕਰਕੇ ਹੀ ਹਮੇਸ਼ਾ ਤ੍ਰਿਪਤ ਰਹਿੰਦੇ ਹਨ।੧੪।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਦੋਹਾਂ ਸਲੋਕਾਂ ਵਿਚ ਨਾਮ ਜਪਣ ਦੀ ਪ੍ਰੇਰਣਾ ਜਿਥੇ ਦਿੱਤੀ ਹੈ, ਉਥੇ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਨਾਮ ਜਪਣ ਦੀ ਪ੍ਰੀਤ ਤੇ ਸਾਧ ਸੰਗਤ ਦਾ ਮਿਲਾਪ (ਪ੍ਰਭੂ) ਵਾਹਿਗੁਰੂ ਜੀ ਦੀ ਪਰਮ ਕ੍ਰਿਪਾਲਤਾ ਨਾਲ ਹੁੰਦਾ ਹੈ। ਪਉੜੀ ਵਿਚ ਪੁਗੇ ਹੋਏ ਭਗਤਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਬੋਲਿਆ ਵਾਹਿਗੁਰੂ ਦਰ ਪ੍ਰਵਾਣ ਹੁੰਦਾ ਹੈ ਤੇ ਉਹ ਜੋ ਕਹਿੰਦੇ ਹਨ ਇਸ ਸਿਧਾਂਤ ਅਨੁਸਾਰ ਹੁੰਦਾ ਹੈ।

*"ਭਗਤੁ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ॥"*

(ਅੰਗ ੩੧੯)

ਇਸ ਸ਼ਬਦ ਦੀ ਪਉੜੀ ਦੀ ਪਹਿਲੀ ਪੰਗਤੀ ਹੈ—

*"ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ॥"*

ਇਸ ਪੰਗਤੀ 'ਤੇ "ਗੁਰਵਾਕ ਚਾਨਣ" ਵਿਚ ਸਤਿਕਾਰ ਯੋਗ ਸੰਤ ਹਰੀ ਸਿੰਘ ਜੀ ਨੇ ਜਲ੍ਹਣ ਭਗਤ ਜੀ ਦੀ ਸਾਖੀ ਲਗਾਈ ਹੈ।

# ਸਾਖੀ—ਭਗਤ ਜਲ੍ਹਣ ਜੀ ਦੀ

ਜਲ੍ਹਣ ਭਗਤ ਦਾ ਜਨਮ ਪਿੰਡ ਭਡਾਣਾ ਜ਼ਿਲ੍ਹਾ ਅੰਮ੍ਰਿਤਸਰ, ਸਿਧੂ ਗੋਤ ਦੇ ਜੱਟ, ਜ਼ਿੰਮੀਦਾਰ ਘਰਾਣੇ ਵਿਚ ਹੋਇਆ ਦਸਿਆ ਹੈ। ਆਪ ਜੀ ਸਿੱਧੇ ਸਾਧੇ, ਖੁਲ੍ਹੇ ਖੁਲਾਸੇ ਸੁਭਾਅ ਦੇ ਧਾਰਣੀ ਤੇ ਸਾਧੂ ਸੰਗੀ ਅਤੇ ਭਗਤੀ ਭਾਵ ਦੇ ਧਾਰਣੀ ਤੇ ਸਾਧਨਾ ਸੰਪੰਨ ਸਨ। ਪਰ ਆਪ ਜੀ ਦੀ ਸਾਧਨਾ ਸਫਲੀ ਤਦੋਂ ਹੋਈ ਜਦ ਭਗਤ ਜਲ੍ਹਣ ਜੀ ਨੂੰ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਮਿਲਾਪ ਹੋਇਆ। ਗੁਰੂ ਸਾਹਿਬ ਜੀ ਦਾ ਜਲ੍ਹਣ ਭਗਤ ਜੀ ਨਾਲ ਮਿਲਾਪ ਹੋਣ ਦਾ ਜ਼ਿਕਰ ਗੁਰਇਤਿਹਾਸ ਵਿਚ ਇਸ ਤਰ੍ਹਾਂ ਆਇਆ ਹੈ—

*"ਜਲ੍ਹਣ ਭਗਤ ਹੁਤੋ ਜਿਸ ਥਾਨ॥ ਤਹ ਲਗ ਪਹੁੰਚੇ ਗੁਰ ਭਗਵਾਨ।*
*ਨਾਮ ਰਾਮਕੀ ਤਿਸ ਕੀ ਦਾਰਾ। ਹਰਖਤ ਉਰ ਪਿਖ ਵਾਕ ਉਚਾਰਾ॥"*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੭, ਅਧਿਆਏ ੧੫)

ਜਲ੍ਹਣ ਜੀ ਦੀ ਘਰਵਾਲੀ ਦਾ ਨਾਮ ਰਾਮਕੀ ਸੀ। ਇਹ ਪਤਿਬ੍ਰਤਾ ਧਰਮ ਵਿੱਚ ਪੱਕੀ ਸੀ। ਜਲ੍ਹਣ ਜੀ ਜਿਥੇ ਧਰਮ ਦੀ ਕਿਰਤ ਕਰਨ ਤੇ ਨਾਮ, ਦਾਨ ਦੇ ਸਾਧਨਾ ਸਾਹਿਤ ਹੋ ਕੇ ਹਮੇਸ਼ਾ ਬੰਦਗੀ ਵਿਚ ਤੱਤਪਰ ਰਹਿੰਦੇ ਸਨ, ਉਥੇ ਰਾਮਕੀ ਵੀ ਘਰ ਆਏ ਸਾਧੂ ਸੰਤਾਂ, ਗੁਰਸਿੱਖਾਂ ਦੀ ਸੇਵਾ ਤੇ ਸਿਮਰਨ ਵਿਚ ਤੱਤਪਰ ਰਹਿੰਦੀ ਸੀ। ਜਲ੍ਹਣ ਭਗਤ ਜੀ ਬੰਦਗੀ ਵਿਚ ਪੁੱਗੇ ਹੋਏ ਭਗਤ ਸਨ। ਆਪ ਜੀ ਦਾ ਜੀਵਨ ਇਸ ਪੰਗਤੀ ਅਨੁਸਾਰ ਪੂਰਨ ਰੂਪ ਵਿਚ ਢੁਕਦਾ ਸੀ।—

***"ਜੋ ਕਿਛੁ ਕਰਹਿ ਸੋਈ ਪ੍ਰਭ ਮਾਨਹਿ ਓਇ ਰਾਮ ਨਾਮ ਰੰਗਿ ਰਾਤੇ॥***
***ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭਿ ਕੇ ਚਰਣ ਪਰਾਤੇ॥***

(ਅੰਗ ੭੪੮)

ਐਸੇ ਬੰਦਗੀ ਵਾਲੇ ਪੁਰਖਾਂ ਦਾ ਕਿਹਾ ਬਚਨ ਤਾਂ ਪ੍ਰਭੂ ਵਾਹਿਗੁਰੂ ਜੀ ਵੀ ਮੰਨਦੇ ਹਨ। ਹੋਰ ਦੇਵੀ ਦੇਵਤਿਆਂ ਨੇ ਤਾਂ ਮੰਨਣਾ ਹੀ ਹੈ। ਜਲ੍ਹਣ ਜੀ ਦੇ ਜੀਵਨ ਅੰਦਰ ਜ਼ਿਕਰ ਆਉਂਦਾ ਹੈ ਕਿ ਆਪ ਜੀ ਜ਼ਿੰਮੀਦਾਰਾ (ਖੇਤੀ) ਕਰਿਆ ਕਰਦੇ ਸਨ। ਇਕ ਸਰਕਾਰੀ ਕਰਮਚਾਰੀ ਲੋਕਾਂ ਦੇ ਪਾਸੋਂ ਮਾਮਲਾ ਉਗਰਾਹਿਆ ਕਰਦਾ ਸੀ। ਕਈ ਲੋਕ ਸਮੇਂ ਅਨੁਸਾਰ ਮਾਮਲਾ ਨਹੀਂ ਦਿੰਦੇ ਸਨ, ਪਰ ਜਲ੍ਹਣ ਜੀ ਠੀਕ ਸਮੇਂ ਅਨੁਸਾਰ ਮਾਮਲਾ ਦਿਆ ਕਰਦੇ ਸਨ। ਸਰਕਾਰੀ ਕਰਮਚਾਰੀ ਜਲ੍ਹਣ ਜੀ ਦੇ ਸੁਭਾਅ ਤੋਂ ਪ੍ਰਭਾਵਤ ਹੋ ਕੇ ਜਲ੍ਹਣ ਜੀ ਨੂੰ ਬੜੇ ਪਿਆਰ ਤੇ ਸਤਿਕਾਰ ਨਾਲ ਜੀ ਆਖ ਕੇ ਬੁਲਾਇਆ ਕਰਦਾ ਸੀ। ਹਜ਼ੂਰ ਦਾ ਫ਼ੁਰਮਾਣ ਹੈ ਕਿ ਰੱਬ ਦੇ ਪਿਆਰਿਆਂ ਨੂੰ ਜੋ ਜੀ ਆਖ ਕੇ ਬੁਲਾਵੇ, ਉਨ੍ਹਾਂ ਦੇ ਜਮ ਵੀ ਨੇੜੇ ਨਹੀਂ ਆਉਂਦੇ।

***"ਜੇ ਕੋ ਜੀਉ ਕਹੈ ਓਨਾ ਕਉ ਜਮ ਕੀ ਤਲਬ ਨ ਹੋਈ॥"***

(ਅੰਗ ੧੩੨੮)

ਜਲ੍ਹਣ ਜੀ ਦੀ ਘਰਵਾਲੀ ਰਾਮਕੀ ਦੇ ਸੰਤ ਸੇਵਾ, ਭਗਤੀ ਭਾਵ ਤੇ ਪਤੀਬ੍ਰਤ ਧਰਮ ਦੀ ਪ੍ਰਪੱਕਤਾ ਹੋਣ ਕਰਕੇ ਇਹ ਵੀ ਪੂਰਨ ਭਗਤਨੀ ਸੀ। ਇਕ ਦਿਨ ਜਲ੍ਹਣ ਜੀ ਗਰਮੀਆਂ ਦੇ ਦਿਨ ਸਨ, ਕੋਠੇ ਉਪਰ ਅਰਾਮ ਕਰ ਰਹੇ ਸਨ। ਰਾਮਕੀ ਨੇ ਜਲ੍ਹਣ ਜੀ ਨੂੰ ਨਮਸਕਾਰ ਕਰਕੇ ਕਿਹਾ ਕਿ ਮੇਰਾ ਅੰਤਮ ਸਮਾਂ ਹੋ ਗਿਆ ਹੈ। ਜੀਵਨ ਦੌਰਾਨ ਹੋਈਆਂ ਭੁੱਲਾਂ ਦੀ ਖਿਮਾ ਕਰਨੀ ਤੇ ਆਪ ਜੀ ਨੇ ਮਿਹਰ ਕਰਨੀ। ਜਲ੍ਹਣ ਜੀ ਲੰਮੇ ਪਏ ਸਨ। ਅਚਨਚੇਤ ਉਪਰ ਅਕਾਸ਼ ਵੱਲ ਨਿਗਾਹ ਪਈ ਤਾਂ ਦੇਖਿਆ ਜੋ ਸਰਕਾਰੀ ਕਰਮਚਾਰੀ ਆਪ ਜੀ ਨੂੰ ਜੀ ਕਹਿ ਸਤਿਕਾਰ ਦਿਆ ਕਰਦਾ ਸੀ, ਉਸ ਸਰਕਾਰੀ ਕਰਮਚਾਰੀ ਨੂੰ ਜਮਦੂਤ ਪਕੜੀ ਲਿਜਾਂਦੇ ਜਲ੍ਹਣ ਜੀ ਨੂੰ ਨਜ਼ਰ ਪਏ ਤਾਂ ਭਗਤ ਜੀ ਨੂੰ ਤਰਸ ਹੋ ਆਇਆ ਤੇ ਰਾਮਕੀ ਨੂੰ ਕਿਹਾ ਭਗਤਨੀਏ! ਸਰੀਰਾਂ ਦਾ ਮੇਲ ਸਦੀਵੀ ਨਹੀਂ ਹੈ, ਅੰਤਰ ਆਤਮੇ ਮੇਲ ਸਦੀਵੀ ਹੈ। ਤੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਕਿਰਪਾ ਨਾਲ ਸਦੀਵੀ ਸੱਚਖੰਡ ਦੇ ਸੁਖ ਪਾਏਂਗੀ। ਪਰ ਇਕ ਕੰਮ ਕਰ, ਸੱਚਖੰਡ ਜਾਣ ਤੋਂ ਪਹਿਲਾਂ ਤੈਂ ਧਰਮ ਪੁਰੀ ਵਿਚ ਧਰਮ ਰਾਜੇ ਨੂੰ ਮੇਰਾ ਸੁਨੇਹਾ ਦੇਣਾ ਹੈ। ਸੁਨੇਹਾ ਇਹ ਹੈ ਕਿ ਧਰਮ ਰਾਜੇ ਨੂੰ ਆਖੀਂ ਇਹ ਸਰਕਾਰੀ ਕਰਮਚਾਰੀ ਜਲ੍ਹਣ ਜੀ ਨੂੰ ਜੀ ਆਖ ਕੇ ਸਤਿਕਾਰ ਦਿੰਦਾ ਸੀ। ਇਸ ਦਾ ਹਿਸਾਬ ਤੈਂ ਸੋਚ ਕੇ ਕਰਨਾ ਹੈ।

ਰਾਮਕੀ ਸਰੀਰ ਤਿਆਗ ਕੇ ਧਰਮ ਰਾਜੇ ਪਾਸ ਪੁੱਜੀ ਤੇ ਸੁਨੇਹਾ ਦਿੱਤਾ। ਧਰਮ ਰਾਜੇ ਨੇ ਜਲ੍ਹਣ ਜੀ ਦਾ ਸੁਨੇਹਾ ਸੁਣਦਿਆਂ ਸਾਰ ਉਸ ਕਰਮਚਾਰੀ ਦੇ ਕਰਮਾਂ ਦਾ ਲੇਖਾ ਮੁਆਫ਼ ਕਰਕੇ ਉਸ ਨੂੰ ਬੈਕੁੰਠ ਧਾਮ ਵਿਚ ਭੇਜ ਦਿੱਤਾ। ਰਾਮਕੀ ਨੇ ਸੋਚਿਆ ਕਿ ਧਰਮਰਾਜੇ ਨੇ ਜੋ ਮੇਰੇ ਪਤੀ ਦਾ ਹੁਕਮ ਮੰਨਿਆ ਹੈ, ਮੈਂ ਵਾਪਸ ਜਾ ਕੇ ਪਤੀ ਦੇਵ ਜੀ ਨੂੰ ਦੱਸ ਕੇ ਸੱਚਖੰਡ ਜਾਵਾਂਗੀ। ਇੱਧਰ ਲੋਕੀ ਰਾਮਕੀ ਦੇ ਮਰੀ ਤੋਂ ਜਲ੍ਹਣ ਜੀ ਪਾਸ ਅਫ਼ਸੋਸ ਕਰਨ ਆਉਂਦੇ ਸਨ। ਉਧਰ ਰਾਮਕੀ ਦੁਬਾਰਾ ਜੀਉਂਦੀ ਹੋ ਗਈ। ਜਲ੍ਹਣ ਜੀ ਨੇ ਪੁੱਛਿਆ ਕਿ ਦੁਬਾਰਾ ਕਿਉਂ ਆਈ ਹੈਂ? ਰਾਮਕੀ ਨੇ ਦਸਿਆ ਜੀ ਦੱਸਣ ਆਈ ਹਾਂ ਕਿ ਆਪ ਜੀ ਦਾ ਸੁਨੇਹਾ ਸੁਣਦਿਆਂ ਸਾਰ ਧਰਮਰਾਜੇ ਨੇ ਸਰਕਾਰੀ ਕਰਮਚਾਰੀ ਨੂੰ ਬੈਕੁੰਠ ਭੇਜ ਦਿੱਤਾ। ਇਸ ਲਈ ਹਜ਼ੂਰ ਦੇ ਇਨ੍ਹਾਂ ਬਚਨਾਂ ਅਨੁਸਾਰ–

***"ਭਗਤਾ ਕਾ ਬੋਲਿਆ ਪਰਵਾਣੁ ਹੈ ਦਰਗਹ ਪਵੈ ਥਾਇ॥"***

(ਅੰਗ ੫੨੧)

ਸੋ ਪ੍ਰਕਰਣ ਅਨੁਸਾਰ ਜਲ੍ਹਣ ਭਗਤ ਨੂੰ 'ਜੀ' ਕਹਿਣ ਕਰਕੇ ਸਰਕਾਰੀ ਕਰਮਚਾਰੀ ਮੁਕਤ ਹੋ ਗਿਆ। ਜਲ੍ਹਣ ਜੀ ਨੂੰ ਦੱਸ ਕੇ ਰਾਮਕੀ ਨੇ ਭੀ ਸੱਚ ਖੰਡ ਨੂੰ ਜਾਣਾ ਕੀਤਾ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੯ (ਅੰਗ ੫੨੩)

ਸਲੋਕ ਮਃ ੫ ॥ ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ ॥ ਸਤਿਗੁਰਿ ਦਿਤਾ ਹਰਿ ਨਾਮੁ ਅੰਮ੍ਰਿਤੁ ਚਖਿਆ ॥ ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ ॥ ਪਾਏ ਮਨੋਰਥ ਸਭਿ ਜੋਨੀ ਨਹ ਭਵੈ ॥ ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ ॥ ੧ ॥ ਮਃ ੫ ॥ ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ ॥ ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ ॥ ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ ॥ ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ ॥ ੨ ॥ ਪਉੜੀ ॥ ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ ॥ ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ ॥ ੨੦ ॥

## ਪ੍ਰਾਕ੍ਥਨ :-

ਇਹ ਸ੍ਰੀ ਮੁਖਵਾਕ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਗੂਜਰੀ ਰਾਗ ਦੀ ਦੂਸਰੀ ਵਾਰ ਦੀ ੨੦ਵੀਂ ਪਉੜੀ ਨਾਲ ਸਬੰਧਤ ਦੋ ਸਲੋਕਾਂ ਨਾਲ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੀ ਪਹਿਲੀ ਪੰਗਤੀ ਵਿੱਚ ਜੀਵ ਦੀ ਰੱਖਿਆ ਕੀਤੀ ਦਾ ਜ਼ਿਕਰ ਹੈ। ਡਾ. ਭਾਈ ਵੀਰ ਸਿੰਘ ਜੀ ਨੇ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ ਦੇ ਪੰਨਾ ੩੨੭੦ 'ਤੇ, ਇਸ ਪੰਗਤੀ ਦਾ ਅਰਥ ਇਸ ਤਰ੍ਹਾਂ ਕੀਤਾ ਹੈ—

ਨਿਰੁਕ੍ਤ–ਆਦਿ ਮਧਿ ਅਰੁ ਅੰਤਿ–ਪਹਿਲੇ ਸਮੇਂ ਸਤਿਯੁਗ ਵਿਚ, ਵਿਚਲੇ ਸਮੇਂ ਤ੍ਰੇਤਾ ਤੇ ਦ੍ਵਾਪਰ ਵਿਚ ਤੇ ਹੁਣ ਅੰਤਲੇ ਅਰਥਾਤ ਕਲਯੁਗ ਦੇ ਸਮੇਂ।

## ਪ੍ਰਮੇਸ਼ਰ ਨੇ ਰੱਖਿਆ ਕੀਤੀ ਹੈ

ਇਸ ਸਿਧਾਂਤ ਅਨੁਸਾਰ ਵਿਚਾਰ ਕਰੀਏ। ਸਾਰੇ ਸਮਿਆਂ ਵਿਚ ਤੇ ਸਾਰੇ ਥਾਵਾਂ ਵਿਚ ਜੋ ਪੂਰਨ ਹੋਵੇਗਾ ਉਹੀ 'ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ॥' ਰੱਖਿਆ ਕਰਿ ਸਕਦਾ ਹੈ। ਉਸ ਦੀ ਤਿੰਨਾਂ ਕਾਲਾਂ ਵਿਚ ਪੂਰਨਤਾਈ ਦੇ ਸਬੰਧ ਵਿਚ ਹਜੂਰ ਦੇ ਅੰਮ੍ਰਿਤ ਬਚਨ ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹਨ—

*"ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ॥"* (ਅੰਗ ੭੦੫)

*"ਸਲੋਕੁ॥ ਆਦਿ ਸਚੁ ਜੁਗਾਦਿ ਸਚੁ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ॥"* (ਸੁਖਮਨੀ ਸਾਹਿਬ)

*"ਆਦਿ ਮਧਿ ਅੰਤਿ ਪ੍ਰਭੁ ਸੋਈ, ਕਹੁ ਨਾਨਕ ਸਾਚੁ ਬੀਚਾਰੋ॥'* (ਅੰਗ ੧੨੧੫)

*"ਆਦਿ ਮਧਿ ਅੰਤਿ ਪ੍ਰਭੁ ਸੋਈ॥ ਨਾਨਕ ਤਿਸੁ ਬਿਨੁ ਅਵਰੁ ਨ ਕੋਈ॥"* (ਅੰਗ ੭੬੦)

*"ਆਦਿ ਅੰਤੇ ਮਧਿ ਸੋਈ ਗੁਰ ਪ੍ਰਸਾਦੀ ਜਾਨਿਆ॥"* (ਅੰਗ ੪੫੮)

*"ਆਦਿ ਮਧਿ ਅੰਤਿ ਪ੍ਰਭੁ ਸੋਈ ਸੁੰਦਰ ਗੁਰ ਗੋਪਾਲਾ॥"* (ਅੰਗ ੪੫੪)

ਇਸੇ ਤਰ੍ਹਾਂ ਤਿੰਨ ਕਾਲ ਸੱਤ ਤੇ ਪੂਰਨ ਰੱਖਿਅਕ ਜਾਣ ਕੇ ਅਤੇ ਭੂਤਕਾਲ ਵਿਚ ਕੀਤੀ ਰੱਖਿਆ ਦੀ ਯਾਦ ਕਰਾ ਕੇ ਭੱਟਾਂ ਨੇ ਕਲਜੁਗ ਵਿਚ ਆਪਣੀ 'ਦਾਸ ਕੀ ਲਾਜ' ਕਹਿ ਕੇ ਰੱਖਿਆ ਦੀ ਬੇਨਤੀ ਇਸ ਤਰ੍ਹਾਂ ਕੀਤੀ ਹੈ—

*"ਅਬ ਰਾਖਹੁ ਦਾਸ ਭਾਟ ਕੀ ਲਾਜ॥*
*ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ, ਹਰਨਾਖਸ ਫਾਰੇ ਕਰ ਆਜ॥*
*ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ, ਛੀਨਤ ਬਸਤ੍ਰ ਦੀਨ ਬਹੁ ਸਾਜ॥*

***ਸੋਦਾਮਾ ਅਪਦਾ ਤੇ ਰਾਖਿਆ, ਗਨਿਕਾ ਪੜ੍ਹਤ ਪੂਰੇ ਤਿਹ ਕਾਜ॥***
***ਸ੍ਰੀ ਸਤਿਗੁਰ ਸੁਪ੍ਰਸੰਨ ਕਲਜੁਗ ਹੋਇ, ਰਾਖਹੁ ਦਾਸ ਭਾਟ ਕੀ ਲਾਜ॥੮॥੧੨॥"***

(ਅੰਗ ੧੪੦੦)

ਸਤਿਜੁਗ ਅੰਦਰ ਭਗਤ ਪ੍ਰਹਿਲਾਦ ਦੀ ਰੱਖਿਆ ਦਾ ਪ੍ਰਸੰਗ ਵਿਚਾਰਨਾ ਕਰੀਏ। ਗੁਰੂ ਅਰਜਨ ਦੇਵ ਜੀ ਦੇ ਪਵਿੱਤ੍ਰ ਬਚਨ ਹਨ—

***"ਪ੍ਰਹਲਾਦ ਰਖੀ ਹਰਿ ਪੈਜ ਆਪ॥"*** (ਅੰਗ ੧੧੯੨)

## ਸਾਖੀ-ਭਗਤ ਪ੍ਰਹਿਲਾਦ ਦੀ

ਭਗਤ ਪ੍ਰਹਿਲਾਦ ਦੀ ਜੀਵਨ ਗਾਥਾ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਕਥਨ ਕੀਤੀ ਹੈ:

***"ਘਰਿ ਹਰਣਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ॥***
***ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ॥***
***ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ॥***
***ਭਗਤਿ ਕਰਨਿ ਸਭ ਚਾਟੜੇ ਪਾਂਧੇ ਹੋਇ ਰਹੇ ਵਿਸਮਾਦੁ॥***
***ਰਾਜੇ ਪਾਸਿ ਰੂਆਇਆ ਦੋਖੀ ਦੈਤਿ ਵਧਾਇਆ ਵਾਦੁ॥***
***ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ॥***
***ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ॥***
***ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ॥***
***ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ॥***
***ਜੈ ਜੈ ਕਾਰ ਕਰਨਿ ਬ੍ਰਹਮਾਦਿ॥੨॥"***

(ਵਾਰ ੧੦, ਪਉੜੀ ੨)

ਭਗਤ ਪ੍ਰਹਿਲਾਦ ਜੀ ਨੂੰ ਬਾਲ ਅਵਸਥਾ 'ਚ ਉਨ੍ਹਾਂ ਦੇ ਸੰਸਾਰੀ ਪਿਤਾ ਰਾਜੇ ਹਰਣਾਖਸ਼ ਨੇ ਪ੍ਰਭੂ-ਵਿਸ਼ਵਾਸ ਤੋਂ ਥਿੜਕਾਉਣ ਲਈ ਆਪਣੀ ਸਾਰੀ ਸਿਆਣਪ ਅਤੇ ਤਾਕਤ ਵਰਤੀ। ਰਾਜੇ ਹਰਣਾਖਸ਼ ਦਾ ਸਾਥ ਉਸ ਦੀ ਸੱਕੀ ਭੈਣ ਹੋਲਕਾ ਵੱਲੋਂ ਵੀ ਦਿੱਤਾ ਗਿਆ। ਅਕਸਰ ਭੂਆ ਆਪਣੇ ਭਤੀਜੇ-ਭਤੀਜੀਆਂ ਦੀ ਸੁਖ ਮੰਗਦੀਆਂ ਹਨ, ਪਰ ਦੁਸ਼ਟ ਭਰਾ ਦੀ ਦੁਸ਼ਟ ਭੈਣ ਭਤੀਜੇ ਨੂੰ ਜਾਨੋਂ ਮਾਰਨ ਵਾਸਤੇ ਪੂਰੀ ਮਦਦ ਕਰਦੀ ਹੈ। ਹੋਲਕਾ ਭਗਤ ਪ੍ਰਹਿਲਾਦ ਨੂੰ ਗੋਦੀ ਚੁੱਕ ਕੇ ਬਲਦੀਆਂ ਲੱਕੜਾਂ ਅੰਦਰ ਬੈਠ ਗਈ। ਹੋਲਕਾ ਸ਼ਿਵ ਜੀ ਦੀ ਉਪਾਸ਼ਕ ਸੀ। ਉਹਨੂੰ ਭਰੋਸਾ ਸੀ ਕਿ ਮੈਨੂੰ ਸ਼ਿਵ ਜੀ ਵੱਲੋਂ ਵਰ ਪ੍ਰਾਪਤ ਹੈ ਕਿ ਜਿਹੜਾ ਦੁਪੱਟਾ ਮੇਰੇ ਸਿਰ 'ਤੇ ਹੈ, ਇਹ ਮੈਨੂੰ ਸੜਨ ਨਹੀਂ ਦੇਵੇਗਾ, ਪਰ ਹੋਇਆ ਇਸ ਦੇ ਉਲਟ। ਉਹੀ ਦੁਪੱਟਾ ਪ੍ਰਹਿਲਾਦ

ਦੇ ਉਪਰ ਜਾ ਪਿਆ। ਪ੍ਰਮਾਤਮਾ ਦੇ ਚਰਨਾਂ ਨਾਲ ਜੁੜੇ ਪ੍ਰਹਿਲਾਦ ਜੀ ਦੀ ਅਗਨੀ ਅੰਦਰ ਰੱਖਿਆ ਹੋਈ ਅਤੇ ਸ਼ਿਵ ਉਪਾਸ਼ਕ ਹੋਲਕਾ ਸੜ ਗਈ। ਹੋਲਕਾ ਦੇ ਸੜਨ ਦੀ ਖ਼ੁਸ਼ੀ 'ਚ ਹੋਲੀ ਦਾ ਤਿਉਹਾਰ ਬਣਿਆ, ਕਿ ਪ੍ਰਮਾਤਮਾ ਭਗਤਾਂ ਦੀ ਸਦਾ ਰਖਵਾਲੀ ਕਰਦਾ ਹੈ। ਹਰਨਾਖਸ਼ ਨੇ ਪ੍ਰਹਿਲਾਦ ਨੂੰ ਖ਼ਤਮ ਕਰਨ ਲਈ ਜਲ ਵਿਚ ਡੋਬਣ ਦਾ ਯਤਨ ਕੀਤਾ ਅਤੇ ਅੱਗ ਵਿਚ ਸਾੜਨ ਦਾ ਤਰੀਕਾ ਵਰਤਿਆ ਪਰ ਪ੍ਰਮੇਸ਼ਰ ਨੇ ਪ੍ਰਹਿਲਾਦ ਦੀ ਰੱਖਿਆ ਕੀਤੀ। ਜਿਸ ਵੇਲੇ ਵਾਹਿਗੁਰੂ ਜੀ ਨੇ ਜਲ ਵਿਚ ਡੁੱਬਣ ਤੇ ਅੱਗ ਵਿਚ ਸੜਨ ਅਤੇ ਤਪਦੇ ਥੰਮ੍ਹ ਨਾਲ ਜੱਫੀ ਪਾਉਣ ਸਮੇਂ ਰੱਖਿਆ ਕੀਤੀ ਤਾਂ ਕਰੋਧ ਵਿਚ ਆ ਕੇ ਹਰਨਾਖਸ਼ ਨੇ ਪ੍ਰਹਿਲਾਦ ਨੂੰ ਮਾਰਨ ਵਾਸਤੇ ਤਲਵਾਰ ਕੱਢ ਲਈ ਤੇ ਕਿਹਾ, ਹੁਣ ਦਸ ਤੇਰੀ ਰੱਖਿਆ ਕੌਣ ਕਰੇਗਾ? ਬੱਸ ਉਸੇ ਸਮੇਂ ਵਾਹਿਗੁਰੂ ਜੀ ਨਰਸਿੰਘ ਰੂਪ ਧਾਰਕੇ ਪ੍ਰਹਿਲਾਦ ਦੀ ਰੱਖਿਆ ਵਾਸਤੇ ਪ੍ਰਗਟ ਹੋ ਆਏ। ਪੁਰਾਣਕ ਗ੍ਰੰਥਾਂ ਅਨੁਸਾਰ ਹਰਣਾਖਸ਼ ਦੇ ਸਦਾ ਜੀਂਦੇ ਰਹਿਣ ਵਾਸਤੇ ਲਏ ਵਰ, ਸਾਰੇ ਪੂਰੇ ਕਰਕੇ ਨੌਂਹਾਂ ਨਾਲ ਪਾੜ ਕੇ ਖ਼ਤਮ ਕਰ ਦਿੱਤਾ। ਇਸ ਪ੍ਰਕਾਰ ਹਰਣਾਖਸ਼ ਨੂੰ ਵਾਹਿਗੁਰੂ ਜੀ ਨੇ ਸਜ਼ਾ ਦੇ ਕੇ ਆਪਣੇ ਕ੍ਰਿਪਾਲੂ ਬਿਰਦ ਦਾ ਪ੍ਰਗਟਾਅ ਕੀਤਾ। ਗੁਰੂ ਅਮਰਦਾਸ ਜੀ ਨੇ ਪ੍ਰਮਾਤਮਾ ਦੇ ਬਿਰਦ ਅਤੇ ਭਗਤ ਦੀ ਰੱਖਿਆ ਨੂੰ ਦਰਸਾਇਆ ਹੈ :

***"ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥"***

(ਸੋਰਠਿ ਮਹਲਾ ੩, ਅੰਗ ੬੩੭)

ਗੁਰੂ ਰਾਮਦਾਸ ਜੀ ਨੇ ਵੀ ਅਕਾਲ ਪੁਰਖ ਜੀ ਦੇ ਭਗਤਾਂ ਪ੍ਰਤੀ ਪ੍ਰੇਮ ਤੇ ਰੱਖਿਆ ਕਰਨ ਦੇ ਦਰਸ਼ਨ ਕਰਵਾਏ ਹਨ :

***"ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥"***

(ਆਸਾ ਮਹਲਾ, ੪, ਅੰਗ ੪੫੧)

ਦੂਸਰਾ ਇਸ ਸਵੱਈਏ ਅੰਦਰ ਦੁਆਪਰ ਯੁੱਗ ਵਿਚ ਦ੍ਰੋਪਤੀ ਨੂੰ ਕੌਰਵਾਂ ਵਲੋਂ ਨਗਨ ਕਰਨ ਮੌਕੇ ਰੱਖਿਆ ਕਰਨ, ਪੜਦਾ ਕੱਜਨ ਦਾ ਜ਼ਿਕਰ ਭੱਟਾਂ ਨੇ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਇਸ ਸਬੰਧ ਵਿਚ ਪਵਿੱਤ੍ਰ ਬਚਨ ਆਏ ਹਨ।

***"ਬਸਤ੍ਰ ਛੀਨਤ ਦ੍ਰੋਪਤੀ ਰਖੀ ਲਾਜ॥"*** (ਅੰਗ ੧੧੯੨)

## ੨. ਸਾਖੀ—ਦ੍ਰੋਪਤੀ ਦੀ

ਦ੍ਰੋਪਤੀ-ਰਾਜਾ ਦ੍ਰੁਪਦ ਦੀ ਪੁਤਰੀ ਜੋ ਪੰਜ ਪਾਂਡਵਾਂ ਨੂੰ ਵਿਆਹੀ ਸੀ। ਜਦ ਦ੍ਰੋਪਤੀ ਜਵਾਨ ਹੋਈ ਤਾਂ ਰਾਜਾ ਦ੍ਰੁਪਦ ਨੇ ਇਸ ਦੇ ਵਿਆਹ ਲਈ ਸੁਅੰਬਰ ਰਚਿਆ, ਜਿਸ ਵਿਚ ਮੱਛੀ ਦੀ ਅੱਖ ਦਾ ਅਕਸ ਵੇਖ ਕੇ, ਨਿਸ਼ਾਨਾ ਬਣਾਉਣਾ ਸੀ। ਇਸ ਰਚੇ ਸੁਅੰਬਰ ਸਮੇਂ ਪਾਂਡਵ ਵੀ ਪਹੁੰਚੇ ਸਨ। ਅਰਜੁਨ ਨੇ ਨਿਸ਼ਾਨਾ

ਵਿੰਨ੍ਹ ਕੇ ਦ੍ਰੋਪਤੀ ਪ੍ਰਾਪਤ ਕੀਤੀ। ਜਿਸ ਵੇਲੇ ਪਾਂਡਵ ਦ੍ਰੋਪਤੀ ਨੂੰ ਲੈ ਕੇ ਆਪਣੀ ਮਾਤਾ ਕੁੰਤੀ ਪਾਸ ਪਹੁੰਚੇ ਤਾਂ ਮਾਤਾ ਕੁੰਤੀ ਨੂੰ ਅਰਜਨ ਨੇ ਕਿਹਾ ਕਿ ਮਾਂ ਅੱਜ ਇਕ ਅਦਭੁੱਤ ਵਸਤੂ ਲਿਆਂਦੀ ਹੈ। ਅੱਗੋਂ ਮਾਤਾ ਕੁੰਤੀ ਨੇ ਬਿਨਾ ਦੇਖਿਆਂ ਹੀ ਕਿਹਾ, ਪੁੱਤਰ ਅਦਭੁੱਤ ਵਸਤੂ ਨੂੰ ਪੰਜੇ ਭਰਾ ਬਰਾਬਰ ਵੰਡ ਲਵੋ। ਇਸ ਦਾ ਫਲ ਸਰੂਪ ਦ੍ਰੋਪਤੀ ਪੰਜਾਂ ਪਾਂਡਵਾਂ ਦੀ ਸਾਂਝੀ ਪਤਨੀ ਬਣੀ।

ਦੁਰਯੋਧਨ ਨੇ ਯੁਧਿਸ਼ਟਰ ਨੂੰ ਜੂਏ ਵਿਚ ਹਰਾ ਕੇ ਉਸ ਦਾ ਰਾਜ ਭਾਗ, ਧਨ ਦੌਲਤ ਸਭ ਕੁਝ ਜਿੱਤ ਲਿਆ। ਇਥੋਂ ਤੱਕ ਕਿ ਦ੍ਰੋਪਤੀ ਵੀ ਹਾਸਲ ਕਰ ਲਈ। ਦੁਸ਼ਾਸਨ ਨੇ ਦ੍ਰੋਪਦੀ ਨੂੰ ਨਗਨ ਕਰਨ ਵਾਸਤੇ ਕੇਸੋਂ ਪਕੜ ਕੇ ਭਰੇ ਦਰਬਾਰ ਵਿਚ ਖਿਚ ਲਿਆਂਦਾ। ਬਸਤ੍ਰ ਉਤਾਰਨੇ ਸ਼ੁਰੂ ਕੀਤੇ, ਭਰੇ ਇਕੱਠ ਵਿਚ ਪਾਂਡਵਾਂ ਨੇ ਨੀਵੀਂ ਪਾ ਲਈ। ਉਸ ਸਮੇਂ ਦ੍ਰੋਪਤੀ ਨੇ ਅੱਖਾਂ ਮੀਟ ਕੇ ਭਗਵਾਨ ਦਾ ਧਿਆਨ ਧਰਕੇ ਰੋਂਦਿਆਂ ਬੇਨਤੀ ਕੀਤੀ।

***"ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ॥"***

(ਭਾਈ ਗੁਰਦਾਸ ਜੀ)

ਦ੍ਰੋਪਤੀ ਦੀ ਇਕਾਗਰ ਮਨ ਹੋ ਕੇ ਕੀਤੀ ਬੇਨਤੀ ਭਗਵਾਨ ਨੇ ਸੁਣ ਲਈ। ਐਸੀ ਰੱਖਿਆ ਕੀਤੀ ਕਿ ਦੂਤ ਸਾੜ੍ਹੀ ਉਤਾਰਦੇ ਥੱਕ ਗਏ, ਪਰ ਦ੍ਰੋਪਤੀ ਨੂੰ ਨਗਨ ਨਹੀਂ ਕਰ ਸਕੇ। ਇਸ ਸਾਰੇ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਅੰਦਰ ਇਸ ਤਰ੍ਹਾਂ ਦਰਸਾਇਆ ਹੈ।

***"ਅੰਦਰਿ ਸਭਾ ਦੁਸਾਸਣੈ ਮਥੇਵਾਲਿ ਦ੍ਰੋਪਤੀ ਆਂਦੀ।***
***ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।***
***ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨਾ ਦੀ।***
***ਅਖੀ ਮੀਟ ਧਿਆਨੁ ਧਰਿ ਹਾਹਾ ਕ੍ਰਿਸਨ ਕਰੈ ਬਿਲਲਾਂਦੀ।***
***ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।***
***ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।***
***ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।***
***ਨਾਥ ਅਨਾਥਾਂ ਬਾਣਿ ਧੁਰਾਂ ਦੀ॥ ੮॥"*** **(ਵਾਰ ੧੦, ਪਉੜੀ ੮)**

ਪਿਛੇ ਸਤਿਜੁਗ, ਦ੍ਵਾਪਰ ਆਦਿ ਜੁਗਾਂ ਅੰਦਰ ਵਾਹਿਗੁਰੂ ਜੀ ਦੇ ਰੱਖਿਆ ਕਰਨ ਸਬੰਧੀ ਵਿਸਥਾਰ ਸਹਿਤ ਪੜ੍ਹ ਲਿਆ ਹੈ, ਹੋਰ ਵਿਸਥਾਰ ਦੇ ਡਰ ਕਾਰਨ ਹੋਰ ਪ੍ਰਸੰਗ ਨਹੀਂ ਦੇ ਰਹੇ, ਕਿਉਂਕਿ ਰੱਖਿਆ ਸਬੰਧੀ ਬੇਅੰਤ ਸਾਖੀਆਂ ਗੁਰਇਤਿਹਾਸ ਅੰਦਰ ਅੰਕਿਤ ਹਨ।

## ਗੁਰਬਾਣੀ ਦੇ ਪ੍ਰਮਾਣ

*ਜਨ ਕੀ ਪੈਜ ਸਵਾਰੀ ਆਪ॥*
*ਹਰਿ ਹਰਿ ਨਾਮੁ ਦੀਓ ਗੁਰਿ ਅਵਖਧੁ ਉਤਰਿ ਗਇਓ ਸਭੁ ਤਾਪ॥ ੧॥ ਰਹਾਉ॥*
*ਹਰਗੋਬਿੰਦੁ ਰਖਿਓ ਪਰਮੇਸਰਿ ਅਪੁਨੀ ਕਿਰਪਾ ਧਾਰਿ॥*
*ਮਿਟੀ ਬਿਆਧਿ ਸਰਬ ਸੁਖ ਹੋਏ ਹਰਿ ਗੁਣ ਸਦਾ ਬੀਚਾਰਿ॥ ੧॥*
*ਅੰਗੀਕਾਰੁ ਕੀਓ ਮੇਰੈ ਕਰਤੈ ਗੁਰ ਪੂਰੇ ਕੀ ਵਡਿਆਈ॥*
*ਅਬਿਚਲ ਨੀਵ ਧਰੀ ਗੁਰ ਨਾਨਕ ਨਿਤ ਨਿਤ ਚੜੈ ਸਵਾਈ॥ ੨॥"*

(ਅੰਗ ੫੦੦)

*"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ॥*
*ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਤੇ॥ ੬॥"*

(ਅੰਗ ੧੩੫੪)

*"ਸਿਰ ਮਸ੍ਤਕ ਰਖੵਾ ਪਾਰਬ੍ਰਹਮੰ ਹਸ੍ਤ ਕਾਯਾ ਰਖੵਾ ਪਰਮੇਸ੍ਵਰਹ॥*
*ਆਤਮ ਰਖੵਾ ਗੋਪਾਲ ਸੁਆਮੀ ਧਨ ਚਰਣ ਰਖੵਾ ਜਗਦੀਸ੍ਵਰਹ॥*
*ਸਰਬ ਰਖੵਾ ਗੁਰ ਦਯਾਲਹ ਭੈ ਦੂਖ ਬਿਨਾਸਨਹ॥*
*ਭਗਤਿ ਵਛਲ ਅਨਾਥ ਨਾਥੇ ਸਰਣਿ ਨਾਨਕ ਪੁਰਖ ਅਚੁਤਹ॥ ੫੨॥"*

(ਸਹਿਸਕ੍ਰਿਤੀ ੧੩੫੮)

ਸੋਰਠਿ ਮਃ ੫॥

*"ਜੀਅ ਜੰਤ੍ਰ ਸਭਿ ਤਿਸ ਕੇ ਕੀਏ ਸੋਈ ਸੰਤ ਸਹਾਈ॥*
*ਅਪੁਨੇ ਸੇਵਕ ਕੀ ਆਪੇ ਰਾਖੈ ਪੂਰਨ ਭਈ ਬਡਾਈ॥੧॥*
*ਪਾਰਬ੍ਰਹਮੁ ਪੂਰਾ ਮੇਰੈ ਨਾਲਿ॥*
*ਗੁਰ ਪੂਰੈ ਪੂਰੀ ਸਭ ਰਾਖੀ ਹੋਏ ਸਰਬ ਦਇਆਲ॥੧॥ ਰਹਾਉ॥*
*ਅਨਦਿਨੁ ਨਾਨਕੁ ਨਾਮੁ ਧਿਆਏ ਜੀਅ ਪ੍ਰਾਨ ਕਾ ਦਾਤਾ॥*
*ਅਪੁਨੇ ਦਾਸ ਕਉ ਕੰਠਿ ਲਾਇ ਰਾਖੈ ਜਿਉ ਬਾਰਿਕ ਪਿਤ ਮਾਤਾ॥ ੨॥"*

(ਅੰਗ ੬੨੧)

ਸੋਰਠਿ ਮਃ ੫॥

*ਠਾਢਿ ਪਾਈ ਕਰਤਾਰੇ॥ ਤਾਪੁ ਛੋਡਿ ਗਇਆ ਪਰਵਾਰੇ॥*
*ਗੁਰ ਪੂਰੈ ਹੈ ਰਾਖੀ॥ ਸਰਣ ਸਚੇ ਕੀ ਤਾਕੀ॥੧॥ ਪਰਮੇਸਰੁ ਆਪਿ ਹੋਆ ਰਖਵਾਲਾ॥*

*ਸਾਂਤਿ ਸਹਜ ਸੁਖ ਖਿਨ ਮਹਿ ਉਪਜੇ ਮਨੁ ਹੋਆ ਸਦਾ ਸੁਖਾਲਾ॥ ਰਹਾਉ॥*
*ਹਰਿ ਹਰਿ ਨਾਮ ਦੀਓ ਦਾਰੂ॥ ਤਿਨ ਸਗਲਾ ਰੋਗ ਬਿਦਾਰੂ॥*
*ਅਪਣੀ ਕਿਰਪਾ ਧਾਰੀ॥ ਤਿਨਿ ਸਗਲੀ ਬਾਤ ਸਵਾਰੀ॥੨॥*
*ਪ੍ਰਭਿ ਅਪਨਾ ਬਿਰਦੁ ਸਮਾਰਿਆ॥ ਹਮਰਾ ਗੁਣੁ ਅਵਗੁਣੁ ਨ ਬੀਚਾਰਿਆ॥*
*ਗੁਰ ਕਾ ਸਬਦੁ ਭਇਓ ਸਾਖੀ॥ ਤਿਨਿ ਸਗਲੀ ਲਾਜ ਰਾਖੀ॥ ੩॥"*

(ਅੰਗ ੬੨੨)

*"ਹਰਿ ਹਰਿ ਦੀਓ ਸੇਵਕ ਕਉ ਨਾਮ॥*
*ਮਾਨਸੁ ਕਾ ਕੋ ਬਪੁਰੋ ਭਾਈ ਜਾ ਕੋ ਰਾਖਾ ਰਾਮ॥੧॥ ਰਹਾਉ॥*
*ਆਪਿ ਮਹਾ ਜਨੁ ਆਪੇ ਪੰਚਾ ਆਪਿ ਸੇਵਕ ਕੈ ਕਾਮ॥*
*ਆਪੇ ਸਗਲੇ ਦੂਤ ਬਿਦਾਰੇ ਠਾਕੁਰ ਅੰਤਰਜਾਮ॥੧॥*
*ਆਪੇ ਪਤਿ ਰਾਖੀ ਸੇਵਕ ਕੀ ਆਪਿ ਕੀਓ ਬੰਧਾਨ॥*
*ਆਦਿ ਜੁਗਾਦਿ ਸੇਵਕ ਕੀ ਰਾਖੈ ਨਾਨਕ ਕੋ ਪ੍ਰਭੁ ਜਾਨ॥੨॥"*

(ਅੰਗ ੧੨੧੬)

ਸਲੋਕ ਮਃ ੫ ॥ਆਦਿ ਮਧਿ ਅਰੁ ਅੰਤਿ ਪਰਮੇਸਰਿ ਰਖਿਆ॥ ਸਤਿਗੁਰਿ ਦਿੱਤਾ ਹਰਿ ਨਾਮੁ ਅੰਮ੍ਰਿਤੁ ਚਖਿਆ॥ਸਾਧਾ ਸੰਗੁ ਅਪਾਰੁ ਅਨਦਿਨੁ ਹਰਿ ਗੁਣ ਰਵੈ॥ਪਾਏ ਮਨੋਰਥ ਸਭਿ ਜੋਨੀ ਨਹ ਭਵੈ॥ਸਭੁ ਕਿਛੁ ਕਰਤੇ ਹਥਿ ਕਾਰਣੁ ਜੋ ਕਰੈ॥ ਨਾਨਕੁ ਮੰਗੈ ਦਾਨੁ ਸੰਤਾ ਧੂਰਿ ਤਰੈ॥੧॥

**ਪਦ ਅਰਥ** :-ਆਦਿ-ਆਦਿ ਕਾਲ ਵਿਚ। ਮਧਿ-ਵਿਚਕਾਰਲੇ ਸਮੇਂ ਵਿਚ। ਅੰਤਿ-ਅੰਤ ਵਿਚ। ਆਦਿ ਮਧਿ ਅਰੁ ਅੰਤਿ-ਪਹਿਲੇ ਸਮੇਂ ਸਤਿਜੁਗ ਵਿਚ, ਵਿਚਲੇ ਸਮੇਂ ਤ੍ਰੇਤਾ ਤੇ ਦੁਆਪਰ ਵਿਚ ਤੇ ਹੁਣ ਅੰਤਲੇ ਅਰਥਾਤ ਕਲਿਜੁਗ ਦੇ ਸਮੇਂ ਵਿਚ। ਇਹ ਅਰਥ ਡਾ. ਭਾਈ ਵੀਰ ਸਿੰਘ ਜੀ ਨੇ ਕੀਤੇ ਹਨ। (ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਪੋਥੀ ੭ ਪੰਨਾ ੩੨੭੦) ਸਤਿਗੁਰਿ-ਸਤਿਗੁਰਾਂ ਨੇ। ਰਵੈ-ਉਚਾਰਨ ਕਰਦਾ ਹੈ। ਸਭਿ-ਸਾਰੇ।

**ਅਰਥ** :-ਆਦਿ ਕਾਲ ਵਿਚ, ਵਿਚਕਾਰਲੇ ਸਮੇਂ ਵਿਚ ਤੇ ਅੰਤ ਵਿਚ ਭਾਵ ਅਖ਼ੀਰਲੇ ਸਮੇਂ ਵਿਚ (ਆਪਣੇ ਸੇਵਕਾਂ ਦੀ) ਪ੍ਰਮੇਸਰੁ ਨੇ ਰੱਖਿਆ ਕੀਤੀ ਹੈ। ਫੇਰ ਉਨ੍ਹਾਂ (ਸੇਵਕਾਂ ਨੂੰ) ਸਤਿਗੁਰਾਂ ਨੇ ਹਰੀ ਨਾਮ ਦਿੱਤਾ ਹੈ (ਸੇਵਕ ਜਨਾਂ ਨੇ) ਨਾਮ ਅੰਮ੍ਰਿਤ ਦੇ ਰਸ ਦਾ, ਚਖਿਆ-ਸੁਆਦ ਲੈਣ ਕੀਤਾ ਹੈ। ਸਤ ਪੁਰਸ਼ਾਂ ਦੀ ਸੰਗਤ ਨਾਲ ਮਿਲ ਕੇ ਜੋ ਮਨੁੱਖ, ਅਨਦਿਨ-ਰਾਤ ਦਿਨ, ਅਪਾਰੁ-ਪਾਰਾਵਾਰ ਤੋਂ ਰਹਿਤ ਵਾਹਿਗੁਰੂ ਜੀ ਦੇ ਗੁਣਾਂ ਦਾ ਉਚਾਰਨ ਕਰਦਾ ਹੈ। ਉਸ ਮਨੁੱਖ ਨੇ ਸਾਰੇ ਮਨੋਰਥ-ਮਨ ਇੱਛਤ ਪਦਾਰਥ ਪਾ ਲਏ ਹਨ

ਅਤੇ (ਉਹ ਮਨੁੱਖ) ਮੁੜ ਕੇ ਜੂਨੀਆਂ ਵਿਚ, ਨਹ ਭਵੈ-ਭਰਮਣ ਨਹੀਂ ਕਰਦਾ। ਸਭ ਕੁਛ ਉਸ ਕਰਤੇ ਦੇ ਹੱਥ ਵਿਚ ਹੈ, (ਉਹ ਪ੍ਰਭੂ) ਸਭ ਕਾਰਣ ਕਾਰਜਾਂ ਦੇ ਕਰਨ ਵਾਲਾ ਹੈ (ਜੋ) ਕਾਰਣ (ਕਰਨਾ ਚਾਹੇ) ਬਣਾ ਦਿੰਦਾ ਹੈ। ਨਾਨਕ ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਸੰਤਾਂ ਦੀ ਧੂੜੀ ਨੂੰ ਪਾ ਕੇ (ਪਾਪੀ ਜੀਵ ਵੀ) ਸੰਸਾਰ ਸਾਗਰ ਤੋਂ ਤਰ ਜਾਂਦਾ ਹੈ (ਉਸ ਧੂੜੀ) ਦਾ ਦਾਨ ਵਾਹਿਗੁਰੂ ਜੀ ਆਪ ਜੀ ਪਾਸੋਂ ਮੰਗਦਾ ਹਾਂ॥੧॥

**ਮ: ੫॥ ਤਿਸ ਨੋ ਮੰਨਿ ਵਸਾਇ ਜਿਨਿ ਉਪਾਇਆ॥ ਜਿਨਿ ਜਨਿ ਧਿਆਇਆ ਖਸਮੁ ਤਿਨਿ ਸੁਖੁ ਪਾਇਆ॥ ਸਫਲੁ ਜਨਮੁ ਪਰਵਾਨੁ ਗੁਰਮੁਖਿ ਆਇਆ॥ ਹੁਕਮੈ ਬੁਝਿ ਨਿਹਾਲੁ ਖਸਮਿ ਫੁਰਮਾਇਆ॥ ਜਿਸੁ ਹੋਆ ਆਪਿ ਕ੍ਰਿਪਾਲੁ ਸੁ ਨਹ ਭਰਮਾਇਆ॥ ਜੋ ਜੋ ਦਿਤਾ ਖਸਮਿ ਸੋਈ ਸੁਖੁ ਪਾਇਆ॥ ਨਾਨਕ ਜਿਸਹਿ ਦਇਆਲੁ ਬੁਝਾਏ ਹੁਕਮੁ ਮਿਤ॥ ਜਿਸਹਿ ਭੁਲਾਏ ਆਪਿ ਮਰਿ ਮਰਿ ਜਮਹਿ ਨਿਤ॥੨॥**

**ਪਦ ਅਰਥ** :-ਉਪਾਇਆ-ਪੈਦਾ ਕੀਤਾ ਹੈ। ਜਿਨਿ-ਜਿਨ੍ਹਾਂ। ਜਨਿ-ਪੁਰਸ਼ਾਂ ਨੇ। ਧਿਆਇਆ-ਧਿਆਉਣਾ ਕੀਤਾ। ਖਸਮੁ-ਮਾਲਕ ਭਾਵ ਸੁਆਮੀ ਨੂੰ। ਹੁਕਮੈ ਬੁਝਿ-ਹੁਕਮ ਨੂੰ ਸਮਝ ਕੇ। ਨਿਹਾਲੁ-ਦੁੱਖਾਂ ਤੋਂ ਰਹਿਤ ਹੋ ਗਿਆ। ਖਸਮਿ-ਮਾਲਕ ਨੇ ਭਾਵ ਵਾਹਿਗੁਰੂ ਜੀ ਨੇ। ਬੁਝਾਏ-ਸਮਝਾ ਦਿੰਦਾ ਹੈ। ਮਿਤ-ਮਿਤਰ (ਅਥਵਾ) ਸੰਪ੍ਰਦਾਈ ਅਰਥ, ਮਿਤ-ਮਰਯਾਦਾ ਕੀਤਾ ਹੈ।

**ਅਰਥ** :-ਹੇ ਸਿੱਖ! ਉਸ (ਵਾਹਿਗੁਰੂ ਜੀ) ਨੂੰ ਮਨ ਵਿਚ ਵਸਾਉਣਾ ਕਰ ਜਿਸ ਨੇ ਸਾਰਾ ਸੰਸਾਰ ਪੈਦਾ ਕੀਤਾ ਹੈ। ਜਿਨ੍ਹਾਂ ਪੁਰਸ਼ਾਂ ਨੇ (ਮਾਲਕ) ਵਾਹਿਗੁਰੂ ਜੀ ਨੂੰ ਧਿਆਉਣਾ ਕੀਤਾ ਹੈ (ਉਹਨਾਂ ਪੁਰਸ਼ਾਂ) ਨੇ ਸੁਖ ਪ੍ਰਾਪਤ ਕੀਤਾ ਹੈ। (ਉਹ) ਗੁਰਮੁਖ ਹੈ, ਉਸ ਦਾ ਜਨਮ ਸਫਲ ਹੋ ਗਿਆ, ਉਸ ਦਾ (ਸੰਸਾਰ ਵਿਚ) ਆਉਣਾ, ਪਰਵਾਨੁ-ਕਬੂਲ ਪੈ ਗਿਆ। ਜੋ ਮਾਲਕ ਨੇ ਫੁਰਮਾਇਆ-ਹੁਕਮ ਕੀਤਾ ਹੈ, ਉਸ ਹੁਕਮ ਨੂੰ ਸਮਝ ਕੇ (ਸੇਵਕ) ਦੁੱਖਾਂ ਤੋਂ ਰਹਿਤ ਹੋ ਗਿਆ ਹੈ। ਜਿਸ ਸੇਵਕ ਉਪਰ ਉਹ ਆਪ ਕ੍ਰਿਪਾਲੂ ਹੋ ਗਿਆ ਹੈ, (ਉਹ) ਫੇਰ ਜੂਨਾਂ ਦੇ (ਭਰਮਣ) ਗੇੜ ਵਿਚ ਪਾ ਕੇ ਨਹੀਂ ਭਰਮਾਇਆ ਜਾਂਦਾ। (ਉਸ ਨੂੰ) ਜੋ ਜੋ ਸੁਖ ਮਾਲਕ ਨੇ ਦਿੱਤਾ ਹੈ, (ਉਹੀ ਸੁਖ) ਉਸ ਨੇ ਪਾਇਆ ਹੈ। ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਉਪਰ ਵਾਹਿਗੁਰੂ ਜੀ ਦਿਆਲੂ ਹੁੰਦਾ ਹੈ, (ਉਸ ਸੇਵਕ ਨੂੰ) ਹੁਕਮ ਮੰਨਣ ਦੀ ਮਰਯਾਦਾ ਸਮਝਾ ਦਿੰਦਾ ਹੈ। ਜਿਸ ਨੂੰ (ਉਹ) ਆਪ ਭੁਲਾ ਦਿੰਦਾ ਹੈ, (ਉਹ ਮਨੁੱਖ) ਹਮੇਸ਼ਾ ਮਰ ਮਰ ਕੇ ਜੰਮਦਾ ਰਹਿੰਦਾ ਹੈ। ੨।

**ਪਉੜੀ॥ ਨਿੰਦਕ ਮਾਰੇ ਤਤਕਾਲਿ ਖਿਨੁ ਟਿਕਣ ਨ ਦਿਤੇ॥ ਪ੍ਰਭ ਦਾਸ ਕਾ ਦੁਖੁ ਨ ਖਵਿ ਸਕਹਿ ਫੜਿ ਜੋਨੀ ਜੁਤੇ॥ ਮਥੇ ਵਾਲਿ ਪਛਾੜਿਅਨੁ ਜਮ ਮਾਰਗਿ ਮੁਤੇ॥ ਦੁਖਿ ਲਗੈ ਬਿਲਲਾਣਿਆ ਨਰਕਿ ਘੋਰਿ ਸੁਤੇ॥ ਕੰਠਿ ਲਾਇ ਦਾਸ ਰਖਿਅਨੁ ਨਾਨਕ ਹਰਿ ਸਤੇ॥੨੦॥**

**ਪਦ ਅਰਥ :**–ਤਤਕਾਲਿ–ਸ਼ੀਘਰ ਹੀ। ਨ ਖਵਿ ਸਕਹਿ–ਸਹਾਰ ਨਹੀਂ ਸਕਦੇ। ਜੋਨੀ ਜੁਤੇ–ਜੂਨਾਂ ਵਿਚ ਪਾ ਦਿੱਤੇ। ਮਥੇ ਵਾਲਿ–ਸਿਰ ਦੇ ਵਾਲਾਂ ਤੋਂ (ਫੜ ਕੇ)। ਪਛਾੜਿਅਨੁ–ਧਰਤੀ 'ਤੇ ਪਟਕਾ ਕੇ ਮਾਰੇ ਉਸ ਪ੍ਰਭੂ ਨੇ। ਜਮ ਮਾਰਗਿ–ਜਮਾਂ ਦੇ ਰਸਤੇ ਨੂੰ। ਮੁਤੇ–ਭੇਜ ਦਿੱਤਾ। ਦੁਖਿ ਲਗੈ–ਦੁੱਖ ਵਾਪਰਦੇ ਹਨ। ਬਿਲਲਾਣਿਆ–ਵਿਰਲਾਪ ਕਰਦੇ ਹਨ। ਨਰਕਿ ਘੋਰਿ–ਭਿਆਨਕ ਨਰਕਾਂ ਵਿਚ। ਸੁਤੇ–ਪਏ ਹੋਇਆਂ ਨੂੰ। ਸਤੇ–ਸਤਯ ਰੂਪ ਹਰੀ ਨੇ।

**ਅਰਥ :**–ਪ੍ਰਭੂ ਨੇ ਆਪਣੇ ਪਿਆਰਿਆਂ ਦੇ ਨਿੰਦਕ ਸ਼ੀਘਰ ਹੀ ਮਾਰ ਦਿੱਤੇ, ਛਿਨ ਭਰ ਦਾ ਸਮਾਂ ਵੀ ਨਿੰਦਕ, ਟਿਕਣ–ਰਹਿਣ ਨਹੀਂ ਦਿੱਤੇ। ਪ੍ਰਭੂ ਜੀ ਆਪਣੇ ਦਾਸ–ਸੇਵਕ ਦਾ ਦੁੱਖ ਸਹਾਰ ਨਹੀਂ ਸਕਦੇ, ਇਸ ਲਈ ਨਿੰਦਕ ਫੜ ਕੇ ਜੂਨਾਂ ਵਿਚ ਪਾ ਦਿੱਤੇ ਹਨ। ਵਾਹਿਗੁਰੂ ਜੀ ਨੇ (ਨਿੰਦਕ) ਸਿਰ ਦੇ ਵਾਲਾਂ ਤੋਂ ਫੜ ਕੇ ਧਰਤੀ 'ਤੇ ਪਟਕਾ ਕੇ ਮਾਰੇ ਤੇ ਜਮਾਂ ਦੇ ਰਸਤੇ ਨੂੰ ਭੇਜ ਦਿੱਤੇ ਹਨ। ਭਿਆਨਕ ਨਰਕਾਂ ਵਿਚ ਪਏ ਹੋਇਆਂ ਨੂੰ ਦੁੱਖ ਵਾਪਰਦੇ ਹਨ ਤੇ ਵਿਰਲਾਪ ਕਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਸਤਯ ਸਰੂਪ ਹਰੀ ਨੇ ਆਪਣੇ ਸੇਵਕ ਆਪਣੇ ਗਲੇ ਨਾਲ ਲਾ ਕੇ ਰੱਖ ਲਏ ਹਨ ਭਾਵ ਦੁੱਖਾਂ ਤੋਂ ਬਚਾ ਲਏ ਹਨ।੨੦।

## ਟੀਕਾਕਾਰਾਂ ਦੇ ਅਰਥ ਭੇਦ

***"ਆਦਿ ਮਧਿ ਅਰੁ ਅੰਤਿ ਪ੍ਰਮੇਸਰਿ ਰਖਿਆ॥"***

੧. ਆਦਿ ਵਿਚ, ਵਿਚਕਾਰਲੇ ਸਮੇਂ ਵਿਚ ਤੇ ਅੰਤ ਵਿਚ ਪ੍ਰਮੇਸਰੁ ਨੇ ਰੱਖਿਆ ਕੀਤੀ।

(ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਭਾਈ ਵੀਰ ਸਿੰਘ ਜੀ)

੨. (ਹੇ ਭਾਈ!) ਪ੍ਰਮੇਸ਼ਰ ਨੇ ਆਦਿ (ਬਾਲ ਅਵਸਥਾ ਵਿਚ), ਮਧਿ (ਜੁਆਨੀ ਵਿਚ), ਅੰਤਿ (ਬਿਰਧ ਅਵਸਥਾ ਵਿਚ ਸਦਾ ਹੀ) ਰੱਖਿਆ ਕੀਤੀ। (ਦਰਸਨ ਨਿਰਣੈ, ਗਿ: ਹਰਬੰਸ ਸਿੰਘ ਜੀ)

੩. ਵਿਘਨਾਂ ਵਿਕਾਰਾਂ ਤੋਂ ਪ੍ਰਮੇਸ਼ਰ ਨੇ ਆਪ (ਆਪਣੇ ਸੇਵਕ ਨੂੰ) ਸਦਾ ਹੀ ਬਚਾਇਆ ਹੈ।

(ਦਰਪਣ, ਡਾ: ਸਾਹਿਬ ਸਿੰਘ ਜੀ)

੪. ਆਦਿ–ਬਾਲਕ ਅਵਸਥਾ, ਮਧਿ–ਵਿਚਾਲੇ, ਜੋਬਨ ਅਵਸਥਾ ਅਤੇ ਅੰਤਿ–ਬਿਰਧ ਅਵਸਥਾ ਵਿਚ ਅਸਾਂ ਨੂੰ ਪਰਮੇਸ਼ਰ ਨੇ ਹੀ ਰੱਖਣਾ ਕੀਤਾ ਹੈ। (ਅਮੀਰ ਭੰਡਾਰ, ਸੰਤ ਗਿ: ਕਿਰਪਾਲ ਸਿੰਘ ਜੀ)

੫. ਹੇ ਜੀਵ ! ਆਦਿ–ਬਾਲਕ ਅਵਸਥਾ, ਮਧਿ–ਵਿਚਕਾਰਲੀ ਭਾਵ ਜੁਆਨੀ ਅਵਸਥਾ, ਤੇ ਅੰਤਿ–ਬੁਢਾਪੇ ਦੀ ਅਵਸਥਾ ਤਿੰਨੇ ਅਵਸਥਾ ਵਿਚ ਵਾਹਿਗੁਰੂ ਨੇ ਹੀ ਰੱਖਿਆ ਕੀਤੀ ਹੈ।

(ਗੁਰਵਾਕ ਚਾਨਣ, ਸੰਤ ਹਰੀ ਸਿੰਘ ਜੀ ਰੰਧਾਵਾ)

## ਵਿਆਖਿਆ ਤੇ ਸਾਰੰਸ਼

ਸ਼ਬਦ ਦੇ ਅਰੰਭ ਵਿਚ ਜੋ ਸਵੱਈਆ ਦਿੱਤਾ ਹੈ।

''ਅਬ ਰਾਖਹੁ ਦਾਸ ਭਾਟ ਕੀ ਲਾਜ॥'' ਇਸ ਸਵੱਈਏ ਅੰਦਰ ਰੱਖਿਆ ਸਬੰਧੀ ਜੋ ਨਾਮ ਆਏ ਹਨ, ਭਗਤ ਪ੍ਰਹਿਲਾਦ ਜੀ ਤੇ ਦ੍ਰੋਪਤੀ ਦਾ ਪ੍ਰਸੰਗ ਆਰੰਭ ਵਿਚ ਦਿੱਤਾ ਗਿਆ ਹੈ। ਬਾਕੀ ਸੁਦਾਮੇ ਦਾ ਤੇ ਗਨਿਕਾ ਦਾ ਨਾਮ ਆਇਆ ਹੈ। ਇਹ ਪ੍ਰਸੰਗ ਸੰਖੇਪ ਰੂਪ ਵਿਚ ਇਥੇ ਦੇ ਰਹੇ ਹਾਂ ਅਤੇ ਸ੍ਰੀ ਮੁਖਵਾਕ ਦੀ ਪਉੜੀ ਅੰਦਰ ਨਿੰਦਕਾਂ ਦਾ ਸ਼ੀਘਰ ਨਾਸ਼ ਕਰਨਾ ਤੇ ਪ੍ਰਭੂ ਜੀ ਆਪਣੇ ਪਿਆਰੇ ਦਾਸਾਂ ਦਾ ਦੁੱਖ ਸਹਿ ਨਹੀਂ ਸਕਦਾ। ਵਾਹਿਗੁਰੂ ਜੀ ਦਾਸਾਂ ਨੂੰ ਗਲੇ ਨਾਲ ਲਾ ਕੇ ਰੱਖਿਆ ਕਰਦਾ ਦਰਸਾਇਆ ਹੈ।

ਪਿਛਲੇ ਪ੍ਰਸੰਗ ਅਨੁਸਾਰ ੧. ਪ੍ਰਹਿਲਾਦ ਜੀ, ੨. ਦ੍ਰੋਪਤੀ ਦਾ ਪ੍ਰਸੰਗ ਸੀ, ੩. ਤੀਸਰਾ ਜ਼ਿਕਰ ਸਵੱਈਏ ਵਿਚ ਸੁਦਾਮੇ ਦਾ ਕੀਤਾ ਹੈ। ਇਸ ਪ੍ਰਸੰਗ ਨੂੰ ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਇਸ ਤਰ੍ਹਾਂ ਦਿੱਤਾ ਹੈ—

*''ਬਿਪੁ ਸੁਦਾਮਾ ਦਾਲਿਦੀ ਬਾਲ ਸਖਾਈ ਮਿਤ੍ਰ ਸਦਾਏ।*
*ਲਾਗੂ ਹੋਈ ਬਾਮ੍ਹਣੀ ਮਿਲਿ ਜਗਦੀਸ ਦਲਿਦ੍ਰ ਗਵਾਏ।*
*ਚਲਿਆ ਗਣਦਾ ਗਟੀਆਂ ਕਿਉਕਰਿ ਜਾਈਐ ਕਉਣੁ ਮਿਲਾਏ।*
*ਪਹੁਤਾ ਨਗਰਿ ਦੁਆਰਕਾ ਸਿੰਘ ਦੁਆਰਿ ਖਲੋਤਾ ਜਾਇ।*
*ਦੂਰਹੁ ਦੇਖਿ ਡੰਡਉਤਿ ਕਰਿ ਛਡਿ ਸਿੰਘਾਸਣੁ ਹਰਿ ਜੀ ਆਏ।*
*ਪਹਿਲੇ ਦੇ ਪਰਦਖਣਾ ਪੈਰੀ ਪੈ ਕੇ ਲੈ ਗਲਿ ਲਾਇ।*
*ਚਰਣੋਦਕੁ ਲੈ ਪੈਰ ਧੋਇ ਸਿੰਘਾਸਣੁ ਉਤੇ ਬੈਠਾਏ।*
*ਪੁਛੇ ਕੁਸਲੁ ਪਿਆਰੁ ਕਰਿ ਗੁਰ ਸੇਵਾ ਦੀ ਕਥਾ ਸੁਣਾਏ।*
*ਲੈ ਕੇ ਤੰਦੁਲ ਚਬਿਓਨੁ ਵਿਦਾ ਕਰੇ ਅਗੈ ਪਹੁਚਾਏ।*
*ਚਾਰ ਪਦਾਰਥ ਸਕੁਚਿ ਪਠਾਏ॥੯॥''* (ਵਾਰ ੧੦, ਪਉੜੀ ੯)

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਬੰਧ ਵਿਚ ਅੰਮ੍ਰਿਤ ਬਚਨ ਇਸ ਤਰ੍ਹਾਂ ਉਚਾਰਨ ਕੀਤੇ ਹਨ—

*''ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥ ੨॥''* (ਅੰਗ ੧੧੯੨)

ਇਹ ਦੁਆਪਰ ਯੁਗ ਦੀ ਕਥਾ ਹੈ। ਸ੍ਰੀ ਕ੍ਰਿਸ਼ਨ ਜੀ ਤੇ ਸੁਦਾਮਾ ਦੋਵੇਂ ਸੰਦੀਪਨ ਗੁਰੂ ਪਾਸ ਇਕੱਠੇ ਪੜ੍ਹਦੇ ਸਨ। ਸਮੇਂ ਨਾਲ ਸ੍ਰੀ ਕ੍ਰਿਸ਼ਨ ਜੀ ਦੁਆਰਕਾ ਰਾਜ ਗੱਦੀ 'ਤੇ ਬੈਠੇ, ਇਸ ਕਰਕੇ ਮਹਾਰਾਜਾ ਸਾਹਿਬ ਤੇ ਸ੍ਰੀ ਕ੍ਰਿਸ਼ਨ ਭਗਵਾਨ ਕਰਕੇ ਪ੍ਰਸਿੱਧ ਹੋਏ। ਸੁਦਾਮੇ ਦੇ ਘਰਵਾਲੀ ਨੇ ਗ਼ਰੀਬੀ ਤੋਂ ਛੁਟਕਾਰਾ ਪ੍ਰਾਪਤ ਕਰਨ

ਲਈ ਆਪਣੇ ਪਤੀ ਨੂੰ ਸ੍ਰੀ ਕ੍ਰਿਸ਼ਨ ਪਾਸ ਜਾਣ ਲਈ ਪ੍ਰੇਰਿਤ ਕੀਤਾ। ਸੁਦਾਮਾ ਘਰੋਂ ਬਹੁਤ ਗ਼ਰੀਬ ਬ੍ਰਾਹਮਣ ਸੀ। ਕ੍ਰਿਸ਼ਨ ਜੀ ਲਈ ਭੇਟ ਕਰਨ ਵਾਸਤੇ ਭੁੰਨੇ ਹੋਏ ਚਾਵਲ ਲੈ ਕੇ ਸੁਦਾਮਾ ਚਲ ਪਿਆ। ਰਸਤੇ ਵਿਚ ਸੋਚਦਾ ਜਾਂਦਾ ਹੈ ਕਿ ਮੇਰੇ ਫਟੇ ਹੋਏ ਮੈਲੇ ਕਪੜੇ ਹਨ, ਭਗਵਾਨ ਰਾਜ ਤਖ਼ਤ ਦੇ ਮਾਲਕ ਹਨ। ਮੈਂ ਕਿਸ ਤਰ੍ਹਾਂ ਜਾ ਕੇ ਮਿਲਾਂਗਾ ? ਕੀ ਮੈਨੂੰ ਪਛਾਣ ਲੈਣਗੇ ਕਿ ਇਕੱਠੇ ਪੜ੍ਹਦੇ ਰਹੇ ਹਾਂ ? ਜਦ ਇਸ ਤਰ੍ਹਾਂ ਸੋਚਦਾ ਦੁਆਰ ਪਾਸ ਪਹੁੰਚਿਆ ਤਾਂ ਅਗੋਂ ਸਿੰਘਾਸਣ ਛੱਡ ਕੇ ਖ਼ੁਦ ਸ੍ਰੀ ਕ੍ਰਿਸ਼ਨ ਜੀ ਸੁਦਾਮੇ ਨੂੰ ਲੈਣ ਆਏ। ਸਤਿਕਾਰ ਦਿੱਤਾ ਤੇ ਇਕੱਠੇ ਪੜ੍ਹਨ ਸਮੇਂ ਦੀਆਂ ਯਾਦਾਂ ਤਾਜ਼ਾ ਕੀਤੀਆਂ। ਸੁਦਾਮਾ ਚਾਵਲ ਦੇਣ ਤੋਂ ਭਾਵੇਂ ਸੰਕੋਚ ਕਰਦਾ ਸੀ, ਪਰ ਸ੍ਰੀ ਕ੍ਰਿਸ਼ਨ ਜੀ ਨੇ ਆਪ ਮੰਗ ਕੇ ਲਏ ਤੇ ਬੜੇ ਪਿਆਰ ਸਹਿਤ ਚਾਵਲ ਖਾਂਦਿਆਂ, ਬਿਲਾਸ ਕਰਦਿਆਂ ਸੁਦਾਮੇ ਨੂੰ ਨਿਵਾਜਿਆ। ਜਦ ਸੁਦਾਮਾ ਜੀ ਵਾਪਸ ਘਰ ਆਏ ਸਨ ਤਾਂ ਕੁਟੀਆ ਦੀ ਥਾਂ ਸੁੰਦਰ ਮਹੱਲ ਵੇਖ ਕੇ ਅਸਚਰਜ ਰਹਿ ਗਏ ਸਨ। ਇਸ ਲਈ ਹਜ਼ੂਰ ਨੇ ਇਹ ਅੰਮ੍ਰਿਤ ਬਚਨ ਉਚਾਰ ਕੇ ਸਾਨੂੰ ਨਾਮ ਜਪਣ ਵਾਸਤੇ ਪ੍ਰੇਰਿਆ ਸੀ—

***"ਬਿਪ੍ਰ ਸੁਦਾਮੇ ਦਾਲਦੁ ਭੰਜ॥ ਰੇ ਮਨ ਤੂ ਭੀ ਭਜੁ ਗੋਬਿੰਦ॥"***

(ਅੰਗ ੧੧੯੨)

ਵਿਸਥਾਰ ਤੋਂ ਡਰਦਿਆਂ ਪ੍ਰਸੰਗ ਨੂੰ ਸਾਖੀ ਦਾ ਰੂਪ ਨਹੀਂ ਦਿੱਤਾ।

੪. ਚੌਥਾ ਨਾਮ ਸਵੱਈਏ ਅੰਦਰ ਗਨਿਕਾ ਦਾ ਆਇਆ ਹੈ, ਗਨਕਾ ਨਾਮ ਵੇਸਵਾ ਦਾ ਹੈ। ਗਨਕਾ ਦੋ ਹੋਈਆਂ ਹਨ ਗੁਰਬਾਣੀ ਅਨੁਸਾਰ।

੧. ਇਕ ਗਨਿਕਾ ਪਿੰਗਲਾ ਸੀ, ਜੋ ਜਨਕ ਪੁਰੀ ਵਿਚ ਰਾਜਾ ਜਨਕ ਜੀ ਦੀ ਰਾਜਧਾਨੀ ਦੇ ਰਹਿਣ ਵਾਲੀ ਸੀ। ਇਕ ਰਾਤ ਇਸ ਨੂੰ ਕੋਈ ਕਾਮੀ ਪੁਰਖ ਨਾ ਮਿਲਿਆ। ਅੱਧੀ ਰਾਤ ਉਡੀਕ ਵਿਚ ਮੰਦ ਭਾਵਨਾ ਧਾਰਦੇ ਵਿਭਚਾਰੀ ਪੁਰਸ਼ ਦੀ ਇੰਤਜ਼ਾਰ ਬੀਤ ਗਈ। ਵੈਰਾਗ ਹੋ ਗਿਆ, ਪਛਤਾਵਾ ਕੀਤਾ। ਸੋਚਿਆ ਮਨਾ, ਜੇ ਇਤਨਾ ਸਮਾਂ ਪ੍ਰਮੇਸ਼ਰ ਨੂੰ ਯਾਦ ਕਰਦੀ ਤਾਂ ਤਰ ਜਾਣਾ ਸੀ। ਬੱਸ ਏਹੀ ਦਿਨ ਸੀ, ਮੰਦ ਕਰਮ ਸਦਾ ਲਈ ਤਿਆਗ ਕੇ ਬੰਦਗੀ ਵਿਚ ਜੁੜ ਗਈ। ਉੱਚ ਪਦਵੀ ਨੂੰ ਪ੍ਰਾਪਤ ਹੋਈ। ਇਸੇ ਨੂੰ ਦੱਤਾ-ਤ੍ਰੇਯ ਜੀ ਨੇ ਗੁਰੂ ਕਲਪਿਆ ਸੀ। ਇਸ ਗਨਿਕਾ ਪਿੰਗਲਾ ਦੇ ਸਬੰਧ ਵਿਚ ਹਜੂਰ ਦੇ ਅੰਮ੍ਰਿਤ ਬਚਨ ਹਨ—

***"ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥"***

(ਅੰਗ ੧੧੨੪)

ਦੂਜੀ ਗਨਿਕਾ ਇਹ ਸੀ ਜਿਸ ਦਾ ਜ਼ਿਕਰ ਸਵੱਈਏ ਅੰਦਰ ਆਇਆ ਹੈ। ਇਸ ਨੂੰ ਇਕ ਸਾਧੂ ਨੇ ਤੋਤਾ ਦੇ ਕੇ ਹਰੀ ਨਾਮ ਪੜ੍ਹਾਵਣ ਦਾ ਉਪਦੇਸ਼ ਦਿੱਤਾ ਸੀ। ਇਹ ਨਾਮ ਅਭਿਆਸ ਵਿਚ ਲਗ ਕੇ ਪ੍ਰਪੱਕ ਹੋ ਗਈ ਸੀ। ਪੰਚਮ ਗੁਰਦੇਵ ਨੇ ਇਸ ਸਬੰਧ ਵਿਚ ਅੰਮ੍ਰਿਤ ਬਚਨ ਇਸ ਤਰ੍ਹਾਂ ਉਚਾਰਨ ਕੀਤੇ ਹਨ—

***"ਗਨਿਕਾ ਉਧਰੀ ਹਰਿ ਕਹੈ ਤੋਤ॥"***

(ਅੰਗ ੧੧੯੨)

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਵੀ ਇਸ ਤਰ੍ਹਾਂ ਸੋਰਠਿ ਰਾਗੁ ਵਿਚ ਉਚਾਰਨ ਕੀਤਾ ਹੈ—

***"ਮਨ ਰੇ ਪ੍ਰਭ ਕੀ ਸਰਨਿ ਬਿਚਾਰੋ॥***
***ਜਿਹ ਸਿਮਰਤ ਗਨਕਾ ਸੀ ਉਧਰੀ ਤਾ ਕੋ ਜਸੁ ਉਰ ਧਾਰੋ॥ ੧॥ ਰਹਾਉ॥"***

(ਅੰਗ ੬੩੨)

ਭਾਈ ਗੁਰਦਾਸ ਜੀ ਨੇ ਇਸ ਸਬੰਧ ਵਿਚ ਇਕ ਪਉੜੀ ਕਹੀ ਹੈ।

***"ਗਨਿਕਾ ਪਾਪਣਿ ਹੋਇ ਕੈ ਪਾਪਾਂ ਦਾ ਗਲਿ ਹਾਰੁ ਪਰੋਤਾ।***
***ਮਹਾਂ ਪੁਰਖ ਆਚਾਣਚਕ ਗਨਿਕਾ ਵਾੜੇ ਆਏ ਖਲੋਤਾ।***
***ਦੁਰਮਤਿ ਦੇਖਿ ਦਇਆਲੁ ਹੋਇ ਹਥਹੁ ਉਸ ਨੋ ਦਿਤੋਨੁ ਤੋਤਾ।***
***ਰਾਮ ਨਾਮੁ ਉਪਦੇਸੁ ਕਰਿ ਖੇਲਿ ਗਇਆ ਦੇ ਵਣਜੁ ਸਓਤਾ।***
***ਲਿਵ ਲਗੀ ਤਿਸੁ ਤੋਤਿਅਹੁ ਨਿਤ ਪੜ੍ਹਾਏ ਕਰੈ ਅਸੋਤਾ।***
***ਪਤਿਤੁ ਉਧਾਰਣੁ ਰਾਮ ਨਾਮੁ ਦੁਰਮਤਿ ਪਾਪ ਕਲੇਵਰੁ ਧੋਤਾ।***
***ਅੰਤਿਕਾਲਿ ਜਮ ਜਾਲੁ ਤੋੜਿ ਨਰਕੈ ਵਿਚਿ ਨ ਖਾਧੁ ਸੁ ਗੋਤਾ।***
***ਗਈ ਬੈਕੁੰਠਿ ਬਿਬਾਣਿ ਚੜਿ ਨਾਉਂ ਨਰਾਇਣੁ ਛੋਤਿ ਅਛੋਤਾ।***
***ਥਾਉਂ ਨਿਥਾਵੇਂ ਮਾਣੁ ਮਣੋਤਾ॥੨੧॥"***

(ਵਾਰ ੧੦, ਪਉੜੀ ੨੧)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੧੦ (ਅੰਗ ੫੨੫)

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ ੧ਓ ਸਤਿਗੁਰ ਪ੍ਰਸਾਦਿ॥ ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥ ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਾ ਕਾਹੇ ਭਇਆ ਸੰਨਿਆਸੀ॥੧॥ਭਰਮੇ ਭੂਲੀ ਰੇ ਜੈ ਚੰਦਾ॥ਨਹੀ ਨਹੀ ਚੀਨਿ੍ਆ ਪਰਮਾਨੰਦਾ॥੧॥ ਰਹਾਉ॥ ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥ ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥੨॥ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥ ਲਖ ਚਉਰਾਸੀਹ ਜਿਨਿ੍ ਉਪਾਈ ਸੋ ਸਿਮਰਹੁ ਨਿਰਬਾਣੀ॥ ੩॥ ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥ ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥੪॥੧॥

## ਪ੍ਰਾਕ੍ਰਥਨ :-

੧. ਭਗਤ ਤ੍ਰਿਲੋਚਨ ਜੀ ਦਾ ਜਨਮ ੧੨੬੯ ਈ: ਜਾਂ ੧੨੬੭ ਈ: ਦਾ ਲਿਖਿਆ ਮਿਲਦਾ ਹੈ। ਜਨਮ ਅਸਥਾਨ ਪਿੰਡ ਵਾਰਸੀ, ਸ਼ੋਲ੍ਹਾਪੁਰ, ਮਹਾਰਾਸ਼ਟਰ ਵਿਚ ਹੋਇਆ। ਭਾਈ ਗੁਰਦਾਸ ਜੀ ਅਨੁਸਾਰ ਭਗਤ ਨਾਮਦੇਵ ਜੀ ਦੇ ਸੰਗੀ ਸਾਥੀ ਸਨ ਭਗਤ ਤ੍ਰਿਲੋਚਨ ਜੀ।

*"ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।*
*ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।*
*ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।*
*ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੇਂ ਤ੍ਰਿਲੋਚਨੁ ਪਾਵੈ।*
*ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।*
*ਹਥ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।*
*ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।*
*ਹੋਇ ਵਿਚੋਲਾ ਆਣਿ ਮਿਲਾਵੈ॥੧੨॥"* (ਵਾਰ ੧੦, ਪਉੜੀ ੧੨)

ਭਗਤ ਕਬੀਰ ਜੀ ਨੇ ਸਲੋਕਾਂ ਵਿਚ ਭਗਤ ਨਾਮਦੇਵ ਜੀ ਤੇ ਤ੍ਰਿਲੋਚਨ ਜੀ ਦੀ ਪ੍ਰਸ਼ਨੋਤਰੀ ਇਸ ਤਰ੍ਹਾਂ ਦਰਸਾਈ ਹੈ—

*"ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥"*
*"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥'*

(ਅੰਗ ੧੩੭੫)

ਗੁਰਬਾਣੀ ਅੰਦਰ ਆਪ ਜੀ ਦੇ ਚਾਰ ਸ਼ਬਦ ਆਏ ਹਨ। ਹੋਰ ਵਿਸਥਾਰ ਸਾਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ 'ਸ਼ਬਦ ਗੁਰੂ ਗੁਰ ਜਾਣੀਐ'।

੨. ਦੂਸਰਾ ਤ੍ਰਿਲੋਚਨ ਬ੍ਰਾਹਮਣ ਸੀ, ਜਿਸ ਨੇ ਭਗਤ ਧੰਨਾ ਜੀ ਨੂੰ ਪੱਥਰ ਦਿੱਤਾ ਸੀ। ਇਹ ਬ੍ਰਾਹਮਣ ਤ੍ਰਿਲੋਚਨ ਪੱਥਰ ਦੇਣ ਵਾਲਾ ਪਾਖੰਡੀ ਸੀ। ਇਹ ਮੁਖਵਾਕ ਸ਼ਬਦ ਭਗਤ ਤਿਲ੍ਰੋਚਨ ਜੀ ਦਾ ਹੈ। ਇਸ ਵਿਚ ਭਗਤ ਜੀ ਨੇ ਭੇਖੀ ਉਦਾਸੀ, ਸੰਨਿਆਸੀ ਤੇ ਕੰਨਪਾਟੇ ਜੋਗੀ ਅਤੇ ਕਾਪੜੀਆ ਭੇਖ ਦੇ ਧਾਰਣ ਵਾਲੇ ਇਤਿਆਦਿ ਪਖੰਡ ਦਾ ਖੰਡਨ ਕੀਤਾ ਹੈ। ਸੰਪ੍ਰਦਾਈ ਪਰੰਪਰਾ ਅਨੁਸਾਰ ਇਕ ਪਖੰਡੀ ਜੈ ਚੰਦ ਬ੍ਰਾਹਮਣ ਜੋ ਪਖੰਡੀ ਭੇਖੀਆਂ ਦਾ ਹਾਮੀ ਸੀ। ਰਹਾਉ ਦੀ ਪੰਗਤੀ ਤੋਂ ਉਸ ਜੈ ਚੰਦ ਬ੍ਰਾਹਮਣ ਨੂੰ ਸੰਬੋਧਨ ਕਰਕੇ

ਉਪਦੇਸ਼ ਦਿੱਤਾ ਦਰਸਾਇਆ ਹੈ।

ਇਸ ਸ਼ਬਦ ਦੇ ਆਦਿ ਵਿਚ ਮੰਗਲ ਹੈ, "ੴ ਸਤਿਗੁਰ ਪ੍ਰਸਾਦਿ॥"

੧=ਇਕ ਅਦੁੱਤੀ ਬ੍ਰਹਮ। ਓ=ਸਰਬ ਦਾ ਪ੍ਰਕਾਸ਼ਕ। ਸਤਿ=ਤਿੰਨ ਕਾਲ ਸਤਿ ਸਰੂਪ। ਗੁਰ=ਚੇਤਨ ਅਤੇ ਪ੍ਰਸਾਦਿ=ਅਨੰਦ ਸਰੂਪ।

ਸ਼ਬਦ ਦੀ ਪਹਿਲੀ ਪੰਗਤੀ ਹੈ,

***"ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥***

"ਅੰਤਰਿ ਮਲਿ=ਅੰਦਰ ਨੂੰ, ਮਨ ਨੂੰ ਤੇ ਅੰਤਸ਼ਕਰਣ ਨੂੰ ਮੈਲ ਲੱਗੀ ਹੋਈ ਹੈ। ਇਸ ਸਬੰਧ ਵਿਚ ਹਜ਼ੂਰ ਦਾ ਫੁਰਮਾਨ ਹੈ—

***"ਮਨਿ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥***
***ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥"*** (ਅੰਗ ੩੯)

***"ਅੰਤਰਿ ਮੈਲੁ ਤੀਰਥ ਭਰਮੀਜੈ॥ਮਨੁ ਨਹੀ ਸੂਚਾ ਕਿਆ ਸੋਚ ਕਰੀਜੈ॥"*** (ਅੰਗ ੯੦੫)

## ਮਨਿ ਮੈਲੈ ਸਭੁ ਕਿਛੁ ਮੈਲਾ

ਪਰ ਇਹ ਗੱਲ ਮਨੁੱਖ ਕਿਵੇਂ ਕਹਿ ਦੇਵੇ ਕਿ ਮੇਰੇ ਮਨ ਨੂੰ ਮੈਲ ਲੱਗੀ ਹੋਈ ਹੈ। ਇਹ ਗੱਲ ਕਹਿਣ ਤੋਂ ਤਾਂ ਮਨੁੱਖ ਸੰਕੋਚ ਕਰਦਾ ਹੈ। ਭਾਵੇਂ ਉਹ ਆਨੰਤ ਮੈਲ ਨਾਲ ਹੀ ਲਿਬੜਿਆ ਕਿਉਂ ਨਾ ਹੋਵੇ।

ਤੁਸੀਂ ਕਈ ਇਹੋ ਜਿਹੇ ਮਨੁੱਖ ਵੀ ਦੇਖੋਗੇ ਕਿ ਜਿਹੜੇ ਅੰਦਰੋਂ ਬਾਹਰ ਨਿਕਲਦੇ ਹੀ ਨਹੀਂ, ਪਰ 'ਇਸ਼ਨਾਨ' ਤਾਂ ਉਹਨਾਂ ਨੂੰ ਵੀ ਕਰਨਾ ਪੈਂਦਾ ਹੈ। ਥੋੜੀ ਦੇਰ ਉਨ੍ਹਾਂ ਨੂੰ ਅਗਰ ਇਸੇ ਤਰ੍ਹਾਂ ਹੀ ਭਾਵ ਬਿਨਾਂ ਇਸ਼ਨਾਨ ਕੀਤੇ ਤੋਂ ਬੈਠਾਅ ਦਿੱਤਾ ਜਾਵੇ ਤਾਂ ਉਨ੍ਹਾਂ ਦੇ ਅੰਦਰੋਂ ਪਸੀਨਾ ਨਿਕਲਣਾ ਸ਼ੁਰੂ ਹੋ ਜਾਵੇਗਾ। ਭਾਵ ਕਿ ਜਿਹੜੀ ਮੈਲ ਹੈ, ਉਹ ਪਸੀਨੇ ਦੇ ਰੂਪ ਵਿਚ ਬਾਹਰ ਨਿਕਲਦੀ ਹੈ। ਸੋ ਮਨੁੱਖ ਦੇ ਅੰਦਰ ਹੀ ਇਤਨੀ ਮੈਲ ਹੈ ਕਿ ਇਸ ਦਾ ਕਥਨ ਕਰਨਾ ਹੀ ਬੜਾ ਕਠਿਨ ਹੈ। ਅਗਰ ਦੂਸਰੀਆਂ ਜੂਨਾਂ ਦੇ ਮੁਤਾਬਿਕ ਮਨੁੱਖਾ ਜੂਨ ਵੇਖੀਏ ਤਾਂ ਇਹ ਬਹੁਤ ਮਲੀਨ ਹੈ।

ਜੰਗਲ ਦੇ ਅੰਦਰ ਜਿਹੜੇ ਪੰਛੀ ਹਨ, ਕਦੇ ਉਹਨਾਂ ਅੰਦਰ ਮੈਲ ਪ੍ਰਗਟ ਹੋਈ ਹੈ ? ਕਦੇ ਉਹਨਾਂ ਨੂੰ ਨਹਾਉਣ ਦੀ ਲੋੜ ਪਈ ਹੈ ? ਅਗਰ ਕੋਈ ਵੀ ਪੰਛੀ ਨੂੰ ਤੁਸੀਂ ਫੜੋਗੇ ਤਾਂ ਉਸ ਤੋਂ ਤੁਹਾਨੂੰ ਕਿਸੇ ਵੀ ਪ੍ਰਕਾਰ ਦੀ ਬਦਬੂ ਨਹੀਂ ਆਵੇਗੀ, ਲੇਕਿਨ ਅਗਰ ਮਨੁੱਖ ਚਾਰ ਵੀ ਦਿਨ ਨਾ ਨਹਾਇਆ ਹੋਵੇ ਤਾਂ ਕੋਈ ਵੀ ਉਸ ਦੇ ਨੇੜੇ ਨਹੀਂ ਹੋ ਸਕੇਗਾ। ਦੂਜੇ ਦੀ ਤਾਂ ਗੱਲ ਛੱਡੋ, ਉਹ ਇਹ ਗੱਲ ਆਪ ਹੀ ਮਹਿਸੂਸ ਕਰੇਗਾ ਕਿ ਮੈਂ ਚਾਰ ਦਿਨ ਨਹਾਇਆ ਨਹੀਂ। ਅਗਰ ਇਹ ਸਵੇਰੇ ਇਸ਼ਨਾਨ ਨਾ ਕਰੇ ਤਾਂ ਵੀ ਇਸ ਕੋਲੋਂ ਬਦਬੂ ਆਉਣੀ ਸ਼ੁਰੂ ਹੋ ਜਾਵੇਗੀ। ਪਰ ਮਨੁੱਖ ਦੇ ਅੰਦਰ ਹੰਕਾਰ ਵੀ ਬਹੁਤ ਹੈ। ਆਨੰਤ ਜਨਮਾਂ ਦੀ ਮੈਲ ਇਸ

ਦੇ ਅੰਦਰ ਲੱਗੀ ਹੋਈ ਹੈ। ਇਸ ਨੇ ਜੋ ਪੂਰਬਲੇ ਜਨਮਾਂ ਵਿਚ ਪਾਪ ਕਰਮ ਕੀਤੇ ਹਨ, ਉਨ੍ਹਾਂ ਪਾਪਾਂ ਦੀ ਮੈਲ ਲੱਗੀ ਹੈ।

## ਪਾਪਾਂ ਦਾ ਨਿਰਣਾ

ਪਾਪ ਗ੍ਰੰਥਾਂ ਅੰਦਰ ਵੱਖ-ਵੱਖ ਰੂਪ ਵਿਚ ਦੱਸੇ ਹਨ। ਮਹਾਂਭਾਰਤ ਵਿਚ ਦੱਸ ਪਾਪ ਦੱਸੇ ਹਨ—੧. ਹਿੰਸਾ, ੨. ਚੋਰੀ, ੩. ਪਰ ਇਸਤਰੀ ਗਮਨ, ੪. ਝੂਠ, ੫. ਫਿੱਕਾ ਬੋਲ, ੬. ਚੁਗਲੀ, ੭. ਵਾਇਦਾ ਖ਼ਿਲਾਫ਼ੀ, ੮. ਬੁਰਾ ਚਿਤਾਵਨਾ, ੯. ਬੇਰਹਿਮੀ, ੧੦. ਪੁੰਨ-ਦਾਨ ਕਰਕੇ ਉਸ ਦੀ ਕਾਮਨਾ ਕਰਨੀ।

ਮਨੂੰ ਸਿੰਮਰਤੀ ਦੇ ੧੧ ਧਿਆਏ ਦੇ ਸਲੋਕ ੫੪ ਵਿਚ ਪੰਜ ਪਾਪ ਦੱਸੇ ਹਨ- ੧. ਸ਼ਰਾਬ ਪੀਣੀ, ੨. ਬ੍ਰਹਮ ਹੱਤਿਆ, ੩. ਚੋਰੀ, ੪. ਗੁਰੂ ਦੀ ਇਸਤਰੀ ਭੋਗਣੀ, ੫. ਇੰਨ੍ਹਾਂ ਪਾਪੀਆਂ ਨਾਲ ਮੇਲ ਕਰਨਾ।

ਬਾਈਬਲ ਵਿਚ ਸੱਤ ਪਾਪ ਦੱਸੇ ਹਨ—੧. ਅਭਿਮਾਨ, ੨. ਬਿਭਚਾਰ, ੩. ਈਰਖਾ, ੪. ਕਰੋਧ, ੫. ਲੋਭ, ੬. ਜੀਭ ਰਸ, ੭. ਆਲਸ।

ਰਹਿਤਨਾਮੇ ਅਨੁਸਾਰ ਚਾਰ ਬੱਜਰ ਕੁਰਹਿਤਾਂ ਚਾਰ ਪਾਪ ਹਨ। ਹੁੱਕਾ, ਹਜਾਮਤ, ਹਲਾਲੋ, ਹਰਾਮ ਭਾਵ ਜਗਤ ਜੂਠ ਤਮਾਖੂ ਸੇਵਨ, ਮੁੰਡਨ-ਰੋਮਾਂ ਦੀ ਬੇਅਦਬੀ, ਵਿਭਚਾਰ-ਪਰ ਇਸਤਰੀ ਗਮਨ, ਕੁੱਠਾ ਮਾਸ ਖਾਣਾ, ਪੰਜਵਾਂ ਸ਼ਰਾਬ ਪੀਣੀ ਹੈ।

## ਸਿੱਧਾਂ ਵੱਲੋਂ ਸਵਾਲ— ਜੀ ਮਨ ਕਿਸ ਤਰ੍ਹਾਂ ਟਿਕੇ

''ਸ੍ਰੀ ਗੁਰੂ ਨਾਨਕ ਦੇਵ ਜੀ'' ਦੀ ਹਜ਼ੂਰੀ ਦੇ ਅੰਦਰ ਇੱਕ ਵਾਰ ਸਿੱਧਾਂ ਨੇ ਬੇਨਤੀ ਕੀਤੀ। ਪਾਤਿਸ਼ਾਹ! ਮਨ ਸਥਿਤ ਨਹੀਂ ਹੁੰਦਾ। ਅਸੀਂ ਬੜੇ ਹੀ ਤਰ੍ਹਾਂ ਦਾ ਅਭਿਆਸ ਕਰ ਬੈਠੇ ਹਾਂ, ਪਰ ਮਨ ਟਿਕਦਾ ਨਹੀਂ। ਇਸ ਲਈ ਤੁਸੀਂ ਆਪ ਬਖ਼ਸ਼ਿਸ਼ ਕਰੋ ਤੇ ਆਪ ਹੀ ਰਹਿਮਤ ਕਰੋ। ਫਿਰ ਸਤਿਗੁਰੂ ਜੀ ਕਹਿਣ ਲੱਗੇ, ''ਸਿਧੋ, ਤੁਹਾਡੇ ਅੰਦਰ ਤਿੰਨ ਦੋਸ਼ਾ-ਰੂਪੀ'' ਮੈਲ ਲੱਗੀ ਹੋਈ ਹੈ। ਤੁਸੀਂ ਇਸ ਨੂੰ ਦੂਰ ਕਰੋ, ਫਿਰ ਤੁਹਾਡਾ ਮਨ ਆਪਣੇ ਆਪ ਹੀ ਟਿੱਕ ਜਾਵੇਗਾ। ਇਹ ਤਿੰਨ ਦੋਸ਼ਾ-ਰੂਪੀ ਮੈਲ ਹੈ 'ਮਲੁ', 'ਬਿਖੇਪ', 'ਆਵਰਣ' ਦੋਸ਼ ਹਨ।

''ਮਲੁ ਦੋਸ਼'' ਤੋਂ ਭਾਵ ਹੈ ਮਨੁੱਖ ਦੇ 'ਪੂਰਬਲੇ' ਜਨਮਾਂ ਦੀ ਮੈਲ ਇਸ ਮਨ ਨੂੰ ਲੱਗੀ ਹੋਈ ਹੈ।

***ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ॥***

(ਅੰਗ ੬੫੧)

ਆਨੰਤ ਜਨਮਾਂ ਦੇ ਬੁਰੇ ਕੰਮ ਭਾਵ ਕਿ ਜਿਹੜੇ ਪਾਪ ਇਸ ਨੇ ਕੀਤੇ ਹੋਏ ਹਨ, ਉਸ ਦੀ ਮੈਲ ਇਸ ਦੇ ਮਨ ਨੂੰ ਲੱਗੀ ਹੋਈ ਹੈ। ਫਿਰ ਸਿੱਧ ਪੁੱਛਣ ਲੱਗੇ ਕਿ ਇਸ ਦੀ ਨਵਿਰਤੀ ਕਿਵੇਂ ਹੋਵੇ? ਤਾਂ ਕਹਿਣ ਲੱਗੇ ਕਿ ਜਿਹੜਾ ਮਲ-ਦੋਸ਼ ਹੈ, ਉਸ ਦੀ ਨਵਿਰਤੀ ਵਿਦਵਾਨਾਂ ਨੇ 'ਨਿਸ਼ਕਾਮ ਕਰਮਾਂ' ਦੇ ਨਾਲ ਮੰਨਣਾ

ਕੀਤੀ ਹੈ। ਅਸੀਂ ਕਰਮ ਤਾਂ ਸਾਰੇ ਕਰਦੇ ਹਾਂ, ਲੇਕਿਨ ਜਿਹੜੀ ਸਾਡੇ ਮਨ ਨੂੰ ਮੈਲ ਲੱਗੀ ਹੋਈ ਹੈ, ਇਸ ਦੀ ਨਵਿਰਤੀ ਬਾਰੇ ਅਸੀਂ ਕਦੇ ਨਹੀਂ ਸੋਚਿਆ। ਨਿਸ਼ਕਾਮ ਤੋਂ ਭਾਵ ਹੈ ਕਾਮ-ਕਾਮਨਾ ਤੋਂ ਨਿਸ-ਰਹਿਤ ਹੋਣਾ। ਜਿਹੜੀ ਅਸੀਂ ਸੇਵਾ ਕਰਦੇ ਹਾਂ ਅਰਥਾਤ ਸੇਵਾ ਕਰਨੀ, ਸਿਮਰਨ ਕਰਨਾ, ਬਾਣੀ ਪੜ੍ਹਨੀ, ਇਸ ਵਿਚ ਕਾਮਨਾ ਨਾ ਹੋਵੇ ਅਤੇ ਅਸੀਂ ਆਪਣੇ ਮਨ ਦੇ ਅੰਦਰ ਝਾਤੀ ਮਾਰ ਕੇ ਵੇਖੀਏ ਤਾਂ ਕਿਸ ਦੇ ਅੰਦਰ 'ਕਾਮਨਾ' ਨਹੀਂ, ਬਲਕਿ ਸਾਡੀਆਂ ਤਾਂ ਹਰ ਰੋਜ਼ ਨਵੀਆਂ ਤੋਂ ਨਵੀਆਂ ਕਾਮਨਾਵਾਂ ਪੈਦਾ ਹੁੰਦੀਆਂ ਹਨ। ਕੋਈ ਹੀ ਐਸਾ ਗੁਰੂ ਕਾ ਪਿਆਰਾ ਲਾਲ ਹੋਵੇਗਾ, ਜਿਹੜਾ ਕਾਮਨਾ ਤੋਂ ਰਹਿਤ ਹੋਵੇਗਾ। ਜੇਕਰ ਹੋਵੇਗਾ ਤਾਂ ਫਿਰ ਉਸ 'ਤੇ ਗੁਰੂ ਦੀ ਬਖ਼ਸ਼ਿਸ਼ ਹੁੰਦੀ ਹੈ, ਗੁਰੂ ਦੀ ਰਹਿਮਤ ਹੁੰਦੀ ਹੈ। ਫਿਰ ਉਸਦੀ ਮੈਲ ਸਾਰੀ ਦੂਰ ਹੋ ਜਾਂਦੀ ਹੈ। ਜਦੋਂ ਮਲ-ਦੋਸ਼ ਨਿਸ਼ਕਾਮਤਾ ਨਾਲ ਦੂਰ ਹੋ ਜਾਂਦਾ ਹੈ ਤਾਂ ਅਗਲਾ ਦੋਸ਼ ਆ ਜਾਂਦਾ ਹੈ ''ਬਿਖੇਪ-ਦੋਸ਼''। ਇਸ ਵਿਚ ਵੀ ਮਨ ਦੀ ਦੌੜ ਪਹਿਲਾਂ ਦੀ ਤਰ੍ਹਾਂ ਹੀ ਰਹੇਗੀ, ਪਰ ਮਲ-ਦੋਸ਼ ਨਾਲੋਂ ਮਨ ਵਿੱਚ ਬਿਖੇਪ-ਦੋਸ਼ ਵਿੱਚ ਕੁਝ ਅੰਤਰ ਆ ਜਾਂਦਾ ਹੈ। ਜਿਸ ਤਰ੍ਹਾਂ ਪਹਿਲਾਂ ਮਨ ਵਿਕਾਰ ਚਿਤਵਦਾ ਸੀ, ਬੁਰੇ ਕਰਮਾਂ ਦਾ ਖ਼ਿਆਲ ਕਰਦਾ ਸੀ। ਇਸੇ ਤਰ੍ਹਾਂ ਹੁਣ ਵੀ ਮਨ ਦੌੜੇਗਾ, ਲੇਕਿਨ ਚੰਗੇ ਕੰਮਾਂ ਵਿਚ, ਜਿਵੇਂ ਕਿ ਮਨ ਕਿਸੇ ਦੀ ਮਾਇਆ ਖੋਹਣ ਵਾਸਤੇ ਨਹੀਂ ਦੌੜੇਗਾ, ਬਲਕਿ ਮਾਇਆ ਦੀ ਪ੍ਰਾਪਤੀ ਵਾਸਤੇ ਦੌੜੇਗਾ। ਮਨ ਦੌੜੇਗਾ ਜ਼ਰੂਰ ਲੇਕਿਨ ਚੰਗੇ ਕੰਮਾਂ ਵਾਸਤੇ। ਇਸ ਨੂੰ ਬਿਖੇਪ-ਦੋਸ਼ ਕਹਿੰਦੇ ਹਨ।

ਫਿਰ ਸਿੱਧ ਪੁੱਛਣ ਲੱਗੇ ਕਿ ''ਬਿਖੇਪ-ਦੋਸ਼'' ਦੀ ਕਿਵੇਂ ਨਿਵਿਰਤੀ ਹੋਵੇਗੀ? ਕਹਿਣ ਲੱਗੇ ਕਿ ਜਿਹੜਾ ਬਿਖੇਪ-ਦੋਸ਼ ਹੈ, ਇਸ ਦੀ ਨਵਿਰਤੀ ''ਉਪਾਸ਼ਨਾ'' ਦੇ ਨਾਲ ਹੋਵੇਗੀ ਅਤੇ ਵਿਦਵਾਨਾਂ ਨੇ 'ਸਿਮਰਨ' ਤੇ 'ਧਿਆਨ' ਨੂੰ ਉਪਾਸ਼ਨਾ ਮੰਨਿਆ ਹੈ। ਜਦੋਂ ਸਿਮਰਨ ਤੇ ਸ਼ਬਦ ਧਿਆਨ ਵਿਚ ਇਕ ਹੋ ਜਾਉਂਗੇ, ਉਦੋਂ ਇਹ ਬਿਖੇਪ-ਦੋਸ਼ ਸੋਥੋਂ ਦੂਰ ਹੋ ਜਾਵੇਗਾ। ਤੀਸਰਾ ਦੋਸ਼ ਹੈ ਆਵਰਨ। ਅਗਿਆਨ ਦੀਆਂ ਦੋ ਸ਼ਕਤੀਆਂ ਹਨ, ਇਕ ਅਸਤ੍ਵਾਪਾਦ, ਦੂਸਰੀ ਅਭਾਨਾਪਾਦ ਇਹਨਾਂ ਦੋਹਾਂ ਨੂੰ ਆਵਰਨ ਕਹਿੰਦੇ ਹਨ, ਜਿਸ ਕਰਕੇ ਵਸਤੂ ਦਾ ਪ੍ਰਕਾਸ਼ ਨਹੀਂ ਹੁੰਦਾ। ਐਸੀ ਅਗਿਆਨ ਦੀ ਸ਼ਕਤੀ ਨੂੰ ਅਭਾਨਾਪਾਦ ਕਹਿੰਦੇ ਹਨ। ਇਸ ਰੀਤ ਨਾਲ ਬ੍ਰਹਮ ਨਹੀਂ ਹੈ। ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਸਤ੍ਵਾਪਾਦ ਸ਼ਕਤੀ ਹੈ ਤੇ ਬ੍ਰਹਮ ਦਾ ਪ੍ਰਕਾਸ਼ ਪ੍ਰਤੀਤ ਨਹੀਂ ਹੁੰਦਾ। ਇਸ ਵਿਵਹਾਰ ਦਾ ਕਾਰਨ ਅਗਿਆਨ ਦੀ ਅਭਾਨਾਪਾਦ ਸ਼ਕਤੀ ਹੈ। ਇਸ ਦੋਸ਼ ਦਾ ਨਾਮ ਆਵਰਨ ਹੈ। ਇਸ ਦੀ ਨਵਿਰਤੀ ਗਿਆਨ ਦੁਆਰਾ ਹੈ। ਗਿਆਨ ਦਾ ਅਧਿਕਾਰ ਇਹ ਹੈ ਕਿ ਜਿਸ ਦੇ ਅੰਦਰੋਂ ਮਲ-ਦੋਸ਼ ਤੇ ਬਿਖੇਪ-ਦੋਸ਼ ਨਿਵਿਰਤ ਹੋ ਗਿਆ ਹੈ, ਕੇਵਲ ਆਵਰਨ ਦੋਸ਼ ਬਾਕੀ ਹੈ। ਫੇਰ ਚਾਰ ਇਹ ਸਾਧਨਾ ਸਹਿਤ ਹੋਵੇ। ਵੈਰਾਗ ਬਿਬੇਕ ਖਟ ਸੰਪਤੀ, ਮੋਖ ਇੱਛਾ ਦੇ ਸਹਿਤ ਹੋਵੇ। ਅਸਲ ਵਿਚ ਸਭ ਕੁਝ ਮੈਲਾ ਹੈ :

***ਮੈਲਾ ਬ੍ਰਹਮਾ ਮੈਲਾ ਇੰਦੁ॥ ਰਵਿ ਮੈਲਾ ਮੈਲਾ ਹੈ ਚੰਦੁ॥*** (ਅੰਗ ੧੧੫੮)

## ਸਾਖੀ—ਸੱਜਣ ਠੱਗ

ਪੁਰਾਤਨ ਜਨਮ ਸਾਖੀ ਦੇ ਲਿਖਾਰੀ ਨੇ ਇਸ ਪ੍ਰਕਾਰ ਲਿਖਿਆ ਹੈ :

ਰਾਹ ਊਪਰਿ ਬੈਠਾ ਧਰਮਸਾਲਾ ਚਲਾਵਤਾ ਹੈ, ਦੋ ਘੜੇ ਕੋਰੇ ਪਾਣੀ ਦੇ ਭਰ ਰਾਖੇ ਹੈਂ, ਇਕ ਥੀਂ ਹਿੰਦੂ ਪਾਣੀ ਪੀਵਣ, ਇਕ ਥੀ ਮੁਸਲਮਾਨ ਆਏ ਪੀਵਣ। ਜਦਿ ਬਾਬਾ ਨਾਨਕੁ ਉਸ ਹੀ ਧਰਮਸਾਲਾ ਵਾਲੇ ਪਾਸੇ ਆਇਆ ਤਾਂ ਉਹ ਉਠਿ ਖੜਾ ਭੈਆ ਜਿ, ਆਵਹੁ ਸਾਹ ਜੀ ਬੈਸੀਐ ਆਈਐ ਜੀ। ਕਿਛ ਪਾਣੀ ਪੀਵਣ ਦੀ ਚਾਹ ਹੋਵੇ ਤਾਂ ਬੈਠੀਐ ਪਾਣੀ ਪੀਚੈ॥ ਤਬ ਬਾਬਾ ਗੁਰੂ ਨਾਨਕ ਜੀ ਦੇਖਿ ਕਰਿ ਉਸ ਕੇ ਤਰਫ ਹੱਸਿਆ, ਹੱਸ ਕਰ ਕਹਿਆ ਜਿ ਤੇਰਾ ਨਾਮ ਕਿਆ ਹੈ। ਤਬ ਕਹਿਆ ਜਿ ਜੀ ਮੇਰਾ ਨਾਮ ਸੱਜਣ ਹੈ।

ਤਬ ਬਾਬੇ ਪਾਸੋਂ ਤਿਲੰਗ ਰਾਗੁ ਦਾ ਇਹ ਸ਼ਬਦ ਸੱਜਣ ਨੇ ਸੁਣਿਆ ਜਿਸ ਨੂੰ ਸੁਣ ਕੇ ਗੁਰੂ ਕੀ ਸੰਗਤ ਕਰਕੇ ਸੱਜਣ ਠੱਗ ਅਸਲ ਸੱਜਣ ਬਣ ਗਿਆ ਤੇ ਪਾਪਾਂ ਦੀ ਅਗੋਂ ਲਈ ਸਦਾ ਤੋਬਾ ਕਰ ਲਈ। ਸ਼ਬਦ ਦਾ ਭਾਵ ਇਸ ਤਰ੍ਹਾਂ ਹੈ—

ਹੇ ਸੱਜਨ ! ਜਿਸ ਤਰ੍ਹਾਂ ਕੈਂਹ ਦਾ ਭਾਂਡਾ ਬੜਾ ਚਿਲਕਣਾ ਹੁੰਦਾ ਹੈ, ਪਰ ਵਿਚ ਕਾਲਖ ਹੁੰਦੀ ਹੈ, ਇਸੇ ਤਰ੍ਹਾਂ ਹੇ ਸੱਜਨ ! ਤੇਰਾ ਲਿਬਾਸ ਬਾਹਰਲਾ ਬੜਾ ਸੁੰਦਰ ਹੈ, ਪਰ ਅੰਦਰ ਤੇਰੇ ਪਾਪਾਂ ਦੀ ਕਾਲਖ ਭਰੀ ਪਈ ਹੈ। ਜਿਵੇਂ ਬਗਲਾ ਚਿੱਟੇ ਲਿਬਾਸ ਵਿਚ ਪਾਣੀ ਦੇ ਕਿਨਾਰੇ ਅੱਖਾਂ ਮੀਟ ਕੇ ਮੱਛੀਆਂ ਪਕੜਨ ਵਾਸਤੇ ਬੈਠਦਾ ਹੈ, ਏਸੇ ਤਰ੍ਹਾਂ ਤੇਰਾ ਜੀਵਨ ਬਗਲੇ ਜੈਸਾ ਹੈ।

ਤੀਸਰਾ ਦ੍ਰਿਸ਼ਟਾਂਤ ਸਿੰਮਲ ਰੁਖ ਦਾ ਦਿੱਤਾ ਹੈ ਜਿਸ ਨੂੰ ਦੇਖ ਕੇ ਪੰਛੀਆਂ ਨੂੰ ਭੁਲੇਖਾ ਪੈ ਜਾਂਦਾ ਹੈ। ਏਸੇ ਤਰ੍ਹਾਂ ਤੇਰੇ ਲਿਬਾਸ ਨੂੰ ਦੇਖ ਕੇ ਕਈਆਂ ਨੂੰ ਭੁਲੇਖਾ ਲੱਗ ਜਾਂਦਾ ਹੈ ਕਿ ਸੱਜਣ ਬੜਾ ਧਰਮੀ ਹੋਵੇਗਾ। ਆਖ਼ਿਰ ਸ਼ਬਦ ਸੁਣਦਿਆਂ ਸੱਜਣ ਹਜ਼ੂਰ ਦੇ ਚਰਨੀਂ ਢਹਿ ਪਿਆ ਤੇ ਮਾਫ਼ੀ ਮੰਗਣ ਲੱਗਿਆ।

ਸੂਹੀ ਮਹਲਾ ੧ ਘਰੁ ੬

ੴ ਸਤਿਗੁਰ ਪ੍ਰਸਾਦਿ॥

*"ਉਜਲੁ ਕੈਹਾ ਚਿਲਕਣਾ, ਘੋਟਿਮ ਕਾਲੜੀ ਮਸੁ॥*
*ਧੋਤਿਆ ਜੂਠ ਨ ਉਤਰੈ ਜੇ ਸਉ ਧੋਵਾ ਤਿਸੁ॥ ੧॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥ ੧॥ ਰਹਾਉ॥*
*ਕੋਠੇ ਮੰਡਪ ਮਾੜੀਆ ਪਾਸਹੁ ਚਿਤਵੀਆਹਾ॥*
*ਢਠੀਆ ਕੰਮਿ ਨ ਆਵਨ੍ਹੀ ਵਿਚਹੁ ਸਖਣੀਆਹਾ॥ ੨॥*
*ਬਗਾ ਬਗੇ ਕਪੜੇ ਤੀਰਥ ਮੰਝਿ ਵਸੰਨ੍ਹਿ॥*
*ਘੁਟਿ ਘੁਟਿ ਜੀਆ ਖਾਵਣੇ ਬਗੇ ਨ ਕਹੀਅਨ੍ਹਿ॥ ੩॥*
*ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨ੍ਹਿ॥*
*ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨ੍ਹਿ॥ ੪॥*

*ਅੰਧੁਲੈ ਭਾਰੁ ਉਠਾਇਆ ਡੂਗਰ ਵਾਟ ਬਹੁਤੁ॥*
*ਅਖੀ ਲੋੜੀ ਨਾ ਲਹਾ ਹਉ ਚੜਿ ਲੰਘਾ ਕਿਤੁ॥ ੫॥*
*ਚਾਕਰੀਆ ਚੰਗਿਆਈਆ ਅਵਰ ਸਿਆਣਪ ਕਿਤੁ॥*
*ਨਾਨਕ ਨਾਮੁ ਸਮਾਲਿ ਤੂੰ ਬਧਾ ਛੁਟਹਿ ਜਿਤੁ॥ ੬॥ ੧॥ ੩॥"*

(ਅੰਗ ੭੨੯)

ਤਬ ਗੁਰੂ ਨਾਨਕ ਮੇਹਰਬਾਨ ਹੋਇਆ, ਆਖਿਓਸੁ ਸਚ ਕਹੁ ਜੋ ਤੈਂ ਖ਼ੂਨ ਕੀਤੇ ਹੈਨ। ਤਾ ਸੇਖ ਸੱਜਣ ਲਾਗਾ ਸਚੋ ਸੱਚ ਬੋਲਣ। ਕਹਿਓਸੁ ਜੀ ਬਹੁਤ ਪਾਪ ਕੀਤੇ ਹੈ। ਤਬਿ ਗੁਰੂ ਨਾਨਕ ਆਖਿਆ, ਜੋ ਕੁਛ ਉਸ ਕੀ ਬਸਤੁ ਰਹੀ ਹੈ ਸੋ ਘਿਨੇ ਆਉ। ਤਬ ਸੇਖ ਸੱਜਨ ਹੁਕਮ ਮੰਨਿਆ, ਬਸਤੁ ਲੇ ਆਇਆ, ਖ਼ੁਦਾਇ ਨਾਮ ਤੇ ਲੁਟਾਈ। ਗੁਰੂ ਗੁਰੂ ਲਾਗਾ ਜਪਣ, ਨਾਉ ਧਰੀਕ ਸਿਖ ਹੋਆ। ਧਰਮ ਸਾਲਾ ਬੱਧੀ।

ਅਰਥਾਤ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਵੇਲੇ ਤਲੰਭੇ ਸ਼ਹਿਰ ਗਏ, ਉਥੇ ਇਕ ਸੱਜਣ ਨਾਮ ਦਾ ਠੱਗ ਸੀ, ਜਿਸ ਨੇ ਜੀਵਾਂ ਨੂੰ ਠੱਗਣ ਵਾਸਤੇ ਬਹੁਤ ਪਖੰਡ ਰਚਿਆ ਹੋਇਆ ਸੀ। ਇਕ ਸੁੰਦਰ ਮੰਦਰ ਬਣਾਇਆ ਸੀ, ਚਿਟੇ ਸੁੰਦਰ ਬਸਤ੍ਰ ਪਹਿਨੇ ਹੋਏ ਸਨ। ਦੇਖਣ ਵਾਲੇ ਨੂੰ ਬੜਾ ਸੁੰਦਰ ਸੰਤ ਜਾਪਦਾ ਸੀ ਪਰ ਸੀ ਠੱਗ, ਬਹੁਤ ਪਾਪ ਕੀਤੇ ਸਨ।

ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਲਿਖਿਆ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਜਿਸ ਵੇਲੇ ਤਲੰਭੇ ਗਏ ਸਨ ਤਾਂ ਮਰਦਾਨੇ ਦੀਆਂ ਇਸ ਨੇ ਮੁਸ਼ਕਾਂ ਬੰਨ੍ਹ ਲਈਆਂ ਸਨ। ਗੁਰੂ ਨਾਨਕ ਦੇਵ ਜੀ ਨੇ ਛੁਡਾਇਆ ਸੀ ਅਤੇ ਇਸ ਦਾ ਬਾਹਰਲਾ ਲਿਬਾਸ ਤੇ ਇਸ ਦੇ ਮਾੜੇ ਕਰਮ ਦੇਖ ਕੇ ਹਜ਼ੂਰ ਨੇ ਇਹ ਸ਼ਬਦ "ਉਜਲੁ ਕੈਹਾ ਚਿਲਕਣਾ" ਉਚਾਰਿਆ ਸੀ :

## ਗੁਰਬਾਣੀ ਪ੍ਰਮਾਣ

ਸਿਰੀਰਾਗੁ ਮ: ੩॥

*"ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥*
*ਬਹੁ ਬਿਧਿ ਕਰਮ ਕਮਾਵਦੇ ਦੂਣੀ ਮਲੁ ਲਾਗੀ ਆਇ॥*
*ਪੜਿਐ ਮੈਲੁ ਨ ਉਤਰੈ ਪੂਛਹੁ ਗਿਆਨੀਆ ਜਾਇ॥੧॥*
*ਮਨ ਮੇਰੇ ਗੁਰ ਸਰਣਿ ਆਵੈ ਤਾ ਨਿਰਮਲੁ ਹੋਇ॥*
*ਮਨਮੁਖ ਹਰਿ ਹਰਿ ਕਰ ਥਕੇ ਮੈਲੁ ਨ ਸਕੀ ਧੋਇ॥ ੧॥ ਰਹਾਉ॥*
*ਮਨ ਮੈਲੈ ਭਗਤਿ ਨ ਹੋਵਈ ਨਾਮੁ ਨ ਪਾਇਆ ਜਾਇ॥*

*ਮਨਮੁਖ ਮੈਲੇ ਮੈਲੇ ਮੁਏ ਜਾਸਨਿ ਪਤਿ ਗਵਾਇ॥*
*ਗੁਰ ਪਰਸਾਦੀ ਮਨ ਵਸੈ ਮਲੁ ਹਉਮੈ ਜਾਇ ਸਮਾਇ॥"*

(ਅੰਗ ੩੯)

*"ਅੰਤਰਿ ਮੈਲਿ ਲਾਗੀ ਬਹੁ ਦੂਜੈ ਭਾਏ॥*
*ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ॥੩॥*
*ਸਤਿਗੁਰੁ ਸੇਵੇ ਤਾ ਮਲੁ ਜਾਏ॥ ਜੀਵਤੁ ਮਰੈ ਹਰਿ ਸਿਉ ਚਿਤੁ ਲਾਏ॥*
*ਹਰਿ ਨਿਰਮਲੁ ਸਚੁ ਮੈਲੁ ਨ ਲਾਗੈ ਸਚਿ ਲਾਗੈ ਮੈਲੁ ਗਵਾਵਣਿਆ॥੪॥*

(ਅੰਗ ੧੧੬)

ਗੂਜਰੀ ਸ੍ਰੀ ਤ੍ਰਿਲੋਚਨ ਜੀਉ ਕੇ ਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ॥
ਅੰਤਰੁ ਮਲਿ ਨਿਰਮਲੁ ਨਹੀ ਕੀਨਾ ਬਾਹਰਿ ਭੇਖ ਉਦਾਸੀ॥ ਹਿਰਦੈ ਕਮਲੁ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ॥੧॥ ਭਰਮੇ ਭੂਲੀ ਰੇ ਜੈ ਚੰਦਾ॥ ਨਹੀ ਨਹੀ ਚੀਨ੍ਹਿਆ ਪਰਮਾਨੰਦਾ॥੧॥ ਰਹਾਉ॥

**ਪਦ ਅਰਥ** :-ਅੰਤਰੁ-ਅੰਦਰਲਾ। ਮਲਿ-ਮੈਲ ਵਾਲਾ ਮਨ। ਭੇਖ-ਲਿਬਾਸ। ਉਦਾਸੀ-ਉਦਾਸੀਨਤਾ ਵਾਲਾ। ਹਿਰਦੈ ਕਮਲੁ-ਹਿਰਦੇ ਕਉਲ ਵਿਚ। ਘਟਿ-ਸਰੀਰ ਵਿਚ। ਬ੍ਰਹਮੁ ਨ ਚੀਨ੍ਹਾ-ਬ੍ਰਹਮ ਨੂੰ ਨਹੀਂ ਜਾਣਿਆ। ਸੰਨਿਆਸੀ-ਤਿਆਗੀ। ਰੇ ਜੈ ਚੰਦਾ-ਹੇ ਜੈ ਚੰਦ। ਪਰਮਾਨੰਦਾ-ਪਰਮ ਅਨੰਦ ਸਰੂਪ (ਪ੍ਰਭੂ) ।

**ਅਰਥ** :-ਜਿਸ ਮਨੁੱਖ ਨੇ ਆਪਣਾ ਅੰਦਰਲਾ ਮੈਲ ਵਾਲਾ ਮਨ ਸ਼ੁੱਧ ਨਹੀਂ ਕੀਤਾ (ਅਤੇ) ਬਾਹਰਲਾ ਲਿਬਾਸ ਉਦਾਸੀਨਤਾ ਵਾਲਾ ਧਾਰਣ ਦਾ ਕੀ ਲਾਭ ਹੋਇਆ ?। ਸਰੀਰ ਅੰਦਰ ਜੋ ਹਿਰਦਾ ਕਮਲ ਹੈ, ਉਸ ਵਿਚ ਬ੍ਰਹਮ ਨੂੰ ਨਹੀਂ ਜਾਣਿਆ, ਕਿਸ ਲਈ ਸੰਨਿਆਸੀ ਤਿਆਗੀ ਬਣਿਆ ? ਭਾਵ ਸੰਨਿਆਸੀ ਪਣਾ ਨਿਸਫਲ ਹੈ। ੧। ਹੇ ਜੈ ਚੰਦ ! ਇੱਕਲੀ ਤੇਰੀ ਬੁਧੀ ਹੀ ਭਰਮ ਵਿਚ ਭੁਲੀ ਨਾ ਜਾਣ ਸਗੋਂ ਸਾਰੀ ਸ੍ਰਿਸ਼ਟੀ ਭਰਮ ਵਿਚ ਭੁਲੀ ਪਈ ਹੈ। ਕਿਉਂਕਿ ਨਾ ਹੀ ਉਦਾਸੀ ਤੇ ਨਾ ਹੀ ਸੰਨਿਆਸੀ ਨੇ ਪਰਮ ਅਨੰਦ ਸਰੂਪ ਪ੍ਰਭੂ ਜੀ ਨੂੰ ਜਾਣਿਆ ਹੈ। ੧। ਰਹਾਉ। ਵਿਸ਼ਰਾਮ ਦੇ ਕੇ ਅੱਗੇ ਕਥਨ ਕੀਤਾ ਹੈ।

ਨੋਟ-ਰਹਾਉ ਬਾਰੇ ਵਿਚਾਰ ਪੋਥੀ ਦੇ ਅਰੰਭ ਵਿਚ ਵਿਸਥਾਰ ਸਹਿਤ ਪੜ੍ਹੋ ਜੀ।

ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ॥ ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥੨॥ ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥ ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ॥ ੩॥ ਕਾਇ ਕਮੰਡਲੁ

**ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥ ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥੪॥੧॥**

**ਪਦ ਅਰਥ** :–ਘਰਿ ਘਰਿ–ਪਰਾਏ ਘਰਾਂ ਵਿਚ ਮੰਗ ਕੇ। ਖਾਇਆ–ਖਾ ਲਿਆ। ਪਿੰਡ–ਸਥੂਲ ਸਰੀਰ ਨੂੰ। ਬਧਾਇਆ–ਮੋਟਾ ਕਰ ਲਿਆ। ਖਿੰਥਾ–ਗੋਦੜੀ। ਮੁੰਦਾ–ਮੁੰਦਰਾਂ ਕੰਨ ਵਿਚ ਪਾ ਲਈਆਂ। ਮਾਇਆ–ਇਹ ਸਭ ਕੁਝ ਮਾਇਆ ਵਾਸਤੇ ਕੀਤਾ। ਭੂਮਿ ਮਸਾਣ–ਮਸਾਣਾਂ ਵਾਲੀ ਧਰਤੀ ਦੀ। ਭਸਮ–ਸੁਆਹ। ਤਤੁ–ਸਿਧਾਂਤ ਰੂਪ ਪ੍ਰਭੂ। ਕਾਇ–ਕਿਸ ਲਈ?। ਜਪਹੁ–ਮੰਤ੍ਰਾਂ ਦਾ ਜਾਪ ਕਰਦੇ ਹੋ। ਕਾਇ ਤਪਹੁ ਰੇ–ਹੇ ਭਾਈ! ਕਿਸ ਲਈ ਪੰਜ ਧੂਣੀਆਂ ਤਾਉਣ ਰੂਪ ਤਪ ਕਰਦੇ ਹੋ। ਬਿਲੋਵਹੁ–ਰਿੜਕਦੇ ਹੋ। ਨਿਰਬਾਣੀ–ਵਾਸਨਾ ਤੋਂ ਰਹਿਤ ਪ੍ਰਭੂ। ਕਮੰਡਲੁ– ਸੰਸ: ਕਮਣਲੁ: ਤੂੰਬੇ ਦਾ ਯਾ ਦਰਯਾਈ ਨਰੇਲ ਦਾ ਯਾ ਕਦੇ ਹੋਰ ਲਕੜੀ ਧਾਤ ਆਦਿ ਦਾ ਬਣਿਆ ਪਾਣੀ ਭਰਨ ਵਾਸਤੇ ਇਕ ਪ੍ਰਕਾਰ ਦਾ ਪਾਤ੍ਰ ਜੋ ਸਾਧੂ ਲੋਕ ਰਖਦੇ ਹਨ। ਕਾਪੜੀਆ–ਟਾਕੀਆਂ ਦੀ ਬਣੀ ਹੋਈ ਗੋਦੜੀ ਜਾਂ ਚੋਲਾ ਪਾਉਣ ਵਾਲੇ ਸਾਧੂ। ਬਦਤਿ–(ਸੰਸ: ਧਾਤੂ–ਵਦ, ਕਹਿਣਾ, ਬੋਲਣਾ ਆਖਦਾ ਹੈ)। ਕਣ ਬਿਨੁ ਗਾਹੁ–ਦਾਣੇ ਬਿਨਾ ਗਾਹ ਭਾਵ ਕਣਕ ਚਾਵਲ ਆਦਿ ਦੇ ਪੂਲੇ ਜਿਨ੍ਹਾਂ ਵਿਚੋਂ ਅਜੇ ਦਾਣੇ ਨਹੀਂ ਕੱਢੇ ਗਏ, ਉਹ ਕਣ ਸਹਿਤ ਹਨ, ਜਿਨ੍ਹਾਂ ਵਿਚੋਂ ਦਾਣੇ ਨਿਕਲ ਗਏ ਜਾਂ ਵਿਚ ਹੋਣ ਹੀ ਨਾ, ਉਹ ਕਣ ਬਿਨਾਂ ਹਨ। ਗਾਹੁ–ਕਣਵਾਲਿਆਂ ਵਿਚ ਬੋਲਦ ਫੇਰ ਕੇ ਜੋ ਦਾਣੇ ਜੁਦਾ ਕਰਦੇ ਹਨ, ਉਸ ਨੂੰ ਗਾਹ ਪਾਉਣਾ ਆਖਦੇ ਹਨ।

**ਅਰਥ** :–(ਉਸ ਅਖੋਤੀ ਲਿਬਾਸਧਾਰੀ ਨੇ) ਪਰਾਏ ਘਰਾਂ ਘਰਾਂ ਵਿਚ ਭੋਜਨ ਮੰਗ ਖਾ ਕੇ ਸਥੂਲ ਸਰੀਰ ਨੂੰ ਮੋਟਾ ਕਰ ਲਿਆ ਤੇ ਗਲ ਵਿਚ ਗੋਦੜੀ ਅਤੇ ਕੰਨਾਂ ਵਿਚ ਮੁੰਦਰਾਂ ਪਾ ਲਈਆਂ, ਪਰ ਇਹ ਸਭ ਮਾਇਆ ਇਕੱਠੀ ਕਰਨ ਵਾਸਤੇ ਹੀ ਕੀਤਾ। ਇਥੇ ਬਸ ਨਹੀਂ, ਹੋਰ ਮਸਾਣਾਂ ਵਾਲੀ ਧਰਤੀ ਦੀ ਸੁਆਹ ਸਰੀਰ 'ਤੇ ਮਲ ਲਈ ਪਰ ਗੁਰੂ ਤੋਂ ਬਿਨਾਂ ਸਿਧਾਂਤ ਰੂਪ ਪ੍ਰਭੂ ਨੂੰ ਨਹੀਂ ਪਾ ਸਕਿਆ, ਇਸ ਲਈ ਇਸ ਦਾ ਉਪਰੋਕਤ ਕਰਮ ਕੀਤਾ ਕਰਾਇਆ ਵਿਅਰਥ ਹੀ ਗਿਆ।੨। ਹੇ ਭਾਈ! ਕਿਸ ਲਈ ਮੰਤਰਾਂ ਦਾ ਜਪੁ ਕਰਦੇ ਹੋ, ਹੇ ਭਾਈ! ਕਿਸ ਲਈ ਪੰਜ ਧੂਣੀਆਂ ਤਾਉਣ ਰੂਪ ਤਪ ਕਰਦੇ ਹੋ? ਇਹ ਸਾਰਾ ਕੁਝ ਕਰਨ ਰੂਪ ਪਾਣੀ ਕਿਸ ਲਈ ਰਿੜਕਦੇ ਹੋ? ਇਹ ਸਾਰਾ ਕੁਝ ਕੀਤਾ ਇਸ ਤਰ੍ਹਾਂ ਨਿਸਫਲ ਹੈ ਜੈਸੇ ਹਜ਼ੂਰ ਦਾ ਫੁਰਮਾਣ ਹੈ—

***ਜਲੁ ਬਿਲੋਵੈ ਜਲੁ ਮਥੈ ਤਤੁ ਲੋੜੈ ਅੰਧੁ ਅਗਿਆਨਾ॥*** (ਅੰਗ ੧੦੦੯)

ਜਿਸ ਪ੍ਰਮੇਸ਼ਰ ਨੇ ੮੪ ਲੱਖ ਜੂਨ ਪੈਦਾ ਕੀਤੀ ਹੈ, ਉਸ ਵਾਸਨਾ ਤੋਂ ਰਹਿਤ ਪ੍ਰਭੂ ਦਾ ਸਿਮਰਨ ਕਰਨਾ ਕਰੋ।੩। ਟਾਕੀਆਂ ਦੀ ਬਣੀ ਗੋਦੜੀ ਪਾਉਣ ਵਾਲੇ ਹੇ ਭੇਖੀ ਸਾਧੂ! ਕਿਸ ਲਈ ਹੱਥ ਵਿਚ ਕਰਮੰਡਲ ਫੜਿਆ ਹੈ ਅਤੇ ਕਿਸ ਲਈ ਅਠਾਹਠ ਤੀਰਥਾਂ ਤੇ ਫਿਰਦਾ ਹੈਂ?। ਭਗਤ ਤ੍ਰਿਲੋਚਨ ਜੀ ਆਖਦੇ ਹਨ ਕਿ ਹੇ ਪ੍ਰਾਣੀ! ਤੂੰ ਸੁਨਣਾ ਕਰ, ਕਣ–ਦਾਣਿਆਂ ਤੋਂ ਬਿਨਾਂ ਗਾਹ ਕਿਉਂ ਪਾ ਰਿਹਾ ਹੈਂ? ਭਾਵ ਨਾਮ ਸਿਮਰਨ ਤੋਂ ਬਿਨਾਂ ਸਭ ਸਾਧਨ ਨਿਸਫਲ ਹੈ। ੪। ੧।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਭਗਤ ਜੀ ਨੇ ਖ਼ਾਸ ਕਰਕੇ ਉਦਾਸੀ, ਸੰਨਿਆਸੀ ਨਾਮ ਲੈ ਕੇ ਕਿਹਾ ਹੈ ਕਿ ਬਾਹਰ ਭੇਖ ਉਦਾਸੀ (ਅਥਵਾ) ਕਾਹੇ ਭਇਆ ਸੰਨਿਆਸੀ, ਕਿਹਾ ਹੈ। ਦਸਮੇਸ਼ ਦਾ ਫੁਰਮਾਨ ਹੈ—

***ਰੇ ਮਨ ਐਸੋ ਕਰਿ ਸੰਨਿਆਸਾ॥ ਬਨਿ ਸੇ ਸਦਨ ਸਭੈ ਕਰ ਸਮਝੋ ਮਨ ਹੀ ਮਾਹਿ ਉਦਾਸਾ॥***

(ਦਸਮ ਗ੍ਰੰਥ)

੧. ਉਦਾਸੀ— ਇਹ ਉਦਾਸੀ ਪੰਥ ਬਾਬਾ ਸ੍ਰੀ ਚੰਦ ਜੀ ਤੋਂ ਚਲਿਆ ਹੈ, ਜੋ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਸਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਇਨ੍ਹਾਂ ਨੇ ਆਪਣਾ ਪਹਿਲਾ ਚੇਲਾ ਥਾਪਿਆ। ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਕਰਤਾ ਗਿਆਨੀ ਗਿਆਨ ਸਿੰਘ ਜੀ ਅਨੁਸਾਰ ਇਨ੍ਹਾਂ ਦੇ ਅੱਗੇ ਚਾਰ ਚੇਲੇ ਇਹ ਸਨ—

੧. ਬਾਲੂ ਹਸਨਾ ਜੀ, ੨. ਅਲਮਸਤ ਜੀ, ੩. ਫੂਲਸ਼ਾਹ ਜੀ, ੪. ਗੋਇੰਦ ਜੀ।

ਇਨ੍ਹਾਂ ਦੇ ਚਾਰ ਧੂਣੇ ਜੋ ਉਦਾਸੀਆਂ ਦੇ ਚਾਰ ਧੂਣੇ ਕਰਕੇ ਪ੍ਰਸਿੱਧ ਹਨ। ਚਾਰ ਧੂਣਿਆਂ ਨਾਲ ਛੇ ਗੁਰੂ ਕੀਆਂ ਬਖ਼ਸ਼ਿਸ਼ਾਂ ਮਿਲਾ ਕਰਕੇ ਦਸਨਾਮੀ ਉਦਾਸੀ ਸਾਧੂ ਕਹੇ ਜਾਂਦੇ ਹਨ।

੧. ਸੁਥਰੇ ਸ਼ਾਹੀ—ਬਖ਼ਸ਼ਿਸ਼ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਗੁਰੂ ਹਰਿਰਾਇ ਸਾਹਿਬ ਜੀ।

੨. ਸੰਗਤ ਸਾਹਿਬੀਏ—ਬਖ਼ਸ਼ਿਸ਼ ਗੁਰੂ ਹਰਿਰਾਇ ਸਾਹਿਬ ਜੀ ਤੇ ਗੁਰੂ ਗੋਬਿੰਦ ਸਿੰਘ ਜੀ।

੩. ਜੀਤ ਮੱਲੀਏ—ਬਖ਼ਸ਼ਿਸ਼ ਗੁਰੂ ਗੋਬਿੰਦ ਸਿੰਘ ਸਾਹਿਬ ਜੀ।

੪. ਬਖ਼ਤ ਮੱਲੀਏ—ਬਖ਼ਸ਼ਿਸ਼ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ।

੫. ਭਗਤ ਭਗਵਾਨ ਦਾਸੀਏ—ਬਖ਼ਸ਼ਿਸ਼ ਸਤਮ ਪਾਤਸ਼ਾਹ ਗੁਰੂ ਹਰਿਰਾਇ ਸਾਹਿਬ ਜੀ।

੬. ਮੀਹਾ ਸਾਹੀਏ—ਬਖ਼ਸ਼ਿਸ਼ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਜੀ।

ਗੁਰਬਾਣੀ ਤੇ ਗੁਰਮਤਿ ਦੇ ਸਿਧਾਂਤ ਅਨੁਸਾਰ ਉਦਾਸੀ

***"ਸੋ ਉਦਾਸੀ ਜਿ ਪਾਲੇ ਉਦਾਸੁ॥ ਅਰਧ ਉਰਧ ਕਰੇ ਨਿਰੰਜਨ ਵਾਸੁ॥***
***ਚੰਦ ਸੂਰਜ ਕੀ ਪਾਏ ਗੰਢਿ॥ ਤਿਸ ਉਦਾਸੀ ਕਾ ਪੜੈ ਨ ਕੰਧੁ॥"***

(ਅੰਗ ੯੫੨)

੨. ਸੰਨਿਆਸੀ- ਇਕ ਭੇਖ ਹੈ। ਇਸ ਦੇ ਦੱਸ ਫਿਰਕੇ ਮੰਨੇ ਹਨ—

੧. ਤੀਰਥ, ੨. ਆਸ਼੍ਰਮ, ੩. ਬਨ, ੪. ਆਰਣਯ, ੫. ਗਿਰ, ੬. ਪਰਬਤ, ੭. ਸਾਗਰ, ੮. ਸਾਰਸ੍ਵਤੀ, ੯. ਭਾਰਤੀ, ੧੦. ਪੁਰੀ।

ਪਰ ਮੁਖ ਰੂਪ ਵਿਚ ਸੰਨਿਆਸ ਦੋ ਤਰ੍ਹਾਂ ਦਾ ਮੰਨਿਆ ਹੈ—

੧. ਹੰਸ ਸੰਨਿਆਸ, ੨. ਪਰਮਹੰਸ ਸੰਨਿਆਸ।

## ਦੋ ਤਰ੍ਹਾਂ ਦਾ ਸੰਨਿਆਸ

੧. ਇਕ ਹੰਸ ਸੰਨਿਆਸ— ਹੰਸ ਦੀ ਤਰ੍ਹਾਂ, ਅਸੱਤ ਜੜ੍ਹ ਦੁੱਖ ਰੂਪ ਮਾਇਆ ਨੂੰ ਪਾਣੀ ਦੀ ਤਰ੍ਹਾਂ ਸਮਝ ਕੇ ਤਿਆਗ ਦੇਣਾ। ਸੱਤ ਚਿਤ ਅਨੰਦ ਸਰੂਪ ਨੂੰ ਦੁੱਧ ਦੀ ਤਰ੍ਹਾਂ ਜਾਣ ਕੇ ਗ੍ਰਹਿਣ ਕਰਨ ਦਾ ਨਾਮ ਹੰਸ ਸੰਨਿਆਸ ਹੈ। ਇਹ ਵੀ ਦੋ ਤਰ੍ਹਾਂ ਦਾ ਹੈ— ਇਕ ਕਟੀਚਕ ਤੇ ਦੂਜਾ ਬਹੂਦਕ।

(ੳ) ਕਟੀਚਕ ਸੰਨਿਆਸ—ਕਿਤੇ ਕੁਟੀਆ ਬਣਾ ਕੇ ਵੈਰਾਗ ਸਹਿਤ ਬੈਠੇ ਰਹਿਣਾ।

(ਅ) ਬਹੂਦਕ ਸੰਨਿਆਸ—ਜਿਥੇ (ਉਦਕ) ਪਾਣੀ (ਬਹ) ਵਗਦਾ ਰਹੇ ਭਾਵ ਨਦੀਆਂ ਆਦਿ ਦੇ ਕਿਨਾਰਿਆਂ 'ਤੇ ਨਿਵਾਸ ਰੱਖਣਾ।

੨. ਪਰਮਹੰਸ ਸੰਨਿਆਸ—ਤੱਤ ਮਿਥਿਆ ਦਾ ਵਿਵੇਚਨ ਕਰਨ ਵਾਲੇ ਹੁੰਦੇ ਹਨ। ਵਾਚ ਅਰਥ ਵਿਚ ਜੋ ਮਿਥਿਆ ਪ੍ਰਤੀਤੀ ਹੁੰਦੀ ਹੈ, ਜੀਵ ਈਸ਼ ਦੇ ਭੇਦ ਗਿਆਨ ਦਾ ਤਿਆਗ ਕਰਨਾ ਹੈ। ਜੀਵ ਦੀ ਅਲਪੱਗਤਾ ਦਾ ਤਿਆਗ ਤੇ ਈਸ਼੍ਵਰ ਦੀ ਸਰਬੱਗਤਾ ਦਾ ਤਿਆਗ ਤੇ ਤੱਤ ਪਦ ਦੀ ਧਾਰਨਾ ਕਰਨੀ, ਇਸ ਦਾ ਨਾਮ ਪਰਮਹੰਸ ਹੈ। ਇਹ ਵੀ ਦੋ ਤਰ੍ਹਾਂ ਦਾ ਹੈ—

(ੳ) ਬਿਬਦਿੱਖਾ ਸੰਨਿਆਸ—ਜੋ ਪਾਉਣੇ ਜੋਗ ਸੱਚ ਸਰੂਪ ਹੈ, ਉਸ ਦੀ ਪ੍ਰਾਪਤੀ ਵਾਸਤੇ ਜਤਨ ਵਿਚ ਲੱਗੇ ਰਹਿਣ ਦਾ ਨਾਮ ਬਿਬਦਿੱਖਾ ਸੰਨਿਆਸ ਹੈ।

(ਅ) ਵਿੱਦਤ ਸੰਨਿਆਸ—ਜੋ ਪਾਉਣੇ ਜੋਗ ਬ੍ਰਹਮ ਹੈ, ਉਸ ਨੂੰ ਪ੍ਰਾਪਤ ਕਰਕੇ ਪਰ ਫੇਰ ਵੀ ਜੀਵਨ ਮੁਕਤੀ ਦੀ ਪ੍ਰਾਪਤੀ ਵਾਸਤੇ ਸਭ ਪਦਾਰਥਾਂ ਦਾ ਤਿਆਗ ਕਰਕੇ ਇਕ ਅਕਾਲ ਪੁਰਖ ਵਿਚ ਜੁੜੇ ਰਹਿਣ ਦਾ ਨਾਮ ਵਿੱਦਿਤ ਸੰਨਿਆਸ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੧ (ਅੰਗ ੫੨੭)

ਦੇਵਗੰਧਾਰੀ॥ ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥ ੧ ॥ ਰਹਾਉ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥ ੧ ॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥ ੨ ॥੪॥

## ਪ੍ਰਾਕ੍ਰਥਨ :-

ਇਹ ਧਿਆਨ ਯੋਗ ਗੱਲ ਹੈ ਕਿ ਜਿਥੇ ''ਦੇਵਗੰਧਾਰੀ'' ਸ਼ੁਰੂ ਹੁੰਦਾ ਹੈ, ਉਥੇ ਪਹਿਲੇ ਸ਼ਬਦ ਦੇ ਆਦਿ ਵਿਚ 'ਰਾਗੁ ਦੇਵਗੰਧਾਰੀ ਮਹਲਾ ੪ ਘਰੁ ੧'' ਲਿਖਿਆ ਹੈ। ਉਸ ਤੋਂ ਅਗਲੇ ਪੰਜ ਸ਼ਬਦਾਂ ਦਾ ਸਿਰਲੇਖ ਕੇਵਲ ''ਦੇਵਗੰਧਾਰੀ'' ਕਰਕੇ ਹੀ ਲਿਖਿਆ ਆਇਆ ਹੈ। ''ਮਹਲਾ'' ਸ਼ਬਦ ਨਹੀਂ ਆਇਆ। ਸ਼ੰਕਾ ਕਰਨ ਨੂੰ ਕੋਈ ਗੁੰਜਾਇਸ਼ ਨਹੀਂ ਹੈ, ਕਿਉਂਕਿ ਪੁਰਾਤਨ ਸਰੂਪ ਕਰਤਾਰਪੁਰ ਵਾਲੀ ਬੀੜ, ਜੋ ਪੰਚਮ ਗੁਰਦੇਵ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ ਸੀ ਅਤੇ ਦਮਦਮੀ ਬੀੜ ਜੋ ਦਸਮੇਸ਼ ਜੀ ਨੇ ਭਾਈ ਮਨੀ ਸਿੰਘ ਜੀ ਪਾਸੋਂ ਲਿਖਵਾਈ ਸੀ, ਇਨ੍ਹਾਂ ਸਰੂਪਾਂ ਦੇ ਵਿਚ ਇਹ ਪੰਜ ਸ਼ਬਦਾਂ ਦੇ ਅੰਦਰ ''ਦੇਵਗੰਧਾਰੀ'' ਹੀ ਲਿਖਿਆ ਹੈ, ''ਮਹਲਾ'' ਨਹੀਂ ਹੈ। ਇਹ ਚੌਥੇ ਸਤਿਗੁਰੂ ਜੀ ਦੇ ਛੇ ਸ਼ਬਦਾਂ ਦਾ ਇਕ ਜੁੱਟ ਹੈ, ਇਸ ਕਰਕੇ ਛੇਆਂ ਨੂੰ ਛੱਕਾ ਆਖਿਆ ਹੈ। ਇਸ ਕਰਕੇ ਹੀ ਛੱਕੇ ਦੇ ਆਦਿ ਵਿਚ 'ਮਹਲਾ ੪ ਘਰੁ ੧' ਲਿਖਿਆ ਹੈ ਤੇ ਅੱਗੇ ਹਰੇਕ ਸ਼ਬਦ ਉੱਤੇ ਮਹਲਾ ਤੇ ਘਰੁ ਨਹੀਂ ਲਿਖਿਆ। ਭਾਵ ਇਸ ਦਾ ਇਹ ਹੈ ਕਿ ਛੇ ਸ਼ਬਦਾਂ ਦਾ ਮਹਲਾ ਤੇ ਘਰੁ ਜੋ ਆਦਿ ਵਿਚ ਲਿਖਿਆ ਹੈ ''ਮਹਲਾ ੪ ਘਰੁ ੧'' ਉਹੋ ਹੀ ਹੈ। ਇਸ ਸ਼ਬਦ ਦੀ ਪਹਿਲੀ ਪੰਗਤੀ ਦਾ ਭਾਵ ਹੈ, ਕਿ ਜਿਸ ਵੇਲੇ ਮਨੁੱਖ ਸਾਰੇ ਪਾਸਿਓਂ ਹਾਰ ਹੰਭ ਕੇ ਆਪਣੀ ਰੱਖਿਆ ਲਈ ਗੁਰੂ ਪਰਮੇਸ਼ਰ ਦੀ ਸਰਣਿ ਵਿਚ ਆ ਕੇ ਬੇਨਤੀਆਂ ਕਰਦਾ ਹੈ,

## ਚਲੀ ਠਾਕੁਰ ਪਹਿ ਹਾਰਿ

ਜਿਸ ਵੇਲੇ ਕੋਈ ਮੁਸੀਬਤ ਬਣ ਜਾਂਦੀ ਹੈ, ਉਸ ਵੇਲੇ ਮਨੁੱਖ ਬਚਾਅ ਵਾਸਤੇ ਕੋਈ ਦੇਵੀ ਦੇਵਤਿਆਂ ਦਾ ਆਸਰਾ ਤੱਕਦਾ ਹੈ, ਪਰ ਕੋਈ ਦੇਵੀ ਦੇਵਤਾ ਪੂਰਨ ਰੂਪ ਵਿਚ ਰੱਖਿਆ ਕਰਨ ਨੂੰ ਸਮਰੱਥ ਨਹੀਂ ਹੈ।

## ਸਾਖੀ—ਗੁਰੂ ਤੇਗ਼ ਬਹਾਦਰ ਜੀ

ਗੁਰ ਇਤਿਹਾਸ ਨੇ ਦਰਸਾਇਆ ਹੈ ਕਿ ਜਿਸ ਵੇਲੇ ਜ਼ਾਲਮ ਬਾਦਸ਼ਾਹ ਔਰੰਗਜੇਬ ਨੇ ਸਾਰੀ ਦੁਨੀਆਂ ਨੂੰ ਇਸਲਾਮ ਧਰਮ ਵਿਚ ਲਿਆਵਣਾ ਚਾਹਿਆ ਤੇ ਪਹਿਲਾਂ ਕਸ਼ਮੀਰ ਦੇ ਇਲਾਕੇ ਦੇ ਸ਼ੇਰ ਅਫ਼ਗਾਨ ਖ਼ਾਂ ਨੂੰ ਹੁਕਮ ਕੀਤਾ ਕਿ ਬ੍ਰਾਹਮਣਾਂ ਨੂੰ ਹਰ ਹੀਲਾ ਵਰਤ ਕੇ ਇਸਲਾਮ ਧਰਮ ਵਿਚ ਲਿਆਂਦਾ ਜਾਵੇ। ਜਿਸ ਵੇਲੇ ਬਾਦਸ਼ਾਹ ਦਾ ਹੁਕਮ ਬ੍ਰਾਹਮਣਾਂ ਨੂੰ ਸੁਣਾਇਆ ਗਿਆ ਕਿ ਜੋ ਚਾਹੋ ਪਦਾਰਥ ਮਾਇਆ ਮਿਲ ਜਾਇਗਾ ਪਰ ਇਸਲਾਮ ਧਰਮ ਕਬੂਲ ਕਰੋ। ਦੀਨ ਨਾ ਕਬੂਲ ਕਰਨ ਦੀ ਸਜ਼ਾ ਮੌਤ ਹੈ, ਧਰਮ ਬਚਾਉਣ ਲਈ ਤੇ ਮੌਤ ਤੋਂ ਡਰਦਿਆਂ ਬ੍ਰਾਹਮਣਾਂ ਨੇ ਬਹੁਤ ਆਸਰੇ ਤੱਕੇ, ਪਰ ਔਰੰਗਜ਼ੇਬ ਦੇ ਜ਼ੁਲਮ ਤੋਂ ਕੌਣ ਬਚਾਵੇ। ਕਸ਼ਮੀਰ ਦੇ ਮੁਖੀ ਪੰਡਤ ਦੁਖੀ ਹੋ ਕੇ ਸ਼ੇਰ ਅਫ਼ਗਾਨ ਖਾਂ ਤੋਂ ਛੇ ਮਹੀਨੇ ਸੋਚਣ ਦੀ ਮੋਹਲਤ ਲੈ ਕੇ ਨਿਕਲੇ ਤੇ ਕਈ ਥਾਂ ਗਏ, ਪਰ ਕਿਧਰੇ ਉਹਨਾਂ ਨੂੰ ਮਸਲਾ ਹੱਲ ਹੋਣ ਦੀ ਆਸ ਨਾ ਲੱਗੀ। ਅਖ਼ੀਰ ਪੰਡਤਾਂ ਦੀ ਇਕ ਟੋਲੀ ਸ੍ਰੀ ਅਨੰਦਪੁਰ ਸਾਹਿਬ ਪਹੁੰਚੀ ਤੇ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਆਪਣੀ ਦੁੱਖਾਂ ਭਰੀ

ਕਹਾਣੀ ਸੁਣਾਈ। ਇਸ ਸਮੇਂ ਵਿਚਾਰ ਕਰ ਕੇ ਤੇ ਸਾਹਿਬਜ਼ਾਦੇ ਸ੍ਰੀ ਗੋਬਿੰਦ ਰਾਏ ਜੀ ਦੇ ਕਹਿਣ ਨਾਲ ਗੁਰੂ ਤੇਗ਼ ਬਹਾਦਰ ਜੀ ਨੇ ਪੰਡਤਾਂ ਨੂੰ ਕਹਿ ਦਿੱਤਾ ਕਿ ਜਾਓ ਤੁਸੀਂ ਆਪਣੇ ਸੂਬੇ ਨੂੰ ਕਹਿ ਦਿਓ ਕਿ ਸਾਡੇ ਧਾਰਮਿਕ ਆਗੂ ਗੁਰੂ ਤੇਗ਼ ਬਹਾਦਰ ਜੀ ਹਨ। ਅਸੀਂ ਉਹਨਾਂ ਦੇ ਪਿੱਛੇ ਲਗਦੇ ਹਾਂ। ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।

ਪੰਡਿਤਾਂ ਨੇ ਜਾ ਕੇ ਸ਼ੇਰ ਅਫ਼ਗ਼ਾਨ ਨੂੰ ਕਹਿ ਦਿੱਤਾ ਤੇ ਉਹਨੇ ਔਰੰਗਜ਼ੇਬ ਨੂੰ ਸਾਰੀ ਗੱਲ ਪਹੁੰਚਾ ਦਿੱਤੀ। ਬਾਦਸ਼ਾਹ ਪਹਿਲਾਂ ਹੀ ਗੁਰੂ ਸਾਹਿਬ ਦੇ ਪ੍ਰਚਾਰ ਨੂੰ ਤੇ ਵੱਧ ਰਹੀ ਤਾਕਤ ਨੂੰ ਰਾਜ ਲਈ ਖ਼ਤਰਨਾਕ ਸਮਝਦਾ ਸੀ, ਇਸ ਲਈ ਉਹਨੇ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਕਾਫ਼ੀ ਸਮੇਂ ਤੋਂ ਗੁਰੂ ਸਾਹਿਬ ਮਹਿਸੂਸ ਕਰ ਰਹੇ ਸਨ ਕਿ ਹਾਕਮਾਂ ਵਿਚ ਇਨਸਾਨੀ ਸ਼ੁਭ ਗੁਣ ਨਹੀਂ ਰਹੇ। ਮੁਗ਼ਲਾਂ ਦੇ ਦਿਲਾਂ ਵਿਚ ਰੱਬ ਦੀ ਤੇ ਇਨਸਾਨ ਲਈ ਦਰਦ ਤੇ ਦਇਆ ਦੀ ਜਾਗ ਲਾਣ ਦੀ ਲੋੜ ਹੈ। ਮੁਰਦਾ ਹੋ ਚੁੱਕੀ ਜਨਤਾ ਵਿਚ ਨਵੀਂ ਜਾਨ ਭਰ ਕੇ ਉਹਨੂੰ ਜ਼ੁਲਮ ਦਾ ਟਾਕਰਾ ਕਰਨ ਲਈ ਤਿਆਰ ਕਰਨਾ ਪਵੇਗਾ। ਇਸ ਕੰਮ ਲਈ ਵੱਡੀ ਕੁਰਬਾਨੀ ਦੀ ਲੋੜ ਸੀ ਤੇ ਹੁਣ ਗੁਰੂ ਸਾਹਿਬ ਨੇ ਆਪਣਾ ਬਲੀਦਾਨ ਦੇਣ ਦਾ ਫ਼ੈਸਲਾ ਕਰ ਲਿਆ। ਕਸ਼ਮੀਰੀ ਪੰਡਤਾਂ ਦੇ ਆਉਣ ਨਾਲ ਇਕ ਮੌਕਾ ਪੈਦਾ ਹੋ ਗਿਆ।

ਆਪ ਆਪਣੇ ਪਰਿਵਾਰ ਨੂੰ ਅਨੰਦਪੁਰ ਸਾਹਿਬ ਵਿਚ ਹੀ ਛੱਡ ਕੇ ਦੇਸ਼ ਦੇ ਦੂਜੇ ਵੱਡੇ ਦੌਰੇ 'ਤੇ ਚੱਲ ਪਏ। ਆਪ ਦਾ ਮੁਖ ਪ੍ਰਚਾਰ ਹੁਣ ਇਹ ਹੀ ਸੀ ਕਿ ਨਾ ਕਿਸੇ ਨੂੰ ਡਰਾਓ ਤੇ ਨਾ ਕਿਸੇ ਤੋਂ ਡਰੋ। ਨਾ ਆਪ ਜ਼ੁਲਮ ਅਤਿਆਚਾਰ ਕਰੋ ਤੇ ਨਾ ਹੀ ਕਿਸੇ ਦੂਜੇ ਦੇ ਜ਼ੁਲਮ ਨੂੰ ਜਰੋ। ਇਸ ਤਰ੍ਹਾਂ ਦ੍ਰਿੜ੍ਹਤਾ ਨਾਲ ਜ਼ੁਲਮ ਦਾ ਟਾਕਰਾ ਕਰਨ ਲਈ ਪ੍ਰੇਰਿਆ ਤੇ ਉਤਸ਼ਾਹ ਦਿੱਤਾ। ਲੋਕ ਭਾਰੀ ਗਿਣਤੀ ਵਿਚ ਹਰ ਥਾਂ ਜੁੜਦੇ ਤੇ ਦਰਸ਼ਨ ਕਰ ਕੇ ਉਪਦੇਸ਼ ਸੁਣਦੇ। ਹਜ਼ਾਰਾਂ ਲੋਕ ਆਪ ਦੇ ਨਾਲ ਹੀ ਤੁਰ ਪਏ। ਦਿੱਲੀ ਸਰਕਾਰ ਦੇ ਸੂਹੀਆਂ ਨੇ ਖ਼ਬਰ ਪਹੁੰਚਾਈ ਕਿ ਗੁਰੂ ਸਾਹਿਬ ਤਾਂ ਲੋਕਾਂ ਨੂੰ ਸਰਕਾਰ ਵਿਰੁੱਧ ਤੇਜ਼ੀ ਨਾਲ ਉਭਾਰ ਰਹੇ ਹਨ। ਔਰੰਗਜ਼ੇਬ ਰਾਵਲਪਿੰਡੀ ਜਾਣ ਵਾਲਾ ਸੀ। ਉਹਨੇ ਆਪਣੇ ਮੁਖੀ ਪ੍ਰਬੰਧਕਾਂ ਨੂੰ ਸੱਦ ਕੇ ਹਦਾਇਤ ਕਰ ਦਿੱਤੀ ਕਿ ਗੁਰੂ ਸਾਹਿਬ ਨੂੰ ਗ੍ਰਿਫ਼ਤਾਰੀ ਪਿਛੋਂ ਕਿਸ ਤਰ੍ਹਾਂ ਇਸਲਾਮ ਵਿਚ ਲਿਆਉਣਾ ਹੈ ਤੇ ਜੇ ਨਾ ਮੰਨਣ ਤਾਂ ਕਿਵੇਂ ਵਰਤਾਉ ਕਰਨਾ ਹੈ।

ਗੁਰੂ ਸਾਹਿਬ ਪ੍ਰਚਾਰ ਕਰਨ ਵਾਸਤੇ ਸੰਨ ੧੬੭੫ ਨੂੰ ਦਿੱਲੀ ਵੱਲ ਚੱਲੇ ਹਨ। ਪਹਿਲਾਂ ਰੋਪੜ ਤੋਂ ਸੈਫ਼ਾਬਾਦ ਪੁੱਜੇ। ਇਥੇ ਸੱਯਦ ਸੈਫ਼ ਅਲੀ ਖ਼ਾਂ ਕੋਲ ਕੁਝ ਦੇਰ ਠਹਿਰੇ ਸਨ। ਫੇਰ ਕੈਂਥਲ, ਲਖਨ ਮਾਜਰਾ ਖੂਹ ਲਗਵਾਉਂਦੇ ਤੇ ਪ੍ਰਚਾਰ ਕਰਦੇ ਹਜ਼ੂਰ ਅੱਗੇ ਆਗਰੇ ਵੱਲ ਵੱਧੇ। ਆਪ ਨੇ ਬਾਕੀ ਸਾਰੀ ਸੰਗਤ ਨੂੰ ਵਾਪਸ ਭੇਜ ਦਿੱਤਾ ਤੇ ਆਪਣੇ ਨਾਲ ਪੰਜ ਸਿੱਖਾਂ—ਭਾਈ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਸਤੀ ਦਾਸ—ਨੂੰ ਲੈ ਕੇ ਆਗਰੇ ਪਹੁੰਚ ਗਏ। ਇਥੇ ਇਕ ਖ਼ਾਸ ਢੰਗ ਨਾਲ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਕਿਲ੍ਹੇਦਾਰ ਨੇ ਆਪ ਨੂੰ ਗ੍ਰਿਫ਼ਤਾਰ ਕਰ ਕੇ ਪੰਜ ਸੌ ਸਵਾਰਾਂ ਦੀ ਨਿਗਰਾਨੀ ਹੇਠ ਦਿੱਲੀ ਭੇਜ ਦਿੱਤਾ।

ਔਰੰਗਜ਼ੇਬ ਦਿੱਲੀ ਨਹੀਂ ਸੀ ਪਰ ਉਹ ਪਹਿਲਾਂ ਹੀ ਜਾਣ ਲੱਗਾ ਸਾਰਾ ਹੁਕਮ ਦੇ ਗਿਆ ਸੀ। ਇਸ ਲਈ ਉਹਦੇ ਹੁਕਮ ਅਨੁਸਾਰ ਹੀ ਗੁਰੂ ਸਾਹਿਬ ਨੂੰ ਤਸੀਹੇ ਦਿੱਤੇ ਗਏ। ਪਹਿਲਾਂ ਦਿੱਲੀ ਵਿਚ ਜਾਮਾ ਮਸਜਿਦ ਦੇ ਨੇੜੇ ਢੱਠੀ ਹੋਈ ਇਮਾਰਤ ਵਿਚ ਰਖਿਆ ਤੇ ਕਾਜ਼ੀ ਭੇਜ ਕੇ ਸਰਕਾਰ ਦੀ ਨੀਤੀ ਦੱਸੀ ਤੇ ਪ੍ਰੇਰਨਾ ਕੀਤੀ ਕਿ ਉਹ ਇਸਲਾਮ ਕਬੂਲ ਕਰ ਲੈਣ ਨਹੀਂ ਤੇ ਉਹਨਾਂ ਨੂੰ ਕਰਾਮਾਤ ਦਿਖਾਣ ਲਈ ਕਿਹਾ ਗਿਆ। ਜਦ ਆਪ ਨੇ ਕੋਈ ਗੱਲ ਨਾ ਮੰਨੀ ਤਾਂ ਇਸ ਇਮਾਰਤ ਤੋਂ ਆਪ ਨੂੰ ਚਾਂਦਨੀ ਚੌਂਕ ਵਿਚ ਕੋਤਵਾਲੀ ਦੀ ਇਮਾਰਤ ਵਿਚ ਲੈ ਆਂਦਾ ਗਿਆ ਤੇ ਇਥੇ ਹਰ ਤਰ੍ਹਾਂ ਦੇ ਸਰੀਰਕ ਕਸ਼ਟ ਦਿੱਤੇ ਗਏ। ਪੈਰਾਂ ਵਿਚ ਜ਼ੰਜੀਰਾਂ ਪਾਈਆਂ ਗਈਆਂ, ਤੰਗ ਪਿੰਜਰੇ ਵਿਚ ਰੱਖਿਆ ਗਿਆ ਤੇ ਹੋਰ ਵੀ ਜੋ ਹੋ ਸਕਿਆ ਕੀਤਾ, ਪਰ ਆਪ ਪਹਾੜ ਵਾਂਗ ਅਡੋਲ ਰਹੇ। ਆਪ ਦੀ ਅਜਿਹੀ ਦ੍ਰਿੜ੍ਹਤਾ ਦੇਖ ਕੇ ਹਾਕਮਾਂ ਨੇ ਫ਼ੈਸਲਾ ਕੀਤਾ ਕਿ ਪਹਿਲਾਂ ਆਪ ਦੇ ਨਾਲ ਆਏ ਸਿੱਖਾਂ ਨੂੰ ਵਾਰੋ ਵਾਰੀ ਤਸੀਹੇ ਦੇ ਕੇ ਕਤਲ ਕੀਤਾ ਜਾਏ। ਸ਼ਾਇਦ ਦੇਖ ਕੇ ਗੁਰੂ ਸਾਹਿਬ ਇਰਾਦਾ ਬਦਲ ਲੈਣ।

ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੂੰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿੱਤਾ ਗਿਆ। ਲੋਹੇ ਦਾ ਪਿੰਜਰਾ, ਜਿਸਦੇ ਅੰਦਰ ਨੂੰ ਸੂਲਾਂ ਵਰਗੇ ਤਿੱਖੇ ਕਿੱਲ ਮੜੇ ਹੋਏ ਸਨ। ਨਾ ਉਸ ਵਿਚ ਆਦਮੀ ਆਰਾਮ ਨਾਲ ਬੈਠ ਸਕਦਾ ਸੀ, ਨਾ ਸਿੱਧਾ ਖੜਾ ਹੀ ਹੋ ਸਕਦਾ ਸੀ। ਇਹ ਸਜ਼ਾ ਏਨੀ ਸਖ਼ਤ ਸੀ, ਜਿਸਨੂੰ ਕੋਈ ਸਾਧਾਰਨ ਆਦਮੀ ਨਹੀਂ ਸਹਾਰ ਸਕਦਾ। ਕੁਛ ਦਿਨ ਮਹਾਰਾਜ ਨੂੰ ਉਸ ਪਿੰਜਰੇ ਵਿਚ ਕੈਦ ਕਰਕੇ ਭੁੱਖਿਆਂ ਤਿਹਾਇਆਂ ਰੱਖਿਆ।

ਭਾਈ ਸਤੀ ਰਾਮ ਨੂੰ ਰੂੰ ਵਿਚ ਲਪੇਟ ਕੇ ਅੱਗ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰਨ ਦਾ ਹੁਕਮ ਕੀਤਾ। ਭਾਈ ਮਤੀ ਦਾਸ ਨੇ ਅਡੋਲ ਜਪੁਜੀ ਸਾਹਿਬ ਦਾ ਪਾਠ ਸ਼ੁਰੂ ਕੀਤਾ ਹੈ। ਜਲਾਦਾਂ ਨੇ ਆਰਾ ਖਿੱਚਣਾ ਸ਼ੁਰੂ ਕੀਤਾ ਤੇ ਸਿੱਖ ਨੇ 'ਜਪੁ ਜੀ' ਸਾਹਿਬ ਦਾ ਪਾਠ। ਖ਼ੂਨ ਦੀਆਂ ਧਾਰਾਂ ਵਹਿ ਤੁਰੀਆਂ। ਗੁਰਦੇਵ ਦੇ ਸਿੱਖ ਅਡੋਲ ਸਨ, ਪਰ ਉਦਾਲੇ ਵੇਖਣ ਵਾਲੇ ਕਈ ਹਉਕੇ ਭਰ ਰਹੇ ਸਨ। ਲੱਕੜ ਦੀ ਗੇਲੀ ਵਾਂਗ ਮਤੀ ਦਾਸ ਨੂੰ ਦੋ-ਫਾੜ ਚੀਰ ਦਿੱਤਾ ਗਿਆ। ਪਾਠ ਸੰਪੂਰਨ ਹੋਇਆ।

ਕਹਿਰ ਵੇਖ ਕੇ ਭਾਈ ਦਿਆਲੇ ਤੋਂ ਸਹਾਰਿਆ ਨਾ ਗਿਆ। ਉਹ ਰੋਹ ਵਿਚ ਬੋਲ ਉਠੇ ''ਤੁਸਾਂ ਇਕ ਸਿਦਕੀ ਸਿੱਖ ਨੂੰ ਨਹੀਂ ਚੀਰਿਆ, ਮੁਗ਼ਲ ਰਾਜ ਦੀਆਂ ਜੜ੍ਹਾਂ ਚੀਰ ਦਿੱਤੀਆਂ ਹਨ। ਹੁਣ ਇਹ ਰਾਜ ਬਹੁਤ ਚਿਰ ਨਹੀਂ ਟਿਕੇਗਾ।''

ਮੁਫ਼ਤੀ ਵੱਲੋਂ ਭਾਈ ਦਿਆਲੇ ਵਾਸਤੇ ਵੀ ਫ਼ਤਵਾ ਸੁਣਾ ਦਿੱਤਾ ਗਿਆ, ਜਿਉਂਦੇ-ਜੀਅ ਦੇਗ ਵਿਚ ਉਬਾਲ ਕੇ ਸ਼ਹੀਦ ਕਰਨ ਦਾ। ਸੰਤ ਸਰੂਪ ਭਾਈ ਦਿਆਲਾ ਜੀ ਨੂੰ ਦੇਗ ਵਿਚ ਬਿਠਾ ਕੇ ਉਬਾਲ ਦਿੱਤਾ ਗਿਆ। ਰਿੱਝ-ਰਿੱਝ ਕੇ ਹੱਡੀਆਂ ਨਾਲੋਂ ਮਾਸ ਅਲੱਗ ਹੋ ਗਿਆ। ਸੁਆਸਾਂ ਦੇ ਹੁੰਦਿਆਂ ਮੂੰਹੋਂ 'ਸੀ' ਨਹੀਂ ਕੀਤੀ। ਇਹ ਜ਼ੁਲਮ ਵੇਖ ਕੇ ਸਾਰਾ ਸ਼ਹਿਰ ਕੰਬ ਉਠਿਆ।

ਗੁਰੂ ਜੀ ਨੂੰ ਕਰਾਮਾਤ ਦਿਖਾਵਣ, ਇਸਲਾਮ ਧਰਮ ਕਬੂਲਣ, ਸ਼ਹੀਦ ਹੋਣਾ ਤੀਜੀ ਸ਼ਰਤ ਸੀ ਜੋ

ਹਜ਼ੂਰ ਨੇ ਪ੍ਰਵਾਨ ਕੀਤੀ ਸੀ। ਆਪ ਨੂੰ ਪੀਰ ਮੰਨ ਕੇ ਪੂਜਣ ਦੇ ਲਾਲਚ ਦਿੱਤੇ ਗਏ, ਪਰ ਗੁਰੂ ਜੀ ਆਪਣੇ ਇਰਾਦੇ 'ਤੇ ਅਡੋਲ ਰਹੇ। ਆਖ਼ਰ 'ਸਾਧੋ ਇਹ ਤਨ ਮਿਥਿਆ ਜਾਨਉ' ਕਹਿਣ ਵਾਲਾ ਮਹਾਂਪੁਰਖ ਹਿੰਦ ਦੀ ਧਾਰਮਿਕ ਸੁਤੰਤ੍ਰਤਾ ਨੂੰ ਕਾਇਮ ਰੱਖਣ ਲਈ ਸ਼ਹੀਦ ਹੋਣ ਲਈ ਤਿਆਰ ਹੋ ਗਿਆ।

ਕਾਜ਼ੀ ਅਬਦੁਲ ਵਹਾਬ, ਕੋਤਵਾਲ ਅਬਦੁਲਾ ਅਤੇ ਜੱਲਾਦ ਜਲਾਲਉਦੀਨ ਤਿੰਨੇ ਹੀ ਸਤਿਗੁਰਾਂ ਨੂੰ ਮਿਲੇ। ਕਾਜ਼ੀ ਨੇ ਕਿਹਾ, 'ਮੈਂ ਖ਼ਾਨਦਾਨੀ ਕਾਜ਼ੀ ਹਾਂ।' ਕੋਤਵਾਲ ਨੇ ਕਿਹਾ, 'ਮੈਂ ਖ਼ਾਨਦਾਨੀ ਕੋਤਵਾਲ ਹਾਂ', ਜੱਲਾਦ ਨੇ ਆਪਣੀ ਵਾਕਫ਼ੀ ਦਿੰਦਿਆਂ ਕਿਹਾ ਕਿ 'ਮੈਂ ਖ਼ਾਨਦਾਨੀ ਜੱਲਾਦ ਹਾਂ।' ਸਤਿਗੁਰਾਂ ਕਿਹਾ, ''ਫਿਰ ਰੱਬ ਨੇ ਮੇਲ ਬੜਾ ਹੀ ਸੋਹਣਾ ਮਿਲਾਇਆ ਹੈ, ਮੈਂ ਵੀ ਖ਼ਾਨਦਾਨੀ ਸ਼ਹੀਦ ਹਾਂ ਤੇ ਉਮੀਦ ਹੈ ਕਿ ਅੱਗੋਂ ਵੀ ਇਸ ਖ਼ਾਨਦਾਨੀ ਸ਼ਹਾਦਤ ਦਾ ਵਿਰਸਾ ਜਾਰੀ ਰਹੇਗਾ।''

***ਮੇਰੇ ਅਜਦਾਦ ਸੇ ਮੁਝ ਕੋ ਮਿਲਾ ਵਿਰਸਾ ਸ਼ਹਾਦਤ ਕਾ,***
***ਮੇਰੀ ਔਲਾਦ ਕੋ ਜਾਗੀਰ ਹੈ ਜਾਮੇ ਸ਼ਹਾਦਤ ਕੀ।***

ਫਿਰ ਗੁਰੂ ਸਾਹਿਬ ਜੀ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕੀਤਾ ਗਿਆ। ਆਪ ਨੂੰ ਕੋਤਵਾਲੀ ਤੋਂ ਬਾਹਰ ਲਿਆਂਦਾ ਗਿਆ। ਗੁਰੂ ਸਾਹਿਬ ਨੇ ਇਸ਼ਨਾਨ ਕੀਤਾ ਤੇ ਬੋੜ੍ਹ ਹੇਠ ਆ ਕੇ ਬੈਠ ਗਏ। ਹਜ਼ਾਰਾਂ ਲੋਕ ਸਾਹਮਣੇ ਖੜ੍ਹੇ ਇਹ ਦ੍ਰਿਸ਼ ਦੇਖ ਰਹੇ ਸਨ। ਗੁਰੂ ਸਾਹਿਬ ਨੇ ਚੌਂਕੜਾ ਮਾਰ ਕੇ ਜਪੁਜੀ ਸਾਹਿਬ ਦਾ ਪਾਠ ਆਰੰਭ ਕਰ ਦਿੱਤਾ। ਜਦ ਪਾਠ ਸੰਪੂਰਨ ਹੋਇਆ ਤਾਂ ਆਪ ਨੇ ਵਾਹਿਗੁਰੂ ਕਹਿ ਕੇ ਸੀਸ ਨਿਵਾਇਆ ਤਾਂ ਜਲਾਲਦੀਨ ਜੱਲਾਦ, ਜੋ ਸਮਾਣੇ ਦਾ ਰਹਿਣ ਵਾਲਾ ਸੱਯਦ ਸੀ, ਨੇ ਤਲਵਾਰ ਮਾਰ ਕੇ ਸੀਸ ਧੜ ਤੋਂ ਵੱਖ ਕਰ ਦਿੱਤਾ। ਇਹ ਮਹਾਨ ਬਲੀਦਾਨ ੧੬੭੫ ਈ: ਨੂੰ ਸ਼ਾਮ ਵੇਲੇ ਹੋਇਆ। ਜਿਥੇ ਆਪ ਸ਼ਹੀਦ ਹੋਏ, ਉਥੇ ਅੱਜ ਕਲ੍ਹ ਗੁਰਦੁਆਰਾ ਸੀਸ ਗੰਜ ਸਾਹਿਬ ਹੈ, ਜਿਥੇ ਹਜ਼ਾਰਾਂ ਲੋਕ ਹੁਣ ਵੀ ਰੋਜ਼ਾਨਾ ਸ਼ਹੀਦਾਂ ਦੇ ਸਿਰਤਾਜ, ਹਿੰਦ ਦੀ ਚਾਦਰ, ਧਰਮ ਦੇ ਰੱਖਿਅਕ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਹਾਰਾਜ ਦੀ ਕੁਰਬਾਨੀ ਅੱਗੇ ਸੀਸ ਨਿਵਾਣ ਲਈ ਪਹੁੰਚਦੇ ਹਨ।

## ਅਬ ਹਮ ਚਲੀ ਠਾਕੁਰ ਪਹਿ ਹਾਰਿ॥

***''ਮੇਲਿ ਲੈਹੁ ਦਇਆਲ ਢਹਿ ਪਏ ਦੁਆਰਿਆ॥***
***ਰਖਿ ਲੇਵਹੁ ਦੀਨ ਦਇਆਲ ਭ੍ਰਮਤ ਬਹੁ ਹਾਰਿਆ॥***
***ਭਗਤਿ ਵਛਲੁ ਤੇਰਾ ਬਿਰਦੁ ਹਰਿ ਪਤਿਤ ਉਧਾਰਿਆ॥***
***ਤੁਝ ਬਿਨੁ ਨਾਹੀ ਕੋਇ ਬਿਨਉ ਮੋਹਿ ਸਾਰਿਆ॥***
***ਕਰੁ ਗਹਿ ਲੇਹੁ ਦਇਆਲ ਸਾਗਰ ਸੰਸਾਰਿਆ॥''***

(ਅੰਗ ੭੦੯)

***''ਢਾਥੇ ਸੇਈ ਨਿਕਲੇ ਜਿ ਗੁਰ ਕੀ ਪੈਰੀ ਪਾਹਿ॥ ੩॥***
***ਕੋਈ ਰਖਿ ਨ ਸਕਈ ਦੂਜਾ ਕੋ ਨ ਦਿਖਾਇ॥***

***ਚਾਰੇ ਕੁੰਡਾ ਭਾਲਿ ਕੈ ਆਇ ਪਇਆ ਸਰਣਾਇ॥***
***ਨਾਨਕ ਸਚੈ ਪਾਤਿਸਾਹਿ ਡੁਬਦਾ ਲਇਆ ਕਢਾਇ॥੪॥ ੩॥***

(ਅੰਗ ੪੩)

ਦੇਵਗੰਧਾਰੀ॥ ਅਬ ਹਮ ਚਲੀ ਠਾਕੁਰ ਪਹਿ ਹਾਰਿ॥ ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥ ੧॥ ਰਹਾਉ॥ ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ॥੧॥ ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥ ਜਨ ਨਾਨਕ ਸਰਣਿ ਤੁਮਾਰੀ ਹਰਿ ਜੀਉ ਰਾਖਹੁ ਲਾਜ ਮੁਰਾਰਿ॥੨॥੪॥

**ਪਦ ਅਰਥ :–** ਅਬ–ਹੁਣ। ਠਾਕੁਰ–ਮਾਲਕ ਪ੍ਰਭੂ। ਪਹਿ–ਪਾਸ, ਕੋਲ। ਬੈਸੰਤਰਿ–ਅੱਗ ਵਿਚ। ਜਾਰਿ–ਸਾੜ ਦਿੱਤੀ ਹੈ। ਦੀਓ ਹੈ ਢਾਰਿ–ਢਾਲ ਦਿੱਤਾ ਹੈ ਭਾਵ ਸਮਰਪਣ ਕਰ ਦਿੱਤਾ ਹੈ। ਲੋਕਨ ਕੀ ਚਤੁਰਾਈ ਉਪਮਾ–ਦੁਨੀਆਂ ਦੇ ਲੋਕਾਂ ਦੀ ਚਾਪਲੂਸੀ ਲਈ ਚਤਰਾਈ ਸਹਿਤ ਕੀਤੀ ਹੋਈ ਉਪਮਾ।

**ਅਰਥ :–**ਹੁਣ ਮੈਂ ਸਾਰੇ ਪਾਸਿਓਂ ਹਾਰ ਕੇ ਮਾਲਕ ਪ੍ਰਭੂ ਜੀ ਦੇ ਪਾਸ ਚਲੀ ਆਈ ਹਾਂ। ਜਦੋਂ ਹੁਣ ਹੇ ਪ੍ਰਭੂ ਜੀ! ਮੈਂ ਆਪ ਜੀ ਦੀ ਸ਼ਰਣ ਆ ਪਈ ਹਾਂ (ਹੁਣ ਜਿਵੇਂ ਤੇਰੀ ਰਜ਼ਾ ਹੈ) ਚਾਹੇ ਮੈਨੂੰ ਰੱਖ ਲੈ ਚਾਹੇ ਮਾਰ ਲੈ। ੧। ਰਹਾਉ। ਬਿਸਰਾਮ ਦੇ ਕੇ ਅੱਗੇ ਕਥਨ ਕੀਤਾ ਹੈ।

ਦੁਨੀਆਂ ਦੇ ਲੋਕਾਂ ਦੀ ਚਾਪਲੂਸੀ ਲਈ ਚਤੁਰਾਈ ਸਹਿਤ ਕੀਤੀ ਹੋਈ (ਉਪਮਾ) ਵਡਿਆਈ ਉਹ ਮੈਂ ਅੱਗ ਵਿਚ ਸਾੜ ਦਿੱਤੀ ਹੈ। ਮੈਨੂੰ ਹੁਣ ਕੋਈ ਚੰਗਾ ਕਹਿਣਾ ਕਰੋ, ਚਾਹੇ ਮਾੜਾ ਕਹਿਣਾ ਕਰੋ (ਮੈਨੂੰ ਕੋਈ ਫ਼ਰਕ ਨਹੀਂ ਪੈਂਦਾ) ਕਿਉਂਕਿ ਮੈਂ ਆਪਣਾ ਸਰੀਰ ਭਾਵ ਮਨ, ਤਨ ਪ੍ਰਭੂ ਜੀ ਅੱਗੇ ਸਮਰਪਣ ਕਰ ਦਿੱਤਾ ਹੈ। ੧। ਹੇ ਮਾਲਕ ਪ੍ਰਭੂ ਜੀ! ਜੋ ਮਨੁੱਖ ਤੁਹਾਡੀ ਸ਼ਰਨ ਵਿਚ ਆ ਪੈਂਦਾ ਹੈ ਤੂੰ ਉਸ 'ਤੇ ਮੇਹਰ ਕਰਕੇ ਉਸ ਦੀ ਰੱਖਿਆ ਕਰਦਾ ਹੈਂ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਹੇ (ਹਰਿ ਜੀਉ) ਵਾਹਿਗੁਰੂ ਜੀ! ਜਨ ਦਾਸ ਤੇਰੀ ਸ਼ਰਨ ਵਿਚ ਆਇਆ ਹੈ (ਮੁਰਾਰਿ) ਵਾਹਿਗੁਰੂ (ਮੇਰੀ ਸ਼ਰਣ ਆਏ ਦੀ) ਲਾਜ ਰੱਖ ਲਓ। ੨। ੪।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਨਿੰਦਾ ਉਸਤਤ ਤੋਂ ਉੱਚੇ ਉੱਠ ਕੇ ਅਤੇ ਲੋਕ ਲਾਜ ਤਿਆਗ ਕੇ ਪ੍ਰਭੂ ਜੀ ਦੀ ਸ਼ਰਨ ਵਿਚ ਪੈਣ ਦਾ ਉਪਦੇਸ਼ ਦਿੱਤਾ ਹੈ। ਨਾਲ ਹੀ "ਜੋ ਆਵਤ ਸਰਣਿ ਠਾਕੁਰ ਪ੍ਰਭੁ ਤੁਮਰੀ ਤਿਸੁ ਰਾਖਹੁ ਕਿਰਪਾ ਧਾਰਿ॥" ਇਹ ਕਹਿ ਕੇ ਸਰਣਿ ਵਿਚ ਆ ਕੇ ਰੱਖਿਆ ਕਰਨ ਦਾ, ਉਸ ਦੇ ਬਿਰਦੁ ਦਾ ਪ੍ਰਗਟਾਵਾ ਕੀਤਾ ਹੈ। ਇਸ ਸਬੰਧ ਵਿਚ "ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥" ਇਹ ਸ਼ਬਦ ਅਤੇ ਹੋਰ ਇਸੇ ਪੁਸਤਕ ਦੇ ਸ੍ਰੀ ਮੁਖਵਾਕ ਨੰਬਰ ੯ ਦਾ ਪ੍ਰਾਕ੍ਰਥਨ ਅਤੇ ਵਿਆਖਿਆ ਤੇ ਸਾਰੰਸ਼ ਪੜ੍ਹੋ

ਰੱਖਿਆ ਦੇ ਸਬੰਧ ਵਿਚ ਅਤੇ ਪੰਚਮ ਗੁਰਦੇਵ ਦਾ ਇਹ ਸਲੋਕ ਵੀ ਲਗ ਸਕਦਾ ਹੈ—

*"ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖੵ ਆਵਧਹ॥*
*ਅਹੋ ਜਸੵ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਰਤੇ॥"*

(ਅੰਗ ੧੩੫੪)

ਅਤੇ ਭਾਈ ਬਿਧੀ ਚੰਦ ਜੀ ਦੀ ਅੱਗ ਵਿਚ ਰੱਖਿਆ ਕੀਤੀ ਦਾ ਪ੍ਰਸੰਗ ਇਥੇ ਦੇ ਰਹੇ ਹਾਂ।

## ਸਾਖੀ—ਬਾਬਾ ਬਿਧੀ ਚੰਦ ਜੀ ਦੀ

ਜਿਵੇਂ ਇਤਿਹਾਸ ਦੇ ਕਥਨ ਅਨੁਸਾਰ ਕਸ਼ਮੀਰ ਦੀ ਸੰਗਤ ਸਤਿਗੁਰਾਂ ਦੇ ਦਰਸ਼ਨਾਂ ਨੂੰ ਆ ਰਹੀ ਸੀ, ਜਿਨ੍ਹਾਂ ਪਾਸ ਕਈ ਪ੍ਰਕਾਰ ਦੀ ਭੇਟਾ ਤੋਂ ਇਲਾਵਾ ਸੋਹਣੇ ਸੁੰਦਰ ਦੁਸ਼ਾਲੇ ਸਨ। ਸੰਗਤ ਜਿਸ ਵਕਤ ਪੱਟੀ ਦੇ ਨਜ਼ਦੀਕ ਆਈ ਤਾਂ ਰਸਤੇ ਵਿਚ ਕੁਝ ਬਾਰਸ਼ ਦੇ ਸਲਾਬ ਕਾਰਨ ਦੁਸ਼ਾਲੇ ਪੱਟੀ ਦੇ ਬਦਾਮੀ ਬਾਗ਼ ਵਿਚ ਸੁਕਣੇ ਪਾਏ। ਪੱਟੀ ਦੇ ਪਠਾਣ ਮਿਰਜ਼ਾ ਬੇਗ ਨੇ ਦੁਸ਼ਾਲੇ ਦੇਖ ਕੇ ਆਪਣੇ ਅਹਿਲਕਾਰਾਂ ਨੂੰ ਕਿਹਾ ਕਿ ਇਹ ਦੁਸ਼ਾਲੇ ਸਿੱਖਾਂ ਤੋਂ ਖੋਹ ਲਓ। ਦੁਸ਼ਾਲੇ ਖੋਹੇ ਜਾਣ ਤੋਂ ਬਾਅਦ ਸੰਗਤ ਦੇ ਮਨ 'ਚ ਬਹੁਤ ਉਦਾਸੀ ਆ ਗਈ। ਹਜ਼ੂਰ ਦੇ ਪਾਸ ਪਹੁੰਚ ਆਪੋ ਆਪਣੀ ਭੇਟਾ ਰਖ ਨਮਸਕਾਰ ਕੀਤੀ ਤੇ ਦੁਸ਼ਾਲੇ ਖੋਹੇ ਜਾਣ ਦੀ ਸਾਰੀ ਵਾਰਤਾ ਕਹਿ ਸੁਣਾਈ। ਸਤਿਗੁਰਾਂ ਨੇ ਸੰਗਤ ਦਾ ਬਚਨ ਸੁਣਦਿਆਂ ਬਾਬਾ ਬਿਧੀ ਚੰਦ ਜੀ ਨੂੰ ਦੁਸ਼ਾਲੇ ਲੈ ਆਉਣ ਦਾ ਹੁਕਮ ਦਿੱਤਾ। ਬਾਬਾ ਜੀ ਸਤਿਗੁਰਾਂ ਦੀ ਆਗਿਆ ਲੈ, ਨਮਸਕਾਰ ਕਰਕੇ ਪੱਟੀ ਨੂੰ ਰਵਾਨਾ ਹੋਏ। ਪੱਟੀ ਪਹੁੰਚ ਕੇ ਦੁਸ਼ਾਲੇ ਖ਼ਰੀਦਣ ਵਾਲੇ ਵਪਾਰੀ ਬਣ ਦੁਸ਼ਾਲਿਆਂ ਦਾ ਭੇਤ ਲਿਆ। ਫਿਰ ਦੁਸ਼ਾਲੇ ਲੈਣ ਲਈ ਇਕ ਬੇਗਮ ਦਾ ਰੂਪ ਬਣਾ ਕੇ ਪੱਟੀ ਦੇ ਸੂਬੇ ਮਿਰਜ਼ਾ ਬੇਗ ਦੇ ਮਹਿਲਾਂ 'ਚ ਪਹੁੰਚ ਕੇ ਬੇਗਮਾਂ ਨੂੰ ਚੁਬਾਰੇ ਵਿਚ ਬੰਦ ਕਰਕੇ ਆਪ ਦੁਸ਼ਾਲੇ ਕੱਢ ਲਏ। ਇਤਨੇ ਨੂੰ ਰੌਲਾ ਪੈ ਗਿਆ ਕਿ ਸਿੱਖ ਬੇਗਮ ਬਣ ਕੇ ਦੁਸ਼ਾਲੇ ਲੈ ਗਿਆ ਹੈ। ਪੱਟੀ ਦੇ ਹਾਕਮਾਂ ਨੇ ਸ਼ਹਿਰ ਦੇ ਦਰਵਾਜ਼ੇ ਬੰਦ ਕਰਵਾ ਕੇ ਘੇਰਾ ਚਾਰੋਂ ਤਰਫ਼ ਪਾਇਆ। ਭਾਈ ਜੀ ਨੇ ਆਪਣਾ ਬਚਾਅ ਕਰਨ ਲਈ ਇਕ ਭਠਿਆਰੇ ਤੋਂ ਠਹਿਰਨ ਵਾਸਤੇ ਜਗ੍ਹਾ ਮੰਗੀ। ਉਸ ਨੇ ਬੇਨਤੀ ਕੀਤੀ ਕਿ ਬਾਬਾ ਜੀ, ਤੁਸੀਂ ਗੁਰੂ ਦੇ ਸਿੱਖ ਹੋ ਤੇ ਮੇਰੇ ਪਾਸ ਕੇਵਲ ਭੱਠ ਵਾਲੀ ਜਗ੍ਹਾ ਹੈ। ਏਥੇ ਦਾਣੇ ਭੁੰਨ ਕੇ ਮੈਂ ਆਪਣਾ ਗੁਜ਼ਾਰਾ ਕਰਦਾ ਹਾਂ।

ਆਪ ਸਤਿਗੁਰਾਂ 'ਤੇ ਪੂਰਾ ਭਰੋਸਾ ਰੱਖ ਕੇ ਬਲਦੇ ਭੱਠ ਵਿਚ ਬੈਠ ਗਏ। ਸਤਿਗੁਰੂ ਜੀ ਨੇ ਉਸ ਵਕਤ ਭਾਈ ਕੀ ਡਰੋਲੀ ਆਪਣੇ ਸਰੀਰ 'ਤੇ ਜਲ ਦੀਆਂ ਗਾਗਰਾਂ ਪਵਾਈਆਂ। ਆਪਣੇ ਸਿੱਖ ਭਾਈ ਬਿਧੀ ਚੰਦ ਨੂੰ ਸੇਕ ਨਾ ਲੱਗਣ ਦਿੱਤਾ। ਇਸ ਪ੍ਰਕਾਰ ਭਾਈ ਬਿਧੀ ਚੰਦ ਨੇ ਦੁਸ਼ਾਲੇ ਗੁਰੂ ਜੀ ਦੇ ਹਾਜ਼ਰ ਕਰ ਮਹਾਨ ਪ੍ਰਸੰਨਤਾ ਪ੍ਰਾਪਤ ਕੀਤੀ। ਉਸ ਅਸਥਾਨ ਦਾ ਨਾਮ ਗੁਰਦੁਆਰਾ ਭੱਠ ਸਾਹਿਬ ਹੈ। ਇਸ ਦਾ ਪ੍ਰਬੰਧ ਬਾਬਾ ਦਇਆ ਸਿੰਘ ਜੀ ਸੁਰ ਸਿੰਘ ਵਾਲਿਆਂ ਪਾਸ ਹੈ, ਜੋ ਭਾਈ ਬਿਧੀ ਚੰਦ ਜੀ ਦੀ ਅੰਸ ਬੰਸ ਹਨ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੧੨ (ਅੰਗ ੫੨੯)

ਦੇਵਗੰਧਾਰੀ ਮਹਲਾ ੫॥ ਹਰਿ ਪ੍ਰਾਨ ਪ੍ਰਭੂ ਸੁਖਦਾਤੇ॥ ਗੁਰ ਪ੍ਰਸਾਦਿ ਕਾਹੂ ਜਾਤੇ॥੧॥ ਰਹਾਉ॥ ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥੧॥ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ॥ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ॥੨॥੮॥

## ਪ੍ਰਾਕ੍ਰਥਨ :-

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਦੇ ਅਰੰਭ ਵਿਚ ਹਰੀ ਪ੍ਰਭੂ (ਜੀਵ ਨੂੰ) ਪ੍ਰਾਨ ਤੇ ਸੁਖ ਦੇਣ ਵਾਲਾ ਦਰਸਾਇਆ ਹੈ ਭਾਵ ਸਥੂਲ ਸਰੀਰ ਵਿਚ (ਪ੍ਰਾਨ) ਜਿੰਦ ਪਾ ਕੇ (ਪ੍ਰਭੂ ਜੀ) ਸੁਖ ਦੇਣ ਵਾਲਾ ਹੈ। ਇਸ ਸਬੰਧ ਵਿਚ ਵਿਸਥਾਰ ਪੂਰਵਕ ਵਿਚਾਰ ਕਰੀਏ। ਸਭ ਤੋਂ ਪਹਿਲਾਂ ਧੰਨ ਵਾਹਿਗੁਰੂ ਜੀ ਤੁੱਛ ਵਸਤੂ ਤੋਂ ਭਾਵ ''ਪਾਨੀ ਮੈਲਾ ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥'' ਇਸ ਤੋਂ ਮਨੁੱਖ ਦੇ ਸਰੀਰ ਦਾ ਵਜੂਦ ਕਾਇਮ ਕੀਤਾ ਹੈ। ਹਜ਼ੂਰ ਦਾ ਗੁਰਬਾਣੀ ਅੰਦਰ ਫੁਰਮਾਣ ਹੈ ''ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥'' ਏਸੇ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਚੌਥੇ ਸਲੋਕ ਤੇ ਚੌਥੀ ਅਸਟਪਦੀ ਅੰਦਰ ਸਤਿਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ ਮਨੁੱਖ ''ਜਿਨ ਕੀਆ ਤਿਸ ਚੀਤ ਰਖ'', ਜਿਸ ਵਾਹਿਗੁਰੂ ਜੀ ਨੇ ਪੈਦਾ ਕੀਤਾ ਹੈ ਉਸ ਨੂੰ ਹਮੇਸ਼ਾ ਯਾਦ ਰੱਖ।

*''ਸਲੋਕੁ॥ ਨਿਰਗੁਨੀਆਰ ਇਆਨਿਆ ਸੋ ਪ੍ਰਭੁ ਸਦਾ ਸਮਾਲਿ॥*
*ਜਿਨਿ ਕੀਆ ਤਿਸੁ ਚੀਤਿ ਰਖੁ ਨਾਨਕ ਨਿਬਹੀ ਨਾਲਿ॥੧॥*
*ਅਸਟਪਦੀ॥ ਰਮਈਆ ਕੇ ਗੁਨ ਚੇਤਿ ਪਰਾਨੀ॥ਕਵਨ ਮੂਲ ਤੇ ਕਵਨ ਦ੍ਰਿਸਟਾਨੀ॥*
*ਜਿਨਿ ਤੂੰ ਸਾਜਿ ਸਵਾਰਿ ਸੀਗਾਰਿਆ॥ ਗਰਭ ਅਗਨਿ ਮਹਿ ਜਿਨਹਿ ਉਬਾਰਿਆ॥*
*ਬਾਰ ਬਿਵਸਥਾ ਤੁਝਹਿ ਪਿਆਰੈ ਦੂਧ॥ ਭਰਿ ਜੋਬਨ ਭੋਜਨ ਸੁਖ ਸੂਧ॥*
*ਬਿਰਧਿ ਭਇਆ ਊਪਰਿ ਸਾਕ ਸੈਨ॥ ਮੁਖਿ ਅਪਿਆਉ ਬੈਠ ਕਉ ਦੈਨ॥*
*ਇਹੁ ਨਿਰਗੁਨੁ ਗੁਨੁ ਕਛੂ ਨ ਬੂਝੈ॥ ਬਖਸਿ ਲੇਹੁ ਤਉ ਨਾਨਕ ਸੀਝੈ॥ ੧॥*

(ਅੰਗ ੨੬੬)

## ਪ੍ਰਾਣਾਂ ਦੀ ਮਹਾਨਤਾ

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਕ ਥਾਂ ਸੋਰਠਿ ਰਾਗੁ ਅੰਦਰ ਬਖ਼ਸ਼ਿਸ਼ ਕੀਤੀ ਹੈ। ਧੰਨ ਵਾਹਿਗੁਰੂ ਜੀ ਨੇ ਇਹ ਸਥੂਲ ਸਰੀਰ ਬਣਾਇਆ ਤੇ ਫਿਰ ਇਸ ਸਰੀਰ ਅੰਦਰ (ਪ੍ਰਾਣ) ਜਿੰਦ ਭਾਵ ਜੀਵਨ ਕਲਾ ਪਾਈ। ਸਰੀਰ ਤੇ ਤਨ ਢੱਕਣ ਲਈ ਬਸਤ੍ਰ ਤੇ ਖਾਣ ਲਈ ਭੋਜਨ ਦਿੱਤਾ। ''ਜੀਉ ਪਾਇ ਪਿੰਡੁ ਜਿਨਿ ਸਾਜਿਆ ਦਿਤਾ ਪੈਨਣੁ ਖਾਣੁ॥'' ਸੋਚੀਏ, ਪ੍ਰਾਣ ਕਿੰਨੇ ਕੀਮਤੀ ਹਨ, ਵਾਹਿਗੁਰੂ ਜੀ ਨੇ ਪੰਜ ਭੌਤਕ ਸਰੀਰ ਮਾਤਾ ਪਿਤਾ ਦੇ ਸੰਬੰਧ ਦੁਆਰਾ ਬਣਾ ਦਿੱਤਾ, ਪਰ ਜੇ ਇਸ ਸਰੀਰ ਵਿਚ ਵਾਹਿਗੁਰੂ ਪ੍ਰਾਣ ਨਾ ਪਾਉਂਦਾ ਤਾਂ ਇਹ ਸਰੀਰ ਕਿਸ ਕੰਮ ਸੀ ਭਾਵ ਪ੍ਰਾਣਾਂ ਤੋਂ ਬਿਨਾਂ ਕਿਸੇ ਕੰਮ ਨਹੀਂ ਸੀ। ਫੇਰ ਪ੍ਰਾਣਾਂ ਬਿਨਾਂ ਕੀ ਸੀ ? ਭਾਵ ਮੁਰਦਾ ਸੀ, ਲੋਥ ਸੀ। ਹਜ਼ੂਰ ਦਾ ਫੁਰਮਾਨ ਹੈ ''ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ॥'' ਪ੍ਰਾਣਾਂ ਦੇ ਆਸਰੇ 'ਤੇ ਇਹ ਪੰਜ ਤੱਤ ਰੂਪੀ ਮਿੱਟੀ ਦਾ ਬਣਿਆ ਸਰੀਰ ਕਿਸ ਤਰ੍ਹਾਂ ਨੱਚਦਾ, ਟੱਪਦਾ ਤੇ ਪਦਾਰਥਾਂ ਨੂੰ ਪਾ ਕੇ ਹੰਕਾਰ ਕਰਦਾ ਹੈ।

***"ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥"*** (ਅੰਗ ੪੮੭)

ਪਰ ਜਿਸ ਵੇਲੇ ਕਰਤੇ ਨੂੰ ਭਾਇਆ ਤਾਂ ਗੁਰਦੇਵ ਦਾ ਫੁਰਮਾਨ ਹੈ—

***"ਨਿਕਸਿਆ ਫੂਕ ਤ ਹੋਇ ਗਇਓ ਸੁਆਹਾ॥"*** (ਅੰਗ ੩੯੨)

ਸਰੀਰ ਦੇ ਸਾਰੇ ਇੰਦ੍ਰੇ ਕੀਮਤੀ ਹਨ। ਪੰਜ ਗਿਆਨ-ਇੰਦ੍ਰੇ, ਪੰਜ-ਕਰਮ ਇੰਦ੍ਰੇ ਹਨ। ਕਰਮ-ਇੰਦ੍ਰੇ ਤੋਂ ਭਾਵ ਹੈ ਕਰਮ ਕਰਨ ਵਾਲੇ ਇੰਦ੍ਰੇ। ਇਨ੍ਹਾਂ ਦੀ ਗਿਣਤੀ ਪੰਜ ਹੈ— ਹੱਥ, ਪੈਰ, ਮੂੰਹ, ਗੁਦਾ, ਲਿੰਗ। ਪੰਜ ਗਿਆਨ-ਇੰਦ੍ਰੇ ਹਨ, ਜਿਨ੍ਹਾਂ ਨਾਲ ਵੇਖਣ, ਸੁਣਨ, ਸੁੰਘਣ, ਮਿੱਠਾ ਫਿਕਾ ਤੇ ਤੱਤੇ ਠੰਢੇ ਦਾ ਗਿਆਨ ਹੁੰਦਾ ਹੈ। ਅੱਖਾਂ, ਕੰਨ, ਨੱਕ, ਰਸਨਾ, ਚਮੜੀ ਇਹ ਪੰਜ ਗਿਆਨ-ਇੰਦ੍ਰੇ ਹਨ। ਇਹ ਸਾਰੇ ਕੱਲੇ-ਕੱਲੇ ਕਿੰਨੇ ਕੀਮਤੀ ਹਨ। ਇਨ੍ਹਾਂ ਸਾਰੇ ਦਸੇ ਇੰਦ੍ਰਿਆਂ ਕਰਕੇ ਸਰੀਰ ਸੁੰਦਰ ਭਾਸਦਾ ਹੈ, ਪਰ ਜੇ ਕੋਈ ਇੰਦ੍ਰਾ ਘਟ ਹੋਵੇ, ਅੱਖਾਂ ਨਹੀਂ ਤਾਂ ਦਿਸੇਗਾ ਨਹੀਂ, ਕੰਨ ਨਹੀਂ ਤਾਂ ਸੁਣੇਗਾ ਨਹੀਂ, ਇਸ ਤਰ੍ਹਾਂ ਕੰਨ ਤੇ ਅੱਖਾਂ ਤੋਂ ਹੀਣੇ ਮਨੁੱਖ ਨੂੰ ਅਸੀਂ ਅੰਨ੍ਹਾ, ਬੋਲਾ ਕਹਿ ਸਕਦੇ ਹਾਂ, ਪਰ ਸਰੀਰ ਠੀਕ ਹੈ। ਜੇ ਇੰਦ੍ਰੇ ਦੱਸੇ ਹੋਵਣ ਤੇ ਸਰੀਰ ਅੰਦਰ ਪ੍ਰਾਣ ਨਾ ਹੋਵਣ ਤਾਂ ਕੀ ਕਹਾਂਗੇ ? ਤਾਂ ਫਿਰ ਉਸ ਸਰੀਰ ਨੂੰ ਮੁਰਦਾ ਕਹਾਂਗੇ।

## ਸਾਖੀ—ਪ੍ਰਾਨਾਂ ਤੇ ਇੰਦ੍ਰਿਆਂ ਦਾ ਝਗੜਾ

ਇਕ ਵਾਰੀ ਦਸ ਪ੍ਰਾਨ—੧. ਪ੍ਰਾਣ, ੨. ਅਪਾਨ, ੩. ਸਮਾਨ, ੪. ਬਿਆਨ, ੫. ਉਦਿਆਨ, ੬. ਨਾਗ, ੭. ਕੂਰਮ, ੮. ਕ੍ਰਿਕਲ, ੯. ਦੇਵ ਦੱਤ, ੧੦. ਧਨੱਜੈ, ਇਹ ਦਸ ਪ੍ਰਾਨ ਹਨ ਅਤੇ ਦਸ ਇੰਦ੍ਰਿਆਂ ੧. ਹੱਥ ੨. ਪੈਰ ੩. ਮੂੰਹ ੪. ਗੁਦਾ ੫. ਲਿੰਗ ੬. ਅੱਖਾਂ ੭. ਕੰਨ ੮.ਨੱਕ ੯. ਰਸਨਾ ੧੦. ਚਮੜੀ। ਇਹ ਦੱਸ ਇੰਦ੍ਰੇ ਹਨ। ਇਨ੍ਹਾਂ ਸਾਰਿਆਂ ਦਾ ਆਪਸ ਵਿਚ ਝਗੜਾ ਹੋ ਪਿਆ। ਝਗੜਾ ਸੀ ਮਾਲਕੀ ਦਾ ਜਿਸ ਤਰ੍ਹਾਂ ਸਾਡੇ ਘਰਾਂ ਤੇ ਜਾਇਦਾਦਾਂ ਦੀ ਮਾਲਕੀ ਦੇ ਝਗੜੇ ਹੁੰਦੇ ਹਨ। ਇੰਦ੍ਰੇ ਕਹਿੰਦੇ ਅਸੀਂ ਵੱਡੇ ਹਾਂ, ਸਰੀਰ ਦੇ ਅਸੀਂ ਮਾਲਕ ਹਾਂ। ਪ੍ਰਾਣ ਕਹਿੰਦੇ ਅਸੀਂ ਸਰੀਰ ਦੇ ਮਾਲਕ ਹਾਂ ਅਸੀਂ ਵੱਡੇ ਹਾਂ। ਇਹ ਝਗੜਾ ਇਥੋਂ ਤੱਕ ਵੱਧ ਗਿਆ ਕਿ ਇਸ ਦਾ ਫ਼ੈਸਲਾ ਕਰਾਉਣ ਲਈ ਜਿਸ ਤਰ੍ਹਾਂ ਅਸੀਂ ਅਦਾਲਤਾਂ ਵਿਚ ਜਾਂਦੇ ਹਾਂ, ਇਨ੍ਹਾਂ ਨੂੰ ਬ੍ਰਹਮ ਲੋਕ ਵਿਚ ਬ੍ਰਹਮਾ ਜੀ ਪਾਸ ਜਾਣਾ ਪਿਆ। ਬ੍ਰਹਮਾ ਜੀ ਨੇ ਢੰਗ ਨਾਲ ਫ਼ੈਸਲਾ ਕੀਤਾ। ਪਹਿਲਾਂ ਇੰਦ੍ਰਿਆਂ ਨੂੰ ਕਿਹਾ ਕਿ ਤੁਸੀਂ ਕੱਲੇ-ਕੱਲੇ ਆਪਣੀ-ਆਪਣੀ ਸਾਰੇ ਸ਼ਕਤੀ ਸੰਕੋਚ ਲਓ। ਅੱਖਾਂ ਤੋਂ ਦਿਸਣੋਂ ਬੰਦ ਹੋ ਗਿਆ ਤੇ ਕੰਨਾਂ ਤੋਂ ਸੁਣਨੋ ਬੰਦ ਹੋ ਗਿਆ, ਇਸ ਤਰ੍ਹਾਂ ਇੰਦ੍ਰਿਆਂ ਦੇ ਆਪਣੀ-ਆਪਣੀ ਸ਼ਕਤੀ ਸੰਕੋਚ ਲਈ ਪਰ ਸਰੀਰ ਜ਼ਿੰਦਾ ਰਿਹਾ। ਫੇਰ ਬ੍ਰਹਮਾ ਜੀ ਨੇ ਇੰਦ੍ਰਿਆਂ ਨੂੰ ਕਿਹਾ, ਹੁਣ ਤੁਸੀਂ ਪਹਿਲਾਂ ਦੀ ਤਰ੍ਹਾਂ ਸਾਵਧਾਨ ਹੋ ਜਾਓ ਅਤੇ ਪ੍ਰਾਣਾਂ ਨੂੰ ਕਿਹਾ ਕਿ ਤੁਸੀਂ ਨਿਕਲ ਜਾਓ। ਜਦੋਂ ਪ੍ਰਾਨ ਨਿਕਲ ਗਏ ਤਾਂ ਸਾਰੇ ਇੰਦ੍ਰਿਆਂ ਸਮੇਤ ਸਰੀਰ ਢਲਕ ਕੇ ਡਿਗ ਪਿਆ। ਯਥਾ ਸ੍ਰੀ ਮੁਖਵਾਕ :-

***"ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ॥"*** (ਅੰਗ ੪੮੦)

***"ਧਰ ਤੂਟੀ ਗਾਡੋ ਸਿਰ ਭਾਰਿ॥"*** (ਅੰਗ ੮੭੯)

ਸਰੀਰ ਦੀ ਇਹ ਹਾਲਤ ਜਦ ਹੋਈ ਤਾਂ ਬ੍ਰਹਮਾ ਜੀ ਨੇ ਪ੍ਰਾਨਾਂ ਨੂੰ ਕਿਹਾ, ਤੁਸੀਂ ਫਿਰ ਸਰੀਰ ਵਿਚ ਪ੍ਰਵੇਸ਼ ਕਰ ਜਾਵੋ। ਪ੍ਰਾਣਾਂ ਦੇ ਪ੍ਰਵੇਸ਼ ਹੋਣ ਤੋਂ ਸਰੀਰ ਤੇ ਇੰਦ੍ਰੇ ਫੇਰ ਸਾਵਧਾਨ ਹੋ ਗਏ ਤਾਂ ਬ੍ਰਹਮਾ ਜੀ ਨੇ ਫ਼ੈਸਲਾ ਦੇ ਦਿੱਤਾ ਕਿ ਪ੍ਰਾਨ ਵੱਡੇ ਹਨ, ਇਹ ਸਰੀਰ ਦੇ ਮਾਲਕ ਹਨ। ਇਨ੍ਹਾਂ ਕਰਕੇ ਸਰੀਰ ਕਾਇਮ ਹੈ ਤੇ ਸਰੀਰ ਦੀ ਪ੍ਰਾਣਾਂ ਕਰਕੇ ਹੀ ਸਾਰੀ ਕ੍ਰਿਆ ਹੋ ਰਹੀ ਹੈ। ਇਸ ਕਰਕੇ ਪ੍ਰਾਣ ਸਰੀਰ ਅੰਦਰ ਬਹੁਤ ਹੀ ਕੀਮਤੀ ਹਨ। ਹਜ਼ੂਰ ਨੇ ਇਸ ਸ਼ਬਦ ਦੇ ਸ਼ੁਰੂ ਵਿਚ ਕਿਹਾ ਹੈ—

*"ਹਰਿ ਪ੍ਰਾਨ ਪ੍ਰਭੂ ਸੁਖਦਾਤੇ॥*

ਹਰੀ ਪ੍ਰਭੂ ਪ੍ਰਾਣਾਂ ਤੇ ਸੁਖਾਂ ਦਾ ਦਾਤਾ ਹੈ ਭਾਵ ਪ੍ਰਾਣ ਦੇ ਕੇ ਸਰੀਰ ਵਿਚ ਜਾਨ (ਪ੍ਰਾਨ) ਜਿੰਦ ਪਾ ਕੇ ਸਰੀਰ ਨੂੰ ਖਾਣ, ਪੀਣ, ਪੈਨ੍ਹਣ ਤੇ ਬਾਲਕ ਅਵਸਥਾ ਤੋਂ ਬਿਰਧ ਅਵਸਥਾ ਤੱਕ ਸੁਖ ਦੇ ਕੇ ਇਸ ਨੂੰ ਨਿਵਾਜਦਾ ਹੈ। ਇਸ ਕਰਕੇ ਸੁਖਦਾਤਾ ਹੈ।

**ਦੇਵਗੰਧਾਰੀ ਮਹਲਾ ੫॥ ਹਰਿ ਪ੍ਰਾਨ ਪ੍ਰਭੂ ਸੁਖਦਾਤੇ॥ ਗੁਰ ਪ੍ਰਸਾਦਿ ਕਾਹੂ ਜਾਤੇ॥੧॥ਰਹਾਉ॥ਸੰਤ ਤੁਮਾਰੇ ਤੁਮਰੇ ਪ੍ਰੀਤਮ ਤਿਨ ਕਉ ਕਾਲ ਨ ਖਾਤੇ॥ਰੰਗਿ ਤੁਮਾਰੈ ਲਾਲ ਭਏ ਹੈ ਰਾਮ ਨਾਮ ਰਸਿ ਮਾਤੇ॥੧॥ਮਹਾ ਕਿਲਬਿਖ ਕੋਟਿ ਦੋਖ ਰੋਗਾ ਪ੍ਰਭ ਦ੍ਰਿਸਟਿ ਤੁਹਾਰੀ ਹਾਤੇ॥ਸੋਵਤ ਜਾਗਿ ਹਰਿ ਹਰਿ ਹਰਿ ਗਾਇਆ ਨਾਨਕ ਗੁਰ ਚਰਨ ਪਰਾਤੇ॥੨॥੮॥**

**ਪਦ ਅਰਥ** :–ਹਰਿ ਪ੍ਰਾਨ-ਹੇ ਹਰੀ (ਜੀਵ ਨੂੰ) ਪ੍ਰਾਨ ਜਿੰਦ ਦੇਣ ਵਾਲੇ। ਗੁਰ ਪ੍ਰਸਾਦਿ-ਗੁਰੂ ਦੀ ਕਿਰਪਾ ਨਾਲ। ਕਾਹੂ-ਕਿਸੇ ਵਿਰਲੇ ਮਨੁੱਖ ਨੇ। ਜਾਤੇ-ਜਾਣੇ ਹੋ। ਤਿਨ ਕਉ-ਉਹਨਾਂ ਨੂੰ। ਕਾਲ ਨ ਖਾਤੇ-ਜਮਕਾਲ ਨਹੀਂ ਖਾਂਦਾ ਭਾਵ ਜੋ ਕਾਲ ਸਭ ਜੀਆਂ ਨੂੰ ਖਾ ਰਿਹਾ ਹੈ। ਜਲ ਕਹਾ ਥਲ ਕਹਾ ਗਗਨ ਕੇ ਗਉਣ ਕਹਾ॥ ਕਾਲ ਕੇ ਬਨਾਏ ਸਭੈ ਕਾਲ ਹੀ ਚਬਾਹਿਗੇ॥ (ਦਸਮ ਗ੍ਰੰਥ)। ਉਹਨਾਂ ਨੂੰ ਕਾਲ ਨਹੀਂ ਖਾਂਦਾ। ਰੰਗਿ-ਪ੍ਰੇਮ ਰੰਗ। ਲਾਲ-ਸੁਰਖ, ਚਾਅ-ਭਰੇ, ਬ੍ਰਹਮ ਗਿਆਨ ਦੇ ਸਹਿਤ। ਰਸਿ-ਰਸ ਵਿਚ। ਮਾਤੇ-ਮਸਤ। ਕਿਲਬਿਖ-ਪਾਪ। ਕੋਟਿ-ਕ੍ਰੋੜਾਂ। ਦੋਖ-ਦੋਸ਼, ਐਬ। ਹਾਤੇ-ਨਾਸ਼ ਹੋ ਜਾਂਦੇ ਹਨ। ਪਰਾਤੇ-ਪੈਂਦੇ ਹਨ।

**ਅਰਥ** :–ਹੇ ਹਰੀ ਪ੍ਰਭੂ ! (ਜੀਵ ਨੂੰ) ਪ੍ਰਾਨ ਜਿੰਦ ਤੇ ਸੁਖਾਂ ਦੇ ਦੇਣ ਵਾਲੇ ਤੈਨੂੰ ਕਿਸੇ ਵਿਰਲੇ ਮਨੁੱਖ ਨੇ ਗੁਰੂ ਦੀ ਕਿਰਪਾ ਨਾਲ ਜਾਣਿਆ ਹੈ। ੧। ਰਹਾਉ। ਬਿਸਰਾਮ ਦੇ ਕੇ ਉਚਾਰਨ ਕੀਤਾ ਹੈ। (ਤੈਨੂੰ ਜਾਣਨ ਵਾਲੇ) ਤੇਰੇ ਸੰਤ ਜੋ ਤੇਰੇ (ਪ੍ਰੀਤਮ) ਪਿਆਰੇ ਹਨ, ਉਹਨਾਂ ਨੂੰ ਜਮਕਾਲ ਨਹੀਂ ਖਾਂਦਾ। (ਉਹ ਸੰਤ) ਤੇਰੇ ਪ੍ਰੇਮ ਰੰਗ ਵਿਚ ਰੰਗੇ ਪ੍ਰਮੇਸ਼ਰ ਦੇ ਨਾਮ ਰਸ ਵਿਚ ਮਸਤ ਬ੍ਰਹਮ ਦੇ ਸਹਿਤ ਹਨ। ੧। ਹੇ ਪ੍ਰਭੂ (ਜੀ) ਵੱਡੇ ਭਾਰੇ ਪਾਪ, ਕ੍ਰੋੜਾਂ ਦੋਸ਼ (ਤੇ ਉਨ੍ਹਾਂ ਤੋਂ ਉਪਜੇ) ਰੋਗ (ਇਹ ਸਾਰੇ) ਤੇਰੀ ਮਿਹਰ ਭਰੀ ਦ੍ਰਿਸ਼ਟੀ ਪੈਣ ਨਾਲ ਨਾਸ਼ ਹੋ ਜਾਂਦੇ ਹਨ। (ਸਤਿਗੁਰੂ ਜੀ ਫ਼ੁਰਮਾਣ ਕਰਦੇ ਹਨ ਕਿ ਜੋ ਜਗਿਆਸੂ) ਗੁਰੂ ਦੇ ਚਰਨਾਂ 'ਤੇ ਪੈਂਦੇ ਹਨ (ਉਹ) ਸੁਤਿਆਂ ਜਾਗਦਿਆਂ, ਹਰਿ-ਹਰ ਸਮੇਂ, ਹਰਿ-ਹਰੀ ਵਾਹਿਗੁਰੂ ਜੀ ਦੇ, ਹਰਿ-ਵਾਹਿਗੁਰੂ ਨਾਮ ਨੂੰ ਉਹਨਾਂ ਨੇ ਗਾਇਆ ਹੈ ਭਾਵ ਸੁਤਿਆਂ ਜਾਗਦਿਆਂ ਹਰਿ ਸਮੇਂ ਹਰੀ ਵਾਹਿਗੁਰੂ ਜੀ ਦੇ ਵਾਹਿਗੁਰੂ ਨਾਮ

ਨੂੰ ਉਨ੍ਹਾਂ ਨੇ ਗਾਇਆ ਹੈ। ੨। ੮।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ''ਸੰਤ ਤੁਮਾਰੇ ਤੁਮਰੇ ਪ੍ਰੀਤਮ'' ਜਿਨ੍ਹਾਂ ਨੂੰ ਕਿਹਾ ਹੈ, ਉਹ ਪ੍ਰੇਮ ਸਹਿਤ ਨਾਮ ਰਸ ਵਿਚ ਮਸਤ ਬ੍ਰਹਮ ਗਿਆਨ ਸਹਿਤ ''ਸੋਵਤ ਜਾਗਿ ਹਰਿ ਹਰਿ ਹਰਿ ਗਾਇਆ''ਅਵਸਥਾ ਦੇ ਧਾਰਣੀ ਹਨ, ਉਨ੍ਹਾਂ ਨੂੰ ''ਕਾਲ ਨ ਖਾਤੇ॥'' ਕਿਹਾ ਹੈ। ਅਸਲ ਵਿਚ ਐਸੇ ''ਸੰਤ'' ਨੂੰ ਹਜ਼ੂਰ ਨੇ ਗੁਰਬਾਣੀ ਅੰਦਰ ਵਾਹਿਗੁਰੂ ਜੀ ਦਾ ਰੂਪ ਹੀ ਦਸਿਆ ਹੈ। ਅਕਾਲ ਪੁਰਖ ਵਾਹਿਗੁਰੂ ਜੀ ਤੇ ਐਸੇ ਸੰਤ ਵਿਚ ਕੋਈ ਫ਼ਰਕ ਨਹੀਂ ਹੈ।

***''ਰਾਮ ਸੰਤ ਮਹਿ ਭੇਦੁ ਕਿਛੁ ਨਾਹੀ, ਏਕੁ ਜਨੁ ਕਈ ਮਹਿ ਲਾਖ ਕਰੋਰੀ॥''*** (ਅੰਗ ੨੦੮)

ਪਰ ਕਾਲ ਕਿਸੇ ਨੂੰ ਬਖ਼ਸ਼ਦਾ ਨਹੀਂ, ਬੜਾ ਪਰਬਲ ਹੈ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਅੰਦਰ ਕਾਲ ਦੀ ਪਰਬਲਤਾ ਇਸ ਤਰ੍ਹਾਂ ਦਰਸਾਈ ਹੈ—

''ਤ੍ਵ ਪ੍ਰਸਾਦਿ ਕਬਿੱਤ''

***ਏਕ ਸਿਵ ਭਏ, ਏਕ ਗਏ, ਏਕ ਫੇਰ ਭਏ, ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***
***ਬ੍ਰਹਮਾ ਅਰੁ ਬਿਸਨ ਕੇਤੇ ਬੇਦ ਔ ਪੁਰਾਨ ਕੇਤੇ ਸਿੰਮ੍ਰਿਤ ਸਮੂਹਨ ਕੇ ਹੁਇ ਹੁਇ ਬਿਤਏ ਹੈਂ॥***
***ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥***
***ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮਹੀ ਤੇ ਹੁਇਕੈ ਫੇਰਿ ਭੂਮ ਹੀ ਮਿਲਏ ਹੈਂ॥੭॥੭੭॥***

(ਦਸਮ ਗ੍ਰੰਥ, ਅਕਾਲ ਉਸਤਤਿ)

ਇਹ ਸਾਰੇ ਦੇਵਤੇ ਪੀਰ ਪੀਕਾਂਬਰ ਕਾਲ ਦਾ ਆਹਾਰ ਹਨ ਭਾਵ ਕਾਲ ਦਾ ਖਾਈਆ ਹਨ। ਇਸ ਕਰਕੇ ਇਹ ਕਿਸੇ ਨੂੰ ਕਾਲ ਤੋਂ ਬਚਾ ਵੀ ਨਹੀਂ ਸਕਦੇ। ਮਨੁੱਖ ਜਿਥੇ ਮਰਜ਼ੀ ਦੌੜ ਕੇ ਚਲਿਆ ਜਾਵੇ, ਪਰ ਕਾਲ ਤੋਂ ਬਚ ਨਹੀਂ ਸਕਦਾ। ਫੇਰ ਜਿਨ੍ਹਾਂ ਸੰਤਾਂ ਨੂੰ ਕਿਹਾ ਹੈ ''ਕਾਲ ਨ ਖਾਤੇ॥'' ਉਹ ਕਿਸ ਤਰ੍ਹਾਂ ਬਚੇ ਹਨ ? (ਉੱਤਰ) ''ਰਾਮ ਨਾਮ ਰਸਿ ਮਾਤੇ॥'' ਇਸ ਕਰਕੇ ਬਚੇ ਹਨ। ਕੇਵਲ ਵਾਹਿਗੁਰੂ ਜੀ ਦਾ ਨਾਮ ਹੀ ਕਾਲ ਤੋਂ ਬਚਾ ਸਕਦਾ ਹੈ। ਕਲਗੀਧਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ਼ਬਦ ਹਜ਼ਾਰੇ ਪਾਤਸ਼ਾਹੀ ੧੦ ਅੰਦਰ ਇਸ ਸਬੰਧ ਵਿਚ ਬੜੇ ਸੁੰਦਰ ਬਚਨ ਕਹੇ ਹਨ—

ਰਾਗੁ ਦੇਵਗੰਧਾਰੀ ਪਾਤਸਾਹੀ ੧੦॥

ਬਿਨ ਹਰਿ ਨਾਮ ਨ ਬਾਚਨ ਪੈਹੈ॥ ਚੌਦਹਿ ਲੋਕ ਜਾਹਿ ਬਸ ਕੀਨੇ ਤਾ ਤੇ ਕਹਾਂ ਪਲੈ ਹੈ॥
੧॥ ਰਹਾਉ॥ ਰਾਮ ਰਹੀਮ ਉਬਾਰ ਨ ਸਕਹੈ ਜਾ ਕਰ ਨਾਮ ਰਟੈ ਹੈ॥ ਬ੍ਰਹਮਾ ਬਿਸਨ ਰੁਦ੍ਰ
ਸੂਰਜ ਸਸਿ ਤੇ ਬਸਿ ਕਾਲ ਸਬੈ ਹੈ॥੧॥ ਬੇਦ ਪੁਰਾਨ ਕੁਰਾਨ ਸਬੈ ਮਤ ਜਾ ਕਹ ਨੇਤ ਕਹੈ

ਹੈ॥ ਇੰਦ੍ਰ ਫਨਿੰਦ੍ਰ ਮੁਨਿੰਦ੍ਰ ਕਲਪ ਬਹੁ ਧਿਆਵਤ ਧਿਆਨ ਨ ਐਹੈ॥੨॥ ਜਾਕਰ ਰੂਪ ਰੰਗ ਨਹਿ ਜਨਿਯਤ ਸੋ ਕਿਮ ਸਜਾਮ ਕਹੈ ਹੈ॥ ਛੁਟਹੋ ਕਾਲ ਜਾਲ ਤੇ ਤਬ ਹੀ ਤਾਂਹਿ ਚਰਨ ਲਪਟੈ ਹੈ॥੩॥੧॥੧੦॥੩੪॥ (ਦਸਮ ਗ੍ਰੰਥ, ਅੰਗ ੭੦੯-੧੨)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੩ (ਆਦਿ ਅੰਗ ੫੩੧)

ਦੇਵਗੰਧਾਰੀ ਮਹਲਾ ੫ ॥ਮਾਈ ਪ੍ਰਭ ਕੇ ਚਰਨ ਨਿਹਾਰਉ ॥ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ ॥੧॥ਰਹਾਉ ॥ ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ ॥ ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ ॥ ੧॥ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ ॥ ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ ॥ ੨॥੧੯॥

## ਪ੍ਰਾਕ੍ਥਨ :-

ਇਹ ਪਾਵਣ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਆਦਿ ਵਿਚ, ''ਮਾਈ ਪ੍ਰਭ ਕੇ ਚਰਨ ਨਿਹਾਰਉ॥'' ਵਾਹਿਗੁਰੂ ਜੀ ਦੇ ਚਰਨ ਨਿਹਾਰਉ- ਵੇਖਉ ਕਿਹਾ ਹੈ। ਗੁਰਬਾਣੀ ਅਨੁਸਾਰ ਚਰਨਾਂ ਦੇ ਸਬੰਧ ਵਿਚ ਵਿਚਾਰ ਕਰੀਏ। ਇਸ ਸਬੰਧ ਵਿਚ ਗੁਰਬਾਣੀ ਅੰਦਰ ਆਈਆਂ ਕੁਝ ਪੰਗਤੀਆਂ ਇਥੇ ਅੰਕਿਤ ਕੀਤੀਆਂ ਹਨ, ਦਰਸ਼ਨ ਕਰੀਏ।

### ਹਰੀ ਚਰਨ

*''ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥*
*ਆਠ ਪਹਰ ਗੁਣ ਗਾਇ ਸਾਧੂ ਸੰਗੀਐ॥੧॥ ਰਹਾਉ॥''* (ਅੰਗ ੩੯੮)

*''ਹਰਿ ਚਰਣ ਕਮਲ ਕੀ ਟੇਕ ਸਤਿਗੁਰਿ ਦਿਤੀ ਤੁਸਿ ਕੈ ਬਲਿ ਰਾਮ ਜੀਉ॥*
*ਹਰਿ ਅੰਮ੍ਰਿਤਿ ਭਰੇ ਭੰਡਾਰ ਸਭੁ ਕਿਛੁ ਹੈ ਘਰਿ ਤਿਸ ਕੈ ਬਲਿ ਰਾਮ ਜੀਉ॥''* (ਅੰਗ ੭੭੭-੭੮)

*''ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ॥''* (ਅੰਗ ੮੨੪)

*''ਮਾਈ ਪ੍ਰਭ ਕੇ ਚਰਨ ਨਿਹਾਰਉ॥''* (ਅੰਗ ੫੩੧)

*''ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਨਾਗਰੁ॥''* (ਅੰਗ ੧੩੧੮)

*''ਮਨ ਮੇਰੇ ਹਰਿ ਕੇ ਚਰਨ ਰਵੀਜੈ॥''* (ਅੰਗ ੧੨੬੯)

ਗੁਰਬਾਣੀ ਅੰਦਰ ਹਰੀ ਚਰਨਾਂ ਤੋਂ ਬਿਨਾਂ 'ਗੁਰ ਚਰਨ', 'ਸਾਧ ਚਰਨ', 'ਜਨ ਚਰਨ', 'ਸੰਤ ਚਰਨ' ਆਦਿ ਚਰਨਾਂ ਦਾ ਜ਼ਿਕਰ ਆਇਆ ਹੈ। ਵਿਸਥਾਰ ਦੇ ਕਾਰਣ ਇਥੇ ਬਾਕੀ ਚਰਨਾਂ ਦੇ ਸਬੰਧ ਵਿਚ ਆਈਆਂ ਪੰਗਤੀਆਂ ਨਹੀਂ ਦਿੱਤੀਆਂ। ਇਥੇ ਸਿਰਫ਼ ਪ੍ਰਕਰਣ ਅਨੁਸਾਰ ਹਰੀ ਚਰਨਾਂ ਨਾਲ ਸਬੰਧਤ ਪੰਗਤੀਆਂ ਦਿੱਤੀਆਂ ਹਨ। ਕੋਸ਼ ਅਨੁਸਾਰ ਚਰਣ, ਚਰਨ ਤੋਂ ਭਾਵ ਹੈ ਪੈਰ, ਸਤਿਕਾਰ ਦਾ ਲਫ਼ਜ਼ ਹੈ ਚਰਨ। ਇਸ ਸ਼ਬਦ ਦੀ ਪਹਿਲੀ ਪੰਗਤੀ ਹੈ—

''ਮਾਈ ਪ੍ਰਭ ਕੇ ਚਰਨ ਨਿਹਾਰਉ॥''

ਹਰੀ ਪ੍ਰਭੂ ਜੀ ਦੇ ਚਰਨ ਕਿਹੜੇ ਹਨ ? ਪ੍ਰਭੂ ਦਾ ਸਰੂਪ ਤਾਂ ਨਿਰਗੁਣ ਸਰੂਪ ਹੈ ਜਿਸ ਦਾ ਗੁਰਬਾਣੀ ਅਨੁਸਾਰ

*''ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥*
*ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥''* (ਅੰਗ ੨੮੩)

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਦਸਮ ਗ੍ਰੰਥ ਦੇ ਆਦਿ ਵਿਚ ਅਤੇ ਅੰਮ੍ਰਿਤ ਵੇਲੇ ਦੇ ਨਿਤਨੇਮ ਦੀ ਦੂਸਰੀ ਬਾਣੀ ਜਾਪ ਸਾਹਿਬ ਦੇ ਸ਼ੁਰੂ ਵਿਚ ਕਥਨ ਹੈ-

*"ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗੁ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥*
*ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥*
*ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥"*

(ਦਸਮ ਗ੍ਰੰਥ)

ਗੁਰਬਾਣੀ ਨੇ ਪ੍ਰਭੂ ਦੇ ਦੋ ਸਰੂਪ ਦਰਸਾਏ ਹਨ,

੧. ਨਿਰਗੁਣ ਸਰੂਪ ਜਿਸ ਬਾਰੇ ਦਸਿਆ ਗਿਆ ਹੈ।

੨. ਸਰਗੁਣ ਸਰੂਪ ਹੈ।

*"ਨਿਰਗੁਨ ਆਪਿ ਸਰਗੁਨ ਭੀ ਓਹੀ॥*
*ਕਲਾ ਧਾਰਿ ਜਿਨਿ ਸਗਲੀ ਮੋਹੀ॥"* (ਸੁਖਮਨੀ ਸਾਹਿਬ)

*"ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥"* (ਸੁਖਮਨੀ ਸਾਹਿਬ)

ਸੰਸਾਰੀ ਜੀਆਂ ਦਾ ਕਲਿਆਣ ਕਰਨ ਵਾਸਤੇ ਜਾਂ ਆਪਣੇ ਭਗਤਾਂ ਦੀ ਰੱਖਿਆ ਲਈ "ਪ੍ਰਭੂ" ਜੀ ਸਰਗੁਣ ਸਰੂਪ ਧਾਰਦਾ ਹੈ। ਨਿਰਗੁਣ ਪ੍ਰਭੂ "ਸਰਗੁਣ" ਗੁਰੂ ਰੂਪ ਹੋ ਕੇ ਸੰਸਾਰ ਅੰਦਰ ਪ੍ਰਗਟ ਹੋਇਆ। ਗੁਰੂ ਸਾਹਿਬ ਜੀ ਪ੍ਰਭੂ ਦਾ ਸਰਗੁਣ ਸਰੂਪ ਹਨ।

*"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ॥"* (ਅੰਗ ੧੪੦੮)

*"ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥"* (ਅੰਗ ੧੩੯੫)

ਸਰਗੁਣ ਸਰੂਪ ਦੇ ਚਰਨ ਤਾਂ ਗੁਰੂ ਦੇ ਚਰਨ ਕਹਿ ਸਕਦੇ ਹਾਂ। ਪ੍ਰਕਰਣ ਅਨੁਸਾਰ "ਮਾਈ ਪ੍ਰਭ ਕੇ ਚਰਨ ਨਿਹਾਰਉ॥" ਨਿਰਗੁਣ ਸਰੂਪ ਦੇ ਚਰਨ ਇਥੇ ਕਹੇ ਹਨ, ਨਿਰਗੁਣ ਸਰੂਪ ਦੇ ਪ੍ਰਤੱਖ ਚਰਨ ਤਾਂ ਹੈ ਨਹੀਂ ਫਿਰ ਇਥੇ ਚਰਨ ਕਿਹੜੇ ਕਹੇ ਹਨ ? ਉੱਤਰ : ਹਰੀ ਪ੍ਰਭੂ ਜੀ ਦੇ ਚਰਨ "ਨਾਮ" ਹਨ, ਕਿਉਂਕਿ ਹਰੀ ਪ੍ਰਭੂ ਦੇ ਨਾਮ ਦਾ ਹੀ ਆਰਾਧਣ ਕੀਤਾ ਜਾ ਸਕਦਾ ਹੈ ਅਤੇ ਹਰੀ ਨਾਮ ਦਾ ਹੀ ਉਚਾਰਨ ਹੋ ਸਕਦਾ ਹੈ। ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਇਸ ਸਿਧਾਂਤ ਨੂੰ ਸਪਸ਼ਟ ਕਰਦੀਆਂ ਹਨ—

*"ਹਰਿ ਕੇ ਚਰਨ ਅਰਾਧੀਅਹਿ ਗੁਰ ਸਬਦਿ ਰਤਾਨਗਰੁ॥"* (ਅੰਗ ੧੩੧੮)

*"ਮਨ ਮੇਰੇ ਹਰਿ ਕੇ ਚਰਨ ਰਵੀਜੈ॥"* (ਅੰਗ ੧੨੬੯)

੩. ਹਰੀ ਪ੍ਰਭੂ ਦੇ ਨਿਰਗੁਣ, ਸਰਗੁਣ ਸਰੂਪ ਦਾ ਨਿਰਣਾ ਹੋ ਚੁੱਕਾ ਹੈ। ਤੀਸਰਾ ਇਕ ਸਰੂਪ ਹੈ ਜੋ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਭਾਈ ਨੰਦ ਲਾਲ ਜੀ ਦੇ ਪੁੱਛਣ ਤੋਂ ਦਸਿਆ ਹੈ।

ਰਹਿਤਨਾਮਾ ਪ੍ਰਸ਼ਨ ਉੱਤਰ ਭਾਈ ਨੰਦ ਲਾਲ ਜੀ-

*"ਤੀਨ ਰੂਪ ਹੈ ਮੋਹ ਕੇ ਸੁਨਹੁ ਨੰਦ ਚਿਤ ਲਾਇ।*
*ਨਿਰਗੁਣ, ਸਰਗੁਣ, ਗੁਰ ਸ਼ਬਦ, ਕਹਹੁ ਤੋਹਿ ਸਮਝਾਇ॥ ੬॥"*

ਤੀਜਾ ਸਰੂਪ ਹਰੀ ਪ੍ਰਭੂ ਜੀ ਦਾ "ਗੁਰ-ਸ਼ਬਦ" ਹੈ, ਇਸ ਦਾ ਵੀ ਅਰਾਧਣ ਹੋ ਸਕਦਾ ਹੈ। ਇਹ ਗੁਰ-ਸ਼ਬਦ ਨੂੰ ਵੀ ਗੁਰਬਾਣੀ ਅਨੁਸਾਰ ਸੰਪ੍ਰਦਾਈ ਮਹਾਂ ਪੁਰਖ "ਗੁਰ ਚਰਨ" ਮੰਨਦੇ ਹਨ।

*"ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥* (ਅੰਗ ੬੮੦)

ਪ੍ਰਮੇਸ਼ਰ ਦਾ ਨਾਮ ਹੀ ਪ੍ਰਭੂ ਪਿਆਰਿਆਂ ਦਾ ਸਭ ਕੁਝ ਹੈ। ਪੰਚਮ ਪਾਤਿਸ਼ਾਹ ਜੀ ਦਾ ਫੁਰਮਾਣ ਹੈ—

*"ਪ੍ਰਭ ਜੀ ਕੋ ਨਾਮੁ ਮਨਹਿ ਸਾਧਾਰੈ॥*
*ਜੀਅ ਪ੍ਰਾਨ ਸੂਖ ਇਸੁ ਮਨ ਕਉ ਬਰਤਨਿ ਏਹ ਹਮਾਰੈ॥ ੧॥ ਰਹਾਉ॥*
*ਨਾਮੁ ਜਾਤਿ ਨਾਮੁ ਮੇਰੀ ਪਤਿ ਹੈ ਨਾਮੁ ਮੇਰੈ ਪਰਵਾਰੈ॥*
*ਨਾਮੁ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ॥੧॥"*

(ਅੰਗ ੭੧੩)

ਇਸ ਅਵਸਥਾ ਵਿਚ "ਨਾਮ ਸਖਾਈ ਸਦਾ ਮੇਰੈ ਸੰਗਿ ਹਰਿ ਨਾਮੁ ਮੋ ਕਉ ਨਿਸਤਾਰੈ॥" ਨਾਮ ਮਿੱਤਰ ਦੀ ਤਰ੍ਹਾਂ ਸੰਗੀ ਹੈ। ਨਾਮ ਹੀ ਸੰਸਾਰ ਸਮੁੰਦ੍ਰ ਤੋਂ ਤਾਰਣ ਵਾਲਾ ਹੈ। ਇਸ ਤਰ੍ਹਾਂ ਹਰੀ ਦੇ ਨਾਮ ਰੂਪ ਚਰਨ ਜੀਵ ਨੂੰ ਤਾਰਣ ਲਈ ਜਹਾਜ਼ ਰੂਪ ਹਨ, ਜਿਸ ਹਰੀ ਚਰਨਾਂ ਰੂਪ ਜਹਾਜ਼ ਉਪਰ ਚੜ੍ਹ ਕੇ ਸੰਤ, ਭਗਤ, ਪ੍ਰਮੇਸ਼ਰ ਦੇ ਪਿਆਰੇ ਔਖੇ ਤੋਂ ਔਖੇ ਸਮੇਂ ਦੁੱਖ ਰੂਪ ਸਮੁੰਦਰ ਤੋਂ ਪਾਰ ਲੰਘ ਗਏ ਹਨ।

*"ਬੋਹਿਥੜਾ ਹਰਿ ਚਰਣ ਮਨ ਚੜਿ ਲੰਘੀਐ॥*
*ਆਠ ਪਹਰ ਗੁਣ ਗਾਇ ਸਾਧੂ ਸੰਗੀਐ॥"* (ਅੰਗ ੩੯੮)
*"ਚਰਨ ਪ੍ਰਭੂ ਕੇ ਬੋਹਿਥੁ ਪਾਏ ਭਵ ਸਾਗਰੁ ਪਾਰਿ ਪਰਾਹੀ॥"* (ਅੰਗ ੮੨੪)
*"ਚਿਤ ਚਰਨ ਨਾਮ॥"* (ਦਸਮ ਗ੍ਰੰਥ ਅੰਗ ੯)

ਭਗਤ ਕਬੀਰ ਜੀ ਇਨ੍ਹਾਂ ਚਰਨਾਂ ਦੇ ਆਸਰੇ ਗੰਗਾ ਵਿਚ ਨਹੀਂ ਡੁੱਬੇ, ਦੁਸ਼ਮਣਾਂ ਨੇ ਲੋਹੇ ਦੀਆਂ ਜ਼ੰਜੀਰਾਂ ਵਿਚ ਬੰਨ੍ਹ ਕੇ ਡੋਬਣ ਦੇ ਯਤਨ ਕੀਤੇ ਸਨ।

## ਸਾਖੀ—ਭਗਤ ਕਬੀਰ ਜੀ

ਭਗਤ ਕਬੀਰ ਜੀ ਨੂੰ ਭਗਤ ਜੀ ਦੇ ਪ੍ਰੇਮੀਆਂ ਨੇ ਪੁੱਛਿਆ ਕਿ ਭਗਤ ਜੀ, ਜਿਸ ਵੇਲੇ ਬਾਦਸ਼ਾਹ

ਸਿਕੰਦਰ ਲੋਧੀ ਦੇ ਹੁਕਮ ਨਾਲ ਤੇ ਜਾਤ ਦੇ ਅਭਿਮਾਨ ਅੰਦਰ ਫਸੇ ਅੰਧੇ ਅਤੇ ਤੁਅੱਸਬੀ ਸ਼ਰ੍ਹਾ ਦੇ ਦਿਵਾਨਿਆਂ, ਸ਼ਰ੍ਹਾ ਦਾ ਅਪਮਾਨ ਕਰਨ ਆਦਿ ਵਿਰੋਧੀਆਂ ਦੇ ਸ਼ਿਕਾਇਤ ਕਰਨ ਤੋਂ ਜ਼ਾਲਮਾਂ ਨੇ ਤੁਹਾਨੂੰ ਲੋਹੇ ਦੀਆਂ ਜ਼ੰਜੀਰਾਂ ਨਾਲ ਬੰਨ੍ਹ ਕੇ ਡੂੰਘੀ ਗੰਗਾ ਵਿਚ ਡੋਬਿਆ ਤਾਂ ਉਸ ਵੇਲੇ ਭਗਤ ਜੀ ਤੁਹਾਡਾ ਮਨ ਗੰਗਾ ਵਿਚ ਡੁਬ ਕੇ ਮਰਨ ਤੋਂ ਡਰਿਆ ਨਹੀਂ ਜਾਂ ਡਰਿਆ ਸੀ ? ਉੱਤਰ ਵਿਚ ਭਗਤ ਜੀ ਕਹਿੰਦੇ ਹਨ ਕਿ ਭਾਈ ! ਮੇਰਾ ਮਨ ਤਾਂ ਉਸ ਵੇਲੇ ਹਰੀ ਪ੍ਰਭੂ ਜੀ ਦੇ ਚਰਨਾਂ ਵਿਚ ਜੁੜ ਰਿਹਾ ਸੀ। ਜਿਸ ਦਾ ਮਨ ਹਰੀ ਪ੍ਰਭੂ ਦੇ ਚਰਨਾਂ ਵਿਚ ਜੁੜਿਆ ਹੈ, ਉਸ ਦਾ ਮਨ ਡਰ ਕਰਕੇ ਡਿਗਦਾ ਨਹੀਂ। ਉਸ ਦੇ ਸਰੀਰ ਨੂੰ ਡਰਾਉਣ ਨਾਲ ਕੀ ਹੁੰਦਾ ਹੈ।

***"ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥***
***ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥"***

(ਅੰਗ ੧੧੬੨)

ਤਾਂ ਭਗਤ ਜੀ ਦੇ ਪ੍ਰੇਮੀ ਕਹਿੰਦੇ ਹਨ ਕਿ ਭਗਤ ਜੀ ! ਤੁਸੀਂ ਕ੍ਰਿਪਾ ਕਰਕੇ ਆਪ ਸਾਰਾ ਪ੍ਰਸੰਗ ਸੁਣਾਉ। ਜਿਸ ਤਰ੍ਹਾਂ ਤੁਹਾਨੂੰ ਜ਼ੰਜੀਰਾਂ ਵਿਚ ਬੰਨ੍ਹਿਆ ਗਿਆ ਤੇ ਤੁਸੀਂ ਇਤਨੀ ਜ਼ਿਆਦਾ ਡੂੰਘੀ ਗੰਗਾ ਵਿਚ ਡੁੱਬਣ ਤੋਂ ਕਿਸ ਤਰ੍ਹਾਂ ਬਚੇ। ਪ੍ਰੇਮੀਆਂ ਸੇਵਕਾਂ ਦੀ ਬੇਨਤੀ ਸੁਣਕੇ ਭਗਤ ਕਬੀਰ ਜੀ ਨੇ ਭੈਰਉ ਰਾਗੁ ਅੰਦਰ ਸ਼ਬਦ ਉਚਾਰਨ ਕੀਤਾ, ਜਿਸ ਵਿਚ ਉਪਰੋਕਤ ਸਾਰਾ ਪ੍ਰਸੰਗ ਅੰਕਿਤ ਹੈ-

***"ਗੰਗ ਗੁਸਾਇਨਿ ਗਹਿਰ ਗੰਭੀਰ॥***
***ਜੰਜੀਰ ਬਾਂਧਿ ਕਰਿ ਖਰੇ ਕਬੀਰ॥ ੧॥***
***ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ॥***
***ਚਰਨ ਕਮਲ ਚਿਤੁ ਰਹਿਓ ਸਮਾਇ॥ ਰਹਾਉ॥***
***ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ॥***
***ਮ੍ਰਿਗਛਾਲਾ ਪਰ ਬੈਠੇ ਕਬੀਰ॥ ੨॥***
***ਕਹਿ ਕੰਬੀਰ ਕੋਊ ਸੰਗ ਨ ਸਾਥ॥***
***ਜਲ ਥਲ ਰਾਖਨ ਹੈ ਰਘੁਨਾਥ॥ ੩॥"***

(ਭੈਰਉ ਕਬੀਰ ਜੀ, ਅੰਗ ੧੧੬੨)

ਇਹ ਸਾਰੀ ਕਿਰਪਾ ਪ੍ਰਭੂ ਦੇ ਚਰਨ ਕਮਲਾਂ ਵਿਚ ਚਿੱਤ ਜੋੜਨ ਦੀ ਹੈ। ਇਕ ਥਾਂ ਭਗਤ ਜੀ ਕਹਿੰਦੇ ਹਨ ਕਿ ਚਰਨ ਕਮਲਾਂ ਦੀ ਮੌਜ ਵਿਚ ਮੈਂ ਆਦਿ ਅੰਤ ਸਦਾ ਹੀ ਸਮਾਇਆ ਰਹਿੰਦਾ ਹਾਂ। ਇਹ ਗੁਰੂ ਦੀ ਕਿਰਪਾ ਨਾਲ ਮੈਂ ਨਰਕ ਸੁਰਗ ਤੋਂ ਬਚ ਗਿਆ ਹਾਂ।

***"ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥***
***ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥"*** (ਅੰਗ ੧੩੭੦)

ਚਰਨ ਕਮਲਾਂ ਦੀ ਮੌਜ ਦਾ ਕੋਈ ਅਨੁਮਾਨ ਲਾ ਕੇ ਨਹੀਂ ਕਹਿ ਸਕਦਾ। ਜੇ ਕੋਈ ਕਹਿੰਦਾ ਹੈ ਤਾਂ ਫਿਰ ਉਸ ਦੀ ਸੋਭਾ ਨਹੀਂ। (ਅਸਲ ਵਿਚ) ਕਿਸੇ ਕੋਲ ਚਰਨ ਕਮਲਾਂ ਦੀ ਮੌਜ ਦਾ ਕਥਨ ਕਰਨ ਲਈ ਮੁਕੰਮਲ ਸ਼ਬਦ ਨਹੀਂ ਹੈ।

***"ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥"*** (ਅੰਗ ੧੩੭੦)

**ਦੇਵਗੰਧਾਰੀ ਮਹਲਾ ੫॥ ਮਾਈ ਪ੍ਰਭ ਕੇ ਚਰਨ ਨਿਹਾਰਉ॥ ਕਰਹੁ ਅਨੁਗ੍ਰਹੁ ਸੁਆਮੀ ਮੇਰੇ ਮਨ ਤੇ ਕਬਹੁ ਨ ਡਾਰਉ॥੧॥ਰਹਾਉ॥ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ॥ ਸਭ ਤੇ ਨੀਚੁ ਆਤਮ ਕਰਿ ਮਾਨਉ ਮਨ ਮਹਿ ਇਹੁ ਸੁਖੁ ਧਾਰਉ॥੧॥ਗੁਨ ਗਾਵਹ ਠਾਕੁਰ ਅਬਿਨਾਸੀ ਕਲਮਲ ਸਗਲੇ ਝਾਰਉ॥ ਨਾਮ ਨਿਧਾਨੁ ਨਾਨਕ ਦਾਨੁ ਪਾਵਉ ਕੰਠਿ ਲਾਇ ਉਰਿ ਧਾਰਉ॥੨॥੧੯॥**

**ਪਦ ਅਰਥ :**–ਮਾਈ–ਹੇ (ਮੇਰੀ) ਮਾਂ। ਅਨੁਗ੍ਰਹੁ–ਕਿਰਪਾ। ਨਿਹਾਰਉ–ਮੈਂ ਵੇਖਾ। ਨ ਡਾਰਉ–ਕਦੇ ਮਨ ਤੋਂ ਦੂਰ ਨਾ ਕਰਾਂ। ਜਾਰਉ–ਸਾੜ ਦਿਆਂ। ਆਤਮਾ–ਆਪਣੇ ਆਪ ਨੂੰ। ਧਾਰਉ–ਧਾਰਨ ਕਰ। ਕਲਮਲ–ਪਾਪ। ਝਾਰਉ–ਝਾੜ ਦੇਵਾਂ ਭਾਵ ਦੂਰ ਕਰ ਦੇਵਾਂ। ਦਾਨੁ ਪਾਵਉ–ਦਾਨ ਪਾਉਣਾ ਮੰਗਦਾ ਹਾਂ। ਕੰਠ–ਗਲੇ ਨਾਲ। ਉਰਿ ਧਾਰਉ–ਹਿਰਦੇ ਵਿਚ ਧਾਰਨ ਕਰ ਰੱਖਾਂ।

**ਅਰਥ :**–ਹੇ (ਮੇਰੀ) ਮਾਂ! (ਮੇਰੀ ਇਹ ਇੱਛਾ ਹੈ) ਕਿ ਪ੍ਰਭੂ ਦੇ ਨਾਮ ਰੂਪ ਚਰਨ ਮੈਂ ਵੇਖਾਂ। ਹੇ ਮੇਰੇ (ਸੁਆਮੀ) ਮਾਲਕ! ਆਪ (ਮੇਰੇ ਉੱਤੇ) ਕਿਰਪਾ ਕਰੋ, ਜਿਸ ਕਰਕੇ ਤੇਰੇ ਨਾਮ ਰੂਪ ਚਰਨ (ਮਨ ਵਿਚ ਵਸਾ ਲਵਾਂ, ਕਦੇ ਵੀ ਦੂਰ ਨ ਕਰਾਂ। ੧। ਰਹਾਉ। ਬਿਸਰਾਮ ਦੇ ਕੇ ਅੱਗੇ ਉਚਾਰਨ ਕੀਤਾ ਹੈ। ਮੂੰਹ ਅਤੇ ਮਸਤਕਿ 'ਤੇ ਸਾਧੂ ਜਨਾਂ ਦੀ ਧੂੜੀ ਲਗਾਈ ਹੈ, ਜਿਸ ਨਾਲ ਕਾਮ, ਕਰੋਧ ਆਦਿ ਵਿਕਾਰਾਂ ਦੀ ਜ਼ਹਿਰ ਨੂੰ ਸਾੜ ਦਿਆਂ। (ਮੈਂ) ਆਪਣੇ ਆਪ ਨੂੰ ਸਭ ਨਾਲੋਂ ਨੀਵਾਂ ਕਰਕੇ ਮੰਨਾਂ ਤੇ ਮਨ ਵਿਚ ਇਸ ਸੁਖ ਨੂੰ (ਸਦਾ) ਧਾਰਣ ਕਰਾਂ। ੧। ਨਾਸ ਰਹਿਤ ਠਾਕੁਰ–ਮਾਲਕ ਦੇ ਗੁਣ ਗਾਉਂਦੇ ਰਹੀਏ। (ਜਿਸ ਦਾ ਸਦਕਾ) ਸਾਰੇ ਪਾਪ ਝਾੜ ਦੇਈਏ ਭਾਵ ਦੂਰ ਕਰ ਦੇਈਏ। ਗੁਰੂ ਜੀ ਨੇ ਉਚਾਰਨ ਕੀਤਾ ਹੈ ਕਿ ਮੈਂ ਨਾਨਕ ਨਾਮ ਦੇ ਖ਼ਜ਼ਾਨੇ ਦਾ ਦਾਨ ਪਾਉਣਾ ਮੰਗਦਾ ਹਾਂ। (ਉਸ ਨਾਮ ਨੂੰ) ਗਲੇ ਨਾਲ ਲਾ ਕੇ ਹਿਰਦੇ ਵਿਚ ਧਾਰਣ ਕਰ ਰੱਖਾਂ। ੨। ੧੯।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਵਿਚ ਜਿਥੇ ਸ਼ੁਰੂ ਵਿਚ ਹਰੀ ਪ੍ਰਭੂ ਦੇ ਚਰਨਾਂ ਦੀ ਗੱਲ ਕੀਤੀ ਹੈ, ਉਥੇ ਸ਼ਬਦ ਦੀ "ਰਹਾਉ" ਤੋਂ ਅਗਲੀ ਪੰਗਤੀ ਵਿਚ 'ਸਾਧੂ ਧੂਰਿ ਲਾਈ ਮੁਖਿ ਮਸਤਕਿ, ਕਾਮ ਕ੍ਰੋਧ ਬਿਖੁ ਜਾਰਉ॥ ਕਿਹਾ ਹੈ।

# ਸਾਖੀ—ਮਛੰਦਰ ਨਾਥ ਦੀ

ਮਛੰਦਰ ਨਾਥ, ਗੋਰਖ ਨਾਥ ਦਾ ਗੁਰੂ ਹੋਇਆ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ਇਸ ਦੀ ਉਤਪਤੀ ਸ਼ਿਵ ਦੇ ਵੀਰਜ ਦ੍ਵਾਰਾ ਮੱਛੀ ਦੇ ਪੇਟ ਤੋਂ ਲਿਖੀ ਹੈ ਅਤੇ ਯੋਗ ਗ੍ਰੰਥਾਂ ਵਿਚ ਕਥਾ ਹੈ ਕਿ ਸ਼ਿਵ ਦਾ ਉਪਦੇਸ਼ ਸੁਣ ਕੇ ਇਕ ਮੱਛ ਗਯਾਨੀ ਹੋ ਗਿਆ ਅਤੇ ਮਹਾਦੇਵ ਨੇ ਉਸ ਦੀ ਦੇਹ ਮਨੁੱਖ ਦੀ ਕਰ ਦਿੱਤੀ। ਦਸਮ ਗ੍ਰੰਥ ਵਿਚ ਇਸ ਦੇ ਨਾਮ ਮਛਿੰਦ੍ਰ, ਮਛੰਦਰ ਵੀ ਹਨ, ''ਮੱਛ ਸਹਿਤ ਮਛਿੰਦ੍ਰ ਜੋਗੀ ਬਾਂਧ ਜਾਰ ਮਝਾਰ'' (ਮਹਾਨ ਕੋਸ਼)। ਯੋਗ ਮਤਿ ਵਿਚ ਨਉਂ ਨਾਥ ਮੰਨੇ ਹਨ। ਇਨ੍ਹਾਂ ਨਾਥਾਂ ਵਿਚ ਮਛਿੰਦ੍ਰ ਨਾਥ ਤੇ ਗੋਰਖ ਨਾਥ ਦਾ ਨਾਮ ਵੀ ਅੰਕਿਤ ਹੈ। ਸ਼ਾਸਤ੍ਰਕਾਰਾਂ ਨੇ ਛੇ ਜਤੀ ਮੰਨੇ ਹਨ। ਇਨ੍ਹਾਂ ਜਤੀਆਂ ਵਿਚ ਵੀ ਗੋਰਖਨਾਥ ਦਾ ਨਾਮ ਲਿਖਿਆ ਆਉਂਦਾ ਹੈ। ਪਰ ਗੁਰਬਾਣੀ ਅੰਦਰ ਭਗਤ ਕਬੀਰ ਜੀ ਦੇ ਬਚਨ ਹਨ—

***''ਛਿਅ ਜਤੀ ਮਾਇਆ ਕੇ ਬੰਦਾ॥***
***ਨਵੈ ਨਾਥ ਸੂਰਜ ਅਰੁ ਚੰਦਾ॥''*** (ਅੰਗ ੧੧੬੦)

ਇਹ ਮਾਇਆ ਦੇ ਬੰਦੇ ਦੱਸੇ ਹਨ, ਯੋਗ ਬਲ ਨਾਲ ਰਿਧੀਆਂ ਸਿਧੀਆਂ ਪਾ ਕੇ ਵਿਕਾਰਾਂ ਵਿਚ ਗ੍ਰੱਸੇ ਹੋਏ ਸਨ। ਮਛਿੰਦ੍ਰ ਨਾਥ ਤਾਂ ਐਸਾ ਵਿਕਾਰੀ ਸੀ (ਸੰਗਲਾ ਦੀਪ ਦਾ ਅਮਰੂ ਨਾਮ ਦਾ ਰਾਜਾ ਜਿਸ ਵੇਲੇ ਮਿਰਤੂ ਹੋਇਆ) ਤਾਂ ਮਛਿੰਦ੍ਰ ਨਾਥ ਆਪਣਾ ਸਰੀਰ ਬਰਫਾਨੀ ਪਹਾੜਾਂ ਵਿਚ ਸਿਧੀ ਬਲ ਨਾਲ ਸੁਰੱਖਿਅਤ ਛੱਡ ਕੇ ਆਪ ਪਰ ਕਾਇਆ ਪ੍ਰਵੇਸ਼ ਸਿਧੀ ਦ੍ਵਾਰਾ ਅਮਰੂ ਰਾਜੇ ਦੀ ਦੇਹ ਵਿਚ ਪ੍ਰਵੇਸ਼ ਹੋ ਕੇ ਵਿਕਾਰਾਂ ਅਧੀਨ, ਵਿਸ਼ੇ ਪੂਰਤੀ ਵਾਸਤੇ, ਕਾਮ ਵਾਸ਼ਨਾ ਲਈ ਕਈ ਸਾਲ ਰਾਣੀਆਂ ਨਾਲ ਖੇਹ ਖਾਂਦਾ ਰਿਹਾ। ਇਸ ਦੇ ਸੰਜੋਗ ਤੋਂ ਰਾਣੀਆਂ ਦੇ ਦੋ ਪੁੱਤਰ ਵੀ ਪੈਦਾ ਹੋ ਗਏ ਸਨ। ਗੋਰਖ ਨਾਥ ਦੇ ਸ਼ਰੀਕ ਸਿੱਧਾਂ ਨੇ ਗੋਰਖ ਨੂੰ ਮਿਹਣਾ ਮਾਰਿਆ (ਗੋਰਖ ਜਤੀ ਸਦਾਇੰਦਾ ਤਿਸੁ ਗੁਰੂ ਘਰਿਬਾਰੀ) ਹੇ ਗੋਰਖ ! ਤੂੰ ਜਤੀ ਸਦਾਉਂਦਾ ਹੈਂ ਪਰ ਤੇਰਾ ਗੁਰੂ ਮਛਿੰਦ੍ਰ ਨਾਥ ਅਮਰੂ ਰਾਜੇ ਦੀਆਂ ਰਾਣੀਆਂ ਨਾਲ ਵਿਕਾਰ ਭੋਗਦਾ ਪਿਆ ਹੈ। ਇਹ ਮਿਹਣਾ ਸੁਣਕੇ ਗੋਰਖ ਨੇ ਭੇਸ ਬਦਲ ਕੇ ਤਬਲਾ ਵਜਾਉਣ ਵਾਲੇ ਦਾ ਸ਼ਗਿਰਦ ਬਣ ਕੇ ਸੰਗਲਾਦੀਪ ਰਾਜ ਵਿਚ ਤਬਲਾ ਵਜਾਇਆ। ਭੇਸ ਇਸ ਲਈ ਬਦਲਣਾ ਪਿਆ ਕਿਉਂਕਿ ਮਛਿੰਦ੍ਰ ਨੇ ਅਮਰੂ ਰਾਜਾ ਰੂਪ ਹੋ ਕੇ ਹੁਕਮ ਕਰ ਦਿੱਤਾ ਸੀ ਕਿ ਮੇਰੇ ਰਾਜ ਦੀ ਹੱਦ ਅੰਦਰ ਕੋਈ ਕੰਨ ਪਾਟਾ ਜੋਗੀ ਨਾ ਆਵੇ। ਰਾਜ ਦਰਬਾਰ ਅੰਦਰ ਵੇਸਵਾ ਨਚਦੀ ਗਾਉਂਦੀ ਸੀ। ਇਸ ਸਮੇਂ ੩੬੦ ਕਿਆਫਾ ਵਜਦਾ ਸੀ। ਗੋਰਖ ਨਾਥ ਨੇ ਤਬਲਾ ਵਜਾਉਣ ਸਮੇਂ ਆਪਣੇ ਗੁਰੂ ਮਛਿੰਦ੍ਰ ਨਾਥ ਦੀ ਵਿਸ਼ੇ ਰਸ ਵਿਚ ਫਸੀ ਆਤਮਾ ਨੂੰ ਜਗਾਇਆ। ਤਬਲੇ ਵਿਚੋਂ ਅਵਾਜ਼ ਕੱਢੀ ਕਿ (ਜਾਗ ਮਛੰਦਰਾ ਗੋਰਖ ਆਇਓ) ਮਛਿੰਦ੍ਰ ਦੇ ਸੰਜੋਗ ਰਾਹੀਂ ਜੋ ਦੋ ਪੁੱਤਰ ਰਾਣੀਆਂ ਦੇ ਹੋਏ ਸਨ, ਉਹ ਵੀ ਗੋਰਖ ਨੇ ਮਾਰ ਮੁਕਾਏ ਕਿ ਜੋਗੀਆਂ ਦੇ ਮੱਥੇ ਕਲੰਕ ਹੈ। ਗੋਰਖ ਨਾਥ ਸਿਧ ਗੋਸ਼ਟ ਸਮੇਂ ਗੁਰੂ ਨਾਨਕ ਦੇਵ ਜੀ ਅੱਗੇ ਹਾਰ ਮੰਨ ਕੇ ਗੁਰੂ ਜੀ ਦੀ ਚਰਨੀਂ ਪੈ ਕੇ ਗੁਰੂ ਕੀ ਸੰਗਤ ਕਰਕੇ ਆਪ ਤਰਿਆ ਅਤੇ ਆਪਣੇ ਗੁਰੂ ਮਛਿੰਦ੍ਰ ਨੂੰ ਨਾਲ ਲੈ ਕੇ ਗੁਰੂ ਜੀ ਅੱਗੇ ਮਛਿੰਦ੍ਰ ਨਾਥ ਦਾ ਕੁਕਰਮ ਤੇ ਕਲੰਕ ਖਟਿਆ ਦੱਸ ਕੇ ਬੇਨਤੀ ਕੀਤੀ ਜੀ ਇਸ ਨੂੰ ਤਾਰਨਾ ਕਰੋ। ਇਸ ਦੀ ਕਾਮ ਵਾਸ਼ਨਾ ਸਾੜ ਦੇਵੋ। ਇਹ ਕਹਿ ਕੇ ਮਛਿੰਦ੍ਰ ਨਾਥ ਨੂੰ

ਗੁਰੂ ਨਾਨਕ ਦੇਵ ਜੀ ਦੀ ਚਰਨੀਂ ਪਾਇਆ। ਮਛਿੰਦ੍ਰ ਨਾਥ ਨੇ ਗੁਰ ਚਰਨਾਂ ਦੀ ਧੂੜੀ ਮਸਤਕ ਨਾਲ ਲਾਈ ''ਸਾਧੂ ਧੂਰਿ ਲਾਈ ਮੁਖਿ ਮਸਤਕਿ ਕਾਮ ਕ੍ਰੋਧ ਬਿਖੁ ਜਾਰਉ॥ ਬਖ਼ਸ਼ਿਸ਼ ਹੋ ਗਈ। ਵਿਸ਼ੇ ਵਾਸ਼ਨਾ ਸੜ ਗਈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਐਸੀ ਕਿਰਪਾ ਹੋਈ ਕਿ

***''ਚਰਨ ਕਮਲ ਰਜੁ ਮੱਜਨ ਦਿਬ ਦੇਹ ਮਹਾ ਮਲੁ ਮੂਤਰ ਧਾਰੀ ਨਿਰੰਕਾਰੀ ਕੀਨੇ ਹੈ॥''***

(ਕਬਿੱਤ ਸਵੱਈਏ ਭਾਈ ਗੁਰਦਾਸ ਜੀ)

ਗੁਰਬਾਣੀ ਰਾਹੀਂ ਵੀ ਧੰਨ ਗੁਰੂ ਨਾਨਕ ਦੇਵ ਜੀ ਨੇ ਮਛਿੰਦ੍ਰ ਨਾਥ ਉਪਰ ਹੋਰ ਕਿਰਪਾ ਕੀਤੀ—

***''ਸੁਣਿ ਮਾਛਿੰਦ੍ਰਾ ਨਾਨਕੁ ਬੋਲੈ॥***
***ਵਸਗਤਿ ਪੰਚ ਕਰੇ ਨਹ ਡੋਲੈ॥''*** (ਅੰਗ ੮੭੭)

ਇਹ ਗੁਰੂ ਰੂਪ ਸਾਧੂ ਦੀ ਪਵਿੱਤ੍ਰ ਧੂੜੀ ਦੀ ਮਹਿਮਾ ਹੈ, ਜੋ ਕਾਮ, ਕਰੋਧ ਆਦਿ ਵਿਸ਼ੇ ਵਾਸ਼ਨਾ ਨੂੰ ਸਾੜ ਦਿੰਦੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੪ (ਅੰਗ ਪ੩੩)

ਦੇਵਗੰਧਾਰੀ ੫ ॥ ਦਰਸਨ ਨਾਮ ਕਉ ਮਨੁ ਆਛੈ ॥ ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥੧॥ ਰਹਾਉ ॥ ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ ॥ ਸਾਧਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ ॥੧॥ ਜੁਗਤਿ ਨ ਜਾਨਾ ਗੁਨ ਨਹੀ ਕੋਈ ਮਹਾ ਦੁਤਰੁ ਮਾਇ ਆਛੈ ॥ ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥੨॥੨॥੨੮॥

## ਪ੍ਰਾਕ੍ਰਥਨ :-

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਸੋਮੇ, ਸੱਚ ਦੇ ਸੂਰਜ ਧੰਨ ਕ੍ਰਿਪਾਲੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਸ਼ਬਦ ਦੇ ਸ਼ੁਰੂ ਵਿਚ ਵਾਹਿਗੁਰੂ ਜੀ ਦੇ 'ਦਰਸ਼ਨ' ਅਤੇ 'ਨਾਮ' ਲਈ ਮਨ ਲੋਚਦਾ ਕਿਹਾ ਹੈ। ਗੁਰਬਾਣੀ ਅੰਦਰ ਵਾਹਿਗੁਰੂ ਜੀ ਦੇ ਦਰਸ਼ਨ ਤੇ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਸਬੰਧੀ ਵੱਖ-ਵੱਖ ਰੂਪ ਵਿਚ ਦਰਸ਼ਨਾਂ ਦਾ ਜ਼ਿਕਰ ਆਇਆ ਹੈ।

## ਪ੍ਰਭੂ ਦਰਸ਼ਨ

ਇਸ ਸ਼ਬਦ ਅੰਦਰ ਵਾਹਿਗੁਰੂ ਜੀ ਦੇ ਦਰਸ਼ਨਾਂ ਨੂੰ ਮਨ ਲੋਚਦਾ ਕਿਹਾ ਹੈ। ਵਾਹਿਗੁਰੂ ਜੀ ਦੇ ਦਰਸ਼ਨਾਂ ਨਾਲ ਸਬੰਧਤ ਇਥੇ ਕੁਝ ਕੁ ਪ੍ਰਮਾਣ ਗੁਰਬਾਣੀ ਦੇ ਇਸ ਪ੍ਰਕਾਰ ਹਨ—

*"ਠਾਕੁਰ ਤੁਮ੍ ਸਰਣਾਈ ਆਇਆ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ ਜਬ ਤੇ ਦਰਸਨੁ ਪਾਇਆ॥"*

(ਅੰਗ ੧੨੧੮)

*"ਭੋਜਨ ਗਿਆਨੁ ਮਹਾ ਰਸੁ ਮੀਠਾ॥ ਜਿਨਿ ਚਾਖਿਆ ਤਿਨਿ ਦਰਸਨੁ ਡੀਠਾ॥*
*ਦਰਸਨੁ ਦੇਖਿ ਮਿਲੇ ਬੈਰਾਗੀ ਮਨੁ ਮਨਸਾ ਮਾਰਿ ਸਮਾਤਾ ਹੇ॥"*

(ਅੰਗ ੧੦੩੨)

*"ਕਾਗਾ ਕਰੰਗ ਢੰਢੋਲਿਆ ਸਗਲਾ ਖਾਇਆ ਮਾਸੁ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ॥"*

(ਅੰਗ ੧੩੮੨)

*"ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥*
*ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥"* (ਅੰਗ ੧੦੯੪)

ਹੁਣ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਸਬੰਧੀ ਗੁਰਬਾਣੀ ਅਤੇ ਗੁਰਮਤਿ ਦੀ ਰੌਸ਼ਨੀ ਵਿਚ ਰਹਿ ਕੇ ਵਿਚਾਰ ਕਰੀਏ। ਇਹ ਗੱਲ ਸਪੱਸ਼ਟ ਹੈ ਕਿ "ਗੋਬਿੰਦ ਭਾਉ ਭਗਤ ਦਾ ਭੁਖਾ।" ਨਾਲ ਹੀ ਭਾਈ ਗੁਰਦਾਸ ਜੀ ਨੇ (ਵਾਹਿਗੁਰੂ ਜੀ ਤਰਫੋਂ) ਇਹ ਵੀ ਸਪੱਸ਼ਟ ਕੀਤਾ ਹੈ ਕਿ "ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ॥"

ਗਿਆਨੀ ਗਿਆਨ ਸਿੰਘ ਜੀ ਨੇ ਤਵਾਰੀਖ਼ ਗੁਰੂ ਖ਼ਾਲਸਾ ਵਿਚ ਲਿਖਿਆ ਹੈ ਕਿ

*"ਭਾਵੇਂ ਹੀ ਬਿਦਤੇ ਦੇਵਾ॥"*

ਆਪੋ ਆਪਣੀ ਭਾਵਨਾ ਅਨੁਸਾਰ ਹੀ ਵਾਹਿਗੁਰੂ ਜੀ ਦੇ ਦਰਸ਼ਨ ਹੁੰਦੇ ਹਨ।

# ਸਾਖੀ—ਭਗਤ ਨਾਮਦੇਵ ਜੀ

ਭਗਤ ਨਾਮਦੇਵ ਜੀ ਦਾ ਜਨਮ ੧੨੭੧ ਨੂੰ ਪਿੰਡ ਨਰਸੀ ਬਾਮਣੀ, ਜ਼ਿਲ੍ਹਾ ਸਤਾਰਾ (ਮਹਾਰਾਸ਼ਟਰ) ਵਿਚ ਪਿਤਾ ਦਾਮ ਸੇਟੀ ਜੀ ਦੇ ਘਰ ਮਾਤਾ ਗੋਨਾ ਬਾਈ ਦੀ ਕੁਖੋਂ ਹੋਇਆ। ਆਪ ਜੀ ਬਾਲਕ ਅਵਸਥਾ ਤੋਂ ਹੀ ਧਾਰਮਿਕ ਰੁਚੀ ਤੇ ਸ਼ਰਧਾ ਭਾਵਨਾ ਦੇ ਧਾਰਣੀ ਸਨ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਕ ਵਾਰ ਨਾਮਦੇਵ ਜੀ ਦਾ ਪਿਤਾ ਕਿਸੇ ਕੰਮ ਲਈ ਕਿਸੇ ਦੂਰ ਪਿੰਡ ਗਿਆ। ਜਾਣ ਸਮੇਂ ਆਪਣੇ ਥਾਂ ਜੋ ਆਪ ਹਰਿ ਰੋਜ਼ ਠਾਕੁਰਾਂ ਨੂੰ (ਭੋਗ ਲਗਾਇਆ) ਪੂਜਿਆ ਕਰਦੇ ਸਨ, ਨਾਮਦੇਵ ਜੀ ਨੂੰ (ਭੋਗ ਲਗਾਉਣ) ਠਾਕੁਰ ਪੂਜਨ ਕਰਨਾ ਕਹਿ ਗਏ। ਨਾਮਦੇਵ ਜੀ ਨੇ ਇਸ਼ਨਾਨ ਕਰਕੇ, ਕਪਲ ਗਾਂ ਦਾ ਦੁੱਧ ਚੋ ਕੇ, ਠਾਕੁਰਾਂ ਦਾ ਇਸ਼ਨਾਨ ਕਰਾ ਕੇ ਦੁੱਧ ਠਾਕੁਰਾਂ ਅੱਗੇ ਰੱਖ ਦਿੱਤਾ। ਭਾਵਨਾ ਤੇ ਨਿਹਚੇ ਨਾਲ ਹੱਥ ਜੋੜ ਕੇ ਬੇਨਤੀਆਂ ਕਰਨ ਲਗਿਆ ਕਿ ਠਾਕੁਰ ਜੀ ਆਪ ਭੋਗ ਲਗਾਉ। ਦਿਆਲੂ ਹੋ ਕੇ ਵਾਹਿਗੁਰੂ ਜੀ ਨੇ ਪ੍ਰਤੱਖ ਭਗਤ ਜੀ ਨੂੰ ਦਰਸ਼ਨ ਦਿੱਤੇ। ਭਗਤ ਜੀ ਨੇ ਵਾਹਿਗੁਰੂ ਜੀ ਨੂੰ ਸੋਨੇ ਦੀ ਕਟੋਰੀ ਨਾਲ ਦੁੱਧ ਛਕਾਇਆ। ਇਹ ਪ੍ਰਸੰਗ ਭਗਤ ਨਾਮਦੇਵ ਜੀ ਨੇ ਆਪਣੀ ਬਾਣੀ ਅੰਦਰ ਇਸ ਤਰ੍ਹਾਂ ਦਰਸਾਇਆ ਹੈ—

***"ਦੂਧੁ ਕਟੋਰੈ ਗਡਵੈ ਪਾਨੀ॥ ਕਪਲ ਗਾਇ ਨਾਮੈ ਦੁਹਿ ਆਨੀ॥ ੧॥<br>ਦੂਧੁ ਪੀਉ ਗੋਬਿੰਦੇ ਰਾਇ॥ ਦੂਧੁ ਪੀਉ ਮੇਰੋ ਮਨੁ ਪਤੀਆਇ॥<br>ਨਾਹੀ ਤ ਘਰ ਕੋ ਬਾਪੁ ਰਿਸਾਇ॥ ੧॥ ਰਹਾਉ॥<br>ਸੋੁਇਨ ਕਟੋਰੀ ਅੰਮ੍ਰਿਤ ਭਰੀ॥ ਲੈ ਨਾਮੈ ਹਰਿ ਆਗੈ ਧਰੀ॥ ੨॥<br>ਏਕੁ ਭਗਤੁ ਮੇਰੇ ਹਿਰਦੇ ਬਸੈ॥ ਨਾਮੇ ਦੇਖਿ ਨਰਾਇਨੁ ਹਸੈ॥ ੩॥<br>ਦੂਧੁ ਪੀਆਇ ਭਗਤੁ ਘਰਿ ਗਇਆ॥ ਨਾਮੇ ਹਰਿ ਕਾ ਦਰਸਨੁ ਭਇਆ॥ ੪॥ ੩॥"***

(ਅੰਗ ੧੧੬੩)

ਇਸ ਸ਼ਬਦ ਅੰਦਰ ਸਪੱਸ਼ਟ ਆਇਆ ਹੈ ਕਿ "ਨਾਮੇ ਹਰਿ ਕਾ ਦਰਸਨੁ ਭਇਆ॥" ਭਾਵ ਨਾਮਦੇਵ ਜੀ ਨੂੰ ਹਰੀ ਦਾ ਪ੍ਰਤੱਖ ਦਰਸ਼ਨ ਹੋਇਆ। ਇਹ ਦਰਸ਼ਨ ਹੋਇਆ ਗੁਰਬਾਣੀ ਨੇ ਕਿਹਾ ਹੈ। ਇਹ ਪਹਿਲੀ ਵਾਰ ਨਾਮਦੇਵ ਨੂੰ ਵਾਹਿਗੁਰੂ ਜੀ ਦੇ ਦਰਸ਼ਨ ਹੋਏ ਹਨ। ਇਸ ਉਪਰੰਤ ਹੋਰ ਕਈ ਪ੍ਰਸੰਗ ਹਨ ਦਰਸ਼ਨ ਕਰਣ ਕਰਾਉਣ ਦੇ। ਇਕ ਰਵਾਇਤ ਅਨੁਸਾਰ ਭਗਤ ਜੀ ਨੂੰ ੭੨ ਵਾਰ ਪ੍ਰਤੱਖ ਰੂਪ ਵਿਚ ਵਾਹਿਗੁਰੂ ਜੀ ਦੇ ਦਰਸ਼ਨ ਹੋਏ ਸਨ। ਭਗਤ ਨਾਮਦੇਵ ਗ੍ਰਿਹਸਤੀ ਸਨ। ਆਪ ਜੀ ਦੇ ਚਾਰ ਪੁੱਤਰ ਨਰਾਇਣ, ਮਹਾਦੇਵ, ਗੋਬਿੰਦ, ਵਿੱਠਲ ਅਤੇ ਇਕ ਸਪੁੱਤਰੀ ਲਿੰਬਾਬਾਈ ਸੀ। ਭਗਤ ਨਾਮਦੇਵ ਜੀ ਜਿਥੇ ਭਗਤੀ ਭਾਵ ਬੰਦਗੀ ਵਿਚ ਲੀਨ

***"ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ॥"***

(ਅੰਗ ੪੮੭)

ਦੇ ਧਾਰਣੀ ਸਨ, ਉਥੇ ਹੱਥੀ ਕਿਰਤ ਕਰਨੀ "ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ" ਕਿਰਤ ਕਰੋ, ਨਾਮ ਜਪੋ, ਵੰਡ ਛਕੋ, ਇਸ ਗੁਰਮਤਿ ਸਿਧਾਂਤ ਅਨੁਸਾਰ ਜੀਵਨ-ਜਾਚ ਦੇ ਧਾਰਣੀ ਤੇ ਜੀਵਨ-ਜਾਚ ਦੇ ਸਿਖਾਲਣ ਵਾਲੇ ਸਨ। ਇਹ ਦੋ ਸਲੋਕਾਂ ਨਾਲ ਸਬੰਧਤ ਪ੍ਰਸੰਗ ਇਸ ਸਿਧਾਂਤ ਨੂੰ ਪ੍ਰਗਟ ਕਰਦਾ ਹੈ—

*"ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥"*

(ਅੰਗ ੧੩੭੫)

*"ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥"*

(ਅੰਗ ੧੩੭੫)

ਭਗਤ ਨਾਮਦੇਵ ਜੀ ਨੇ ਭਗਤ ਤ੍ਰਿਲੋਚਨ ਜੀ ਨੂੰ ਜਿਥੇ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੀ ਪ੍ਰੇਰਣਾ ਕੀਤੀ, ਉਥੇ ਵਿਚੋਲਾ ਬਣ ਕੇ ਤ੍ਰਿਲੋਚਨ ਜੀ ਨੂੰ ਵਾਹਿਗੁਰੂ ਜੀ ਦੇ ਦਰਸ਼ਨ ਵੀ ਕਰਾ ਦਿੱਤੇ ਸਨ।

*"ਦਰਸਨੁ ਦੇਖਣ ਨਾਮਦੇਵ ਭਲਕੇ ਉਠਿ ਤ੍ਰਿਲੋਚਨੁ ਆਵੈ।*
*ਭਗਤਿ ਕਰਨਿ ਮਿਲਿ ਦੁਇ ਜਣੇ ਨਾਮਦੇਉ ਹਰਿ ਚਲਿਤੁ ਸੁਣਾਵੈ।*
*ਮੇਰੀ ਭੀ ਕਰਿ ਬੇਨਤੀ ਦਰਸਨੁ ਦੇਖਾਂ ਜੇ ਤਿਸੁ ਭਾਵੈ।*
*ਠਾਕੁਰ ਜੀ ਨੋ ਪੁਛਿਓਸੁ ਦਰਸਨੁ ਕਿਵੈ ਤ੍ਰਿਲੋਚਨੁ ਪਾਵੈ।*
*ਹਸਿ ਕੈ ਠਾਕੁਰ ਬੋਲਿਆ ਨਾਮਦੇਉ ਨੋ ਕਹਿ ਸਮਝਾਵੈ।*
*ਹਥਿ ਨ ਆਵੈ ਭੇਟੁ ਸੋ ਤੁਸਿ ਤ੍ਰਿਲੋਚਨ ਮੈ ਮੁਹਿ ਲਾਵੈ।*
*ਹਉ ਅਧੀਨੁ ਹਾਂ ਭਗਤ ਦੇ ਪਹੁੰਚਿ ਨ ਹੰਘਾਂ ਭਗਤੀ ਦਾਵੈ।*
*ਹੋਇ ਵਿਚੋਲਾ ਆਣਿ ਮਿਲਾਵੈ॥੧੨॥"* (ਵਾਰ ੧੦, ਪਉੜੀ ੧੨)

ਭਗਤ ਨਾਮਦੇਵ ਜੀ ਦੀ ਛੱਪਰੀ ਬੰਨ੍ਹਣੀ, ਮੋਈ ਗਊ ਜ਼ਿੰਦਾ ਕਰਨੀ, ਹੰਕਾਰੀ ਬ੍ਰਾਹਮਣਾਂ ਨੂੰ ਦੇਹੁਰਾ ਫੇਰਕੇ

*"ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ॥"*

ਆਦਿ ਕਾਰਜ ਵਾਹਿਗੁਰੂ ਜੀ ਨੇ ਪ੍ਰਤੱਖ ਹੋ ਕੇ ਕੀਤੇ ਹਨ। ਪੂਰਬਲੇ ਕਹੇ ਸਾਰੇ ਪ੍ਰਸੰਗ ਭਾਈ ਗੁਰਦਾਸ ਜੀ ਨੇ ਇਸ ਤਰ੍ਹਾਂ ਦਰਸਾਏ ਹਨ—

*"ਕੰਮ ਕਿਤੈ ਪਿਉ ਚਲਿਆ, ਨਾਮਦੇਉ ਨੋ ਆਖਿ ਸਿਧਾਇਆ।*
*ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।*
*ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿ ਕੈ ਲੈ ਆਇਆ।*
*ਠਾਕੁਰ ਨੋ ਨ੍ਹਾਵਾਲਿ ਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।*

*ਹਥ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।*
*ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।*
*ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।*
*ਗਾਇ ਮੁਈ ਜੀਵਾਲਿਓਨੁ ਨਾਮਦੇਵ ਦਾ ਛਪਰੁ ਛਾਇਆ।*
*ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।*
*ਭਗਤ ਜਨਾ ਦਾ ਕਰੇ ਕਰਾਇਆ॥ ੧੧॥"* (ਵਾਰ ੧੦, ਪਉੜੀ ੧੧)

*"ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥ ੧॥*
*ਹੀਨੜੀ ਜਾਤਿ ਮੇਰੀ ਜਾਦਿਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ॥ ੧॥*
*ਰਹਾਉ॥ ਲੈ ਕਮਲੀ ਚਲਿਓ ਪਲਟਾਇ॥ ਦੇਹੁਰੈ ਪਾਛੈ ਬੈਠਾ ਜਾਇ॥ ੨॥*
*ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥ ੩॥ ੬॥"*

(ਅੰਗ ੧੧੬੪)

ਭਗਤ ਨਾਮਦੇਵ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੬੧ ਸ਼ਬਦ ਅੰਕਿਤ ਹਨ।

ਸੰਨ ੧੩੫੧ ਈਃ ਨੂੰ ਸਰੀਰ ਤਿਆਗ ਕੇ ਸਦਾ ਲਈ ਪ੍ਰਮੇਸਰ ਵਿਚ ਅਭੇਦ ਹੋ ਗਏ।

ਦੇਵਗੰਧਾਰੀ ੫ ॥ ਦਰਸਨ ਨਾਮ ਕਉ ਮਨੁ ਆਛੈ ॥ ਭ੍ਰਮਿ ਆਇਓ ਹੈ ਸਗਲ ਥਾਨ ਰੇ ਆਹਿ ਪਰਿਓ ਸੰਤ ਪਾਛੈ ॥ ੧ ॥ ਰਹਾਉ ॥ ਕਿਸੁ ਹਉ ਸੇਵੀ ਕਿਸੁ ਆਰਾਧੀ ਜੋ ਦਿਸਟੈ ਸੋ ਗਾਛੈ ॥ ਸਾਧਸੰਗਤਿ ਕੀ ਸਰਨੀ ਪਰੀਐ ਚਰਣ ਰੇਨੁ ਮਨੁ ਬਾਛੈ ॥੧ ॥ ਜੁਗਤਿ ਨ ਜਾਨਾ ਗੁਨ ਨਹੀ ਕੋਈ ਮਹਾ ਦੁਤਰੁ ਮਾਇ ਆਛੈ ॥ ਆਇ ਪਇਓ ਨਾਨਕ ਗੁਰ ਚਰਨੀ ਤਉ ਉਤਰੀ ਸਗਲ ਦੁਰਾਛੈ ॥੨ ॥੨ ॥੨੮ ॥

**ਪਦ ਅਰਥ** :–ਮਨੁ ਆਛੈ–ਮਨ ਚਾਹੁੰਦਾ ਹੈ। ਭ੍ਰਮਿ–ਭਟਕ (ਫਿਰ ਫਿਰ) ਕੇ। ਆਹਿ–ਤਾਂਘ ਕਰਕੇ। ਦਿਸਟੈ–ਦਿਸਦਾ ਹੈ। ਗਾਛੈ–ਤੁਰਿਆ ਜਾਂਦਾ ਹੈ ਭਾਵ ਨਾਸ਼ਮਾਨ ਹੈ। ਮਨੁ ਬਾਛੈ–ਮਨ ਚਾਹੁੰਦਾ ਹੈ। ਦੁਤਰੁ–ਕਠਨ। ਮਾਇ ਆਛੈ–ਮਾਇ+ਆਛੈ=ਮਾਇਆ ਹੈ। ਦੁਰਾਛੈ–ਦੁਰ+ਆਛੈ=ਮਾੜੀ ਵਾਸ਼ਨਾ ਭਾਵ ਮਾੜੀ ਇੱਛਿਆ।

**ਅਰਥ** :–ਵਾਹਿਗੁਰੂ ਜੀ ਦੇ ਦਰਸ਼ਨ (ਕਰਨ ਨੂੰ) ਤੇ ਨਾਮ (ਜਪਣ) ਨੂੰ (ਮੇਰਾ) ਮਨ ਚਾਹੁੰਦਾ ਹੈ। (ਇਹ ਮਨ) ਸਭ ਥਾਵਾਂ ਤੇ (ਭਟਕ) ਫਿਰ ਫਿਰ ਕੇ ਆਇਆ ਹੈ, ਰੇ–ਹੇ ਭਾਈ (ਹੁਣ) ਆਹਿ–ਤਾਂਘ ਕਰਕੇ ਸੰਤਾਂ ਦੀ ਚਰਣੀ ਆ ਪਿਆ ਹੈ।੧। ਰਹਾਉ। ਬਿਸਰਾਮ ਦੇ ਕੇ ਉਚਾਰਨ ਕੀਤਾ ਹੈ।

(ਸੰਸਾਰ ਵਿਚ) ਜੋ ਕੁਝ ਦਿਸਦਾ ਹੈ (ਸਭ) ਤੁਰਿਆ ਜਾਂਦਾ ਹੈ ਭਾਵ ਨਾਸ਼ਮਾਨ ਹੈ, (ਇਸ ਲਈ)

ਮੈਂ ਕਿਸ ਦੀ ਸੇਵਾ ਕਰਾਂ ? ਕਿਸਨੂੰ ਅਰਾਧਨਾ ਕਰਾਂ?। (ਆਖ਼ਿਰ ਮਨ ਨੇ ਇਹ ਫ਼ੈਸਲਾ ਕੀਤਾ ਕਿ) ਸਾਧ ਸੰਗਤ ਦੀ ਸ਼ਰਨ ਵਿਚ ਪੈ ਜਾਣਾ ਚਾਹੀਦਾ ਹੈ, (ਹੁਣ) ਮੇਰਾ ਮਨ ਸੰਤ ਜਨਾਂ ਦੀ ਚਰਨ ਧੂੜੀ ਹੀ ਮੰਗਦਾ ਹੈ। ੧। (ਕਿਉਂਕਿ) ਮਾਇਆ ਦਾ ਤਰਨਾ ਮਹਾਂ ਕਠਨ ਹੈ, (ਪਰ ਮੇਰੇ ਵਿਚ) ਕੋਈ ਸ਼ੁਭ ਗੁਣ ਨਹੀਂ (ਤੇ ਮਾਇਆ ਤੋਂ ਤਰਣ ਲਈ) ਕੋਈ ਜੁਗਤ ਨਹੀਂ ਜਾਣਦਾ। ਨਾਨਕ (ਗੁਰੂ ਜੀ ਫੁਰਮਾਨ ਕਰਦੇ ਹਨ) ਮੈਂ ਗੁਰੂ ਦੀ ਚਰਨੀਂ ਆ ਪਿਆ ਹਾਂ ਤਦ ਮੇਰੀ ਮਾੜੀ ਵਾਸ਼ਨਾ ਦੂਰ ਹੋ ਗਈ ਹੈ। ੨। ੨। ੨੮।

## ਵਿਆਖਿਆ ਤੇ ਸਾਰੰਸ਼

ਕਾਵਯ ਗ੍ਰੰਥਾਂ ਵਿਚ ਦਰਸ਼ਨ ਚਾਰ ਪ੍ਰਕਾਰ ਦਾ ਲਿਖਿਆ ਆਉਂਦਾ ਹੈ, ਜਿਸ ਦਾ ਨਿਰਣਾ ਵਿਸਥਾਰ ਸਹਿਤ 'ਗੁਰ ਦਰਸ਼ਨ' ਭਾਵ "ਦਰਸਨੁ ਦੇਖਿ ਜੀਵਾ ਗੁਰ ਤੇਰਾ॥" ਇਸ ਸ੍ਰੀ ਮੁਖਵਾਕ ਸਿਰਲੇਖ ਹੇਠ ਕੀਤਾ ਜਾਵੇਗਾ। ਇਥੇ ਸੰਖੇਪ ਰੂਪ ਵਿਚ ਨਿਰਣਾ ਇਸ ਪ੍ਰਕਾਰ ਹੈ—

## ਚਾਰ ਤਰ੍ਹਾਂ ਦੇ ਦਰਸ਼ਨ

੧. ਸ੍ਰਵਣ ਦਰਸ਼ਨ-ਪ੍ਰੀਤਮ ਦਾ ਗੁਣ ਤੇ ਰੂਪ ਸੁਣ ਕੇ ਉਸ ਦੇ ਮਿਲਾਪ ਦੀ ਮਨ ਵਿਚ ਤਾਂਘ ਪੈਦਾ ਹੋਣੀ।

***"ਸੁਣਿ ਸੁਣਿ ਜੀਵਾ ਸੋਇ ਤੁਮਾਰੀ॥ ਤੂੰ ਪ੍ਰੀਤਮੁ ਠਾਕੁਰੁ ਅਤਿ ਭਾਰੀ॥"***

(ਅੰਗ ੧੦੪)

੨. ਚਿਤ੍ਰ ਦਰਸ਼ਨ—ਪਿਆਰੇ ਦੀ ਮੂਰਤਿ ਦਾ ਦਰਸ਼ਨ ਭਾਵ ਪ੍ਰੀਤਮ ਦੀ ਤਸਵੀਰ ਦਾ ਜਾਂ ਕਹੋ ਫ਼ੋਟੋ ਦੇ ਦਰਸ਼ਨ।

***"ਮੋਹਣ ਮੀਤ ਕੋ ਚਿਤ੍ਰ ਲਖੇ ਭਈ ਚਿਤ੍ਰ ਹੀ ਸੀ ਤੌਂ ਵਿਚਿਤ੍ਰ ਕਹਾਂ ਹੈ?"*** (ਪਦਮਾਕਰ)

੩. ਸੁਪਨ ਦਰਸ਼ਨ—ਪਿਆਰੇ ਪ੍ਰੀਤਮ ਦੇ ਸੁਪਨੇ ਵਿਚ ਦਰਸ਼ਨ ਹੋਣੇ।

***"ਸੁਣਿ ਸਖੀਏ ਮੇਰੀ ਨੀਦ ਭਲੀ ਮੈ ਆਪਨੜਾ ਪਿਰੁ ਮਿਲਿਆ॥"***

(ਅੰਗ ੨੪੯)

੪. ਪ੍ਰਤੱਖ ਦਰਸ਼ਨ—ਪਿਆਰੇ ਪ੍ਰੀਤਮ ਜੀ ਦਾ ਸਾਖਯਾਤ ਦੀਦਾਰ ਕਰਨਾ।

***"ਅਦਿਸਟੁ ਅਗੋਚਰੁ ਅਲਖੁ ਨਿਰੰਜਨੁ ਸੋ ਦੇਖਿਆ ਗੁਰਮੁਖਿ ਆਖੀ॥"***

(ਅੰਗ ੮੭)

ਵਾਹਿਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਭਗਤ ਰਵਿਦਾਸ ਜੀ ਨੇ ਵੀ ਵਾਹਿਗੁਰੂ ਅੱਗੇ ਬੇਨਤੀਆਂ ਕੀਤੀਆਂ ਹਨ।

***"ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥"***

(ਅੰਗ ੩੪੬)

ਹੇ ਸਾਰੇ ਸੰਸਾਰ ਦੇ ਸਮੁੱਚੇ ਭਵਨਾਂ ਦੇ ਜਾਂ ਚੌਦਾਂ ਭਵਨ ਵੀ ਮੰਨੇ ਹਨ ਪਰ ਇਥੇ ਸਮੁੱਚੇ ਤੋਂ ਹੀ ਭਾਵ ਹੈ, ਸਾਰਿਆਂ ਦੇ ਸੁਆਮੀ ! ਮੈਨੂੰ ਇਕ ਛਿਨ ਭਰ ਹੀ ਆਪਣਾ ਦਰਸ਼ਨ ਦਿਖਾ ਦੇਵੋ।

***"ਹਮ ਸਰ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥***
***ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥੧॥***
***ਹਉ ਬਲਿ ਬਲਿ ਜਾਉ ਰਮਈਆ ਕਾਰਨੇ॥ਕਾਰਨ ਕਵਨ ਅਬੋਲ॥ਰਹਾਉ॥***
***ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਾਰੇ ਲੇਖੇ॥***
***ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥ ੨ ॥"***

(ਅੰਗ ੬੯੪)

ਇਹ ਸਾਰਾ ਪ੍ਰਸੰਗ ਦਰਸਨਾਂ 'ਤੇ ਲਗਾਇਆ ਜਾ ਸਕਦਾ ਹੈ ਅਤੇ ਭਗਤ ਫ਼ਰੀਦ ਜੀ ਦਾ ਪ੍ਰਸੰਗ ਦਰਸ਼ਨਾਂ 'ਤੇ ਲਗ ਸਕਦਾ ਹੈ।

***"ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਣ ਕੀ ਆਸ॥"***

(ਅੰਗ ੧੩੮੨)

ਇਥੇ ਵਿਸਥਾਰ ਦੇ ਕਾਰਣ ਇਹ ਪ੍ਰਸੰਗ ਪੂਰੇ ਨਹੀਂ ਦਿੱਤੇ।

## ਪ੍ਰਮਾਣ

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥ ਬਿਲਪ ਕਰੇ ਚਾਤ੍ਰਿਕ ਕੀ ਨਿਆਈ॥***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ॥ ੧॥***
***ਹਉ ਘੋਲੀ ਜੀਉ ਘੋਲਿ ਘੁਮਾਈ ਗੁਰ ਦਰਸਨ ਸੰਤ ਪਿਆਰੇ ਜੀਉ॥ ੧॥ ਰਹਾਉ॥***

(ਅੰਗ ੯੬)

***ਕਵਨ ਗੁਨ ਪ੍ਰਾਨਪਤਿ ਮਿਲਉ ਮੇਰੀ ਮਾਈ॥੧॥ਰਹਾਉ॥***
***ਰੂਪ ਹੀਨ ਬੁਧਿ ਬਲ ਹੀਨੀ ਮੋਹਿ ਪਰਦੇਸਨਿ ਦੂਰ ਤੇ ਆਈ॥੧॥***
***ਨਾਹਿਨ ਦਰਬੁ ਨ ਜੋਬਨ ਮਾਤੀ ਮੋਹਿ ਅਨਾਥ ਕੀ ਕਰਹੁ ਸਮਾਈ॥੨॥***
***ਖੋਜਤ ਖੋਜਤ ਭਈ ਬੈਰਾਗਨਿ ਪ੍ਰਭ ਦਰਸਨ ਕਉ ਹਉ ਫਿਰਤ ਤਿਸਾਈ॥੩॥***
***ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧਸੰਗਿ ਮੇਰੀ ਜਲਨਿ ਬੁਝਾਈ॥੪॥***

(ਅੰਗ ੨੦੪)

- *ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ॥*
*ਉਰ ਨ ਭੀਜੈ ਪਗੁ ਨਾ ਖਿਸੈ ਹਰਿ ਦਰਸਨ ਕੀ ਆਸਾ॥੧॥*
*ਉਡਹੁ ਨ ਕਾਗਾ ਕਾਰੇ॥ ਬੇਗਿ ਮਿਲੀਜੈ ਅਪੁਨੇ ਰਾਮ ਪਿਆਰੇ॥੧॥ ਰਹਾਉ॥*
*ਕਹਿ ਕਬੀਰ ਜੀਵਨ ਪਦ ਕਾਰਨਿ ਹਰਿ ਕੀ ਭਗਤਿ ਕਰੀਜੈ॥*
*ਏਕੁ ਆਧਾਰੁ ਨਾਮੁ ਨਾਰਾਇਨ ਰਸਨਾ ਰਾਮੁ ਰਵੀਜੈ॥ ੨॥* (ਅੰਗ ੩੩੭)
- *ਮਾਈ ਮੋਰੋ ਪ੍ਰੀਤਮੁ ਰਾਮੁ ਬਤਾਵਹੁ ਰੀ ਮਾਈ॥*
*ਹਉ ਹਰਿ ਬਿਨੁ ਖਿਨੁ ਪਲੁ ਰਹਿ ਨ ਸਕਉ ਜੈਸੇ ਕਰਹਲੁ ਬੇਲਿ ਰੀਝਾਈ॥੧॥ਰਹਾਉ॥*
*ਹਮਰਾ ਮਨੁ ਬੈਰਾਗ ਬਿਰਕਤੁ ਭਇਓ ਹਰਿ ਦਰਸਨ ਮੀਤ ਕੈ ਤਾਈ॥*
*ਜੈਸੇ ਅਲਿ ਕਮਲਾ ਬਿਨੁ ਰਹਿ ਨ ਸਕੈ ਤੈਸੇ ਮੋਹਿ ਹਰਿ ਬਿਨੁ ਰਹਨੁ ਨ ਜਾਈ॥੧॥*
*ਰਾਖੁ ਸਰਣਿ ਜਗਦੀਸੁਰ ਪਿਆਰੇ ਮੋਹਿ ਸਰਧਾ ਪੂਰਿ ਹਰਿ ਗੁਸਾਈ॥*
*ਜਨ ਨਾਨਕ ਕੈ ਮਨਿ ਅਨਦੁ ਹੋਤ ਹੈ ਹਰਿ ਦਰਸਨੁ ਨਿਮਖ ਦਿਖਾਈ॥*
(ਅੰਗ ੩੬੯)
- *ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ ਹਉ ਕਿਉ ਪਾਈ ਗੁਰ ਪੂਰੇ॥*
*ਜੇ ਸਉ ਖੇਲ ਖੇਲਾਈਐ ਬਾਲਕੁ ਰਹਿ ਨ ਸਕੈ ਬਿਨੁ ਖੀਰੇ॥*
*ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ ਜੇ ਸਉ ਭੋਜਨ ਮੈ ਨੀਰੇ॥*
*ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ ਬਿਨੁ ਦਰਸਨ ਕਿਉ ਮਨੁ ਧੀਰੇ॥ ੧॥*
*ਸੁਣਿ ਸਜਣ ਮੇਰੇ ਪ੍ਰੀਤਮ ਭਾਈ ਮੈ ਮੇਲਿਹੁ ਮਿਤ੍ਰੁ ਸੁਖਦਾਤਾ॥*
*ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ ਨਿਤ ਸੁਣਾਵੈ ਹਰਿ ਕੀਆ ਬਾਤਾ॥*
*ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ ਜਿਉ ਚਾਤ੍ਰਿਕੁ ਜਲ ਕਉ ਬਿਲਲਾਤਾ॥*
*ਹਉ ਕਿਆ ਗੁਣ ਤੇਰੇ ਸਾਰਿ ਸਮਾਲੀ ਮੈ ਨਿਰਗੁਣ ਕਉ ਰਖਿ ਲੇਤਾ॥ ੨॥*
*ਹਉ ਭਈ ਉਡੀਣੀ ਕੰਤ ਕਉ ਅੰਮਾਲੀ ਸੋ ਪਿਰੁ ਕਦਿ ਨੈਣੀ ਦੇਖਾ॥*
*ਸਭਿ ਰਸ ਭੋਗਣ ਵਿਸਰੇ ਬਿਨੁ ਪਿਰ ਕਿਤੈ ਨ ਲੇਖਾ॥*
*ਇਹੁ ਕਾਪੜੁ ਤਨਿ ਨ ਸੁਖਾਵਈ ਕਰਿ ਨ ਸਕਉ ਹਉ ਵੇਸਾ॥*
*ਜਿਨੀ ਸਖੀ ਲਾਲੁ ਰਾਵਿਆ ਪਿਆਰਾ ਤਿਨ ਆਗੈ ਹਮ ਆਦੇਸਾ॥ ੩॥*
(ਅੰਗ ੫੬੪)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੧੫ (ਅੰਗ ੫੩੫)

ਦੇਵਗੰਧਾਰੀ ਮਹਲਾ ੫ ॥ ਉਲਟੀ ਰੇ ਮਨ ਉਲਟੀ ਰੇ ॥ ਸਾਕਤ ਸਿਉ ਕਰਿ ਉਲਟੀ ਰੇ ॥ ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ ॥੧ ॥ਰਹਾਉ ॥ ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ ॥ ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ ਛੁਟਕੀ ਤ੍ਰਿਕੁਟੀ ਰੇ ॥ ੧ ॥ ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ ॥ ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ ॥ ੨ ॥ ੪ ॥ ੩੭ ॥

## ਪ੍ਰਾਕ੍ਥਨ :-

ਗੁਰੂ ਅਰਜਨ ਦੇਵ ਜੀ ਨੇ ਇਸ ਸ੍ਰੀ ਮੁਖਵਾਕ ਅੰਦਰ ''ਸਾਕਤ'' ਦੀ ਸੰਗਤ ਤੋਂ ਬਚਣ ਦਾ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ। ਸਾਕਤ ਕੌਣ ਹੈ ? ਉੱਤਰ-ਵਾਹਿਗੁਰੂ ਤੋਂ ਵਿਮੁਖ, ਈਸ਼੍ਵਰ ਤੋਂ ਦੂਰ, ਡਿਗਿਆ ਹੋਇਆ ਸ਼ਕਤੀ ਉਪਾਸ਼ਕ। ਗੁਰਬਾਣੀ ਅਨੁਸਾਰ ਸਾਕਤ ?—

''ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ,'' ਤੇ ''ਸਾਕਤ'' ਨਰ ਜਮਿ ਘੁਟੀਐ॥ ਤੇ ''ਸਾਕਤ'' ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ॥੪॥''

(ਗਉੜੀ ਮਹਲਾ ੪ ਅੰਗ ੧੭੦)

***''ਸਾਕਤ ਕੂੜੇ ਸਚੁ ਨ ਭਾਵੈ॥ ਦੁਬਿਧਾ ਬਾਧਾ ਆਵੈ ਜਾਵੈ॥''*** (ਅੰਗ ੧੦੯)

***''ਸਾਕਤ ਨਰ ਸਤਿਗੁਰੁ ਨਹੀ ਕੀਆ ਤੇ ਬੇਮੁਖ ਹਰਿ ਭਰਮਾਵੈਗੋ॥***
***ਲੋਭ ਲਹਰਿ ਸੁਆਨ ਕੀ ਸੰਗਤਿ ਬਿਖੁ ਮਾਇਆ ਕਰੰਗਿ ਲਗਾਵੈਗੋ॥''*** (ਅੰਗ ੧੩੧੧)

ਗੁਰਬਾਣੀ ਰਾਹੀਂ ਇਹ ਸਾਕਤ ਬਾਰੇ ਦੱਸਿਆ ਗਿਆ ਹੈ।

## ਸਾਕਤ ਸੰਗ ਨਾ ਕਰਨਾ

ਹੁਣ ਪ੍ਰਕਰਣ ਅਨੁਸਾਰ ਸਾਕਤ ਦੀ ਸੰਗਤ ਦਾ ਤਿਆਗ ਕਿਉਂ ਦਸਿਆ ਹੈ ? ਇਸ ਬਾਰੇ ਵਿਚਾਰ ਕਰੀਏ। ਭਗਤ ਕਬੀਰ ਕਹਿੰਦੇ ਹਨ ਕਿ ਸਾਕਤ ਪੁਰਸ਼ ਦਾ ਜੀਵਨ ਵਿਕਾਰੀ ਤੇ ਨਿਗੁਰਾ ਨਾਮ ਹੀਣ ਹੋਣ ਕਰਕੇ ਐਸਾ ਦੁਰਗੰਧਤ ਹੈ। ਜਿਵੇਂ ਲਸਨ ਹੁੰਦਾ ਹੈ, ਲਸਨ ਨੂੰ ਭਾਵੇਂ ਕਿਸੇ ਕੋਨੇ ਵਿਚ ਬੈਠ ਕੇ ਖਾ ਲਵੋ, ਖਾਧੇ ਦਾ ਪਤਾ ਚਲ ਜਾਂਦਾ ਹੈ, ਤਿਵੇਂ ਸਾਕਤ ਭਾਵੇਂ ਕਿੰਨਾ ਮਰਜ਼ੀ ਛੁਪ ਕੇ ਮਾੜਾ ਕਰਮ ਕਰਦਾ ਹੈ ਪਰ ਪ੍ਰਗਟ ਹੋ ਜਾਂਦਾ ਹੈ।

***''ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥***
***ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ ੧੭॥''*** (ਅੰਗ ੧੩੬੫)

ਸਾਕਤ ਪੁਰਸ਼ ਸੂਰ ਨਾਲੋਂ ਵੀ ਮਾੜਾ ਦਸਿਆ ਹੈ ਕਿਉਂਕਿ ਸੂਰ ਗੰਦਗੀ ਸਾਫ਼ ਕਰਦਾ ਹੈ। ਸਾਕਤ ਪੁਰਸ਼ ਗੰਦਗੀ ਫੈਲਾਉਂਦਾ ਹੈ, ਇਸ ਕਰਕੇ ਸੂਰ ਸਾਕਤ ਨਾਲੋਂ ਚੰਗਾ ਹੈ।

***''ਕਬੀਰ ਸਾਕਤ ਤੇ ਸੂਕਰ ਭਲਾ ਰਾਖੈ ਆਛਾ ਗਾਉ॥***
***ਉਹੁ ਸਾਕਤੁ ਬਪੁਰਾ ਮਰਿ ਗਇਆ ਕੋਇ ਨ ਲੈਹੈ ਨਾਉ॥ ੧੪੩॥''***

(ਅੰਗ ੧੩੭੨)

ਸਾਕਤ ਪੁਰਸ਼ ਦੀ ਸੰਗਤ ਇਤਨੀ ਮਾੜੀ ਦੱਸੀ ਹੈ ਜਿਵੇਂ ਕਾਲਖ ਵਾਲੇ ਭਾਂਡੇ ਨਾਲ ਛੋਹਿਆਂ ਕਾਲਖ ਦਾ ਦਾਗ਼ ਲੱਗ ਜਾਂਦਾ ਹੈ, ਇਸੇ ਤਰ੍ਹਾਂ ਸਾਕਤ ਦੀ ਸੰਗਤ ਕਰਨ ਨਾਲ ਜੀਵਨ ਦਾਗ਼ੀ ਹੋ ਜਾਂਦਾ ਹੈ।

*"ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥*
*ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥"* (ਅੰਗ ੧੩੭੧)
*"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥*
*ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥"* (ਅੰਗ ੧੩੬੯)
*"ਅੰਮ੍ਰਿਤੁ ਕਉਰਾ ਬਿਖਿਆ ਮੀਠੀ॥ ਸਾਕਤ ਕੀ ਬਿਧਿ ਨੈਨਹੁ ਡੀਠੀ॥*
*ਕੂੜਿ ਕਪਟਿ ਅਹੰਕਾਰਿ ਰੀਝਾਨਾ॥ ਨਾਮੁ ਸੁਨਤ ਜਨੁ ਬਿਛੂਅ ਡਸਾਨਾ॥"* (ਅੰਗ ੮੯੨)

ਪੰਚਮ ਪਾਤਸ਼ਾਹ ਫੁਰਮਾਉਂਦੇ ਹਨ ਕਿ ਸਾਕਤ ਦਾ ਕੋਈ ਭਲਾ ਕਰੇ ਤਾਂ ਸਾਕਤ ਨੇ ਬੁਰਾ ਸਮਝਣਾ ਹੈ। ਸੱਚਾ ਬਚਨ ਜ਼ਹਿਰ ਦੀ ਤਰ੍ਹਾਂ ਦੁਖਦਾਈ ਲਗਦਾ ਹੈ। ਸਾਕਤ ਦਾ ਵਰਤ ਵਰਤਾਵਾ ਐਸਾ ਹੈ ਕਿ ਉਸ ਨੂੰ ਜਿੱਤ ਹਾਰ ਦੀ ਸਮਝ ਨਹੀ। ਅੰਮ੍ਰਿਤ ਕਉਰਾ ਲਗਦਾ ਹੈ ਤੇ ਜ਼ਹਿਰ ਮਿਠੀ ਸਮਝ ਕੇ ਪੀਂਦਾ ਹੈ।

*"ਜੋ ਭਲਾਈ ਸੋ ਬੁਰਾ ਜਾਨੈ॥ ਸਾਚੁ ਕਹੈ ਸੋ ਬਿਖੈ ਸਮਾਨੈ॥*
*ਜਾਣੈ ਨਾਹੀ ਜੀਤ ਅਰੁ ਹਾਰ॥ ਇਹੁ ਵਲੇਵਾ ਸਾਕਤ ਸੰਸਾਰ॥੨॥*
*ਜੋ ਹਲਾਹਲ ਸੋ ਪੀਵੈ ਬਉਰਾ॥ ਅੰਮ੍ਰਿਤੁ ਨਾਮੁ ਜਾਨੈ ਕਰਿ ਕਉਰਾ॥*
*ਸਾਧਸੰਗ ਕੈ ਨਾਹੀ ਨੇਰਿ॥ ਲਖ ਚਉਰਾਸੀਹ ਭ੍ਰਮਤਾ ਫੇਰਿ॥"* (ਅੰਗ ੧੮੦)

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਗੁਰਬਿਲਾਸ ਪਾਤਸ਼ਾਹੀ ੧੦ ਵਿਚ ਸਿੱਖਾਂ ਨੂੰ ਉਪਦੇਸ਼ ਦਿੰਦਿਆਂ ਸਾਕਤ ਪੁਰਸ਼ ਨੂੰ ਡੱਡੂ ਜੈਸਾ ਦਸਿਆ ਹੈ।

*"ਜਲਜ ਸਿਵਾਲ ਦੋਊ ਜਲ ਮਾਂਹੀ। ਦਾਦੁਰ ਨੀਚ ਸਿਵਾਲ ਸੁ ਖਾਹੀ।*
*ਨਹੀ ਜਾਨ ਰਸ ਕੌਲ ਪਰਾਗਾ। ਕੀਚ ਸਵਾਲ ਡਾਂਡਿ ਰਸ ਪਾਗਾ।*
*ਕੋਟਿ ਕਲਪ ਪਾਹਨ ਜਲ ਵਸੈ। ਤਨਿਕ ਨ ਤਾਸ ਅੰਗ ਪੁਨ ਰਸੈ।*
*ਤਿਮ ਸਾਕਤ ਸੰਤਨ ਕੇ ਪਾਸਾ। ਨਿਸ ਦਿਨ ਗੁਨ ਤੇ ਰਹਿਤ ਨਿਰਾਸਾ।*
*ਗੁਣ ਕੋ ਤਯਾਗ ਔਗੁਣੈ ਗਹੈ। ਦਾਦੁਰ ਕਮਲ ਸਿਵਾਲਨ ਚਹੈ।*
*ਗਊ ਭੈਂਸ ਤਨ ਜੋਕ ਲਗਈਐ। ਛੀਰ ਨ ਗਹੈ ਰੁਧਿਰ ਕੋ ਪੀਐ।"*

(ਗੁਰ ਬਿਲਾਸ ਪਾਤਸ਼ਾਹੀ ੧੦, ਅਧਯਾਯ ੧੯)

ਭਾਈ ਗੁਰਦਾਸ ਜੀ ਨੇ ਇਸ ਸਬੰਧ ਵਿਚ ਬੜੇ ਸੁੰਦਰ ਬਚਨ ਕਹੇ ਹਨ—

*"ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।*
*ਕੜਛੀ ਸਾਉ ਨ ਸੰਮ੍ਲੈ ਭੋਜਨ ਰਸੁ ਖਾਣੈ।*
*ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਵਾਣੈ।*

*ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।*
*ਗੁਜਰੁ ਗੋਰਸੁ ਵੇਚਿ ਕੈ ਖਲਿ ਸੂੜੀ ਆਣੈ।*
*ਬੇਮੁਖ ਮੂਲਹੁ ਘੁਥਿਆ ਦੁਖ ਸਹੈ ਜਮਾਣੈ॥ ੪॥*

(ਵਾਰ ੩੪, ਪਉੜੀ ੪)

*ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥*
*ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ॥੫੨॥"* (ਅੰਗ ੧੩੬੭)

## ਸਾਖੀ—ਸੰਗ ਦਾ ਫਲ

*"ਭਈ ਅਵੱਗਯਾ ਥੋਰਨ ਪਾਸੂ। ਮਿਲਯੋ ਸਰਬ ਪੁਰ ਕੋ ਦੁਖ ਰਾਸੂ।"*

(ਨਾਨਕ ਪ੍ਰਕਾਸ਼ ਉਤਰਾਰਧ, ਧਿਆਏ ੨੯)

ਮਰਦਾਨੇ ਨੂੰ ਨਾਲ ਲੈ ਕੇ ਸੰਨ ੧੫੨੧, ਸੰਮਤ ੧੫੭੮ ਬਿਕ੍ਰਮੀ ਨੂੰ ਗੁਰਦੇਵ ਭਾਈ ਲਾਲੋ ਨੂੰ ਮਿਲਣ ਵਾਸਤੇ ਏਮਨਾਬਾਦ (ਸੈਦਪੁਰ) ਜਾ ਪਹੁੰਚੇ। ਹਜ਼ੂਰ ਨਗਰ ਤੋਂ ਬਾਹਰ ਉਸ ਥਾਂ ਜਾ ਬੈਠੇ, ਜਿੱਥੇ ਪਿੱਛੋਂ ਗੁਰਦੁਵਾਰਾ ਰੋੜੀ ਸਾਹਿਬ ਬਣਿਆ ਹੈ।

*'ਨਗਰ ਏਮਨਾਬਾਦ ਪਹੂੰਚੇ। ਬੈਠੇ ਵਹਿਰ ਸਥਲ ਪਿਖ ਊਚੇ।'*

ਗੁਰੂ ਜੀ ਦੇ ਆਵਣ ਦੀ ਖ਼ਬਰ ਸੁਣ ਕੇ ਭਾਈ ਲਾਲੋ ਰੋੜੀ ਸਾਹਿਬ ਦੇ ਅਸਥਾਨ 'ਤੇ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ ਹਾਜ਼ਰ ਹੋਇਆ। ਭਾਰਤ ਦੇ ਬਹੁਤ ਸਾਰੇ ਹਿੱਸੇ ਉੱਤੇ ਲੋਧੀ ਘਰਾਣੇ ਦਾ ਰਾਜ ਰਿਹਾ ਹੈ। ੧੫੦੮ ਬਿ: ਵਿਚ ਬਹਿਲੋਲ ਲੋਧੀ ਦਿੱਲੀ ਦਾ ਬਾਦਸ਼ਾਹ ਬਣਿਆ। ਉਸਦੇ ਪਿਛੋਂ ਸਿਕੰਦਰ ਲੋਧੀ ਤੇ ਫਿਰ ਸਿਕੰਦਰ ਦਾ ਪੁੱਤਰ ਇਬਰਾਹੀਮ ਦਿੱਲੀ ਦਾ ਬਾਦਸ਼ਾਹ ਬਣਿਆ। ਇਬਰਾਹੀਮ ਲੋਧੀ ਪਾਨੀਪਤ ਦੀ ਪਹਿਲੀ ਲੜਾਈ ਸਮੇਂ ੧੫੨੬ ਈ: ਵਿਚ ਬਾਬਰ ਹੱਥੋਂ ਮਾਰਿਆ ਗਿਆ। ਇਸ ਤਰ੍ਹਾਂ ਦਿੱਲੀ ਉੱਤੇ ਲੋਧੀਆਂ ਦੀ ਥਾਂ ਮੁਗ਼ਲਾਂ ਦਾ ਰਾਜ ਸ਼ੁਰੂ ਹੋਇਆ।

ਲੋਧੀਆਂ ਦੇ ਅਤਿਆਚਾਰਾਂ ਬਾਰੇ 'ਤਾਰੀਖ਼ੇ ਫ਼ਰਿਸ਼ਤਾ' ਤੇ 'ਤਾਰੀਖ਼ੇ ਦਾਊਦੀ' ਦੇ ਹਵਾਲੇ ਨਾਲ ਇੰਦੂ ਭੂਸ਼ਨ ਬੈਨਰਜੀ ਲਿਖਦਾ ਹੈ, "ਸਿਕੰਦਰ ਲੋਧੀ ਨੇ ਹਿੰਦੂਆਂ ਦੇ ਬਹੁਤ ਸਾਰੇ ਮੰਦਰ ਢਾਹ ਦਿੱਤੇ ਸਨ।........ਖ਼ਾਸ ਕਰ ਮਥਰਾ ਦੇ ਮੰਦਰ ਬਿਲਕੁਲ ਤਬਾਹ ਕਰ ਦਿੱਤੇ ਗਏ। ਹਿੰਦੂ ਦੇਵਤਿਆਂ ਦੀਆਂ ਧਾਰਮਿਕ ਮੂਰਤੀਆਂ ਤੋੜ ਕੇ ਕਸਾਈਆਂ ਨੂੰ ਦਿੱਤੀਆਂ ਗਈਆਂ, ਤਾਂ ਕਿ ਉਹ ਮਾਸ ਤੋਲਣ ਵਾਸਤੇ ਮੂਰਤੀਆਂ (ਠਾਕਰਾਂ) ਨੂੰ ਵੱਟਿਆਂ ਵਜੋਂ ਵਰਤ ਸਕਣ। ਏਥੇ ਹੀ ਬੱਸ ਨਹੀਂ, ਲੋਧੀਆਂ (ਖ਼ਾਸ ਕਰ ਸਿਕੰਦਰ) ਦੇ ਰਾਜ ਵਿਚ ਹਜ਼ਾਰਾਂ ਬੇਗੁਨਾਹ ਹਿੰਦੂ ਤਲਵਾਰ ਦੀ ਧਾਰ ਲੰਘਾਏ ਗਏ।

ਲੋਧੀਆਂ ਦੇ ਆਪਣੇ ਘਰ ਵਿਚ ਵੀ ਇਤਫ਼ਾਕ ਨਹੀਂ ਸੀ। ਸੁਲਤਾਨਪੁਰ ਦੇ ਦੌਲਤ ਖ਼ਾਨ (ਜੋ ਲਾਹੌਰ ਦਾ ਵੀ ਸੂਬੇਦਾਰ ਸੀ) ਨੇ ਬਾਬਰ ਨੂੰ ਹਮਲਾ ਕਰਨ ਦਾ ਸੱਦਾ ਦਿੱਤਾ ਸੀ। ਬਾਬਰ ਨੇ ਪਹਿਲਾ ਹਮਲਾ

੧੫੧੯ ਈ: ਵਿਚ ਕੀਤਾ। ਸ਼ਹਿਰ ਭੇਹਰਾ ਲੁੱਟ ਕੇ ਉਹ ਵਾਪਸ ਮੁੜ ਗਿਆ, ਜਿਸਦਾ ਜ਼ਿਕਰ ਅੱਗੇ ਕਰ ਰਹੇ ਹਾਂ। ਇਹ ਉਸਦਾ ਤੀਜਾ ਹਮਲਾ ਸੀ, ਜੋ ੧੫੨੧ ਈ: ਵਿਚ ਹੋਇਆ। ਹਜ਼ੂਰ ਨੇ ਬਾਬਰ ਦੇ ਹਮਲੇ ਬਾਰੇ ਲਾਲੋ ਨੂੰ ਸੰਬੋਧਨ ਕਰਕੇ ਸ਼ਬਦ ਉਚਾਰਿਆ :

***"ਜੈਸੀ ਮੈ ਆਵੈ ਖਸਮ ਕੀ ਬਾਣੀ, ਤੈਸੜਾ ਕਰੀ ਗਿਆਨੁ ਵੇ ਲਾਲੋ॥***
***ਪਾਪ ਕੀ ਜੰਞ ਲੈ ਕਾਬਲਹੁ ਧਾਇਆ, ਜੋਰੀ ਮੰਗੈ ਦਾਨੁ ਵੇ ਲਾਲੋ॥"***

ਇਸ ਸ਼ਬਦ ਦੇ ਅਖ਼ੀਰ ਵਿਚ ਬਚਨ ਕਹੇ ਹਨ :

***"ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ॥"***

(ਅੰਗ ੭੨੩)

ਇਸ ਪੰਗਤੀ ਦੀ ਵਿਆਖਿਆ ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ ਸ੍ਰੀ ਗੁਰੂ ਨਾਨਕ ਪ੍ਰਕਾਸ਼ ਪ੍ਰਬੋਧ, ਪੰਨਾ ੨੫੬ 'ਤੇ। ਗੁਰਦੇਵ ਕਹਿੰਦੇ ਗਏ, "ਭਾਈ ਲਾਲੋ ! ਜਦ ਡਾਢਾ ਨਿਤਾਣਿਆਂ ਉੱਤੇ ਧੱਕਾ ਕਰਦਾ ਹੈ, ਤਾਂ ਉਸਦਾ ਹਿਸਾਬ ਨਿਬੇੜਨ ਵਾਸਤੇ ਕੋਈ ਹੋਰ ਸਕਤਾ ਉਸ ਉੱਤੇ ਚੜ੍ਹ ਆਉਂਦਾ ਹੈ। ਲੋਧੀਆਂ ਤੋਂ ਅੱਤਿਆਚਾਰਾਂ ਦਾ ਬਦਲਾ ਲੈਣ ਵਾਸਤੇ ਬਾਬਰ ਆ ਰਿਹਾ ਹੈ।"

ਗੁਰਦੇਵ ਦਾ ਹੁਕਮ ਮੰਨ ਕੇ ਭਾਈ ਲਾਲੋ ਤੇ ਕੁਛ ਹੋਰ ਸ਼ਰਧਾਲੂ ਘਰ ਛੱਡ ਕੇ ਦੂਰ ਜੰਗਲ ਵਿਚ ਚਲੇ ਗਏ, ਪਰ ਗੁਰੂ ਜੀ ਤੇ ਮਰਦਾਨਾ ਓਥੇ ਹੀ ਰਹੇ।

ਭੇਹਰਾ ਤੇ ਸਿਆਲਕੋਟ ਲੁੱਟ ਕੇ ਬਾਬਰ ਪੂਰੀ ਤਾਕਤ ਨਾਲ ਸੈਦਪੁਰ (ਏਮਨਾਬਾਦ) 'ਤੇ ਪਿਆ। ਲੋਧੀ ਮੈਦਾਨ ਵਿਚ ਹਾਰ ਗਏ। ਬਾਬਰ ਨੇ ਸਾਰਾ ਸ਼ਹਿਰ ਲੁੱਟ ਲਿਆ। ਸ਼ਹਿਰ ਦੇ ਵਾਸੀ ਕੈਦੀ ਬਣਾ ਲਏ ਗਏ। ਖ਼ਾਸ ਕਰ ਸੁੰਦਰ ਨੌਜਵਾਨ ਲੜਕੀਆਂ ਦੀ ਰੱਜ ਕੇ ਬੇਪਤੀ ਕੀਤੀ ਗਈ। ਮਹਿਲਾਂ ਵਿਚ ਜੰਮੀਆਂ ਪਲੀਆਂ ਵਾਲਾਂ ਤੋਂ ਫੜ ਕੇ ਧੂਹੀਆਂ ਗਈਆਂ। ਇਹ ਹਾਲਤ ਵੇਖ ਕੇ ਗੁਰਦੇਵ ਨੂੰ ਤਰਸ ਆਇਆ। ਹਜ਼ੂਰ ਨੇ ਦਰਦ ਭਰੀ ਹਾਲਤ ਅਗਲੇ ਸ਼ਬਦਾਂ ਵਿਚ ਉਚਾਰਨ ਕੀਤੀ ਹੈ :

***"ਜਿਨ ਸਿਰਿ ਸੋਹਨਿ ਪਟੀਆ, ਮਾਂਗੀ ਪਾਇ ਸੰਧੂਰੁ॥***
***ਸੇ ਸਿਰ ਕਾਤੀ ਮੁੰਨੀਅਨ੍ਹਿ, ਗਲ ਵਿਚਿ ਆਵੈ ਧੂੜਿ॥***
***ਮਹਲਾ ਅੰਦਰਿ ਹੋਦੀਆ, ਹੁਣਿ ਬਹਣਿ ਨ ਮਿਲਨ੍ਹਿ ਹਦੂਰਿ॥ ੧॥***
***ਆਦੇਸੁ, ਬਾਬਾ, ਆਦੇਸੁ॥***
***ਆਦਿ ਪੁਰਖ ਤੇਰਾ ਅੰਤੁ ਨ ਪਾਇਆ, ਕਰਿ ਕਰਿ ਦੇਖਹਿ ਵੇਸ॥੧॥ਰਹਾਉ॥"***

(ਅੰਗ ੪੧੭)

ਲੁੱਟਿਆ ਹੋਇਆ ਮਾਲ ਜੇਤੂਆਂ ਨੇ ਬੰਦੀਆਂ ਦੇ ਸਿਰਾਂ 'ਤੇ ਚੁਕਾ ਲਿਆ ਤੇ ਕੈਦੀਆਂ ਵਾਸਤੇ ਬਣਾਏ ਬੰਦੀ-ਘਰ ਵੱਲ ਲੈ ਤੁਰੇ। ਗੁਰੂ ਜੀ ਦੇ ਸਿਰ 'ਤੇ ਵੀ ਇਕ ਭਾਰੀ ਪੰਡ ਚੁੱਕੀ ਹੋਈ ਸੀ। ਮਰਦਾਨੇ ਦੇ ਹਵਾਲੇ

ਇਕ ਅਬੈੜਾ ਘੋੜਾ ਕੀਤਾ ਗਿਆ, ਜੋ ਉਹਦੇ ਵਾਸਤੇ ਸੰਭਾਲਣਾ ਔਖਾ ਹੋ ਰਿਹਾ ਸੀ। ਬੰਦੀਖ਼ਾਨੇ ਵਿਚ ਜਾ ਕੇ ਬਹੁਤ ਸਾਰੇ ਕੈਦੀਆਂ ਨੂੰ ਦਾਣੇ ਤੇ ਆਟੇ ਵਾਸਤੇ ਚੱਕੀਆਂ ਪੀਹਣ ਉੱਤੇ ਲਾਇਆ ਗਿਆ। ਮਰਦਾਨੇ ਤੇ ਗੁਰੂ ਜੀ ਨੂੰ ਵੀ ਏਹਾ ਮੁਸ਼ੱਕਤ ਮਿਲੀ। ਦੀਨ ਦੁਨੀਆਂ ਦਾ ਮਾਲਕ ਨਿਰੰਕਾਰ ਦਾ ਭਾਣਾ ਮੰਨ ਕੇ ਬੈਠਾ ਚੱਕੀ ਪੀਹ ਰਿਹਾ ਸੀ। ਇਕ ਰਵਾਇਤ ਅਨੁਸਾਰ ਸਾਰੀਆਂ ਚੱਕੀਆਂ ਆਪੇ ਚੱਲ ਰਹੀਆਂ ਸਨ। ਬਾਬਰ ਦਾ ਜਰਨੈਲ 'ਮੀਰ ਖ਼ਾਨ' ਕੈਦੀਆਂ ਦੇ ਉਦਾਲੇ ਚੱਕਰ ਲਾ ਕੇ ਸਭ ਦੇ ਮਨ ਦੀ ਹਾਲਤ ਜਾਚਣ ਦਾ ਯਤਨ ਕਰ ਰਿਹਾ ਸੀ। ਗੁਰਦੇਵ ਨੇ ਅਕਾਲ ਪੁਰਖ ਨੂੰ ਸੰਬੋਧਨ ਕਰਕੇ ਸ਼ਬਦ ਸ਼ੁਰੂ ਕੀਤਾ :-

***''ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨੁ ਡਰਾਇਆ॥***
***ਆਪੈ ਦੋਸੁ ਨ ਦੇਈ ਕਰਤਾ ਜਮੁ ਕਰਿ ਮੁਗਲੁ ਚੜਾਇਆ॥***
***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ॥ ੧॥***
***ਕਰਤਾ ਤੂੰ ਸਭਨਾ ਕਾ ਸੋਈ॥***
***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ॥ ੧॥ ਰਹਾਉ॥***
***ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ॥''*** (ਅੰਗ ੩੬੦)

ਗੁਰਦੇਵ ਦੇ ਚਿਹਰੇ ਦਾ ਪ੍ਰਭਾਵ ਤੇ ਸ਼ਬਦ ਦਾ ਅਸਰ ਐਨਾ ਸੀ, ਕਿ ਸਖ਼ਤ ਤੋਂ ਸਖ਼ਤ ਹਿਰਦਾ ਵੀ ਪਸੀਜ ਜਾਂਦਾ। 'ਮੀਰ ਖ਼ਾਨ' ਨੇ ਗੁਰਦੇਵ ਨੂੰ ਚੱਕੀ ਚਲਾਉਂਦਿਆਂ ਤੇ ਸ਼ਬਦ ਗਾਉਂਦਿਆਂ ਤਕਿਆ। ਜਿੱਥੇ ਬਾਕੀ ਸਾਰੇ ਕੈਦੀ ਦਿਲ ਹਾਰ ਚੁੱਕੇ ਸਨ, ਓਥੇ ਇਹ ਰੱਬੀ ਫ਼ਕੀਰ ਖ਼ੁਦਾ ਨੂੰ ਉਲਾਹਮੇ ਦੇ ਰਿਹਾ ਸੀ। ਗੁਰਦੇਵ ਖ਼ਾਨ ਕੰਬ ਉਠਿਆ। ਉਹਨੇ ਸਾਰਾ ਹਾਲ ਸ਼ਹਿਨਸ਼ਾਹ ਬਾਬਰ ਨੂੰ ਜਾ ਦੱਸਿਆ। ਕੁਛ ਮਿੰਟ ਸੋਚ ਕੇ ਬਾਬਰ ਆਪ ਗੁਰਦੇਵ ਨੂੰ ਵੇਖਣ ਆਇਆ। ਗੁਰਦੇਵ ਓਸੇ ਤਰ੍ਹਾਂ ਆਪਣੀ ਧੁਨ ਵਿਚ ਬੈਠੇ ਗਾ ਰਹੇ ਸਨ। ਮਰਦਾਨਾ ਨਿਰਭੈ ਬੈਠਾ ਰਬਾਬ ਵਜਾ ਰਿਹਾ ਸੀ।

ਬਾਬਰ ਬਹੁਤ ਪ੍ਰਭਾਵਤ ਹੋਇਆ। ਬਾਬਰ ਕੇ ਬਾਬੇ ਮਿਲੇ, ਮਿਲ ਮਿਲ ਸਭ ਨਬਾਬ ਨਿਵਾਯਾ। ਉਹਨੇ ਆਦਰ ਨਾਲ ਝੁਕ ਕੇ ਕਿਹਾ, ''ਵਲੀ ਅੱਲਾਹ ! ਕੋਈ ਸੇਵਾ ਬਖ਼ਸ਼ੋ।'' ਬਾਬਰ ਦਾ ਖ਼ਿਆਲ ਸੀ, ਕਿ ਇਸ ਕਾਮਲ ਫ਼ਕੀਰ ਨੂੰ ਖ਼ੁਸ਼ ਕੀਤਿਆਂ, ਇਸਦੇ ਮੂੰਹੋਂ ਅਸੀਸ ਪ੍ਰਾਪਤ ਕੀਤੀ ਜਾ ਸਕੇਗੀ।

''ਐ ਬਾਦਸ਼ਾਹ ਬਾਬਰ ! ਸਾਡੀ ਖ਼ੁਸ਼ੀ ਚਾਹੁੰਦਾ ਹੈਂ ਤਾਂ ਇਹ ਸਾਰੇ ਕੈਦੀ ਛੱਡ ਦੇਹ। ਇਹਨਾਂ ਦਾ ਲੁੱਟਿਆ ਸਾਮਾਨ ਵਾਪਸ ਕਰ ਦੇਹ। ਇਸ ਤੋਂ ਵੱਧ ਸਾਨੂੰ ਕਿਸੇ ਚੀਜ਼ ਦੀ ਲੋੜ ਨਹੀਂ।''

ਗੁਰਦੇਵ ਦੀ ਖ਼ੁਸ਼ੀ ਹਾਸਲ ਕਰਨ ਵਾਸਤੇ ਬਾਬਰ ਨੇ ਏਮਨਾਬਾਦ ਦੇ ਸਾਰੇ ਕੈਦੀ ਛੱਡ ਦਿੱਤੇ ਤੇ ਲੁੱਟਿਆ ਸਾਮਾਨ ਵਾਪਸ ਕਰ ਦਿੱਤਾ।

***ਤਬ ਬਾਬਰ ਕਰੀ ਬੰਦ ਖਲਾਸ। ਤਹਾ ਇਮਨਾਬਾਦ ਬਸਾਇਆ ਬਾਸ।***
***ਕਰ ਬੰਦ ਖਲਾਸ ਨਗਰ ਬਸਾਇਆ। ਤਬ ਮੀਰ ਬਾਬਰ ਦਿੱਲੀ ਪਰ ਧਾਇਆ।***

(ਮਹਿਮਾ ਪ੍ਰਕਾਸ਼)

ਇਸ ਦਾ ਅਸਰ ਲੋਕਾਂ ਉੱਤੇ ਵੀ ਬੜਾ ਪਿਆ। ਆਮ ਜਨਤਾ ਨੇ ਸਮਝ ਲਿਆ ਕਿ ਗ਼ਰੀਬਾਂ ਦਾ ਦਰਦ ਵੰਡਾਉਣ ਵਾਲੇ ਸੱਚੇ ਦਰਦੀ ਗੁਰੂ ਨਾਨਕ ਦੇਵ ਜੀ ਹੀ ਹਨ।

ਭਾਈ ਮਰਦਾਨੇ ਨੇ ਬੇਨਤੀ ਕੀਤੀ ਜੀ ਏਮਨਾਬਾਦ ਵਿਚ (ਦੋਸ਼ੀ ਪਾਪੀ) ਥੋੜੇ ਹੋਣਗੇ ਪਰ ਸਾਰੇ ਲੋਕਾਂ ਨੂੰ ਸੰਤਾਪ ਭੋਗਣਾ ਪਿਆ। ਇਸ ਦਾ ਕੀ ਕਾਰਣ ਹੈ ?

*"ਭਈ ਅਵੱਗਯਾ ਥੋਰਨ ਪਾਸੂ। ਮਿਲਯੋ ਸਰਬ ਪੁਰ ਕੋ ਦੁਖ ਰਾਸੂ।*
*ਅਸਮੰਜਸ ਮੈ ਲਖ ਮਨ ਮਾਂਹੀ। ਬੂਝਨ ਕੀਨ ਆਪ ਕੇ ਪਾਹੀ॥ ੪॥"*

(ਨਾਨਕ ਪ੍ਰਕਾਸ਼ ਉਤਰਾਰਧ, ਧਿ: ੨੯)

ਹਜ਼ੂਰ ਨੇ ਕਿਹਾ ਮਰਦਾਨਿਆਂ, ਮਾੜੇ ਸੰਗ ਦਾ ਫਲ ਮਿਲਦਾ ਹੈ। ਪਾਪੀ ਇਸ ਪਿੰਡ ਵਿਚ ਭਾਵੇਂ ਥੋੜੇ ਸਨ ਪਰ ਸਜ਼ਾ ਸਾਰਿਆਂ ਨੂੰ ਸੰਗੀ ਹੋਣ ਕਰਕੇ ਮਿਲੀ ਹੈ। ਮਰਦਾਨੇ ਦੀ ਤਸੱਲੀ ਨਾ ਹੋਈ ਇਹ ਸੁਣਕੇ ਤੇ ਮਨ ਵਿਚ ਮਰਦਾਨੇ ਦਾ ਸੰਸਾ ਰਿਹਾ।

*"ਮਰਦਾਨੇ ਕੇ ਮਨ ਸੰਦੇਹੂ। ਕੁਛਕ ਰਹਯੋ ਪਰ ਬੋਲ ਨ ਕੇਹੂ।"*

ਕੁਝ ਸਮਾਂ ਬੀਤਣ ਤੋਂ ਬੈਠਿਆਂ ਮਰਦਾਨੇ ਨੂੰ ਆਲਸ ਆਈ। ਅੱਖਾਂ ਮੀਟੀਆਂ ਸਨ ਮਰਦਾਨੇ ਦੀਆਂ ਤਾਂ ਗੁਰਦੇਵ ਨੇ ਮਰਦਾਨੇ ਦੇ ਪੇਟ 'ਤੇ ਮਿਠਾ ਲਗਾ ਦਿੱਤਾ। ਮਿਠੇ ਉਪਰ ਕੀੜੀਆਂ ਆ ਗਈਆਂ। ਇਕ ਕੀੜੀ ਨੇ ਮਰਦਾਨੇ ਦੇ ਦੰਦੀ ਵੱਢੀ। ਮਰਦਾਨੇ ਨੇ ਬਿਨਾਂ ਦੇਖਿਆਂ ਹੱਥ ਨਾਲ ਸਾਰੀਆਂ ਕੀੜੀਆਂ ਮਸਲ ਦਿੱਤੀਆਂ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਰਦਾਨਿਆਂ, ਕੀ ਕਰ ਰਿਹਾ ਹੈਂ, ਦੰਦੀ ਇਕ ਨੇ ਵੱਢੀ ਹੈ ਤੇ ਤੈਂ ਸਾਰੀਆਂ ਮਾਰ ਦਿੱਤੀਆਂ ਹਨ।

*"ਇਕ ਪਪੀਲਕਾ ਕਾਟਯੋ ਜਬਹੀ। ਜਾਗ ਮਲੀ ਮਰਦਾਨੇ ਸਭਹੀ॥ ੧੦॥*
*ਮਰੀ ਸਰਬ ਪੁਨਿ ਲਗਯੋ ਨਿਹਾਰਨ। ਤਬ ਸ੍ਰੀ ਗੁਰ ਕਿਯ ਬਚਨ ਉਚਾਰਨ।*
*ਕਾਟਿਉ ਏਕ ਬਹੁਤ ਤੈਂ ਮਾਰੀ। ਮਰਦਾਨੇ ਉਰ ਲੇਹੁ ਬਿਚਾਰੀ॥ ੧੧॥"*

(ਨਾਨਕ ਪ੍ਰਕਾਸ਼ ਉਤਾਰਧ, ਧਿ: ੨੯)

ਇਹ ਦੇਖ ਸੁਣ ਕੇ ਮਰਦਾਨੇ ਦੀ ਤਸੱਲੀ ਹੋ ਗਈ। ਇਹ ਸਾਰਾ ਪ੍ਰਸੰਗ ਵਿਸਥਾਰ ਸਹਿਤ ਪੜ੍ਹੋ ਦਾਸ ਦੀ ਲਿਖੀ ਪੁਸਤਕ, ਦਸ ਗੁਰਜੋਤ, ਗੁਰਇਤਿਹਾਸ ਦਸ ਪਾਤਸ਼ਾਹੀਆਂ।

*੧. "ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ॥*
*ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ॥"*

(ਅੰਗ ੧੩)

*੨. "ਮੇਰੇ ਮਨ ਨਾਮ ਬਿਨਾ ਜੋ ਦੂਜੈ ਲਾਗੇ ਤੇ ਸਾਕਤ ਨਰ ਜਮਿ ਘੁਟੀਐ॥*
*ਤੇ ਸਾਕਤ ਚੋਰ ਜਿਨਾ ਨਾਮੁ ਵਿਸਾਰਿਆ ਮਨ ਤਿਨ ਕੈ ਨਿਕਟਿ ਨ ਭਿਟੀਐ॥"*

(ਅੰਗ ੧੭੦)

੩. *"ਹਰਿ ਕੇ ਦਾਸ ਸਿਉ ਸਾਕਤ ਨਹੀ ਸੰਗੁ॥
ਓਹੁ ਬਿਖਈ ਓਸੁ ਰਾਮ ਕੋ ਰੰਗੁ॥ ੧॥ ਰਹਾਉ॥"*

(ਅੰਗ ੧੯੮)

੪. *"ਹਰਿ ਸਾਕਤ ਸੇਤੀ ਸੰਗੁ ਨ ਕਰੀਅਹੁ ਓਇ ਮਾਰੇ ਸਿਰਜਣਹਾਰੇ॥"*

(ਅੰਗ ੩੧੨)

੫. *"ਸਾਕਤ ਸੰਗੁ ਨ ਕੀਜਈ ਪਿਆਰੇ ਜੇ ਕਾ ਪਾਰ ਵਸਾਇ॥
ਜਿਸੁ ਮਿਲਿਐ ਹਰਿ ਵਿਸਰੈ ਪਿਆਰੇ ਸੁੋ ਮੁਹਿ ਕਾਲੈ ਉਠਿ ਜਾਇ॥"*

(ਅੰਗ ੬੪੧)

੬. *"ਸਾਕਤ ਸਿਉ ਮਨ ਮੇਲੁ ਨ ਕਰੀਅਹੁ ਜਿਨਿ ਹਰਿ ਹਰਿ ਨਾਮੁ ਬਿਸਾਰੇ॥
ਸਾਕਤ ਬਚਨ ਬਿਛੂਆ ਜਿਉ ਡਸੀਐ ਤਜਿ ਸਾਕਤ ਪਰੈ ਪਰਾਰੇ॥"*

(ਅੰਗ ੯੮੧)

੭. *"ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥
ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥੧੭॥"*

(ਅੰਗ ੧੩੬੫)

੮. *"ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥੮੮॥"*

(ਅੰਗ ੧੩੬੯)

੯. *"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥੯੩॥"*

(ਅੰਗ ੧੩੬੯)

੧੦. *"ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥੧੩੧॥"*

(ਅੰਗ ੧੩੭੧)

ਦੇਵਗੰਧਾਰੀ ਮਹਲਾ ੫ ॥ਉਲਟੀ ਰੇ ਮਨ ਉਲਟੀ ਰੇ॥ਸਾਕਤ ਸਿਉ ਕਰਿ ਉਲਟੀ ਰੇ॥ਝੂਠੈ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ ਸਾਕਤ ਸੰਗਿ ਨ ਛੁਟਕੀ ਰੇ॥੧॥ਰਹਾਉ॥ਜਿਉ ਕਾਜਰ ਭਰਿ ਮੰਦਰੁ ਰਾਖਿਓ ਜੋ ਪੈਸੈ ਕਾਲੂਖੀ ਰੇ॥ਦੂਰਹੁ ਹੀ ਤੇ ਭਾਗਿ ਗਇਓ ਹੈ ਜਿਸੁ ਗੁਰ ਮਿਲਿ

**ਛੁਟਕੀ ਤ੍ਰਿਕੁਟੀ ਰੇ॥੧॥ਮਾਗਉ ਦਾਨੁ ਕ੍ਰਿਪਾਲ ਕ੍ਰਿਪਾ ਨਿਧਿ ਮੇਰਾ ਮੁਖੁ ਸਾਕਤ ਸੰਗਿ ਨ ਜੁਟਸੀ ਰੇ॥ਜਨ ਨਾਨਕ ਦਾਸ ਦਾਸ ਕੋ ਕਰੀਅਹੁ ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥੨॥੪॥੩੭॥**

**ਪਦ ਅਰਥ** :-ਉਲਟੀ-ਉਲਟਾ ਲੈ, ਪਰਤ ਲੈ। ਸਾਕਤ-ਸ਼ਕਤੀ ਦਾ ਉਪਾਸ਼ਕ ਭਾਵ ਮਾਇਆ ਦਾ। ਦੇਵੀ ਉਪਾਸ਼ਕ ਵਾਹਿਗੁਰੂ ਤੋਂ ਬੇਮੁਖ, ਡਿਗਿਆ ਹੋਇਆ। ਉਲਟੀ ਰੇ-ਹੇ ਭਾਈ! ਜੋ ਪ੍ਰੀਤ ਕੁਸੰਗ ਵਿਚ ਹੈ ਉਹ ਉਲਟਾ ਦੇ ਭਾਵ ਸਾਕਤ ਪੁਰਸ਼ ਨਾਲੋਂ ਤੋੜ ਦੇ। ਛੁਟਕੀ ਰੇ ਮਨ-ਹੇ ਮਨ ਟੁੱਟ ਜਾਂਦੀ ਹੈ। ਛੁਟਕੀ ਰੇ-ਹੇ ਭਾਈ ਟੁੱਟ ਜਾਂਦੀ ਹੈ। ਨਾ ਛੁਟਕੀ ਰੇ-ਸਾਕਤ ਦੀ ਸੰਗਤ ਕਰਕੇ ਛੁਟਕਾਰਾ ਜਾਂ ਮੁਕਤੀ ਨਹੀਂ ਹੁੰਦੀ। ਕਾਜਰ ਭਰਿ-ਕਜਲ (ਕਾਲਖ) ਨਾਲ ਭਰ ਕੇ। ਜੋ ਪੈਸੇ-ਜੋ (ਉਸ ਘਰ ਵਿਚ) ਪਰਵੇਸ਼ ਕਰੇਗਾ। ਕਾਲੂਖੀ-ਕਾਲਖ ਵਾਲਾ ਹੋ ਜਾਵੇਗਾ। ਦੂਰਹੁ-ਦੂਰ ਤੋਂ ਹੀ। ਤ੍ਰਿਕੁਟੀ-ਤਿੰਨ ਗੁਣਾਂ ਦੀ ਗੁੰਝਲ (ਅਥਵਾ) ਤ੍ਰਿਕੁਟੀ-(ਸੰਸ: ਤ੍ਰਿਕ-ਤਿੰਨਾਂ ਦਾ ਮਿਲਾਪ, ਤ੍ਰੈ ਵਲ ਦਾ ਥਾਂ ਭਾਵ ਮੱਥੇ ਦੇ ਤਿੰਨ ਵਲ, ਤ੍ਰਿਕੁਟ ਚੱਕਰ ਦਾ ਸਮੁਦਾਯ ਜੈਸੇ ਗਯਾਤਾ ਗਯਾਨ ਗੇਯ, ਧਯਾਤਾ ਧਯਾਨ ਧੇਯ ਭਾਵ ਤਿੰਨ ਗੁਣਾਂ ਦੀ ਗੁੰਝਲ ਤੋਂ ਹੀ ਹੈ। ਨ ਜੁਟਸੀ-ਨਾ ਜੁੜੇ। ਮੂੰਡੁ-ਸਿਰ। ਪਗਾ-ਪੈਰਾਂ (ਚਰਨਾਂ) ਹੇਠਿ-ਥੱਲੇ ਭਾਵ ਚਰਨਾਂ ਦੇ ਤਲੇ, ਚਰਨਾਂ ਦੇ ਥੱਲੇ।

**ਅਰਥ** :-ਹੇ ਮਨ! (ਆਪਣੀ ਬਿਰਤੀ ਅਥਵਾ ਪ੍ਰੀਤ) ਉਲਟਾ ਲੈ, ਪਰਤ ਲੈ, ਹੇ ਭਾਈ! ਉਲਟੀ ਕਰ ਲੈ। (ਕਿਸ ਨਾਲੋਂ?) ਸਾਕਤ ਨਾਲੋਂ (ਭਾਵ) ਹੇ ਭਾਈ! ਜੋ ਪ੍ਰੀਤ ਕੁਸੰਗ ਵਿਚ ਹੈ ਉਹ ਉਲਟਾ ਦੇ ਭਾਵ ਸਾਕਤ ਪੁਰਸ਼ ਨਾਲੋਂ ਤੋੜ ਦੇ। ਹੇ ਮਨ! ਝੂਠਿਆਂ ਪੁਰਸ਼ਾਂ ਦੀ ਝੂਠੀ ਪ੍ਰੀਤ, ਟੁੱਟ ਜਾਂਦੀ ਹੈ, ਹੇ ਭਾਈ! ਨਿਹਚੇ ਕਰਕੇ ਟੁੱਟ ਜਾਂਦੀ ਹੈ, ਹੇ ਭਾਈ! ਸਾਕਤ ਦੀ ਸੰਗਤ ਕਰਕੇ ਛੁਟਕਾਰਾ ਜਾਂ ਮੁਕਤੀ ਨਹੀਂ ਹੁੰਦੀ।੧। ਰਹਾਉ। ਬਿਸਰਾਮ ਦੇ ਕੇ ਉਚਾਰਨ ਕਰਦੇ ਹਨ। ਜਿਵੇਂ ਕੋਈ ਘਰ ਕਾਲਖ ਨਾਲ ਭਰ ਕੇ ਰਖਿਆ ਹੋਵੇ, (ਉਸ ਵਿਚ ਜੋ ਮਨੁੱਖ) ਪ੍ਰਵੇਸ਼ ਕਰੇਗਾ (ਉਹ ਵੀ) ਕਾਲਖ ਵਾਲਾ ਹੋ ਜਾਵੇਗਾ, (ਇਸੇ ਤਰ੍ਹਾਂ) ਸਾਕਤਾਂ ਦੀ ਸੰਗਤ ਵਿਚ ਜੋ ਜਾਵੇਗਾ, (ਉਸ ਦਾ ਜੀਵਨ) ਵੀ ਦਾਗ਼ੀ ਹੋ ਜਾਵੇਗਾ। (ਉਹ ਇਥੋਂ) "ਦਾਗ ਦੋਸ ਮੁਹਿ ਚਲਿਆ ਲਾਇ॥ ਦਰਗਹ ਬੈਸਣ ਨਾਹੀ ਜਾਇ॥ ਹੇ ਭਾਈ! ਜਿਸ ਦੀ ਪੂਰਨ ਗੁਰੂ ਨਾਲ ਮਿਲਕੇ ਰਜੋ, ਸਤੋ, ਤਮੋ ਰੂਪ ਤਿੰਨ ਗੁਣਾਂ ਦੀ ਗੁੰਝਲ ਛੁੱਟ ਜਾਂਦੀ ਹੈ, ਉਹ ਦੂਰ ਤੋਂ ਹੀ ਭੱਜ ਗਿਆ, (ਸਾਕਤ ਸੰਗ ਦੇ) ਨੇੜੇ ਨਹੀਂ ਆਇਆ।੧। ਹੇ ਕਿਰਪਾ ਦੇ ਖ਼ਜ਼ਾਨੇ ਕਿਰਪਾਲੂ (ਪ੍ਰਭੂ ਜੀ!) ਆਪ ਜੀ ਪਾਸੋਂ (ਮੈਂ ਇਹ) ਦਾਨ ਮੰਗਦਾ ਹਾਂ ਕਿ ਮੇਰਾ ਮੂੰਹ ਸਾਕਤ ਨਾਲ ਨਾ ਜੁੜੇ (ਭਾਵ ਸਾਕਤ ਮਨੁੱਖ ਮੇਰੇ ਮੂੰਹ ਨਾ ਲੱਗੇ)। (ਗੁਰੂ ਜੀ ਫੁਰਮਾਉਂਦੇ ਹਨ) ਮੈਨੂੰ ਸੇਵਕ (ਨਾਨਕ ਨੂੰ) ਦਾਸਾਂ ਦਾ ਦਾਸ ਕਰ ਲਉ ਅਤੇ ਮੇਰਾ ਸਿਰ ਤੇਰੇ ਸਾਧੂ ਜਨਾਂ ਦੇ ਚਰਨਾਂ ਹੇਠ ਪਿਆ ਰਹੇ।੨।੪।੩੭।

## ਵਿਆਖਿਆ ਤੇ ਸਾਰੰਸ਼

ਇਸ ਦਾ ਸਿਧਾਂਤ ਹੈ ਕਿ

*"ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥*
*ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ॥ ੯੩॥"* (ਅੰਗ ੧੩੬੯)
*"ਕਬੀਰ ਬੈਸਨਉ ਕੀ ਕੂਕਰਿ ਭਲੀ ਸਾਕਤ ਕੀ ਬੁਰੀ ਮਾਇ॥*
*ਓਹ ਨਿਤ ਸੁਨੈ ਹਰਿ ਨਾਮ ਜਸੁ ਉਹ ਪਾਪ ਬਿਸਾਹਨ ਜਾਇ॥੫੨॥"*
(ਅੰਗ ੧੩੬੭)

## ਸਾਖੀ—ਸਾਕਤ ਦੀ ਮਾਂ

ਇਕ ਮਾਂ ਦਾ ਇਕਲੌਤਾ ਪੁੱਤਰ ਸੀ ਭਾਵ ਕੱਲਾ ਪੁੱਤਰ ਸੀ। ਉਹ ਪੜ੍ਹਨੇ ਪਾਇਆ। ਇਕ ਦਿਨ ਬਾਲਕ ਨੇ ਕਿਸੇ ਬਾਲਕ ਦੀ ਦਵਾਤ ਚੋਰੀ ਕਰ ਲਿਆਂਦੀ ਤਾਂ ਮਾਂ ਨੇ ਅੱਗੋਂ ਪਿਆਰ ਦਿੱਤਾ। ਕਿਹਾ ਪੁੱਤਰ ਸ਼ਾਬਾਸ਼ ਹੈ। ਦੂਸਰੇ ਦਿਨ ਬੱਚਾ ਕਿਸੇ ਦੀ ਕਿਤਾਬ ਚੋਰੀ ਕਰ ਲਿਆਇਆ ਤਾਂ ਮਾਂ ਨੇ ਕੁਝ ਨਾ ਕਿਹਾ। ਚੋਰੀ ਦੀ ਆਦਤ ਬਣ ਗਈ। ਜਦ ਕੋਈ ਚੋਰੀ ਕਰਕੇ ਚੀਜ਼ ਘਰ ਲਿਆਵੇ ਤਾਂ ਮਾਂ ਖ਼ੁਸ਼ ਹੋਇਆ ਕਰੇ। ਬਾਲਕ ਇਕ ਦਿਨ ਤਕੜਾ ਡਾਕੂ ਬਣ ਗਿਆ। ਰਸਤੇ ਵਿਚ ਜੀਆਂ ਨੂੰ ਰੋਕ ਕੇ ਲੁਟਿਆ ਕਰੇ। ਕਈਆਂ ਨੂੰ ਜਾਨੋਂ ਵੀ ਮਾਰ ਦਿਆ ਕਰੇ। ਆਖ਼ਿਰ ਇਕ ਦਿਨ ਫੜਿਆ ਗਿਆ। ਫਾਂਸੀ ਦੀ ਸਜ਼ਾ ਦਿੱਤੀ ਗਈ। ਫਾਂਸੀ ਦੇਣ ਤੋਂ ਪਹਿਲਾਂ ਪੁੱਛਿਆ ਕਿ ਤੇਰੀ ਕੋਈ ਅੰਤਿਮ ਇੱਛਾ ਹੈ ਤਾਂ ਉਸ ਨੇ ਕਿਹਾ ਮੈਨੂੰ ਮੇਰੀ ਮਾਂ ਨਾਲ ਮਿਲਾਪ ਕਰਾ ਦਿੱਤਾ ਜਾਵੇ। ਮਾਂ ਦਾ ਮਿਲਾਪ ਕਰਾ ਦਿੱਤਾ ਗਿਆ। ਚੋਰ ਪੁੱਤਰ ਨੇ ਮਾਂ ਦੇ ਕੰਨ 'ਤੇ ਦੰਦੀ ਵੱਢੀ ਤੇ ਮਾਂ ਦਾ ਕੰਨ ਕੱਟ ਦਿੱਤਾ। ਸਾਰੇ ਹੈਰਾਨ ਹੋ ਗਏ ਕਿ ਅੰਤਿਮ ਸਮੇਂ ਇਸ ਲਈ ਮਾਂ ਨੂੰ ਮਿਲਿਆ ਹੈ। ਚੋਰ ਕਹਿਣ ਲੱਗਾ, ਇਸ ਮਾਂ ਦੀ ਕਿਰਪਾ ਨਾਲ ਮੈਂ ਫਾਂਸੀ ਚੜ੍ਹਨ ਲਗਿਆ ਹਾਂ। ਮਾੜੀ ਮਾਂ ਨੇ ਪੁੱਤਰ ਚੋਰ ਬਣਾ ਦਿੱਤਾ। ਆਖ਼ਿਰ ਮਾਂ ਦੀ ਸਿਖਿਆ ਕਰਕੇ ਮੌਤ ਦੀ ਸਜ਼ਾ ਮਿਲੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੯ (ਅੰਗ ੫੩੭)

ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥

ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥ ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ ॥ ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ ॥ ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ ॥੧ ॥ ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ ॥ ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ ॥ ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ ॥੨ ॥ ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥ ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥ ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ ਮਨ ਚਿੰਦਿਅੜਾ ਫਲੁ ਪਾਵੈ ਰਾਮ ॥ ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ ॥੩ ॥ ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥ ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥ ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥ ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥੪ ॥੧ ॥

## ਪ੍ਰਾਕ੍ਥਨ :-

ਸੋਢੀ ਪਾਤਸ਼ਾਹ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਇਹ ਪਾਵਣ ਸ਼ਬਦ ਰਾਗੁ ਬਿਹਾਗੜਾ ਅੰਦਰ ਉਚਾਰਨ ਕੀਤਾ ਹੈ।

### ਰਾਗੁ ਬਿਹਾਗੜਾ

ਇਸ ਰਾਗੁ ਦੇ ਸਬੰਧ ਵਿਚ ਸੰਤ ਕ੍ਰਿਪਾਲ ਸਿੰਘ ਜੀ ਟੀਕਾ ਸੰਪ੍ਰਦਾਈ ਅਮੀਰ ਭੰਡਾਰ ਵਿਚ ਇਸ ਤਰ੍ਹਾਂ ਲਿਖਦੇ ਹਨ—

ਬਿਹਾਗੜਾ ਇਕ ਰਾਗੁ ਹੈ, ਕੇਦਾਰੇ ਨਾਲ ਗੌੜੀ ਤੇ ਕੁਝ ਸਯਾਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ। ਕਾਲੀ ਨਾਥ ਦੇ ਮੱਤ ਵਿਚ ਇਸ ਨੂੰ ਭੈਰਵ ਰਾਗੁ ਦੀ ਰਾਗਣੀ ਲਿਖਿਆ ਹੈ ਅਤੇ ਇਹ ਬਿਲਾਵਲੁ ਠਾਟ ਦਾ ਸੰਪੂਰਨ ਰਾਗੁ ਹੈ। ਇਸ ਦੇ ਗਾਉਣ ਦਾ ਵੇਲਾ ਅੱਧੀ ਰਾਤ ਹੈ।

ਸੁਰਤਾਲ ਸਮੂਹ ਵਿਚ ਸ੍ਰੀ ਰਾਗ ਦਾ ਪੁੱਤਰ ਲਿਖਿਆ ਹੈ। ਨਾਦ ਬਿਨੋਦ ਵਿਚ ਇਸ ਦੇ ਦੋ ਭੇਦ ਦਰਸਾਏ ਹਨ। ਬਿਹਾਗ ਤੇ ਤਾਯਾ ਬਿਹਾਗ ਲਿਖੇ ਹਨ। ਹਿੰਦੀ ਸ਼ਬਦ ਸਾਗਰ ਨੇ ਹਿੰਡੋਲ ਦਾ ਪੁੱਤਰ ਦਸਿਆ ਹੈ। ਭਾਰਤ ਮੱਤ ਵਾਲੇ ਨੇ ਦੀਪਕ ਰਾਗ ਦਾ ਪੁੱਤਰ ਦਸਿਆ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਰਾਗੁ ਵਿਚ ''ਛੰਤ'' ਸਿਰਲੇਖ ਹੇਠ ਇਹ ਸ਼ਬਦ ਉਚਾਰਨ ਕੀਤਾ ਹੈ। ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ ''ਛੰਤ'' ੧. ਕਵਿਤਾ, ਕਾਵ ਦੀ ਕੋਈ ਰਚਨਾ, ੨. ਹਰੀ ਦੇ ਜਸ ਦੇ ਗੀਤ, ੩. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਕ ਪ੍ਰਕਾਰ ਦੇ ਸ਼ਬਦ ਜੋ ਚਾਰ ਤੁਕੇ ਵੀ ਹਨ। ਯਥਾ ਹਰਿ ਅੰਮ੍ਰਿਤ ਭਿੰਨੇ ਲੋਇਣਾ (੪੪੮) ਵਾਲੇ ਛੰਤ। ਇਹ ਛੇ ਤੁਕੇ ਵੀ ਹਨ। ਯਥਾ 'ਤੂੰ ਸੁਣਿ ਹਰਣਾ ਕਾਲਿਆ' (੪੩੮) ਵਾਲੇ (ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਭਾਈ ਵੀਰ ਸਿੰਘ ਜੀ)

੧. ਖ਼ੁਸ਼ ਹੋਣਾ, ੨. ਯਸ ਕਰਨਾ, ੩. ਛੰਤ ਛੰਦ ਦੀ ਚਾਲ ਵੀ ਵਿਦਵਾਨਾਂ ਨੇ ਦਰਸਾਈ ਹੈ।

ਗੁਰਦੇਵ ਨੇ ਅਰੰਭਤਾ ਦੀ ਪੰਗਤੀ ਵਿਚ

**ਹਰਿ ਹਰਿ ਨਾਮ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ ॥**

ਉਚਾਰਨ ਕਰਕੇ ਵਾਹਿਗੁਰੂ ਜੀ ਦਾ ਨਾਮ ਅਮੋਲਕ ਦਸਿਆ ਹੈ। ਗੁਰਬਾਣੀ ਅੰਦਰ ਬਹੁਤ ਸਾਰੇ ਇਸ ਸਬੰਧ ਵਿਚ ਪ੍ਰਮਾਣ ਮਿਲਦੇ ਹਨ ਪਰ ਦਰਸ਼ਨ ਮਾਤਰ ਇਥੇ ਦਿੱਤੇ ਹਨ—

## ਨਾਮ ਅਮੋਲਕ ਹੈ

***''ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥***
***ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥''*** (ਅੰਗ ੨੬੫)

*"ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥"* (ਅੰਗ ੮੧)

ਸੰਸਾਰ ਅੰਦਰ ਹਰ ਵਸਤੂ ਦੀ ਕੀਮਤ ਪੈ ਜਾਂਦੀ ਹੈ। ਥੋੜੀ ਤੋਂ ਥੋੜੀ ਕੀਮਤ ਦੀਆਂ ਵਸਤੂਆਂ ਸੰਸਾਰ ਵਿਚ ਮੌਜੂਦ ਹਨ ਅਤੇ ਬਹੁਤੀ ਤੋਂ ਬਹੁਤੀ ਕੀਮਤ ਦੀਆਂ ਵਸਤੂਆਂ ਕਹਿ ਸਕਦੇ ਹਾਂ ਕਿਉਂਕਿ ਪ੍ਰੇਮਸ਼ਰ ਨੇ ਸੰਸਾਰ ਅੰਦਰ "ਸਭੁ ਕਿਛੁ ਬਹੁਤੋ ਬਹੁਤੁ ਉਪਾਇਆ।" ਪਰ ਨਾਮ ਅਮੋਲਕ ਹੈ। ਇਸ ਦੀ ਕੀਮਤ ਨਹੀਂ ਪੈ ਸਕਦੀ।

## ਸਾਖੀ—ਨਾਮ ਦੀ ਕੀਮ ਨ ਕੋਈ ਜਾਣਦੋ

ਇਕ ਸ਼ਹਿਰ ਵਿਚ ਕੋਈ ਚੰਗੇ ਪੁਗੇ ਹੋਏ ਪੂਰਨ ਮਹਾਤਮਾ ਕਥਾ ਕਰਿਆ ਕਰਦੇ ਸਨ। ਕਥਾ ਸੁਣਨ ਲਈ ਬਹੁਤ ਮਾਈ ਭਾਈ ਆਇਆ ਕਰਦੇ ਸਨ। ਇਸੇ ਸ਼ਹਿਰ ਵਿਚ ਦੋ ਭਰਾ ਸ਼ਾਹੂਕਾਰ ਰਹਿੰਦੇ ਸਨ, ਜਿੰਨ੍ਹਾਂ ਦਾ ਚੰਗਾ ਸ਼ਾਹੂਕਾਰਾ ਚਲਦਾ ਸੀ। ਇਕ ਭਰਾ ਆਸਤਿਕ ਸਤਿਸੰਗੀ ਨਾਮ ਸਿਮਰਨ ਕਰਨ ਵਾਲਾ ਸੀ, ਪਰ ਦੂਸਰਾ ਭਰਾ ਮਨਮੁਖ ਨਾਸਤਿਕ ਸੀ। ਜਿਹੜਾ ਆਸਤਿਕ ਸੀ ਉਹ ਹਰ ਰੋਜ਼ ਕਥਾ ਸੁਣਨ ਲਈ ਸੰਗਤ ਵਿਚ ਚਲਕੇ ਜਾਇਆ ਕਰਦਾ ਸੀ। ਗੁਰਮੁਖ ਸਤਿਸੰਗੀ ਆਪਣੇ ਭਰਾ ਨੂੰ ਬਹੁਤ ਕਿਹਾ ਕਰੇ ਕਿ ਤੂੰ ਵੀ ਚਲ ਕਥਾ ਸੁਣਨ ਪਰ ਮਨਮੁਖ ਅੱਗੋਂ ਉਸ ਗੁਰਮੁਖ ਨੂੰ ਵੀ ਰੋਕਣ ਦਾ ਯਤਨ ਕਰੇ। ਬਹੁਤ ਬੁਰੇ ਭਲੇ ਸ਼ਬਦ ਕਿਹਾ ਕਰੇ। ਜੋ ਸਤਿਸੰਗੀ ਕਥਾ ਸੁਣਨ ਜਾਂਦੇ ਸਨ, ਉਹ ਆਪਣਿਆਂ ਘਰਾਂ ਵਿਚ ਕਥਾ ਕਰਨ ਵਾਲੇ ਮਹਾਤਮਾ ਨੂੰ ਤੇ ਸੰਗਤ ਨੂੰ ਲੰਗਰ ਕਰਿਆ ਕਰਦੇ ਸਨ। ਜਿਸ ਘਰ ਵਿਚ ਸੰਗਤ ਦਾ ਪ੍ਰਸ਼ਾਦਾ ਹੁੰਦਾ, ਉਸ ਘਰ ਵਿਚ ਪਹਿਲਾਂ ਦੀਵਾਨ ਸਜਦਾ ਤੇ ਕਥਾ ਕੀਰਤਨ ਹੋਇਆ ਕਰਦਾ ਸੀ। ਇਹ ਪ੍ਰਸ਼ਾਦਾ ਨਿਤ ਨਵੇਂ ਪ੍ਰੇਮੀ ਦੇ ਘਰ ਹੁੰਦਾ ਸੀ। ਇਸ ਦਾ ਇਹ ਲਾਭ ਸੀ ਕਿ ਜੋ ਬਜ਼ੁਰਗ ਬੁੱਢੇ ਠੇਰੇ ਸੰਗਤ ਵਿਚ ਚਲਕੇ ਨਹੀਂ ਜਾ ਸਕਦੇ ਸਨ, ਉਹ ਘਰਾਂ ਵਿਚ ਸੰਗਤ ਦੇ ਦਰਸ਼ਨ ਤੇ ਕਥਾ ਕੀਰਤਨ ਸੁਣਨ ਦਾ ਲਾਭ ਲੈ ਲੈਂਦੇ ਸਨ।

ਇਕ ਦਿਨ ਸੰਗਤ ਦਾ ਪ੍ਰਸ਼ਾਦਾ ਗੁਰਮੁਖ ਸ਼ਾਹੂਕਾਰ ਦੇ ਘਰ ਰੱਖਿਆ। ਕਥਾ ਕੀਰਤਨ ਹੋਇਆ। ਗੁਰਮੁਖ ਦੇ ਭਰਾ ਨਾਸਤਿਕ ਮਨਮੁਖ ਨੂੰ ਵੀ ਸੰਗਤ ਹੋਈ। ਉਸ ਨੇ ਵੀ ਘਰ ਆਈ ਸੰਗਤ ਵਿਚ ਲੋਕਾਂ ਦੀ ਸ਼ਰਮ ਦੇ ਮਾਰੇ ਬੈਠਣਾ ਕੀਤਾ। ਪ੍ਰਸ਼ਾਦਾ ਛਕਣ ਮਗਰੋਂ ਪ੍ਰੇਮੀਆਂ ਨੇ ਮਹਾਤਮਾ ਨੂੰ ਕਿਹਾ ਜੀ ਇਸ ਗੁਰਮੁਖ ਦੇ ਭਰਾ ਨੂੰ ਸੱਦ ਕੇ ਕਹੋ ਕਿ ਉਹ ਵੀ ਸੰਗਤ ਵਿਚ ਆਇਆ ਕਰੇ। ਮਨਮੁਖ ਨੂੰ ਮਹਾਤਮਾ ਪਾਸ ਬੁਲਾ ਲਿਆਂਦਾ। ਮਹਾਤਮਾ ਨੇ ਉਸ ਨੂੰ ਕਿਹਾ ਭਾਈ, ਤੇਰਾ ਭਰਾ ਹਰ ਰੋਜ਼ ਕਥਾ ਕੀਰਤਨ ਸੁਣਨ ਜਾਂਦਾ ਹੈ, ਤੂੰ ਵੀ ਇਸ ਨਾਲ ਆਇਆ ਕਰ। ਅਗੋਂ ਮਨਮੁਖ ਕਹਿੰਦਾ ਜੀ ਇਹ ਕੱਲਾ ਹੀ ਤੁਹਾਨੂੰ ਦਿੱਤਾ। ਇਹੀ ਸੁਣਕੇ ਝੋਲੀਆਂ ਭਰ ਲਵੇ। ਮੇਰੇ ਪਾਸ ਟਾਇਮ ਨਹੀਂ ਹੈ। ਮਹਾਤਮਾ ਕਮਾਈ ਵਾਲੇ ਸਨ। ਕਹਿੰਦੇ ਭਾਈ, ਸੱਚ ਕਹਿੰਦਾ ਹੈਂ, ਤੇਰੇ ਪਾਸ ਹੁਣ ਟਾਇਮ ਹੈ ਹੀ ਨਹੀਂ। ਚੰਗਾ ਤੈਨੂੰ ਇਕ ਗੱਲ ਦਸ ਦਿੰਦੇ ਹਾਂ। ਤੇਰੇ ਸੁਆਸ ਗਿਣਤੀ ਦੇ ਰਹਿ ਗਏ ਹਨ। ਤੇਰੇ ਭਰਾ ਦੀ ਝੋਲੀ ਵਿਚੋਂ ਅੱਜ ਕਿਣਕਾ ਨਾਮ ਦਾ ਤੈਨੂੰ ਵੀ ਮਿਲ ਗਿਆ ਹੈ। ਤੈਨੂੰ ਪਰਲੋਕ ਵਿਚ ਪੁੱਛਣਗੇ ਕਿ ਦੱਸ ਕੁਝ ਘੜੀਆਂ ਸੰਗਤ ਕੀਤੀ ਦਾ ਫਲ ਪਹਿਲਾਂ ਲੈਣਾ ਹੈ ਜਾਂ

ਮਗਰੋਂ ਤਾਂ ਤੂੰ ਕਹੀਂ ਮੈਨੂੰ ਸੰਗਤ ਵਿਚ ਜੋ ਮੈਂ ਨਾਮ ਸੁਣਿਆ ਹੈ ਉਸ ਦਾ ਮੁੱਲ ਦਸਿਆ ਜਾਵੇ। ਸੰਗਤ ਵਿਚ ਨਾਮ ਸੁਣੇ ਦੀ ਕੀਮਤ ਦੱਸੀ ਜਾਵੇ। ਇਸ ਤਰ੍ਹਾਂ ਹੀ ਹੋਇਆ ਕਿ ਮਨਮੁਖ ਦੇ ਸ੍ਵਾਸ ਜਿਸ ਵੇਲੇ ਪੂਰੇ ਹੋਏ ਤਾਂ ਉਸ ਨੂੰ ਪ੍ਰਲੋਕ ਵਿਚ ਪੁੱਛਿਆ ਗਿਆ ਕਿ ਤੈਂ ਕੋਈ ਚੰਗਾ ਕੰਮ ਜ਼ਿੰਦਗੀ ਵਿਚ ਨਹੀਂ ਕੀਤਾ, ਕੇਵਲ ਅੰਤਿਮ ਸਮੇਂ ਕੁਝ ਘੜੀਆਂ ਸੰਗਤ ਵਿਚ ਨਾਮ ਦੀ ਮਹਿਮਾ ਸੁਣੀ ਹੈ। ਤੂੰ ਦੱਸ ਉਸ ਨਾਮ ਸੁਣੇ ਦਾ ਫਲ ਪਹਿਲਾਂ ਲੈਣਾ ਹੈ ਜਾਂ ਪਿਛੋਂ ? ਤਾਂ ਉਸ ਨੇ ਕਿਹਾ ਮੈਂ ਜੋ ਸੰਗਤ ਵਿਚ ਨਾਮ ਸੁਣਿਆ ਹੈ ਮੈਨੂੰ ਉਸ ਦੀ ਕੀਮਤ ਦਸੀ ਜਾਵੇ ਤਾਂ ਧਰਮਰਾਜ ਸੋਚਾਂ ਵਿਚ ਪੈ ਗਿਆ। ਆਖ਼ਿਰ ਨਾਮ ਦੀ ਕੀਮਤ ਜਾਣਨ ਲਈ ਸ਼ਿਵਜੀ ਪਾਸ ਭੇਜਿਆ। ਸ਼ਿਵਜੀ ਨੇ ਬ੍ਰਹਮਾ ਪਾਸ ਭੇਜ ਦਿੱਤਾ। ਹੁਣ ਨਾਮੁ ਦੀ ਕੀਮਤ ਕੌਣ ਦੱਸੇ। ਬ੍ਰਹਮਾ ਨੇ ਕਿਹਾ, ਨਾਮ ਦੀ ਕੀਮਤ ਤਾਂ ਮੈਂ ਵੀ ਦੱਸ ਨਹੀਂ ਸਕਦਾ ਤਾਂ ਸਾਰੇ ਦੇਵਤੇ ਇਕੱਠੇ ਹੋ ਕੇ ਭਗਵਾਨ ਪਾਸ ਚਲੇ ਗਏ। ਭਗਵਾਨ ਨੇ ਸਾਰਿਆਂ ਦਾ ਸਤਿਕਾਰ ਕੀਤਾ ਤੇ ਕਾਰਣ ਪੁੱਛਿਆ ਆਉਣ ਦਾ। ਕਿਹਾ ਜੀ ਇਸ ਨੇ ਨਾਮ ਦੀ ਕੀਮਤ ਪੁੱਛੀ ਸੀ, ਪਰ ਦੱਸੀ ਕਿਸੇ ਨੇ ਨਹੀਂ। ਇਸ ਲਈ ਸਾਰੇ ਇਕੱਠੇ ਹੋ ਕੇ ਤੁਹਾਡੇ ਪਾਸ ਆਏ ਹਾਂ। ਭਗਵਾਨ ਨੇ ਸਾਰਿਆਂ ਨੂੰ ਵਾਪਸ ਭੇਜ ਦਿੱਤਾ ਤੇ ਕਿਹਾ ਇਸ ਨੂੰ ਇਥੇ ਰਹਿਣ ਦਿਓ ਜੋ ਨਾਮ ਦੀ ਕੀਮਤ ਪੁੱਛਣ ਆਇਆ ਹੈ। ਵਾਪਸ ਜਾਂਦੇ ਦੇਵਤਿਆਂ ਨੂੰ ਨਾਰਦ ਮੁਨੀ ਜੀ ਮਿਲੇ। ਨਾਰਦ ਨੇ ਪੁੱਛਿਆ ਸਾਰੇ ਇਕੱਠੇ ਕਿਥੋਂ ਆਏ ਹੋ ? ਉਨ੍ਹਾਂ ਸਾਰਾ ਹਾਲ ਦਸਿਆ ਕਿ ਉਸ ਨਾਮ ਦੀ ਕੀਮਤ ਜਾਣਨ ਵਾਲੇ ਨੂੰ ਭਗਵਾਨ ਨੇ ਆਪਣੇ ਪਾਸ ਰੱਖ ਲਿਆ ਤੇ ਸਾਨੂੰ ਸਾਰਿਆਂ ਨੂੰ ਵਾਪਿਸ ਭੇਜ ਦਿੱਤਾ ਹੈ। ਨਾਰਦ ਨੇ ਕਿਹਾ ਕੱਲ੍ਹ ਕੋਈ ਹੋਰ ਕੀਮਤ ਨਾਮ ਦੀ ਪੁੱਛੇਗਾ ਤਾਂ ਤੁਸੀਂ ਕੀ ਦਸੋਗੇ ? ਵਾਪਿਸ ਜਾਓ ਤੇ ਸਾਰੇ ਭਗਵਾਨ ਪਾਸੋਂ ਨਾਮ ਦੀ ਕੀਮਤ ਪੁਛ ਕੇ ਆਉ। ਜਿਸ ਵੇਲੇ ਵਾਪਸ ਭਗਵਾਨ ਪਾਸ ਜਾ ਕੇ ਦਸਿਆ ਕਿ ਨਾਰਦ ਜੀ ਨੇ ਸਾਨੂੰ ਨਾਮ ਦੀ ਕੀਮਤ ਪੁੱਛਣ ਵਾਪਿਸ ਭੇਜਿਆ ਹੈ। ਭਗਵਾਨ ਨੇ ਕਿਹਾ ਨਾਮ ਦੀ ਕੋਈ ਕੀਮਤ ਨਹੀਂ ਪਾ ਸਕਦਾ। ਬੱਸ ਇਹੀ ਕੀਮਤ ਹੈ ਕਿ ਮਨਮੁਖ ਵੀ ਨਾਮ ਨੇ ਤਾਰ ਦਿੱਤਾ ਹੈ। ਇਹ ਹੁਣ ਹਮੇਸ਼ਾ ਬੈਕੁੰਠ ਵਾਸੀ ਬਣ ਗਿਆ ਹੈ। ਸਾਖੀ ਦਾ ਇਹੋ ਭਾਵ ਹੈ ਕਿ ਨਾਮ ਅਮੋਲਕ ਹੈ ਭਾਵ ਮੁੱਲ ਰਹਿਤ ਹੈ।

**ਰਾਗੁ ਬਿਹਾਗੜਾ ਛੰਤ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ॥**
**ਹਰਿ ਹਰਿ ਨਾਮੁ ਧਿਆਈਐ ਮੇਰੀ ਜਿੰਦੁੜੀਏ ਗੁਰਮੁਖਿ ਨਾਮੁ ਅਮੋਲੇ ਰਾਮ॥ ਹਰਿ ਰਸਿ ਬੀਧਾ ਹਰਿ ਮਨੁ ਪਿਆਰਾ ਮਨੁ ਹਰਿ ਰਸਿ ਨਾਮਿ ਝਕੋਲੇ ਰਾਮ॥ ਗੁਰਮਤਿ ਮਨੁ ਠਹਰਾਈਐ ਮੇਰੀ ਜਿੰਦੁੜੀਏ ਅਨਤ ਨ ਕਾਹੂ ਡੋਲੇ ਰਾਮ॥ ਮਨ ਚਿੰਦਿਅੜਾ ਫਲੁ ਪਾਇਆ ਹਰਿ ਪ੍ਰਭੁ ਗੁਣ ਨਾਨਕ ਬਾਣੀ ਬੋਲੇ ਰਾਮ॥੧॥**

**ਪਦ ਅਰਥ** :–ਧਿਆਈਐ–ਧਿਆਉਣਾ ਭਾਵ ਸਿਮਰਣ ਕਰਿ। ਮੇਰੀ ਜਿੰਦੁੜੀਏ–ਹੇ ਮੇਰੇ ਭਾਈ ਅਥਵਾ ਹੇ ਮੇਰੀਏ ਜਿੰਦੇ!। ਗੁਰਮੁਖਿ–ਗੁਰਾਂ ਦੁਆਰੇ। ਅਮੋਲੇ ਰਾਮ–ਰਮੇ ਹੋਏ ਵਿਆਪਕ ਰਾਮ ਦਾ ਨਾਮ, ਅਮੋਲੇ–ਅਮੋਲਕ ਹੈ ਭਾਵ ਮੁੱਲ ਨਹੀਂ ਪਾਇਆ ਜਾ ਸਕਦਾ। ਬੀਧਾ–ਵਿੰਨ੍ਹਿਆ ਹੋਇਆ ਭਾਵ ਤਦਾਕਾਰ

ਹੋਇਆ ਹੈ। ਝਕੋਲੇ-ਕਿਸੇ ਸ਼ੈ ਨੂੰ ਪਾਣੀ ਵਿਚ ਭਿਉਣ ਭਾਵ ਚੰਗੀ ਤਰ੍ਹਾਂ ਡਬੋ ਕੇ ਹਿਲਾਉਣ ਦਾ ਨਾਮ ਹੈ। ਠਹਰਾਈਐ-ਟਿਕਾਉਣਾ ਚਾਹੀਦਾ ਹੈ। ਅਨਤ-ਹੋਰ ਪਾਸੇ। ਕਾਹੂ-ਕਿਸੇ। ਚਿੰਦਿਅੜਾ-ਚਿਤਵਿਆ, ਚਾਹਿਆ ਭਾਵ ਮਨ ਇੱਛਤ।

**ਅਰਥ** :-ਹੇ ਮੇਰੀਏ ਜਿੰਦੇ ! ਰਮੇ ਹੋਏ ਵਿਆਪਕ ਰਾਮ ਦਾ ਅਮੋਲਕ ਨਾਮ (ਜੋ) ਗੁਰਾਂ ਦੁਆਰੇ (ਮਿਲਿਆ ਹੈ ਉਸ) ਹਰਿ ਹਰਿ ਨਾਮ ਨੂੰ ਧਿਆਉਣਾ ਭਾਵ ਸਿਮਰਣਾ ਕਰ। ਜੋ ਮਨ ਹਰੀ ਦੇ (ਨਾਮ) ਰਸ ਵਿਚ ਤਦਾਕਾਰ ਹੋਇਆ ਹੈ, (ਉਹ) ਮਨ ਹਰੀ ਨੂੰ ਪਿਆਰਾ=ਚੰਗਾ ਲਗਦਾ ਹੈ (ਅਤੇ ਉਹ ਮਨ) ਹਰੀ ਰਾਮ=ਵਿਆਪਕ ਪ੍ਰਮੇਸ਼ਰ ਦੇ ਨਾਮ ਰਸਿ ਵਿਚ ਚੰਗੀ ਤਰ੍ਹਾਂ ਭਿੱਜਿਆ ਰਹਿੰਦਾ ਹੈ। ਹੇ ਮੇਰੀਏ ਜਿੰਦੇ ! ਗੁਰੂ ਸਾਹਿਬ ਜੀ ਦੀ ਮਤਿ=ਸਿਖਿਆ ਨਾਲ (ਇਸ ਚੰਚਲ) ਮਨ ਨੂੰ ਟਿਕਾਉਣਾ ਚਾਹੀਦਾ ਹੈ, ਜੋ ਫੇਰ ਰਾਮ ਨਾਮ ਨੂੰ ਛੱਡ ਕੇ ਕਿਸੇ ਹੋਰ ਪਾਸੇ ਨਾ ਡੋਲੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ, ਜੋ ਮਨੁੱਖ ਵਿਆਪਕ ਪ੍ਰਮੇਸ਼ਰ ਦੀ) ਰਾਮ ਨਾਮ ਰੂਪ ਬਾਣੀ ਬੋਲਦਾ ਰਹਿੰਦਾ ਹੈ, (ਉਸ ਮਨੁੱਖ ਨੇ) ਹਰੀ ਪ੍ਰਭੂ ਦੀ (ਪ੍ਰਾਪਤੀ ਰੂਪ) ਮਨ ਇੱਛਤ ਫਲ ਪਾਇਆ ਹੈ।੧।

**ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥ ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ ਮਨਿ ਸੁਣੀਐ ਹਰਿ ਲਿਵ ਲਾਏ ਰਾਮ॥ ਚਿਰੀ ਵਿਛੁੰਨਾ ਹਰਿ ਪ੍ਰਭੁ ਪਾਇਆ ਗਲਿ ਮਿਲਿਆ ਸਹਜਿ ਸੁਭਾਏ ਰਾਮ॥ ਜਨ ਨਾਨਕ ਮਨਿ ਅਨਦੁ ਭਇਆ ਹੈ ਮੇਰੀ ਜਿੰਦੁੜੀਏ ਅਨਹਤ ਸਬਦ ਵਜਾਏ ਰਾਮ॥੨॥**

**ਪਦ ਅਰਥ** :-ਮਨਿ ਅੰਮ੍ਰਿਤ-ਮਨ ਵਿਚ ਨਾਮ ਅੰਮ੍ਰਿਤ। ਵੁਠੜਾ-ਵਸਿ ਗਿਆ। ਮੁਖਿ ਅੰਮ੍ਰਿਤ ਬੈਣ-ਮੂੰਹ ਤੋਂ ਅੰਮ੍ਰਿਤ ਵਰਗੇ ਮਿਠੇ ਬਚਨ। ਅਲਾਏ-ਬੋਲਦਾ। ਭਗਤ ਜਨਾ ਕੀ-ਬੰਦਗੀ ਵਿਚ ਪੁਗੇ ਹੋਏ ਭਗਤ ਜਨਾਂ ਦੀ। ਮਨਿ ਸੁਣੀਐ-ਮਨ ਲਾ ਕੇ ਸੁਣੀਏ। ਚਿਰੀ ਵਿਛੁੰਨਾ-ਚਿਰ ਦਾ ਵਿਛੜਿਆ। ਸਹਜਿ ਸੁਭਾਏ-ਸਹਜ ਸੁਭਾਅ ਭਾਵ ਸੁਤੇ ਸਿੱਧ, ਆਪਣੇ ਯਤਨ ਨਾਲ ਨਹੀਂ ਸਗੋਂ ਤ੍ਰੁਠ ਕੇ। ਅਨਹਤ-ਇਕ ਰਸ ਵਜਣ ਵਾਲਾ।

**ਅਰਥ** :- ਹੇ ਮੇਰੀਏ ਜਿੰਦੇ ! ਗੁਰਮਤਿ=ਗੁਰ ਉਪਦੇਸ਼ ਰਾਹੀਂ (ਜਿਸ ਦੇ) ਮਨ ਵਿਚ ਨਾਮ ਅੰਮ੍ਰਿਤ ਵਸ ਗਿਆ ਹੈ, (ਉਹ ਮਨੁੱਖ) ਮੂੰਹ ਤੋਂ (ਹਮੇਸ਼ਾ) ਅੰਮ੍ਰਿਤ ਵਰਗੇ ਮਿਠੇ ਬਚਨ ਬੋਲਦਾ ਰਹਿੰਦਾ ਹੈ। ਹੇ ਮੇਰੀਏ ਜਿੰਦੇ ! ਬੰਦਗੀ 'ਚ ਪੁਗੇ ਹੋਏ ਭਗਤ ਜਨਾਂ ਦੀ ਬਾਣੀ ਅੰਮ੍ਰਿਤ ਹੈ, (ਜੇ) ਮਨ ਲਾ ਕੇ ਸੁਣੀਏ (ਤਾਂ) ਹਰੀ ਨਾਮ ਵਿਚ ਲਿਵ ਲਾ ਦੇਂਦੀ ਹੈ। (ਤਾਂ ਫਿਰ) ਚਿਰ ਦਾ ਵਿਛੜਿਆ ਹਰੀ ਪ੍ਰਭੂ ਪ੍ਰਾਪਤ ਕਰ ਲਿਆ, (ਕਿਸ ਤਰ੍ਹਾਂ ਪ੍ਰਾਪਤ ਕੀਤਾ ?) ਸਹਿਜ ਸੁਭਾਅ ਭਾਵ ਸੁਤੇ ਸਿਧ (ਆਪਣੇ ਯਤਨ ਨਾਲ ਨਹੀਂ) ਸਗੋਂ ਤ੍ਰੁਠ ਕੇ ਗਲੇ ਨਾਲ ਆ ਮਿਲਿਆ ਹੈ। ਨਾਨਕ (ਗੁਰੂ ਜੀ ਨੇ ਦਾਸਾ ਭਾਵ ਧਾਰ ਕੇ ਕਥਨ ਕੀਤਾ ਹੈ) ਹੇ ਮੇਰੀਏ ਜਿੰਦੇ ! (ਹਰੀ ਪ੍ਰਮਾਤਮਾ ਦੇ ਮਿਲਿਆਂ ਮਨ ਵਿਚ ਅਨੰਦ ਪ੍ਰਾਪਤ ਹੋ ਗਿਆ ਹੈ (ਅਤੇ) ਇਕ ਰਸ ਵਜਣ ਵਾਲੇ

(ਅਨਹਦ) ਸ਼ਬਦ ਦੇ (ਵਾਜੇ) ਵਜ ਪਏ ਹਨ ਭਾਵ ਆਤਮਿਕ ਵਾਜੇ ਵੱਜ ਪਏ ਹਨ। ੨।

**ਸਖੀ ਸਹੇਲੀ ਮੇਰੀਆ ਮੇਰੀ ਜਿੰਦੁੜੀਏ ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ ॥ ਹਉ ਮਨੁ ਦੇਵਉ ਤਿਸੁ ਆਪਣਾ ਮੇਰੀ ਜਿੰਦੁੜੀਏ ਹਰਿ ਪ੍ਰਭ ਕੀ ਹਰਿ ਕਥਾ ਸੁਣਾਵੈ ਰਾਮ ॥ ਗੁਰਮੁਖਿ ਸਦਾ ਅਰਾਧਿ ਹਰਿ ਮੇਰੀ ਜਿੰਦੁੜੀਏ ਮਨ ਚਿੰਦਿਅੜਾ ਫਲੁ ਪਾਵੈ ਰਾਮ ॥ ਨਾਨਕ ਭਜੁ ਹਰਿ ਸਰਣਾਗਤੀ ਮੇਰੀ ਜਿੰਦੁੜੀਏ ਵਡਭਾਗੀ ਨਾਮੁ ਧਿਆਵੈ ਰਾਮ ॥ ੩ ॥**

**ਪਦ ਅਰਥ** :–ਸਖੀ ਸਹੇਲੀ–ਪਿਆਰੀ ਸਹੇਲੀ। ਆਣਿ–ਲਿਆ ਕੇ। ਗੁਰਮੁਖਿ–ਗੁਰੂ ਰਾਹੀਂ। ਭਜੁ ਹਰਿ–ਹਰੀ ਨੂੰ ਜਪਣਾ ਕਰ। ਸਰਣਾਗਤੀ–ਸਰਣ+ਆਗਤ=ਸ਼ਰਣ ਆਇਆ ਹੋਇਆ।

**ਅਰਥ** :–ਹੇ ਮੇਰੀਏ ਜਿੰਦੇ! (ਉਹ) ਮੇਰੀ ਪਿਆਰੀ ਸਹੇਲੀ ਹੈ, (ਜਿਹੜੀ) ਕੋਈ ਮੈਨੂੰ ਹਰੀ ਪ੍ਰਭੂ ਲਿਆ ਕੇ ਮਿਲਾ ਦੇਵੇ। ਹੇ ਮੇਰੀਏ ਜਿੰਦੇ! (ਮੈਂ) ਉਸ ਨੂੰ ਆਪਣਾ ਮਨ (ਭੇਟਾ) ਕਰ ਦਿਆਂ ਜੋ ਮੈਨੂੰ ਹਰੀ ਪ੍ਰਭੂ ਦੀ (ਹਰਿ ਕਥਾ=ਦੈਵੀ ਕਥਾ ਸੁਣਾਵੇ। ਹੇ ਮੇਰੀਏ ਜਿੰਦੇ! (ਤੂੰ) ਗੁਰੂ ਰਾਹੀਂ ਸਦਾ ਹਰੀ ਨੂੰ ਸਿਮਰਣਾ ਕਰ (ਤਾਂ ਤੂੰ) ਰਾਮ ਦੀ ਪ੍ਰਾਪਤੀ ਰੂਪ ਮਨ ਇੱਛਤ ਫਲ ਪਾ ਲਵੇਂਗੀ। ਨਾਨਕ (ਗੁਰੂ ਜੀ ਆਖਦੇ ਹਨ) ਹੇ ਮੇਰੀਏ ਜਿੰਦੇ! (ਤੂੰ ਆਪਣੇ ਆਪ ਨੂੰ) ਵਾਹਿਗੁਰੂ ਜੀ ਦੀ ਸ਼ਰਣ ਆਇਆ ਹੋਇਆਂ ਕਰਕੇ ਹਰੀ ਨੂੰ ਜਪਣਾ ਕਰ (ਪਰ ਕੋਈ) ਵਡਿਆਂ ਭਾਗਾਂ ਵਾਲਾ ਹੀ ਪ੍ਰਮੇਸ਼ਰ ਦੇ ਨਾਮ ਨੂੰ ਸਿਮਰਦਾ ਹੈ। ੩।

**ਕਰਿ ਕਿਰਪਾ ਪ੍ਰਭ ਆਇ ਮਿਲੁ ਮੇਰੀ ਜਿੰਦੁੜੀਏ ਗੁਰਮਤਿ ਨਾਮੁ ਪਰਗਾਸੇ ਰਾਮ ॥ ਹਉ ਹਰਿ ਬਾਝੁ ਉਡੀਣੀਆ ਮੇਰੀ ਜਿੰਦੁੜੀਏ ਜਿਉ ਜਲ ਬਿਨੁ ਕਮਲ ਉਦਾਸੇ ਰਾਮ ॥ ਗੁਰਿ ਪੂਰੈ ਮੇਲਾਇਆ ਮੇਰੀ ਜਿੰਦੁੜੀਏ ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ ॥ ਧਨੁ ਧਨੁ ਗੁਰੂ ਹਰਿ ਦਸਿਆ ਮੇਰੀ ਜਿੰਦੁੜੀਏ ਜਨ ਨਾਨਕ ਨਾਮਿ ਬਿਗਾਸੇ ਰਾਮ ॥ ੪ ॥ ੧ ॥**

**ਪਦ ਅਰਥ** :–ਪਰਗਾਸੇ–ਪ੍ਰਕਾਸ਼। ਉਡੀਣੀਆ–ਉਦਾਸ। ਕਮਲ–ਕਮਲ ਫੁੱਲ। ਉਦਾਸੇ–ਉਦਾਸ ਭਾਵ ਮੁਰਝਾ ਜਾਂਦਾ ਹੈ। ਪਾਸੇ–ਪਾਸ (ਭਾਵ ਨਾਲ)। ਬਿਗਾਸੇ–ਬਿਗਾਸ (ਭਾਵ ਖੇੜਾ)।

**ਅਰਥ** :–ਹੇ ਮੇਰੀਏ ਜਿੰਦੇ! (ਬੇਨਤੀ ਕਰ ਕਿ) ਹੇ ਪ੍ਰਭੂ ਜੀ! ਮੈਨੂੰ ਕਿਰਪਾ ਕਰਕੇ ਆ ਮਿਲ (ਅਤੇ ਬਖ਼ਸ਼ਿਸ਼ ਕਰ ਜੋ) ਗੁਰਮਤਿ ਅਨੁਸਾਰ ਨਾਮ ਜਪੀਏ (ਤੇ ਨਾਮ ਦਾ ਹਿਰਦੇ ਅੰਦਰ) ਪ੍ਰਕਾਸ਼ ਹੋ ਜਾਵੇ। ਹੇ ਮੇਰੀਏ ਜਿੰਦੇ! (ਆਖ) ਮੈਂ ਹਰੀ ਤੇਰੇ ਮਿਲਾਪ ਬਿਨਾਂ ਉਦਾਸ ਹਾਂ ਜਿਵੇਂ ਪਾਣੀ ਬਿਨਾਂ ਕਮਲ (ਫੁੱਲ) ਉਦਾਸ (ਭਾਵ) ਮੁਰਝਾ ਜਾਂਦਾ ਹੈ। ਹੇ ਮੇਰੀਏ ਜਿੰਦੇ! ਪੂਰਨ ਗੁਰੂ ਨੇ ਮੈਨੂੰ (ਹਰੀ ਪ੍ਰਭੂ) ਮਿਲਾਇਆ ਹੈ, (ਹੁਣ ਜੋ) ਹਰੀ ਪ੍ਰਭੂ ਰਾਮ–ਵਿਆਪਕ ਪ੍ਰਮੇਸ਼ਰ (ਸੱਚਾ) ਸਜਣੁ ਹਰੀ (ਮੇਰੇ) ਪਾਸ (ਭਾਵ ਨਾਲ ਹੈ ਅੰਗ ਸੰਗ ਹੈ)। ਨਾਨਕ (ਗੁਰੂ ਜੀ) ਦਾਸਾ ਭਾਵ ਧਾਰ ਕੇ (ਉਚਾਰਣ ਕਰਦੇ ਹਨ) ਹੇ ਮੇਰੀਏ ਜਿੰਦੇ! (ਕਹੋ ਉਹ)

ਗੁਰੂ ਧੰਨ ਹੈ, ਧੰਨ ਹੈ (ਜਿਸ ਨੇ ਮੈਨੂੰ) ਪ੍ਰਮਾਤਮਾ ਦਾ (ਪਤਾ ਦਸਿਆ) ਅਤੇ ਨਾਮ ਦੇ ਰਾਹੀਂ (ਮੇਰੇ ਮਨ ਵਿਚ) ਬਿਗਾਸ (ਭਾਵ ਖੇੜਾ) ਆ ਗਿਆ ਹੈ। ੪। ੧।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਚਾਰ ਬੰਦ ਹਨ। ਪਹਿਲੇ ਬੰਦ ਵਿਚ ਗੁਰੂ ਦੀ ਮਤਿ ਦੁਆਰਾ ਮਨ ਨੂੰ ਅਡੋਲ ਰੱਖਣ ਦਾ ਤਰੀਕਾ ਅਤੇ ਦੂਸਰੇ ਬੰਦ ਵਿਚ ਨਾਮ ਰੱਸੀਆ ਭਗਤ ਜਨਾਂ ਦੀ ਬਾਣੀ ਲਿਵ ਲਾ ਕੇ ਸੁਣਨ ਦੀ ਪ੍ਰੇਰਣਾ ਹੈ।

**''ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ**
**ਮਨਿ ਸੁਣੀਐ ਹਰਿ ਲਿਵ ਲਾਏ ਰਾਮ॥''**

ਤੀਸਰੇ ਪਦੇ ਅੰਦਰ ਹਰੀ ਮਿਲਾਪ ਦੀ ਤਾਂਘ

**''ਕੋਈ ਹਰਿ ਪ੍ਰਭੁ ਆਣਿ ਮਿਲਾਵੈ ਰਾਮ॥''**

ਉਚਾਰਨ ਕੀਤਾ ਹੈ। ਚੌਥੇ ਬੰਦ ਵਿਚ ਹਰੀ ਬਿਨਾ ''ਉਡੀਣੀਆ'' ਅਤੇ

**''ਜਿਉ ਜਲ ਬਿਨੁ ਕਮਲ ਉਦਾਸੇ ਰਾਮ॥''**

ਕਹਿ ਕੇ ਨਾਲ ਹੀ ਕਹਿ ਦਿੱਤਾ ਕਿ

**''ਗੁਰ ਪੂਰੈ ਮੇਲਾਇਆ ਮੇਰੀ ਜਿੰਦੁੜੀਏ**
**ਹਰਿ ਸਜਣੁ ਹਰਿ ਪ੍ਰਭੁ ਪਾਸੇ ਰਾਮ॥''**

ਜਿਸ ਦਾ ਭਾਵ ਹੈ

***''ਯਾਰ ਵੇ ਨਿਤ ਸੁਖ ਸੁਖੇਦੀ ਸਾ ਮੈ ਪਾਈ॥***
***ਵਰੁ ਲੋੜੀਦਾ ਆਇਆ ਵਜੀ ਵਾਧਾਈ॥***
***ਮਹਾ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵ ਰੰਗੀਆ॥***
***ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ॥***
***ਆਸਾ ਮਨਸਾ ਸਗਲ ਪੂਰੀ ਪ੍ਰਿਅ ਅੰਕਿ ਅੰਕੁ ਮਿਲਾਈ॥***
***ਬਿਨਵੰਤਿ ਨਾਨਕੁ ਸੁਖ ਸੁਖੇਦੀ ਸਾ ਮੈ ਗੁਰ ਮਿਲਿ ਪਾਈ॥''***

(ਅੰਗ ੭੦੪)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੧੭ (ਅੰਗ ੫੩੯)

ਬਿਹਾਗੜਾ ਮਹਲਾ ੪ ॥ ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ ਤਾਰਣਹਾਰੋ ਰਾਮ ॥ ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ ਤਿਨ ਸੰਤ ਜਨਾ ਜੈਕਾਰੋ ਰਾਮ ॥ ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ ਸਭਿ ਦੂਖ ਨਿਵਾਰਣਹਾਰੋ ਰਾਮ ॥੧॥ ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ ॥ ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ ॥ ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ ॥ ੨ ॥ ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥ ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ ॥ ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ ॥ ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ ॥ ੩ ॥ ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥ ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥ ਵਣੁ ਤ੍ਰਿਣੁ ਸਭ ਆਕਾਰੁ ਹੈ ਮੇਰੀ ਜਿੰਦੁੜੀਏ ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥ ਨਾਨਕ ਤੇ ਹਰਿ ਦਰਿ ਪੈਨ੍ਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥ ੪ ॥ ੪ ॥

## ਪ੍ਰਾਕ੍ਥਨ :-

ਇਸ ਪਾਵਣ ਸ਼ਬਦ ਅੰਦਰ ਸੋਢੀ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਨਾਮ ਜਪਣ ਵਾਲਿਆਂ ਦਾ ਜ਼ਿਕਰ ਕੀਤਾ ਹੈ। ਪਹਿਲੀ ਪੰਗਤੀ ਅੰਦਰ ਜਿਨ੍ਹਾਂ ਗੁਰਮੁਖਾਂ ਮਹਾਂਪੁਰਖਾਂ, ਗੁਰਸਿੱਖਾਂ, ਸੰਤਾਂ, ਭਗਤਾਂ ਨੂੰ ਨਾਮ ਦਾ ਹੀ ਅਧਾਰ-ਆਸਰਾ ਹੈ, ਉਨ੍ਹਾਂ ਤੋਂ ਬਲਿਹਾਰ ਜਾਣਾ ਹੈ, ਕਿਉਂਕਿ ਉਹਨਾਂ ਦਾ ਜੀਵਨ ਆਧਾਰ ਹੀ ਨਾਮ ਹੈ। ਗੁਰਬਾਣੀ ਅੰਦਰ ਹਜ਼ੂਰ ਨੇ ਐਸੇ ਸੰਤ ਜਨਾਂ ਦੇ ਸਬੰਧ ਵਿਚ ਕਿਹਾ ਹੈ—

### "ਏਕੁ ਨਾਮੁ ਸੰਤਨ ਆਧਾਰੁ ॥"

*"ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥*
*ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥ ੧॥*
*ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ ੧॥ ਰਹਾਉ॥*
*ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥*
*ਮਿਤ੍ਰ ਸਤ੍ਰੁ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥ ੨॥*
*ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥*
*ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥ ੩॥*
*ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥*
*ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ ੪॥ ੩੭॥ ੮੮॥"*

(ਅੰਗ ੩੯੨)

ਇਸ ਸ਼ਬਦ ਅੰਦਰ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ—

*"ਸੰਤ ਰਹਤ ਸੁਨਹੁ ਮੇਰੇ ਭਾਈ॥"*

ਜਿਨ੍ਹਾਂ ਸੰਤਾਂ ਦੀ ਰਹਿਤ ਅਤੇ ਨਾਮ ਆਧਾਰ ਜੀਵਨ ਗੁਰਦੇਵ ਨੇ ਦਸਿਆ ਹੈ, ਧਾਰਮਿਕ ਦੁਨੀਆਂ ਵਿਚ ਐਸਾ ਸੰਤ ਸਰਵੋਤਮ ਮੰਨਿਆ ਹੈ ਕਿਉਂਕਿ ਸੰਤ ਪੂਰਨ ਪਦ ਹੈ। ਜਿਸ ਤਰ੍ਹਾਂ ਨਿੱਕੀ ਜਿਹੀ ਪਾਣੀ ਦੀ ਬੂੰਦ ਸਮੁੰਦਰ ਵਿਚ ਪੈ ਕੇ ਸਮੁੰਦਰ ਹੋਣ ਦਾ ਮਾਣ ਪ੍ਰਾਪਤ ਕਰਦੀ ਹੈ, ਇਸੇ ਤਰ੍ਹਾਂ ਪੂਰਨ ਬ੍ਰਹਮ ਰੂਪ ਸਮੁੰਦਰ ਵਿਚ ਅਭੇਦ ਹੋਏ ਪਰਮੇਸ਼ਰ ਦੇ ਪਿਆਰਿਆਂ ਨੂੰ ਸੰਤ ਕਿਹਾ ਜਾਂਦਾ ਹੈ। ਐਸੇ ਸੰਤਾਂ ਦਾ ਜੀਵਨ ਆਧਾਰ ਨਾਮ ਹੈ। ਪੰਚਮ ਗੁਰਦੇਵ ਨੇ ਸਹਸਕ੍ਰਿਤੀ ਸਲੋਕਾਂ ਅੰਦਰ ਕਿਹਾ ਹੈ—

*"ਰਮਣੰ ਕੇਵਲੰ ਕੀਰਤਨੰ ਸੁਧਰਮੰ ਦੇਹ ਧਾਰਣਹ॥*
*ਅੰਮ੍ਰਿਤ ਨਾਮੁ ਨਾਰਾਇਣ ਨਾਨਕ ਪੀਵਤੰ ਸੰਤ ਨ ਤ੍ਰਿਪ੍ਯਤੇ॥ ੨੬॥"*

(ਅੰਗ ੧੩੫੬)

ਪ੍ਰਮੇਸ਼ਰ ਦੇ ਅੰਮ੍ਰਿਤ ਨਾਮ ਨੂੰ ਪੀਂਦੇ ਹੋਏ ਸੰਤ ਤ੍ਰਿਪਤ ਨਹੀਂ ਹੁੰਦੇ ਭਾਵ ਨਾਮ ਦੀ ਪਿਆਸ ਹਮੇਸ਼ਾ ਬਣੀ ਰਹਿੰਦੀ ਹੈ। ਭਾਈ ਗੁਰਦਾਸ ਜੀ ਨੇ ਐਸੇ ਸੰਤਾਂ ਦੇ ਸਬੰਧ ਵਿਚ ਬਹੁਤ ਸੁੰਦਰ ਬਚਨ ਕਹੇ ਹਨ। ਮੱਛੀ ਜਲ ਵਿਚ ਰਹਿੰਦੀ ਕਦੇ ਤ੍ਰਿਪਤ ਹੋਈ ਹੈ, ਮੱਛੀ ਨੇ ਕਦੇ ਕਿਹਾ ਹੈ ਕਿ ਮੈਂ ਜਲ ਵਿਚ ਰਹਿ ਕੇ ਤ੍ਰਿਪਤ ਹੋ ਗਈ ਹਾਂ, ਹੁਣ ਜਲ ਵਿਚ ਨਹੀਂ ਰਹਿਣਾ। ਉਸ ਦਾ ਜੀਵਨ ਆਧਾਰ ਹੀ ਜਲ ਹੈ। ਪਤੰਗੇ ਨੇ ਕਦੇ ਕਿਹਾ ਹੈ ਕਿ ਮੈਂ ਦੀਪਕ ਦੇ ਪ੍ਰਕਾਸ਼ ਕੋਲ ਨਹੀਂ ਜਾਣਾ, ਤ੍ਰਿਪਤ ਹੋ ਗਿਆ ਹਾਂ। ਪਤੰਗਾ ਮੁੜ-ਮੁੜ ਕੇ ਦੀਪਕ ਪ੍ਰਕਾਸ਼ ਪਾਸ ਜਾਂਦਾ ਰਹਿੰਦਾ ਹੈ, ਜਿੰਨਾ ਚਿਰ ਉਹ ਕੁਰਬਾਨ ਨਹੀਂ ਹੋ ਜਾਂਦਾ। ਭੌਰਾ ਫੁੱਲ ਦੀ ਸੁਗੰਧੀ ਲਈ ਓਨਾ ਚਿਰ ਮੰਡਰਾਉਂਦਾ ਰਹਿੰਦਾ ਹੈ ਜਿੰਨਾ ਚਿਰ ਜੀਵਨ ਹੈ। ਅੰਤ ਫੁੱਲ ਉਪਰ ਆਪਣਾ ਆਪ ਕੁਰਬਾਨ ਕਰ ਦਿੰਦਾ ਹੈ। ਪੰਛੀ ਦਾ ਜੀਵਨ ਅਧਾਰ ਹੈ ਅਕਾਸ਼ ਦੀ ਉਡਾਰੀ। ਅਕਾਸ਼ ਵਿਚ ਉਡਾਰੀ ਲਾਉਂਦਾ ਪੰਛੀ ਅਨੰਦ ਮਾਣਦਾ ਹੈ। ਮੋਰ ਬੱਦਲ ਦੀਆਂ ਕਾਲੀਆਂ ਘਟਾਵਾਂ ਨੂੰ ਦੇਖ ਕੇ ਖ਼ੁਸ਼ ਹੁੰਦਾ ਹੈ ਅਤੇ ਪਪੀਹਾ ਸ੍ਵਾਂਤੀ ਬੂੰਦ ਲਈ ਪ੍ਰਿਉ ਪ੍ਰਿਉ ਦਾ ਰਟਨ ਰਟਦਾ ਹੈ। ਹਰਨ ਘੰਡੇ ਹੇੜੇ ਦੇ ਸ਼ਬਦ ਸੁਣਨ ਨਾਲ ਪ੍ਰੀਤੀ ਕਰਦਾ ਹੈ। ਐਸੇ ਹੀ ਸੰਤ ਜਨ ਹਨ। ਉਨ੍ਹਾਂ ਦੇ ਰੋਮ-ਰੋਮ ਵਿਚ, ਸਰੀਰਕ ਅੰਗ ਅੰਗ ਵਿਚ ਨਾਮ ਦੀ ਪ੍ਰੀਤ ਲੱਗੀ ਅਤੇ ਨਾਮ ਦੀ ਪਿਆਸ ਬਣੀ ਰਹਿੰਦੀ ਹੈ।

***"ਸਲਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ, ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥***
***ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕਉ, ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥***
***ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ, ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥***
***ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ, ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥ ੪੨੪ ॥"***

(ਕਬਿੱਤ ਸਵੱਈਏ ਭਾਈ ਗੁਰਦਾਸ ਜੀ)

## ਸਾਖੀ—ਸੰਤ ਹਰਨਾਮ ਸਿੰਘ ਜੀ

ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲਿਆਂ ਦੇ ਜੀਵਨ "ਸੇ ਕਿਨੇਹਿਆ" ਵਿਚ ਪ੍ਰਸੰਗ ਆਉਂਦਾ ਹੈ। ਸੰਤ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ ਮਹਾਂਪੁਰਖ ਆਪਣੇ ਨਿਤਨੇਮ ਦੇ ਨਾਲ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਹਰ ਰੋਜ਼ ਕਰਿਆ ਜਾਂ ਸੁਣਿਆ ਕਰਦੇ ਸਨ। ਇਕ ਦਿਨ ਪਾਠ ਕਰਦਿਆਂ ਪਾਵਨ ਪੰਗਤੀ "ਭੂਖੇ ਕਉ ਦੇਵਤ ਅਧਾਰ॥" ਉਪਰ ਕਿੰਨਾ ਚਿਰ ਵਾਰ ਵਾਰ

***"ਮਿਰਤਕ ਕਉ ਜੀਵਾਲਨਹਾਰ॥ ਭੂਖੇ ਕਉ ਦੇਵਤ ਅਧਾਰ॥"***

(ਅੰਗ ੨੮੩)

ਪੜ੍ਹੀ ਗਏ ਅਤੇ ਅਰਥਾਂ ਦੀ ਵੀਚਾਰ ਵਿਚ ਜੁੜ ਗਏ ਕਿ ਧੰਨ ਹੈ ਵਾਹਿਗੁਰੂ ਜੀ ਜੋ ਮਿਰਤਕ ਨੂੰ ਜ਼ਿੰਦਾ ਕਰਨ ਨੂੰ ਸਮਰੱਥ ਹੈ। ਫੇਰ ਵਾਹਿਗੁਰੂ ਜੀ ਦੇ ਨਾਮ ਵਿਚ ਕਿੰਨੀ ਸ਼ਕਤੀ ਹੈ ਜੋ ਅੰਨ-ਜਲ ਦੀ ਥਾਂ ਸਰੀਰ ਨੂੰ ਨਾਮ ਹੀ ਅਧਾਰ ਦਿੰਦਾ ਹੈ। ਧੰਨ ਹਨ ਨਾਮ ਅਭਿਆਸੀ ਜੋ ਬਿਨਾ ਅੰਨ-ਜਲ ਛੱਕਿਆਂ ਕਿੰਨਾ-ਕਿੰਨਾ ਸਮਾਂ ਨਾਮ ਆਸਰੇ ਹੀ ਜਿਊਂਦੇ ਹਨ। ਆਪ ਜੀ ਨੇ ਮਨ ਵਿਚ ਫ਼ੈਸਲਾ ਕਰ ਲਿਆ ਕਿ ਕੱਲ੍ਹ ਤੋਂ ੪੦ ਦਿਨ

ਅੰਨ-ਜਲ ਬਿਨਾਂ ਛਕੇ ਕੇਵਲ ਨਾਮ ਅਧਾਰ 'ਤੇ ਹੀ ਰਹਿਣਾ ਹੈ। ਭਾਈ ਸੁਰਜੀਤ ਸਿੰਘ ਜੀ ਨੂੰ ਕਹਿ ਦਿੱਤਾ ਕਿ ਕੱਲ੍ਹ ਤੋਂ ਇਸ ਗੁਫਾ ਵਿਚ ਅਸੀਂ ਚਾਲੀ ਦਿਨ ਸਿਮਰਨ ਭਜਨ ਕਰਨਾ ਹੈ। ਇਸ ਸਮੇਂ ਦੌਰਾਨ ਅਸੀਂ ਛਕਣਾ ਕੁਝ ਨਹੀਂ ਹੈ। ਤੂੰ ਕੁਝ ਦਿਨ ਗੁਫ਼ਾ ਦੇ ਰੌਸ਼ਨਦਾਨ ਥਾਈਂ ਦੇਖ ਜਾਇਆ ਕਰੀਂ। ਜੇ ਸਾਡਾ ਸਰੀਰ ਛੁਟ ਗਿਆ ਤਾਂ ਦਾਹ-ਸੰਸਕਾਰ ਕਰ ਦੇਵੀਂ। ਐਵੇਂ ਸਰੀਰ ਖ਼ਰਾਬ ਨਾ ਹੋਵੇ। ਅਗਲੇ ਦਿਨ ਸਵੇਰੇ ਨਿਤਨੇਮ ਕਰਕੇ ਗੁਰੂ ਮਹਾਰਾਜ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ "ਹੇ ਗ਼ਰੀਬ ਨਿਵਾਜ ! ਆਪ ਜੀ ਦੇ ਬਚਨਾਂ ਦੀ ਕਮਾਈ ਕਰ ਕੇ ਵੇਖਣ ਵਾਸਤੇ ਚਾਲੀ ਦਿਨ ਲਈ ਆਪ ਜੀ ਦੇ ਚਰਨਾਂ ਵਿਚ ਸਾਡਾ ਇਹ ਨਿਮਾਣਾ ਸਰੀਰ ਹਾਜ਼ਰ ਹੈ। ਆਪ ਜੀ ਨਾਮ ਦਾ ਆਹਾਰ ਬਖ਼ਸ਼ਿਸ਼ ਕਰਕੇ ਮਿਹਰਾਂ ਵਰਸਾਵੋ।" ਸਿਮਰਨ ਆਰੰਭ ਕਰ ਦਿੱਤਾ। ਅੰਮ੍ਰਿਤ ਵੇਲੇ ਦੋ ਵਜੇ ਇਸ਼ਨਾਨ ਕਰਕੇ ਹਰ ਰੋਜ਼ ਦੇ ਨਿਯਮ ਅਨੁਸਾਰ ਨਿਤਨੇਮ ਪੂਰਾ ਕਰਕੇ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬੜੇ ਰੰਗ ਵਿਚ ਸਹਿਜ-ਸਹਿਜ ਨਾਲ ਕਰਿਆ ਕਰਦੇ। ਫੇਰ ਸਾਰਾ ਦਿਨ ਵਾਹਿਗੁਰੂ ਗੁਰ ਮੰਤਰ ਦਾ ਜਾਪੁ ਕਰਦੇ ਰਹਿੰਦੇ ਸਨ। ਸ਼ਾਮ ਨੂੰ ਸੋਦਰ ਦਾ ਪਾਠ ਕਰਨ ਉਪਰੰਤ ਰਾਤ ਦਸ ਵਜੇ ਤੱਕ ਫੇਰ ਸਿਮਰਨ ਕਰਦੇ ਰਹਿੰਦੇ। ਅੱਧਾ ਕੁ ਘੰਟਾ ਰਾਤ ਨੂੰ ਗੁਫਾ ਵਿਚੋਂ ਬਾਹਰ ਨਿਕਲਕੇ ਤੁਰ ਫਿਰ ਲੈਂਦੇ ਸਨ। ਰਾਤ ਗਿਆਰ੍ਹਾਂ ਵਜੇ ਦੇ ਕਰੀਬ ਸੋਹਿਲੇ ਦਾ ਪਾਠ ਕਰਕੇ ਥੋੜਾ ਆਰਾਮ ਕਰਦੇ ਸਨ। ਇਹ ਹਰ ਰੋਜ਼ ਦਾ ਨਿਤਨੇਮ ਦਾ ਰੁਟੀਨ ਬਣਾ ਲਇਆ ਸੀ। ਚਾਲੀ ਦਿਨ ਅੰਨ-ਜਲ ਦੀ ਭੁਖ ਪਿਆਸ ਲਗਣੀ ਤਾਂ ਇਕ ਪਾਸੇ ਰਹੀ, ਅੰਦਰੋਂ ਇਹਨਾਂ ਨੂੰ ਗ੍ਰਹਿਣ ਕਰਨ ਲਈ ਮਨ ਵਿਚ ਵਾਸਨਾ ਤੱਕ ਵੀ ਪੈਦਾ ਨਹੀਂ ਹੋਈ। ਨਾ ਹੀ ਸਰੀਰ ਵਿਚ ਕਿਸੇ ਤਰ੍ਹਾਂ ਦੀ ਕਮਜ਼ੋਰੀ ਮਹਿਸੂਸ ਹੋਈ। ਬੱਸ ਜੀਵਨ ਆਧਾਰ ਅਤੇ ਆਹਾਰ ਇਹੀ ਸੀ।

***"ਹਰਿ ਨਾਮੁ ਹਮਾਰਾ ਭੋਜਨੁ ਛਤੀਹ ਪਰਕਾਰ ਜਿਤੁ ਖਾਇਐ ਹਮ ਕਉ ਤ੍ਰਿਪਤਿ ਭਈ॥"***

(ਅੰਗ ੫੯੩)

ਚਾਲੀ ਦਿਨਾਂ ਉਪਰੰਤ ਅਰਦਾਸ ਕਰਕੇ ਗੁਰੂ ਮਹਾਰਾਜ ਜੀ ਦਾ ਧੰਨਵਾਦ ਕੀਤਾ। ਇਹਨਾਂ ਦਿਨਾਂ ਵਿਚ ਸਤਿਗੁਰੂ ਜੀ ਨੇ ਹੋਰ ਬੇਅੰਤ ਆਤਿਮਕ ਉੱਨਤੀ ਅਤੇ ਨਾਮ ਦਾ ਰਸ ਪ੍ਰਦਾਨ ਕੀਤਾ ਜੋ ਦੱਸਿਆ ਨਹੀਂ ਜਾ ਸਕਦਾ। ਕੇਵਲ ਅਨੁਭਵ ਹੀ ਕੀਤਾ ਜਾ ਸਕਦਾ ਹੈ। (ਸੇ ਕਿਨੇਹਿਆ ਪੰਨਾ ੧੯੫)

## ਗੁਰਬਾਣੀ ਪ੍ਰਮਾਣ

***੧. ਸੂਹੀ ਮਹਲਾ ੫-ਸੇ ਸੰਜੋਗ ਕਰਹੁ ਮੇਰੇ ਪਿਆਰੇ॥ ਜਿਤੁ ਰਸਨਾ ਹਰਿ ਨਾਮ ਉਚਾਰੇ॥੧॥***
***ਸੁਣਿ ਬੇਨਤੀ ਪ੍ਰਭ ਦੀਨ ਦਇਆਲਾ॥ ਸਾਧ ਗਾਵਹਿ ਗੁਣ ਸਦਾ ਰਸਾਲਾ॥੧॥ਰਹਾਉ॥***
***ਜੀਵਨ ਰੂਪੁ ਸਿਮਰਣੁ ਪ੍ਰਭ ਤੇਰਾ॥ ਜਿਸੁ ਕ੍ਰਿਪਾ ਕਰਹਿ ਬਸਹਿ ਤਿਸੁ ਨੇਰਾ॥੨॥***
***ਜਨ ਕੀ ਭੂਖ ਤੇਰਾ ਨਾਮੁ ਆਹਾਰੁ॥ ਤੂੰ ਦਾਤਾ ਪ੍ਰਭ ਦੇਵਣਹਾਰੁ॥੩॥***
***ਰਾਮ ਰਮਤ ਸੰਤਨ ਸੁਖੁ ਮਾਨਾ॥ ਨਾਨਕ ਦੇਵਨਹਾਰ ਸੁਜਾਨਾ॥੪॥"***

(ਅੰਗ ੭੪੩)

*੨. ਸਲੋਕ-ਤਿਅਕਤ ਜਲੰ ਨਹ ਜੀਵ ਮੀਨੰ ਨਹ ਤਿਆਗਿ ਚਾਤ੍ਰਿਕ ਮੇਘ ਮੰਡਲਹ॥*
*ਬਾਣ ਬੇਧੰਚ ਕੁਰੰਕ ਨਾਦੰ ਅਲਿ ਬੰਧਨ ਕੁਸਮ ਬਾਸਨਹ॥*
*ਚਰਨ ਕਮਲ ਰਚੰਤਿ ਸੰਤਹ ਨਾਨਕ ਆਨ ਨ ਰੁਚਤੇ॥੧॥*
*ਮੁਖੁ ਡੇਖਾਊ ਪਲਕ ਛਡਿ ਆਨ ਨ ਡੇਊ ਚਿਤੁ॥*
*ਜੀਵਣ ਸੰਗਮੁ ਤਿਸੁ ਧਣੀ ਹਰਿ ਨਾਨਕ ਸੰਤਾਂ ਮਿਤੁ॥* (ਅੰਗ ੭੦੮)
*੩. ਸਲੋਕ॥ ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ॥*
*ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨ ਪਾਰਬ੍ਰਹਮਣਹ॥੧॥*
*ਹਭਿ ਕੂੜਾਵੇ ਕੰਮ ਇਕਸੁ ਸਾਈ ਬਾਹਰੇ॥*
*ਨਾਨਕ ਸੇਈ ਧੰਨੁ ਜਿਨਾ ਪਿਰਹੜੀ ਸਚ ਸਿਉ॥੨॥* (ਅੰਗ ੭੦੯)

ਬਿਹਾਗੜਾ ਮਹਲਾ ੪ ॥ ਹਉ ਬਲਿਹਾਰੀ ਤਿਨ੍ ਕਉ ਮੇਰੀ ਜਿੰਦੁੜੀਏ ਜਿਨ੍ ਹਰਿ ਹਰਿ ਨਾਮੁ ਅਧਾਰੋ ਰਾਮ ॥ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ਮੇਰੀ ਜਿੰਦੁੜੀਏ ਬਿਖੁ ਭਉਜਲੁ ਤਾਰਣਹਾਰੋ ਰਾਮ॥ ਜਿਨ ਇਕ ਮਨਿ ਹਰਿ ਧਿਆਇਆ ਮੇਰੀ ਜਿੰਦੁੜੀਏ ਤਿਨ ਸੰਤ ਜਨਾ ਜੈਕਾਰੋ ਰਾਮ॥ ਨਾਨਕ ਹਰਿ ਜਪਿ ਸੁਖੁ ਪਾਇਆ ਮੇਰੀ ਜਿੰਦੁੜੀਏ ਸਭਿ ਦੂਖ ਨਿਵਾਰਣਹਾਰੋ ਰਾਮ॥੧॥

**ਪਦ ਅਰਥ** :–ਹਉ-ਮੈਂ, ਹਉਂ। ਬਲਿਹਾਰੀ-ਕੁਰਬਾਨ, ਸਦਕੇ ਜਾਣਾ। ਆਧਾਰੋ-ਆਸਰਾ। ਦ੍ਰਿੜਾਇਆ-ਦ੍ਰਿੜ੍ਹ (ਪੱਕਾ) ਕਰਾਇਆ ਹੈ। ਬਿਖੁ ਭਉਜਲੁ-ਵਿਹੁ ਰੂਪੀ ਸੰਸਾਰ ਸਮੁੰਦ੍ਰ ਤੋਂ। ਗੁਰਿ ਸਤਿਗੁਰਿ-ਗੁਰੂ ਸੱਚੇ ਗੁਰੂ ਨੇ।

**ਅਰਥ** :–ਹੇ ਮੇਰੀਏ ਜਿੰਦੇ! ਮੈਂ ਉਨ੍ਹਾਂ (ਨਾਮ ਅਭਿਆਸੀ ਤੱਤ ਵੇਤਿਆਂ) ਤੋਂ ਕੁਰਬਾਨ (ਅਤੇ) ਸਦਕੇ ਜਾਣਾ ਕਰਦਾ ਹਾਂ ਜਿਨ੍ਹਾਂ ਦਾ ਜੀਵਨ ਆਧਾਰ ਹੀ (ਹਰਿ ਹਰਿ ਰਾਮ) ਦਾ ਨਾਮ ਹੈ। ਹੇ ਮੇਰੀਏ ਜਿੰਦੇ! (ਕਿਉਂਕਿ ਉਨ੍ਹਾਂ ਨੂੰ) ਗੁਰੂ ਸੱਚੇ ਗੁਰੂ ਨੇ (ਵਾਹਿਗੁਰੂ) ਨਾਮ ਦ੍ਰਿੜ (ਪੱਕਾ) ਕਰਾਇਆ ਹੈ, (ਜੋ ਵਾਹਿਗੁਰੂ ਨਾਮ) ਵਿਹੁ ਰੂਪੀ ਸੰਸਾਰ ਸਮੁੰਦਰ ਤੋਂ ਤਾਰਣ ਵਾਲਾ ਹੈ। ਹੇ ਮੇਰੀਏ ਜਿੰਦੇ! ਜਿਨ੍ਹਾਂ (ਸੰਤ ਜਨਾਂ ਨੇ) ਇਕ ਮਨਿ=ਇਕਾਗਰ ਮਨ ਹੋ ਕੇ ਹਰੀ ਨਾਮ ਨੂੰ ਸਿਮਰਿਆ ਹੈ, ਉਨ੍ਹਾਂ ਸੰਤ ਜਨਾਂ ਨੂੰ ਮੇਰੀ ਜੈਕਾਰੋ=ਨਮਸਕਾਰ ਹੈ। ਨਾਨਕ ਗੁਰੂ ਜੀ (ਉਚਾਰਨ ਕਰਦੇ ਹਨ) ਹੇ ਮੇਰੀਏ ਜਿੰਦੇ! ਹਰੀ ਨਾਮ ਨੂੰ ਜਪੁ ਕੇ ਸਦੀਵੀ ਸੁਖ ਪਾਇਆ ਹੈ, (ਕਿਉਂਕਿ ਵਾਹਿਗੁਰੂ ਨਾਮ ਹੀ) ਸਾਰੇ ਦੁੱਖ ਦੂਰ ਕਰਨ ਵਾਲਾ ਹੈ। ੧।

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥ ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ

**ਸੁਣਹਿ ਹਰਿ ਤੇਰੇ ਰਾਮ॥ ਸੋ ਸੀਸੁ ਭਲਾ ਪਵਿਤ੍ਰ ਪਾਵਨੁ ਹੈ ਮੇਰੀ ਜਿੰਦੁੜੀਏ ਜੋ ਜਾਇ ਲਗੈ ਗੁਰ ਪੈਰੇ ਰਾਮ॥ਗੁਰ ਵਿਟਹੁ ਨਾਨਕੁ ਵਾਰਿਆ ਮੇਰੀ ਜਿੰਦੁੜੀਏ ਜਿਨਿ ਹਰਿ ਹਰਿ ਨਾਮੁ ਚਿਤੇਰੇ ਰਾਮ॥੨॥**

**ਪਦ ਅਰਥ** :–ਕੇਰੇ–ਦੇ। ਹਹਿ–ਹਨ। ਤੇ–ਉਹ। ਸ੍ਰਵਨ–ਕੰਨ। ਸੁਣਹਿ–ਸੁਣਦੇ ਹਨ। ਚਿਤੇਰੇ–ਚੇਤੇ, ਯਾਦ ਕਰਾਇਆ ਭਾਵ ਸਿਮਰਨ ਕਰਾਇਆ।

**ਅਰਥ** :–ਹੇ ਮੇਰੀਏ ਜਿੰਦੇ ! ਉਹ ਰਸਨਾ=ਜੀਭ ਧੰਨਤਾ ਯੋਗ ਹੈ, (ਜੋ ਹਮੇਸ਼ਾ) ਹੀ ਵਿਆਪਕ ਹਰੀ ਪ੍ਰਭੂ ਜੀ ਦੇ ਗੁਣ ਗਾਉਂਦੀ ਹੈ। ਹੇ ਮੇਰੀਏ ਜਿੰਦੇ ! ਉਹ ਕੰਨ ਚੰਗੇ ਸੋਭਨੀਕ ਹਨ ਜੋ ਰਾਮ=ਵਿਆਪਕ ਹਰੀ ਦੇ ਕੀਰਤਨ (ਜਸ) ਨੂੰ ਸੁਣਦੇ ਰਹਿੰਦੇ ਹਨ। ਹੇ ਮੇਰੀਏ ਜਿੰਦੇ ! ਉਹ ਸਿਰ ਚੰਗਾ ਪਵਿੱਤ੍ਰ ਤੇ ਪਾਵਣ ਹੈ ਜੋ ਗੁਰੂ ਸਾਹਿਬ ਜੀ ਦੇ ਚਰਣੀ ਜਾ ਕੇ ਲਗਦਾ ਹੈ। ਹੇ ਮੇਰੀਏ ਜਿੰਦੇ ! ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਗੁਰੂ ਤੋਂ ਕੁਰਬਾਨ ਜਾਂਦਾ ਹਾਂ, ਜਿਸ ਨੇ ਹਰਿ ਹਰਿ ਰਾਮ ਦਾ ਨਾਮ (ਚੇਤੇ) ਯਾਦ ਕਰਾਇਆ ਭਾਵ ਸਿਮਰਨ ਕਰਾਇਆ ਹੈ।੨।

**ਤੇ ਨੇਤ੍ਰ ਭਲੇ ਪਰਵਾਣੁ ਹਹਿ ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ॥ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੁੜੀਏ ਜੋ ਹਰਿ ਜਸੁ ਹਰਿ ਹਰਿ ਲੇਖਹਿ ਰਾਮ॥ਤਿਸੁ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇਸਹਿ ਰਾਮ॥ਨਾਨਕੁ ਤਿਨ ਵਿਟਹੁ ਵਾਰਿਆ ਮੇਰੀ ਜਿੰਦੁੜੀਏ ਹਰਿ ਸੁਣਿ ਹਰਿ ਨਾਮੁ ਮਨੇਸਹਿ ਰਾਮ॥੩॥**

**ਪਦ ਅਰਥ** :–ਪਰਵਾਣੁ–ਕਬੂਲ, ਸਫਲ। ਦੇਖਹਿ–ਦੇਖਦੇ, ਦਰਸਨ ਕਰਦੇ ਹਨ। ਹਸਤ–ਹੱਥ। ਪੁਨੀਤ–ਪਵਿੱਤ੍ਰ। ਲੇਖਹਿ–ਲਿਖਦੇ ਹਨ। ਪੂਜੀਅਹਿ–ਪੂਜੇ (ਸਤਿਕਾਰੇ) ਜਾਂਦੇ ਹਨ। ਚਲੇਸਹਿ–ਚਲਦੇ ਹਨ।

**ਅਰਥ** :–ਹੇ ਮੇਰੀਏ ਜਿੰਦੇ ! ਉਹ ਨੇਤਰ ਚੰਗੇ ਸਫਲੇ ਹਨ ਜੋ ਸਾਧੂ ਸਰੂਪ ਸਤਿਗੁਰੂ ਜੀ ਦੇ ਦਰਸ਼ਨ ਕਰਦੇ ਹਨ। ਹੇ ਮੇਰੀਏ ਜਿੰਦੇ ! ਉਹ ਹੱਥ ਪਵਿੱਤ੍ਰ ਤੋਂ ਪਵਿੱਤ੍ਰ ਹਨ ਜੋ ਹਰਿ ਹਰਿ ਰਾਮ ਦਾ ਨਾਮ ਤੇ ਹਰੀ ਜਸ ਲਿਖਦੇ ਹਨ। ਹੇ ਮੇਰੀਏ ਜਿੰਦੇ ! ਉਸ ਸੇਵਕ ਦੇ ਚਰਨ ਹਮੇਸ਼ਾ ਪੂਜੇ ਸਤਿਕਾਰੇ ਜਾਂਦੇ ਹਨ ਜੋ ਧਰਮ ਦੇ ਰਸਤੇ 'ਤੇ ਚਲਦੇ ਹਨ। ਹੇ ਮੇਰੀਏ ਜਿੰਦੇ ! ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ ਜੋ ਹਰੀ ਰਾਮ ਦਾ ਨਾਮ ਸੁਣਕੇ ਫੇਰ ਹਰੀ ਨਾਮ ਦਾ ਮੰਨਣ ਕਰਦੇ ਹਨ।੩।

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ॥ ਵਣੁ ਤ੍ਰਿਣੁ ਸਭ ਆਕਾਰੁ ਹੈ ਮੇਰੀ ਜਿੰਦੁੜੀਏ**

**ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ॥ਨਾਨਕ ਤੇ ਹਰਿ ਦਰਿ ਪੈਨ੍ਾਇਆ ਮੇਰੀ ਜਿੰਦੁੜੀਏ ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ॥੪॥੪॥**

**ਪਦ ਅਰਥ :**–ਪਉਣ-ਹਵਾ। ਬੈਸੰਤਰੋ-ਅਗਨੀ। ਵਣੁ-ਜੰਗਲ। ਤ੍ਰਿਣ-ਘਾਹ ਆਦਿ। ਆਕਾਰੁ-ਦਿਸਦਾ ਸੰਸਾਰ। ਪੈਨ੍ਾਇਆ-(ਸਿਰੋਪਾ) ਪਹਿਨਾਏ ਜਾਂਦੇ ਹਨ ਭਾਵ ਸਤਿਕਾਰੇ ਜਾਂਦੇ ਹਨ।

**ਅਰਥ :**–ਹੇ ਮੇਰੀਏ ਜਿੰਦੇ! ਧਰਤੀ, ਪਾਤਾਲ, ਅਕਾਸ਼ ਇਹ ਸਾਰੇ ਹਰਿ ਹਰਿ ਰਾਮ ਨਾਮ ਦਾ ਸਿਮਰਨ ਕਰ ਰਹੇ ਹਨ। ਹੇ ਮੇਰੀਏ ਜਿੰਦੇ! ਹਵਾ, ਪਾਣੀ, ਅਗਨੀ ਇਹ ਸਾਰੇ ਤੱਤ ਹਰਿ ਹਰਿ ਹਰਿ ਰਾਮ ਨਾਮ ਉਚਾਰਨ ਰੂਪ ਜਸ ਗਾ ਰਹੇ ਹਨ। ਹੇ ਮੇਰੀਏ ਜਿੰਦੇ! ਜੰਗਲ ਘਾਹ ਤੇ ਸਾਰਾ ਦਿਸਦਾ ਸੰਸਾਰ ਹੀ ਮੂੰਹ ਨਾਲ ਪ੍ਰਮਾਤਮਾ ਦਾ ਨਾਮ ਸਿਮਰ ਰਹੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਗੁਰਮੁਖਿ ਭਗਤ ਹਰੀ ਦੀ ਦਰਗਾਹ ਅੰਦਰ ਸਤਿਕਾਰੇ ਜਾਂਦੇ ਹਨ ਜੋ ਗੁਰੂ ਰਾਹੀਂ ਆਪਣਾ ਮਨ ਹਰੀ ਦੀ ਭਗਤੀ ਵਿਚ ਲਗਾਉਂਦੇ ਹਨ। ੪। ੪।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਪੰਗਤੀ ਆਈ ਹੈ—

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮ ਧਿਆਵੈ ਰਾਮ॥**

ਧੰਨ ਗੁਰੂ ਨਾਨਕ ਦੇਵ ਜੀ ਨੇ ਸੋਦਰੁ ਅੰਦਰ ਸਾਰੀ ਕੁਦਰਤ ਤੇ ਕੁਦਰਤ ਅੰਦਰ ਰਚੇ ਦੇਵਤੇ ਅਤੇ ਮਨੁੱਖ ਸਾਰਿਆਂ ਨੂੰ ਹਰੀ ਕੀਰਤਨ ਕਰਦੇ ਦਰਸਾਇਆ ਹੈ। ਆਸਾ ਦੀ ਵਾਰ ਅੰਦਰ ''ਭੈ ਵਿਚਿ ਪਵਣੁ ਵਹੈ ਸਦ ਵਾਉ'' ਸਲੋਕ ਉਚਾਰ ਕੇ ਸਾਰੀ ਕੁਦਰਤ ਨੂੰ ਭੈ ਵਿਚ ਕੰਮ ਕਰਦੀ ਦਸਿਆ ਹੈ। ਕੁਦਰਤ 'ਕਰਤਾ' ਤੋਂ ਨਿਖੜ ਕੇ ਨਹੀਂ ਚਲ ਰਹੀ, ਉਹ ਇਸ ਦਾ 'ਕਾਦਰ' ਵੀ ਹੈ, ਉਸ ਦੀ ਚਲਾਈ ਚਲਦੀ ਹੈ। ਫਿਰ ਉਹ ਇਸ ਵਿਚ ਪੂਰਨ ਵਿਆਪਕ ਹੈ। ਇਸ ਲਈ ਕੁਦਰਤ 'ਕਾਦਰ' ਤੋਂ ਅਲੱਗ ਨਹੀਂ ਹੈ।

***''ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥''***

ਅਤੇ ਇਸ ਤਰ੍ਹਾਂ ਵੀ ਉਚਾਰਨ ਕੀਤਾ ਹੈ— ''ਕੁਦਰਤਿ ਕਰਿ ਕੈ ਵਸਿਆ ਸੋਇ॥'' ਸੋ ਕਾਦਰ ਨੇ 'ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥'' ਇਸ ਦੇ ਜ਼ੱਰਰੇ ਜ਼ੱਰਰੇ ਵਿਚ ਆਪ ਆਪਣਾ ਨਿਵਾਸ ਕੀਤਾ ਹੋਇਆ ਹੈ। ਹਾਂ ਵਿਸਮਾਦ ਰੰਗ ਵਿਚ ਰੰਗੇ ਨੂੰ ਕੁਦਰਤ ਕਾਦਰ ਦੇ ਗੁਣ ਗਾ ਰਹੀ, ਨਾਮ ਜਪ ਰਹੀ ਪ੍ਰਤੱਖ ਨਜ਼ਰ ਆ ਰਹੀ ਹੈ। ਗੁਰੂ ਰਾਮਦਾਸ ਜੀ ਦਾ ਫੁਰਮਾਣ ਹੈ :-''ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ॥'' ਸ੍ਰੀ ਗੁਰੂ ਅਮਰਦਾਸ ਜੀ ਦੇ ਅੰਮ੍ਰਿਤ ਬਚਨ ਹਨ :-

***''ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ॥''*** (ਅੰਗ ੧੪੨੦)

ਸੋ ਇਸ ਤਰ੍ਹਾਂ ਸਿਮਰਨ ਸਿਫਤ ਸਲਾਹ ਕੁਦਰਤ ਦਾ ਜ਼ੱਰਰਾ ਜ਼ੱਰਰਾ ਸਹਿਜ ਭਾਵ ਵਿਚ ਕਰ ਰਿਹਾ

ਹੈ। ਪਰ ਜੋ ਸੰਤ ਭਗਤ ਪ੍ਰੇਮਾ ਭਗਤੀ ਵਿਚ ਆ ਕੇ ਸਿਮਰਨ ਕਰਦੇ ਹਨ, ਉਹ ਵਾਹਿਗੁਰੂ ਜੀ ਦੇ ਦਰ ਪਰਵਾਨ ਹੁੰਦੇ ਹਨ।

## ਸਾਖੀ—ਕੰਧਾਂ 'ਚੋਂ ਨਾਮ ਸੁਣਨ ਦੀ

ਖਾਲਸਾ ਜੀਵਨ ਅੰਦਰ ਜ਼ਿਕਰ ਆਇਆ ਹੈ ਕਿ ਇਕ ਵਾਰ ਸੰਤ ਸੁੰਦਰ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਮਹਾਂ ਪੁਰਖਾਂ ਪਾਸ ਨਾਲ ਦੇ ਸਿੰਘ ਵਿਦਿਆਰਥੀਆਂ ਨੇ ਬੇਨਤੀ ਕੀਤੀ। ਬੇਨਤੀ ਕਰਨ ਵਾਲੇ ਅੱਠ ਸਿੰਘ ਸਨ ਕਿ ਮਹਾਂਪੁਰਖੋ ! ਸਾਡੀ ਬੇਨਤੀ ਹੈ ਜੋ ਗੁਰਬਾਣੀ ਅੰਦਰ ਗੁਰੂ ਕੇ ਅੰਮ੍ਰਿਤ ਬਚਨ ਆਏ ਹਨ—

**ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ ਸਭ ਹਰਿ ਹਰਿ ਨਾਮੁ ਧਿਆਵੈ ਰਾਮ॥**

ਜੀ ਇਹ ਸਾਰੀਆਂ ਚੀਜ਼ਾਂ ਜੜ੍ਹ ਹਨ। ਕੀ ਇਹ ਵੀ ਹਰਿ ਹਰਿ ਨਾਮ ਨੂੰ ਧਿਆਉਂਦੀਆਂ ਹਨ ? ਤਾਂ ਸੰਤਾਂ ਨੇ ਕਿਹਾ ਭਾਈ, ਜੋ ਗੁਰਬਾਣੀ ਕਹਿੰਦੀ ਹੈ ਉਹ ਤਿੰਨ ਕਾਲ ਸੱਚ ਹੈ। ਹਾਂ, ਤੁਸੀਂ ਜਾਪ ਕਰੋ, ਗੁਰੂ ਸਾਹਿਬ ਜੀ ਅੱਗੇ ਬੇਨਤੀ ਕਰਾਂਗੇ। ਸਤਿਗੁਰੂ ਜੀ ਸਮਰਥ ਹਨ। ਤੁਹਾਡੀ ਸ਼ੰਕਾ ਦੂਰ ਕਰਨਗੇ। ਸੰਤਾਂ ਨੇ ਸਿੰਘਾਂ ਨੂੰ ਸਣੇ ਕੇਸੀ ਇਸ਼ਨਾਨ ਕਰਾ ਕੇ ਭਿੰਡਰੀ ਜਿਥੇ 'ਅਕਾਲ ਕੁਟੀਆ' ਅਸਥਾਨ ਹੈ ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ। ਸਿੰਘਾਂ ਨੂੰ ਗੁਰੂ ਸਾਹਿਬ ਜੀ ਦੀ ਹਜ਼ੂਰੀ ਅੰਦਰ ਲਿਜਾ ਕੇ ਇਹ ਸਲੋਕ ਪੜ੍ਹਿਆ—

***ਸਲੋਕ॥ ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*** (ਅੰਗ ੨੫੬)

ਮਹਾਂ ਪੁਰਖਾਂ ਕਿਹਾ ਖਾਲਸਾ ਜੀ ! ਗੁਰੂ ਸਾਹਿਬ ਜੀ ਨੂੰ ਦਸਾਂ ਹੀ ਪਾਤਸ਼ਾਹੀਆਂ ਦੀ ਆਤਮਿਕ ਜੋਤ ਜਾਣ ਕੇ ਭਰੋਸੇ ਨਾਲ ਮੱਥਾ ਟੇਕੋ। ਸਿੰਘਾਂ ਨੇ ਮੱਥਾ ਟੇਕਿਆ ਤਾਂ ਦਸਾਂ ਪਾਤਸ਼ਾਹੀਆਂ ਦੇ ਦਰਸ਼ਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਹੋਏ। ਫੇਰ ਸੰਤਾਂ ਨੇ ਕਿਹਾ ਸਿੰਘੋ ! ਕੰਧ ਨਾਲ ਕੰਨ ਲਾ ਕੇ ਸੁਣੋ। ਜਿਸ ਵੇਲੇ ਕੰਧ ਨਾਲ ਕੰਨ ਲਾ ਕੇ ਸੁਣਿਆ ਤਾਂ ਮੂਲ ਮੰਤਰ ਦਾ ਜਾਪ ਸੁਣਿਆ। ਉਪਰੰਤ ਤਖ਼ਤਿਆਂ ਵਿਚੋਂ ਵਾਹਿਗੁਰੂ ਮੰਤਰ ਸੁਣਨ ਲੱਗਾ। ਤਾਂ ਸਿੰਘ ਐਨੇ ਮਸਤ ਅਨੰਦ ਵਿਚ ਮਗਨ ਹੋ ਗਏ ਕਿ ਖਾਣ ਪੀਣ ਦਾ ਚੇਤਾ ਹੀ ਭੁੱਲ ਗਿਆ। ਰੋਮ ਰੋਮ ਵਿਚੋਂ ਵਾਹਿਗੁਰੂ ਮੰਤਰ ਦਾ ਜਾਪ ਹੋਣ ਲੱਗ ਪਿਆ। ਸੰਤਾਂ ਨੇ ਸਿੰਘਾਂ ਨੂੰ ਕਿਹਾ ਆਉ ਫੇਰ ਮਸਤਕ ਟੇਕੋ। ਸਤਿਗੁਰੂ ਅੱਗੇ ਮੱਥਾ ਟੇਕਿਆ ਤੇ ਸਰੀਰਕ ਸੁਧੀ ਪਹਿਲਾਂ ਵਾਂਗ ਹੋ ਗਈ। ਸੰਤ ਕਹਿੰਦੇ, ਜਦ ਬੱਚਾ ਛੋਟਾ ਹੁੰਦਾ ਹੈ ਤਾਂ ਵੱਡਾ ਭਾਈ ਛੋਟੇ ਨੂੰ ਮੋਢਿਆਂ 'ਤੇ ਚੁਕ ਕੇ ਮੇਲਾ ਵਿਖਾਉਂਦਾ ਹੈ, ਪਰ ਅਸਲ ਅਨੰਦ ਫੇਰ ਆਉਂਦਾ ਹੈ ਜਦ ਆਪ ਵੱਡਾ ਹੋ ਕੇ ਦੇਖਣ ਯੋਗ ਹੋ ਜਾਂਦਾ ਹੈ। ਸੋ ਤੁਸੀਂ ਇਕ ਵਾਰੀ ਇਹ ਅਨੰਦ ਮਈ ਨਜ਼ਾਰਾ ਵੇਖ ਲਿਆ ਹੈ, ਹੁਣ ਤੁਸੀਂ ਆਪ ਸਿਮਰਨ ਅਭਿਆਸ ਕਮਾਈ ਕਰਕੇ ਇਸ ਅਵਸਥਾ ਦੇ ਅਧਿਕਾਰੀ ਬਣੋ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

✯✯✯

ਮੁਖਵਾਕ ਨੰਬਰ ੧੮ (ਅੰਗ ੫੪੧)

ਬਿਹਾਗੜਾ ਮਹਲਾ ੫ ਛੰਤ ਘਰੁ ੧ ੴ ਸਤਿਗੁਰ ਪ੍ਰਸਾਦਿ॥

ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥ ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ॥ ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ॥ ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ॥ ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ॥ ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ॥ ੧॥ ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ ਨਾਮੁ ਅਰਾਧੇ ਰਾਮ॥ ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ॥ ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ॥ ਜਿਨ ਕਉ ਬਿਧਾਤੈ ਧੁਰਹੁ ਲਿਖਿਆ ਤਿਨ੍ਾ ਰੈਣਿ ਦਿਨੁ ਲਿਵ ਲਾਈਐ॥ ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ॥ ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ॥ ੨॥ ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ॥ ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ॥ ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜ ਚੜਾਵਏ॥ ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ ਸੋ ਪ੍ਰਭ ਅੰਕਿ ਸਮਾਵਏ॥ ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ ਸਨੇਹਾ॥ ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ ਹਰਿ ਹਰਿ ਨਾਮੁ ਪੂਜੇਹਾ॥ ੩॥ ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ॥ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ॥ ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ॥ ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ॥ ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ॥ ੪॥ ੧॥

## ਪ੍ਰਾਕ੍ਰਥਨ :-

ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਸ੍ਰੀ ਮੁਖਵਾਕ ਬਿਹਾਗੜਾ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੫੪੧ ਉਪਰ ਅੰਕਿਤ ਹੈ। ਇਸ ਦੇ ਅਰੰਭ ਵਿਚ ''ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ, ਜੋ ਕਰੇ ਸੁ ਧਰਮ ਨਿਆਏ ਰਾਮ॥'' ''ਏਕ ਅਚੰਭਉ ਦੇਖਿਆ'' ਕਿਹਾ ਹੈ ''ਅਚੰਭਉ'' ਦਾ ਅਰਥ ਹੈ, ਅਚਰਜ ਕੌਤਕ। ਹਰੀ ਦਾ ਇਕ ਅਚੱਰਜ ਕੌਤਕ ਦੇਖਿਆ ਹੈ। ਉਸ ਵਾਹਿਗੁਰੂ ਜੀ ਦੇ ਅਚੱਰਜ ਕੌਤਕ ਤਾਂ ਬੇਅੰਤ ਹਨ। ਟੂਕ ਮਾਤਰ ਸਮਝਣ ਵਾਸਤੇ ਇਥੇ ਸ਼ਬਦ ਦੇ ਰਹੇ ਹਾਂ ਜਿਸ ਨੂੰ ਪੜ੍ਹਿਆਂ ਉਸ ਵਾਹਿਗੁਰੂ ਜੀ ਦੇ ਅਚੱਰਜ ਕੌਤਕਾਂ ਦੀ ਸਮਝ ਪੈਂਦੀ ਹੈ—

## ਅਚੱਰਜ ਕੌਤਕ

*''ਰਾਜਾਸ੍ਰਮ ਮਿਤਿ ਨਹੀ ਜਾਨੀ ਤੇਰੀ॥*
*ਤੇਰੇ ਸੰਤਨ ਕੀ ਹਉ ਚੇਰੀ॥ ੧॥ ਰਹਾਉ॥*
*ਹਸਤੋ ਜਾਇ ਸੋ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ॥*
*ਬਸਤੋ ਹੋਇ ਹੋਇ ਸੁੋ ਊਜਰੁ ਊਜਰੁ ਹੋਇ ਸੁ ਬਸੈ॥ ੧॥*
*ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ॥*
*ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ॥ ੨॥*
*ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ॥*
*ਖਲ ਮੂਰਖ ਤੇ ਪੰਡਿਤ ਕਰਿਬੋ ਪੰਡਿਤ ਤੇ ਮੁਗਧਾਰੀ॥ ੩॥*
*ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ॥*
*ਕਹੁ ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ॥੪॥੨॥''*

(ਅੰਗ ੧੨੫੨)

ਇਹ ਉਸ ਵਾਹਿਗੁਰੂ ਜੀ ਦੇ ਅਚੱਰਜ ਕੌਤਕਾਂ ਬਾਰੇ ਇਸ ਸ਼ਬਦ ਵਿਚ ਭਗਤ ਕਬੀਰ ਜੀ ਨੇ ਜ਼ਿਕਰ ਕੀਤਾ ਹੈ ਪਰ ਅਰੰਭਤਾ ਦੀ ਪੰਗਤੀ ਅੰਦਰ ਗੁਰਦੇਵ ਨੇ ''ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ, ਕਿਹਾ ਹੈ। ਹੇ ਮੇਰੇ ਪਿਆਰੇ ! ਹਰੀ ਦਾ ਇਕ ਅਚੱਰਜ ਕੌਤਕ ਦੇਖਿਆ ਹੈ। ਉਹ ਕਿਹੜਾ ਹੈ ? ਜੋ ਕਰੇ ਸੁ ਧਰਮ ਨਿਆਏ ਰਾਮ॥'' ਉਹ ਰਾਮ ਜੋ ਵੀ ਕਰਦਾ ਹੈ, ਧਰਮ ਦਾ ਇਨਸਾਫ਼ ਕਰਦਾ ਹੈ ਭਾਵ ਧਰਮ ਦਾ ਨਿਆਂ ਕਰਦਾ ਹੈ। ਇਸ ਸਬੰਧ ਵਿਚ ਇਕ ਸਾਖੀ ਆਉਂਦੀ ਹੈ ਜੋ ਦਾਨੇ ਧਰਮ ਦੇ ਨਿਆਂ 'ਤੇ ਸੁਣਾਇਆ ਕਰਦੇ ਹਨ।

# ਸਾਖੀ—ਧਰਮ ਦਾ ਨਿਆਂ

ਜੰਗਲ ਵਿਚ ਇਕ ਤਪੱਸਵੀ ਤਪ ਕਰਦਾ ਸੀ। ਕਠਨ ਤਪ ਕਰਦਿਆਂ ੧੨ ਸਾਲ ਬੀਤ ਗਏ, ਪਰ ਫੇਰ ਵੀ ਕੋਈ ਪ੍ਰਾਪਤੀ ਨਹੀਂ ਹੋਈ। ਇਹ ਤਪੀ ਇਕ ਪੱਥਰ ਦੀ ਭਾਰੀ ਸਿਲਾ ਉਪਰ ਬੈਠ ਕੇ ਤਪ ਕਰਦਾ ਸੀ। ਇਕ ਅਯਾਲੀ ਬੱਕਰੀਆਂ ਚਾਰਣ ਵਾਲਾ, ਜੋ ਇਥੇ ਜੰਗਲ ਵਿਚ ਹਰ ਰੋਜ਼ ਬੱਕਰੀਆਂ ਚਾਰਣ ਆਇਆ ਕਰਦਾ ਸੀ, ਤਪੱਸਵੀ ਨੂੰ ਦੇਖ ਕੇ ਉਸ ਦੇ ਮਨ ਵਿਚ ਵੀ ਬੰਦਗੀ ਕਰਨ ਦਾ ਸ਼ੌਕ ਜਾਗ ਆਇਆ। ਗੁਰਮਤਿ ਦੇ ਸਿਧਾਂਤ ਅਨੁਸਾਰ ''ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲ॥' (੧੩੭੬)। ਅਯਾਲੀ ਧਰਮ ਦੀ ਕਿਰਤ ਕਰਦਾ ਨਾਮ ਜਪਣ ਲਗਿਆ। ਨਾਮ ਜਪਦਿਆਂ ਬੇਨਤੀਆਂ ਕਰਦਾ ਰਹਿੰਦਾ ਕਿ ਹੇ ਵਾਹਿਗੁਰੂ ! ਮੇਰੇ ਕਰਮ ਨਾ ਦੇਖਣੇ ਕਿਉਂਕਿ ਮੈਂ ਕਰਮਾਂ ਦਾ ਹਿਸਾਬ ਕੀਤਿਆਂ ਛੁੱਟ ਨਹੀਂ ਸਕਣਾ। ਮੇਰੇ 'ਤੇ ਤਰਸ ਕਰਨਾ। ''ਕਾਗਦ ਲੇਖਾ ਜਉ ਕਰਹੁ ਕਹਾਂ ਪੁਜਾਬਹੁ ਨਾਥ॥ ਔਗੁਣ ਹਮਰੇ ਬਖਸੀਐ ਮਾਥੈ ਧਰਕੈ ਹਾਥ॥ (ਭਾਵਰ ਸਿੰਮ੍ਰਤ) ਤਪੱਸਵੀ ਨੂੰ ਤਪ ਦਾ ਹੰਕਾਰ ਹੋ ਆਇਆ ਸੀ। ਉਸ ਨੂੰ ਹੰਕਾਰ ਸੀ ਕਿ ਮੇਰੇ ਜੈਸਾ ਸੰਸਾਰ ਅੰਦਰ ਕੋਈ ਤਪੀ ਸਾਧੂ ਨਹੀਂ ਹੈ। ਉਸ ਦੀ ਨਜ਼ਰ ਅੰਦਰ ਸੰਸਾਰੀ ਜੀਵ ਸਾਰੇ ਪਾਪੀ ਸਨ। ਉਹ ਕਹਿੰਦਾ ਰਹਿੰਦਾ ਸੀ ਹੇ ਭਗਵਾਨ! ਨਿਆਂ ਕਰੀਂ। ਮੈਂ ਇਤਨਾ ਤਪ ਕੀਤਾ ਹੈ, ਮੇਰੇ ਤਪ ਦਾ ਫਲ ਦੇਣਾ। ਹੁਣ ਸੋਚੀਏ ਕਿ ਮੋਨ ਧਾਰ ਕੇ ੧੨ ਸਾਲ ਪੱਥਰ ਦੀ ਇਕ ਭਾਰੀ ਸਿਲਾ 'ਤੇ ਬੈਠਣ ਦਾ ਕੀ ਲਾਭ ਹੈ। ਕੋਈ ਸੇਵਾ ਨਹੀਂ, ਕੋਈ ਸਿਮਰਨ ਨਹੀਂ ਕੀਤਾ। ਹਜ਼ੂਰ ਦਾ ਫੁਰਮਾਣ ਹੈ।

***''ਮੋਨੀ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ॥''*** **(ਅੰਗ ੧੦੦੩)**

ਪਰ ਹੰਕਾਰ ਸਹਿਤ ਕਹਿੰਦਾ ਸੀ ਹੇ ਭਗਵਾਨ ! ਮੇਰੇ ਤਪ ਦਾ ਫਲ ਦੇਣਾ, ਨਿਆਂ ਕਰਨਾ। ਅਖ਼ੀਰ ਨੂੰ ਕੁਦਰਤੀ ਅਯਾਲੀ ਅਤੇ ਤਪੱਸਵੀ ਦੋਹਾਂ ਦੇ ਸਰੀਰ ਇਕੱਠੇ ਹੀ ਛੁੱਟ ਗਏ। ਜਦੋਂ ਪ੍ਰਮਾਤਮਾ ਦੇ ਦਰ ਗਏ ਤਾਂ ਤਪੱਸਵੀ ਨੇ ਕਿਹਾ ਜੀ ਨਿਆਂ ਕਰਨਾ ਮੈਂ ਮਹਾਨ ਤਪੀ ਸਾਧੂ ਹਾਂ। ਇਕ ਹੋਰ ਅਵਾਜ਼ ਆਈ ਹੇ ਭਗਵਾਨ ! ਧਰਮ ਦਾ ਨਿਆਂ ਕਰਨਾ। (ਪੁੱਛਿਆ ਤੂੰ ਕੌਣ ਹੈਂ ?) ਉੱਤਰ : ਜੀ ਮੈਂ ਪੱਥਰ ਦੀ ਸਿਲਾ ਹਾਂ। ਮੇਰੇ ਉਪਰ ਇਹ ਤਪੀ ੧੨ ਸਾਲ ਬੈਠਿਆ ਹੈ। ਆਪ ਜੀ ਧਰਮ ਦਾ ਨਿਆਂ ਕਰਨਾ। ਪ੍ਰਮਾਤਮਾ ਨੇ ਕਿਹਾ ਠੀਕ ਹੈ। ਤਪੀ ੧੨ ਸਾਲ ਤੇਰੇ ਉਪਰ ਬੈਠਾ ਹੈ, ਹੁਣ ਤੈਨੂੰ ੧੨ ਸਾਲ ਸਿਰ ਉਪਰ ਚੁਕੇਗਾ। ਇਹ ਸੁਣ ਕੇ ਤਪੱਸਵੀ ਕੁਰਲਾ ਉਠਿਆ। ਪਰ ਹੰਕਾਰ ਸਹਿਤ ਕੀਤੇ ਕਰਮ ਦਾ ਫਲ ਤਾਂ ਮਿਲਣਾ ਹੀ ਸੀ, ਕਿਉਂਕਿ ਤਪੱਸਵੀ ਕਰਮ ਦਾ ਫਲ ਮੰਗਦਾ ਪਿਆ ਸੀ। ਅਯਾਲੀ ਨੂੰ ਪੁੱਛਿਆ ਤੂੰ ਕੀ ਚਾਹੁੰਦਾ ਹੈਂ ? ਇਹ ਕਹਿੰਦਾ ਜੀ ਮੇਹਰ ਕਰਕੇ ਬਖ਼ਸ਼ ਲਓ।

***''ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ॥***
***ਬਖਸਨਹਾਰ ਬਖਸਿ ਲੈ ਨਾਨਕ ਪਾਰਿ ਉਤਾਰ॥''*** (ਅੰਗ ੨੬੧)

ਅਯਾਲੀ 'ਤੇ ਕਿਰਪਾ ਕਰ ਦਿੱਤੀ। ਸਾਰੇ ਕਰਮ ਮਾਫ਼ ਕਰ ਦਿੱਤੇ।

***''ਧਰਮ ਰਾਇ ਦਰਿ ਕਾਗਦ ਫਾਰੇ ਜਨ ਨਾਨਕ ਲੇਖਾ ਸਮਝਾ॥''*** (ਅੰਗ ੬੯੮)

ਪਾਵਣ ਪੰਗਤੀ ਸੀ ***"ਜੋ ਕਰੇ ਸੁ ਧਰਮ ਨਿਆਏ ਰਾਮ॥"***

ਧਰਮ ਦਾ ਨਿਆਂ ਇਹ ਵੀ ਰਾਮ-ਵਾਹਿਗੁਰੂ ਜੀ ਕਰਦਾ ਹੈ।

***"ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥"*** (ਅੰਗ ੮੯)

ਹਰੀ ਧਰਮ ਦਾ ਨਿਆ ਇਹ ਕਰਦਾ ਹੈ ਕਿ 'ਸਚਿਆਰਾਂ' ਨੂੰ ਮਾਨ ਸਤਿਕਾਰ ਦਿੰਦਾ ਹੈ, ਝੂਠਿਆਂ ਦੁਸ਼ਟਾਂ ਨੂੰ ਸਜ਼ਾ ਦਿੰਦਾ ਹੈ।

***ਪਉੜੀ॥ "ਹਰਿ ਜਲਿ ਥਲਿ ਮਹੀਅਲਿ ਭਰਪੂਰਿ ਦੂਜਾ ਨਾਹਿ ਕੋਇ॥***
***ਹਰਿ ਆਪਿ ਬਹਿ ਕਰੇ ਨਿਆਉ ਕੂੜਿਆਰ ਸਭ ਮਾਰਿ ਕਢੋਇ॥***
***ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ॥***
***ਸਭ ਹਰਿ ਕੀ ਕਰਹੁ ਉਸਤਤਿ ਜਿਨਿ ਗਰੀਬ ਅਨਾਥ ਰਾਖਿ ਲੀਓਇ॥***
***ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥ ੧੬॥"*** (ਅੰਗ ੮੯)

ਇਥੇ ਭਗਤ ਪ੍ਰਹਿਲਾਦ ਜੀ ਦੀ ਰੱਖਿਆ 'ਹਰਨਾਖਸ਼ ਦੈਂਤ ਦਾ ਨਾਸ਼, ਭਗਤ ਕਬੀਰ ਜੀ ਦੀ ਰੱਖਿਆ, ਭਗਤ ਨਾਮਦੇਵ ਜੀ ਦੀ ਸਹਾਇਤਾ ਕਰਨੀ, ਇਹ ਸਾਰੇ ਪ੍ਰਸੰਗ "ਸਚਿਆਰਾ ਦੇਇ ਵਡਿਆਈ ਹਰਿ ਧਰਮ ਨਿਆਉ ਕੀਓਇ" 'ਤੇ ਲੱਗ ਸਕਦੇ ਹਨ।

ਬਿਹਾਗੜਾ ਮਹਲਾ ੫ ਛੰਤ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ਹਰਿ ਕਾ ਏਕੁ ਅਚੰਭਉ ਦੇਖਿਆ ਮੇਰੇ ਲਾਲ ਜੀਉ ਜੋ ਕਰੇ ਸੁ ਧਰਮ ਨਿਆਏ ਰਾਮ॥ ਹਰਿ ਰੰਗੁ ਅਖਾੜਾ ਪਾਇਓਨੁ ਮੇਰੇ ਲਾਲ ਜੀਉ ਆਵਣੁ ਜਾਣੁ ਸਬਾਏ ਰਾਮ॥ ਆਵਣੁ ਤ ਜਾਣਾ ਤਿਨਹਿ ਕੀਆ ਜਿਨਿ ਮੇਦਨਿ ਸਿਰਜੀਆ॥ਇਕਨਾ ਮੇਲਿ ਸਤਿਗੁਰੁ ਮਹਲਿ ਬੁਲਾਏ ਇਕਿ ਭਰਮਿ ਭੂਲੇ ਫਿਰਦਿਆ॥ ਅੰਤੁ ਤੇਰਾ ਤੂੰਹੈ ਜਾਣਹਿ ਤੂੰ ਸਭ ਮਹਿ ਰਹਿਆ ਸਮਾਏ॥ ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ॥੧॥

**ਪਦ ਅਰਥ** :-ਅਚੰਭਉ-ਅਸਚਰਜ ਕੌਤਕ। ਮੇਰੇ ਲਾਲ ਜੀਉ-ਹੇ ਮੇਰੇ ਪਿਆਰੇ ਜੀ। ਧਰਮ ਨਿਆਏ-(ਸੰਸ:, ਧਰਮ:+ਨਯਾਯ:) ਧਰਮ ਦਾ ਨਿਆਂ, ਉਹ ਇਨਸਾਫ਼ ਜਿਸ ਵਿਚ ਧਰਮ ਦੇ ਸਾਰੇ ਅੰਗ ਹੋਣ, ਪੂਰਾ-ਪੂਰਾ ਸੱਚਾ ਨਿਆਉ। ਰੰਗ ਅਖਾੜਾ-ਰੰਗ=ਖੇਲ ਤਮਾਸ਼ਾ ਅਖਾੜਾ=ਥਾਂ, ਟਿਕਾਣਾ, ਰੰਗ ਭੂਮੀ। ਪਾਇਓਨੁ-ਉਸ ਨੇ ਪਾ ਦਿੱਤਾ, ਬਣਾ ਦਿੱਤਾ ਹੈ। ਆਵਣੁ ਜਾਣ ਸਬਾਏ-ਸਾਰਿਆਂ ਜੀਵਾਂ ਦਾ ਜੰਮਣ ਮਰਨਾ। ਤਿਨਹਿ-ਉਸ (ਵਾਹਿਗੁਰੂ) ਜੀ ਨੇ, ਮੇਦਨਿ-ਧਰਤੀ, ਸ੍ਰਿਸ਼ਟੀ। ਸਿਰਜੀਆ-ਪੈਦਾ ਕੀਤੀ ਹੈ। ਮੇਲਿ-ਮਿਲਾ ਕੇ। ਮਹਲਿ-ਮਹਲ ਵਿਚ, ਹਜ਼ੂਰੀ ਵਿਚ। ਭਰਮਿ-ਭਰਮ ਵਿਚ, ਭਟਕਣਾ ਵਿਚ। ੧ੴ ਸਤਿਗੁਰ ਪ੍ਰਸਾਦਿ-ਇਕ ਅਦੁੱਤੀ ਬ੍ਰਹਮ ਸਰਬ ਦਾ ਪ੍ਰਕਾਸ਼ਕ ਨਾਸ਼ ਰਹਿਤ ਚੇਤਨ ਤੇ ਆਦਿ ਸਰੂਪ ਹੈ।

**ਅਰਥ** :-ਹੇ ਮੇਰੇ ਪਿਆਰੇ ਜੀ ਹਰੀ=ਪ੍ਰਮਾਤਮਾ ਦਾ ਇਕ ਅਸਚਰਜ ਕੌਤਕ ਵੇਖਿਆ ਹੈ, (ਉਹ ਇਹ ਕੌਤਕ ਹੈ ਕਿ) ਉਹ ਰਾਮ ਪੂਰਾ ਪੂਰਾ ਸੱਚਾ ਨਿਆਉਂ ਕਰਦਾ ਹੈ। ਹੇ ਮੇਰੇ ਪਿਆਰੇ ਜੀ (ਉਸ) ਪ੍ਰਮਾਤਮਾ ਨੇ (ਸੰਸਾਰ ਇਕ) ਖੇਲ ਤਮਾਸ਼ੇ ਦਾ ਥਾਂ ਬਣਾ ਦਿੱਤਾ ਹੈ, (ਇਸ ਵਿਚ) ਸਾਰਿਆਂ ਜੀਆਂ ਦਾ ਜੰਮਣਾ ਮਰਨਾ ਕਰਕੇ (ਰਾਮ) ਖੇਲ, ਖੇਲ ਰਿਹਾ ਹੈ। (ਇਹ ਜੀਆਂ) ਦਾ ਜੰਮਣਾ ਮਰਨਾ ਉਸ ਵਾਹਿਗੁਰੂ ਜੀ ਨੇ ਕੀਤਾ ਹੈ, (ਜਿਸ ਨੇ ਸਾਰੀ) ਸ੍ਰਿਸ਼ਟੀ ਪੈਦਾ ਕੀਤੀ ਹੈ। (ਪਰ ਇਨ੍ਹਾਂ ਜੀਆਂ ਵਿਚੋਂ) ਇਕਨਾਂ ਨੂੰ ਸਤਿਗੁਰੂ ਨਾਲ ਮਿਲਾ ਕੇ ਆਪਣੇ ਮਹਿਲ ਵਿਚ ਬੁਲਾ ਲੈਂਦਾ ਹੈ, ਇਕ ਭਰਮ ਵਿਚ ਭੁੱਲੇ ਫਿਰਦੇ ਹਨ। (ਹੇ ਵਾਹਿਗੁਰੂ ਜੀ !) ਤੇਰਾ ਅੰਤ ਤੂੰ (ਆਪ ਹੀ) ਜਾਣਦਾ ਹੈਂ, ਤੂੰ (ਬੇਅੰਤ ਹੋ ਕੇ ਫਿਰ) ਸਾਰਿਆਂ ਵਿਚ (ਵਿਆਪਕ ਰੂਪ ਵਿਚ) ਸਮਾ ਰਿਹਾ ਹੈਂ। ਹੇ ਸੰਤੋ ! ਸੁਨਣਾ ਕਰੋ, ਮੈਂ ਸੱਚ ਕਹਿੰਦਾ ਹਾਂ ਨਾਨਕ (ਗੁਰੂ ਜੀ ਦਾ ਉਚਾਰਨ ਹੈ) ਕਿ ਹਰੀ (ਸਦਾ ਹੀ ਆਪਣੇ) ਧਰਮ ਦੇ ਨਿਆਂ ਅਨੁਸਾਰ ਵਰਤਦਾ ਹੈ। ੧।

**ਆਵਹੁ ਮਿਲਹੁ ਸਹੇਲੀਹੋ ਮੇਰੇ ਲਾਲ ਜੀਉ ਹਰਿ ਹਰਿ ਨਾਮੁ ਅਰਾਧੇ ਰਾਮ॥ ਕਰਿ ਸੇਵਹੁ ਪੂਰਾ ਸਤਿਗੁਰੂ ਮੇਰੇ ਲਾਲ ਜੀਉ ਜਮ ਕਾ ਮਾਰਗੁ ਸਾਧੇ ਰਾਮ॥ ਮਾਰਗੁ ਬਿਖੜਾ ਸਾਧਿ ਗੁਰਮੁਖਿ ਹਰਿ ਦਰਗਹ ਸੋਭਾ ਪਾਈਐ॥ਜਿਨ ਕਉ ਬਿਧਾਤੈ ਧੁਰਹੁ ਲਿਖਿਆ ਤਿਨ੍ਾ ਰੈਣਿ ਦਿਨੁ ਲਿਵ ਲਾਈਐ॥ ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ॥ ਜਨੁ ਕਹੈ ਨਾਨਕੁ ਮੁਕਤੁ ਹੋਆ ਹਰਿ ਹਰਿ ਨਾਮੁ ਅਰਾਧੇ॥੨॥**

**ਪਦ ਅਰਥ** :-ਅਰਾਧੇ-ਅਰਾਧੀਏ, ਸਿਮਰੀਏ। ਕਰਿ-ਕਰਕੇ। ਸੇਵਹੁ-ਸੇਵਣਾ ਕਰੋ। ਪੂਰਾ-ਪੂਰਨ ਸਰਬ ਕਲਾ ਸਮਰਥ ਜਾਣ। ਮਾਰਗੁ-ਰਸਤਾ। ਸਾਧੇ-ਸਾਧ ਲਈਏ, ਜਿਤ ਲਈਏ, ਉਸ ਮਾਰਗ ਦੇ ਦੁੱਖਾਂ ਨੂੰ ਐਸਾ ਸਾਧ ਲਈਏ ਕਿ ਮਾਨੋ ਹੈ ਹੀ ਨਹੀਂ। ਬਿਖੜਾ-ਔਖਾ। ਬਿਧਾਤੈ-ਰਚਨਹਾਰ, ਕਰਤਾਰ। ਧੁਰਹੁ-ਧੁਰ ਤੋਂ। ਸੰਗਿ ਮਿਲਿਆ ਸਾਧੇ-ਸਾਧੂਆਂ ਦੇ ਸੰਗ ਵਿਚ ਮਿਲਿਆਂ।

**ਅਰਥ** :-ਹੇ ਮੇਰੇ (ਲਾਲ) ਪਿਆਰੇ (ਵਾਹਿਗੁਰੂ ਜੀ ਕਰਕੇ ਬਣੀਆਂ ਮੇਰੀਆਂ) ਮਹਾਤਮਾ ਰੂਪ ਸਹੇਲੀਓ ! ਆਓ ਮਿਲੋ, (ਆਪਾਂ ਆਪਸ ਵਿਚ ਮਿਲ ਕੇ) ਹਰਿ ਹਰਿ ਰਾਮ ਦੇ ਨਾਮ ਨੂੰ ਸਿਮਰੀਏ। ਹੇ ਮੇਰੇ ਪਿਆਰੇ ਜੀ ! ਸਤਿਗੁਰੂ ਨੂੰ ਪੂਰਨ ਸਰਬ ਕਲਾ ਸਮਰਥ ਜਾਣ ਕਰਕੇ ਸੇਵਣਾ ਕਰੋ, ਸੇਵਾ ਤੇ ਰਾਮ=ਪ੍ਰਮੇਸ਼ਰ ਦਾ ਨਾਮ ਜਪ ਕੇ ਜਮਾਂ ਦੇ ਰਸਤੇ ਨੂੰ ਸਾਧ ਲਈਏ, ਜਿੱਤ ਲਈਏ। ਗੁਰਮੁਖਿ=ਗੁਰੂ ਦੇ ਸਨਮੁਖ ਹੋ ਕੇ ਗੁਰੂ ਰਾਹੀਂ ਔਖਾ ਰਸਤਾ ਸਾਧ ਕੇ ਹਰੀ ਦੀ ਦਰਗਾਹ ਵਿਚ ਸੋਭਾ ਪਾਈਏ। ਜਿਨ੍ਹਾਂ ਦੇ ਮੱਥੇ ਉਪਰ ਕਰਤਾਰ ਨੇ ਧੁਰ ਤੋਂ ਲੇਖ ਲਿਖਾ ਦਿੱਤਾ ਹੈ, ਉਨ੍ਹਾਂ ਨੇ ਰਾਤ ਦਿਨ (ਪ੍ਰਭੂ ਵਿਚ) ਲਿਵ ਲਗਾਉਣਾ ਕੀਤੀ ਹੈ। ਜਾਂ ਇਹ ਜੀਵ ਸਾਧੂਆਂ ਦੇ ਸੰਗ ਵਿਚ ਮਿਲਿਆ (ਤਾਂ ਇਸ ਦਾ) ਹੰਗਤਾ ਮਮਤਾ ਅਤੇ ਮੋਹ ਤੋਂ ਛੁਟਕਾਰਾ ਹੋ ਗਿਆ। ਨਾਨਕ (ਗੁਰੂ ਜੀ ਦਾਸਾ ਭਾਵ ਧਾਰਕੇ ਉਚਾਰਨ ਕਰਦੇ ਹਨ) ਜਿਸ ਨੇ ਹਰਿ ਹਰਿ ਨਾਮ ਸਿਮਰਿਆ ਹੈ, (ਉਹ) ਮੁਕਤ ਹੋ ਗਿਆ ਹੈ। ੨।

ਕਰ ਜੋੜਿਹੁ ਸੰਤ ਇਕਤ੍ਰ ਹੋਇ ਮੇਰੇ ਲਾਲ ਜੀਉ ਅਬਿਨਾਸੀ ਪੁਰਖੁ ਪੂਜੇਹਾ ਰਾਮ ॥ ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ ॥ ਮਨੁ ਤਨੁ ਧਨੁ ਸਭੁ ਪ੍ਰਭੂ ਕੇਰਾ ਕਿਆ ਕੋ ਪੂਜ ਚੜਾਵਏ ॥ਜਿਸੁ ਹੋਇ ਕ੍ਰਿਪਾਲੁ ਦਇਆਲੁ ਸੁਆਮੀ ਸੋ ਪ੍ਰਭ ਅੰਕਿ ਸਮਾਵਏ ॥ ਭਾਗੁ ਮਸਤਕਿ ਹੋਇ ਜਿਸ ਕੈ ਤਿਸੁ ਗੁਰ ਨਾਲਿ ਸਨੇਹਾ ॥ ਜਨੁ ਕਹੈ ਨਾਨਕੁ ਮਿਲਿ ਸਾਧਸੰਗਤਿ ਹਰਿ ਹਰਿ ਨਾਮੁ ਪੂਜੇਹਾ ॥ ੩ ॥

**ਪਦ ਅਰਥ** :-ਕਰ-ਹੱਥ। ਹੋਇ-ਹੋ ਕੇ। ਪੁਰਖੁ-ਪੂਰਨ ਸਰਬ ਵਿਆਪਕ। ਪੂਜੇਹਾ-ਪੂਜੀਏ। ਬਹੁ ਬਿਧਿ-ਬਹੁਤ ਤਰ੍ਹਾਂ ਦੀ। ਖੋਜੀਆ-ਭਾਲ ਕੀਤੀ, ਖੋਜ ਦੇਖਣਾ ਕੀਤੀ। ਅਰਪੇਹਾ-ਭੇਟਾ ਕਰੀਏ। ਕੇਰਾ-ਦਾ। ਕਿਆ-ਕਿਹੜੀ। ਕੋ-ਕੋਈ ਮਨੁੱਖ। ਅੰਕਿ-ਗੋਦ ਵਿਚ, ਸਰੂਪ ਵਿਚ। ਸਮਾਏ-ਲੀਨ ਹੋ ਜਾਂਦਾ ਹੈ। ਸਨੇਹਾ-ਪਿਆਰ, ਪ੍ਰੇਮ। ਪੂਜੇਹਾ-ਪੂਜੀਏ।

**ਅਰਥ** :-ਹੇ ਮੇਰੇ ਪਿਆਰੇ ਜੀ ! ਹੇ ਸੰਤਹੁ ! ਇਕੱਠੇ ਹੋ ਕੇ (ਸੰਗਤ ਰੂਪ ਵਿਚ) ਹੱਥ ਜੋੜ ਕੇ ਨਾਸ ਰਹਿਤ ਪੂਰਨ ਸਰਬ ਵਿਆਪਕ ਰਾਮ ਨੂੰ ਪੂਜੀਏ। ਹੇ ਮੇਰੇ ਪਿਆਰੇ ਜੀ ! (ਮੈਂ) ਬਹੁਤ ਤਰ੍ਹਾਂ ਦੀ ਪੂਜਾ ਖੋਜ ਦੇਖਣਾ ਕੀਤੀ ਹੈ, (ਪਰ ਜੋ ਇਹ) ਤਨੁ ਮਨੁ ਹੀ (ਰਾਮ) ਪ੍ਰਭੂ ਅੱਗੇ ਭੇਟਾ ਕਰ ਦੇਣਾ ਹੈ, (ਇਹੀ ਅਸਲ ਪੂਜਾ ਹੈ)। (ਪਰ ਇਹ ਭੇਟਾ ਕਰਕੇ ਹੰਕਾਰ ਨਾ ਕਰੀਂ) ਕਿਉਂਕਿ ਮਨੁ, ਤਨੁ= ਸਰੀਰ ਤੇ ਧਨ ਇਸ ਵਿਚ ਤੇਰਾ ਆਪਣਾ ਕੁਝ ਨਹੀਂ, ਇਹ ਤਾਂ ਤੈਨੂੰ ਪ੍ਰਮਾਤਮਾ ਦਾ ਦਿੱਤਾ ਹੋਇਆ ਹੈ, (ਫਿਰ) ਕੋਈ ਮਨੁੱਖ ਕਿਹੜੀ ਪੂਜਾ=ਭੇਟਾ ਪ੍ਰਭੂ ਨੂੰ ਚੜ੍ਹਾਵੇ ? (ਹਾਂ ਇਨ੍ਹਾਂ ਦੀ ਅਪਣੱਤ ਛੱਡ ਕੇ ਮੇਹਰ ਆਸਰੇ ਹੋ ਜਾਵੇ)। ਜਿਸ ਉੱਤੇ ਦਿਆਲੂ ਸੁਆਮੀ ਕਿਰਪਾ ਕਰਦਾ ਹੈ ਉਹ (ਮਨੁੱਖ) ਪ੍ਰਭੂ ਦੇ ਸਰੂਪ ਵਿਚ ਸਮਾ ਜਾਂਦਾ ਹੈ, ਲੀਨ ਹੋ ਜਾਂਦਾ ਹੈ। ਜਿਸ ਦੇ ਮਸਤਕ ਉਪਰ (ਚੰਗਾ) ਭਾਗ (ਲਿਖਿਆ ਹੁੰਦਾ ਹੈ) ਉਸਦਾ ਗੁਰੂ ਨਾਲ ਪ੍ਰੇਮ ਬਣ ਜਾਂਦਾ ਹੈ। ਜਨੁ=ਦਾਸ ਨਾਨਕੁ (ਗੁਰੂ ਜੀ) ਕਥਨ ਕਰਦੇ ਹਨ (ਕਿ ਹੇ ਸੰਤ ਜਨੋਂ !) ਸਾਧ ਸੰਗਤਿ ਵਿਚ ਮਿਲ ਕੇ ਹਰਿ ਹਰਿ ਨਾਮ ਨੂੰ ਪੂਜੀਏ (ਭਾਵ ਨਾਮ ਸਿਮਰੀਏ)। ੩।

ਦਹ ਦਿਸ ਖੋਜਤ ਹਮ ਫਿਰੇ ਮੇਰੇ ਲਾਲ ਜੀਉ ਹਰਿ ਪਾਇਅੜਾ ਘਰਿ ਆਏ ਰਾਮ ॥ ਹਰਿ ਮੰਦਰੁ ਹਰਿ ਜੀਉ ਸਾਜਿਆ ਮੇਰੇ ਲਾਲ ਜੀਉ ਹਰਿ ਤਿਸੁ ਮਹਿ ਰਹਿਆ ਸਮਾਏ ਰਾਮ ॥ ਸਰਬੇ ਸਮਾਣਾ ਆਪਿ ਸੁਆਮੀ ਗੁਰਮੁਖਿ ਪਰਗਟੁ ਹੋਇਆ ॥ ਮਿਟਿਆ ਅਧੇਰਾ ਦੂਖੁ ਨਾਠਾ ਅਮਿਉ ਹਰਿ ਰਸੁ ਚੋਇਆ ॥ ਜਹਾ ਦੇਖਾ ਤਹਾ ਸੁਆਮੀ ਪਾਰਬ੍ਰਹਮੁ ਸਭ ਠਾਏ ॥ ਜਨੁ ਕਹੈ ਨਾਨਕੁ ਸਤਿਗੁਰਿ ਮਿਲਾਇਆ ਹਰਿ ਪਾਇਅੜਾ ਘਰਿ ਆਏ ॥ ੪ ॥ ੧ ॥

**ਪਦ ਅਰਥ** :-ਦਹਦਿਸਿ-ਦਸੋ ਦਿਸ਼ਾ, (ਚਾਰ ਦਿਸ਼ਾ) ਪੂਰਬ, ਪੱਛਮ, ਉਤਰ, ਦੱਖਣ, (ਚਾਰ

ਕੋਨੇ) ਈਸਾਨ, ਨੈਰਤ, ਵੈਵ, ਅਗਨ, ਇਕ ਉਪਰ ਅਕਾਸ਼, ਇਕ ਹੇਠਲਾ ਧਰਤੀ, ਇਹ ਦਸ ਦਿਸ਼ਾ ਹਨ। ਹਰਿ ਮੰਦਰੁ-(ਸਰੀਰ ਰੂਪੀ) ਹਰੀ ਦਾ ਮੰਦਰ। ਅਮਿਓ-ਅੰਮ੍ਰਿਤ। ਸਭ ਠਾਏ-ਸਭ ਜਗਾ। ਪਾਇਅੜਾ-ਪਾ ਲਿਆ ਹੈ, ਪ੍ਰਾਪਤ ਕਰ ਲਿਆ ਹੈ।

**ਅਰਥ :**-ਹੇ ਮੇਰੇ ਪਿਆਰੇ ਜੀ ! (ਪ੍ਰਭੂ ਜੀ ਨੂੰ ਲੱਭਣ ਵਾਸਤੇ) ਅਸੀਂ ਦਸੋ ਦਿਸ਼ਾ ਵਿਚ ਖੋਜਦੇ ਫਿਰੇ (ਪਰ ਜਿਸ ਵੇਲੇ ਲੱਭਿਆ) ਤਾਂ ਵਿਆਪਕ ਹਰੀ ਨੂੰ ਸਰੀਰ ਰੂਪੀ ਘਰ ਵਿਚੋਂ ਹੀ ਪਾ ਲਿਆ ਹੈ। ਹੇ ਮੇਰੇ ਪਿਆਰੇ ਜੀ ! ਹਰੀ ਨੇ (ਮਨੁੱਖ ਸਰੀਰ ਆਪਣੇ ਰਹਿਣ ਵਾਸਤੇ) ਹਰਿ ਮੰਦਰੁ ਬਣਾਇਆ ਹੈ, ਹਰੀ ਆਪ ਤਿਸ (ਹਰਿ ਮੰਦਰ) ਵਿਚ ਸਮਾਅ ਰਿਹਾ ਹੈ। (ਹਾਂ ਉਹ) ਸੁਆਮੀ ਆਪ ਸਾਰਿਆਂ (ਮਨੁੱਖੀ ਸਰੀਰ ਰੂਪ ਮੰਦਰਾਂ ਵਿਚ) ਸਮਾਇਆ ਹੈ, (ਪਰ ਕਿਸੇ ਗੁਰਮੁਖਾਂ ਨੂੰ) ਗੁਰੂ ਰਾਹੀਂ ਪ੍ਰਗਟ ਹੋਇਆ ਹੈ। (ਉਸ ਦੇ ਪ੍ਰਗਟ ਹੋਣ ਨਾਲ) ਅਗਿਆਨਤਾ ਦਾ ਅੰਧੇਰਾ ਮਿਟ ਗਿਆ (ਅਤੇ) ਦੁੱਖ ਨੱਸ ਗਿਆ, (ਉਸ ਦੇ ਮੁਖ ਵਿਚ) ਹਰੀ ਨਾਮ ਅੰਮ੍ਰਿਤ ਰਸ ਚੋਇਆ ਗਿਆ। (ਉਹ ਫਿਰ ਕਹਿ ਦਿੰਦਾ ਹੈ ਕਿ) ਗੁਰੂ ਕਿਰਪਾ ਨਾਲ (ਮੈਂ) ਜਿਥੇ ਦੇਖਦਾ ਹਾਂ ਸਭ ਜਗ੍ਹਾ ਵਿਚ ਪ੍ਰਾਰਬ੍ਰਹਮ ਸੁਆਮੀ ਮੌਜੂਦ ਹੈ। ਜਨੁ-ਦਾਸ ਨਾਨਕੁ (ਗੁਰੂ ਜੀ ਕਥਨ ਕਰਦੇ ਹਨ) ਜਿਸ ਵੇਲੇ ਸਤਿਗੁਰੂ ਜੀ ਨੇ ਹਰੀ ਮਿਲਾਇਆ ਤਾਂ ਸਰੀਰ ਘਰ ਵਿਚ ਆ ਕੇ ਹੀ ਹਰੀ ਪਾ ਲਿਆ ਹੈ ਭਾਵ ਪ੍ਰਾਪਤ ਕਰ ਲਿਆ ਹੈ। ੪। ੧।

## ਵਿਆਖਿਆ ਤੇ ਸਾਰੰਸ਼

## ਸੋਲ੍ਹਾਂ ਤਰ੍ਹਾਂ ਦੀ ਪੂਜਾ

ਇਸ ਸ਼ਬਦ ਅੰਦਰ ਇਕ ਪੰਗਤੀ ਆਈ ਹੈ—

***"ਬਹੁ ਬਿਧਿ ਪੂਜਾ ਖੋਜੀਆ ਮੇਰੇ ਲਾਲ ਜੀਉ ਇਹੁ ਮਨੁ ਤਨੁ ਸਭੁ ਅਰਪੇਹਾ ਰਾਮ॥"***

ਧਾਰਮਿਕ ਗ੍ਰੰਥਾਂ ਅੰਦਰ ੧੬ ਪ੍ਰਕਾਰ ਦੀ ਪੂਜਾ ਦਰਸਾਈ ਗਈ ਹੈ ਪਰ ਇਸ ੧੬ ਤਰ੍ਹਾਂ ਦੀ ਪੂਜਾ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ।

੧. ਅਵਾਹਨ—ਸ੍ਵਾਮੀ ਨੂੰ ਸੱਦਣ ਵਾਸਤੇ ਸਤਿਕਾਰ ਦੇ ਸ਼ਬਦ ਬੋਲਣੇ।
੨. ਆਸਨ—ਸ੍ਵਾਮੀ ਵਾਸਤੇ ਸਿੰਘਾਸਨ ਸਜਾਵਣਾ।
੩. ਪਾਦਯ—ਸ੍ਵਾਮੀ ਦੇ ਚਰਨ ਧੋਣੇ।
੪. ਅਰਘ—ਸ੍ਵਾਮੀ ਦਾ ਹੱਥ ਮੂੰਹ ਧੁਵਾਉਣਾ।
੫. ਆਚਮਨ—ਸ੍ਵਾਮੀ ਦਾ ਦਾਤਨ ਕੁਰਲਾ ਕਰਾਉਣਾ।
੬. ਇਸ਼ਨਾਨ-ਇਸ਼ਨਾਨ ਕਰਾਉਣਾ।
੭. ਬਸਤ੍ਰ—ਸੁੰਦਰ ਬਸਤ੍ਰ ਪਹਿਨਾਉਣੇ।

੮. ਭੂਸਣ—ਕੰਕਨ ਆਦਿ ਦਾ ਪਹਿਨਾਉਣਾ।

੯. ਸੁਗੰਮ—ਸੁਗੰਧਤ ਵਸਤੂਆਂ ਅਰਪਣ ਕਰਨੀਆਂ।

੧੦. ਪੁਸ਼ਪ—ਫੁੱਲਾਂ ਦੀ ਮਾਲਾ ਪਹਿਨਾਉਣੀ।

੧੧. ਧੂਪ—ਧੂਫ ਧੁਖਾਣੀ ਭਾਵ ਧੂਪ ਦੇਣੀ।

੧੨. ਦੀਪ—ਦੇਸੀ ਘਿਉ ਦਾ ਦੀਵਾ ਜਗਾਵਣਾ।

੧੩. ਨਈਵੇਦਯ—ਭੋਜਨ ਆਦਿ ਦਾ ਅਰਪਨ ਕਰਨਾ।

੧੪. ਦਖਣਾ—ਯਥਾ ਸ਼ਕਤ ਭੇਟਾ ਦੇਣੀ।

੧੫. ਨੀਰਾਜਨ—ਆਰਤੀ, ਪ੍ਰਦਖਣਾ, ਮੁਖ ਤੋਂ ਉਸਤਤ ਕਰਨੀ।

੧੬. ਬਿਰਾਜਮਾਨ ਕਰਨਾ—ਸੁੰਦਰ ਪਲੰਘ ਉਪਰ ਅਰਾਮ ਕਰਨ ਸਮੇਂ ਚਰਨ ਘੁਟਣੇ, ਮੁਠੀ ਚਾਪੀ ਕਰਨੀ। (ਕਥਾ ਉਪਦੇਸ਼ ਸਾਗਰ)

ਇਹ ਉਪਰੋਕਤ ੧੬ ਤਰ੍ਹਾਂ ਦੀ ਪੂਜਾ ਹਿੰਦੂ ਮੱਤ ਵਿਚ ਦੇਵ ਪੂਜਨ ਪੂਜਾ ਮੰਨੀ ਗਈ ਹੈ। ਇਸ ਪੂਜਾ ਦਾ ਗੁਰਮਤਿ ਨਾਲ ਕੋਈ ਸੰਬੰਧ ਨਹੀਂ ਹੈ, ਕਿਉਂਕਿ ਗੁਰਮਤਿ ਵਿਚ ਦੇਵ ਪੂਜਾ ਦਾ ਖੰਡਨ ਹੈ। ਇਸ ਲਈ ਹੁਣ ਗੁਰਮਤਿ ਅਨੁਸਾਰ ਪੂਜਾ ਦਾ ਨਿਰਣਾ ਕਰ ਰਹੇ ਹਾਂ। ਗੁਰੂ ਨਾਨਕ ਦੇਵ ਜੀ ਦਾ ਫੁਰਮਾਣ ਹੈ—

*"ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ॥*
*ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ॥ ੧॥*
*ਪੂਜਾ ਕੀਚੈ ਨਾਮੁ ਧਿਆਈਐ ਬਿਨੁ ਨਾਵੈ ਪੂਜ ਨ ਹੋਇ॥ ੧॥ ਰਹਾਉ॥"*

(ਅੰਗ ੪੮੯)

(ਅਥਵਾ)

***"ਦੂਧੁ ਤ ਬਛਰੈ ਥਨਹੁ ਬਿਟਾਰਿਓ॥ ਫੂਲੁ ਭਵਰਿ ਜਲੁ ਮੀਨਿ ਬਿਗਾਰਿਓ॥ ੧॥***
***ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ॥ ਅਵਰੁ ਨ ਫੂਲੁ ਅਨੂਪੁ ਨ ਪਾਵਉ॥ ੧॥ ਰਹਾਉ॥***
***ਮੈਲਾਗਰ ਬੇਰ੍ਹੇ ਹੈ ਭੁਇਅੰਗਾ॥ ਬਿਖੁ ਅੰਮ੍ਰਿਤੁ ਬਸਹਿ ਇਕ ਸੰਗਾ॥ ੨॥***
***ਧੂਪ ਦੀਪ ਨਈਬੇਦਹਿ ਬਾਸਾ॥ ਕੈਸੇ ਪੂਜ ਕਰਹਿ ਤੇਰੀ ਦਾਸਾ॥ ੩॥***
***ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ ਨਿਰੰਜਨੁ ਪਾਵਉ॥ ੪॥***
***ਪੂਜਾ ਅਰਚਾ ਆਹਿ ਨ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥ ੫॥ ੧॥"***

(ਅੰਗ ੫੨੫)

ਪੂਜਾ ਨਾਮ ਚੜ੍ਹਾਵੇ ਦਾ ਵੀ ਹੈ ਪਰ ਪ੍ਰਕਰਣ ਅਨੁਸਾਰ ਜਿਸ ਪੂਜਾ ਦਾ ਪਹਿਲਾ ਨਿਰਣਾ ਕੀਤਾ ਗਿਆ ਹੈ, ਇਸ ਸ਼ਬਦ ਦੀ ਪੰਗਤੀ ਦਾ ਭਾਵ ਇਹੋ ਹੀ ਹੈ।

***"ਤਨੁ ਮਨੁ ਅਰਪਉ ਪੂਜ ਚਰਾਵਉ॥***
***ਗੁਰ ਪਰਸਾਦਿ ਨਿਰੰਜਨੁ ਪਾਵਉ॥ ੪॥"***

(ਅੰਗ ੫੨੫)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੧੯ (ਅੰਗ ੫੪੩)

ਬਿਹਾਗੜਾ ਮਹਲਾ ੫ ॥

ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥ ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥ ਕਰਿ ਦਇਆ ਮਇਆ ਗੋਪਾਲ ਗੋਬਿੰਦ ਕੋਇ ਨਾਹੀ ਤੁਝ ਬਿਨਾ ॥ ਸਮਰਥ ਅਗਥ ਅਪਾਰ ਪੂਰਨ ਜੀਉ ਤਨੁ ਧਨੁ ਤੁਮ੍ ਮਨਾ ॥ ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ॥ ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ ॥੧॥ ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ ॥ ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥ ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ ॥ ਨਾਮ ਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ ॥ ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ ॥ ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ ॥੨॥ ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ॥ ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ ॥ ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥ ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥ ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ ॥ ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥੩॥ ਨਾਨਕ ਸੋਈ ਸਿਮਰੀਐ ਹਰਿ ਜੀਉ ਜਾ ਕੀ ਕਲ ਧਾਰੀ ਰਾਮ ॥ ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ਕਰਤਾ ਪੁਰਖੁ ਮੁਰਾਰੀ ਰਾਮ ॥ ਦੂਖੁ ਰੋਗੁ ਨ ਭਉ ਬਿਆਪੈ ਜਿਨ੍ੀ ਹਰਿ ਹਰਿ ਧਿਆਇਆ ॥ ਸੰਤ ਪ੍ਰਸਾਦਿ ਤਰੇ ਭਵਜਲੁ ਪੂਰਬਿ ਲਿਖਿਆ ਪਾਇਆ ॥ ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ ॥ ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ ॥੪॥੩॥

## ਪ੍ਰਾਕ੍ਰਥਨ :-

ਬਿਹਾਗੜਾ ਰਾਗੁ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਉਚਾਰਨ ਕੀਤਾ ਇਹ ਸ਼ਬਦ ਹੈ। ਇਸ ਦੇ ਅਰੰਭ ਵਿਚ ਨਾਮ ਜਪਣ ਲਈ ਵਾਹਿਗੁਰੂ ਜੀ ਅੱਗੇ ਬੇਨਤੀ ਕੀਤੀ ਗਈ ਹੈ ਕਿ ਹੇ ਪੂਰਨ ਪਾਰਬ੍ਰਹਮ ਗੁਰਦੇਵ! ਕਿਰਪਾ ਕਰੋ ਤਾਂ ਜੋ ਮੈਂ ਦਿਨ ਰਾਤ ਨਾਮ ਜਪਣਾ ਕਰਾਂ। ਕਿਰਪਾ ਦੀ ਲੋੜ ਕੇਵਲ ਨਾਮ ਜਪਣ ਵਾਸਤੇ ਹੀ ਨਹੀਂ ਬਲਕਿ ਮਨੁੱਖ ਦੇ ਹਰ ਯਤਨ, ਹਰ ਇਕ ਕਾਰਜ ਦੀ ਸਫਲਤਾ ਵਾਸਤੇ ਵਾਹਿਗੁਰੂ ਜੀ ਦੀ ਕਿਰਪਾ ਜ਼ਰੂਰੀ ਹੈ। ਮਨੁੱਖ ਦੇ ਕੀਤੇ ਯਤਨ, ਕੋਸ਼ਿਸ਼ਾਂ ਅਤੇ ਕਾਮਯਾਬੀ ਦੇ ਦਰਮਿਆਨ ਇਕ ਵਿਥ ਜਾਂ ਵਿਰਲ ਰੱਬ ਦੀ ਕਿਰਪਾ ਨਾਲ ਹੀ ਭਰੀ ਜਾਂਦੀ ਹੈ। ਪਰ ਸਭ ਤੋਂ ਪਹਿਲਾਂ ਵਾਹਿਗੁਰੂ ਜੀ ਨੇ ਸਾਡੇ 'ਤੇ ਇਹ ਕਿਰਪਾ ਕੀਤੀ ਹੈ ਜੋ ਮਨੁੱਖਾ ਜਨਮ ਬਖ਼ਸ਼ਿਆ ਹੈ।

***"ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥***
***ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥ ੧॥"***

(ਅੰਗ ੧੭੬)

ਇਨ੍ਹਾਂ ਤ੍ਰਿਗਦ ਜੂਨਾਂ ਚੋਂ ਕੱਢ ਕੇ ਮਾਲਕ ਨੇ ਕਿਰਪਾ ਕਰਕੇ ਉੱਤਮ ਜਨਮ ਬਖ਼ਸ਼ਿਆ ਹੈ।

## ਇਹ ਪਹਿਲੀ ਕਿਰਪਾ ਹੈ

***ਯਥਾ : "ਤੁਮਰੀ ਕ੍ਰਿਪਾ ਤੇ ਮਾਨੁਖ ਦੇਹ ਪਾਈ ਹੈ, ਦੇਹੁ ਦਰਸ ਹਰਿ ਰਾਇਆ॥"***

(ਅੰਗ ੨੦੭)

ਦੂਸਰੀ ਕਿਰਪਾ ਪੂਰਨ ਸਤਿਗੁਰੂ ਦਾ ਮਿਲਾਪ ਬਖ਼ਸ਼ਿਆ, ਨਹੀਂ ਤਾਂ ਨਿਗੁਰੇ ਕੱਚੇ ਗੁਰੂਆਂ ਮਗਰ ਲੱਗ ਕੇ ਇਹ ਉੱਤਮ ਜਨਮ ਵਿਅਰਥ ਚਲਿਆ ਜਾਣਾ ਸੀ।

***"ਸਿਰੀ ਗੁਰੂ ਸਾਹਿਬੁ ਸਭ ਊਪਰਿ॥ ਕਰੀ ਕ੍ਰਿਪਾ ਸਤਜੁਗਿ ਜਿਨਿ ਧ੍ਰੂ ਪਰਿ॥***
***ਸ੍ਰੀ ਪ੍ਰਹਲਾਦ ਭਗਤ ਉਧਰੀਅੰ॥ ਹਸ੍ਤ ਕਮਲ ਮਾਥੇ ਪਰ ਧਰੀਅੰ॥***
***ਅਲਖ ਰੂਪ ਜੀਅ ਲਖ੍ਯਾ ਨ ਜਾਈ॥ ਸਾਧਿਕ ਸਿਧ ਸਗਲ ਸਰਣਾਈ॥***
***ਗੁਰ ਕੇ ਬਚਨ ਸਤਿ ਜੀਅ ਧਾਰਹੁ॥ ਮਾਣਸ ਜਨਮੁ ਦੇਹ ਨਿਸ੍ਤਾਰਹੁ॥***
***ਗੁਰੁ ਜਹਾਜੁ ਖੇਵਟ ਗੁਰੂ ਗੁਰ ਬਿਨੁ ਤਰਿਆ ਨ ਕੋਇ॥***
***ਗੁਰ ਪ੍ਰਸਾਦਿ ਪ੍ਰਭੁ ਪਾਈਐ ਗੁਰ ਬਿਨੁ ਮੁਕਤਿ ਨ ਹੋਇ॥***
***ਗੁਰੁ ਨਾਨਕੁ ਨਿਕਟਿ ਬਸੈ ਬਨਵਾਰੀ॥ ਤਿਨਿ ਲਹਣਾ ਥਾਪਿ ਜੋਤਿ ਜਗਿ ਧਾਰੀ॥***
***ਲਹਣੈ ਪੰਥੁ ਧਰਮ ਕਾ ਕੀਆ॥ ਅਮਰਦਾਸ ਭਲੇ ਕਉ ਦੀਆ॥***
***ਤਿਨਿ ਸ੍ਰੀ ਰਾਮਦਾਸੁ ਸੋਢੀ ਥਿਰੁ ਥਪ੍ਯ੍ਯਉ॥ ਹਰਿ ਕਾ ਨਾਮੁ ਅਖੈ ਨਿਧਿ ਅਪ੍ਯ੍ਯਉ॥***

***ਅਪ੍ਰਉ ਹਰਿ ਨਾਮੁ ਅਖੈ ਨਿਧਿ ਚਹੁ ਜੁਗਿ ਗੁਰ ਸੇਵਾ ਕਰਿ ਫਲੁ ਲਹੀਅੰ॥***
***ਬੰਦਹਿ ਜੋ ਚਰਣ ਸਰਣਿ ਸੁਖੁ ਪਾਵਹਿ ਪਰਮਾਨੰਦ ਗੁਰਮੁਖਿ ਕਹੀਅੰ॥***
***ਪਰਤਖਿ ਦੇਹ ਪਾਰਬ੍ਰਹਮੁ ਸੁਆਮੀ ਆਦਿ ਰੂਪਿ ਪੋਖਣ ਭਰਣੰ॥***
***ਸਤਿਗੁਰੁ ਗੁਰੁ ਸੇਵਿ ਅਲਖ ਗਤਿ ਜਾ ਕੀ ਸ੍ਰੀ ਰਾਮਦਾਸੁ ਤਾਰਣ ਤਰਣੰ॥੧॥"***

(ਅੰਗ ੧੪੦੧)

***"ਕ੍ਰਿਪਾ ਕਰਹੁ ਗੁਰੁ ਮੇਲਹੁ ਹਰਿ ਜੀਉ ਪਾਵਉ ਮੋਖ ਦੁਆਰੁ॥"*** (ਅੰਗ ੧੨੭੬)

ਤੀਸਰੀ ਕਿਰਪਾ ਹੈ ਜਿਸ ਦਾ ਇਸ ਸ਼ਬਦ ਦੇ ਅਰੰਭ ਵਿਚ ਜ਼ਿਕਰ ਆਇਆ ਹੈ—

***"ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ॥"***

(ਅੰਗ ੫੪੩)

ਦੋ ਤਰ੍ਹਾਂ ਦੀ ਕਿਰਪਾ ਦਾ ਨਿਰਣਾ ਪੜ੍ਹੋ ਸ੍ਰੀ ਮੁਖਵਾਕ ਨੰਬਰ ੮ 'ਤੇ ਇਸੇ ਪੋਥੀ ਅੰਦਰ।

"ਕਿਰਪਾ" ਤੋਂ ਭਾਵ ਹੈ ਮੇਹਰ, ਦਇਆ, ਤਰਸ, ਤ੍ਰੁਠਣਾ, ਅਨੁਗ੍ਰਹ। ਕਿਰਪਾ ਕਿੰਨੇ ਤਰ੍ਹਾਂ ਦੀ ਹੈ? ਇਸ ਦੀ ਸਮੱਗਰ ਗਿਣਤੀ ਨਹੀਂ ਕੀਤੀ ਜਾ ਸਕਦੀ। ਹਾਂ, ਗੁਰਬਾਣੀ ਅਨੁਸਾਰ ਅਸੀਂ ਇਹ ਕਹਿ ਸਕਦੇ ਹਾਂ ਯਥਾ :-

***੧. ਪ੍ਰਭ ਕਿਰਪਾ ਤੇ ਨਾਮੁ ਧਿਆਈਐ॥*** (ਅੰਗ ੧੮੦)
***੨. ਗੁਰ ਕਿਰਪਾ ਤੇ ਨਾਮੁ ਵਖਾਣੁ॥*** (ਅੰਗ ੧੮੯)
***੩. ਸੰਤ ਕ੍ਰਿਪਾ ਤੇ ਜਪੀਐ ਨਾਮੁ॥*** (ਅੰਗ ੧੮੯)
***੪. ਸਾਧ ਕ੍ਰਿਪਾ ਤੇ ਸੂਕਾ ਹਰਿਆ॥*** (ਅੰਗ ੧੦੨)

ਇਸ ਤਰ੍ਹਾਂ ਪ੍ਰਭ ਕ੍ਰਿਪਾ, ਗੁਰ ਕਿਰਪਾ, ਸੰਤ ਕਿਰਪਾ, ਸਾਧ ਕਿਰਪਾ ਇਹ ਚਾਰ ਤਰ੍ਹਾਂ ਦੀ ਕਿਰਪਾ ਦੇ ਸਬੰਧ ਵਿਚ ਗੁਰਬਾਣੀ ਦੇ ਬੇਅੰਤ ਪ੍ਰਮਾਣ ਹਨ। ਵਿਸਥਾਰ ਦੇ ਕਾਰਣ ਨਹੀਂ ਦਿੱਤੇ ਪਰ ਕਿਰਪਾ ਹੋਰ ਵੀ ਬੇਅੰਤ ਤਰ੍ਹਾਂ ਦੀ ਹੈ। ਪੰਚਮ ਗੁਰਦੇਵ ਦਾ ਫੁਰਮਾਣ ਹੈ ਕਿ ਹੇ ਪ੍ਰਭੂ ਜੀ ! ਤੇਰੀ ਕਿਰਪਾ ਨਾਲ ਹੀ ਚੰਗੇ ਰਸਤੇ ਨੂੰ ਪਾਈਦਾ ਹੈ। ਤੇਰੀ ਕਿਰਪਾ ਨਾਲ ਨਾਮ ਧਿਆਈਦਾ ਹੈ, ਤੇਰੀ ਕਿਰਪਾ ਨਾਲ ਬੰਧਨ ਕੱਟੇ ਜਾਂਦੇ ਹਨ। ਤੇਰੀ ਕਿਰਪਾ ਨਾਲ ਹਉਮੈ ਤੋਂ ਛੁਟਕਾਰਾ ਹੋ ਜਾਂਦਾ ਹੈ।

***"ਤਉ ਕਿਰਪਾ ਤੇ ਮਾਰਗੁ ਪਾਈਐ॥ ਪ੍ਰਭ ਕਿਰਪਾ ਤੇ ਨਾਮੁ ਧਿਆਈਐ॥***
***ਪ੍ਰਭ ਕਿਰਪਾ ਤੇ ਬੰਧਨ ਛੁਟੈ॥ ਤਉ ਕਿਰਪਾ ਤੇ ਹਉਮੈ ਤੁਟੈ॥ ੧॥"***

(ਅੰਗ ੧੮੦)

ਪਰ ਸ੍ਰੀ ਮੁਖਵਾਕ ਦੀ ਪਹਿਲੀ ਪੰਗਤੀ ਹੈ :

***ਯਥਾ : "ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ॥"***

ਪੰਚਮ ਪਾਤਸ਼ਾਹ ਜੀ ਨੇ ਧਨਾਸਰੀ ਰਾਗੁ ਅੰਦਰ ਅੰਮ੍ਰਿਤ ਬਚਨ ਕਹੇ ਹਨ—

*"ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ॥*
*ਮਨ ਤੇ ਬਿਸਰਿਓ ਸਗਲੋ ਧੰਧਾ ਗੁਰ ਕੀ ਚਰਣੀ ਲਾਏ॥ ੧॥*
*ਸਾਧਸੰਗਿ ਚਿੰਤ ਬਿਰਾਨੀ ਛਾਡੀ॥*
*ਅਹੰਬੁਧਿ ਮੋਹ ਮਨ ਬਾਸਨ ਦੇ ਕਰਿ ਗਡਹਾ ਗਾਡੀ॥ ੧॥ ਰਹਾਉ॥*
*ਨਾ ਕੋ ਮੇਰਾ ਦੁਸਮਨੁ ਰਹਿਆ ਨ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ॥ ੨॥*
*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ॥*
*ਦੂਰਿ ਪਰਾਇਓ ਮਨ ਕਾ ਬਿਰਹਾ ਤਾ ਮੇਲੁ ਕੀਓ ਮੇਰੈ ਰਾਜਨ॥ ੩॥*
*ਬਿਨਸਿਓ ਢੀਠਾ ਅੰਮ੍ਰਿਤੁ ਵੂਠਾ ਸਬਦੁ ਲਗੋ ਗੁਰ ਮੀਠਾ॥*
*ਜਲਿ ਥਲਿ ਮਹੀਅਲਿ ਸਰਬ ਨਿਵਾਸੀ ਨਾਨਕ ਰਮਈਆ ਡੀਠਾ॥੪॥੩॥"*

(ਅੰਗ ੬੭੧)

ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸੇ ਦੀ ਕਿਰਪਾ ਵੀ ਦਰਸਾਈ ਹੈ।

*ਯਥਾ :-"ਇਨਹੀ ਕੀ ਕਿਰਪਾ ਕੇ ਸਜੇ ਹਮ ਹੈ ਨਹੀ ਮੋਸੇ ਗਰੀਬ ਕਰੋਰਿ ਪਰੇ॥*

(ਦਸਮ ਗ੍ਰੰਥ)

ਇਹ ਸਾਰਾ ਪ੍ਰਸੰਗ ਲਗ ਸਕਦਾ ਹੈ।

*"ਕ੍ਰਿਪਾ ਕਟਾਖੵ ਅਵਲੋਕਨੁ ਕੀਨੋ ਦਾਸ ਕਾ ਦੂਖੁ ਬਿਦਾਰਿਓ॥*

(ਅੰਗ ੬੮੧)

ਪ੍ਰੇਮੇ ਕੋਹੜੀ ਦੀ ਸਾਖੀ ਸ੍ਰੀ ਮੁਖ ਵਾਕ ਨੰਬਰ ੭ ਇਸੇ ਪੋਥੀ ਅੰਦਰ ਪੜ੍ਹੋ।

*ਕਰਿ ਕਿਰਪਾ ਦੀਓ ਮੋਹਿ ਨਾਮਾ॥*

ਕੋਹੜ ਮੇਟ ਕੇ, ਕਿਰਪਾ ਕਰਕੇ, ਨਾਮ ਦਾਨ ਦੇ ਕੇ, ਮਥੋ ਮੁਰਾਰੀ ਦਾ ਖ਼ਿਤਾਬ ਬਖ਼ਸ਼ ਕੇ ਸਿੱਖੀ ਦਾ ਪ੍ਰਚਾਰਕ ਬਣਾ ਦਿੱਤਾ ਸੀ। ਕਿਰਪਾ 'ਤੇ ਬੇਅੰਤ ਸਾਖੀਆਂ ਲਗ ਸਕਦੀਆਂ ਹਨ। ਦੀਪਾਲਪੁਰ ਦੇ ਕੋਹੜੀ ਦੀ ਸਾਖੀ, ਬਾਲਕ ਨੂੰ ਪਾਤਸ਼ਾਹੀ ਬਖ਼ਸ਼ਣੀ ਆਦਿ ਵਿਸਥਾਰ ਦੇ ਕਾਰਣ ਇਥੇ ਨਹੀਂ ਦਿੱਤੀਆਂ।

## ਸਾਖੀ—ਧੰਨ ਇਹ ਪਾਉ

ਭਾਈ ਬਾਲੇ ਅਤੇ ਮਰਦਾਨੇ ਸਮੇਤ ਜੀਆਂ ਨੂੰ ਤਾਰਦੇ ਸ੍ਰੀ ਗੁਰੂ ਨਾਨਕ ਦੇਵ ਜੀ ਰਸਤੇ ਵਿਚ ਚਲੇ ਜਾ ਰਹੇ ਸਨ। ਅਗੋਂ ਸਾਹਮਣਿਓਂ ਇਕ ਵਪਾਰੀ ਕੰਧੇ ਉਪਰ ਗੱਠੜੀ ਚੁਕੀ ਆ ਰਿਹਾ ਮਿਲਿਆ। ਗੁਰਦੇਵ ਨੇ ਪੁੱਛਿਆ ਭਾਈ, ਇਸ ਗੱਠੜੀ ਵਿਚ ਕੀ ਹੈ? ਤਾਂ ਉਸਨੇ ਹੱਥ ਜੋੜ ਬੇਨਤੀ ਕੀਤੀ ਜੀ ਹਜ਼ੂਰ! ਇਸ

ਵਿਚ ਲੂਣ, ਹਲਦੀ, ਘਿਰਤ, ਤੇਲ ਆਦਿ ਵਸਤੂਆਂ ਹਨ। ਜੀ ਮੈਂ ਰੋਜ਼ੀ ਵਾਸਤੇ ਨਗਰਾਂ ਵਿਚ ਫਿਰ ਫਿਰ ਕੇ ਸੌਦਾ ਵੇਚਦਾ ਹਾਂ। ਤਾਂ ਗੁਰਦੇਵ ਉਸ ਵਪਾਰੀ ਨੂੰ ਤਾਰਣ ਵਾਸਤੇ ਬੋਲੇ, ਭਾਈ ਇਹ ਗਠੜੀ ਖੋਲ੍ਹ ਕੇ ਵਿਖਾ। ਉਸ ਨੇ ਹਜ਼ੂਰ ਦਾ ਬਚਨ ਮੰਨ ਕੇ ਸ਼ੀਘਰ ਹੀ ਗਠੜੀ ਖੋਲ੍ਹ ਕੇ ਸਾਹਮਣੇ ਰੱਖ ਦਿੱਤੀ। ਉਸ ਗਠੜੀ ਵਿਚ ਤੋਲਣ ਵਾਲੇ ਪੱਥਰ ਦੇ ਵੱਟੇ ਸਨ, ਉਨ੍ਹਾਂ ਵਿਚੋਂ ਸਭ ਤੋਂ ਛੋਟਾ ਵੱਟਾ ਪਾਤਸ਼ਾਹ ਜੀ ਨੇ ਆਪਣੇ ਕਰ ਕਮਲਾਂ ਵਿਚ ਚੁਕ ਲਿਆ। ਗਠੜੀ ਵਿਚ ਪਏ ਵੱਟਿਆਂ ਵੱਲ ਇਸ਼ਾਰਾ ਕਰਕੇ ਪੁੱਛਿਆ ਕਿ ਭਾਈ, ਇਨ੍ਹਾਂ ਦੇ ਨਾਮ ਦੱਸ ? ਵਪਾਰੀ ਨੇ ਦਸਿਆ ਜੀ ਇਸ ਦਾ ਨਾਮ ਦੋ ਸੇਰ, ਇਹ ਇਕ ਸੇਰ ਤੇ ਇਹ ਅੱਧ ਸੇਰ ਹੈ ਅਤੇ ਜੋ ਆਪ ਜੀ ਪਾਸ ਹੈ ਇਹ ਇਕ ਪਾ ਹੈ। ਇਕ ਸੁਣਕੇ ਹਜ਼ੂਰ ਮੇਹਰ ਦੇ ਘਰ ਆਏ ਤੇ ਬਚਨ ਕਹੇ :-

***"ਸੁਨਿ ਗੁਰ ਕਹੈ ਧੰਨ ਇਹ ਪਾਊ॥***
***ਜਿਨ ਅਪਨੋ ਲਘੁ ਨਾਮ ਧਰਾਊ॥"***

ਧੰਨ ਇਹ ਪਾਈਆ ਹੈ ਜਿਸ ਆਪਣਾ ਨਾਮ ਛੋਟਾ ਰਖਾਇਆ ਹੈ। ਇਸ ਤਰ੍ਹਾਂ ਬਚਨ ਕਹਿੰਦਿਆਂ ਆਪ ਜੀ ਨੇ ਵਪਾਰੀ 'ਤੇ ਕਿਰਪਾ ਕਰ ਦਿੱਤੀ। ਵਪਾਰੀ ਹਜ਼ੂਰ ਦੇ ਚਰਨਾਂ 'ਤੇ ਢਹਿ ਪਿਆ। ਕਿੰਨਾ ਚਿਰ ਇਸ ਨੇ ਆਪਣਾ ਸਿਰ ਗੁਰਦੇਵ ਦੇ ਚਰਨਾਂ ਤੋਂ ਚੁੱਕਿਆ ਹੀ ਨਹੀਂ। ਤਾਂ ਸਤਿਗੁਰੂ ਸਾਹਿਬ ਜੀ ਨੇ ਬਖ਼ਸ਼ਿਸ਼ ਭਰਿਆ ਆਪਣਾ ਹਸਤ-ਕਮਲ ਇਸ ਦੇ ਸੀਸ 'ਤੇ ਰੱਖ ਦਿੱਤਾ।

***"ਤਹਿ ਛਿਨ ਖੁਲ੍ਹਗੇ ਬਿਕਟ ਕਪਾਟਾ॥ ਅਦਭੁਤ ਭਯੋ ਅਪਰ ਹੀ ਠਾਟਾ॥***
***ਜਗਯੋ ਗਯਾਨ ਦੁਬਿਧਾ ਸਭ ਖੋਈ॥ ਤੀਨ ਲੋਕ ਕੀ ਸੁਧ ਉਰ ਹੋਈ॥"***
***ਉਸੇ ਛਿਨ ਬਜਰ ਕਪਾਟ ਖੁਲ੍ਹ ਗਏ, ਸਿਮਰਨ ਦੀ ਰੌ ਚਲ ਪਈ॥***

ਅਸਚਰਜ ਜਿਹਾ ਹੋਰ ਹੀ ਠਾਟ-ਅਨੰਦ ਬਣ ਆਇਆ। ਤਿੰਨਾਂ ਲੋਕਾਂ ਦੀ ਅੰਤਰਜਾਮਤਾ ਹਿਰਦੇ ਅੰਦਰ ਹੋ ਆਈ। ਐਸੀ ਹਜ਼ੂਰ ਦੀ ਕਿਰਪਾ ਹੋਈ ਕਿ "ਅਨਦਿਨ ਨਾਮੁ ਵਖਾਣਾ ਰਾਮੁ॥" ਵਾਲੀ ਅਵਸਥਾ ਬਣ ਗਈ। ਸ੍ਵਾਸ ਸ੍ਵਾਸ ਸਿਮਰਨ ਹੋਣ ਲੱਗ ਪਿਆ। ਇਸ ਨੂੰ "ਤੱਤਛਿਨ ਪ੍ਰਾਪਤਿ ਗਯਾਨਿ ਭਾ ਪਰਸੇ ਪ੍ਰਭੁ ਕੇ ਹਾਥ॥੨੭॥" (ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ ਧਿਆਇ ੧੫) ਇਹ ਵੇਖ ਕੇ ਭਾਈ ਬਾਲੇ ਨੇ ਬੇਨਤੀ ਕੀਤੀ ਜੀ ਹਜ਼ੂਰ ਗੁਰਦੇਵ :-"ਇਨ ਵੈਪਾਰੀ ਤਤ ਛਿਨ ਪਾਈ॥ ਕਛੁ ਚਿਰ ਕਾਲ ਨ ਸੇਵ ਕਮਾਈ॥" ਤਾਂ ਗੁਰਦੇਵ ਨੇ ਦਸਿਆ ਕਿ ਇਸ ਦੀ ਪੂਰਬਲੇ ਜਨਮ ਦੀ ਕਮਾਈ ਸੀ, ਜਿਸ ਕਰਕੇ ਸਾਡਾ ਮਿਲਾਪ ਇਸਨੂੰ ਹੋਇਆ ਹੈ। ਅਸੀਂ ਕਿਰਪਾ ਕਰ ਦਿੱਤੀ ਜਿਸ ਕਰਕੇ ਇਸ ਦੇ ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ ਅਤੇ ਸ੍ਵਾਸਿ-ਸ੍ਵਾਸਿ ਨਾਮ ਸਿਮਰਨ ਚਲ ਪਿਆ। ਜਿਸ ਤਰ੍ਹਾਂ ਦੀਵਾ ਤੇਲ ਅਤੇ ਬੱਤੀ ਸਮੇਤ ਪਿਆ ਹੋਵੇ, ਉਸ ਨੂੰ ਜਿਸ ਵੇਲੇ ਕੋਈ ਪਾਵਕ ਭਾਵ ਤੀਲੀ ਲਗਾ ਦਿੰਦਾ ਹੈ ਤਾਂ ਸ਼ੀਘਰ ਹੀ ਰੋਸ਼ਨੀ ਹੋ ਜਾਂਦੀ ਹੈ, ਇਸੇ ਤਰ੍ਹਾਂ ਇਸ ਨੂੰ ਜਾਣਨਾ ਕਰੋ।

***"ਦੀਪਕ ਬਾਤੀ ਤੇਲ ਯੁਤ ਪਾਵਕ ਲਾਵਨ ਦੇਹ॥***
***ਹੋਇ ਰੋਸ਼ਨੀ ਤੁਰਤ ਮਿਲ, ਤਯੋ ਇਸ ਕੋ ਤੂੰ ਹੇਰ॥ ੩੨ ॥"***

**ਬਿਹਾਗੜਾ ਮਹਲਾ ੫ ॥ ਕਰਿ ਕਿਰਪਾ ਗੁਰ ਪਾਰਬ੍ਰਹਮ ਪੂਰੇ ਅਨਦਿਨੁ ਨਾਮੁ ਵਖਾਣਾ ਰਾਮ ॥ ਅੰਮ੍ਰਿਤ ਬਾਣੀ ਉਚਰਾ ਹਰਿ ਜਸੁ ਮਿਠਾ ਲਾਗੈ ਤੇਰਾ ਭਾਣਾ ਰਾਮ ॥ ਕਰਿ ਦਇਆ ਮਇਆ ਗੋਪਾਲ ਗੋਬਿੰਦ ਕੋਇ ਨਾਹੀ ਤੁਝ ਬਿਨਾ ॥ ਸਮਰਥ ਅਗਥ ਅਪਾਰ ਪੂਰਨ ਜੀਉ ਤਨੁ ਧਨੁ ਤੁਮ੍ ਮਨਾ ॥ ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ ॥ ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ ॥ ੧ ॥**

**ਪਦ ਅਰਥ :**–ਗੁਰ ਪਾਰਬ੍ਰਹਮ ਪੂਰੇ–ਹੇ ਪੂਰਨ ਪਾਰਬ੍ਰਹਮ ਗੁਰਦੇਵ। ਅਨਦਿਨੁ–ਰਾਤੁ ਦਿਨ। ਨਿਤ, ਹਰ ਰੋਜ਼, ਹਮੇਸ਼ਾ। ਵਖਾਣਾ–ਸਿਮਰਦਾ ਰਹਾਂ। ਅੰਮ੍ਰਿਤ–(ਆਪ ਜੀ ਦੀ) ਅੰਮ੍ਰਿਤ ਰੂਪ। ਬਾਣੀ–ਬਾਣੀ ਦੁਆਰਾ। ਹਰਿ ਜਸੁ–ਹਰੀ ਜਸ। ਉਚਰਾ–ਉਚਾਰਨ ਕਰਦਾ ਰਹਾਂ। ਅਗਥ–ਅਕੱਥ। ਤੁਮ੍–ਤੇਰਾ ਦਿੱਤਾ ਹੋਇਆ। ਮੂਰਖ ਮੁਗਧ–ਮੂਲੋ ਮੂਰਖ ਹਾਂ, ਮੁਗਧ=ਅਗਿਆਨ ਨੂੰ ਪ੍ਰਾਪਤ ਹੋਇਆ ਹਾਂ। ਦਇਆ–ਤਰਸ। ਮਇਆ–ਕਿਰਪਾ।

**ਅਰਥ :**– ਹੇ ਪੂਰਨ ਪਾਰਬ੍ਰਹਮ ਗੁਰਦੇਵ! (ਆਪ ਜੀ ਐਸੀ) ਕਿਰਪਾ ਕਰੋ, ਮੈਂ ਦਿਨ ਰਾਤ ਰਾਮ=ਵਿਆਪਕ ਪ੍ਰੇਮਸ਼ਰ ਦਾ ਨਾਮ ਸਿਮਰਦਾ ਰਹਾਂ। (ਆਪ ਜੀ ਦੇ) ਅੰਮ੍ਰਿਤ ਰੂਪ ਦੁਆਰਾ ਹਰੀ ਜਸ ਉਚਾਰਨ ਕਰਦਾ ਰਹਾਂ (ਅਤੇ ਹੇ ਰਾਮ!) ਤੇਰਾ ਭਾਣਾ (ਮੈਨੂੰ) ਮਿੱਠਾ ਕਰਕੇ ਲੱਗੇ। ਹੇ ਗੋਪਾਲ! ਹੇ ਗੋਬਿੰਦ!! (ਸਰਬ ਜੀਆਂ 'ਤੇ) ਕਿਰਪਾ ਕਰਨ ਵਾਲੇ! (ਮੇਰੇ 'ਤੇ ਵੀ) ਤਰਸ ਕਰੋ, ਕਿਉਂਕਿ ਤੁਹਾਡੇ ਬਿਨਾਂ ਮੇਰਾ ਹੋਰ ਕੋਈ ਨਹੀਂ। ਹੇ ਸਰਬ ਕਲਾ ਸਮਰੱਥ ਪਾਰਾਵਾਰ ਤੋਂ ਰਹਿਤ, ਹੇ ਅਕੱਥ ਸਰਬ ਥਾਂ ਪੂਰਨ (ਵਾਹਿਗੁਰੂ ਜੀ!) ਮੇਰਾ ਜੀਉ=ਆਤਮਾ, ਮਨ, ਤਨ=ਸਰੀਰ ਅਤੇ ਧਨ (ਇਹ ਸਭ ਕੁਝ ਮੈਨੂੰ) ਤੇਰਾ ਦਿੱਤਾ ਹੋਇਆ ਹੈ। ਮੈਂ ਮੂਲੋਂ ਮੂਰਖ, ਅਨਾਥ ਤੇ ਚੰਚਲ, ਬਲਹੀਣ, ਨੀਚ ਅਤੇ ਅਜਾਣਾ=ਬੇਸਮਝ ਹਾਂ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਵਾਹਿਗੁਰੂ ਜੀ! ਮੈਂ ਤੇਰੀ ਸ਼ਰਣ ਹਾਂ, ਮੈਨੂੰ ਆਵਣ ਜਾਣਾ=ਜਨਮ ਮਰਣ ਦੇ ਚੱਕਰ ਵਿਚ ਪੈਣ ਤੋਂ ਰੱਖ ਲਵੋ ਭਾਵ ਬਚਾ ਲਵੋ।੧।

**ਸਾਧਹ ਸਰਣੀ ਪਾਈਐ ਹਰਿ ਜੀਉ ਗੁਣ ਗਾਵਹ ਹਰਿ ਨੀਤਾ ਰਾਮ ॥ ਧੂਰਿ ਭਗਤਨ ਕੀ ਮਨਿ ਤਨਿ ਲਗਉ ਹਰਿ ਜੀਉ ਸਭ ਪਤਿਤ ਪੁਨੀਤਾ ਰਾਮ ॥ ਪਤਿਤਾ ਪੁਨੀਤਾ ਹੋਹਿ ਤਿਨ੍ ਸੰਗਿ ਜਿਨ੍ ਬਿਧਾਤਾ ਪਾਇਆ ॥ ਨਾਮ ਰਾਤੇ ਜੀਅ ਦਾਤੇ ਨਿਤ ਦੇਹਿ ਚੜਹਿ ਸਵਾਇਆ ॥ ਰਿਧਿ ਸਿਧਿ ਨਵ ਨਿਧਿ ਹਰਿ ਜਪਿ ਜਿਨੀ ਆਤਮੁ ਜੀਤਾ ॥ ਬਿਨਵੰਤਿ ਨਾਨਕੁ ਵਡਭਾਗਿ ਪਾਈਅਹਿ ਸਾਧ ਸਾਜਨ ਮੀਤਾ ॥ ੨ ॥**

**ਪਦ ਅਰਥ :**–ਸਾਧਹ ਸਰਣੀ–ਸਾਧੂਆਂ ਦੀ ਸ਼ਰਣ ਵਿਚ। ਗੁਣ ਗਾਵਹ–ਗੁਣ ਗਾਈਏ। ਭਗਤਨ–

ਭਗਤਾਂ। ਪਤਿਤ-ਪਾਪੀ। ਪੁਨੀਤਾ-ਪਵਿੱਤ੍ਰ। ਤਿਨ੍ ਸੰਗਿ-ਉਨ੍ਹਾਂ ਦੀ ਸੰਗਤ ਕਰਕੇ। ਬਿਧਾਤਾ-ਫਲ ਬਰ ਦਾਤਾ ਭਾਵ ਕਰਤਾਰ। ਰਾਤੇ-ਰੰਗੇ ਹੋਏ। ਜੀਅ ਦਾਤੇ-ਜੀਆਂ ਨੂੰ ਦਾਨ ਦੇਣ ਵਾਲੇ। ਚੜਹਿ ਸਵਾਇਆ-ਵਧਦਾ ਰਹਿੰਦਾ ਹੈ। ਰਿਧਿ-ਇਕ ਕਰਾਮਾਤ, ਸੇਰ ਅੰਨ ਦੇ ਪ੍ਰਸ਼ਾਦਿਆਂ ਨਾਲ ਹਜ਼ਾਰਾਂ ਨੂੰ ਛਕਾ ਕੇ ਫੇਰ ਵੀ ਨਾ ਮੁਕਣੇ। ਸਿਧਿ-ਅਠਾਰਾਂ ਸਿਧੀਆਂ ਮੰਨੀਆਂ ਹਨ ਜਿਨ੍ਹਾਂ ਵਿਚੋਂ ਅੱਠ ਮੁਖ ਤੇ ਦਸ ਗਉਣ ਹਨ, ਇਹ ਵੀ ਕਰਾਮਾਤਾਂ ਹਨ। ਨਵ ਨਿਧਿ-ਨੌਂ ਨਿਧੀਆਂ, ਨੌ ਤਰ੍ਹਾਂ ਦੀ ਧਨ ਰਾਸ਼ੀ, "ਅਸਨ, ਬਸਨ, ਭੂ, ਕਨਿਕ ਫੁਨ, ਦਾਸੀ, ਚੋਬ, ਗੁਲਾਮ, ਰਥਿਵਾਹੇ, ਹਿੰਡੋਲੇ, ਜਾਨੀਏ ਜਹਿ ਨਉ ਨਿਧਿ ਕੇ ਹੈ ਨਾਮ। ਆਤਮੁ-ਮਨ, ਆਪਣਾ ਆਪੁ।

**ਅਰਥ** :- ਹੇ ਹਰਿ ਜੀਉ! (ਕਿਰਪਾ ਕਰਕੇ ਮੈਨੂੰ) ਸਾਧੂਆਂ ਦੀ ਸ਼ਰਣ ਵਿਚ ਪਾ ਦਿਓ, (ਤਾਂ ਜੋ ਸਾਧੂ ਸੰਗ ਵਿਚ ਮਿਲ ਕੇ) ਵਿਆਪਕ ਹਰੀ ਦੇ ਹਮੇਸ਼ਾ ਗੁਣ ਗਾਈਏ। ਭਗਤਾਂ ਦੀ ਚਰਨ ਧੂੜੀ ਹੇ ਹਰਿ ਜੀਉ ! (ਕਿਰਪਾ ਕਰੋ) ਅਸੀਂ ਮਨ ਕਰਕੇ ਸਰੀਰ ਨੂੰ ਲਗਾਈਏ, (ਜਿਸ ਧੂੜੀ ਨਾਲ ਹੇ ਰਾਮ ! ਸਾਰੇ ਪਾਪੀ ਪਵਿੱਤ੍ਰ ਹੋ ਜਾਂਦੇ ਹਨ। ਜਿਨ੍ਹਾਂ (ਭਗਤਾਂ ਨੇ) ਫਲ ਬਰ ਦਾਤੇ ਭਾਵ ਕਰਤਾਰ ਨੂੰ ਪਾ ਲਿਆ ਹੈ, ਉਨ੍ਹਾਂ ਦੀ ਸੰਗਤ ਕਰਕੇ ਪਾਪੀ ਪਵਿੱਤ੍ਰ ਹੋ ਜਾਂਦੇ ਹਨ। (ਉਹ ਭਗਤ ਜਨ) ਨਾਮ ਰੰਗ ਵਿਚ ਰੰਗੇ ਹੋਏ ਜੀਅ ਦਾਨ ਦੇਣ ਵਾਲੇ ਹਨ, (ਉਹ ਜੀਅ ਦਾਨ, ਨਾਮ ਧਨ) ਹਮੇਸ਼ਾ ਦਿੱਤਾ ਵਧਦਾ ਰਹਿੰਦਾ ਹੈ। ਜਿਨ੍ਹਾਂ (ਭਗਤ ਜਨਾਂ ਨੇ) ਹਰੀ ਨਾਮ ਜਪੁ ਕੇ ਮਨ ਰੂਪ ਦੁਸ਼ਮਣ ਨੂੰ ਜਿੱਤ ਲਿਆ ਹੈ, (ਉਨ੍ਹਾਂ ਪਾਸ ਇਹ) ਰਿਧੀਆਂ, ਸਿਧੀਆਂ, ਨੌਂ ਨਿੱਧੀਆਂ ਆਦਿ ਕਰਾਮਾਤਾਂ ਰੂਪ ਸਭ ਸ਼ਕਤੀਆਂ ਆ ਜਾਂਦੀਆਂ ਹਨ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਸਾਧੂ ਸੱਜਨ ਮਿੱਤਰਾਂ ਦਾ ਮਿਲਾਪ ਵੱਡਿਆਂ ਭਾਗਾਂ ਨਾਲ ਪਾਇਆ ਜਾਂਦਾ ਹੈ।੨।

**ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ ॥ ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ ॥ ਕਾਮੁ ਕ੍ਰੋਧੁ ਨ ਲੋਭੁ ਬਿਆਪੈ ਜੋ ਜਨ ਪ੍ਰਭ ਸਿਉ ਰਾਤਿਆ ॥ ਏਕੁ ਜਾਨਹਿ ਏਕੁ ਮਾਨਹਿ ਰਾਮ ਕੈ ਰੰਗਿ ਮਾਤਿਆ ॥ ਲਗਿ ਸੰਤ ਚਰਣੀ ਪੜੇ ਸਰਣੀ ਮਨਿ ਤਿਨਾ ਓਮਾਹਾ ॥ ਬਿਨਵੰਤਿ ਨਾਨਕੁ ਜਿਨ ਨਾਮੁ ਪਲੈ ਸੇਈ ਸਚੇ ਸਾਹਾ ॥ ੩ ॥**

**ਪਦ ਅਰਥ** :-ਤਿੰਨ ਪਹਿ-ਉਹਨਾਂ ਪਾਸ। ਏਕੁ ਜਾਨਹਿ-ਇਕ ਪ੍ਰਭੂ ਨੂੰ ਜਾਣਦੇ ਹਨ। ਮਾਤਿਆ-ਮਸਤ ਰਹਿੰਦੇ ਹਨ। ਉਮਾਹਾ-ਉਤਸ਼ਾਹ।

**ਅਰਥ** :-ਹੇ ਹਰਿ ਜੀਉ ! ਜਿਨ੍ਹਾਂ (ਗੁਰਮੁਖਾਂ ਨੇ) ਸੱਚ ਨਾਮ ਦਾ ਵਣਜ ਵਣੰਜਿਆ ਹੈ, ਹੇ ਭਾਈ ! ਉਹ ਪੂਰੇ ਸ਼ਾਹ ਹਨ। ਹੇ ਹਰਿ ਜੀਉ ! ਉਨ੍ਹਾਂ ਪਾਸ ਹਰੀ ਰਾਮ ਦਾ ਕੀਰਤਨ=ਜਸ ਕਰਕੇ ਲਾਭ ਲੈਣ ਰੂਪ ਅਤੇ ਨਾਮ ਧਨ ਬਹੁਤ ਖ਼ਜ਼ਾਨਾ ਹੈ। ਜੋ ਸੇਵਕ ਜਨ ਪ੍ਰਭੂ ਨਾਲ ਰੱਤੇ ਰਹਿੰਦੇ ਹਨ, ਉਹਨਾਂ ਨੂੰ ਕਾਮ, ਕ੍ਰੋਧ, ਲੋਭ ਆਦਿ ਕੋਈ ਵਿਕਾਰ ਨਹੀਂ ਵਿਆਪਦੇ। ਉਹ ਇਕ ਰਾਮ=ਪ੍ਰਭੂ ਨੂੰ ਜਾਣਦੇ ਹੋਏ ਉਸੇ ਇਕ ਨੂੰ ਮੰਨਦੇ

ਤੇ ਉਸ ਦੇ ਨਾਮ ਵਿਚ ਮਸਤ ਰਹਿੰਦੇ ਹਨ। ਉਹ ਸੰਤਾਂ ਦੇ ਚਰਣੀ ਲੱਗ ਕੇ (ਪ੍ਰਭੂ ਦੀ) ਸ਼ਰਣ ਪੈ ਗਏ ਹਨ (ਅਤੇ) ਉਹਨਾਂ ਦੇ ਮਨ ਵਿਚ ਉਤਸ਼ਾਹ ਬਣਿਆ ਰਹਿੰਦਾ ਹੈ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਜਿਨ੍ਹਾਂ ਦੇ ਬੁਧੀ ਰੂਪ ਪੱਲੇ ਵਿਚ ਨਾਮ ਧਨ ਹੈ, ਉਹ ਅਸਲ ਸੱਚੇ ਸ਼ਾਹ ਹਨ। ੩।

**ਨਾਨਕ ਸੋਈ ਸਿਮਰੀਐ ਹਰਿ ਜੀਉ ਜਾ ਕੀ ਕਲ ਧਾਰੀ ਰਾਮ॥ ਗੁਰਮੁਖਿ ਮਨਹੁ ਨ ਵੀਸਰੈ ਹਰਿ ਜੀਉ ਕਰਤਾ ਪੁਰਖੁ ਮੁਰਾਰੀ ਰਾਮ॥ ਦੂਖੁ ਰੋਗੁ ਨ ਭਉ ਬਿਆਪੈ ਜਿਨ੍ੀ ਹਰਿ ਹਰਿ ਧਿਆਇਆ॥ ਸੰਤ ਪ੍ਰਸਾਦਿ ਤਰੇ ਭਵਜਲੁ ਪੂਰਬਿ ਲਿਖਿਆ ਪਾਇਆ॥ ਵਜੀ ਵਧਾਈ ਮਨਿ ਸਾਂਤਿ ਆਈ ਮਿਲਿਆ ਪੁਰਖੁ ਅਪਾਰੀ॥ ਬਿਨਵੰਤਿ ਨਾਨਕੁ ਸਿਮਰਿ ਹਰਿ ਹਰਿ ਇਛ ਪੁੰਨੀ ਹਮਾਰੀ॥੪॥੩॥**

**ਪਦ ਅਰਥ** :–ਕਲ–ਸ਼ਕਤੀ ਨੇ। ਧਾਰੀ–ਸਾਰੀ ਸੰਸਾਰਕ ਰਚਨਾ ਆਪਣੀ ਮਰਯਾਦਾ ਵਿਚ ਧਾਰਣ ਕਰ ਰੱਖੀ ਹੈ, ਧਾਰੀ=ਧਾਰਣ ਕਰ ਰੱਖੀ ਹੈ। ਮੁਰਾਰੀ–ਮੁਰ (ਦੈਂਤ ਦਾ) ਵੈਰੀ ਭਾਵ ਪ੍ਰਮਾਤਮਾ। ਦੂਖੁ–ਜੰਮਣ ਮਰਨ ਦਾ। ਰੋਗੁ–ਸਰੀਰਕ ਰੋਗ (ਅਤੇ) ਹਉਮੈ ਦਾ। ਨ ਭਉ–ਜਮਾਂ ਦਾ ਡਰ ਨਹੀਂ ਹੁੰਦਾ। ਪੂਰਬਿ ਲਿਖਿਆ–ਪੂਰਬਲੇ ਜਨਮ ਵਿਚ ਕੀਤੇ ਕਰਮ ਦੇ ਲਿਖੇ ਲੇਖ ਅਨੁਸਾਰ। ਅਪਾਰੀ–ਪਾਰ ਨਹੀਂ ਪਾਈਦਾ ਬੇਅੰਤ (ਪ੍ਰਭ)। ਪੁੰਨੀ–ਪੂਰੀ ਹੋ ਗਈ।

**ਅਰਥ** :–ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ) ਉਸ ਹਰਿ ਜੀਉ ਦਾ ਸਿਮਰਨ ਕਰੀਏ ਜਿਸ ਰਾਮ ਦੀ ਸ਼ਕਤੀ ਨੇ (ਸਾਰੀ ਸੰਸਾਰਕ ਰਚਨਾ ਆਪਣੀ ਮਰਯਾਦਾ ਵਿਚ) ਧਾਰਣ ਕਰ ਰੱਖੀ ਹੈ। (ਸਿਮਰਨ ਕਰਨ ਵਾਲੇ) ਗੁਰਮੁਖ ਦੇ ਮਨ ਤੋਂ ਕਰਤਾ ਪੁਰਖ, ਪ੍ਰਮਾਤਮਾ, ਰਾਮ, ਹਰਿ ਜੀਉ (ਕਦੇ) ਨਹੀਂ ਭੁੱਲਦਾ। (ਹਾਂ ਉਨ੍ਹਾਂ ਨੂੰ) ਕਿਸੇ ਤਰ੍ਹਾਂ ਦਾ ਦੁੱਖ, ਰੋਗ ਤੇ ਡਰ ਨਹੀਂ ਵਿਆਪਦਾ ਜਿਨ੍ਹਾਂ ਨੇ ਹਰਿ ਹਰਿ ਨਾਮ ਧਿਆਇਆ ਹੈ। ਉਹ ਸੰਤ ਕਿਰਪਾ ਨਾਲ ਸੰਸਾਰ ਸਮੁੰਦਰ ਤੋਂ ਤਰ ਗਏ ਹਨ, (ਇਹ ਸੰਤ ਕਿਰਪਾ ਤੇ ਸੰਸਾਰ ਤੋਂ ਤਰਨਾ) ਪੂਰਬਲੇ ਜਨਮ ਵਿਚ ਕੀਤੇ ਕਰਮਾਂ ਦੇ ਲਿਖੇ ਲੇਖ ਅਨੁਸਾਰ ਸਭ ਕੁਝ ਪਾਇਆ ਹੈ। ਹਾਂ, ਬੇਅੰਤ ਪੂਰਨ ਪੁਰਖ ਦੇ ਮਿਲਿਆਂ ਮਨ ਵਿਚ ਸ਼ਾਂਤੀ ਪ੍ਰਾਪਤ ਹੋ ਗਈ ਹੈ ਤੇ ਅਨੰਦ ਦੀ ਵਧਾਈ ਵੱਜੀ ਹੈ। ਬੇਨਤੀ ਪੂਰਬਿਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹਰਿ ਹਰਿ ਨਾਮ ਦਾ ਸਿਮਰਨ ਕਰਕੇ (ਪੂਰਨ ਪੁਰਖ ਦਾ ਮਿਲਾਪ ਰੂਪ) ਸਾਡੀ ਇੱਛਾ ਪੂਰੀ ਹੋ ਗਈ ਹੈ।੪।੩।

## ਵਿਆਖਿਆ ਤੇ ਸਾਰੰਸ਼

ਅੰਕਿ ਪਹਿਲੇ ਅੰਦਰ ਪੂਰਨ ਪਾਰਬ੍ਰਹਮ ਪ੍ਰਮੇਸ਼ਰ ਦੀ ਕ੍ਰਿਪਾ ਦੁਆਰਾ ਦਿਨ ਰਾਤ ਨਾਮ ਜਪਣ ਦੀ ਜਾਚਣਾ ਕੀਤੀ ਹੈ। ਅੰਕਿ ਦੂਜੇ ਅੰਦਰ ਸਾਧਾਂ ਦੀ ਸ਼ਰਣ ਤੇ ਭਗਤਾਂ ਦੀ ਧੂੜੀ ਦਾ ਜ਼ਿਕਰ ਹੈ। ਜੋ ਰੰਗ ਰਤੜੇ "ਜੀਅ ਦਾਨ ਦੇ ਭਗਤੀ ਲਾਇਨ" ਤੇ ਕਰਾਮਾਤਾਂ ਰੂਪ ਸ਼ਕਤੀਆਂ ਦੇ ਮਾਲਕ ਹਨ, ਜਿਨ੍ਹਾਂ ਨੇ 'ਆਤਮ

ਜੀਤਾ॥' ਤੀਜੇ ਅੰਕ ਵਿਚ ''ਜਿਨੀ ਸਚੁ ਵਣੰਜਿਆ'' ਅਤੇ 'ਬਹੁਤੁ ਖਜਾਨਾ ਤਿੰਨ ਪਹਿ (ਹੋਣ ਕਰਕੇ) ਸੇਈ ਸਚੇ ਸਾਹਾ॥ ੩॥' ਕਿਹਾ ਹੈ।

ਚੌਥੇ ਅੰਕ ਅੰਦਰ ਜਿਸ ਪ੍ਰਮੇਸ਼ਰ ਨੇ ਸਾਰੀ ਸੰਸਾਰਕ ਰਚਨਾ ਆਪਣੇ ਆਸਰੇ ਟਿਕਾਅ ਰੱਖੀ ਹੈ। 'ਨਾਨਕ ਸੋਈ ਸਿਮਰੀਐ ਹਰਿ ਜੀਉ' (ਏਹਿ ਕਹਿ ਕੇ ਨਾਲ ਹੀ ਕਿਹਾ ਹੈ) ਜਿਨ੍ਹਾਂ ਨੂੰ 'ਮਿਲਿਆ ਪੁਰਖੁ ਅਪਾਰੀ॥' ਉਨ੍ਹਾਂ ਦੇ ਮਨ ਅੰਦਰ ਸ਼ਾਂਤੀ ਪ੍ਰਾਪਤ ਤੇ ਅਨੰਦ ਦੀ ਵਧਾਈ ਵੱਜੀ ਹੈ। ੪। ੩।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੦ (ਅੰਗ ੫੪੫)

## ਬਿਹਾਗੜਾ ਮਹਲਾ ੫ ॥

ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ ॥ ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ ॥ ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ ॥ ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ ॥ ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ ॥੧॥ ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥ ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ ॥ ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥ ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ ॥ ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ ॥੨॥ ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥ ਸਭ ਕਾਮ ਪੂਰਨ ਦੁਖ ਬਿਦੀਰਨ ਹਰਿ ਨਿਮਖ ਮਨਹੁ ਨ ਬੀਸਰੈ ॥ ਆਨੰਦ ਅਨਦਿਨੁ ਸਦਾ ਸਾਚਾ ਸਰਬ ਗੁਣ ਜਗਦੀਸਰੈ ॥ ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ ॥ ਬਿਨਵੰਤਿ ਨਾਨਕ ਮੇਰੀ ਇਛ ਪੂਰਨ ਮਿਲੇ ਸ੍ਰੀਰੰਗ ਰਾਮਾ ॥੩॥ ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ ॥ ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ ॥ ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਪ੍ਰਭ ਊਚ ਅਗਮ ਅਪਾਰੇ ॥ ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ਪ੍ਰਭ ਮਿਲੇ ਅਤਿ ਪਿਆਰੇ ॥੪॥੩॥੬॥

## ਪ੍ਰਾਕ੍ਥਨ :-

ਭੱਟਾਂ ਨੇ ਬਾਣੀ ਅੰਦਰ ਕਿਹਾ ਹੈ "ਭਨਿ ਮਥੁਰਾ ਕਛੁ ਭੇਦੁ ਨਹੀ ਗੁਰ ਅਰਜੁਨੁ ਪਰਤਖ੍ਹ ਹਰਿ॥" ਪ੍ਰਤੱਖ ਵਾਹਿਗੁਰੂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸ਼ਬਦ ਅੰਦਰ ਪ੍ਰਾਣਾਂ ਦੇ ਆਸਰੇ ਪ੍ਰਭੂ ਜੀ ਨੂੰ "ਖੋਜਤ ਸੰਤ ਫਿਰਹਿ ਪ੍ਰਭ ਪ੍ਰਾਨ ਅਧਾਰੇ ਰਾਮ॥" ਕਿਹਾ ਹੈ। ਖੋਜਤ ਤੋਂ ਭਾਵ ਹੈ ਖੋਜਣਾ, ਲੱਭਣਾ।

## ਸੰਤ ਕਿਸਦੀ ਖੋਜ ਕਰਦੇ ਹਨ

ਇਥੇ ਸੰਤ ਪ੍ਰਭੂ ਨੂੰ ਖੋਜਦੇ ਲੱਭਦੇ ਦਰਸਾਏ ਹਨ। ਸੰਸਾਰਕ ਤੌਰ ਤੇ ਅੱਜ ਮਨੁੱਖ ਬੜੀਆਂ ਖੋਜਾਂ ਕਰੀ ਜਾ ਰਿਹਾ ਹੈ। ਖੋਜ ਕਰਨ ਵਾਲਾ ਸਾਇੰਸ ਤੌਰ ਤੇ ਭਾਵੇਂ ਚੰਦ੍ਰਮਾ ਤੱਕ ਪਹੁੰਚ ਦੀ ਗੱਲ ਕਰਦਾ ਹੈ, ਪਰ ਜਿੰਨਾ ਮਰਜ਼ੀ ਯਤਨ ਕਰ ਲਵੇ, ਭਾਈ ਗੁਰਦਾਸ ਦਾ ਕਥਨ ਹੈ ਕਿ ਓੜਕ ਨਹੀਂ ਪਾ ਸਕਦਾ।

***"ਖੋਜੀ ਖੋਜਨਿ ਖੋਜਿ ਦਹਿ ਦਿਸਿ ਧਾਵਹੀ। ਚਿਰ ਜੀਵੈ ਲਖ ਹੋਇ ਨ ਓੜਕੁ ਪਾਵਹੀ।***

***ਖਰੇ ਸਿਆਣੇ ਹੋਇ ਨ ਮਨੁ ਸਮਝਾਵਹੀ। ਲਉਬਾਲੀ ਦਰਗਾਹ ਚੋਟਾਂ ਖਾਵਹੀ॥ ੧੧॥***

(ਵਾਰ ੨੧, ਪਉੜੀ ੧੧)

ਸੰਸਾਰ ਅੰਦਰ ਦੇਸ਼ ਵਿਦੇਸ਼ ਵਿਚ ਅੱਜ ਯੂਨੀਵਰਸਿਟੀਆਂ ਵਿਚ ਖੋਜ ਵਿਭਾਗ ਬਣਾਏ ਹੋਏ ਹਨ। ਵੱਖ-ਵੱਖ ਵਿਸ਼ਿਆਂ 'ਤੇ ਖੋਜ ਕਰਨ ਲਈ ਵੱਖ ਵੱਖ ਹਰ ਵਿਸ਼ੇ ਨਾਲ ਸਬੰਧਤ ਖੋਜ ਵਿਭਾਗ ਬਣਿਆ ਹੋਇਆ ਹੈ, ਜਿਸ ਵਸਤੂ ਨੂੰ ਅਸੀਂ ਖੋਜਦੇ ਹਾਂ ਜਾਂ ਜਿਸ ਦੀ ਅਸੀਂ ਖੋਜ ਕਰਦੇ ਹਾਂ। ਹਰ ਵਸਤੂ ਨੇ ਆਪਣਾ ਆਪ ਛੁਪਾ ਕੇ ਰੱਖਿਆ ਹੈ। ਜੈਸੇ ਪਾਰਸ ਭਾਵੇਂ ਪੱਥਰ ਹੀ ਹੈ ਪਰ ਪੱਥਰਾਂ ਵਿਚ ਛੁਪਿਆ ਹੈ। ਹਰ ਕੋਈ ਪਛਾਣ ਨਹੀਂ ਕਰ ਸਕਦਾ। ਭਾਈ ਸਾਹਿਬ ਜੀ ਦਾ ਕਥਨ ਹੈ-

***"ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।***

***ਵਿਰਲਾ ਕੋਇ ਸਿਞਾਣਦਾ ਖੋਜੀ ਖੋਜਿ ਲਏ ਸੋ ਪਾਏ।"***

(ਵਾਰ ੧੬, ਪਉੜੀ ੯)

ਇਸੇ ਤਰ੍ਹਾਂ ਹੀਰੇ, ਰਤਨ, ਜਵੇਹਰ, ਲਾਲ, ਨੀਲਮ, ਮਾਣਕ ਆਦਿ ਇਹ ਸਾਰੇ ਪੱਥਰਾਂ ਵਿਚ ਹੀ ਲੁਕੇ ਛੁਪੇ ਹੁੰਦੇ ਹਨ। ਵੱਖ ਵੱਖ ਇਨ੍ਹਾਂ ਦੀ ਕੀਮਤ ਹੁੰਦੀ ਹੈ, ਪਰ ਹਰ ਕੋਈ ਇਨ੍ਹਾਂ ਦੀ ਕੀਮਤ ਨਹੀਂ ਜਾਣਦਾ। ਹੀਰੇ ਰਤਨ ਕੀਮਤੀ ਵਸਤੂਆਂ ਭਾਵੇਂ ਰਾਜਿਆਂ ਪਾਸ ਹੁੰਦੀਆਂ ਹਨ, ਪਰ ਉਹ ਵੀ ਕੀਮਤ ਜਾਣਨ ਲਈ ਜੌਹਰੀਆਂ ਪਾਸੋਂ ਪੁੱਛਦੇ ਹਨ ਕਿ ਇਸ ਰਤਨ ਜਾਂ ਹੀਰੇ ਦੀ ਕੀਮਤ ਕਿਤਨੀ ਹੈ।

### ਹੀਰੇ ਦੀ ਕੀਮਤ ਦੀ ਪਰਖ

ਇਸੇ ਤਰ੍ਹਾਂ ਇਕ ਬਾਦਸ਼ਾਹ ਦੇ ਪਾਸ ਬੜਾ ਸੁੰਦਰ ਰਤਨ ਸੀ। ਉਸਨੇ ਉਸਦੀ ਕੀਮਤ ਜਾਣਨ ਲਈ ਚੰਗਾ ਜੌਹਰੀ ਲੱਭਿਆ। ਉਸ ਨੇ ਜੌਹਰੀ ਨੂੰ ਕਿਹਾ ਕਿ ਮੇਰੇ ਪਾਸ ਇਹ ਰਤਨ ਹੈ, ਤੂੰ ਪਰਖ ਕਿ ਇਹ ਕਿੰਨੀ

ਕੁ ਕੀਮਤ ਦਾ ਹੈ। ਉਸਨੇ ਰਤਨ ਨੂੰ ਚੰਗੀ ਤਰ੍ਹਾਂ ਵੇਖਕੇ ੯੯ ਲੱਖ ਰੁਪਏ ਉਸਦੀ ਕੀਮਤ ਪਾਈ। ਬਾਦਸ਼ਾਹ ਨੇ ਪੁੱਛਿਆ ਕਿ ਤੈਨੂੰ ਕਿਵੇ ਪਤਾ ਲੱਗਾ ਕਿ ਇਹ ੯੯ ਲੱਖ ਦਾ ਹੈ। ਪੂਰੇ ਇਕ ਕ੍ਰੋੜ ਦਾ ਕਿਉਂ ਨਹੀਂ ਕਿਹਾ ? ਤਾਂ ਉਸ ਜੌਹਰੀ ਨੇ ਕਿਹਾ, ਤੁਸੀਂ ਮੈਨੂੰ ਆਪਣੇ ਤੋਸ਼ੇਖ਼ਾਨੇ ਵਿਚੋ ਸੌ ਮਣੀਆਂ ਮੰਗਵਾ ਕੇ ਦਿਉ। ਬਾਦਸ਼ਾਹ ਨੇ ਮੰਗਵਾ ਦਿੱਤੀਆਂ। ਜੌਹਰੀ ਨੇ ਸੌ ਮਣੀਆਂ ਉਸ ਰਤਨ ਦੇ ਪਾਸ ਰੱਖ ਦਿੱਤੀਆਂ। ਰਤਨ ਦੇ ਅਕਸ ਨਾਲ ੯੯ ਮਣੀਆਂ ਚਮਕਣ ਲੱਗ ਪਈਆਂ, ਪਰ ਇਕ ਮਣੀ ਨਾ ਚਮਕੀ ਤਾਂ ਜੌਹਰੀ ਨੇ ਉੱਤਰ ਦਿੱਤਾ : ਹੇ ਪਾਤਸ਼ਾਹ ! ਇਹ ਰਤਨ ਸਿਰਫ ੯੯ ਮਣੀਆਂ 'ਤੇ ਹੀ ਆਪਣਾ ਅਕਸ ਪਾ ਸਕਿਆ ਹੈ। ੧੦੦ਵੀਂ 'ਤੇ ਇਸਦਾ ਅਕਸ ਨਹੀਂ ਪਿਆ।

ਇਸ ਲਈ ਇਸਦੀ ਕੀਮਤ ੯੯ ਲੱਖ ਹੀ ਹੈ, ਇਕ ਕਰੋੜ ਨਹੀਂ। ਬਾਦਸ਼ਾਹ ਬੜਾ ਖ਼ੁਸ਼ ਹੋਇਆ। ਜੌਹਰੀ ਨੂੰ ਇਨਾਮ ਦੇਣਾ ਚਾਹਿਆ। ਇਨਾਮ ਦੇਣ ਲਈ ਬਾਦਸ਼ਾਹ ਨੇ ਜੋ ਉਸਦੇ ਬਾਗ਼ ਵਿਚ ਚੰਗੇ ਤਿਆਗੀ-ਵੈਰਾਗੀ ਬੰਦਗੀ ਵਾਲੇ ਮਹਾਂਪੁਰਸ਼ ਰਹਿੰਦੇ ਸਨ, ਉਹਨਾਂ ਨੂੰ ਬੁਲਾ ਕੇ ਬੇਨਤੀ ਕੀਤੀ ਕਿ ਆਹ ਰਤਨ ਦੀ ਕੀਮਤ ਬੜੇ ਸੋਹਣੇ ਢੰਗ ਨਾਲ ਪਰਖ ਕੇ ਮੇਰੀ ਤਸੱਲੀ ਕਰਵਾ ਕੇ ੯੯ ਲੱਖ ਕੀਮਤ ਪਾਈ ਹੈ। ਮੈਂ ਇਸ ਜੌਹਰੀ ਨੂੰ ਤੁਹਾਡੇ ਹੱਥੋਂ ਇਨਾਮ ਦਿਵਾਉਣਾ ਚਾਹੁੰਦਾ ਹਾਂ। ਜਿਤਨਾ ਤੁਸੀਂ ਚਾਹੋ ਉਤਨਾ ਦੇ ਦੇਵੋ। ਸੰਤਾਂ ਨੇ ਕਿਹਾ ਸੌ ਮੁੱਠਾਂ ਸੁਆਹ ਦੀਆਂ ਭਰ-ਭਰ ਕੇ ਇਸਦੇ ਸਿਰ ਵਿਚ ਪਾਉ। ਇਹ ਸੁਣ ਕੇ ਸਾਰੇ ਹੈਰਾਨ ਹੋ ਗਏ ਤੇ ਕਾਰਨ ਪੁੱਛਿਆ ਤਾਂ ਸੰਤਾਂ ਨੇ ਕਿਹਾ ਕਿ ਇਤਨਾ ਸਿਆਣਾ ਹੋ ਕੇ ਇਹ ਪੱਥਰਾਂ ਦੀ ਪਰਖ ਵਿੱਚ ਲੱਗਾ ਹੋਇਆ ਹੈ। ਅਸਲੀ ਰਤਨ ਜਿਹੜਾ ਅੰਦਰ ਹੈ, ਉਸ ਦੀ ਇਸਨੇ ਖੋਜ ਕਰਨ ਦਾ ਯਤਨ ਹੀ ਨਹੀਂ ਕੀਤਾ, ਇਸ ਵਾਸਤੇ ਇਸਦੇ ਸਿਰ ਵਿਚ ਸੁਆਹ ਹੀ ਪੈਣੀ ਚਾਹੀਦੀ ਹੈ। ਜੌਹਰੀ ਮਹਾਂਪੁਰਖਾਂ ਦੇ ਚਰਨੀਂ ਡਿੱਗ ਪਿਆ। ਮੁਆਫ਼ੀ ਮੰਗੀ ਅਤੇ ਸੰਤਾਂ ਪਾਸੋਂ ਨਾਮ ਰੂਪ ਰਤਨ ਪ੍ਰਾਪਤ ਕਰਕੇ ਜੀਵਨ ਰੂਪੀ ਰਤਨ ਨੂੰ ਸਫ਼ਲਾ ਕੀਤਾ। ਇਸ ਤਰ੍ਹਾਂ ਸੰਸਾਰੀ ਲੋਕ ਇਸ ਸੰਸਾਰੀ ਰਤਨਾਂ ਦੀ ਕੀਮਤ ਨੂੰ ਤਾਂ ਜਾਣ ਲੈਂਦੇ ਹਨ ਪਰ ਪਰਮਾਤਮਾ ਦੇ ਨਾਮ ਰੂਪੀ ਰਤਨ ਨੂੰ ਆਮ ਲੋਕ ਨਹੀਂ ਪ੍ਰਾਪਤ ਕਰਦੇ।

ਭਾਈ ਗੁਰਦਾਸ ਜੀ ਇਕ ਕਬਿੱਤ ਵਿਚ ਵਰਣਨ ਕਰਦੇ ਹਨ ਕਿ ਖੋਜਣ ਵਾਲਾ ਕੈਸਾ ਚਾਹੀਦਾ ਹੈ ? ਜਿਸ ਤਰ੍ਹਾਂ ਇਕ ਬਿਮਾਰ ਮਨੁੱਖ ਇਕ ਪੀੜਾ ਨਾਲ ਵਿਰਲਾਪ ਕਰ ਰਿਹਾ ਹੈ। ਇਕੱਲੇ-ਇਕੱਲੇ ਵੈਦ ਤੋਂ ਪੁੱਛਦਾ ਹੈ। ਜਦ ਤੱਕ ਉਸਦੀ ਪੀੜਾ ਨਹੀਂ ਖ਼ਤਮ ਹੁੰਦੀ, ਉਸਦੀ ਖੋਜ ਜਾਰੀ ਹੈ। ਇਸੇ ਤਰ੍ਹਾਂ ਇੱਕ ਭਿਖਾਰੀ ਦੀ ਭੁੱਖ ਜਦ ਤੱਕ ਨਹੀਂ ਮੁੱਕਦੀ ਉਸਨੂੰ ਅਰਾਮ ਨਹੀਂ ਆਉਂਦਾ। ਉਹ ਘਰ-ਘਰ ਮੰਗਦਾ ਹੀ ਫਿਰਦਾ ਹੈ। ਜਿਵੇਂ ਪਤੀ ਤੋਂ ਵਿਛੜੀ ਹੋਈ ਇਸਤ੍ਰੀ ਲਗਨ-ਸ਼ਗਨ ਦੀ ਵਿਚਾਰ ਕਰਦੀ ਹੀ ਰਹਿੰਦੀ ਹੈ। ਪਤੀ ਦੇ ਮਿਲਾਪ ਤੋਂ ਬਿਨਾਂ ਉਸਦੀ ਵਿਆਕੁਲਤਾ ਖ਼ਤਮ ਨਹੀਂ ਹੁੰਦੀ। ਜਿਵੇਂ ਭੌਰਾ ਸੁਗੰਧੀ ਖੋਜਦਾ ਹੈ ਕਮਲ ਫੁੱਲ ਤੋਂ। ਜਿਥੋਂ ਸੁਗੰਧੀ ਪ੍ਰਾਪਤ ਹੁੰਦੀ ਹੈ, ਉਸ ਕਮਲ ਫੁੱਲ 'ਤੇ ਬੈਠ ਜਾਂਦਾ ਹੈ। ਸੂਰਜ ਛਿਪਣ ਨਾਲ ਕਮਲ ਮੁੰਦਿਆ ਜਾਂਦਾ ਹੈ। ਭਵਰਾ ਵਿਚੇ ਖ਼ਤਮ ਹੋ ਜਾਂਦਾ ਹੈ, ਇਸ ਤਰ੍ਹਾਂ ਰੱਬ ਦਾ ਖੋਜੀ ਬਾਣੀ ਰਾਹੀਂ ਸ਼ਬਦ ਰੂਪੀ ਕਮਲ ਨੂੰ ਖੋਜਦਾ ਹੈ। ਜਦ ਤੱਕ ਪਰਮਪਦ ਪ੍ਰਾਪਤ ਨਹੀਂ ਹੁੰਦਾ ਤੇ ਜਿੰਨਾ ਚਿਰ ਸ਼ਬਦ ਵਿਚ ਲੀਨ ਨਹੀਂ ਹੋ ਜਾਂਦਾ, ਉਨਾ ਚਿਰ ਸ਼ਬਦ ਦੀ ਖੋਜ ਕਰਦਾ ਹੀ ਰਹਿੰਦਾ ਹੈ। ਸ਼ਬਦ ਦੀ ਖੋਜ ਇਸਨੂੰ ਸ਼ਬਦ ਦਾ

ਰੂਪ ਹੀ ਬਣਾ ਦਿੰਦੀ ਹੈ।

*ਜੈਸੇ ਬ੍ਰਿਥਾਵੰਤ ਜੰਤ ਪੂਛੈ ਬੈਦ ਬੈਦ ਪ੍ਰਤਿ,*
*ਜਉ ਲਉ ਨਾ ਮਿਟਤ ਰੋਗ ਤਉ ਲਉ ਬਿਲਲਾਤ ਹੈ।*
*ਜੈਸੇ ਭੀਖ ਮਾਂਗਤ ਭਿਖਾਰੀ ਘਰ ਘਰ ਡੋਲੈ,*
*ਤਉ ਲਉ ਨਹੀਂ ਆਵੈ ਚੈਨ ਜਉ ਲਉ ਨਾ ਆਘਾਤ ਹੈ।*
*ਜੈਸੇ ਬਿਰਹਨੀ ਸਉਣ ਸਗਨ ਲਗਨ ਸੋਧੈ ਜਉ ਲਉ,*
*ਨਾ ਭਤਾਰ ਭੇਟੇ ਤਉ ਲਉ ਅਕਲਾਤ ਹੈ।*
*ਤੈਸੇ ਖੋਜੀ ਖੋਜੈ ਅਲਿ ਕਮਲ ਕਮਲ ਗਤ,*
*ਜਉ ਲਉ ਨਾ ਪਰਮਪਦ ਸੰਪੁਟ ਸਮਾਤ ਹੈ॥੫੮੭॥*

ਧਨ ਦਾ ਖੋਜੀ ਅੰਤ ਤੱਕ ਧਨ ਖੋਜਦਾ ਰਹਿੰਦਾ ਹੈ, ਪਰ ਸੰਸਾਰ ਤੋਂ ਨਿਰਾਸ਼ ਹੋ ਕੇ ਚਲਿਆ ਜਾਂਦਾ ਹੈ, ਕਿਉਂਕਿ ਨਾ ਹੀ ਧਨ ਨਾਲ ਰੱਜ ਆਉਂਦਾ ਹੈ, ਤੇ ਨਾ ਹੀ ਧਨ ਨਾਲ ਜਾਂਦਾ ਹੈ। ਗੁਰਬਾਣੀ ਦਾ ਖੋਜੀ ਸ਼ਬਦ ਰੂਪੀ ਰਤਨ ਦੀ ਪ੍ਰਾਪਤੀ ਵਾਲਾ ਜਿਉਂਦਾ ਹੀ ਮੁਕਤ ਹੋ ਜਾਂਦਾ ਹੈ। ਅੰਤ ਸਮੇਂ ਵੀ ਸ਼ਬਦ ਨਾਲ ਨਿਭਦਾ ਹੈ। ਹੋਰ ਸੰਸਾਰ ਦੀ ਕੋਈ ਵੀ ਖੋਜ ਹੈ, ਜੇਕਰ ਮਨੁੱਖ ਸਫਲ ਵੀ ਹੋ ਜਾਏ ਖੋਜਣ ਵਿਚ, ਤਾਂ ਵੀ ਅੰਤ ਉਦਾਸੀ ਹੈ, ਪਰ ਸ਼ਬਦ ਦੀ ਖੋਜ ਵਾਲਾ ਬੰਦਾ ਅੰਤ ਨੂੰ ਅਨੰਦਤ ਹੈ। ਅਸਲ ਵਿਚ ਇਸਦਾ ਇਹ ਕਾਰਨ ਹੈ ਕਿ ਬਾਕੀ ਖੋਜਾਂ ਤੋਂ ਜੋ ਫਲ ਮਿਲਣਾ ਸੀ ਉਹ ਜੀਵਨ ਗੁਜ਼ਾਰੇ ਲਈ ਸੀ, ਜੀਵਨ ਦਾ ਲਕਸ਼ ਨਹੀਂ ਸੀ, ਪਰ ਸ਼ਬਦ ਦੀ ਖੋਜ ਜੀਵਨ ਦਾ ਲਕਸ਼ ਹੈ। ਇਹੀ ਕਾਰਨ ਹੈ ਕਿ ਸਿੱਖ ਦੀ ਦੋਹਰੀ ਖੋਜ ਹੈ। ਇਹ ਗੁਜ਼ਰਾਨ ਖੋਜਦਾ ਹੈ ਗੁਜ਼ਰਾਨ ਵਾਸਤੇ ਅਤੇ ਲਕਸ਼ ਖੋਜਦਾ ਹੈ ਟਿਕਾਣੇ ਵਾਸਤੇ। ਇਹ ਸਮਝਦਾ ਹੈ ਕਿ ਖੋਜ ਦੀ ਰੁਚੀ ਉਸ ਪ੍ਰਮਾਤਮਾ ਨੇ ਦਿੱਤੀ ਹੈ। ਸਮਝੋ ਜਿਹੜਾ ਮਨੁੱਖ ਖੋਜ ਨਹੀਂ ਕਰਦਾ ਉਹ ਉਸ ਦੀ ਅਮਾਨਤ ਵਿਚ ਖ਼ਿਆਨਤ ਕਰਦਾ ਹੈ ਅਤੇ ਹੁਕਮ ਅਦੂਲੀ ਕਰਦਾ ਹੈ। ਭਾਈ ਸਾਹਿਬ ਜੀ ਕਹਿੰਦੇ ਹਨ ਕਿ ਖੋਜ ਕਰਨ ਵਾਲਾ ਮਨੁੱਖ ਇਕ ਦਿਨ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਜਿਵੇਂ ਰਤਨਾਂ ਦੀ ਪਰਖ ਵਿਚ ਲੱਗਿਆ ਮਨੁੱਖ ਪੱਥਰ ਵੇਖੀ ਜਾਵੇ, ਪੱਥਰਾਂ ਦੀਆਂ ਕਿਸਮਾਂ ਜੋ ਹਨ ਸਮਝਦਿਆਂ-ਸਮਝਦਿਆਂ ਰਤਨਾਂ ਦਾ ਪਾਰਖੂ ਬਣ ਜਾਂਦਾ ਹੈ। ਆਖ਼ਰ ਰਤਨ ਵੀ ਪੱਥਰ ਹੀ ਹਨ। ਇਸ ਫ਼ਰਕ ਦਾ ਪਤਾ ਖੋਜ ਕੀਤਿਆਂ ਲੱਗ ਜਾਂਦਾ ਹੈ ਕਿ :-

ਖ਼ੂਬੀ ਏ-''ਜੌਹਰ ਸੇ ਹੀ ਹਰ ਇਕ ਚੀਜ਼ ਪਾਤੀ ਹੈ, ਇਮਤਿਆਜ਼ ਲਾਲ ਭੀ ਪੱਥਰ ਹੀ ਹੈ ਲੇਕਿਨ ਵੋਹ ਪੱਥਰ ਔਰ ਹੈ।''

ਭਾਈ ਗੁਰਦਾਸ ਜੀ ਨੇ ਇਕ ਥਾਂ ਹੋਰ ਵੀ ਬੜੇ ਸੁੰਦਰ ਬਚਨ ਕਹੇ ਹਨ। ਵਿਦਵਾਨਾਂ ਦੇ ਪਾਸੋਂ ਬਚਨ ਸੁਣਦਿਆਂ-ਸੁਣਦਿਆਂ ਆਖਰ ਸੁਣਨ ਵਾਲਾ ਵੀ ਵਿਦਵਾਨ ਬਣ ਜਾਂਦਾ ਹੈ। ਸੁੰਘਦਿਆਂ-ਸੁੰਘਦਿਆਂ ਇਕ ਦਿਨ ਸੁਗੰਧੀ ਦੀ ਪਹਿਚਾਣ ਵਾਲਾ ਹੋ ਜਾਂਦਾ ਹੈ। ਗਾਉਂਦਿਆਂ-ਗਾਉਂਦਿਆਂ ਇਕ ਦਿਨ ਚੰਗਾ

ਗਾਇਕ ਬਣ ਜਾਂਦਾ ਹੈ। ਲੇਖ ਪੜ੍ਹਦਿਆਂ ਅਤੇ ਲਿਖਦਿਆਂ ਇਕ ਦਿਨ ਚੰਗਾ ਲਿਖਾਰੀ ਬਣ ਜਾਂਦਾ ਹੈ। ਸੁਆਦ ਚੱਖਦਿਆਂ-ਚੱਖਦਿਆਂ ਇਕ ਦਿਨ ਚੰਗਾ ਪਾਰਖੂ ਚਾਖਾ ਬਣ ਜਾਂਦਾ ਹੈ। ਕਿਉਂਕਿ ਰਾਜੇ ਲੋਗਾਂ ਨੇ ਚਾਖੇ ਰੱਖੇ ਹੁੰਦੇ ਸਨ, ਜਿਨ੍ਹਾਂ ਨੇ ਸੁਆਦ ਚੱਖ ਕੇ ਦੱਸਣਾ ਹੁੰਦਾ ਸੀ ਕਿ ਨਿਮਕ-ਮਿਰਚ ਠੀਕ ਹੈ ਜਾਂ ਨਹੀਂ, ਇਸੇ ਤਰ੍ਹਾਂ ਤੁਰਨ ਵਾਲਾ ਤੁਰਦਾ-ਤੁਰਦਾ ਮਨੁੱਖ ਇਕ ਦਿਨ ਆਪਣੀ ਮੰਜ਼ਿਲ 'ਤੇ ਪਹੁੰਚ ਜਾਂਦਾ ਹੈ। ਅਖ਼ੀਰ ਵਿਚ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜੋ ਗੁਰਸਿੱਖ ਪਾਵਨ ਬਾਣੀ ਦੇ ਸ਼ਬਦ ਰੂਪੀ ਰਤਨ ਦੀ ਖੋਜ ਵਿਚ ਲੱਗਿਆ ਹੋਇਆ ਹੈ, ਉਹ ਇਕ ਦਿਨ ਸ਼ਬਦ ਦਾ ਰੂਪ ਹੀ ਹੋ ਜਾਂਦਾ ਹੈ।

*ਪੇਖਤ ਪੇਖਤ ਜੈਸੇ ਰਤਨ ਪਾਰਖ ਹੋਤ,*
*ਸੁਨਤ ਸੁਨਤ ਜੈਸੇ ਪੰਡਤ ਪ੍ਰਬੀਨ ਹੈ।*
*ਸੂੰਘਤ ਸੂੰਘਤ ਸੋਂਧਾ ਜੈਸੇ ਤਉ ਸੁਬਾਸੀ ਹੋਤ,*
*ਗਾਵਤ ਗਾਵਤ ਜੈਸੇ ਗਾਇਨ ਗੁਨੀਨ ਹੈ।*
*ਲਿਖਤ ਲਿਖਤ ਲੇਖ ਜੈਸੇ ਤਉ ਲੇਖਕ ਹੋਤ,*
*ਚਾਖਤ ਚਾਖਤ ਜੈਸੇ ਭੋਗੀ ਰਸ ਭੀਨ ਹੈ।*
*ਚਲਤ ਚਲਤ ਜੈਸੇ ਪਹੁੰਚੇ ਠਿਕਾਨੋ ਜਾਇ,*
*ਖੋਜਤ ਖੋਜਤ ਗੁਰ ਸਬਦ ਲਿਵਲੀਨ ਹੈ॥੫੮੮॥*

ਬਿਹਾਗੜਾ ਮਹਲਾ ੫ ॥ ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ ॥ ਤਾਣੁ ਤਨੁ ਖੀਨ ਭਇਆ ਬਿਨੁ ਮਿਲਤ ਪਿਆਰੇ ਰਾਮ ॥ ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ ॥ ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ ॥ ਸਮਰਥ ਪੂਰਨ ਸਦਾ ਨਿਹਚਲ ਊਚ ਅਗਮ ਅਪਾਰੇ ॥ ਬਿਨਵੰਤਿ ਨਾਨਕ ਧਾਰਿ ਕਿਰਪਾ ਮਿਲਹੁ ਪ੍ਰਾਨ ਪਿਆਰੇ ॥੧॥

**ਪਦ ਅਰਥ** :-ਖੋਜਤ-ਖੋਜਦੇ, ਲੱਭਦੇ। ਪ੍ਰਾਣ ਅਧਾਰੇ-ਪ੍ਰਾਣਾਂ ਦੇ ਆਸਰੇ। ਤਾਣੁ ਤਨੁ-ਸਰੀਰ ਦਾ ਬਲ। ਖੀਨ-ਕਮਜ਼ੋਰ। ਮਇਆ-ਕਿਰਪਾ। ਜਪਉ-ਮੈਂ ਜਪਾਂ। ਜੀਜੀਐ-ਜਿਉਂਦੇ ਹਾਂ। ਅਗਮ-ਅਪਹੁੰਚ। ਅਪਾਰੇ-ਪਾਰ ਤੋਂ ਰਹਿਤ।

**ਅਰਥ** :-ਹੇ ਪ੍ਰਭੂ ਰਾਮ=ਵਿਆਪਕ ਪ੍ਰਾਣਾਂ ਦੇ ਆਸਰੇ! (ਤੈਨੂੰ) ਸੰਤ ਜਨ ਲੱਭਦੇ ਫਿਰਦੇ ਹਨ। ਹੇ ਰਾਮ=ਵਿਆਪਕ ਪਿਆਰੇ ਪ੍ਰਭੂ ਜੀ! ਤੇਰੇ ਬਿਨਾਂ ਮਿਲਿਆਂ (ਸੰਤ ਜਨਾਂ ਦੇ) ਸਰੀਰ ਦਾ ਬਲ ਕਮਜ਼ੋਰ ਹੋ ਗਿਆ ਹੈ। ਹੇ ਪਿਆਰੇ ਪ੍ਰਭੂ ਜੀ! ਆਪ ਕਿਰਪਾ ਕਰਕੇ ਮਿਲੋ, ਦਇਆ ਕਰਕੇ (ਮੈਨੂੰ) ਆਪਣੇ ਲੜ ਲਾ ਲਵੋ। ਹੇ ਸੁਆਮੀ=ਮਾਲਕ! (ਮੈਨੂੰ ਆਪਣਾ) ਨਾਮ ਦਿਉ (ਤਾਂ ਜੋ ਮੈਂ) ਨਾਮ ਜਪਾਂ (ਅਤੇ ਅਸੀਂ)

ਹਰੀ, ਤੇਰਾ ਦਰਸ਼ਨ ਵੇਖ ਕੇ ਹੀ ਜਿਉਂਦੇ ਹਾਂ। ਹੇ ਸਰਬ ਕਲਾ ਸਮਰਥ ਪੂਰਨ ਹਮੇਸ਼ਾ ਅਚੱਲ ਤੇ ਸਭ ਤੋਂ ਉੱਚੇ ਅਤੇ ਅਪਹੁੰਚ ਤੇ ਪਾਰ ਤੋਂ ਰਹਿਤ (ਪ੍ਰਭੂ ਜੀ !)। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਹੇ ਪ੍ਰਾਣਾਂ ਤੋਂ ਪਿਆਰੇ (ਪ੍ਰਭੂ ਜੀ !) ਕਿਰਪਾ ਕਰਕੇ (ਮੈਨੂੰ) ਮਿਲੋ। ੧।

**ਜਪ ਤਪ ਬਰਤ ਕੀਨੇ ਪੇਖਨ ਕਉ ਚਰਣਾ ਰਾਮ ॥ ਤਪਤਿ ਨ ਕਤਹਿ ਬੁਝੈ ਬਿਨੁ ਸੁਆਮੀ ਸਰਣਾ ਰਾਮ ॥ ਪ੍ਰਭ ਸਰਣਿ ਤੇਰੀ ਕਾਟਿ ਬੇਰੀ ਸੰਸਾਰੁ ਸਾਗਰੁ ਤਾਰੀਐ ॥ ਅਨਾਥ ਨਿਰਗੁਨਿ ਕਛੁ ਨ ਜਾਨਾ ਮੇਰਾ ਗੁਣੁ ਅਉਗਣੁ ਨ ਬੀਚਾਰੀਐ ॥ ਦੀਨ ਦਇਆਲ ਗੋਪਾਲ ਪ੍ਰੀਤਮ ਸਮਰਥ ਕਾਰਣ ਕਰਣਾ ॥ ਨਾਨਕ ਚਾਤ੍ਰਿਕ ਹਰਿ ਬੂੰਦ ਮਾਗੈ ਜਪਿ ਜੀਵਾ ਹਰਿ ਹਰਿ ਚਰਣਾ ॥ ੨ ॥**

**ਪਦ ਅਰਥ** :-ਪੇਖਨ ਕਉ-ਵੇਖਣ ਲਈ। ਤਪਤਿ-ਤਪਸ਼, ਜਲਣ। ਕਤਹਿ-ਕਿਸੇ ਤਰ੍ਹਾਂ ਵੀ। ਬੇਰੀ-ਬੇੜੀ। ਸੰਸਾਰੁ ਸਾਗਰੁ-ਸੰਸਾਰ ਸਮੁੰਦਰ। ਅਨਾਥ-ਨਿਆਸਰਾ। ਚਾਤ੍ਰਿਕ-ਪਪੀਹਾ।

**ਅਰਥ** :-ਰਾਮ=ਵਿਆਪਕ (ਪ੍ਰਭੂ ਜੀ ਦੇ) ਦਰਸ਼ਨ ਅਤੇ ਚਰਨਾਂ ਨੂੰ ਪਰਸਣ ਲਈ ਧੂਣੀਆਂ ਤਾਉਂਣ ਰੂਪ ਤਪ ਤੇ ਅਨੇਕਾਂ ਮੰਤ੍ਰਾਂ ਦੇ ਜਪ ਅਤੇ ਵਰਤ ਰੱਖਣ ਆਦਿ ਕਰਮ ਕੀਤੇ ਹਨ। ਪਰ ਰਮੇ ਹੋਏ ਰਾਮ ਸੁਆਮੀ ਦੀ ਸਰਣ ਪਏ ਬਿਨਾਂ ਕਿਸੇ ਤਰ੍ਹਾਂ ਵੀ (ਮਨ ਦੀ) ਤਪਸ਼ ਨਹੀਂ ਬੁਝਦੀ। ਹੇ ਪ੍ਰਭੂ ਜੀ ! (ਮੈਂ) ਤੇਰੀ ਸ਼ਰਣ ਆਇਆ ਹਾਂ, (ਆਪ ਜੀ) ਮੇਰੀ ਜਨਮ ਮਰਣ ਦੀ (ਬੰਧਨ ਰੂਪ) ਬੇੜੀ ਕੱਟ ਕੇ (ਮੈਨੂੰ) ਸੰਸਾਰ ਸਮੁੰਦਰ ਤੋਂ ਤਾਰਣਾ ਕਰੋ। (ਮੈਂ) ਨਿਆਸਰਾ ਤੇ ਸ਼ੁਭ ਗੁਣਾਂ ਤੋਂ ਸੱਖਣਾ ਅਤੇ ਅਨਜਾਣ ਹਾਂ, (ਆਪ ਜੀ ਹੇ ਪ੍ਰਭੂ !) ਮੇਰਾ ਗੁਣ ਅਵਗੁਣ (ਕੁਛ ਵੀ) ਨਾ ਵੀਚਾਰੋ। ਹੇ ਦੀਨਾਂ 'ਤੇ ਦਿਆਲੂ (ਪ੍ਰਭੂ ਜੀ !) ਪ੍ਰਿਥਵੀ ਦੀ ਪਾਲਣਾ ਕਰਨ ਵਾਲੇ (ਮੇਰੇ) ਪ੍ਰੀਤਮ ਜੀ ! (ਆਪ) ਕਰਣ ਕਾਰਣ (ਸਰਬ ਕਲਾ) ਸਮਰਥ ਹੋ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਮੈਂ) ਪਪੀਹੇ (ਵਾਂਗ ਨਾਮ ਦਾ ਪਿਆਸਾ) ਹਰੀ ਨਾਮ ਦੀ ਬੂੰਦ ਮੰਗਦਾ ਹਾਂ (ਤਾਂ ਜੋ ਨਾਮ ਰੂਪ ਬੂੰਦ ਪ੍ਰਾਪਤ ਕਰਕੇ) ਹਰੀ ਚਰਣਾਂ ਦੀ ਸ਼ਰਣ ਪਿਆਂ ਹਰੀ ਨਾਮ ਜਪ ਜਪ ਜੀਵਾਂ। ੨।

**ਅਮਿਅ ਸਰੋਵਰੋ ਪੀਉ ਹਰਿ ਹਰਿ ਨਾਮਾ ਰਾਮ ॥ ਸੰਤਹ ਸੰਗਿ ਮਿਲੈ ਜਪਿ ਪੂਰਨ ਕਾਮਾ ਰਾਮ ॥ ਸਭ ਕਾਮ ਪੂਰਨ ਦੁਖ ਬਿਦੀਰਨ ਹਰਿ ਨਿਮਖ ਮਨਹੁ ਨ ਬੀਸਰੈ ॥ ਆਨੰਦ ਅਨਦਿਨੁ ਸਦਾ ਸਾਚਾ ਸਰਬ ਗੁਣ ਜਗਦੀਸਰੈ ॥ ਅਗਣਤ ਊਚ ਅਪਾਰ ਠਾਕੁਰ ਅਗਮ ਜਾ ਕੋ ਧਾਮਾ ॥ ਬਿਨਵੰਤਿ ਨਾਨਕ ਮੇਰੀ ਇਛ ਪੂਰਨ ਮਿਲੇ ਸ੍ਰੀਰੰਗ ਰਾਮਾ ॥ ੩ ॥**

**ਪਦ ਅਰਥ** :-ਅਮਿਅ-ਅੰਮ੍ਰਿਤ ਦਾ। ਸਰੋਵਰੋ-ਸਰੋਵਰ, ਤਲਾਅ। ਬਿਦੀਰਨ-ਨਾਸ਼ ਕਰਨ ਵਾਲਾ। ਅਗਣਤ-ਅਨਗਿਣਤ। ਸ੍ਰੀ ਰੰਗ-ਲਛਮੀ ਦਾ ਪਤੀ, ਮਾਇਆ ਦਾ ਪਤੀ ਪ੍ਰਮਾਤਮਾ। ਧਾਮਾ-

ਟਿਕਾਣਾ।

**ਅਰਥ** :-ਹੇ ਭਾਈ ! (ਸੰਤ ਸੰਗ ਰੂਪੀ) ਅੰਮ੍ਰਿਤ ਸਰੋਵਰ ਵਿਚੋਂ ਪ੍ਰਮੇਸ਼ਰ ਦੇ ਹਰਿ ਹਰਿ ਨਾਮ ਰੂਪ ਅੰਮ੍ਰਿਤ ਨੂੰ ਪੀਣਾ ਕਰੋ। (ਇਹ ਨਾਮ ਅੰਮ੍ਰਿਤ) ਸੰਤਾਂ ਦੀ ਸੰਗਤ ਕੀਤਿਆਂ ਮਿਲਦਾ ਹੈ, ਇਹ ਰਾਮ ਦਾ ਨਾਮ ਅੰਮ੍ਰਿਤ ਜਪਣ ਨਾਲ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਜੋ ਹਰੀ ਪ੍ਰਭੂ, ਦੁੱਖ ਨਾਸ਼ ਕਰਨ ਤੇ ਸਾਰੀਆਂ ਕਾਮਨਾਵਾਂ ਪੂਰੀਆਂ ਕਰਨ ਵਾਲਾ ਹੈ, (ਉਹ ਮੈਨੂੰ) ਮਨ ਤੋਂ ਨਿਮਖ ਭਰ ਵੀ ਨਾ ਭੁੱਲੇ। ਉਹ ਜਗਤ ਦਾ ਮਾਲਕ ਦਿਨ ਰਾਤ ਹਮੇਸ਼ਾ ਅਨੰਦ ਸਰੂਪ ਸਰਬ ਗੁਣਾਂ ਸੰਪੰਨ ਸਦਾ ਸਾਚਾ ਹੈ। (ਉਹ ਪ੍ਰਭੂ) ਅਗਣਤ ਬੇਸ਼ੁਮਾਰ (ਸਭ ਤੋਂ) ਉੱਚਾ ਪਾਰ ਤੋਂ ਰਹਿਤ ਠਾਕੁਰ=ਮਾਲਕ ਹੈ (ਅਤੇ ਉਸ ਦਾ) ਟਿਕਾਣਾ ਪਹੁੰਚ ਤੋਂ ਪਰੇ ਹੈ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਮਾਇਆ ਦੇ ਪਤੀ ਵਿਆਪਕ ਰਾਮ ਦੇ ਮਿਲਣ ਕਰਕੇ ਮੇਰੀ ਇੱਛਾ ਪੂਰਨ ਹੋ ਗਈ ਹੈ।੩।

**ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥ ਹਰਿ ਹਰਿ ਨਾਮੁ ਜਪਤ ਕੁਲ ਸਗਲੇ ਤਾਰੇ ਰਾਮ॥ਹਰਿ ਨਾਮੁ ਜਪਤ ਸੋਹੰਤ ਪ੍ਰਾਣੀ ਤਾ ਕੀ ਮਹਿਮਾ ਕਿਤ ਗਨਾ॥ ਹਰਿ ਬਿਸਰੁ ਨਾਹੀ ਪ੍ਰਾਨ ਪਿਆਰੇ ਚਿਤਵੰਤਿ ਦਰਸਨੁ ਸਦ ਮਨਾ॥ ਸੁਭ ਦਿਵਸ ਆਏ ਗਹਿ ਕੰਠਿ ਲਾਏ ਪ੍ਰਭ ਊਚ ਅਗਮ ਅਪਾਰੇ॥ ਬਿਨਵੰਤਿ ਨਾਨਕ ਸਫਲੁ ਸਭੁ ਕਿਛੁ ਪ੍ਰਭ ਮਿਲੇ ਅਤਿ ਪਿਆਰੇ॥੪॥੩॥੬॥**

**ਪਦ ਅਰਥ** :-ਕੋਟਿਕ-ਕ੍ਰੋੜਾਂ। ਜਗ ਫਲਾ-ਜੱਗਾਂ ਦੇ ਫਲ। ਸੁਣਿ-ਸੁਣਨ ਵਾਲੇ। ਕੁਲ ਸਗਲੇ-ਸਾਰੇ ਕੁਲਾਂ ਦੇ ਜੀਵ ਭਾਵ ਖ਼ਾਨਦਾਨ ਸਾਰੇ। ਸੋਹੰਤ-ਸੋਭਾ ਪਾਉਂਦਾ ਹੈ। ਕਿਤ-ਕਿਤਨੀ। ਗਨਾ-ਗਿਣਾਂ। ਚਿਤਵੰਤਿ-ਚਿਤਵਦੇ ਰਹਿੰਦੇ ਹਨ। ਸਦ ਮਨਾ-ਹਮੇਸ਼ਾ ਮਨ ਵਿਚ। ਗਹਿ-ਫੜ ਕੇ। ਕੰਠ-ਗਲੇ ਨਾਲ।

**ਅਰਥ** :-ਰਾਮ=ਵਾਹਿਗੁਰੂ ਜੀ ਦੇ ਗੁਣ ਗਾਵਣ ਤੇ ਸੁਣਨ ਵਾਲਿਆਂ ਨੂੰ ਕਈ ਕ੍ਰੋੜਾਂ ਯੱਗਾਂ ਦਾ ਫਲ ਪ੍ਰਾਪਤ ਹੁੰਦਾ ਹੈ। ਹਰਿ ਹਰਿ ਰਾਮ ਦਾ ਨਾਮ (ਵਾਹਿਗੁਰੂ ਵਾਹਿਗੁਰੂ) ਜਪਣ ਵਾਲਿਆਂ ਨੇ ਆਪਣੇ ਸਾਰੇ ਕੁਲਾਂ ਦੇ ਜੀਅ ਤਾਰ ਲਏ ਹਨ। ਹਰੀ ਨਾਮ ਜਪਣ ਵਾਲਾ ਮਨੁੱਖ ਸੋਭਾ ਪਾਉਂਦਾ ਹੈ, ਉਸ ਮਨੁੱਖ ਦੀ (ਮੈਂ) ਕਿਤਨੀ ਕੁ ਮਹਿਮਾ ਗਿਣਾਂ (ਭਾਵ ਉਸ ਦੀ ਮਹਿਮਾ ਗਿਣੀ ਨਹੀਂ ਜਾ ਸਕਦੀ।) (ਉਹ ਇਸ ਤਰ੍ਹਾਂ ਬੇਨਤੀਆਂ ਕਰਦੇ ਰਹਿੰਦੇ ਹਨ) ਹੇ ਪ੍ਰਾਣਾਂ ਤੋਂ ਪਿਆਰੇ ਹਰੀ ! (ਮੈਨੂੰ) ਵਿਸਰੋ ਨਾ, (ਮੇਰਾ) ਮਨ ਹਮੇਸ਼ਾ ਆਪ ਜੀ ਦੇ ਦਰਸ਼ਨਾਂ ਨੂੰ ਚਿਤਵਦਾ ਰਹਿੰਦਾ ਹੈ। (ਹੇ ਭਾਈ) ਭਾਗਾਂ ਵਾਲੇ ਦਿਨ ਆਏ ਹਨ (ਕਿਉਂਕਿ) ਅਪਹੁੰਚ ਤੇ ਉਚ ਅਪਾਰ ਪ੍ਰਭੂ ਨੇ ਫੜ ਕੇ (ਮੈਨੂੰ) ਆਪਣੇ ਗਲੇ ਨਾਲ ਲਾ ਲਿਆ ਹੈ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਅਤਿਅੰਤ ਪਿਆਰੇ ਪ੍ਰਭੂ ਜੀ (ਮੈਨੂੰ) ਮਿਲ ਪਏ ਹਨ, (ਇਸ ਕਰਕੇ ਮੇਰਾ) ਸਭ ਕੁਝ ਸਫਲਾ ਹੋ ਗਿਆ ਹੈ। ੪। ੩। ੬।

## ਵਿਆਖਿਆ ਤੇ ਸਾਰੰਸ਼

ਪਹਿਲੇ ਤੇ ਦੂਜੇ ਪਦੇ ਅੰਦਰ ਪ੍ਰਭੂ ਜੀ ਦੇ ਪਿਆਰੇ ਮਿਲਾਪ ਵਾਸਤੇ ਤਰਲੇ ਕੱਢਦੇ ਤੇ ਖੋਜ ਵਿਚ ਲਗੇ ਦੱਸੇ ਹਨ। ਤੀਜੇ ਅੰਕ ਵਿਚ ਅੰਮ੍ਰਿਤ ਸਰੋਵਰ ਦਾ ਜ਼ਿਕਰ ਕੀਤਾ ਹੈ ਅਤੇ ਚੌਥੇ ਪਦੇ ਵਿਚ ਹਰੀ ਜੱਸ ਸੁਣਨ ਤੇ ਗਾਵਣ ਦੀ ਮਹਿਮਾ ਕੀਤੀ ਹੈ।

ਭਾਈ ਗੁਰਦਾਸ ਜੀ ਦੇ ਬੜੇ ਸੁੰਦਰ ਬਚਨ ਹਨ ਕਿ ਜਿਵੇਂ ਸਾਰੇ ਖ਼ਜ਼ਾਨੇ ਸਮੁੰਦਰ ਵਿਚ ਹਨ, ਪਰ ਮੋਤੀ ਹੰਸ ਨੂੰ ਤੇ ਅਮੁੱਲ ਪਦਾਰਥ ਮਰਜੀਵੜਿਆਂ ਨੂੰ ਪ੍ਰਾਪਤ ਹੁੰਦੇ ਹਨ ਜੋ ਕਿ ਸਮੁੰਦਰ ਵਿਚ ਉਤਰਨ ਲਈ ਤਿਆਰ ਹੋ ਜਾਂਦੇ ਹਨ। ਜਿਸ ਤਰ੍ਹਾਂ ਪਰਬਤ ਵਿਚ ਹੀਰੇ ਹਨ, ਮਾਣਕ ਹਨ, ਪਰ ਪਹਾੜ ਉਪਰ ਜਾ ਕੇ ਜੋ ਸੈਰ ਕਰਕੇ ਵਾਪਸ ਆ ਜਾਵੇ, ਉਸ ਨੂੰ ਨਹੀਂ ਮਿਲਦੇ। ਜਿਵੇਂ ਕਿ ਜਿਹੜਾ ਬੰਦਾ ਸਮੁੰਦਰ ਦੀਆਂ ਛਲਾਂ ਵੇਖ ਕੇ ਵਾਪਸ ਆ ਜਾਵੇ ਉਸ ਨੂੰ ਮੋਤੀ ਨਹੀਂ ਮਿਲਦੇ। ਖਨਵਾਰਾ ਪਹਾੜ ਖੋਦਣ ਵਾਲਾ ਪਹਾੜ ਨੂੰ ਖੋਦਦਾ ਹੈ ਤਾਂ ਉਸ ਨੂੰ ਹੀਰਾ ਮਿਲ ਹੀ ਜਾਂਦਾ ਹੈ, ਫਿਰ ਜਗਤ ਨੂੰ ਵਿਖਾਉਂਦਾ ਹੈ। ਫਿਰ ਉਹ ਹੀਰੇ ਅਜਾਇਬ ਘਰਾਂ ਵਿਚ ਰੱਖੇ ਜਾਂਦੇ ਹਨ। ਜਿਵੇਂ ਜੰਗਲ ਵਿਚ ਚੰਦਨ ਹੈ, ਪਰ ਪਰਖ ਵਾਲਾ ਮਨੁੱਖ ਸੁਗੰਧੀ ਲੈ ਕੇ ਪਰਗਟ ਕਰ ਦਿੰਦਾ ਹੈ, ਇਸੇ ਤਰ੍ਹਾਂ ਗੁਰਬਾਣੀ ਵਿਚ ਵੀ ਸਾਰੇ ਪਦਾਰਥਾਂ ਰੂਪੀ ਰਤਨ ਹਨ, ਪਰ ਪ੍ਰਾਪਤ ਉਹ ਕਰਦਾ ਹੈ ਜਿਹੜਾ ਗੁਰਬਾਣੀ ਰੂਪ ਸਾਗਰ ਨੂੰ ਖੋਜਦਾ ਹੈ, ਜੈਸੇ ਸਤਿਗੁਰੂ ਜੀ ਦੇ ਪਵਿੱਤਰ ਬਚਨ ਹਨ—

***"ਰਤਨੁ ਜਵੇਹਰੁ ਲਾਲੁ ਹਰਿ ਨਾਮਾ ਗੁਰਿ ਕਾਢਿ ਤਲੀ ਦਿਖਲਾਇਆ॥"***

(ਅੰਗ ੮੮੦)

***"ਜੈਸੇ ਤਉ ਸਕਲ ਨਿਧ ਪੂਰਨ ਸਮੁੰਦਰ ਬਿਖੈ,***
***ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਈ।***
***ਜੈਸੇ ਪਰਬਤ ਹੀਰਾ ਮਾਨਿਕ ਪਾਰਸ ਸਿਧ,***
***ਖਨਵਾਰਾ ਖਨ ਜਗ ਵਿਖੈ ਪ੍ਰਗਟਾਵਈ।***
***ਜੈਸੇ ਬਨ ਬਿਖੈ ਮਲਯਾਗਰ ਸੋਂਧਾ ਕਪੂਰ,***
***ਸੋਧ ਕੇ ਸੁਬਾਸੀ ਸੁਭਾਸ ਬਿਹ ਸਾਵਈ।***
***ਤੈਸੇ ਗੁਰਬਾਣੀ ਬਿਖੈ ਸਗਲ ਪਦਾਰਥ ਹੈ,***
***ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਈ॥੫੮੬॥"***

## ਖੋਜਤ ਸੰਤ ਫਿਰਹਿ ਪ੍ਰਭ ਪ੍ਰਾਣ ਅਧਾਰੇ ਰਾਮ

***–ਚਰਨ ਕਮਲ ਬਿਰਹੰ ਖੋਜੰਤ ਬੈਰਾਗੀ ਦਹ ਦਿਸਹ॥***
***ਤਿਆਗੰਤ ਕਪਟ ਰੂਪ ਮਾਇਆ ਨਾਨਕ ਆਨੰਦ ਰੂਪ ਸਾਧ ਸੰਗਮਹ॥ ੧॥***

*ਮਨ ਸਾਂਈ ਮੁਖਿ ਉਚਰਾ ਵਤਾ ਹਭੇ ਲੋਅ॥*
*ਨਾਨਕ ਹਭਿ ਅਡੰਬਰ ਕੂੜਿਆ ਸੁਣਿ ਜੀਵਾ ਸਚੀ ਸੋਇ॥ ੨॥*

(ਅੰਗ ੭੦੭)

*-ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥ ੧॥ ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥੧॥*
*ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ॥*
*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ ੨॥*

(ਅੰਗ ੬੮੪)

*-ਖੋਜ ਅਸੰਖਾ ਅਨਿਕ ਤਪੰਥਾ ਬਿਨੁ ਗੁਰ ਨਹੀ ਪਹੂਚਾ॥*
*ਕਹੁ ਨਾਨਕ ਕਿਰਪਾ ਕਰੀ ਠਾਕੁਰ ਮਿਲਿ ਸਾਧੂ ਰਸ ਭੂੰਚਾ॥*

(ਅੰਗ ੫੩੪)

*-ਰਾਮ ਨਾਮੁ ਰਤਨੁ ਕੋਠੜੀ ਗੜ ਮੰਦਰਿ ਏਕ ਲੁਕਾਨੀ॥*
*ਸਤਿਗੁਰੁ ਮਿਲੈ ਤ ਖੋਜੀਐ ਮਿਲਿ ਜੋਤੀ ਜੋਤਿ ਸਮਾਨੀ॥੧॥*
*ਮਾਧੋ ਸਾਧੂ ਜਨ ਦੇਹੁ ਮਿਲਾਇ॥*
*ਦੇਖਤ ਦਰਸੁ ਪਾਪ ਸਭਿ ਨਾਸਹਿ ਪਵਿਤ੍ਰ ਪਰਮ ਪਦੁ ਪਾਇ॥੧॥ਰਹਾਉ॥*
*ਪੰਚ ਚੋਰ ਮਿਲਿ ਲਾਗੇ ਨਗਰੀਆ ਰਾਮ ਨਾਮ ਧਨੁ ਹਿਰਿਆ॥*
*ਗੁਰਮਤਿ ਖੋਜ ਪਰੇ ਤਬ ਪਕਰੇ ਧਨੁ ਸਾਬਤੁ ਰਾਸਿ ਉਬਰਿਆ॥੨॥*
*ਪਾਖੰਡ ਭਰਮ ਉਪਾਵ ਕਰਿ ਥਾਕੇ ਰਿਦ ਅੰਤਰਿ ਮਾਇਆ ਮਾਇਆ॥*
*ਸਾਧੂ ਪੁਰਖੁ ਪੁਰਖਪਤਿ ਪਾਇਆ ਅਗਿਆਨ ਅੰਧੇਰੁ ਗਵਾਇਆ॥੩॥*
*ਜਗੰਨਾਥ ਜਗਦੀਸ ਗੁਸਾਈ ਕਰਿ ਕਿਰਪਾ ਸਾਧੁ ਮਿਲਾਵੈ॥*
*ਨਾਨਕ ਸਾਂਤਿ ਹੋਵੈ ਮਨ ਅੰਤਰਿ ਨਿਤ ਹਿਰਦੈ ਹਰਿ ਗੁਣ ਗਾਵੈ॥੪॥੧॥੩॥*

(ਅੰਗ ੧੧੭੮)

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

*– ਮਧੁਸੂਦਨ ਮੇਰੇ ਮਨ ਤਨ ਪ੍ਰਾਨਾ॥ ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ॥*
*ਕੋਈ ਸਜਣੁ ਸੰਤੁ ਮਿਲੈ ਵਡਭਾਗੀ ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ॥੧॥*
*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ॥*
*ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ॥*
*ਮਿਲਿ ਸਤਸੰਗਤਿ ਖੋਜੁ ਦਸਾਈ ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ॥੨॥*

(ਅੰਗ ੯੪)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

ਸ੍ਰੀ ਮੁਖਵਾਕ ਨੰਬਰ ੨੧ (ਅੰਗ ੫੪੭)

## ਬਿਹਾਗੜਾ ਮਹਲਾ ੫ ਛੰਤ॥

ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥ ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ॥ ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ॥ ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ॥ ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ॥ ਬਿਨਵੰਤ ਨਾਨਕ ਬਿਨੁ ਸਾਧਸੰਗਮ ਸਭ ਮਿਥਿਆ ਸੰਸਾਰੀ॥੧॥ ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ॥ ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ॥ ਬਿਲਲਾਹਿ ਕੇਤੇ ਮਹਾ ਮੋਹਨ ਬਿਨੁ ਨਾਮ ਹਰਿ ਕੇ ਸੁਖੁ ਨਹੀ॥ ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ॥ ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ॥ ਬਿਨਵੰਤ ਨਾਨਕ ਜਿਨ ਸਾਧਸੰਗਮੁ ਸੇ ਪਤਿ ਸੇਤੀ ਘਰਿ ਜਾਹੀ॥੨॥ ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ॥ ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ॥ ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ॥ ਬਿਨੁ ਨਾਮ ਹਰਿ ਕੇ ਆਨ ਰਚਨਾ ਅਹਿਲਾ ਜਨਮੁ ਗਵਾਈਐ॥ ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ॥ ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਨੇ॥ ੩ ॥ ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ॥ ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ॥ ਸਾਧਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ॥ ਮਹਾ ਧਰਮ ਸੁਦਾਨ ਕਿਰਿਆ ਸੰਗਿ ਤੇਰੈ ਸੇ ਚਲੇ॥ ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਮਨੁ ਤਨੁ ਭੀਨਾ॥ ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ॥੪॥੬॥੯॥

# ਪ੍ਰਾਕ੍ਰਥਨ :-

ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਦਾ ਇਹ ਸ਼ਬਦ ਛੰਤ ਦੇ ਸਿਰਲੇਖ ਹੇਠ ਬਿਹਾਗੜਾ ਰਾਗੁ ਵਿਚ ਉਚਾਰਨ ਕੀਤਾ ਹੈ। ਇਸ ਸ਼ਬਦ ਦੀ ਉਥਾਨਕਾ ਸਬੰਧੀ ਟੀਕਾਕਾਰਾਂ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਸੰਖੇਪ ਰੂਪ ਵਿਚ ਇਸ ਤਰ੍ਹਾਂ ਹਨ—

੧. ਸੰਪ੍ਰਦਾਈ ਟੀਕਾ, ਅਮੀਰ ਭੰਡਾਰ, ਸੈਂਚੀ ਪੰਜਵੀਂ ਵਿਚ ਕਥਨ ਹੈ। ਸਕੇਤ ਮੰਡੀ ਵਾਲਾ ਰਾਜਾ ਅੰਮ੍ਰਿਤਸਰ ਗੁਰਦੇਵ ਪਾਸ ਕਈ ਦਿਨ ਰਿਹਾ। ਆਖ਼ਿਰ ਬਹੁਤ ਬਿਮਾਰ ਹੋ ਗਿਆ। ਪੰਚਮ ਪਾਤਸ਼ਾਹ ਜੀ ਨੇ ਅੰਤ ਸਮਾਂ ਉਸ ਦਾ ਨੇੜੇ ਦੇਖ ਕੇ ਇਸ ਸ਼ਬਦ ਦੁਆਰਾ ਉਪਦੇਸ਼ ਦਿੱਤਾ ਹੈ।

੨. ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ ਵਿਚ ਦਰਜ ਹੈ ਕਿ ਇਕ ਰਾਜਾ ਗੁਰੂ ਜੀ ਦੀ ਸ਼ਰਣ ਆ ਕੇ ਨਾਮ ਦੇ ਲੜ ਲਗ ਗਿਆ। ਅੰਤ ਸਮਾਂ ਛੇਤੀ ਆ ਗਿਆ ਤਾਂ ਦਿਆਲੂ ਗੁਰੂ ਜੀ ਆਪ ਚਲ ਕੇ ਉਸ ਰਾਜੇ ਪਾਸ ਗਏ। ਉਸ ਦੇ ਅੰਤ ਦੇ ਵੇਲੇ ਸੱਤਯ ਉਪਦੇਸ਼ ਜੋ ਉਸ ਨੂੰ ਦਿੱਤਾ ਸੀ, ਉਹ ਉਪਦੇਸ਼ ਸਰਬ ਕਾਲੀ ਉਪਦੇਸ਼ ਹੋਣ ਲਈ ਇਸ ਛੰਤ ਵਿਚ ਗੁੰਥਿਤ ਹੈ।

੩. ਟੀਕਾ ਫ਼ਰੀਦਕੋਟ ਵਿਚ ਕਿਹਾ ਹੈ ਕਿ ਮੋਹ ਜਾਲ ਵਿਚ ਫਸੇ ਕਿਸੇ ਰਾਜੇ ਨੂੰ ਅਖ਼ੀਰੀ ਵਕਤ ਸਰੀਰ ਤਿਆਗਣ ਸਮੇਂ ਮੋਹ ਮਾਇਆ ਦੇ ਜਾਲ ਵਿਚੋਂ ਕੱਢਣ ਲਈ ਇਹ ਸ਼ਬਦ ਉਚਾਰਨ ਕੀਤਾ।

੪. ਪੰਡਤ ਨਰੈਣ ਸਿੰਘ ਦਾ ਇਹੋ ਵਿਚਾਰ ਹੈ ਕਿ ਕਿਸੇ ਰਾਜੇ ਨੂੰ ਮੋਹ ਜਾਲ ਵਿਚੋਂ ਛੁਡਾ ਕੇ ਜੀਅ ਦਾਨ ਦਿੱਤਾ ਹੈ।

੫. ਸੰਪ੍ਰਦਾ ਦਮਦਮੀ ਟਕਸਾਲ ਦੇ ਮਹਾਂਪੁਰਖਾਂ ਦਾ ਕਥਨ ਹੈ ਕਿ ਰਾਜਾ ਦੁਨੀਚੰਦ ਜੋ ਪਟੀ ਦਾ ਰਾਜਾ ਸੀ, ਬੀਬੀ ਰਜਨੀ ਦਾ ਬਾਪ ਸੀ। ਰਾਜੇ ਦੇ ਅੰਤਮ ਸਮੇਂ ਹਜ਼ੂਰ ਨੇ ਇਸ ਸ਼ਬਦ ਰਾਹੀਂ ਉਪਦੇਸ਼ ਦੇ ਕੇ ਉਸਨੂੰ ਤਾਰਿਆ ਹੈ।

ਇਸ ਸ਼ਬਦ ਦੇ ਦੂਜੇ ਅੰਕ ਵਿਚ 'ਰਾਜਨ ਕਿਉ ਸੋਇਆ ਤੂ ਨੀਦ ਭਰੇ' ਅਤੇ ਤੀਜੇ ਅੰਕ ਅੰਦਰ 'ਨਰਪਤਿ ਜਾਣਿ ਗ੍ਰਹਿਉ,' ਰਾਜਨ ਤੇ ਨਰਪਤਿ ਸ਼ਬਦ ਤੋਂ ਸਪੱਸ਼ਟ ਹੈ ਕਿ ਇਸ ਸ਼ਬਦ ਦੁਆਰਾ ਕਿਸੇ ਰਾਜੇ ਨੂੰ ਉਪਦੇਸ਼ ਦਿੱਤਾ ਹੈ ਪਰ ਅਰੰਭਕ ਪੰਗਤੀ ਇਹ ਵੀ ਦੱਸ ਰਹੀ ਹੈ ਕਿ 'ਬੋਲਿ ਸੁਧਰਮੀੜਿਆ,' ਜੋ ਕਿਹਾ ਹੈ, ਰਾਜਾ ਵੀ ਕੋਈ ਧਰਮੀ ਸੀ ਜਿਸ ਨੂੰ ਹਜ਼ੂਰ ਨੇ ਇਸ ਸ਼ਬਦ ਰਾਹੀਂ ਉਪਦੇਸ਼ ਦੇ ਕੇ ਤਾਰਿਆ ਹੈ।

ਸੁਧਰਮੀੜਿਆ ਦਾ ਅਰਥ ਵਿਦਵਾਨਾਂ ਨੇ ਸ੍ਰੇਸ਼ਟ ਧਰਮ ਵਾਲੇ ਕੀਤਾ ਹੈ। ਇਸ ਲਈ ਪਹਿਲਾਂ ਧਰਮ ਦੇ ਸਬੰਧ ਵਿਚ ਵਿਚਾਰ ਕਰਨੀ ਬਣਦੀ ਹੈ।

ਧਰਮ ਕਿਸ ਨੂੰ ਕਹਿੰਦੇ ਹਨ ? ਧਰਮ ਕਿੰਨੇ ਪ੍ਰਕਾਰ ਦਾ ਹੈ ?

ਧਾਰਮਿਕ ਗ੍ਰੰਥਾਂ ਅਨੁਸਾਰ ਧਰਮ ਦੇ ਅਰਥ ਕੀ ਹਨ ?

ਵਿਸ਼ਵ ਭਰ ਦੇ ਵਿਚ ਮੁੱਖ ਧਰਮ ਕਿਤਨੇ ਹਨ ?

ਉਪਰੋਕਤ ਪ੍ਰਸ਼ਨਾਂ ਦੇ ਉਤਰ ਇਸ ਪ੍ਰਕਾਰ ਹਨ—

## ੧. ਧਰਮ ਕਿਸ ਨੂੰ ਕਹਿੰਦੇ ਹਨ ?

ਉੱਤਰ— 'ਧਰਮ' ਸ਼ਬਦ ਸੰਸਕ੍ਰਿਤ ਭਾਸ਼ਾ ਦਾ ਹੈ। ਧਾਤੂ ਧ੍ਰੀ=ਸਹਾਰਾ ਦੇਣਾ, ਧਾਰਣਾ। ਧਰਮ ਦੇ ਅਰਥ ਇਹ ਵੀ ਹਨ—ਸੁਭਾਵ, ਗੁਣ, ਮਰਯਾਦਾ, ਫ਼ਰਜ਼, ਨੇਕੀ, ਮੱਤ, ਮਜ਼ਹਬ, ਜੋ ਆਪੋ-ਆਪਣੇ ਧਾਰਮਿਕ ਤਰੀਕੇ ਨਾਲ ਕਰਨੇ ਉਚਿਤ ਹਨ। ਜੈਮਨੀ ਲਿਖਦਾ ਹੈ—ਨੰਦਨ : ਲਕਸ਼ਣੋ ਅਰਥੋ : ਧਰਮ। ਧਰਮ ਦਾ ਅਰਥ ਇਹ ਹੈ ਕਿ ਜਿਸ ਤੋਂ (ਸ਼ਾਸਤ੍ਰ ਆਦਿ ਦੀ) ਆਗਿਆ ਦਾ ਲੱਛਣ ਪ੍ਰਤੀਤ ਹੋਵੇ। ਧਰਮ ਦਾ ਸਰੂਪ ਇਹ ਹੈ—ਯਤੋ ਅਭ ਉਦਯ ਨੇਹ ਸ੍ਰੇਯ ਸਿਧਿ ਸਾ ਧਰਮ : ਅਰਥਾਤ ਜਿਸ ਤੋਂ ਪ੍ਰਗਟ ਹੋਵੇ ਮੋਖ ਦੀ ਸਿਧੀ, ਉਹ ਹੈ ਧਰਮ।

## ੨. ਧਰਮ ਕਿਤਨੇ ਪ੍ਰਕਾਰ ਦਾ ਹੈ ?

ਧਰਮ ਦੋ ਪ੍ਰਕਾਰ ਦਾ ਹੈ—੧. ਸਾਧਾਰਣ ਧਰਮ ਅਤੇ ੨. ਅਸਾਧਾਰਣ ਧਰਮ। ਸਾਧਾਰਣ ਧਰਮ ਹੈ ਆਪਣੇ ਇਸ਼ਟ ਦੇਵ ਦੇ ਅਨੁਸਾਰ ਚੱਲਣਾ ਅਤੇ ਆਪਣੇ ਇਸ਼ਟ ਗੁਰੂ ਦੇ ਹੁਕਮ ਨੂੰ ਮੰਨਣਾ। ਅਸਾਧਾਰਣ ਧਰਮ ਉਸ ਨੂੰ ਕਹਿੰਦੇ ਹਨ, ਜੋ ਕੁੱਲ ਦੁਨੀਆਂ ਦਾ ਸਾਂਝਾ ਹੋਵੇ। ਜੈਸੇ ਪ੍ਰਮਾਤਮਾ ਦੀ ਬੰਦਗੀ ਕਰਨੀ ਇਹ ਸਮੁੱਚੀ ਮਨੁੱਖਤਾ ਦਾ ਧਰਮ ਹੈ। ਧਰਮ ਦੇ ਦਸ ਚਿੰਨ੍ਹ ਵੀ ਪੰਡਿਤ ਹਰਿ ਦਿਆਲ ਜੀ ਨੇ ਕਥਨ ਕੀਤੇ ਹਨ-

***"ਖਿਮਾ, ਅਹਿੰਸਾ, ਦਯਾ, ਮ੍ਰਿਦੁ, ਸਤ ਬਚਨ, ਤਪ, ਦਾਨ।***
***ਸੀਲ, ਸੌਚ, ਤ੍ਰਿਸ਼ਨਾ ਬਿਨਾ, ਧਰਮ ਲਿੰਗ ਦਸ ਜਾਨ।"***

(ਸਾਰਕੁਤਾਵਲੀ)

ਅਤੇ ਧਰਮ ਬਾਰੇ ਹੋਰ ਵੀ ਪੰਡਤ ਜੀ ਨੇ ਜ਼ਿਕਰ ਕੀਤਾ ਹੈ—

***"ਧਰਮ ਸਰਬ ਸੁਖ ਖਾਨਿ ਜਾਨ ਸਭ ਕੋ ਹਿਤਕਾਰੀ।***
***ਧਰਮ ਧਰੇ ਬੁਧਿਮਾਨ ਨਿਰੰਤਰ ਚਿਤ ਮਝਾਰੀ।***
***ਧਰਮ ਸਰਬ ਸੁਖ ਹੇਤੁ ਨਿਖਲ ਕਿਲ ਕਲਮਲ ਖੋਵਤ।***
***ਗੁਰ ਸੰਗਤ ਕੇ ਮਾਂਹਿ ਧਰਮ ਕਰ ਪ੍ਰਾਪਤ ਹੋਵਤ।***
***ਦਸ ਅਸਟ ਨਰਕ ਕੁਸ਼ਟਨ ਵਿਖੇ ਧਰਮ ਬਿਮੁਖ ਨਰ ਨੀਤ ਗਮ।***
***ਹੈ ਧਰਮ ਸਾਰ ਸੰਸਾਰ ਮੈਂ ਤਾਂਤੇ ਧਰਮ ਨਮਾਮਿ ਮਮ।"***

(ਸਾਰਕੁਤਾਵਲੀ)

ਗੁਰਬਾਣੀ ਵਿਚ ਧਰਮ ਦੀ ਪਉੜੀ ਵੀ ਕਹਿਆ ਹੈ-

***"ਸੰਤ ਕਾ ਮਾਰਗੁ ਧਰਮ ਕੀ ਪਉੜੀ ਕੋ ਵਡਭਾਗੀ ਪਾਏ॥"***

(ਅੰਗ ੬੨੨)

ਐਸੇ ਧਰਮੀ ਪੁਰਸ਼ਾਂ ਲਈ ਹਜ਼ੂਰ ਦੇ ਇਹ ਵੀ ਬਚਨ ਹਨ—

***"ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥"***

(ਅੰਗ ੮੯)

***"ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥***
***ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥"*** (ਅੰਗ ੧੩੭੨)

***"ਕਬੀਰ ਜਉ ਗ੍ਰਿਹੁ ਕਰਹਿ ਤ ਧਰਮੁ ਕਰੁ ਨਾਹੀ ਤ ਕਰੁ ਬੈਰਾਗੁ॥***
***ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ॥"*** (ਅੰਗ ੧੩੭੭)

***"ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਦ੍ਰਿੜੰਤ ਨਾਮੰ ਤਜੰਤ ਲੋਭੰ॥***
***ਸਰਣਿ ਸੰਤੰ ਕਿਲਬਿਖ ਨਾਸੰ ਪ੍ਰਾਪਤੰ ਧਰਮ ਲਖ੍ਹਿਣ॥"*** (ਅੰਗ ੧੩੫੪)

ਸੰਸਾਰ ਵਿਚ ਧਰਮ ਦੇ ਧਾਰਨ ਵਾਲਾ ਮਨੁੱਖ ਸੋਭਦਾ ਹੈ। ਸ਼ਾਸਤ੍ਰਾਂ ਦਾ ਕਥਨ ਹੈ, ਚੰਦ੍ਰਮਾਂ ਤੋਂ ਬਿਨਾਂ ਜੈਸੇ ਰਾਤਰੀ ਸ਼ੋਭਦੀ ਨਹੀਂ, ਕਮਲ ਫੁੱਲ ਤੋਂ ਬਿਨਾਂ ਤਲਾਬ ਸੋਭਦਾ ਨਹੀਂ, ਤੈਸੇ ਜੀਵ ਭੀ ਧਰਮ ਹੀਣ ਜਗਤ ਅੰਦਰ ਸ਼ੋਭਦਾ ਨਹੀਂ ਹੈ।

***"ਇੰਦ ਬਿਨਾ ਜਿਉ ਮੰਦ ਨਿਸ, ਮੰਦ ਕੰਜ ਬਿਨ ਤਾਲ।***
***ਜੀਵ ਮੰਦ ਤਿਉ ਧਰਮ ਬਿਨ, ਤਾਤੇ ਧਰਮ ਨਾ ਟਾਲ॥"***

(ਸਾਰਕੁਤਾਵਲੀ)

ਧਰਮ ਤੋਂ ਮੁਰਾਦ ਇਹ ਵੀ ਹੈ ਕਿ ਜਿਸ ਨੇ ਸਭ ਕੁਛ ਧਾਰਨ ਕੀਤਾ ਹੋਇਆ ਹੈ, ਜਿਸ ਦੇ ਆਸਰੇ ਸਭ ਕੁਛ ਖੜਾ ਹੈ, ਉਹ ਹੈ ਧਰਮ। ਜਿਥੇ ਨਾਮ ਜਪਣਾ ਧਰਮ ਦੱਸਿਆ ਹੈ, ਉਥੇ ਜਿਸ ਨੇ ਖੰਡ-ਬ੍ਰਹਿਮੰਡ ਨੂੰ ਧਾਰਨ ਕੀਤਾ ਹੋਇਆ ਹੈ, ਐਸੇ ਪਰਮਾਤਮਾ ਦੇ ਨਾਮ ਨੂੰ, ਸਿਮਰਨ ਨੂੰ, ਬੰਦਗੀ ਨੂੰ ਧਰਮ ਕਹਿੰਦੇ ਹਨ। ਉਸ ਈਸ਼ਵਰ ਨੂੰ ਧਰਮ ਕਹਿੰਦੇ ਹਨ। ਧਰਮ ਨੂੰ ਮੰਨਣਾ ਈਸ਼ਵਰ ਨੂੰ ਮੰਨਣਾ ਹੈ ਔਰ ਈਸ਼ਵਰ ਨੂੰ ਮੰਨਣਾ ਧਰਮ ਨੂੰ ਮੰਨਣਾ ਹੈ, ਜਿਸ ਨੇ ਸਭ ਕੁਛ ਧਾਰਨ ਕੀਤਾ ਹੋਇਆ ਹੈ ਅਤੇ ਜਿਸ ਦੇ ਸਾਰੇ ਜੀਅ-ਜੰਤ, ਖੰਡ-ਬ੍ਰਹਿਮੰਡ ਆਸਰੇ ਹਨ, ਧਰਮ।

***"ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਮੰਡ॥"*** (ਅੰਗ ੨੮੪)

ਆਚਾਰ, ਈਮਾਨ, ਸੱਚ, ਸ਼ਬਦ, ਸੁਕ੍ਰਿਤ, ਸ਼੍ਰੇਯ, ਸੁਭਾਵ, ਹੱਕ, ਦੀਨ, ਪੁਣਯ, ਪੁੰਨ, ਬਿਰਦ, ਬ੍ਰਿਖ, ਵ੍ਰਿਖ ਆਦਿਕ ਇਹ ਸਾਰੇ ਸ਼ਬਦ ਧਰਮ ਦੇ ਸਮਾਨ-ਅਰਥ ਸ਼ਬਦ ਹਨ। ਇਸੇ ਤਰ੍ਹਾਂ ਅੰਗਰੇਜ਼ੀ ਅੰਦਰ

ਧਰਮ ਨੂੰ ਰਿਲੀਜਨ **(Religion)** ਕਹਿੰਦੇ ਹਨ ਜੋ ਦੋ ਸ਼ਬਦਾਂ ਦੇ ਜੋੜ **(Re+ligion)** ਤੋਂ ਬਣਿਆ ਹੈ। ਪਰਮਾਤਮਾ ਤੋਂ ਵਿਛੜੀ ਰੂਹ ਨੂੰ ਦੁਬਾਰਾ ਪਰਮਾਤਮਾ ਨਾਲ ਜੋੜਨਾ।

ਜੈਸੇ ਔਰੰਗਜ਼ੇਬ ਬਾਦਸ਼ਾਹ ਨੇ ਹਿੰਦੂਆਂ ਦਾ ਧਰਮ ਖ਼ਤਮ ਕਰਕੇ ਉਹਨਾਂ ਨੂੰ ਆਪਣੇ ਈਮਾਨ ਵਿਚ ਧੱਕੇ ਨਾਲ ਮੁਸਲਮਾਨ ਬਣਾਉਣਾ ਚਾਹਿਆ ਸੀ, ਪਰ ਧੰਨ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਉਹਨਾਂ ਦੀ ਰੱਖਿਆ ਕੀਤੀ ਸੀ।

***"ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹ ਨ ਛੋਡੀਏ।***
***ਗੁਰੂ ਤੇਗ ਬਹਾਦਰ ਬੋਲਿਆ ਧਰਿ ਪਈਏ ਧਰਮ ਨ ਛੋਡੀਏ। (ਚੁਹਾਣ ਭੱਟ)।"***

ਜੈਸੇ ਗਿਆਨੀ ਗਿਆਨ ਸਿੰਘ ਜੀ ਨੇ 'ਸ੍ਰੀ ਗੁਰੂ ਪੰਥ ਪ੍ਰਕਾਸ਼' ਅੰਦਰ ਲਿਖਿਆ ਹੈ–

***"ਜਗ ਹਿੰਦ ਧਰਮ ਕਹਾ ਰਹਿਤੋ ਅਰ ਤੱਗ ਤਿਲਕ ਨਾ ਦੇਖਣ ਪਾਤੇ।***
***ਤੀਰਥ ਦੇਵ ਸਥਾਨ ਪੁਰਾਨ ਨਿਗਮ ਆਗਮ ਮਭੀ ਸਭੀ ਉਠ ਜਾਤੇ।***
***ਰੋਜੇ ਬਾਂਗ ਨਿਵਾਜ ਮਸੀਤ ਯਹੀ ਸਭ ਹੀ ਜਗ ਛਾਤੇ।***
***ਗੁਰ ਤੇਗ ਬਹਾਦਰ ਹਿੰਦਹਿ ਚਾਦਰ ਕਾਦਰ ਜਉ ਨਾ ਧਰਾ ਪ੍ਰਗਟਾਤੇ।"***

ਇਕ ਹੋਰ ਕਵੀ ਨੇ ਇਸ ਸਬੰਧ ਵਿਚ ਬਹੁਤ ਸੁੰਦਰ ਲਿਖਿਆ ਹੈ–

***"ਅਗਰ ਤੇਰੀ ਜੋਤ ਦੁਨੀਆਂ ਮੇਂ ਆਈ ਨ ਹੋਤੀ।***
***ਜ਼ੁਲਮ ਵਾ ਜਬਰ ਕੀ ਸਫ਼ਾਈ ਨ ਹੋਤੀ।***
***ਹਰ ਤਰਫ਼ ਝੰਡਾ ਝੂਲ ਜਾਤਾ ਇਸਲਾਮ ਕਾ।***
***ਹਰ ਜ਼ੁਬਾਂ ਪੇ ਕਲਮਾ ਹੋਤਾ ਅਲਹਾਮ ਕਾ।***
***ਤੋ ਵੇਦੋਂ ਕੀ ਕਾਨੋਂ ਮੇਂ ਸੁਨਾਈ ਨਾ ਹੋਤੀ।***
***ਅਗਰ ਗੁਰੋਂ ਨੇ ਬਾਣੀ ਗਾਈ ਨਾ ਹੋਤੀ।"***

ਇਸ ਲਈ ਧਰਮ ਧਾਰਨਾ ਅਤਿਅੰਤ ਜਰੂਰੀ ਹੈ। ਧਰਮ ਇਕ ਪਰਮ ਸ਼ਕਤੀ ਹੈ, ਸੱਚਾਈ ਹੈ, ਮਹਾਨ ਰੌਸ਼ਨੀ ਤੇ ਮਸਤੀ ਆਂਤ੍ਰਿਕ ਪ੍ਰਸੰਨਤਾ ਹੈ।

ਭੌਤਿਕ ਸਰੀਰ ਭੌਤਿਕ ਪਦਾਰਥਾਂ ਦੇ ਆਸਰੇ 'ਤੇ ਖੜ੍ਹਾ ਹੈ। ਭੌਤਿਕ ਪਦਾਰਥ ਧਨ ਦੇ ਨਾਲ ਹੀ ਮਿਲਦੇ ਹਨ। ਧਨ ਅਤੇ ਧਰਮ ਮਨੁੱਖੀ ਜ਼ਿੰਦਗੀ ਦੇ ਦੋ ਪੈਰ ਹਨ। ਇਨ੍ਹਾਂ ਦੇ ਆਸਰੇ ਜੀਵਨ ਚਲਦਾ–ਫਿਰਦਾ ਹੈ। ਬਹਿਰੂਨੀ ਦੁਨੀਆਂ ਦਾ ਸਾਰਾ ਪਸਾਰਾ ਧਨ ਦੇ ਆਸਰੇ 'ਤੇ ਖੜ੍ਹਾ ਹੈ। ਅੰਦਰੂਨੀ ਸਾਰੀ ਪ੍ਰਸੰਨਤਾ ਧਰਮ ਦੇ ਆਸਰੇ 'ਤੇ ਖੜ੍ਹੀ ਹੈ। ਭੂਤਕਾਲ ਅੰਦਰ ਧਰਮੀ ਸਧਾਰਣ ਧਰਮ ਕਮਾਉਂਦੇ ਸਨ, ਅਤੇ ਸਰੀਰ ਦੀ ਲੋੜ ਵਾਸਤੇ ਧਨਵਾਨਾਂ ਅੱਗੇ ਹੱਥ ਅੱਡਣੇ ਪੈਂਦੇ ਸਨ, ਪਰ ਧਨੀ ਪੁਰਸ਼ ਆਤਮਿਕ ਸ਼ਾਂਤੀ ਦੀ ਪ੍ਰਾਪਤੀ ਵਾਸਤੇ ਧਰਮੀ ਸਾਧੂ ਅੱਗੇ ਹੱਥ ਜੋੜਦਾ ਸੀ।

ਇਸ ਤਰ੍ਹਾਂ ਦੀ ਲੰਗੜੀ ਜ਼ਿੰਦਗੀ ਦੋਵੇਂ ਜੀਅ ਰਹੇ ਸਨ। ਪੱਛਮੀ ਦੇਸ਼ਾਂ ਨੇ ਸਾਰਾ ਜ਼ੋਰ ਬਹਿਰੂਨੀ ਦੁਨੀਆਂ ਨੂੰ ਸੰਵਾਰਨ 'ਤੇ ਲਾਇਆ। ਉਹ ਧਨ ਕਰਕੇ ਅਮੀਰ ਬਣ ਗਏ। ਸਰੀਰ ਦੀਆਂ ਤਮਾਮ ਲੋੜਾਂ ਪੂਰੀਆਂ ਹੋ ਗਈਆਂ, ਪਰ ਅੰਦਰੋਂ ਅਸ਼ਾਂਤ ਸਨ। ਧਰਮ ਤੋਂ ਸੱਖਣੇ ਸਨ। ਤਦੇ ਤਾਂ ਸਭ ਤੋਂ ਜ਼ਿਆਦਾ ਪਾਗ਼ਲ ਅਤੇ ਆਤਮ ਹੱਤਿਆ ਆਦਿ ਦੇ ਦੋਸ਼ ਪੱਛਮੀ ਦੇਸ਼ਾਂ ਵਿਚ ਜ਼ਿਆਦਾ ਹਨ। ਪੱਛਮ ਇਸ ਘਾਟ ਨੂੰ ਹੁਣ ਮਹਿਸੂਸ ਕਰਨ ਲੱਗਾ ਹੈ। ਦੂਜੇ ਪਾਸੇ ਸਾਡੇ ਦੇਸ਼ ਦੇ ਸਧਾਰਨ ਧਰਮੀ ਸਾਧੂਆਂ ਨੇ ਬਾਹਰ ਦੀ ਦੁਨੀਆਂ ਨੂੰ ਛਲ, ਧੋਖਾ ਆਖ ਕੇ ਸੰਸਾਰ ਨੂੰ ਲੱਤ ਮਾਰ ਦਿੱਤੀ। ਇਸੇ ਕਰਕੇ ਸਾਡਾ ਦੇਸ਼ ਗ਼ਰੀਬੀ ਦੀ ਮਹਾਨ ਖੱਡ ਵਿਚ ਜਾ ਪਿਆ। ਇਸ ਲਈ ਸੰਸਾਰ ਨੂੰ ਤਿਆਗ ਕੇ ਜੰਗਲ ਵਿਚ ਧਰਮ ਕਮਾਉਣ ਵਾਲਾ ਧਰਮੀ ਬਾਹਰੋਂ ਦੁਖੀ ਹੈ। ਧਰਮ ਦਾ ਤਿਆਗ ਕਰਨ ਵਾਲਾ ਸੰਸਾਰੀ ਮਨੁੱਖ ਅੰਦਰੋਂ ਦੁੱਖੀ ਹੈ। ਪਰ ਅੰਦਰੋਂ-ਬਾਹਰੋਂ ਸੁਖੀ ਹੋਵਣ ਦੀ ਜਾਚ ਸਤਿਗੁਰੂ ਸਾਹਿਬ ਜੀ ਨੇ ਦੱਸੀ ਹੈ-

***"ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥***
***ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ॥"***

(ਅੰਗ ੫੨੨)

***"ਰੇ ਮਨ ਐਸੋ ਕਰਿ ਸੰਨਿਆਸਾ॥***
***ਬਨ ਸੇ ਸਦਨ ਸਭੈ ਕਰਿ ਸਮਝਹੁ ਮਨ ਹੀ ਮਾਹਿ ਉਦਾਸਾ॥"***

(ਸ਼ਬਦ ਹਜ਼ਾਰੇ, ਪਾਤਸ਼ਾਹੀ ੧੦)

ਧਨ ਤੇ ਧਰਮ ਰੂਪ ਦੋਵੇਂ ਪੈਰਾਂ 'ਤੇ ਚੱਲ ਕੇ ਜੀਵਨ ਦੀ ਸਫਲਤਾ ਰੂਪ ਮੰਜ਼ਿਲ 'ਤੇ ਪਹੁੰਚਣਾ ਹੈ। ਗੁਰੂ ਦੀ ਸ਼ਰਨ ਪਈਏ ਤਾਂ ਵਾਹਿਗੁਰੂ ਸਭ ਕੁਝ ਬਖ਼ਸ਼ ਦਿੰਦਾ ਹੈ-

***ਧਰਮ ਅਰਥ ਅਰੁ ਕਾਮ ਮੋਖ ਦੇਤੇ ਨਹੀ ਬਾਰ॥***

(ਅੰਗ ੮੧੬)

***ਜੋ ਮੰਗਹਿ ਸੋ ਲੇਵਹਿ॥ ਪ੍ਰਭ ਅਪਣਿਆ ਸੰਤਾ ਦੇਵਹਿ॥*** (ਅੰਗ ੬੨੯)

## 3. ਭਾਰਤੀ ਧਰਮ ਗ੍ਰੰਥਾਂ ਅੰਦਰ ਧਰਮ ਦੇ ਅਰਥ

(ੳ) **ਵੇਦ**— ਭਾਰਤੀ ਧਰਮ ਗ੍ਰੰਥਾਂ ਦੇ ਸੰਦਰਭ ਵਿਚ ਸਭ ਤੋਂ ਪੁਰਾਤਨ ਰੂਪ ਰਿਗਵੇਦ ਵਿਚ ਮਿਲਦਾ ਹੈ, ਜਿੱਥੇ ਧਰਮ ਦੇ ਅਰਥ ਸਥਾਪਿਤ, ਪੱਕਾ, ਆਦੇਸ, ਕਾਨੂੰਨ, ਅਮਲ, ਫਰਜ਼, ਨਿਆਂ, ਗੁਣ, ਨੈਤਿਕਤਾ ਅਤੇ ਚੰਗੇ ਕੰਮ ਨਿਕਲਦਾ ਹੈ। ਵੈਦਿਕ ਲੋਕ ਕੁਦਰਤੀ ਵਸਤੂਆਂ ਵਿਚ ਵਿਸ਼ਵਾਸ ਰੱਖਦੇ ਸਨ ਅਤੇ ਉਹਨਾਂ ਨੂੰ ਖ਼ੁਸ਼ ਕਰਨ ਲਈ ਪੂਜਾ ਕੀਤੀ ਜਾਂਦੀ ਸੀ। ਵੇਦਾਂ ਵਿਚ ਅਜਿਹੀ ਪੂਜਾ ਦਾ ਜ਼ਿਕਰ ਮਿਲਦਾ ਹੈ, ਪਰ ਗੁਰਮਤਿ ਵਿਚ ਐਸੀ ਪੂਜਾ ਦਾ ਖੰਡਨ ਕੀਤਾ ਹੈ।

(ਅ) **ਉਪਨਿਸ਼ਦ**— ਇਸ ਵਿਚ ਧਰਮ ਨੂੰ ਮੁਕਤੀ ਦੇ ਰੂਪ ਵਿਚ ਪੇਸ਼ ਕੀਤਾ ਹੈ। ਉਪਨਿਸ਼ਦਾਂ ਦੇ

ਅਨੁਸਾਰ ਮੋਖਸ਼ ਦੀ ਪ੍ਰਾਪਤੀ ਲਈ ਸੰਨਿਆਸ ਇਕ ਜ਼ਰੂਰੀ ਸਾਧਨ ਹੈ। ਇਸ ਵਿਚ ਧਰਮ ਸ਼ਬਦ ਫ਼ਰਜ਼ਾਂ ਦੇ ਅਰਥਾਂ ਵਿਚ ਵੀ ਵਰਤਿਆ ਗਿਆ ਹੈ।

(ੲ) **ਗੀਤਾ**—ਮੋਖਸ਼ ਦੀ ਪ੍ਰਾਪਤੀ ਗਿਆਨ, ਕਰਮ ਅਤੇ ਭਗਤੀ ਰਾਹੀਂ ਹੋ ਸਕਦੀ ਹੈ। ਇਸ ਵਿਚ ਵੀ ਧਰਮ ਮੁਕਤੀ ਦੇ ਸੰਦਰਭ ਵਿਚ ਵਰਤਿਆ ਗਿਆ ਹੈ।

(ਸ) **ਮਹਾਂਭਾਰਤ**—ਮਹਾਂਭਾਰਤ ਵਿਚ ਧਰਮ ਦੀ ਵਿਆਖਿਆ ਇਸ ਤਰ੍ਹਾਂ ਮਿਲਦੀ ਹੈ: "ਜਿਸ ਵਿਚ ਸ਼ਕਤੀ ਜਾਂ ਸਹਾਰਾ ਦੇਣ ਦੀ ਸਮਰੱਥਾ ਹੈ। ਉਹ ਹੈ ਧਰਮ।"

(ਹ) **ਮਨੂ ਸਿਮ੍ਰਿਤੀ**—ਇਸ ਵਿਚ ਧਰਮ ਦੇ ਦਸ ਅੰਗ ਮੰਨੇ ਹਨ—

੧. ਦਯਾ, ੨. ਧੀਰਜ, ੩. ਚੰਗਾ ਆਚਰਣ, ੪. ਸ੍ਵੈ-ਕਾਬੂ, ੫. ਸਚਿਆਰ, ੬. ਚੋਰੀ ਦਾ ਤਿਆਗ, ੭. ਬਿਬੇਕ ਬੁੱਧ, ੮. ਗਿਆਨ, ੯. ਅਹਿੰਸਾ, ੧੦. ਝੂਠ ਦਾ ਤਿਆਗ।

(ਕ) **ਬੁੱਧ ਧਰਮ**–ਬੋਧੀ ਧਰਮ ਗ੍ਰੰਥਾਂ ਵਿਚ ਧਰਮ ਨੂੰ ਥੰਮ੍ਹ ਕਿਹਾ ਗਿਆ ਹੈ।

(ਖ) **ਸਿੱਖ ਧਰਮ**–ਸਿੱਖ ਧਰਮ ਭਾਰਤੀ ਅਧਿਆਤਮਕ ਵਿਚਾਰਧਾਰਾ ਦਾ ਸਿਖਰ ਹੈ। ਇਸ ਨੇ ਧਰਮ ਸ਼ਬਦ ਨੂੰ ਇਕ ਵੱਖਰੇ ਅਤੇ ਨਵੇਂ ਅਰਥ ਪ੍ਰਦਾਨ ਕੀਤੇ। ਸਿੱਖ ਧਰਮ ਅਨੁਸਾਰ "ਧਰਮ ਉਹ ਪਵਿੱਤਰ ਨਿਯਮ ਹੈ ਜੋ ਸੰਸਾਰ ਰੂਪ ਧਾਰਨ ਕਰਦਾ ਹੈ। ਇਸ ਨੂੰ ਵਾਹਿਗੁਰੂ ਦਾ ਹੁਕਮ ਵੀ ਕਿਹਾ ਗਿਆ ਹੈ। ਗੁਰੂ ਸਾਹਿਬ ਜੀ ਨੇ ਪੁਰਾਤਨ ਭਾਰਤੀਆਂ ਦੁਆਰਾ ਧਰਮ ਦੇ ਪ੍ਰਤੀ ਗ਼ਲਤ ਧਾਰਨਾਵਾਂ ਨੂੰ ਮਹਿਸੂਸ ਕਰਕੇ ਆਮ ਲੋਕਾਂ ਨੂੰ ਉਹਨਾਂ ਵਿਚੋਂ ਕੱਢਿਆ। ਧਰਮ ਨੂੰ ਵਰਣ ਆਸ਼ਰਮ ਦੇ ਘੇਰੇ ਵਿਚੋਂ ਕੱਢ ਕੇ ਇਕ ਧਰਮ ਬਾਰੇ ਸਾਰੀ ਮਨੁੱਖਤਾ ਨੂੰ ਸੋਝੀ ਕਰਵਾਈ। ਗੁਰ ਫੁਰਮਾਨ ਹੈ–

***"ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥"*** (ਅੰਗ ੧੧੮੮)

ਤਥਾ–

***"ਸਰਬ ਧਰਮ ਮਹਿ ਸ੍ਰੇਸਟ ਧਰਮੁ॥***
***ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥"*** (ਅੰਗ ੨੬੬)

ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਹੈ ਕਿ ਜਿਸ ਦੇ ਬਲ (ਆਸਰੇ) ਧਰਤੀ ਖੜੀ ਹੈ, ਉਹ ਧਰਮ ਹੀ ਹੈ।

***"ਧੌਲੁ ਧਰਮੁ ਦਇਆ ਕਾ ਪੂਤੁ॥"*** (ਜਪੁ ਜੀ ਸਾਹਿਬ)

(ਗ) **ਕੁਰਾਨ**— ਕੁਰਾਨ ਵਿਚ ਧਰਮ ਲਈ ਮਜ਼ਹਬ ਜਾਂ ਦੀਨ ਸ਼ਬਦ ਵਰਤਿਆ ਗਿਆ ਹੈ। ਮਜ਼ਹਬ ਸ਼ਬਦ ਅਰਬੀ ਦੇ 'ਜ਼ਹਬ' ਤੋਂ ਬਣਿਆ ਹੈ, ਜਿਸ ਦਾ ਅਰਥ ਹੈ ਚਲਣ ਦੀ ਥਾਂ। ਉਹ ਰਸਤਾ ਜਾਂ ਮਾਰਗ ਜਿਸ 'ਤੇ ਚਲਦਿਆਂ ਮਨੁੱਖ ਨੂੰ ਦੈਵੀ ਕਦਰਾਂ ਕੀਮਤਾਂ ਦੀ ਸੋਝੀ ਹੁੰਦੀ ਹੈ, ਉਹ ਹੈ ਧਰਮ।

(ਘ) **ਬਾਈਬਲ**—**(Old Testament)** ਪੁਰਾਣਾ ਅਹਿਦਨਾਮਾ ਵਿਚ ਧਰਮ ਸ਼ਬਦ ਕਿਧਰੇ ਵੀ ਨਹੀਂ

ਮਿਲਦਾ। ਜਦੋਂ ਕਿ ਨਵੇਂ ਅਹਿਦਨਾਮੇ **(New Testament)** ਵਿਚ ਇਹ ਸਿਰਫ਼ ਤਿੰਨ ਵਾਰ ਆਇਆ ਹੈ। ਇਸ ਵਿਚ ਧਰਮ ਸ਼ਬਦ ਦੇ ਅਰਥ ਵਹਿਮ-ਭਰਮ ਵੀ ਕੀਤੇ ਗਏ ਹਨ।

# ਵਿਸ਼ਵ ਦੇ ਮੁੱਖ ਧਰਮ

## . ੧. ਬੁੱਧ ਧਰਮ

ਰਾਜ ਕੁਮਾਰ ਸਿਧਾਰਥ ਗੌਤਮ ਨੇ ਤਰੀਕਬਨ ੨੫੦੦ ਸਾਲ ਪਹਿਲਾਂ ਇਸ ਧਰਮ ਦੀ ਨੀਂਹ ਰੱਖੀ। ਇਸ ਰਾਜ ਕੁਮਾਰ ਦਾ ਨਾਂ ਬੁਧਾ ਦੇ ਨਾਮ ਨਾਲ ਪ੍ਰਸਿੱਧ ਹੋਇਆ। ਬੁਧਾ ਸ਼ਬਦ ਸੰਸਕ੍ਰਿਤ ਦਾ ਹੈ ਜਿਸ ਦੇ ਅਰਥ ਹਨ 'ਜਾਗਿਆ ਹੋਇਆ।' ਇਸ ਧਰਮ ਬਾਰੇ ਲਿਖਤਾਂ ਧਾਰਮਿਕ ਗ੍ਰੰਥਾਂ 'ਚ ਮਿਲਦੀਆਂ ਹਨ ਜਿਨ੍ਹਾਂ ਨੂੰ ਪਾਲੀ ਕੈਨਨ ਕਹਿੰਦੇ ਹਨ। ਹੋਰ ਵੀ ਲਿਖਤਾਂ ਸੰਸਕ੍ਰਿਤ, ਤਿੱਬਤੀ ਤੇ ਚੀਨੀ ਭਾਸ਼ਾ ਦੀਆਂ ਧਾਰਮਿਕ ਪੁਸਤਕਾਂ 'ਚ ਮਿਲਦੀਆਂ ਹਨ। ਇਸ ਸਮੇਂ ਤਕਰੀਬਨ ੨੬ ਕਰੋੜ ਲੋਕ ਇਸ ਧਰਮ ਨੂੰ ਮੰਨਦੇ ਹਨ ਜੋ ਦੱਖਣ ਪੂਰਬੀ ਏਸ਼ੀਆ ਤੇ ਦੂਰ ਪੂਰਬ 'ਚ ਵੱਸਦੇ ਹਨ। ਇਹ ਧਰਮ ਭਾਰਤ 'ਚ ਸ਼ੁਰੂ ਹੋਇਆ ਤੇ ਫਿਰ ਦੂਜੇ ਦੇਸ਼ਾਂ 'ਚ ਫੈਲਿਆ ਪਰ ਹੁਣ ਭਾਰਤ 'ਚ ਇਸ ਧਰਮ ਦੇ ਪੈਰੋਕਾਰ ਥੋੜ੍ਹੇ ਹਨ।

## ੨. ਈਸਾਈ ਧਰਮ

ਇਸ ਧਰਮ ਦੇ ਬਾਨੀ ਜੀਸਸ ਕਰਾਈਸਟ ਸਨ, ਜਿਨ੍ਹਾਂ ਨੇ ਤਕਰੀਬਨ ੨੦੦੦ ਸਾਲ ਪਹਿਲਾਂ ਇਸ ਧਰਮ ਦੀ ਨੀਂਹ ਰੱਖੀ। ਇਸ ਧਰਮ ਦੇ ਵਿਚਾਰ ਪਵਿੱਤਰ ਬਾਈਬਲ 'ਚ ਮਿਲਦੇ ਹਨ। ਇਸ ਧਰਮ ਦੇ ਪੈਰੋਕਾਰਾਂ ਦੀ ਸੰਖਿਆ ਸਾਰੀ ਦੁਨੀਆਂ 'ਚ ਤਕਰੀਬਨ ੧੨੦ ਕਰੋੜ ਹੈ। ਸਭ ਤੋਂ ਜ਼ਿਆਦਾ (੮੧ ਕਰੋੜ) ਰੋਮਨ ਕੈਥੋਲਿਕ, ਫਿਰ ਪ੍ਰੋਟੈਸਟੈਂਟ (੩੪. ੫ ਕਰੋੜ) ਤੇ ਬਾਕੀ ਈਸਟਰਨ ਆਰਥੋਡਕਸ ਚਰਚ ਨੂੰ ਮੰਨਣ ਵਾਲੇ ਹਨ। ਬਾਈਬਲ ਵਿਚ ਤੌਰੇਤ, ਅੰਜੀਲ ਆਦਿ ਕਈ ਗ੍ਰੰਥਾਂ ਦਾ ਸੰਗ੍ਰਹਿ ਹੈ। ਬਾਈਬਲ ਦਾ ਅਨੁਵਾਦ ਸੰਸਾਰ ਦੀਆਂ ੮੯੦ ਬੋਲੀਆਂ ਵਿਚ ਹੋ ਗਿਆ ਹੈ। ਇਸ ਦੇ ਦੋ ਮੁੱਖ ਭਾਗ ਹਨ—ਤੌਰੇਤ ਜੰਬੂਰ ਆਦਿ। ਬਾਈਬਲ ਨੂੰ ਕੁਰਾਣ ਵਿਚ ਇਸਲਾਮੀ ਕਿਤਾਬ ਮੰਨਿਆ ਹੈ।

## ੩. ਕਨਫ਼ਿਊਸ਼ੀਅਨਿਜ਼ਮ ਧਰਮ

ਇਸ ਧਰਮ ਨੂੰ ਅੱਜ ਤੋਂ ਤਕਰੀਬਨ ੨੫੦੦ ਸਾਲ ਪਹਿਲਾਂ ਫ਼ਿਲਾਸਫ਼ਰ ਕੌਂਗ ਜੀ ਨੇ ਸਥਾਪਤ ਕੀਤਾ। ਲਾਤੀਨੀ ਭਾਸ਼ਾ 'ਚ ਇਸ ਫ਼ਿਲਾਸਫ਼ਰ ਦਾ ਨਾਮ ਕਨਫ਼ਿਊਸ਼ੀਅਸ ਹੈ। ਇਸ ਧਰਮ ਦੇ ਵਿਚਾਰ ਐਨਾਲੈਕਟਮ 'ਚ ਮਿਲਦੇ ਹਨ। ਇਸ ਸਮੇਂ ੨੮ ਕਰੋੜ ਦੇ ਲਗਪਗ ਲੋਕ ਇਸ ਧਰਮ ਨੂੰ ਮੰਨਣ ਵਾਲੇ ਹਨ ਅਤੇ ਬਹੁਤ ਕਰਕੇ ਚੀਨ ਤੇ ਤਾਇਵਾਨ 'ਚ ਵੱਸਦੇ ਹਨ।

## ੪. ਹਿੰਦੂ ਧਰਮ

ਇਸ ਧਰਮ ਦੀ ਸਭ ਤੋਂ ਪੁਰਾਣੀ ਧਾਰਮਿਕ ਪੁਸਤਕ ਰਿਗਵੇਦ ਜੋ ਤਕਰੀਬਨ ੩੨੦੦ ਸਾਲ ਪਹਿਲਾਂ ਲਿਖੀ ਗਈ। ਹੋਰ ਪਵਿੱਤਰ ਗ੍ਰੰਥਾਂ ਦੇ ਨਾਮ ਹਨ—ਉਪਨਿਸ਼ਦ, ਬਰਾਹਮਨਜ਼ ਤੇ ਪੁਰਾਨਾਜ਼, ਇਨ੍ਹਾਂ ਦੇ ਸਮੂਹ ਨੂੰ ਵੇਦ ਕਿਹਾ ਜਾਂਦਾ ਹੈ। ਵੇਦ ਦੇ ਅਰਥ ਹਨ 'ਗਿਆਨ'। ਇਸ ਧਰਮ ਦੀ ਸਭ ਤੋਂ ਪਵਿੱਤਰ ਪੋਥੀ ਭਗਵਤ ਗੀਤਾ ਹੈ। ਇਸ ਸਮੇਂ ੫੦ ਕਰੋੜ ਦੇ ਕਰੀਬ ਇਸ ਧਰਮ ਦੇ ਪੈਰੋਕਾਰ ਹਨ ਜੋ ਬਹੁਤ ਸਾਰੇ ਭਾਰਤ ਦੇ ਵਾਸੀ ਹਨ।

## ੫. ਇਸਲਾਮ ਧਰਮ

ਹਜ਼ਰਤ ਮੁਹੰਮਦ ਸਾਹਿਬ ਨੇ ਇਸ ਧਰਮ ਦੀ ਸਥਾਪਨਾ ਅੱਜ ਤੋਂ ਤਕਰੀਬਨ ੧੪੦੦ ਸਾਲ ਪਹਿਲਾਂ ਕੀਤੀ। ਇਸ ਧਰਮ ਦਾ ਸਭ ਤੋਂ ਪਵਿੱਤਰ ਗ੍ਰੰਥ ਕੁਰਾਨ ਹੈ ਅਤੇ ਇਹ ਅਰਬੀ ਭਾਸ਼ਾ 'ਚ ਲਿਖਿਆ ਹੋਇਆ ਹੈ। ਇਸ ਧਰਮ ਦੇ ਪੈਰੋਕਾਰ ਸਾਰੇ ਵਿਸ਼ਵ 'ਚ ੧੧੦ ਕਰੋੜ ਦੇ ਕਰੀਬ ਹਨ। ਇਹ ਭਾਰਤ, ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ, ਈਰਾਨ, ਈਰਾਕ, ਸਾਊਦੀ ਅਰਬ, ਮਿਸਰ, ਲਿਬਨਾਨ, ਮਲੇਸ਼ੀਆ ਆਦਿ ਦੇਸ਼ਾਂ 'ਚ ਵੱਸਦੇ ਹਨ।

## ੬. ਯਹੂਦੀ ਧਰਮ

ਹੈਬਰਿਊ ਸਰਦਾਰ ਇਬਰਾਹੀਮ ਨੇ ਤਕਰੀਬਨ ੪੦੦੦ ਸਾਲ ਪਹਿਲਾਂ ਇਸ ਧਰਮ ਦੀ ਨੀਂਹ ਰੱਖੀ। ਉਹਨਾਂ ਇਕ ਰੱਬ ਦੀ ਪੂਜਾ ਦਾ ਪੈਗ਼ਾਮ ਦਿੱਤਾ। ਇਹ ਜਿਊ ਲੋਕਾਂ ਦਾ ਧਰਮ ਹੈ ਅਤੇ ਇਨ੍ਹਾਂ ਦੀ ਪਵਿੱਤਰ ਪੁਸਤਕ ਤੌਰੇਤ ਹੈ। ਇਸ ਧਰਮ ਦੇ ਲੋਕਾਂ ਦੀ ਸੰਖਿਆ ਵਿਸ਼ਵ 'ਚ ੧.੫ ਕਰੋੜ ਦੇ ਕਰੀਬ ਹੈ। ਇਨ੍ਹਾਂ ਵਿਚੋਂ ੬੦ ਲੱਖ ਦੇ ਕਰੀਬ ਅਮਰੀਕਾ, ੩੦ ਲੱਖ ਦੇ ਕਰੀਬ ਇਸਰਾਈਲ ਅਤੇ ੫ ਲੱਖ ਦੇ ਕਰੀਬ ਇੰਗਲੈਂਡ 'ਚ ਰਹਿੰਦੇ ਹਨ।

## ੭. ਸ਼ਿੰਤੋ ਧਰਮ

ਇਹ ਜਾਪਾਨ ਦਾ ਬਹੁਤ ਪੁਰਾਣਾ ਧਰਮ ਹੈ। ਇਸ ਧਰਮ ਦਾ ਕੋਈ ਧਾਰਮਿਕ ਗ੍ਰੰਥ ਨਹੀਂ ਹੈ ਅਤੇ ਇਸ ਧਰਮ ਦੇ ਅਸੂਲ ਕਨਫ਼ਿਊਸ਼ਿਅਨ-ਧਰਮ ਤੇ ਬੁੱਧ-ਧਰਮ ਦੇ ਅਸੂਲਾਂ ਤੋਂ ਲਏ ਗਏ ਹਨ। ਇਸ ਧਰਮ ਨੂੰ ਮੰਨਣ ਵਾਲੇ ਜਾਪਾਨ 'ਚ ਹਨ ਜਿਨ੍ਹਾਂ ਦੀ ਸੰਖਿਆ ੧੦ ਕਰੋੜ ਦੇ ਕਰੀਬ ਹੈ।

## ੮. ਤਾਓ ਧਰਮ

ਇਹ ਧਰਮ ੨੬੦੦ ਸਾਲ ਦੇ ਕਰੀਬ ਪੁਰਾਣਾ ਹੈ ਜਿਸ ਦੇ ਮੋਢੀ ਸਨ ਫ਼ਿਲਾਸਫ਼ਰ ਲਾਓ ਜੀ। ਇਸ

ਧਰਮ ਦੇ ਮੁੱਖ ਉਦੇਸ਼ ਹਨ—ਸੰਤੋਖ ਤੇ ਉਦਾਸੀਨਤਾ। ਇਸ ਧਰਮ ਦੇ ਧਾਰਮਿਕ ਗ੍ਰੰਥ ਦਾ ਨਾਮ ਹੈ—ਤਾਓ-ਤੀ ਚਿੰਗ।

## ੯. ਸਿੱਖ ਧਰਮ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਧਰਮ ਦੀ ਨੀਂਹ ਪੰਜ ਸੌ ਉਨਤਾਲੀ ਸਾਲ ਪਹਿਲਾਂ ਰੱਖੀ। ਇਸ ਧਰਮ ਦੇ ਵਿਚਾਰ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮਿਲਦੇ ਹਨ ਜਿਸ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ੧੬੦੪ ਈਃ ਨੂੰ ਕੀਤੀ। ਇਸ ਧਰਮ ਨੂੰ ਮੰਨਣ ਵਾਲਿਆਂ ਦੀ ਸੰਖਿਆ ੧.੫ ਕਰੋੜ ਦੇ ਕਰੀਬ ਹੈ। ਸਿਖ ਧਰਮੁ ਇਕ ਸਰਬੋਤਮੁ ਧਰਮੁ ਹੈ। "ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥' ਇਸੇ ਸ੍ਰੇਸ਼ਟ ਧਰਮ ਦੇ ਧਾਰਣ ਵਾਲੇ ਪੁਰਸ਼ ਨੂੰ ਬੋਲਣ ਵਾਸਤੇ ਕਿਹਾ ਹੈ। "ਬੋਲੀਐ ਸਚੁ ਧਰਮੁ ਝੂਠ ਨ ਬੋਲੀਐ॥ ਜੋ ਗੁਰ ਦਸੈ ਵਾਟ ਮੁਰੀਦਾ ਜੋਲੀਐ॥" ਪਰ ਇਥੇ ਤਾਂ ਕਿਹਾ ਹੈ ਕਿ ਹੇ ਸ੍ਰੇਸ਼ਟ ਧਰਮ ਵਾਲੇ (ਪੁਰਸ਼ਾ) ਤੂੰ ਬੋਲ, ਚੁਪ ਕਿਉਂ ਕਰ ਰਿਹਾ ਹੈਂ (ਕਿਉਂਕਿ) ਮਾਇਕੀ ਧੰਦਿਆਂ ਨੂੰ ਤਾਂ ਤੂੰ ਅੱਖੀਂ ਦੇਖਿ ਚਲਿਆ ਹੈਂ। (ਇਹਨਾਂ ਵਿਚੋਂ) ਤੇਰੇ ਨਾਲ ਕੁਝ ਨਹੀਂ ਜਾਣਾ। (ਜਾਣਾ ਹੈ ਤਾਂ ਕੇਵਲ ਗੋਬਿੰਦ ਦਾ ਨਾਮ) ਇਸ ਲਈ ਚੁਪ ਨਾ ਕਰ ਧਰਮੀ ਅਖਵਾਉਣ ਵਾਲਿਆ। ਸੱਚ ਬੋਲ ਕੇ ਦੱਸ। ਨਾਲ ਕੁਝ ਵੀ ਨਹੀਂ ਚਲਿਆ।

> **ਬਿਹਾਗੜਾ ਮਹਲਾ ੫ ਛੰਤ॥ ਬੋਲਿ ਸੁਧਰਮੀੜਿਆ ਮੋਨਿ ਕਤ ਧਾਰੀ ਰਾਮ॥ ਤੂ ਨੇਤ੍ਰੀ ਦੇਖਿ ਚਲਿਆ ਮਾਇਆ ਬਿਉਹਾਰੀ ਰਾਮ॥ ਸੰਗਿ ਤੇਰੈ ਕਛੁ ਨ ਚਾਲੈ ਬਿਨਾ ਗੋਬਿੰਦ ਨਾਮਾ॥ ਦੇਸ ਵੇਸ ਸੁਵਰਨ ਰੂਪਾ ਸਗਲ ਊਣੇ ਕਾਮਾ॥ ਪੁਤ੍ਰ ਕਲਤ੍ਰ ਨ ਸੰਗਿ ਸੋਭਾ ਹਸਤ ਘੋਰਿ ਵਿਕਾਰੀ॥ ਬਿਨਵੰਤ ਨਾਨਕ ਬਿਨੁ ਸਾਧਸੰਗਮ ਸਭ ਮਿਥਿਆ ਸੰਸਾਰੀ॥੧॥**

**ਪਦ ਅਰਥ** :-ਸੁ+ਧਰਮੀ+ੜਿਆ-ਸ੍ਰੇਸ਼ਟ ਧਰਮ ਵਾਲੇ ਧਰਮੀ ਪੁਰਖਾ। ਮੋਨਿ-ਚੁੱਪ। ਕਤ-ਕਿਉਂ? ਧਾਰੀ-ਧਾਰਣ ਕੀਤੀ ਹੈ। ਨੇਤ੍ਰੀ-ਅੱਖਾਂ ਨਾਲ। ਬਿਉਹਾਰੀ-ਵਪਾਰਾਂ ਨੂੰ। ਸੰਗਿ-ਨਾਲ। ਵੇਸ-ਪਹਿਨਣ ਵਾਲੇ ਕਪੜੇ। ਸਵਰਨ-ਸੋਨਾ। ਰੂਪਾ-ਚਾਂਦੀ। ਊਣੇ-ਅਧੂਰੇ। ਕਲਤ੍ਰ-ਇਸਤ੍ਰੀ। ਹਸਤ-ਹਾਥੀ। ਘੋਰਿ-ਘੋੜੇ। ਵਿਕਾਰੀ-ਵੇਕਾਰ, ਵਿਅਰਥ। ਮਿਥਿਆ-ਝੂਠੇ, ਮਿਥਿਆ ਦੋ ਤਰ੍ਹਾਂ ਦੀ ਹੈ :-੧. ਜੋ ਹੋਵੇ ਹੀ ਨਾ ਪਰ ਦਿਸੇ ਕਿ ਹੈ, ੨. ਜੋ ਹੋਵੇ ਪਰ ਰਹੇ ਨਾ।

**ਅਰਥ** :-ਹੇ ਸ੍ਰੇਸ਼ਟ ਧਰਮ ਵਾਲੇ ਧਰਮੀ (ਪੁਰਖਾ!) ਤੂੰ ਰਾਮ=ਵਾਹਿਗੁਰੂ ਨਾਮ ਮੁਖੋਂ ਬੋਲ=ਆਖ (ਤੂੰ ਹੁਣ) ਚੁੱਪ ਕਿਉਂ ਧਾਰਣ ਕੀਤੀ ਹੈ?। ਤੂੰ ਰਾਮ=ਵਾਹਿਗੁਰੂ ਨਾਮ (ਤੋਂ ਬਿਨਾਂ) ਮਾਇਕੀ ਵਪਾਰਾਂ ਨੂੰ (ਤਾਂ ਆਪਣੀਆਂ) ਅੱਖਾਂ ਨਾਲ ਦੇਖ ਚਲਿਆ ਹੈਂ। ਗੋਬਿੰਦ=ਪ੍ਰਮਾਤਮਾ ਦੇ ਨਾਮ ਤੋਂ ਬਿਨਾਂ ਤੇਰੇ ਨਾਲ ਕੋਈ (ਵਸਤੂ) ਨਹੀਂ ਜਾ ਸਕਦੀ। ਇਨ੍ਹਾਂ ਦੇਸਾਂ (ਦੇ ਰਾਜ) ਅਤੇ ਪਹਿਨਣ ਵਾਲੇ ਕਪੜੇ, ਸੋਨਾ, ਚਾਂਦੀ (ਅਤੇ ਹੋਰ ਮਾਇਆ ਦੀ ਇਕੱਤਰਤਾ ਲਈ ਕੀਤੇ ਉੱਦਮ ਤੇਰੇ ਇਹ ਸਾਰੇ) ਕੰਮ ਅਧੂਰੇ ਹਨ। ਪੁੱਤਰ, ਇਸਤਰੀ, ਹਾਥੀ, ਘੋੜੇ (ਦੁਨਿਆਵੀ) ਸੋਭਾ (ਵਡਿਆਈ ਆਦਿ ਇਹ) ਵਿਅਰਥ ਹਨ, ਨਾਲ ਨਹੀਂ ਜਾਣੇ, (ਇਸ

ਲਈ ਇਹ ਸਾਰੇ) ਵੇਕਾਰ ਵਿਅਰਥ ਹਨ। ਬੇਨਤੀ ਪੂਰਬਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਸਾਧ ਸੰਗਤ ਕੀਤੇ ਬਿਨਾਂ (ਸਾਰੇ) ਸੰਸਾਰੀ (ਕੰਮ) ਝੂਠੇ ਮਿਥਿਆ ਨਾਸਵੰਤ ਹਨ। ੧।

**ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ ॥ ਮਾਇਆ ਝੂਠੁ ਰੁਦਨੁ ਕੇਤੇ ਬਿਲਲਾਹੀ ਰਾਮ ॥ ਬਿਲਲਾਹਿ ਕੇਤੇ ਮਹਾ ਮੋਹਨ ਬਿਨੁ ਨਾਮ ਹਰਿ ਕੇ ਸੁਖੁ ਨਹੀ ॥ ਸਹਸ ਸਿਆਣਪ ਉਪਾਵ ਥਾਕੇ ਜਹ ਭਾਵਤ ਤਹ ਜਾਹੀ ॥ ਆਦਿ ਅੰਤੇ ਮਧਿ ਪੂਰਨ ਸਰਬਤ੍ਰ ਘਟਿ ਘਟਿ ਆਹੀ ॥ ਬਿਨਵੰਤ ਨਾਨਕ ਜਿਨ ਸਾਧਸੰਗਮੁ ਸੇ ਪਤਿ ਸੇਤੀ ਘਰਿ ਜਾਹੀ ॥ ੨ ॥**

**ਪਦ ਅਰਥ** :–ਰਾਜਨ–ਹੇ ਰਾਜਨ। ਨੀਦ ਭਰੇ–ਗੂੜ੍ਹੀ ਨੀਂਦ ਵਿਚ। ਰੁਦਨੁ–ਰੋਣਾ। ਬਿਲਲਾਹੀ–ਵਿਰਲਾਪ ਕਰ ਰਹੇ ਹਨ। ਸਹਸ–ਹਜ਼ਾਰਾਂ। ਸਰਬਤ੍ਰ–ਹਰ ਜਗ੍ਹਾ। ਆਹੀ–ਹੈ। ਸੰਗਮੁ–ਮਿਲਾਪ।

**ਅਰਥ** :–ਹੇ ਰਾਜਨ ! ਤੂੰ (ਅਗਿਆਨਤਾ ਕਰਕੇ) ਮਾਇਆ ਦੇ ਮੋਹ ਦੀ ਗੂੜ੍ਹੀ ਨੀਂਦ ਵਿਚ ਕਿਉਂ ਸੌਂ ਰਿਹਾ ਹੈਂ, ਰਾਮ=ਵਾਹਿਗੁਰੂ (ਕਹਿਣ ਤਰਫ) ਜਾਗਦਾ ਕਿਉਂ ਨਹੀਂ ?। (ਤੂੰ ਵੇਖ) ਰਾਮ ਨਾਮ ਨੂੰ ਭੁੱਲ ਕੇ ਇਸ ਮਾਇਆ ਦੀ ਖ਼ਾਤਰ ਕਿਤਨੇ ਮਨੁੱਖ ਝੂਠਾ ਹੀ ਰੋਣਾ ਤੇ ਵਿਰਲਾਪ ਕਰਦੇ ਹਨ। ਇਸ ਮਹਾ ਮੋਹਣੀ ਮਾਇਆ ਦੀ ਖ਼ਾਤਰ ਕਿਤਨੇ ਵਿਰਲਾਪ ਕਰਦੇ ਹਨ, (ਪਰ) ਵਾਹਿਗੁਰੂ ਨਾਮ ਜਪੇ ਬਿਨਾਂ ਕਿਸੇ ਨੂੰ ਵੀ ਸਦੀਵੀ ਸੁਖ ਨਹੀਂ ਮਿਲ ਸਕਦਾ। ਮਨੁੱਖ ਆਪਣੀਆਂ ਹਜ਼ਾਰਾਂ ਸਿਆਣਪਾਂ ਤੇ ਉਪਾਉ ਕਰਦੇ ਅੰਤ ਥੱਕ ਜਾਂਦੇ ਹਨ, ਜਿਥੇ ਜਾਣਾ ਚਾਹੁੰਦੇ ਹਨ ਉੱਥੇ ਜਾਂਦੇ ਹਨ, (ਪਰ) ਸੁਖ ਕਿਤੇ ਵੀ ਨਹੀਂ ਮਿਲਦਾ। (ਉਹ ਸੁਖਦਾਤਾ ਪ੍ਰਭੂ) ਆਦਿ, ਅੰਤ, ਮੱਧ (ਭਾਵ ਸਾਰਿਆਂ ਸਮਿਆਂ ਵਿਚ ਹਰ ਜਗ੍ਹਾ) ਪੂਰਨ ਵਿਆਪਕ (ਅਤੇ) ਸਾਰੇ ਸਰੀਰਾਂ ਵਿਚ (ਮੌਜੂਦ) ਹੈ। ਬੇਨਤੀ ਪੂਰਬਿਕ ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਨ੍ਹਾਂ ਮਨੁੱਖਾਂ ਨੂੰ ਸਾਧੂ ਜਨਾਂ ਦਾ ਮਿਲਾਪ ਹੋਇਆ ਹੈ, ਉਹ (ਮਨੁੱਖ) ਇੱਜ਼ਤ ਨਾਲ (ਪ੍ਰਮਾਤਮਾ ਦੇ) ਘਰ (ਦਰਬਾਰ) ਵਿਚ ਜਾਂਦੇ ਹਨ। ੨।

**ਨਰਪਤਿ ਜਾਣਿ ਗ੍ਰਹਿਓ ਸੇਵਕ ਸਿਆਣੇ ਰਾਮ ॥ ਸਰਪਰ ਵੀਛੁੜਣਾ ਮੋਹੇ ਪਛੁਤਾਣੇ ਰਾਮ ॥ ਹਰਿਚੰਦਉਰੀ ਦੇਖਿ ਭੂਲਾ ਕਹਾ ਅਸਥਿਤਿ ਪਾਈਐ ॥ ਬਿਨੁ ਨਾਮ ਹਰਿ ਕੇ ਆਨ ਰਚਨਾ ਅਹਿਲਾ ਜਨਮੁ ਗਵਾਈਐ ॥ ਹਉ ਹਉ ਕਰਤ ਨ ਤ੍ਰਿਸਨ ਬੂਝੈ ਨਹ ਕਾਂਮ ਪੂਰਨ ਗਿਆਨੇ ॥ ਬਿਨਵੰਤਿ ਨਾਨਕ ਬਿਨੁ ਨਾਮ ਹਰਿ ਕੇ ਕੇਤਿਆ ਪਛੁਤਾਣੇ ॥ ੩ ॥**

**ਪਦ ਅਰਥ** :–ਨਰਪਤਿ–ਰਾਜਾ। ਗ੍ਰਹਿਓ–ਘਰ ਵਿਚ। ਹਰਿ ਚੰਦਉਰੀ–ਹਰੀ ਚੰਦ ਨਗਰੀ, ਗੰਧਰਬਾ ਨਗਰੀ, ਭਾਵ ਹੈ ਮ੍ਰਿਗ ਤ੍ਰਿਸ਼ਨਾ ਦੀ ਤਰ੍ਹਾਂ ਅਕਾਸ਼ ਵਿਚ ਸ਼ਹਿਰ ਦਿਸਣਾ, ਪਰ ਹੁੰਦਾ ਕੋਈ ਨਹੀਂ। ਅਹਿਲਾ–ਸੁੰਦਰ।

**ਅਰਥ** :–ਹੇ ਰਾਜਨ ! ਤੇਰੇ ਘਰ ਅੰਦਰ ਸਿਆਣੇ ਸੇਵਕ (ਨੌਕਰ ਚਾਕਰ) ਤੈਨੂੰ ਰਾਮ=ਵਾਹਿਗੁਰੂ ਨੇ ਦਿੱਤੇ ਹਨ। ਰਾਮ ਨਾਮ ਨੂੰ ਭੁਲਾ ਕੇ (ਜਿਨ੍ਹਾਂ ਵਿਚ ਤੂੰ) ਮੋਹਿਆ ਗਿਆ ਹੈਂ (ਇਨ੍ਹਾਂ ਨੇ ਤੈਥੋਂ) ਜ਼ਰੂਰ ਬਰ ਜ਼ਰੂਰ ਵਿਛੜ ਜਾਣਾ ਹੈ, (ਇਨ੍ਹਾਂ ਵਿਚ ਫਸੇ ਮਨੁੱਖ) ਅੰਤ ਨੂੰ ਪਛਤਾਉਂਦੇ ਹਨ। (ਇਹ ਤਾਂ ਇਸ ਤਰ੍ਹਾਂ ਹੈ) ਜੈਸੇ ਕੋਈ (ਮਨੁੱਖ) ਗੰਧਰਬਾ ਨਗਰੀ ਨੂੰ ਦੇਖ ਕੇ ਭੁਲ ਜਾਵੇ ਤਾਂ ਉਸ ਵਿਚ ਪੱਕਾ ਟਿਕਾਅ ਕਿਸ ਤਰ੍ਹਾਂ ਪਾਇਆ ਜਾ ਸਕਦਾ ਹੈ ? (ਭਾਵ ਨਹੀਂ ਪਾਇਆ ਜਾ ਸਕਦਾ।) ਪ੍ਰਮਾਤਮਾ ਦੇ ਨਾਮ ਤੋਂ ਬਿਨਾਂ (ਝੂਠੀ) ਰਚਨਾ ਵਿਚ ਲਗ ਕੇ ਸੁੰਦਰ (ਮਨੁੱਖਾ) ਜਨਮ ਗਵਾ ਲੈਂਦਾ ਹੈ। ਮੈਂ ਮੈਂ ਕਰਦਿਆਂ (ਸੰਸਾਰਕ ਪਦਾਰਥਾਂ) ਦੀ ਤ੍ਰਿਸ਼ਨਾ ਨਹੀਂ ਬੁਝਦੀ, ਨਾ ਹੀ (ਝੂਠੀਆਂ) ਕਾਮਨਾਵਾਂ ਪੂਰੀਆਂ ਹੁੰਦੀਆਂ ਹਨ ਤੇ ਨਾ ਹੀ ਪੂਰਨ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਬੇਨਤੀ ਪੂਰਬਿਕ ਨਾਨਕ (ਗੁਰੂ ਜੀ ਕਥਨ ਕਰਦੇ ਹਨ) ਕਿ ਹਰੀ ਨਾਮ ਜਪੇ ਬਿਨਾਂ ਕਿਤਨੇ (ਮਨੁੱਖ) ਇਥੋਂ ਪਛਤਾਂਦੇ ਹੀ ਜਾਂਦੇ ਹਨ। ੩।

**ਧਾਰਿ ਅਨੁਗ੍ਰਹੋ ਅਪਨਾ ਕਰਿ ਲੀਨਾ ਰਾਮ॥ ਭੁਜਾ ਗਹਿ ਕਾਢਿ ਲੀਓ ਸਾਧੂ ਸੰਗੁ ਦੀਨਾ ਰਾਮ॥ ਸਾਧਸੰਗਮਿ ਹਰਿ ਅਰਾਧੇ ਸਗਲ ਕਲਮਲ ਦੁਖ ਜਲੇ॥ਮਹਾ ਧਰਮ ਸੁਦਾਨ ਕਿਰਿਆ ਸੰਗਿ ਤੇਰੈ ਸੇ ਚਲੇ॥ਰਸਨਾ ਅਰਾਧੈ ਏਕੁ ਸੁਆਮੀ ਹਰਿ ਨਾਮਿ ਤਨੁ ਮਨੁ ਭੀਨਾ॥ ਨਾਨਕ ਜਿਸ ਨੋ ਹਰਿ ਮਿਲਾਏ ਸੋ ਸਰਬ ਗੁਣ ਪਰਬੀਨਾ॥੪॥੬॥੯॥**

**ਪਦ ਅਰਥ** :–ਅਨੁਗ੍ਰਹੋ–ਕਿਰਪਾ। ਭੁਜਾ ਗਹਿ–ਬਾਂਹ ਫੜ ਕੇ। ਕਲਮਲ–ਪਾਪ। ਜਲੇ–ਸੜ ਗਏ। ਹਰਿ ਨਾਮਿ–ਹਰੀ ਨਾਮ ਵਿਚ। ਭੀਨਾ–ਭਿੱਜ (ਪਸੀਜ) ਜਾਂਦਾ ਹੈ। ਪਰਬੀਨਾ–ਸਿਆਣਾ।

**ਅਰਥ** :–ਹੇ (ਰਾਜਨ ! ਤੈਨੂੰ) ਕਿਰਪਾ ਕਰਕੇ ਰਾਮ=ਪ੍ਰਭੂ ਨੇ ਆਪਣਾ ਬਣਾ ਲਿਆ ਹੈ। ਰਾਮ=ਪ੍ਰਭੂ ਨੇ (ਇਹ ਜੋ) ਤੈਨੂੰ ਸਾਧੂ ਦਾ ਸੰਗ ਦਿੱਤਾ ਹੈ, (ਇਸ ਨੇ ਤੇਰੀ) ਬਾਂਹ ਫੜ ਕੇ (ਸੰਸਾਰ ਸਮੁੰਦਰ ਵਿਚੋਂ ਤੈਨੂੰ) ਕੱਢ ਲਿਆ ਹੈ। ਸਾਧ ਸੰਗਤ ਵਿਚ ਮਿਲਕੇ (ਜੋ ਤੂੰ) ਹਰੀ ਨਾਮ ਸਿਮਰਿਆ ਹੈ (ਇਸ ਨਾਲ ਤੇਰੇ) ਸਾਰੇ ਪਾਪ ਤੇ ਦੁੱਖ ਸੜ ਗਏ (ਭਾਵ ਦੂਰ ਹੋ ਗਏ) ਹਨ। (ਸੰਗਤ ਵਿਚ ਮਿਲ ਕੇ ਨਾਮ ਜਪਣਾ ਹੀ) ਵੱਡਾ ਧਰਮ ਸ੍ਰੇਸ਼ਟ ਦਾਨ ਆਦਿ ਕਿਰਿਆ (ਇਹ ਉੱਤਮ ਕਰਮ ਹਨ) ਇਹ ਤੇਰੇ ਨਾਲ (ਪ੍ਰਲੋਕ ਵਿਚ) ਜਾਣਗੇ। (ਇਸ ਲਈ ਜੋ ਮਨੁੱਖ) ਇਕ ਸੁਆਮੀ ਨੂੰ ਰਸਨਾ ਨਾਲ ਅਰਾਧੇ=ਯਾਦ ਕਰਦਾ ਹੈ, ਉਸ ਦਾ ਮਨ ਤੇ ਸਰੀਰ ਹਰੀ ਨਾਮ ਵਿਚ ਭਿਜ ਜਾਂਦਾ ਹੈ। ਨਾਨਕ (ਗੁਰੂ ਜੀ ਕਥਨ ਕਰਦੇ ਹਨ) ਕਿ ਜਿਸ (ਮਨੁੱਖ) ਨੂੰ ਹਰੀ ਪ੍ਰਮਾਤਮਾ ਆਪਣੇ ਨਾਲ ਮਿਲਾ ਲੈਂਦਾ ਹੈ (ਉਹ ਮਨੁੱਖ) ਜਾਣੋ ਸਾਰੇ ਗੁਣਾਂ ਵਿਚ ਪਰਬੀਨ ਭਾਵ ਸਿਆਣਾ ਹੈ। ੪। ੬। ੯।

## ਟੀਕਾਕਾਰਾਂ ਦੇ ਅਰਥ ਭੇਦ

***"ਰਾਜਨ ਕਿਉ ਸੋਇਆ ਤੂ ਨੀਦ ਭਰੇ ਜਾਗਤ ਕਤ ਨਾਹੀ ਰਾਮ॥"***

ਪੰਗਤੀ ਦੇ ਅਰਥਾਂ ਉਪਰ ਝਾਤ।

ਹੇ ਰਾਜਨ ! ਤੂੰ ਕਿਉਂ ਸੌਂ ਰਿਹਾ ਹੈਂ ? ਤੇਰੇ ਨੈਣ ਨੀਂਦ ਨਾਲ ਭਰੇ ਹੋਏ ਹਨ, ਜਾਗਦਾ ਕਿਉਂ ਨਹੀਂ ਏਂ ? (ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ, ਭਾਈ ਵੀਰ ਸਿੰਘ ਜੀ)

ਹੇ ਰਾਜਨ ! ਤੂੰ (ਮਾਇਆ ਮੋਹ ਦੀ) ਗੂੜ੍ਹੀ ਨੀਂਦ ਵਿਚ ਕਿਉਂ ਸੌਂ ਰਿਹਾ ਹੈਂ, ਜਾਗਦਾ ਕਿਉਂ ਨਹੀਂ ? (ਦਰਸ਼ਨ ਨਿਰਣੇ, ਗਿਆਨੀ ਹਰਬੰਸ ਸਿੰਘ)

ਹੇ ਧਰਤੀ ਦੇ ਸਰਦਾਰ ਮਨੁੱਖ ! ਤੂੰ ਕਿਉਂ ਮਾਇਆ ਦੇ ਮੋਹ ਦੀ ਗੂੜ੍ਹੀ ਨੀਂਦ ਵਿਚ ਸੌਂ ਰਿਹਾ ਹੈਂ ? (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ, ਪ੍ਰੋ: ਸਾਹਿਬ ਸਿੰਘ ਜੀ)

ਹੇ ਰਾਜਨ ! ਤੂੰ ਕਿਉਂ ਨੀਂਦ ਭਰੇ=ਗੂੜੀ ਅਵਿਦਿਆ ਰੂਪ ਨੀਂਦ ਦੇ ਵਿਚ ਸੌਂ ਰਿਹਾ ਹੈਂ?

(ਗੁਰਵਾਕ ਚਾਨਣ, ਸੰਤ ਹਰੀ ਸਿੰਘ ਜੀ ਰੰਧਾਵਾ)

## ਵਿਆਖਿਆ ਤੇ ਸਾਰੰਸ਼

ਅੰਕ ੧ ਦੇ ਅਖ਼ੀਰਲੀ ਪੰਕਤੀ ਅੰਦਰ "ਸਭ ਮਿਥਿਆ ਸੰਸਾਰੀ॥ "ਮਿਥਿਆ" ਸ਼ਬਦ ਆਇਆ ਹੈ। ਮਿਥਿਆ ਦੋ ਪ੍ਰਕਾਰ ਦੀ ਹੁੰਦੀ ਹੈ—

੧. ਜੋ ਹੋਵੇ ਹੀ ਨਾ ਪਰ ਦਿਸੇ ਕਿ ਹੈ। ਜੈਸੇ ਇਸੇ ਸ਼ਬਦ ਅੰਦਰ ਨਗਰੀ ਦਾ ਜ਼ਿਕਰ ਆਇਆ ਹੈ, ਗੰਧਰਬਾ ਨਗਰੀ, ਮ੍ਰਿਗ ਤ੍ਰਿਸ਼ਨਾ ਦਾ ਜਲ ਆਦਿ ਦ੍ਰਿਸ਼ਟਾਂਤ ਮਿਲਦੇ ਹਨ, ਇਹ ਅਸਲ ਹੁੰਦੇ ਨਹੀਂ, ਦਿੱਸਦੇ ਹਨ।

੨. ਜੋ ਹੋਵੇ ਪਰ ਰਹੇ ਨਾ, ਜੈਸੇ ਸੰਸਾਰ ਹੈ ਪਰ ਰਹਿਣਾ ਨਹੀਂ। ਜੈਸੇ ਸੰਸਾਰਕ ਪਦਾਰਥ ਹਨ ਪਰ ਰਹਿਣੇ ਨਹੀਂ ਹਨ।

## ਸਾਖੀ—ਧਰਮ ਬਾਰੇ

ਇਕ ਵਿਦਿਆਲੇ ਵਿਚ ਹੋਰ ਵਿਸ਼ਿਆਂ ਦੇ ਨਾਲ ਧਰਮ ਦਾ ਵਿਸ਼ਾ ਵੀ ਪੜ੍ਹਾਇਆ ਜਾਂਦਾ ਸੀ। ਪੜ੍ਹਾਉਣ ਵਾਲਾ ਅਧਿਆਪਕ ਵੀ ਬੜਾ ਧਰਮੀ ਅਤੇ ਪ੍ਰੈਕਟੀਕਲ ਜੀਵਨ ਵਾਲਾ ਸੀ। ਉਸਨੇ ਵਿਦਿਆਰਥੀਆਂ ਨੂੰ ਬੜੀ ਲਗਨ ਤੇ ਪ੍ਰੇਮ ਨਾਲ ਧਰਮ ਦਾ ਵਿਸ਼ਾ ਪੜ੍ਹਾਇਆ। ਜਿਸ ਵੇਲੇ ਬਾਕੀ ਵਿਸ਼ਿਆਂ ਦੇ ਸਾਲਾਨਾ ਇਮਤਿਹਾਨ ਹੋਏ ਤੇ ਨਾਲ ਹੀ ਧਾਰਮਿਕ ਅਧਿਐਨ ਦੇ ਵਿਸ਼ੇ ਦਾ ਵੀ ਪੇਪਰ ਲਿਆ ਜਾਣਾ ਸੀ, ਪਰ ਜਿਸ ਦਿਨ ਧਰਮ ਦੇ ਵਿਸ਼ੇ ਦਾ ਪੇਪਰ ਹੋਣਾ ਸੀ, ਅਧਿਆਪਕਾਂ ਨੇ ਆਪਸ ਵਿਚ ਸਲਾਹ ਕਰਕੇ ਸਕੂਲ ਲੱਗਣ ਤੋਂ ਥੋੜੇ ਚਿਰ ਬਾਅਦ ਛੁੱਟੀ ਕਰਵਾ ਦਿੱਤੀ। ਛੁੱਟੀ ਬਾਰੇ ਸੁਣ ਕੇ ਬੱਚੇ ਬੜੇ ਖ਼ੁਸ਼ ਹੋਏ ਤੇ ਇਕ ਦੂਜੇ ਨੂੰ ਕਹਿਣ ਲੱਗੇ ਕਿ ਧਰਮ ਦਾ ਪੇਪਰ ਨਹੀਂ ਹੋਣਾ। ਆਪਾਂ ਪੇਪਰ ਦੇਣ ਤੋਂ ਬਚ ਗਏ। ਜਦੋਂ ਸਕੂਲ ਦੇ ਦਰਵਾਜ਼ੇ 'ਤੇ ਆਏ ਤਾਂ ਹੈਰਾਨ ਹੋ ਗਏ ਕਿ ਜਦੋਂ ਅਸੀਂ ਸਵੇਰੇ ਆਏ ਸਾਂ ਤਾਂ ਸਾਰਾ ਰਸਤਾ ਸਾਫ਼ ਸੀ

ਪਰ ਹੁਣ ਇਥੇ ਸਾਰੇ ਪਾਸੇ ਕੰਕਰ, ਚਿੱਕੜ, ਕੰਡੇ, ਪੱਥਰ ਪਏ ਹਨ। ਲੰਘਣਾ ਮੁਸ਼ਕਿਲ ਹੀ ਨਹੀਂ ਬਲਕਿ ਬੜਾ ਔਖਾ ਹੈ। ਇਕ ਬੱਚਾ ਕਹਿਣ ਲੱਗਾ ਕਿ ਮੈਂ ਲੰਘ ਕੇ ਦੇਖਦਾ ਹਾਂ। ਜੇ ਮੈਂ ਲੰਘ ਗਿਆ ਤਾਂ ਤੁਸੀਂ ਵੀ ਪਿਛੇ ਹੀ ਲੰਘ ਆਉਣਾ। ਉਹ ਬੱਚਾ ਆਪ ਬੱਚਦਾ-ਬੱਚਦਾ ਮਸਾਂ ਹੀ ਲੰਘ ਸਕਿਆ। ਦੂਜੇ ਪਾਸੇ ਜਾ ਕੇ ਦੂਜਿਆਂ ਨੂੰ ਵੀ ਕਹਿਣ ਲੱਗਾ ਕਿ ਜਿਵੇਂ ਮੈਂ ਲੰਘਿਆ ਹਾਂ, ਏਵੇਂ ਹੀ ਤੁਸੀਂ ਵੀ ਲੰਘ ਆਓ। ਸਾਰੇ ਬੱਚੇ ਉਸ ਦੇ ਕਹੇ ਲੱਗ ਕੇ ਹੌਲੀ-ਹੌਲੀ ਲੰਘ ਗਏ।

ਪਰ ਇਕ ਬੱਚਾ ਉਥੇ ਹੀ ਰਿਹਾ। ਦੂਸਰੇ ਬੱਚੇ ਕਹਿਣ ਲੱਗੇ ਕਿ ਤੂੰ ਵੀ ਆਪਣਾ ਆਪ ਸਾਡੇ ਵਾਂਗ ਬਚਾ ਕੇ ਲੰਘ ਆ, ਪਰ ਉਹ ਬੱਚਾ ਕਹਿਣ ਲੱਗਾ ਕਿ ਨਹੀਂ ਮੈਂ ਨਹੀਂ ਲੰਘਾਂਗਾ। ਭਾਵੇਂ ਮੈਂ ਵੀ ਤੁਹਾਡੇ ਵਾਂਗੂ ਲੰਘ ਸਕਦਾ ਹਾਂ ਪਰ ਇਹ ਮੇਰਾ ਧਰਮ ਨਹੀਂ ਹੈ। ਬੱਚੇ ਕਹਿਣ ਲੱਗੇ ਕਿ ਤੇਰਾ ਕਹਿਣ ਤੋਂ ਕੀ ਭਾਵ ਹੈ? ਬੱਚਾ ਕਹਿਣ ਲੱਗਾ ਕਿ ਮੇਰਾ ਕਹਿਣ ਤੋਂ ਭਾਵ ਹੈ ਕਿ ਆਪਾਂ ਕਿੰਨੇ ਵਿਦਿਆਰਥੀ ਹਾਂ। ਜੇਕਰ ਅਸੀਂ ਸਾਰੇ ਮਿਲ ਕੇ ਇਹ ਸਾਫ਼ ਕਰੀਏ ਤਾਂ ਥੋੜੇ ਸਮੇਂ ਵਿਚ ਹੀ ਸਾਫ਼ ਹੋ ਜਾਵੇਗਾ। ਬੱਚੇ ਕਹਿਣ ਲੱਗੇ ਨਹੀਂ-ਨਹੀਂ, ਅਸੀਂ ਨਹੀਂ ਇਸ ਚਿੱਕੜ ਵਿਚ ਗੰਦੇ ਹੋ ਸਕਦੇ। ਤੂੰ ਆਉਣਾ ਹੈ ਤਾਂ ਆ ਜਾ, ਨਹੀਂ ਤਾਂ ਅਸੀਂ ਤਾਂ ਜਾ ਰਹੇ ਹਾਂ। ਵਿਦਿਆਰਥੀ ਕਹਿਣ ਲੱਗਾ, ਚੰਗਾ ਫਿਰ ਮੈਂ ਤਾਂ ਰਸਤਾ ਸਾਫ਼ ਕਰਕੇ ਹੀ ਜਾਵਾਂਗਾ। ਦੂਸਰੇ ਬੱਚੇ ਕਹਿਣ ਲੱਗੇ ਤੈਨੂੰ ਇਕੱਲੇ ਨੂੰ ਰਸਤਾ ਸਾਫ਼ ਕਰਦੇ ਨੂੰ ਤਾਂ ਸਾਰੀ ਰਾਤ ਲੱਗ ਜਾਵੇਗੀ। ਤਾਂ ਬੱਚੇ ਨੇ ਜੁਆਬ ਦਿੱਤਾ, ਕੋਈ ਗੱਲ ਨਹੀਂ। ਜੇ ਮੈਂ ਇਕੱਲਾ ਸਾਫ਼ ਨਹੀਂ ਕਰ ਸਕਦਾ ਤਾਂ ਕੀ ਹੋਇਆ, ਮੈਂ ਰਾਤ ਨੂੰ ਇਥੇ ਪਹਿਰਾ ਦਿਆਂਗਾ, ਤਾਂਕਿ ਰਾਤ ਨੂੰ ਲੰਘਣ ਵਾਲਿਆਂ ਨੂੰ ਸੁਚੇਤ ਕਰ ਸਕਾਂ। ਸੁਣ ਕੇ ਸਾਰੇ ਵਿਦਿਆਰਥੀ ਉਸ ਬੱਚੇ ਨੂੰ ਛੱਡ ਕੇ ਜਾਣ ਲੱਗੇ। ਉਸੇ ਵੇਲੇ ਪਿਛੋਂ ਅਵਾਜ਼ ਆਈ 'ਠਹਿਰ ਜਾਓ।' ਪਿਛੇ ਦੇਖਿਆ ਤਾਂ ਇਹ ਅਵਾਜ਼ ਅਧਿਆਪਕ ਦੀ ਸੀ ਜਿਸਨੇ ਧਰਮ ਦੀ ਵਿਦਿਆ ਪੜ੍ਹਾਈ ਸੀ। ਅਧਿਆਪਕ ਕਹਿਣ ਲੱਗਿਆ ਕਿ ਇਹ ਰਸਤਾ ਖ਼ਰਾਬ ਨਹੀਂ ਸਗੋਂ ਤੁਹਾਡਾ ਧਰਮ ਦਾ ਪੇਪਰ ਹੈ, ਪਰ ਤੁਸੀਂ ਇਸ ਪੇਪਰ ਵਿਚੋਂ ਫ਼ੇਲ੍ਹ ਹੋ। ਸਿਰਫ਼ ਇਕ ਬੱਚਾ ਹੀ ਪਾਸ ਹੈ। ਤੁਹਾਡੇ ਅੱਗੇ ਸੁਆਲ ਸੀ ਕਿ ਜੀਵਨ-ਯਾਤਰਾ ਦੇ ਮਾਰਗ ਵਿਚ ਧਾਰਮਿਕ ਬੰਦੇ ਨੂੰ ਕਿਵੇਂ ਚੱਲਣਾ ਚਾਹੀਦਾ ਹੈ? ਤੁਸੀਂ ਸਾਰਿਆਂ ਨੇ ਇਕੱਲੇ-ਇਕੱਲੇ ਰਸਤਾ ਲੰਘ ਕੇ ਇਹ ਜੁਆਬ ਦਿੱਤਾ ਹੈ ਕਿ ਧਾਰਮਿਕ ਆਦਮੀ ਨੂੰ ਆਪਣੇ ਆਪ ਨੂੰ ਬਚਾਉਣਾ ਚਾਹੀਦਾ ਹੈ। ਆਪਣੇ ਲਈ ਰਸਤਾ ਬਣਾਉਣਾ ਚਾਹੀਦਾ ਹੈ, ਪਰ ਸਿਰਫ਼ ਇਕ ਬੱਚੇ ਨੇ ਆਖਿਆ ਕਿ ਨਹੀਂ, ਆਪਣੇ ਆਪ ਨੂੰ ਹੀ ਬਚਾਉਣਾ ਧਰਮ ਨਹੀਂ। ਇਹ ਤਾਂ ਸੁਆਰਥ ਹੈ। ਆਪਣੇ ਆਪ ਨੂੰ ਬਚਾਉਣ ਵਾਲਾ ਤਾਂ ਆਪਣੇ ਬਚਾਅ ਲਈ ਦੂਸਰੇ ਨੂੰ ਧੋਖਾ ਵੀ ਦੇ ਸਕਦਾ ਹੈ। ਦੂਸਰੇ ਵਾਸਤੇ ਕੁਝ ਕਰਨਾ ਧਰਮ ਹੈ। ਧਰਮ ਦੇ ਵਿਸ਼ੇ ਵਿਚ ਤਾਂ ਸਾਰੀ ਕਲਾਸ ਵਿਚੋਂ ਸਿਰਫ਼ ਇਕ ਬੱਚਾ ਹੀ ਪਾਸ ਹੋਇਆ ਹੈ। ਬਾਕੀ ਸਾਰੇ ਫ਼ੇਲ੍ਹ ਹੋ ਗਏ ਹੋ, ਪਰ ਅੱਜ ਸੰਸਾਰ ਅੰਦਰ ਦੂਜਿਆਂ ਨੂੰ ਧੋਖਾ ਦੇਣ ਵਾਲੇ ਧਰਮੀ ਬਹੁਤੇ ਦਿਸਦੇ ਹਨ। ਗੁਰੂ ਕਿਰਪਾ ਕਰੇ "ਆਪਨ ਬਿਗਾਰ ਬਿਰਾਨਾ ਸਾਂਢੈ॥" ਵਾਲਾ ਜੀਵਨ ਬਣਾਈਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੨ (ਅੰਗ ੫੪੯)

ਸਲੋਕ ਮਃ ੩ ॥ ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥ ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ ॥ ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥੧ ॥ ਮਃ ੩ ॥ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ ॥ ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ ॥ ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ ॥ ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥ ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥ ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ ॥ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥ਧੁਰਿ ਕਰਮੁ ਨ ਪਾਇਓ ਪਰਾਣੀ ਵਿਣੁ ਕਰਮਾ ਕਿਆ ਪਾਏ ॥ ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ ॥ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥੨ ॥ਪਉੜੀ ॥ ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ ॥ ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ ॥ ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ ॥ ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ ॥ ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ ॥ ੪ ॥

## ਪ੍ਰਾਕ੍ਥਨ :-

ਇਹ ਪਾਵਣ ਸ਼ਬਦ ਬਿਹਾਗੜੇ ਦੀ ਵਾਰ ਦੀ ਚੌਥੀ ਪਉੜੀ ਨਾਲ ਸਬੰਧਤ ਦੋ ਸਲੋਕਾਂ ਸਮੇਤ ਹੈ। ਪਰਤੀਤਿ ਦਾ ਅਰਥ ਹੈ ਨਿਸ਼ਚਾ, ਭਰੋਸਾ, ਵਿਸ਼ਵਾਸ, ਯਕੀਨ। ਡਾ: ਭਾਈ ਵੀਰ ਸਿੰਘ ਜੀ ਅਨੁਸਾਰ 'ਪਰਤੀਤ' ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ। ਪੰਜਾਬੀ ਵਿਚ ਇਸ ਨੂੰ 'ਭਰੋਸਾ' ਆਖਦੇ ਹਨ।

## ਪਰਤੀਤ ਦੋ ਤਰ੍ਹਾਂ ਦੀ ਹੈ

੧. ਸੱਤਯ, ੨. ਮਿਥਯਾ। ੧. ਮਿਥਯ ਪ੍ਰਤੀਤ—ਰੇਤ ਵਿਚ ਖੰਡ ਦਾ ਵਿਸ਼ਵਾਸ, ਸੂਰਜ ਦੀਆਂ ਕਿਰਣਾਂ ਨਾਲ ਚਮਕਦੀ ਰੇਤ ਦੇਖ ਕੇ ਮ੍ਰਿਗ ਤ੍ਰਿਸ਼ਨਾ ਦੇ ਜਲ ਨਾਲ ਪਿਆਸ ਮੇਟਨ ਦੀ ਪ੍ਰਤੀਤ। ਰੱਜ ਵਿਚ ਸਰਪ ਕਲਪਣਾ ਪ੍ਰਤੀਤ ਇਹ ਮਿਥਯਾ ਪ੍ਰਤੀਤ ਹੈ।

੨. ਸੱਤਯ ਪਰਤੀਤ—ਖੰਡ ਵਿਚ ਖੰਡ ਦੀ ਪ੍ਰਤੀਤ, ਖੂਹ, ਨਦੀ ਤੋਂ ਪਿਆਸ ਬੁੱਝਣ ਦੀ ਪਰਤੀਤ, ਸੱਤਯ ਪਰਤੀਤ ਹੈ।

ਐਸੇ ਹੀ ਕੱਚੇ ਗੁਰੂ ਪਖੰਡੀ 'ਤੇ ਪਰਤੀਤ ਭਰੋਸਾ ਮਿਥਯਾ ਪ੍ਰਤੀਤ ਹੈ। ਸੱਚੇ ਗੁਰੂ ਦਸ ਗੁਰੂ ਸਾਹਿਬਾਨ ਤੇ ਸ਼ਬਦ-ਗੁਰੂ 'ਤੇ ਪ੍ਰਤੀਤ ਇਹ ਸੱਤਯ ਪਰਤੀਤ ਹੈ। ਗੁਰਸਿੱਖ, ਜਗਿਆਸੂ ਦੇ ਮਨ ਅੰਦਰ ਸਤਿਗੁਰੂ ਦੀ ਪਰਤੀਤ ਹੋਣੀ ਬਹੁਤ ਜ਼ਰੂਰੀ ਹੈ। ਪਰਤੀਤ, ਭਰੋਸੇ ਬਿਨਾਂ ਇਸ ਦਾ ਕੀਤਾ ਸਾਧਨ ਨਿਸਫਲ ਹੈ।

***''ਸਤਿਗੁਰ ਕੀ ਪਰਤੀਤਿ ਨ ਆਈਆ, ਸਬਦਿ ਨ ਲਾਗੋ ਭਾਉ॥***
***ਓਸ ਨੋ ਸੁਖੁ ਨ ਉਪਜੈ ਭਾਵੈ ਸਉ ਗੇੜਾ ਆਵਉ ਜਾਉ॥''*** (ਅੰਗ ੫੯੧)
***''ਪਰਤੀਤਿ ਹੀਐ ਆਈ ਜਿਨ ਜਨ ਕੈ ਤਿਨ੍ ਕਉ ਪਦਵੀ ਉਚ ਭਈ॥***
***ਤਜਿ ਮਾਇਆ ਮੋਹੁ ਲੋਭੁ ਅਰੁ ਲਾਲਚੁ ਕਾਮ ਕ੍ਰੋਧ ਕੀ ਬ੍ਰਿਥਾ ਗਈ॥***
***ਅਵਲੋਕ੍ਯ੍ਯਾ ਬ੍ਰਹਮੁ ਭਰਮੁ ਸਭੁ ਛੁਟਕ੍ਯ੍ਯਾ, ਦਿਬ੍ਯ੍ਯ ਦ੍ਰਿਸ੍ਟਿ ਕਾਰਣ ਕਰਣੰ॥''*** (ਅੰਗ ੧੪੦੨)

ਭਰੋਸੇ ਵਾਲਿਆਂ ਦੇ ਗੁਰੂ ਹਮੇਸ਼ਾਂ ਅੰਗ ਸੰਗ ਹੁੰਦਾ ਹੈ। ਗੁਰ ਇਤਿਹਾਸ ਅੰਦਰ ਜ਼ਿਕਰ ਹੈ।

## ਸਾਖੀ—ਰਾਜਾ ਜੈ ਸਿੰਘ ਸਵਾਈ ਦੀ

ਬਾਲਾ ਪ੍ਰੀਤਮ ਅੱਠਮ ਪਾਤਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪਾਸ ਦਿਲੀ ਅੰਦਰ ਇਕ ਵਾਰ ਰਾਜਾ ਜੈ ਸਿੰਘ ਨੇ ਬੇਨਤੀ ਕੀਤੀ, ਜੀ ਹਜ਼ੂਰ, ਮੈਨੂੰ ਆਪਣਾ ਸਿੱਖ ਬਣਾ ਲਉ ਤਾਂ ਕਿ ਇਹ ਮਨੁੱਖਾ ਜਨਮ ਧਾਰਿਆ ਸਫਲਾ ਹੋ ਆਵੇ।

''ਸਿੱਖਯ ਆਪਨੋ ਕਰਹੁ ਗੁਸਾਈ। ਸਫਲ ਹੋਇ ਕਾਯਾ ਨਰ ਪਾਈ।'' ਇਹ ਬੇਨਤੀ ਸੁਣ ਕੇ ਹਜ਼ੂਰ ਨੇ ਰਾਜੇ ਨੂੰ ਕਿਹਾ ਰਾਜਨ, ਜਿਨ੍ਹਾਂ ਦੇ ਮਨ ਅੰਦਰ ਭਰੋਸਾ ਹੈ, ਗੁਰੂ ਨਾਨਕ ਦੇਵ ਸਾਹਿਬ ਜੀ ਉਸ ਨੂੰ ਇਸ

ਲੋਕ ਅੰਦਰ ਸਾਰੇ ਸੁਖ ਬਖ਼ਸ਼ ਦਿੰਦੇ ਹਨ ਅਤੇ ਪ੍ਰਲੋਕ ਅੰਦਰ ਵੀ ਉਸ ਦੀ ਸਹਾਇਤਾ ਕਰਦੇ ਹਨ।

*"ਸੁਨਿ ਸਤਿਗੁਰ ਬੋਲੇ ਮਤਿ ਧੀਰ। ਭੋ ਜੈ ਸਿੰਘ ਸਵਾਈ ਬੀਰ॥ ੬॥*
*ਨਿਸ਼ਚਲ ਨਿਸ਼ਚੈ ਨਿਤ ਚਿਤ ਜਿਨ ਕੇ। ਸ੍ਰੀ ਨਾਨਕ ਸੁਖਦਾਇਕ ਤਿਨ ਕੇ।*
*ਅੰਗ ਸੰਗ ਰਹਿ ਸਦਾ ਸਹਾਈ। ਹਲਤ ਪਲਤ ਮਹਿ ਪ੍ਰਭੁ ਹਿਤ ਦਾਈ॥੭॥*

ਜੋ ਸ਼ਰਧਾ ਭਰੋਸੇ ਤੋਂ ਸੱਖਣੇ ਹਨ, ਜਿਨ੍ਹਾਂ ਦੇ ਮਨ ਅੰਦਰ ਹੰਕਾਰ ਹੈ ਉੱਚੇਪਨ ਦਾ ਕਿ ਅਸੀਂ ਵੱਡੇ ਹਾਂ, ਉਹ ਮਾਰੂਥਲ ਦੇ ਟਿਬਿਆਂ ਦੀ ਤਰ੍ਹਾਂ ਹਨ। ਪ੍ਰੇਮ ਦਾ ਜਲ ਨਹੀਂ ਠਹਿਰਦਾ ਉਥੇ ਅਤੇ ਨਾ ਹੀ ਸੇਵਾ ਰੂਪ ਖੇਤੀ ਪੈਦਾ ਹੁੰਦੀ ਹੈ। ਫੇਰ ਉਥੇ ਮੁਕਤੀ ਰੂਪ ਫਲ ਕਿਸਨੂੰ ਲਗਣਾ ਹੈ ਤੇ ਨਾ ਹੀ ਅਨੰਦ ਪ੍ਰਾਪਤ ਹੁੰਦਾ ਹੈ।

*"ਸੰਸੈ ਗ੍ਰਸਤ ਜਿਨਹੁ ਕੇ ਮਨ ਹੈ। ਕਬਹਿ ਅਸਰਧਾ ਸਰਧਾ ਜਨ ਹੈ।*
*ਨਿਜ ਊਚੋ ਲਖਿ ਕਰਹਿ ਹੰਕਾਰ। ਜਿਮ ਅਵਨੀ ਥਲ ਤੁੰਗ ਉਦਾਰ॥ ੮॥*
*ਪ੍ਰੇਮ ਨੀਰ ਜਹਿਂ ਠਹਿਰਹਿ ਨਾਹੀ। ਸੇਵਾ ਕ੍ਰਿਖਿ ਕਿਮ ਤਹਿ ਉਪਜਾਹੀ।*
*ਸ੍ਰੇਯ ਫਲਨਿ ਤੌਂ ਪਈਅਹਿ ਕਹਾਂ। ਤ੍ਰਿਪਤਿ ਅਨੰਦ ਨ ਸੁਪਨੇ ਤਹਾ॥ ੯॥*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧੦, ਅੰਸੂ ੪੭)

ਇਸ ਤਰ੍ਹਾਂ ਰਾਜੇ ਨੇ ਸ਼ਰਧਾ ਭਰੋਸਾ ਧਾਰ ਕੇ, ਗੁਰ ਉਪਦੇਸ਼ ਕਮਾ ਕੇ ਜੀਵਨ ਸਫਲਾ ਕੀਤਾ। ਸ਼ਰਧਾ ਵਾਲਿਆਂ ਦਾ ਬੇੜਾ ਪਾਰ ਲੰਘਦਾ ਹੈ। ਇਸ ਸਬੰਧ ਵਿਚ ਸਾਖੀ ਪੜ੍ਹੋ ਭਾਈ ਪਾਰੋ ਜੀ ਦੀ, ਦਾਸ ਦੀ ਲਿਖੀ ਪੁਸਤਕ ਵਿਚੋਂ, ਗੁਰਵਾਕ ਵਿਸ਼ਾ ਪ੍ਰਬੋਧ ਪੰਨਾ ੯੭ ਤੋਂ। ਸੰਸਾਰ ਅੰਦਰ ਮਨੁੱਖ ਭਰੋਸੇ ਕਈਆਂ ਉਪਰ ਰੱਖਦਾ ਹੈ। ਇਸ ਸਬੰਧ ਵਿਚ ਸੰਤ ਨਿਹਾਲ ਸਿੰਘ ਜੀ ਨੇ ਬਹੁਤ ਸੁੰਦਰ ਕਥਨ ਕੀਤਾ ਹੈ—

*ਕਾਹੂੰ ਕੋ ਭਰੋਸੋ ਹੈ ਜਮੀਨ ਕੋ ਜਮਾਨੇ ਬੀਚ, ਕਾਹੂੰ ਕੋ ਭਰੋਸੋ ਜੋਰ ਚਾਕਰੀ ਜਹਾਜ ਪੈ।*
*ਕਾਹੂੰ ਕੋ ਭਰੋਸੋ ਭਾਰੀ ਸਾਹ ਪਾਤਸ਼ਾਹ ਮੀਤ, ਕਾਹੂੰ ਕੋ ਭਰੋਸੋ ਹੈ ਕੁਟੰਬੀ ਕਰੈ ਕਾਜ ਪੈ।*
*ਕਾਹੂੰ ਕੋ ਭਰੋਸੋ ਦੇਵ ਬਾਨੀ ਅਰ ਪਾਰਸੀ ਕੋ, ਕਾਹੂੰ ਕੋ ਭਰੋਸੋ ਸੰਤਗਿਰੀ ਕੀ ਮਿਜ਼ਾਜ ਪੈ।*
*ਕਾਹੂੰ ਕੋ ਭਰੋਸੋ ਚਾਰੁ ਚਾਤੁਰੀ ਚਲਾਕੀ ਚੋਖ, ਮੋਕਉ ਤੋ ਭਰੋਸੋ ਏਕ ਗ੍ਰੰਥ ਮਹਾਰਾਜ ਪੈ।*

ਸ਼ਬਦ-ਗੁਰੂ ਗੁਰਬਾਣੀ ਉਪਰ ਭਰੋਸਾ ਕਰਕੇ ਮਨੁੱਖ ਸੰਸਾਰ ਸਮੁੰਦਰ ਤੋਂ ਸੌਖਿਆਂ ਪਾਰ ਲੰਘ ਜਾਂਦਾ ਹੈ। ਬਿਨਾਂ ਪ੍ਰਤੀਤ, ਭਰੋਸੇ, ਨਿਸ਼ਚੇ ਦੇ ਮਨੁੱਖ ਨਦੀ ਵੀ ਨਹੀਂ ਲੰਘ ਸਕਦਾ। ਨਾਮ ਸਿਮਰਨ ਕਰਨ ਵਾਲਾ ਤੇ ਪ੍ਰਭੂ 'ਤੇ ਭਰੋਸਾ ਰੱਖਣ ਵਾਲਾ ਭਾਵ ਨਾਮ ਅਭਿਆਸੀ ਨੂੰ ਮੌਤ ਦਾ ਡਰ ਨਹੀਂ ਰਹਿੰਦਾ, ਇਸ ਕਰਕੇ ਉਹ ਸੌਖਿਆਂ ਹੀ ਪਾਰ ਲੰਘ ਜਾਂਦਾ ਹੈ। ਭਰੋਸੇ ਤੋਂ ਸੱਖਣਾ ਮਨੁੱਖ ਮਰਨ ਤੋਂ ਡਰਦਾ ਰਹਿੰਦਾ ਹੈ।

## ਭਰੋਸੇ ਦੇ ਬੇੜੇ ਚੜ੍ਹਿਆਂ ਪਾਰ ਲੰਘੀਦਾ ਹੈ

ਇਕ ਗੁੱਜਰੀ ਹਰ ਰੋਜ਼ ਬੇੜੀ ਉਪਰ ਚੜ੍ਹ ਕੇ ਸ਼ਹਿਰ ਵਿਚ ਦੁੱਧ ਵੇਚਣ ਜਾਇਆ ਕਰਦੀ ਸੀ। ਇਸ

ਤਰ੍ਹਾਂ ਜਾਂਦਿਆਂ ਕਾਫ਼ੀ ਸਮਾਂ ਹੋਇਆ ਪਰ ਇਕ ਦਿਨ ਦੁੱਧ ਵੇਚਣ ਗਈ ਤਾਂ ਵਰਖਾ ਸ਼ੁਰੂ ਹੋ ਗਈ, ਵਰਖਾ ਹਟੀ ਨਾ। ਲਾਗੇ ਕੁਟੀਆ ਵਿਚ ਪੰਡਤ ਜੀ ਕਥਾ ਕਰਦੇ ਸਨ। ਗੁੱਜਰੀ ਵਰਖਾ ਤੋਂ ਕਪੜੇ ਭਿੱਜਣ ਦਾ ਬਚਾਅ ਸੋਚ ਕੇ ਕੁਟੀਆ ਵਿਚ ਚਲੀ ਗਈ। ਉਥੇ ਕਥਾ ਸੁਣੀ। ਕਥਾ ਵਿਚ ਪ੍ਰਸੰਗ ਆਇਆ ਕਿ ਜੋ ਮਨੁੱਖ ਭਰੋਸੇ, ਯਕੀਨ, ਪ੍ਰਤੀਤ ਨਾਲ ਪ੍ਰਮੇਸ਼ਰ ਦਾ ਨਾਮ ਜਪਦਾ ਜਾਂ ਸੁਣਦਾ ਹੈ, ਉਹ ਸੰਸਾਰ ਸਮੁੰਦਰ ਤੋਂ ਸੌਖਿਆਂ ਪਾਰ ਲੰਘ ਜਾਂਦਾ ਹੈ। ਇਥੋਂ ਤੱਕ ਕਿ ਜਿਸਨੂੰ ਗੁਰੂ ਪ੍ਰਮੇਸ਼ਰ ਜਾਂ ਪ੍ਰਮੇਸ਼ਰ ਦੇ ਨਾਮ ਉਪਰ ਭਰੋਸਾ ਹੈ, ਉਸ ਨੂੰ ਜਲ ਡੋਬਦਾ ਨਹੀਂ, ਅੱਗ ਸਾੜਦੀ ਨਹੀਂ, ਪ੍ਰਮੇਸ਼ਰ ਦਾ ਨਾਮ ਸਹਾਇਤਾ ਕਰਦਾ ਹੈ। ਇਹ ਕਥਾ ਵਿਚ ਪ੍ਰਸੰਗ ਗੁੱਜਰੀ ਨੇ ਸੁਣ ਕੇ ਮਨ ਵਿਚ ਧਾਰਣ ਕਰ ਲਿਆ। ਹਰ ਰੋਜ਼ ਨਾਮ ਸਿਮਰਨ ਕਰਨ ਲੱਗੀ। ਇਕ ਦਿਨ ਮਨ ਵਿਚ ਖਿਆਲ ਆਇਆ ਕਿ ਮਨਾ, ਭਰੋਸੇ ਸਹਿਤ ਨਾਮ ਜਪਣ ਵਾਲਿਆਂ ਨੂੰ ਜਲ ਡੋਬਦਾ ਨਹੀਂ, ਇਹ ਕਥਾ ਵਿਚ ਪੰਡਿਤ ਜੀ ਨੇ ਕਿਹਾ ਸੀ। ਅੱਜ ਗੁੱਜਰੀ ਮਨ ਵਿਚ ਪੂਰਨ ਭਰੋਸਾ ਕਰਕੇ ਨਦੀ ਪਾਰ ਕਰਨ ਲਈ ਬੇੜੀ 'ਤੇ ਨਹੀਂ ਚੜ੍ਹੀ, ਉੱਚੀ ਉੱਚੀ ਨਾਮ ਜਪਦਿਆਂ, ਭਰੋਸੇ ਨਾਲ ਨਦੀ ਵਿਚਦੀ ਲੰਘ ਗਈ। ਮਨ ਵਿਚ ਨਾਮ ਉਪਰ ਹੋਰ ਭਰੋਸਾ ਬੱਝ ਗਿਆ। ਹਰ ਰੋਜ਼ ਨਦੀ ਨੂੰ ਤੁਰ ਕੇ ਲੰਘ ਜਾਇਆ ਕਰੇ। ਇਕ ਦਿਨ ਮਨ ਵਿਚ ਖ਼ਿਆਲ ਆਇਆ ਕਿ ਇਹ ਕਿਰਪਾ ਪੰਡਿਤ ਜੀ ਨੇ ਕੀਤੀ ਹੈ, ਜਿਸ ਪਾਸੋਂ ਕਥਾ ਸੁਣ ਕੇ ਨਾਮ ਜਪਣ ਲੱਗੀ ਹਾਂ ਅਤੇ ਬਿਨਾਂ ਬੇੜੀ ਹਰ ਰੋਜ਼ ਦਰਿਆ ਲੰਘ ਜਾਂਦੀ ਹਾਂ, ਇਸ ਲਈ ਪੰਡਿਤ ਜੀ ਨੂੰ ਘਰ ਸੱਦ ਕੇ ਭੋਜਨ ਛਕਾਉਣਾ ਚਾਹੀਦਾ ਹੈ। ਇਹ ਸੋਚ ਕੇ ਪੰਡਿਤ ਜੀ ਨੂੰ ਬੇਨਤੀ ਕੀਤੀ ਜੀ ਕੱਲ ਮੇਰੇ ਨਾਲ ਚਲ ਕੇ ਮੇਰੇ ਘਰ ਭੋਜਨ ਛਕਣਾ। ਪੰਡਿਤ ਜੀ ਨੇ ਪ੍ਰਵਾਨ ਕਰ ਲਿਆ। ਦੂਸਰੇ ਦਿਨ ਗੁੱਜਰੀ ਪੰਡਿਤ ਜੀ ਨੂੰ ਨਾਲ ਲੈ ਕੇ ਚਲੀ। ਜਿਸ ਵੇਲੇ ਰਸਤੇ ਵਿਚ ਨਦੀ ਪਾਣੀ ਨਾਲ ਭਰੀ ਹੋਈ ਪਾਸ ਗੁੱਜਰੀ ਜਾ ਖਲੋਤੀ ਤੇ ਕਿਹਾ ਪੰਡਿਤ ਜੀ ਮੇਰੇ ਪਿਛੇ ਤੁਰੇ ਆਓ। ਇਹ ਕਹਿ ਗੁੱਜਰੀ ਨਦੀ ਪਾਰ ਕਰ ਗਈ ਪਰ ਪਿਛੇ ਪਰਤ ਕੇ ਵੇਖਿਆ ਤਾਂ ਪੰਡਿਤ ਜੀ ਓਥੇ ਹੀ ਖਲੋਤੇ ਹਨ। ਗੁੱਜਰੀ ਨੇ ਅਵਾਜ਼ ਮਾਰ ਕੇ ਕਿਹਾ, ਸੁਆਮੀ ਜੀ, ਨਦੀ ਲੰਘ ਆਓ। ਪੰਡਿਤ ਕਹਿੰਦਾ ਹੈ, ਮੈਂ ਡੁੱਬ ਜਾਵਾਂਗਾ, ਮੈਂ ਤਾਂ ਬੇੜੀ ਰਾਹੀਂ ਹੀ ਨਦੀ ਪਾਰ ਕਰ ਸਕਾਂਗਾ। ਗੁੱਜਰੀ ਕਹਿੰਦੀ ਹੈ, ਜੀ ਮੈਂ ਨਹੀਂ ਡੁਬੀ, ਤੁਹਾਡੇ ਪਾਸੋਂ ਕਥਾ ਸੁਣ ਕੇ ਤਾਂ ਮੈਂ ਬਿਨਾ ਬੇੜੀ ਲੰਘ ਜਾਂਦੀ ਹਾਂ। ਇਸ ਲਈ ਆਓ ਨਹੀਂ ਡੁਬਦੇ। ਪੰਡਿਤ ਕਹਿੰਦਾ ਹੈ ਤੈਂ ਮੈਨੂੰ ਡੋਬ ਕੇ ਮਾਰਨਾ ਹੈ। ਮੈਂ ਨਹੀਂ ਭੋਜਨ ਛਕਦਾ। ਤੈਂ ਮੈਨੂੰ ਮਾਰਨਾ ਹੈ ਕਿ ਘਰ ਭੋਜਨ ਛਕਾਉਣਾ ਹੈ ? ਕਿਉਂਕਿ ਪੰਡਤ ਨੂੰ ਭਰੋਸਾ ਨਹੀਂ ਸੀ, ਗੁੱਜਰੀ ਦੇ ਮਨ ਵਿਚ ਪੂਰਨ ਭਰੋਸਾ ਸੀ।

*"ਰਾਮ ਨਾਮ ਕੇ ਲੇਤ ਹੀ ਭਈ ਗੁੱਜਰੀ ਪਾਰ॥*
*ਅਨਿਕ ਕਥਾ ਪੰਡਤ ਕਥੀ ਤੋ ਭੀ ਰਹਿਓ ਉਰਾਰ॥"*

**ਸਲੋਕ ਮਃ ੩ ॥ ਮਨਿ ਪਰਤੀਤਿ ਨ ਆਈਆ ਸਹਜਿ ਨ ਲਗੋ ਭਾਉ ॥ ਸਬਦੈ ਸਾਦੁ ਨ ਪਾਇਓ ਮਨਹਠਿ ਕਿਆ ਗੁਣ ਗਾਇ॥ ਨਾਨਕ ਆਇਆ ਸੋ ਪਰਵਾਣੁ ਹੈ ਜਿ ਗੁਰਮੁਖਿ ਸਚਿ ਸਮਾਇ ॥੧॥**

**ਪਦ ਅਰਥ** :–ਮਨਿ–ਮਨ ਵਿਚ। ਪਰਤੀਤਿ–ਨਿਸਚਾ, ਭਰੋਸਾ, ਵਿਸ਼ਵਾਸ। ਸਹਜਿ–ਅਡੋਲ ਅਵਸਥਾ ਦੁਆਰਾ। ਭਾਉ–ਪ੍ਰੇਮ।

**ਅਰਥ** :–(ਜਿਸ ਦੇ) ਮਨ ਵਿਚ (ਗੁਰੂ ਸਾਹਿਬ 'ਤੇ) ਭਰੋਸਾ ਨਹੀਂ ਬੱਝਾ (ਅਤੇ) ਅਡੋਲ ਅਵਸਥਾ ਦੁਆਰਾ (ਵਾਹਿਗੁਰੂ ਵਿਚ) ਪ੍ਰੇਮ ਨਹੀਂ ਲੱਗਾ। ਗੁਰੂ ਦੇ ਸ਼ਬਦ ਦੁਆਰਾ (ਜਿਸ ਨੂੰ) ਨਾਮ ਦਾ ਰਸ ਨਹੀਂ ਆਇਆ, (ਉਹ ਮਨੁੱਖ) ਮਨ ਦਾ ਹਠ ਧਾਰ ਕੇ (ਹਰੀ ਦੇ) ਗੁਣ ਕੀ ਗਾਏਗਾ ? (ਭਾਵ ਉਸ ਦਾ ਗਾਉਣਾ ਨਿਸਫਲ ਹੈ।) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਸੰਸਾਰ ਵਿਚ ਆਉਣਾ ਉਨ੍ਹਾਂ ਜੀਵਾਂ ਦਾ ਪਰਵਾਣ ਹੈ ਜੋ ਗੁਰੂ ਰਾਹੀਂ (ਸਿਮਰਨ ਭਜਨ ਕਰਦੇ ਹੋਏ) ਸੱਚ ਸਰੂਪ ਵਿਚ ਸਮਾਅ ਜਾਂਦੇ ਹਨ। ੧।

**ਮਃ ੩ ॥ ਆਪਣਾ ਆਪੁ ਨ ਪਛਾਣੈ ਮੂੜਾ ਅਵਰਾ ਆਖਿ ਦੁਖਾਏ ॥ ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ ॥ ਸਤਿਗੁਰ ਕੈ ਭੈ ਭੰਨਿ ਨ ਘੜਿਓ ਰਹੈ ਅੰਕਿ ਸਮਾਏ ॥ ਅਨਦਿਨੁ ਸਹਸਾ ਕਦੇ ਨ ਚੂਕੈ ਬਿਨੁ ਸਬਦੈ ਦੁਖੁ ਪਾਏ ॥ ਕਾਮੁ ਕ੍ਰੋਧੁ ਲੋਭੁ ਅੰਤਰਿ ਸਬਲਾ ਨਿਤ ਧੰਧਾ ਕਰਤ ਵਿਹਾਏ ॥ ਚਰਣ ਕਰ ਦੇਖਤ ਸੁਣਿ ਥਕੇ ਦਿਹ ਮੁਕੇ ਨੇੜੈ ਆਏ ॥ ਸਚਾ ਨਾਮੁ ਨ ਲਗੋ ਮੀਠਾ ਜਿਤੁ ਨਾਮਿ ਨਵ ਨਿਧਿ ਪਾਏ ॥ ਜੀਵਤੁ ਮਰੈ ਮਰੈ ਫੁਨਿ ਜੀਵੈ ਤਾਂ ਮੋਖੰਤਰੁ ਪਾਏ ॥ ਧੁਰਿ ਕਰਮੁ ਨ ਪਾਇਓ ਪਰਾਣੀ ਵਿਣੁ ਕਰਮਾ ਕਿਆ ਪਾਏ ॥ ਗੁਰ ਕਾ ਸਬਦੁ ਸਮਾਲਿ ਤੂ ਮੂੜੇ ਗਤਿ ਮਤਿ ਸਬਦੇ ਪਾਏ ॥ ਨਾਨਕ ਸਤਿਗੁਰੁ ਤਦ ਹੀ ਪਾਏ ਜਾਂ ਵਿਚਹੁ ਆਪੁ ਗਵਾਏ ॥ ੨ ॥**

**ਪਦ ਅਰਥ** :–ਮੂੜਾ–ਮੂਰਖ। ਦੁਖਾਏ–ਦੁਖਾਉਂਦਾ ਹੈ। ਮੁੰਢੈ–ਮੁੱਢ ਕਦੀਮੀ ਦੀ, ਭਾਵ ਪੁਰਾਣੀ। ਖਸਲਤਿ–ਵਾਦੀ। ਭੈੜੀ ਆਦਤ। ਭੰਨਿ–ਭੰਨ ਕੇ। ਸਬਲਾ–ਬਲਵਾਨ।

**ਅਰਥ** :–ਮੂਰਖ (ਮਨੁੱਖ) ਆਪਣਾ ਆਪ ਤਾਂ ਪਛਾਣਦਾ ਨਹੀਂ ਤੇ ਹੋਰਨਾਂ ਨੂੰ (ਭੈੜੇ ਬੋਲ) ਬੋਲ ਕੇ ਦੁਖਾਉਂਦਾ ਹੈ। ਅੰਧੇ ਅਗਿਆਨੀ ਦੀ ਮੁੱਢ (ਕਦੀਮੀ) ਦੀ ਭੈੜੀ ਆਦਤ ਨਹੀਂ ਗਈ, ਇਹ (ਉਸ ਵਾਹਿਗੁਰੂ ਤੋਂ) ਵਿਛੜ ਕੇ (ਜਮਾਂ ਦੀਆਂ) ਮਾਰਾਂ ਖਾਂਦਾ ਹੈ। ਉਸ (ਮਨੁੱਖ ਨੇ) ਸਤਿਗੁਰੂ ਦੇ ਭੈ ਵਿਚ ਆ ਕੇ (ਅਪਣੇ ਮਾੜੇ ਸੁਭਾਵ ਨੂੰ) ਭੰਨ ਕੇ (ਨਵੇਂ ਸਿਰੇ) ਨਹੀਂ ਘੜਿਆ, (ਜਿਸ ਨਾਲ ਕਿ ਉਹ) ਸਰੂਪ ਵਿਚ ਸਮਾਇਆ ਰਹਿੰਦਾ। ਉਸ ਦਾ ਸਹਸਾ=ਭਰਮ ਦਿਨ ਰਾਤ ਕਦੇ ਵੀ ਦੂਰ ਨਹੀਂ ਹੁੰਦਾ, (ਉਹ ਮਨੁੱਖ ਗੁਰੂ) ਸ਼ਬਦ ਤੋਂ ਵਿਹੂਣਾ ਸਦਾ ਦੁੱਖ ਪਾਉਂਦਾ ਹੈ। ਉਸ ਦੇ ਅੰਦਰ (ਵਿਕਾਰ) ਕਾਮ, ਕਰੋਧ, ਲੋਭ, ਬਲਵਾਨ ਹੋਇਆ ਹੁੰਦਾ ਹੈ, ਉਨ੍ਹਾਂ ਦਾ ਹਮੇਸ਼ਾ (ਕੀਮਤੀ) ਸਮਾਂ ਧੰਧੇ ਕਰਦਿਆਂ ਹੀ ਬੀਤਦਾ ਹੈ। ਉਨ੍ਹਾਂ ਦੇ ਪੈਰ (ਚਲਦਿਆਂ), ਹੱਥ (ਕੰਮ ਕਰਦਿਆਂ) ਅੱਖਾਂ ਵੇਖਦਿਆਂ ਤੇ ਕੰਨ ਸੁਣ ਕੇ ਥੱਕ ਗਏ, (ਜੀਵਨ ਦੇ) ਦਿਨ

(ਮਾਨੋ) ਮੁਕ ਗਏ ਹਨ ਤੇ (ਮੌਤ ਦੇ ਦਿਨ) ਨੇੜੇ ਆ ਗਏ ਹਨ। (ਇਸ ਹਾਲਤ ਵਿਚ ਵੀ ਉਸ ਨੂੰ) ਸੱਚਾ ਨਾਮ ਮਿੱਠਾ ਨਹੀਂ ਲੱਗਿਆ ਜਿਸ ਨਾਮ ਵਿਚ ਲਗ ਕੇ (ਉਹ) ਨਵ ਨਿਧੀਆਂ ਦੇ ਦਾਤੇ (ਵਾਹਿਗੁਰੂ ਜੀ ਨੂੰ) ਪਾ ਲੈਂਦਾ। (ਪਰ ਜੋ ਮਨੁੱਖ) ਜੀਵਤ ਭਾਵ ਤੋਂ ਮਰਦਾ ਹੈ ਤੇ ਮਰ ਕੇ (ਫਿਰ ਗੁਰੂ ਤਰਫ) ਜੀਉਂਦਾ ਹੈ ਤਾਂ (ਉਹ) ਮੁਕਤੀ ਪਾ ਲੈਂਦਾ ਹੈ। ਜਿਸ ਮਨੁੱਖ ਨੇ ਧੁਰ ਤੋਂ (ਪ੍ਰਭੂ ਪਾਸੋਂ) ਬਖ਼ਸ਼ਿਸ਼ ਪ੍ਰਾਪਤ ਨਹੀਂ ਕੀਤੀ, (ਹੁਣ ਇਸ ਜਨਮ ਵਿਚ) ਚੰਗੇ ਕਰਮਾਂ ਬਿਨਾਂ ਉਹ ਕੀ ਪਾਵੇ। ਹੇ ਮੂਰਖ! ਤੂੰ ਗੁਰੂ ਦਾ ਸ਼ਬਦ (ਉਪਦੇਸ਼) ਯਾਦ ਕਰ (ਕਿਉਂਕਿ ਗੁਰੂ ਦੇ) ਸ਼ਬਦ ਦੁਆਰਾ ਹੀ ਮੁਕਤੀ ਦੀ ਸੋਝੀ ਪਾਈਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੀਵ ਸਤਿਗੁਰੂ ਨੂੰ ਤਦ ਹੀ ਪਾਏਗਾ ਜਦ ਇਹ ਆਪਣੇ ਮਨ ਵਿਚੋਂ ਹੰਕਾਰ ਗੁਆ ਲਏਗਾ।੨।

**ਪਉੜੀ॥ ਜਿਸ ਦੈ ਚਿਤਿ ਵਸਿਆ ਮੇਰਾ ਸੁਆਮੀ ਤਿਸ ਨੋ ਕਿਉ ਅੰਦੇਸਾ ਕਿਸੈ ਗਲੈ ਦਾ ਲੋੜੀਐ॥ ਹਰਿ ਸੁਖਦਾਤਾ ਸਭਨਾ ਗਲਾ ਕਾ ਤਿਸ ਨੋ ਧਿਆਇਦਿਆ ਕਿਵ ਨਿਮਖ ਘੜੀ ਮੁਹੁ ਮੋੜੀਐ॥ ਜਿਨਿ ਹਰਿ ਧਿਆਇਆ ਤਿਸ ਨੋ ਸਰਬ ਕਲਿਆਣ ਹੋਏ ਨਿਤ ਸੰਤ ਜਨਾ ਕੀ ਸੰਗਤਿ ਜਾਇ ਬਹੀਐ ਮੁਹੁ ਜੋੜੀਐ॥ ਸਭਿ ਦੁਖ ਭੁਖ ਰੋਗ ਗਏ ਹਰਿ ਸੇਵਕ ਕੇ ਸਭਿ ਜਨ ਕੇ ਬੰਧਨ ਤੋੜੀਐ॥ ਹਰਿ ਕਿਰਪਾ ਤੇ ਹੋਆ ਹਰਿ ਭਗਤੁ ਹਰਿ ਭਗਤ ਜਨਾ ਕੈ ਮੁਹਿ ਡਿਠੈ ਜਗਤੁ ਤਰਿਆ ਸਭੁ ਲੋੜੀਐ॥ ੪॥**

**ਪਦ ਅਰਥ** :-ਅੰਦੇਸਾ-ਸੰਸਾ, ਫ਼ਿਕਰ। ਕਿਵ-ਕਿਉਂ। ਨਿਮਖ-ਅੱਖ ਝਮਕਣ ਜਿਤਨਾ ਸਮਾਂ। ਕਲਿਆਣ-ਸੁਖ। ਮੁਹਿ ਡਿਠੈ-ਦਰਸ਼ਨ ਕੀਤਿਆਂ।

**ਅਰਥ** :-ਜਿਸ ਦੇ ਚਿਤ ਵਿਚ ਮੇਰਾ ਮਾਲਕ (ਪ੍ਰਭੂ) ਵਸ ਗਿਆ ਹੈ, ਉਸ ਮਨੁੱਖ ਨੂੰ ਕਿਸੇ ਗੱਲ ਦਾ ਕਿਉਂ ਫ਼ਿਕਰ ਕਰਨਾ ਚਾਹੀਦਾ ਹੈ? (ਭਾਵ ਉਹ ਬੇਫ਼ਿਕਰ ਹੋ ਜਾਵੇ।) ਸਾਰੀਆਂ ਗੱਲਾਂ ਦਾ ਸੁਖਦਾਤਾ ਵਾਹਿਗੁਰੂ ਜੀ ਆਪ ਹੈ, ਉਸ ਨੂੰ ਸਿਮਰਦਿਆਂ (ਭਾਵ ਯਾਦ ਕਰਦਿਆਂ) ਨਿਮਖ ਘੜੀ ਭਰ ਵੀ ਕਿਉਂ ਮੂੰਹ ਮੋੜੀਐ=ਫੇਰੀਏ? (ਭਾਵ ਉਸ ਨੂੰ ਹਮੇਸ਼ਾ ਯਾਦ ਕਰਨਾ ਚਾਹੀਦਾ ਹੈ।) ਜਿਸ ਮਨੁੱਖ ਨੇ ਹਰੀ ਨੂੰ ਸਿਮਰਿਆ ਹੈ ਉਸ ਨੂੰ ਸਾਰੇ ਸੁਖ ਪ੍ਰਾਪਤ ਹੋ ਗਏ ਹਨ, ਇਸ ਲਈ ਚਾਹੀਦਾ ਹੈ ਕਿ ਹਰ ਰੋਜ਼ ਸੰਤ ਜਨਾਂ ਦੀ ਸੰਗਤ ਵਿਚ ਜਾ ਕੇ (ਉਨ੍ਹਾਂ ਨਾਲ ਮੂੰਹ) ਜੋੜ ਕੇ ਬੈਠੀਏ। ਹਰੀ ਦੇ ਸੇਵਕ ਦੇ ਸਾਰੇ ਦੁੱਖ, (ਸਾਰੀਆਂ) ਭੁੱਖਾਂ (ਅਤੇ) ਰੋਗ ਚਲੇ ਗਏ ਹਨ, (ਸੋ ਇਉਂ ਜਾਣੋ ਕਿ ਹਰੀ ਨੇ) ਸੇਵਕ ਦੇ ਸਾਰੇ ਬੰਧਨ ਤੋੜ ਦਿੱਤੇ ਹਨ। (ਹਰੀ ਦਾ ਸੇਵਕ) ਹਰੀ ਦੀ ਕਿਰਪਾ ਤੇ ਹਰੀ ਦਾ ਭਗਤ ਬਣਿਆ ਹੈ, ਇਸ ਲਈ ਹਰੀ ਦੇ ਭਗਤ ਦਾ ਦਰਸ਼ਨ ਕਰਕੇ ਸਾਰਾ ਜਗਤ ਤਰਨਾ ਜ਼ਰੂਰੀ ਹੈ। ੪।

## ਵਿਆਖਿਆ ਤੇ ਸਾਰੰਸ਼

***"ਮੁੰਢੈ ਦੀ ਖਸਲਤਿ ਨ ਗਈਆ ਅੰਧੇ ਵਿਛੁੜਿ ਚੋਟਾ ਖਾਏ॥***

ਇਸ ਪੰਕਤੀ 'ਤੇ ਦਾਨੇ ਕਥਾਕਾਰ ਮਲੂਕੇ ਚੌਧਰੀ ਦੀ ਸਾਖੀ ਲਗਾਇਆ ਕਰਦੇ ਹਨ। ਇਹ ਸਾਖੀ ਦਾਸ ਦੀ ਲਿਖੀ ਪੁਸਤਕ ਦਸ ਗੁਰ-ਜੋਤ ਦੇ ਪੰਨਾ ੧੦੨ ਅਤੇ ੧੦੩ 'ਤੇ ਪੜ੍ਹੋ ਜੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੩ (ਅੰਗ ੫੫੧)

ਸਲੋਕ ਮਃ ੩ ॥ ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥ ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥ ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥ ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥ ੧ ॥ ਮਃ ੩ ॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ ਮਰਹਿ ਅੰਤੇ ਹੋਇ ਸਭੁ ਛਾਰੁ ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ ॥ ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ ॥ ੨ ॥ ਪਉੜੀ ॥ ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥ ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ ॥ ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥ ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ ॥ ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥ ੯ ॥

## ਪ੍ਰਾਕ੍ਰਥਨ :-

ਇਹ ਸ਼ਬਦ ਰਾਗੁ ਬਿਹਾਗੜੇ ਦੀ ਵਾਰ ਦੀ ੯ਵੀਂ ਪਉੜੀ ਨਾਲ ਦੋ ਸਲੋਕਾਂ ਸਮੇਤ ਆਇਆ ਹੈ। ਪਹਿਲੇ ਸਲੋਕ ਦੀ ਅਰੰਭਤਾ ਦੀ ਪੰਗਤੀ ਅੰਦਰ ਹਜ਼ੂਰ ਨੇ ਫੁਰਮਾਇਆ ਹੈ ''ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ॥

## ਹੰਕਾਰੀ ਸ਼ੇਖ਼

''ਸ਼ੇਖ਼'' ਮੁਸਲਮਾਨਾਂ ਵਿਚ ਇਕ ਜਾਤੀ ਦਾ ਨਾਮ ਹੈ। ਉਂਵ 'ਬਜ਼ੁਰਗ' ਨੂੰ ਵੀ ਆਖਦੇ ਹਨ, ਪਰ ਇਥੇ ਜੋ ਬਚਨ ਆਇਆ ਹੈ, ਗੋਇੰਦਵਾਲ ਵਿਚ ਇਕ ਹੰਕਾਰੀ ਤੇ ਹਠ ਵਾਲਾ ਸ਼ੇਖ਼ ਸੀ। ਉਸ ਪ੍ਰਤੀ ਉਪਦੇਸ਼ ਦਿੱਤਾ ਜਾਪਦਾ ਹੈ, ਜਿਸ ਦਾ ਜ਼ਿਕਰ ਇਤਿਹਾਸ ਅੰਦਰ ਵੀ ਆਇਆ ਹੈ। ਸੰਪ੍ਰਦਾਈ ਵਿਦਵਾਨ ਮਹਾਂਪੁਰਖ ਤੇ ਸੰਪ੍ਰਦਾਈ ਟੀਕੇ ਅੰਦਰ ਵੀ ਇਹ 'ਉਥਾਨਕਾ' ਲਗਾਈ ਹੈ। ਜਿਸ ਵੇਲੇ ਗੋਇੰਦਵਾਲ ਵਿਖੇ ਸਿੱਖ ਬਿਆਸ ਦਰਿਆ 'ਤੇ ਪਾਣੀ ਭਰਨ ਜਾਂਦੇ ਸਨ ਤਾਂ ਸ਼ੇਖ਼ਾਂ ਦੇ ਲੜਕੇ ਗੁਲੇਲੇ ਮਾਰ ਕੇ ਘੜੇ ਭੰਨ ਦਿੰਦੇ ਸਨ। ਗੁਰੂ ਦੇ ਹੁਕਮ ਨਾਲ ਸਿੱਖ ਮਸ਼ਕਾਂ ਅੰਦਰ ਪਾਣੀ ਭਰਨ ਲੱਗੇ ਤਾਂ ਉਹ ਤੀਰ ਮਾਰਕੇ ਛੇਕ ਕਰ ਦਿੰਦੇ ਸਨ। ਸਿੱਖ ਗਾਗਰਾਂ ਲਿਜਾਣ ਲੱਗੇ ਤਾਂ ਸ਼ੇਖ਼ਾਂ ਦੇ ਲੜਕੇ ਇੱਟਾਂ ਵੱਟੇ ਮਾਰਨ ਲੱਗੇ। ਇਹ ਪ੍ਰਸੰਗ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਕਥਨ ਕੀਤਾ ਹੈ—

*''ਸੇਖਨ ਕੇ ਸਿਸ ਦੇਖ ਸੁ ਚਾਲੀ॥ ਸਹਿ ਨ ਸਕਹਿ ਵਹਿ ਕਰੈ ਕੁਚਾਲੀ॥ ੨੫॥*
*ਨੀਰ ਭਰਨ ਘਟ ਲੈ ਸਿਖ ਜਾਵੈ॥ ਬਾਲ ਗੁਲੇਲਾ ਮਾਰਿ ਗਵਾਵੈ॥*
*ਸੇਖਨ ਸੁਤ ਘਟ ਤੋਰੈ ਤੂਰਨ। ਜਲ ਕੌ ਜਬਿ ਕਰ ਲਿਆਵੈ ਪੂਰਨ।''*

ਅੱਗੇ ਮਸ਼ਕਾਂ ਭਰਨ ਦਾ ਤੇ ਮਸ਼ਕਾਂ ਵਿਚ ਤੀਰ ਮਾਰਨ ਦਾ ਜ਼ਿਕਰ ਇਤਿਹਾਸ ਅੰਦਰ ਇਸ ਤਰ੍ਹਾਂ ਆਇਆ ਹੈ—

*''ਮਾਨ ਬਚਨ ਤਿਯੋ ਹੀ ਤਿਨ ਕੀਨੀ। ਜਲ ਭਰਿਬੇ ਕੌ ਮਸਕੈ ਲੀਨੀ।*
*ਤਬਿ ਬਾਰਕ ਕਰ ਧਾਰਿ ਕਮਾਨੈ। ਤੀਰ ਮਾਰ ਫਾਰੈ ਅਭਿਮਾਨੈ॥ ੨੮॥''*

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੧, ਅੰਸੂ ੩੮)

ਸ੍ਰੀ ਗੁਰੂ ਪੰਥ ਪ੍ਰਕਾਸ਼ ਅੰਦਰ ਮਹਾਂ ਕਵੀ ਗਿਆਨੀ ਗਿਆਨ ਸਿੰਘ ਜੀ ਨੇ ਵੀ ਇਹ ਪ੍ਰਸੰਗ ਇਸ ਤਰ੍ਹਾਂ ਦਿੱਤਾ ਹੈ—

*''ਪੁਨ ਹਾਕਮ ਥੇ ਸੇਖ ਜੋ, ਬਸਤੇ ਗੋਇੰਦਵਾਲ।*
*ਤਿਨ ਕੇ ਸੁਤ ਜਾਲਮ ਭਏ, ਅਤਿ ਬਦ ਖੋ ਬਦ ਚਾਲ॥ ੨੭॥*
*ਚੌਪਈ॥ ਗੁਰਸਿਖ ਜਲ ਭਰਨੇ ਜਬਿ ਜਾਵੈ। ਮਾਰ ਗੁਲੇਲੇ ਘੜੇ ਗਿਰਾਵੈ।*

***ਬਹੁ ਬਿਧਿ ਔਰ ਸਿਖਨ ਦੁਖ ਦੇਵੈ। ਨਿਰਬਲ ਕੌ ਪਿਖਿ ਲੂਟ ਸੁ ਲੇਵੈ॥੨੮॥"***

(ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ, ਬਿਸ੍ਰਾਮ ੧੬)

ਭਾਈ ਵੀਰ ਸਿੰਘ ਜੀ ਨੇ ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਪੋਥੀ ਸੱਤਵੀਂ ਅੰਦਰ ਪੰਨਾ ੩੪੧੨ 'ਤੇ ਲਿਖਿਆ ਹੈ : ਗੋਇੰਦਵਾਲ ਵਿਚ ਇਕ ਹੰਕਾਰੀ ਤੇ ਹਠੀਆ ਸ਼ੇਖ਼ ਸੀ। ਉਸ ਪ੍ਰਤੀ ਉਪਦੇਸ਼ ਹੋਇਆ ਸਹੀ ਹੁੰਦਾ ਹੈ। ਸੂਰਜ ਪ੍ਰਕਾਸ਼ ਵਿਚ ਗੋਇੰਦਵਾਲ ਵੱਸਦੇ ਮਨਮੁਖ ਸ਼ੇਖ਼ਾਂ ਦੀ ਇਕ ਕਥਾ ਹੈ ਜੋ ਸਫ਼ਾ ੧੪੭੮ ਤੇ ਅੰਕ ੨੫ ਵਿਚ ਹੈ। (ਸੰਥਿਆ ਪੋਥੀ ਸੱਤਵੀਂ) ਗੁਰਵਾਕ ਚਾਨਣ ਭਾਗ ਪਹਿਲਾ ਤੇ ਅਮੀਰ ਭੰਡਾਰ ਸੰਪ੍ਰਦਾਈ ਸਟੀਕ ਅੰਦਰ ਇਹੋ ਉਥਾਨਕਾ ਦਿੱਤੀ ਹੈ। ਪ੍ਰਿਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਆਦਿ, ਕਿਰਤ ਭਾਈ ਸ਼ਾਮ ਸਿੰਘ ਜੀ ਨੇ ਇਸ ਤਰ੍ਹਾਂ ਲਿਖਿਆ ਹੈ : "ਸੇਖ ਸੀ ਵਡਾ ਗੋਇੰਦਵਾਲ ਮੈਂ ਸਾਹਿਬ ਕੇ ਘੜੇ ਮਸ਼ਕਾਂ ਫੋੜਤੇ ਥੇ ਉਸ ਕੋ ਕਹਿਆ ਹੇ ਸੇਖਾ" ਹੰਕਾਰੀ ਸ਼ੇਖ਼ ਨੂੰ ਸੰਬੋਧਨ ਕਰਕੇ ਮਨ ਹਠ ਤੇ ਹੰਕਾਰ ਛੱਡਣ ਦੀ ਪ੍ਰੇਰਣਾ ਦਿੱਤੀ ਹੈ।

**ਸਲੋਕ ਮਃ ੩ ॥ ਸੇਖਾ ਅੰਦਰਹੁ ਜੋਰੁ ਛਡਿ ਤੂ ਭਉ ਕਰਿ ਝਲੁ ਗਵਾਇ ॥ ਗੁਰ ਕੈ ਭੈ ਕੇਤੇ ਨਿਸਤਰੇ ਭੈ ਵਿਚਿ ਨਿਰਭਉ ਪਾਇ ॥ ਮਨੁ ਕਠੋਰੁ ਸਬਦਿ ਭੇਦਿ ਤੂੰ ਸਾਂਤਿ ਵਸੈ ਮਨਿ ਆਇ ॥ ਸਾਂਤੀ ਵਿਚਿ ਕਾਰ ਕਮਾਵਣੀ ਸਾ ਖਸਮੁ ਪਾਏ ਥਾਇ ॥ ਨਾਨਕ ਕਾਮਿ ਕ੍ਰੋਧਿ ਕਿਨੈ ਨ ਪਾਇਓ ਪੁਛਹੁ ਗਿਆਨੀ ਜਾਇ ॥ ੧ ॥**

**ਪਦ ਅਰਥ** :–ਸੇਖਾ–ਹੇ ਸ਼ੇਖ਼। ਜੋਰੁ–ਬਲ, ਹਠ। ਭਉ–ਡਰ। ਝਲੁ–ਪਾਗ਼ਲਪਨ। ਭੇਦ–ਵਿੰਨ੍ਹ ਕੇ। ਥਾਇ–ਥਾਂ ਪਾਉਂਦਾ ਹੈ, ਕਬੂਲ ਕਰਦਾ ਹੈ।

**ਅਰਥ** :–ਹੇ ਸ਼ੇਖ਼! (ਆਪਣੇ ਮਨ) ਵਿਚੋਂ (ਤੂੰ) ਹਠ ਛੱਡ ਦੇ (ਅਤੇ ਸਤਿਗੁਰੂ ਦਾ) ਮਨ ਵਿਚ ਡਰ ਧਾਰਣ ਕਰ ਕੇ ਪਾਗ਼ਲਪਨਾ ਦੂਰ ਕਰ ਲੈ। ਗੁਰੂ ਸਾਹਿਬ ਜੀ ਦਾ ਡਰ (ਭਾਵ ਭੈ ਅਦਬ ਸਤਿਕਾਰ) ਧਾਰਣ ਕਰਕੇ ਕਿਤਨੇ ਲੋਕ ਸੰਸਾਰ ਸਮੁੰਦਰ ਤੋਂ ਤਰ ਗਏ ਹਨ (ਅਤੇ) ਤੂੰ ਵੀ ਗੁਰੂ ਦੇ ਭੈ ਵਿਚ (ਰਹਿ ਕੇ) ਨਿਰਭਉ (ਪ੍ਰਭੂ) ਨੂੰ ਪਾ ਲੈ। ਤੇਰਾ ਮਨ ਕਠੋਰ (ਭਾਵ ਬਹੁਤ ਕਰੜਾ ਹੈ, ਤੂੰ ਇਸ ਨੂੰ ਗੁਰੂ ਦੇ) ਸ਼ਬਦਾਂ ਦੁਆਰਾ ਵਿੰਨ੍ਹ (ਤਾਂ ਜੋ ਤੇਰੇ) ਮਨ ਵਿਚ ਸ਼ਾਂਤੀ ਆ ਕੇ ਵਸ ਜਾਵੇ। ਸ਼ਾਂਤੀ ਵਿਚ ਰਹਿ ਕੇ ਜੋ (ਮਾਲਕ ਦੀ) ਸੇਵਾ ਕੀਤੀ ਜਾਂਦੀ ਹੈ, ਉਸ ਸੇਵਾ ਨੂੰ ਮਾਲਕ ਕਬੂਲ ਕਰਦਾ ਹੈ (ਭਾਵ ਉਹ ਸੇਵਾ ਥਾਂ ਪੈਂਦੀ ਹੈ।) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਹੇ ਸ਼ੇਖ਼! ਤੂੰ ਬੇਸ਼ੱਕ ਕਿਸੇ ਗਿਆਨੀ ਪਾਸ ਜਾ ਕੇ ਪਤਾ ਕਰ ਲੈ, ਕਾਮ, ਕ੍ਰੋਧ (ਆਦਿ ਵਿਕਾਰਾਂ) ਵਿਚ ਰਹਿ ਕੇ ਕਿਸੇ ਨੇ ਵੀ (ਵਾਹਿਗੁਰੂ ਜੀ ਨੂੰ) ਨਹੀਂ ਪਾਇਆ। ੧।

**ਮਃ ੩ ॥ ਮਨਮੁਖ ਮਾਇਆ ਮੋਹੁ ਹੈ ਨਾਮਿ ਨ ਲਗੋ ਪਿਆਰੁ ॥ ਕੂੜੁ ਕਮਾਵੈ ਕੂੜੁ ਸੰਗ੍ਰਹੈ ਕੂੜੁ ਕਰੇ ਆਹਾਰੁ ॥ ਬਿਖੁ ਮਾਇਆ ਧਨੁ ਸੰਚਿ**

**ਮਰਹਿ ਅੰਤੇ ਹੋਇ ਸਭੁ ਛਾਰੁ॥ ਕਰਮ ਧਰਮ ਸੁਚ ਸੰਜਮ ਕਰਹਿ ਅੰਤਰਿ ਲੋਭੁ ਵਿਕਾਰੁ॥ ਨਾਨਕ ਜਿ ਮਨਮੁਖੁ ਕਮਾਵੈ ਸੁ ਥਾਇ ਨਾ ਪਵੈ ਦਰਗਹਿ ਹੋਇ ਖੁਆਰੁ॥੨॥**

**ਪਦ ਅਰਥ** :-ਸੰਗ੍ਰਹੈ-ਇਕੱਠਾ ਕਰਦਾ ਹੈ। ਆਹਾਰੁ-ਭੋਜਨ, ਖ਼ੁਰਾਕ। ਬਿਖੁ-ਜ਼ਹਿਰ। ਸੰਚਿ-ਇਕੱਠੀ ਕਰਕੇ। ਛਾਰੁ-ਸੁਆਹ।

**ਅਰਥ** :-ਮਨਮੁਖ ਨੂੰ ਮਾਇਆ ਦਾ ਮੋਹ ਹੈ, ਇਸ ਲਈ ਉਸ ਦਾ ਸੱਚ ਨਾਮ ਵਿਚ ਪਿਆਰ ਨਹੀਂ ਲੱਗਦਾ। (ਮਨਮੁਖ ਪੁਰਸ਼) ਕੂੜ ਕਮਾਉਂਦਾ ਹੈ (ਅਤੇ) ਕੂੜ ਹੀ ਇਕੱਠਾ ਕਰਦਾ ਹੈ, (ਉਸ ਦੀ) ਖ਼ੁਰਾਕ (ਭਾਵ ਭੋਜਨ) ਵੀ ਕੂੜ ਹੀ ਹੈ। ਉਹ ਜ਼ਹਿਰ ਰੂਪ ਮਾਇਆ ਇਕੱਠੀ ਕਰਕੇ ਮਰ ਜਾਂਦਾ ਹੈ, ਉਹ ਸਾਰਾ ਧਨ ਅੰਤ ਸਮੇਂ ਸੁਆਹ ਹੋ ਜਾਂਦਾ ਹੈ (ਭਾਵ ਸੁਆਹ ਦੀ ਤਰ੍ਹਾਂ ਵਿਅਰਥ ਹੋ ਜਾਂਦਾ ਹੈ।) ਉਹ ਕਰਮ, ਧਰਮ, ਸੁਚ, ਸੰਜਮ ਆਦਿ ਤਾਂ ਕਰਦੇ ਹਨ ਪਰ ਉਨ੍ਹਾਂ ਅੰਦਰ ਲੋਭ ਤੇ ਵਿਕਾਰ ਹੋਣ ਕਰਕੇ (ਇਹ ਕਰਮ, ਧਰਮ ਆਦਿ ਉਨ੍ਹਾਂ ਦੇ ਸਫਲੇ ਨਹੀਂ ਹੁੰਦੇ।) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮਨਮੁਖ ਜੋ ਵੀ ਕਰਮ ਕਮਾਉਂਦਾ ਹੈ ਉਹ ਕਬੂਲ ਨਹੀਂ ਪੈਂਦਾ, (ਇਸ ਲਈ ਹਰੀ ਦੀ) ਦਰਗਾਹ ਅੰਦਰ (ਉਹ ਖਜਲ) ਖੁਆਰ ਹੀ ਹੁੰਦਾ ਹੈ।੨।

**ਪਉੜੀ॥ ਆਪੇ ਖਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ॥ ਆਪਿ ਸਮੁੰਦੁ ਆਪਿ ਹੈ ਸਾਗਰੁ ਆਪੇ ਹੀ ਵਿਚਿ ਰਤਨ ਧਰੇ॥ ਆਪਿ ਲਹਾਏ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ॥ ਆਪੇ ਭਉਜਲੁ ਆਪਿ ਹੈ ਬੋਹਿਥਾ ਆਪੇ ਖੇਵਟੁ ਆਪਿ ਤਰੇ॥ ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ॥੯॥**

**ਪਦ ਅਰਥ** :-ਖਾਣੀ-ਚਾਰ ਖਾਣੀਆਂ— ਅੰਡਜ, ਜੇਰਜ, ਸੇਤਜ, ਉਤਭੁਜ। ਬਾਣੀ-ਚਾਰ ਬਾਣੀਆਂ— ਪਰਾ, ਪਸੰਤੀ, ਮਧਮਾ, ਬੈਖਰੀ। ਖੰਡ-ਨੌਂ ਖੰਡ, ਧਰਤੀ ਦੇ ਨੌਂ ਹਿਸੇ। ਵਰਭੰਡ-ਬ੍ਰਹਮੰਡ, ਜਗਤ। ਖੇਵਟ-ਮਲਾਹ।

**ਅਰਥ** :-(ਵਾਹਿਗੁਰੂ ਜੀ ਨੇ) ਆਪ ਹੀ ਚਾਰ ਖਾਣੀਆਂ ਤੇ ਚਾਰ ਬਾਣੀਆਂ (ਅਤੇ) ਨੌਂ ਖੰਡ ਤੇ ਸਾਰਾ ਜਗਤ ਰਚਿਆ ਹੈ। ਉਹ ਆਪ ਹੀ ਸੰਸਾਰ ਸਮੁੰਦ੍ਰ ਹੈ, ਉਸ ਨੇ ਆਪ ਹੀ ਇਸ ਵਿਚ ਰਤਨ ਲੁਕਾ ਕੇ ਰਖੇ ਹਨ। ਜਿਸ ਉਪਰ ਕਿਰਪਾ ਕਰਕੇ ਹਰੀ ਜਿਸ ਨੂੰ ਗੁਰਮੁਖ ਬਣਾਉਂਦਾ ਹੈ, ਉਸ ਨੂੰ ਨਾਮ ਰੂਪੀ ਰਤਨ ਲਭਾਅ ਦਿੰਦਾ ਹੈ। ਹਰੀ ਆਪ ਹੀ ਭਵ ਸਾਗਰ ਹੈ ਤੇ ਆਪ ਹੀ ਜਹਾਜ਼ ਰੂਪ ਅਤੇ ਮਲਾਹ ਵੀ ਆਪ ਤੇ ਤਰਨ ਵਾਲਾ ਵੀ ਆਪ ਹੈ। ਕਰਤਾ ਵਾਹਿਗੁਰੂ ਜੀ ਆਪ ਹੀ (ਸਭ ਕੁਝ) ਕਰਦਾ ਤੇ ਕਰਾਉਂਦਾ ਹੈ, (ਹੇ ਪ੍ਰਭ ਜੀ!) ਤੇਰੇ ਸਦ੍ਰੱਸ ਭਾਵ ਬਰਾਬਰ ਦਾ ਹੋਰ ਦੂਜਾ ਕੋਈ ਨਹੀਂ ਹੈ। ੯।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੀ ਪਉੜੀ ਦੀ ਪਹਿਲੀ ਪੰਕਤੀ ਅੰਦਰ ''ਆਪੇ ਖਾਣੀ ਆਪੇ ਬਾਣੀ'', ਜੋ ਬਾਣੀ ਸ਼ਬਦ ਆਇਆ ਹੈ, ਬਾਣੀਆਂ ਚਾਰ ਮੰਨੀਆਂ ਹਨ। ਵਿਸਥਾਰ ਸਹਿਤ ਨਿਰਣਾ ਇਸ ਪ੍ਰਕਾਰ ਹੈ ਜੀ—

## ਚਾਰ ਬਾਣੀਆਂ

ਇਮਾਮ ਅਸ਼ਰਫ਼ ਨੂੰ ਉਪਦੇਸ਼ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਇਹ ਚਾਰ ਬਾਣੀਆਂ ਦਸੀਆਂ ਹਨ, ''ਬਾਬੇ ਕਹਿਆ, ਚਾਰ ਬਾਣੀਆਂ ਹਨ। ਪਹਿਲੇ ਪਰਾ, ਦੂਜੀ ਪਸੰਤੀ, ਤੀਜੀ ਮੱਧਮਾ, ਚੌਥੀ ਬੈਖਰੀ, ਪਰ ਸੋਈ ਬਾਣੀ ਵਿਸ਼ੇਸ਼ ਹੈ ਜੋ ਯਕ ਦਿਲ ਹੋ ਕੇ ਕਰਤਾਰ ਨੂੰ ਯਾਦ ਕਰੀਏ।''

(ਗਯਾਨ ਰਤਨਾਵਲੀ ਟੀਕਾ ੩੭ਵੀਂ ਪਉੜੀ ਦਾ)

ਅਰਥ :-ਮਨ ਵਿਚ ਬਾਣੀ ਦੇ ਉਚਾਰਨ ਦਾ ਸੰਕਲਪ ਹੋਣ ਪਰ ਬੁੱਧੀ ਦੇ ਨਿਸਚਿਤ ਕੀਤੇ ਹੋਏ ਪਦ 'ਪਰਾ' ਹੈ, ਉਹ ਪਦ ਕੰਠ ਵਿਚ ਸ੍ਵਰ ਰੂਪ ਹੋ ਕੇ ਆਏ ਹੋਏ 'ਪਸਯੰਤਿ' ਹੈ। ਮੁਖ ਤੋਂ ਉਚਾਰਨ ਹੋਏ 'ਮਧਯਮਾ' ਅਰ ਅਰਥ ਸਾਥ ਵਯਾਖਯਾਨ ਕਰੀ ਹੋਈ ਬਾਣੀ 'ਬੈਖਰੀ' ਹੈ। (ਗੁਰਮਤਿ ਮਾਰਤੰਡ, ਭਾਗ ਦੂਜਾ)

ਭਾਈ ਵੀਰ ਸਿੰਘ ਜੀ ਅਨੁਸਾਰ, ਨਾਦ, ਸ਼ਬਦ-ਇਸੇ ਨੂੰ ਚਾਰ ਬਾਣੀ ਵੀ ਕਹਿੰਦੇ ਹਨ। ਇਸ ਦੇ ਚਾਰ ਟਿਕਾਣੇ ਪਹਿਲੇ ਚਾਰ ਚੱਕ੍ਰਾਂ ਵਿਚ ਜੋਗੀਆਂ ਨੇ ਮੰਨੇ ਹਨ। ਪਹਿਲੇ ਮੂਲਾਧਾਰ ਚਕ੍ਰ ਵਿਚੋਂ ਜੋ ਉਠੇ ਸੋ ਪਰਾ, ਜੋ ਇਥੋਂ ਉਠ ਕੇ ਹਿਰਦੇ ਵਿਚ ਪਹੁੰਚਦਾ ਹੈ ਤਦ ਪਸੰਤੀ ਯਾ ਪਸਯੰਤੀ, ਇਸ ਤੋਂ ਅੱਗੇ ਵੱਧ ਕੇ ਉਹ ਮੱਧਮ ਤੇ ਜਦ ਕੰਠ ਤੋਂ ਬਾਹਰ ਜ਼ਬਾਨ ਉਤੇ ਆਉਂਦੀ ਹੈ ਤਾਂ ਬੈਖਰੀ ਯਾ ਵੈਸ੍ਵਰੀ।

(ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ੪੬੫)

***ਪਰਾ ਨਾਭੌ ਤੁ ਪਸ਼ਯੰਤੀ ਹ੍ਰਿਦਿ ਦੇਸੇ ਪਰ ਕਲਪਤਹ।***
***ਮੱਧਮਾ ਕੰਠ ਦੇਸੇ ਚ ਵੇਸ੍ਵਰੀ ਰਸਨਾਗ੍ਰਤਾ।***

(ਗੁਰਪ੍ਰਤਾਪ ਸੂਰਜ ਗ੍ਰੰਥ)

੧. ਨਾਭੀ ਤੋਂ ਉਠਣ ਵਾਲੀ ਦਾ ਨਾਉਂ 'ਪਰਾ' ਤੇ ੨. ਉਥੋਂ ਉਠ ਕੇ ਹ੍ਰਿਦਯ ਵਿਚ ਆਈ ਦਾ ਨਾਉਂ 'ਪਸਯੰਤੀ' ਮੰਨਿਆ ਹੈ। ੩. ਹ੍ਰਿਦਯ ਤੋਂ ਉਠ ਕੇ ਕੰਠ ਆਈ ਦਾ ਨਾਉਂ 'ਮੱਧਮਾ'। ੪. ਤੇ ਕੰਠ ਤੋਂ ਉਠ ਉਚਾਰੀ ਗਈ ਦਾ ਨਾਮ 'ਵੈਖਰੀ' ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕਾ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੪ (ਅੰਗ ੫੫੩)

ਸਲੋਕੁ ਮਃ ੫ ॥ ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥ ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥ ੧ ॥ ਮਃ ੫ ॥ ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥ ੨ ॥ ਪਉੜੀ ॥ ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥ ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ ॥ ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥ ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥ ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥ ੧੪ ॥

## ਪ੍ਰਾਕ੍ਰਥਨ :-

ਇਹ ਸ੍ਰੀ ਮੁਖਵਾਕ ਬਿਹਾਗੜੇ ਦੀ ਵਾਰ ਦੀ ਚੌਦਵੀਂ ਪਉੜੀ ਨਾਲ ਸਬੰਧਤ ਦੋ ਸਲੋਕ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਨ। ਅਰੰਭ ਵਿਚ ਹਜ਼ੂਰ ਨੇ ਅੰਮ੍ਰਿਤ ਬਚਨ ਕਹੇ ਹਨ—

***ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ॥***

ਜੋ ਮਨੁੱਖ ਸੰਗਤ ਵਿਚ ਮਿਲ ਕੇ ਨਾਮ ਨਹੀਂ ਜਪਦੇ ਭਾਵ ਸੰਗਤ ਤੇ ਨਾਮ ਤੋਂ ਵਾਂਝੇ ਜੋ ਮਨੁੱਖ ਹਨ, ਉਨ੍ਹਾਂ ਦੇ ਸਰੀਰਾਂ ਉਪਰ ਖੇਹ ਉਡਦੀ ਦੱਸੀ ਹੈ।

## ਖੇਹ ਕਿਸ ਨੂੰ ਕਹਿੰਦੇ ਹਨ

''ਖੇਹ'' ਸ਼ਬਦ ਗੁਰਬਾਣੀ ਅੰਦਰ ਅਰਥਾਂ ਦੇ ਰੂਪ ਵਿਚ ਇਸ ਤਰ੍ਹਾਂ ਨਾਲ ਆਇਆ ਹੈ। ਇਕ ਤਾਂ ਆਇਆ ਹੈ :-

***''ਕਬੀਰ ਖੇਹ ਹੂਈ ਤਉ ਕਿਆ ਭਇਆ ਜਉ ਉਡਿ ਲਾਗੈ ਅੰਗ॥''***

(ਅੰਗ ੧੩੭੨)

ਇਸ ਸਲੋਕ ਵਿਚ ''ਖੇਹ'' ਸ਼ਬਦ ਨਿਮ੍ਰਤਾ ਧਾਰਣ ਦੀ ਪ੍ਰੇਰਣਾ ਦੇ ਰੂਪ ਵਿਚ ਆਇਆ ਹੈ।

ਦੂਸਰਾ-''ਖੇਹ'' ਸ਼ਬਦ 'ਤੈ ਤਨਿ ਉਡੈ ਖੇਹ॥' ਸੰਗਤ ਤੇ ਨਾਮ ਤੋਂ ਵਾਂਝੇ ਮਨੁੱਖ ਦੇ ਸਰੀਰ 'ਤੇ ਖੇਹ ਉਡਦੀ ਇਸ ਸ਼ਬਦ ਅੰਦਰ ਦੱਸੀ ਹੈ। ਗੁਰਬਾਣੀ ਅੰਦਰ ਇਸ ਸਬੰਧ ਵਿਚ ਪ੍ਰਮਾਣ ਇਸ ਤਰ੍ਹਾਂ ਆਏ ਹਨ—

***''ਖੇਹੂ ਖੇਹ ਰਲਾਈਐ ਤਾ ਜੀਉ ਕੇਹਾ ਹੋਇ॥***
***ਜਲੀਆ ਸਭਿ ਸਿਆਣਪਾ ਉਠੀ ਚਲਿਆ ਰੋਇ॥***
***ਨਾਨਕ ਨਾਮਿ ਵਿਸਾਰਿਐ ਦਰਿ ਗਇਆ ਕਿਆ ਹੋਇ॥ ੪॥ ੮॥''***

(ਅੰਗ ੧੭)

***''ਪੁਤਾ ਦੇਖਿ ਵਿਗਸੀਐ ਨਾਰੀ ਸੇਜ ਭਤਾਰ॥***
***ਚੋਆ ਚੰਦਨੁ ਲਾਈਐ ਕਾਪੜੁ ਰੂਪੁ ਸੀਗਾਰੁ॥***
***ਖੇਹੂ ਖੇਹ ਰਲਾਈਐ ਛੋਡਿ ਚਲੈ ਘਰ ਬਾਰੁ॥ ੫॥''***

(ਅੰਗ ੬੩)

***''ਖੇਹੂ ਖੇਹ ਰਲੈ ਤਨੁ ਛੀਜੈ॥ ਮਨਮੁਖੁ ਪਾਥਰੁ ਸੈਲੁ ਨ ਭੀਜੈ॥***
***ਕਰਣ ਪਲਾਵ ਕਰੇ ਬਹੁਤੇਰੇ ਨਰਕਿ ਸੁਰਗਿ ਅਵਤਾਰਾ ਹੇ॥ ੧੨॥''***

(ਅੰਗ ੧੦੨੯)

''ਖੇਹ'' ਦਾ ਅਰਥ ਧੂੜ, ਰਜ, ਗਰਦ, ਘੱਟਾ ਹੈ। ਧੂੜੀ ਸ਼ਬਦ ਨਿੰਮ੍ਰਤਾ ਦਾ ਪ੍ਰਤੀਕ ਹੈ। ਘੱਟਾ ਹੰਕਾਰ ਦਾ ਪ੍ਰਤੀਕ ਹੈ।

***ਮ: ੧॥ ''ਸਉ ਮਣੁ ਹਸਤੀ ਘਿਉ ਗੁੜੁ ਖਾਵੈ, ਪੰਜਿ ਸੈ ਦਾਣਾ ਖਾਇ॥***
***ਡਕੈ ਫੂਕੈ ਖੇਹ ਉਡਾਵੈ ਸਾਹਿ ਗਇਐ ਪਛੁਤਾਇ॥''***

(ਅੰਗ ੧੨੮੬)

ਇਥੇ ਹਜ਼ੂਰ ਨੇ ਹਾਥੀ ਦੇ ਖੇਹ, ਘੱਟਾ ਉਡਾਉਣ ਦਾ ਜ਼ਿਕਰ ਕੀਤਾ ਹੈ। ਕਈ ਵਾਰੀ ਮਨੁੱਖ ਜਦ ਮਾੜੇ ਕਰਮ ਕਰਦਾ ਹੈ, ਸੰਸਾਰ ਅੰਦਰ ਕੋਈ ਅਪਜਸ ਖੱਟ ਲੈਂਦਾ ਹੈ ਤਾਂ ਅਸੀਂ ਮੁਹਾਵਰੇ ਦੇ ਰੂਪ ਵਿਚ ਕਹਿ ਦਿੰਦੇ ਹਾਂ ਕਿ ਫਲਾਣੇ ਨੇ ਕੀ ''ਖੇਹ'' ਉਡਾਈ ਹੈ। ਭਾਵ ਆਪਣੀ ਇੱਜ਼ਤ ਮਿੱਟੀ ਵਿਚ ਰਲਾ ਦਿੱਤੀ ਹੈ। ਕਈ ਵਾਰੀ ਮਨੁੱਖ ਚੰਗੇ ਕਰਮ ਕਰਕੇ, ਉਨ੍ਹਾਂ ਕੀਤੇ ਕਰਮਾਂ ਦਾ ਹੰਕਾਰ ਕਰਕੇ, ਹੰਕਾਰ ਰੂਪ ਘੱਟਾ ਉਪਰ ਪਾ ਲੈਂਦਾ ਹੈ।

***''ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹਿ ਜਿਉ ਕੁੰਚਰ ਇਸਨਾਨੁ॥''***

(ਅੰਗ ੧੪੨੮)

ਨਾਮ ਹੀਣ ਕੁਸੰਗੀ ਮਨੁੱਖ ਦੇ ਸਰੀਰ 'ਤੇ ਫਿਟਲਾਨ੍ਹਤਾ ਦੀ ਖੇਹ ਉਡਦੀ ਰਹਿੰਦੀ ਹੈ। ਗੁਰਬਾਣੀ ਅੰਦਰ ਸਰੀਰ ਦੀ ਉੱਤਪਤੀ ਦੇ ਸਬੰਧ ਵਿਚ ਵੱਖ-ਵੱਖ ਰੂਪ ਵਿਚ ਪ੍ਰਮਾਣ ਮਿਲਦੇ ਹਨ, ਪਰ ਭਗਤ ਕਬੀਰ ਜੀ ਇਕ ਥਾਂ ਕਥਨ ਕਰਦੇ ਹਨ ਕਿ :-

***''ਕਬੀਰਾ ਧੂਰਿ ਸਕੇਲਿ ਕੈ ਪੁਰੀਆ ਬਾਂਧੀ ਦੇਹ॥***
***ਦਿਵਸ ਚਾਰਿ ਕੋ ਪੇਖਨਾ ਅੰਤਿ ਖੇਹ ਕੀ ਖੇਹ॥''***

(ਅੰਗ ੧੩੭੪)

ਸਰੀਰ ਤਾਂ ਭਾਵੇਂ ਅੰਤ ਨੂੰ ਸਾਰਿਆਂ ਦੇ ਹੀ ਵਿਨਾਸ਼ ਰੂਪ ਹਨ, ਪਰ ਮਨਮੁਖ ਗੁਰੂ ਤੋਂ ਜੋ ਬੇਮੁਖ ਹਨ ਜਾਂ ਗੁਰ ਨਿੰਦਕ ਗੁਰੂ ਦੋਖੀਆਂ ਦਾ ਅੰਤ ਮਿੱਟੀ ਵਿਚ ਰੁਲਣਾ ਬੁਰੀ ਤਰ੍ਹਾਂ ਹੀ ਹੁੰਦਾ ਹੈ। ਜਿਸ ਤਰ੍ਹਾਂ ਗੁਰ ਇਤਿਹਾਸ ਅੰਦਰ ਸ਼ਿਵ ਨਾਥ ਤਪੇ ਦਾ ਜ਼ਿਕਰ ਹੈ। ਇਸ ਨੂੰ ਗੁਰਸਿੱਖਾਂ ਨੇ ਘਸੀਟ-ਘਸੀਟ ਕੇ ਬੋਟੀ-ਬੋਟੀ ਕਰਕੇ ਗੁਰੂ ਕੇ ਬਚਨਾਂ ਅਨੁਸਾਰ

***''ਖੇਹੂ ਖੇਹ ਰਲੈ ਤਨੁ ਛੀਜੈ॥ ਮਨਮੁਖੁ ਪਾਥਰੁ ਸੈਲੁ ਨ ਭੀਜੈ॥''***

(ਅੰਗ ੧੦੨੯)

ਸ਼ਿਵਨਾਥ ਤਪੇ ਦਾ ਅੰਤ ਹੋਇਆ ਸੀ, ਇਹ ਸਾਰਾ ਪ੍ਰਸੰਗ ਇਸ ਪ੍ਰਕਾਰ ਸੂਰਜ ਪ੍ਰਕਾਸ਼ ਵਿਚ ਆਉਂਦਾ ਹੈ।

# ਖਡੂਰ ਸਾਹਿਬ ਦਾ ਸ਼ਿਵਨਾਥ ਤਪਾ

ਖਡੂਰ ਸਾਹਿਬ ਵਿਚ ਕੰਨ ਪਾਟੇ ਜੋਗੀਆਂ ਦਾ ਪੁਰਾਣਾ ਅਸਥਾਨ ਸੀ। ਅਨਪੜ੍ਹ ਲੋਕਾਂ ਦੇ ਦਿਲਾਂ ਉੱਤੇ ਜੋਗੀਆਂ ਨੇ ਆਪਣਾ ਇਹ ਪ੍ਰਭਾਵ ਬਿਠਾਇਆ ਹੋਇਆ ਸੀ ਕਿ ਉਹ ਆਪਣੀ ਜੋਗ-ਸਿਧੀ ਦੇ ਬਲ ਨਾਲ ਔੜ ਦੇ ਦਿਨਾਂ ਵਿਚ ਮੀਂਹ ਪਵਾ ਸਕਦੇ ਹਨ ਤੇ ਜੇ ਕਦੇ ਗੜ੍ਹੇ ਪੈਣ ਤਾਂ ਉਹ ਲੋਕਾਂ ਦੀ ਖੇਤੀ ਨੂੰ ਗੜ੍ਹੇ ਦੀ ਮਾਰ ਤੋਂ ਵੀ ਬਚਾ ਸਕਦੇ ਹਨ। ਉਸ ਸਾਲ ਮਾਝੇ ਦੇ ਇਲਾਕੇ ਵਿਚ ਔੜ ਲੱਗਣ ਦੇ ਕਾਰਨ ਕਾਲ ਪੈ ਗਿਆ। ਜੋਗੀਆਂ ਨੂੰ ਗੁਰੂ ਜੀ ਦੇ ਵਿਰੁੱਧ ਲੋਕਾਂ ਨੂੰ ਭੜਕਾਉਣ ਦਾ ਮੌਕਾ ਮਿਲ ਗਿਆ। ਇਨ੍ਹਾਂ ਜੋਗੀਆਂ ਦਾ ਮੁਖੀ ਉਸ ਵੇਲੇ ਸ਼ਿਵਨਾਥ ਤਪਾ ਸੀ। ਨਗਰ ਦੇ ਜ਼ਿਮੀਦਾਰ ਰਲ ਕੇ ਜੋਗੀ ਪਾਸ ਬੇਨਤੀ ਕਰਨ ਗਏ ਕਿ ਉਹ ਆਪਣੀ ਕਰਾਮਾਤ ਨਾਲ ਮੀਂਹ ਵਰ੍ਹਾ ਕੇ ਕਾਲ ਦੂਰ ਕਰਨ। ਅੱਗੋਂ ਜੋਗੀ ਸ਼ਿਵਨਾਥ ਤਪਾ ਬੜਾ ਔਖਾ ਹੋ ਕੇ ਬੋਲਿਆ, ''ਤੁਸੀਂ ਸਾਥੋਂ ਮੀਂਹ ਭਾਲਦੇ ਹੋ ? ਅਜੇ ਤਾਂ ਏਥੇ ਈਸ਼ਵਰ ਦਾ ਹੋਰ ਕਹਿਰ ਟੁੱਟਣ ਵਾਲਾ ਹੈ। ਪੂਜਾ ਕਰਾਉਣ ਦੇ ਹੱਕਦਾਰ ਜਤੀ-ਜੋਗੀ ਹਨ, ਪਰ ਤੁਸੀਂ ਸਾਨੂੰ ਛੱਡ ਕੇ ਗ੍ਰਹਿਸਤੀਆਂ ਨੂੰ ਪੂਜਣ ਲੱਗ ਪਏ ਹੋ। ਮੀਂਹ ਵਰ੍ਹਾਉਣ ਦੀ ਪ੍ਰਾਰਥਨਾ ਉਸ ਕੋਲ ਕਰੋ, ਜਿਹੜਾ ਨਵਾਂ ਗੁਰੂ ਬਣਾਇਆ ਹੈ। ਜਾਓ, ਉਸਨੂੰ ਕਹੋ, ਉਹ ਕਰਾਮਾਤ ਨਾਲ ਮੀਂਹ ਵਰ੍ਹਾ ਦੇਵੇ। ਜਾਂ ਉਹਨੂੰ ਪਿੰਡੋ ਕੱਢ ਦਿਓ ਤੇ ਅਸੀਂ ਅੱਠਾਂ ਪਹਿਰਾਂ ਵਿਚ ਮੀਂਹ ਵਰ੍ਹਾ ਦੇਂਦੇ ਹਾਂ।'' ਤਪਾ ਸ਼ਿਵਨਾਥ ਨੇ ਪਿੰਡ ਦੇ ਲੋਕਾਂ ਸਾਹਮਣੇ ਇਹ ਦੋ ਟੂਕ ਸ਼ਰਤ ਰੱਖ ਦਿੱਤੀ।

ਨਗਰ ਦੇ ਦੁਖੀ ਲੋਕ ਗੁਰੂ ਅੰਗਦ ਦੇਵ ਜੀ ਦੇ ਪਾਸ ਆ ਹਾਜ਼ਰ ਹੋਏ। ਜੋਗੀ ਦੀ ਮਿਥੀ ਹੋਈ ਸ਼ਰਤ ਉਹਨਾਂ ਮਹਾਰਾਜ ਨੂੰ ਕਹਿ ਸੁਣਾਈ। ਗੁਰਦੇਵ ਨੇ ਅੱਗੋਂ ਬੜੇ ਧੀਰਜ ਨਾਲ ਉਤਰ ਦਿੱਤਾ, ''ਭਲੇ ਪੁਰਸ਼ੋ ! ਮੀਂਹ ਵਰ੍ਹਾਉਣ ਜਾਂ ਔੜ ਲਾਉਣੀ, ਉਸ ਮਾਲਕ ਦੇ ਹੱਥ ਹੈ, ਬੰਦਾ ਉਸ ਦੇ ਕੰਮਾਂ ਵਿਚ ਕੀ ਦਖ਼ਲ ਦੇ ਸਕਦਾ ਹੈ। ਸੋ ਸਾਡੇ ਵਿਚ ਤਾਂ ਇਕ ਨਾਮ ਸਿਮਰਨ ਤੋਂ ਬਿਨਾਂ ਕੋਈ ਕਰਾਮਾਤ ਨਹੀਂ। ਦੂਸਰੀ ਸ਼ਰਤ ਰਹੀ ਪਿੰਡ ਛੱਡ ਕੇ ਚਲੇ ਜਾਣ ਦੀ। ਜੇ ਸਾਡੇ ਚਲੇ ਜਾਣ ਨਾਲ ਨਗਰ ਦਾ ਭਲਾ ਹੋ ਜਾਵੇ, ਤਾਂ ਅਸੀਂ ਅੱਜ ਹੀ ਨਗਰ ਛੱਡ ਕੇ ਚਲੇ ਜਾਂਦੇ ਹਾਂ।''

ਗੁਰੂ ਜੀ ਉਸ ਦਿਨ ਖਡੂਰ ਸਾਹਿਬ ਤੋਂ ਕੂਚ ਕਰਕੇ ਪਿੰਡ 'ਖ਼ਾਨ ਰਜ਼ਾਦੇ' ਦੀ ਜੂਹ ਵਿਚ ਜਾ ਬੈਠੇ। ਹੁਣ ਸ਼ਿਵਨਾਥ ਤਪੇ ਸਾਮ੍ਹਣੇ ਔਖੀ ਘੜੀ ਆ ਗਈ। ਉਹ ਲੱਗਾ ਮੰਤਰ ਪੜ੍ਹਨ ਤੇ ਟੂਣੇ ਕਰਨ। ਤਪੇ ਨੇ ਜੱਟਾਂ ਨਾਲ ਅੱਠ ਪਹਿਰ ਦੀ ਸ਼ਰਤ ਰੱਖੀ ਸੀ। ਉਥੇ ਕਈ ਦਿਨ ਬੀਤ ਗਏ। ਔੜ ਦੇ ਕਾਰਨ ਸਭ ਫ਼ਸਲਾਂ ਸੜ ਕੇ ਤਬਾਹ ਹੋ ਰਹੀਆਂ ਸਨ। ਜੱਟ ਕਾਹਲੇ ਪੈ ਗਏ। ਜੋਗੀ ਦਾ ਪਾਜ ਉਹਨਾਂ ਸਾਹਮਣੇ ਉਘੜ ਗਿਆ। ਜੱਟਾਂ ਨੇ ਜੋਗੀ ਸ਼ਿਵਨਾਥ ਨੂੰ ਆ ਘੇਰਿਆ। ਉਹਨਾਂ ਬੜੇ ਖਰ੍ਹਵੇ ਸ਼ਬਦਾਂ ਵਿਚ ਕਿਹਾ, ''ਜੋਗੀ ਜੀ ! ਤੁਹਾਡੇ ਆਖੇ ਲੱਗ ਕੇ ਅਸਾਂ ਗੁਰੂ ਜੀ ਨੂੰ ਪਿੰਡੋਂ ਕੱਢਿਆ ਹੈ। ਉਹ ਪਾਪ ਸਾਡੇ ਸਿਰ 'ਤੇ ਹੈ। ਤੁਸੀਂ ਮੀਂਹ ਵਰ੍ਹਾ ਨਹੀਂ ਸਕੇ। ਹੁਣ ਸਾਡੀ ਆਖ਼ਰੀ ਸ਼ਰਤ ਹੈ। ਜਾਂ ਇਸੇ ਵੇਲੇ ਮੀਂਹ ਵਰ੍ਹਾਉ ਜਾਂ ਤੁਹਾਡੀ ਜਾਨ ਦੀ ਖ਼ੈਰ ਨਹੀ।'' ਜੱਟ ਗ਼ੁੱਸੇ ਵਿਚ ਆਪੇ ਤੋਂ ਬਾਹਰ ਹੋਏ ਹੋਏ ਸਨ।

ਤਪਾ ਸ਼ਿਵਨਾਥ ਨਰਮ ਹੋਣ ਦੀ ਥਾਂ ਗਰਮ ਹੋ ਕੇ ਜੱਟਾਂ ਨੂੰ ਸਰਾਪ ਦੇਣ ਲੱਗ ਪਿਆ। ਗ਼ੁੱਸੇ ਵਿਚ

ਆਪੇ ਤੋਂ ਬਾਹਰ ਹੋਏ ਹੋਏ ਜੱਟ ਸਰਾਪਾਂ ਤੋਂ ਕਦੋਂ ਡਰਦੇ ਸਨ। ਕੁਛ ਵਧੇਰੇ ਭੜਕੀਲਿਆਂ ਗੱਭਰੂਆਂ ਨੇ ਤਪੇ ਨੂੰ ਫੜ ਲਿਆ।

ਏਸ ਸਮੇਂ (ਗੁਰੂ) ਅਮਰਦਾਸ ਜੀ ਉਥੇ ਆ ਪੁੱਜੇ। ਉਹ ਕੁਛ ਦਿਨਾਂ ਪਿੱਛੋਂ ਆਪਣੇ ਨਗਰ ਤੋਂ ਪਰਤੇ ਸਨ। ਸਾਰੀ ਵਾਰਤਾ ਸੁਣ ਕੇ ਉਹਨਾਂ ਨੇ ਜੱਟਾਂ ਨੂੰ ਕਿਹਾ, ''ਮੀਂਹ ਪੁਆਉਣਾ ਚਾਹੁੰਦੇ ਹੋ, ਤਾਂ ਆਓ ਰਲ ਕੇ ਗੁਰੂ ਅੰਗਦ ਦੇਵ ਜੀ ਅੱਗੇ ਅਰਦਾਸ ਕਰੀਏ। ਸਭ ਕਰਨੀਆਂ ਦੇ ਮਾਲਕ ਉਹ ਹਨ।''

ਕੁਛ ਲੋਕ ਅਰਦਾਸ ਵਿਚ ਸ਼ਾਮਲ ਹੋ ਗਏ, ਪਰ ਗੱਭਰੂਆਂ ਦਾ ਗ਼ੁੱਸਾ ਤਾਂ ਜੋਗੀ ਉੱਤੇ ਨਿਕਲਣਾ ਚਾਹੁੰਦਾ ਸੀ। ਕਿਸੇ ਨੇ ਵਿਚੋਂ ਕਹਿ ਦਿੱਤਾ, ''ਜੋਗੀ ਨੂੰ ਧੂਹ ਕੇ ਖੇਤਾਂ ਵਿਚ ਲੈ ਚੱਲੋ।'' ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ, (ਗੁਰੂ) ਅਮਰਦਾਸ ਜੀ ਨੇ ਕਿਹਾ ਕਿ ਜਿਸ ਜਿਸ ਖੇਤ ਵਿਚ ਤਪੇ ਦਾ ਸਰੀਰ ਖਿੱਚ ਕੇ ਲੈ ਜਾਵੋਗੇ, ਉਸ ਉਸ ਖੇਤ ਵਿਚ ਮੀਂਹ ਪਵੇਗਾ। ਮਹਿਮਾ ਪ੍ਰਕਾਸ਼ ਅਨੁਸਾਰ :

***ਜੋਗੀ ਪੱਗ ਰੱਸਾ ਪਾਇ ਜਹਾਂ ਖੈਂਚੋ ਵਰਸਾ ਤਹਾਂ।***

(ਗੁਰੂ) ਅਮਰਦਾਸ ਜੀ ਵੱਲੋਂ ਕੀਤੀ ਹੋਈ ਅਰਦਾਸ ਨਾਲ ਅਸਮਾਨ ਉੱਤੇ ਬਦਲੀਆਂ ਬਣ ਗਈਆਂ ਤੇ ਬੂੰਦਾਂ ਵੱਸਣ ਲੱਗ ਪਈਆਂ।

ਜੱਟ ਜੋਗੀ ਨੂੰ ਧੂਹ ਕੇ ਖੇਤਾਂ ਵਿਚ ਲੈ ਗਏ। ਕੁਦਰਤ ਦੇ ਖੇਲ ਛੋਟੀ ਛੋਟੀ ਬੂੰਦਾ ਬਾਂਦੀ ਵੱਧ ਕੇ ਮੂਹਲੇ-ਧਾਰ ਮੀਂਹ ਬਣ ਗਿਆ। ਜੱਟਾਂ ਨੇ ਸੋਚਿਆ ਕਿ ਇਹ ਗੁਰੂ ਅੱਗੇ ਅਰਦਾਸ ਕਰਨ ਤੇ ਜੋਗੀ ਨੂੰ ਸਜ਼ਾ ਦੇਣ ਕਰਕੇ ਹੀ ਮੀਂਹ ਵਰ੍ਹਨਾ ਸ਼ੁਰੂ ਹੋਇਆ ਹੈ। ਉਹ ਲੱਗੇ ਜੋਗੀ ਦੀ ਲੱਤੀਂ ਰੱਸਾ ਪਾ ਕੇ ਆਪਣੇ ਖੇਤਾਂ ਵਿਚ ਧੂਹਣ। ਏਸ ਤਰ੍ਹਾਂ ਧੂਹੀਦਾ ਧੂਹੀਦਾ ਹੀ ਜੋਗੀ ਸ਼ਿਵਨਾਥ ਮਰ ਗਿਆ।

**ਸਲੋਕੁ ਮਃ ੫ ॥ਹਰਿ ਨਾਮੁ ਨ ਸਿਮਰਹਿ ਸਾਧਸੰਗਿ ਤੈ ਤਨਿ ਉਡੈ ਖੇਹ ॥**
**ਜਿਨਿ ਕੀਤੀ ਤਿਸੈ ਨ ਜਾਣਈ ਨਾਨਕ ਫਿਟੁ ਅਲੂਣੀ ਦੇਹ ॥੧ ॥**

**ਪਦ ਅਰਥ** :-ਨਾਮ ਨ ਸਿਮਰਹਿ-ਨਾਮ ਨਹੀਂ ਸਿਮਰਦੇ। ਤੈ ਤਨਿ-ਉਹਨਾਂ ਦੇ ਸਰੀਰ 'ਤੇ। ਖੇਹ-ਸੁਆਹ, ਘੱਟਾ ਆਦਿ। ਜਿਨਿ-ਜਿਸ ਪ੍ਰਭੂ ਨੇ। ਫਿਟੁ-ਫਿਟਕਾਰ, ਧ੍ਰਿਗਕਾਰ। ਅਲੂਣੀ-ਪ੍ਰੇਮ ਬਿਹੂਣੀ, ਬੇਰਸੀ, ਫੋਕੀ।

**ਅਰਥ** :-ਜੋ (ਮਨੁੱਖ) ਸਾਧ ਸੰਗਤ ਵਿਚ ਮਿਲ ਕੇ ਹਰੀ ਨਾਮ ਨਹੀਂ ਸਿਮਰਦੇ, ਉਹਨਾਂ ਦੇ ਸਰੀਰ 'ਤੇ ਸੁਆਹ ਪੈਂਦੀ ਹੈ (ਭਾਵ ਫਿਟਲਾਨ੍ਹਤਾ ਰੂਪ ਸੁਆਹ ਪੈਂਦੀ ਹੈ।) ਜਿਸ (ਪ੍ਰਭੂ) ਨੇ ਇਹ (ਮਨੁੱਖ) ਦੇਹ ਰਚੀ ਹੈ ਉਸ ਨੂੰ (ਜੋ) ਨਹੀਂ ਜਾਣਦੇ, ਉਨ੍ਹਾਂ ਦੀ ਪ੍ਰੇਮ ਬਿਹੂਣੀ ਬੇਰਸੀ ਦੇਹ ਨੂੰ ਫਿਟਕਾਰ ਹੈ, ਨਾਨਕ (ਗੁਰੂ ਜੀ ਕਹਿੰਦੇ ਹਨ)।੧।

**ਮਃ ੫ ॥ਘਟਿ ਵਸਹਿ ਚਰਣਾਰਬਿੰਦ ਰਸਨਾ ਜਪੈ ਗੁਪਾਲ ॥ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥੨ ॥**

**ਪਦ ਅਰਥ** :–ਘਟਿ–ਹਿਰਦੇ ਵਿਚ। ਵਸਹਿ–ਵਸਦੇ ਹਨ। ਚਰਣਾਰਬਿੰਦ–ਚਰਨ ਕਮਲ। ਰਸਨਾ–ਜੀਭ। ਦੇਹੀ–ਸਰੀਰ।

**ਅਰਥ** :–ਜਿਸ (ਮਨੁੱਖ) ਦੇ ਹਿਰਦੇ ਵਿਚ ਪ੍ਰਭੂ ਦੇ ਚਰਨ ਕਮਲ ਵਸਦੇ ਹਨ ਤੇ ਜੀਭ ਪ੍ਰਮਾਤਮਾ ਦਾ ਨਾਮ ਜਪਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਪ੍ਰਭੂ ਜਿਸ ਸਰੀਰ ਕਰਕੇ ਸਿਮਰਿਆ ਜਾਂਦਾ ਹੈ, ਉਸ ਸਰੀਰ ਦੀ ਪਾਲਣਾ ਕਰੋ (ਭਾਵ ਪ੍ਰਭੂ ਦਾ ਸਿਮਰਨ ਕਰਨ ਵਾਲਾ ਸਰੀਰ ਵੀ ਸਤਿਕਾਰ ਯੋਗ ਬਣ ਜਾਂਦਾ ਹੈ)। ੨।

**ਪਉੜੀ ॥ ਆਪੇ ਅਠਸਠਿ ਤੀਰਥ ਕਰਤਾ ਆਪਿ ਕਰੇ ਇਸਨਾਨੁ ॥ ਆਪੇ ਸੰਜਮਿ ਵਰਤੈ ਸ੍ਵਾਮੀ ਆਪਿ ਜਪਾਇਹਿ ਨਾਮੁ ॥ ਆਪਿ ਦਇਆਲੁ ਹੋਇ ਭਉ ਖੰਡਨੁ ਆਪਿ ਕਰੈ ਸਭੁ ਦਾਨੁ ॥ ਜਿਸ ਨੋ ਗੁਰਮੁਖਿ ਆਪਿ ਬੁਝਾਏ ਸੋ ਸਦ ਹੀ ਦਰਗਹਿ ਪਾਏ ਮਾਨੁ ॥ ਜਿਸ ਦੀ ਪੈਜ ਰਖੈ ਹਰਿ ਸੁਆਮੀ ਸੋ ਸਚਾ ਹਰਿ ਜਾਨੁ ॥ ੧੪ ॥**

**ਪਦ ਅਰਥ** :–ਅਠਸਠਿ–ਅਠਾਹਠ। ਮਾਨ–ਆਦਰ। ਹਰਿ ਜਾਨ–ਹਰੀ ਨੂੰ ਜਾਣਦਾ ਹੈ ਅਥਵਾ ਹਰਿ ਜਨ, ਪ੍ਰਭੂ ਦਾ ਸੇਵਕ ਭਗਤ।

**ਅਰਥ** :–ਕਰਤਾ (ਪੁਰਖ) ਆਪ ਹੀ ਅਠਾਹਠ ਤੀਰਥ ਹੈ (ਅਤੇ) ਆਪ ਹੀ ਉਹਨਾਂ ਤੀਰਥਾਂ 'ਤੇ ਇਸ਼ਨਾਨ ਕਰਦਾ ਹੈ। ਸੁਆਮੀ ਆਪ ਹੀ ਸੰਜਮੀ ਹੋ ਕੇ ਸੰਜਮ ਵਿਚ ਵਰਤਦਾ ਹੈ (ਅਤੇ) ਆਪ ਹੀ ਆਪਣਾ ਨਾਮ ਜਪਾਉਂਦਾ ਹੈ। ਉਹ (ਪ੍ਰਭੂ) ਆਪ ਜਿਸ ਉਪਰ ਦਿਆਲੂ ਹੁੰਦਾ ਹੈ, ਉਸ ਦਾ ਡਰ ਨਾਸ਼ ਕਰ ਦਿੰਦਾ ਹੈ ਅਤੇ ਆਪ ਹੀ ਜੀਆਂ ਨੂੰ ਸਭ ਤਰ੍ਹਾਂ ਦਾ ਦਾਨ ਦੇਣਾ ਕਰਦਾ ਹੈ। ਜਿਸ (ਮਨੁੱਖ) ਨੂੰ ਗੁਰੂ ਰਾਹੀਂ ਆਪ ਸਮਝ ਦਿੰਦਾ ਹੈ ਉਹ ਦਰਗਾਹ ਅੰਦਰ ਸਦਾ ਹੀ ਮਾਣ (ਆਦਰ) ਪਾਉਂਦਾ ਹੈ। ਜਿਸ ਦੀ (ਮਾਲਕ) ਹਰੀ ਪੈਜ ਰਖਦਾ ਹੈ, ਉਹ ਸੱਚਾ ਹਰੀ ਜਨ ਪ੍ਰਭੂ ਦਾ ਸੇਵਕ ਹੈ। ੧੪।

## ਵਿਆਖਿਆ ਤੇ ਸਾਰੰਸ਼

ਇਸ ਮੁਖਵਾਕ ਦੇ ਪਹਿਲੇ ਸਲੋਕ ਵਿਚ ਸੰਗਤ ਤੋਂ ਵਾਂਝਾ ਨਾਮਹੀਨ ਮਨੁੱਖ, ਜੋ ਕਰਤੇ ਨੂੰ ਜਾਣਦਾ ਨਹੀਂ, ਉਸ ਦੀ ਦੇਹ ਨੂੰ ਬੇਰਸੀ ਤੇ ਫਿਟਕਾਰ ਯੋਗ ਅਤੇ ਉਸ ਦੇ ਤਨ 'ਤੇ ''ਉਡੈ ਖੇਹ'' ਕਿਹਾ ਹੈ। ਦੂਸਰੇ ਸਲੋਕ ਅੰਦਰ ਜਿਸ ਹਿਰਦੇ ਵਿਚ ਚਰਨ ਕਮਲ ਪ੍ਰਭੂ ਦੇ ਵਸਦੇ ਹਨ, ਜੀਵ ਸਿਮਰਨ ਕਰਦਾ ਹੈ, ਉਹ ਸਰੀਰ ਪਾਲਣਾ ਕਰਨ ਯੋਗ ਦਸਿਆ ਹੈ। ਪਉੜੀ ਵਿਚ ਕਰਤਾ ਆਪ ਹੀ ਸਭ ਕੁਝ ਕਰਨ ਵਾਲਾ ਦਰਸਾਇਆ ਹੈ, ''ਆਪਿ ਜਪਾਇਹਿ ਨਾਮੁ॥'' ਕਿਹਾ ਹੈ। ਜਿਸ ਨੂੰ ਨਾਮ ਦੀ ਸਮਝ ਬਖ਼ਸ਼ ਦਿੱਤੀ, ਉਹ ਹੀ ਸੱਚੇ ਦੀ ਦਰਗਾਹ ਅੰਦਰ ਮਾਨ ਸਤਿਕਾਰ ਪਾਉਂਦਾ ਦਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕਾ ਫਤਹਿ॥

ਸ੍ਰੀ ਮੁਖਵਾਕ ਨੰਬਰ ੨੫ (ਅੰਗ ੫੫੫)

ਸਲੋਕ ਮਃ ੩ ॥ ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ ॥ ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ ॥ ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ ॥ ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ॥੧॥ ਮਃ ੩ ॥ ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ ॥ ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ ॥ ਦਮਿ ਦਮਿ ਸਦਾ ਸਮੑਾਲਦਾ ਦੰਮੁ ਨ ਬਿਰਥਾ ਜਾਇ ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ ॥ ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ ॥੨॥ ਪਉੜੀ ॥ ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ ॥ ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ ॥ ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ ॥ ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ ॥ ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ ॥੧੯॥

## ਪ੍ਰਾਕ੍ਥਨ :-

ਸ੍ਰੀ ਗੁਰੂ ਅਮਰਦਾਸ ਜੀ ਨੇ ਇਸ ਸਲੋਕ ਦੇ ਅਰੰਭ ਵਿਚ ''ਹਉਮੈ'' ਅੰਦਰ ਹੀ ਸੰਸਾਰ ਨੂੰ ਬਾਰ-ਬਾਰ ਮਰਦਾ ਦਸਿਆ ਹੈ। ਗੁਰਬਾਣੀ ਅੰਦਰ ''ਹਉਮੈ'' ਨੂੰ

### ਦੀਰਘ ਰੋਗ

ਵੀ ਕਿਹਾ ਹੈ ਅਤੇ ''ਹਉਮੈ ਨਾਵੈ ਨਾਲ ਵਿਰੋਧ ਹੈ॥'' ਦੱਸ ਕੇ ਕਿਹਾ ਕਿ ''ਨਾਮ'' ਤੇ ''ਹਉਮੈ'' ਦੋਵੇਂ ਇਕੱਠੇ ਇਕ ਥਾਂ ਨਹੀਂ ਹੋ ਸਕਦੇ। ਭਾਵ ਜਿਥੇ ਹਉਮੈ ਹੈ, ਉਥੇ ਨਾਮ ਦਾ ਨਿਵਾਸ ਨਹੀਂ ਹੁੰਦਾ। ਜਿਥੇ ਨਾਮ ਸਿਮਰਨ ਅਭਿਆਸ ਕਮਾਈ ਪੂਰਨ ਰੂਪ ਵਿਚ ਹੈ, ਉਥੇ ਹਉਮੈ ਨੂੰ ਕੋਈ ਥਾਂ ਨਹੀਂ। ਗੁਰੂ ਨਾਨਕ ਦੇਵ ਜੀ ਦੇ ਚਲਾਏ ਗੁਰਸਿੱਖੀ ਮਾਰਗ ਅੰਦਰ ''ਪਹਿਲਾ ਮਰਨ ਕਬੂਲ'' ਜਾਂ ''ਹੋਹੁ ਸਭਨਾ ਕੀ ਰੇਣੁਕਾ॥ ਦਾ ਭਾਵ ਸਪਸ਼ਟ ਹੈ ਕਿ ਪਹਿਲਾਂ ਹਉਮੈ ਤਿਆਗਣੀ ਜ਼ਰੂਰੀ ਹੈ। ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਇਤਿਹਾਸ ਅੰਦਰ ਪ੍ਰਸੰਗ ਹੈ ਕਿ ਗੁਰਸਿਖੋ

***''ਯਾਂਤੇ ਹਉਮੈ ਤਜਿਬੇ ਹੇਤੁ॥ ਕਰਹੁ ਜਤਨ ਨਿਤ ਹੋਇ ਸੁਚੇਤ॥੪੫॥''*** (ਰਾਸਿ ੫, ਅੰਸੂ ੪੩)

ਇਹ ਸਾਰਾ ਪ੍ਰਸੰਗ ਇਸ ਪ੍ਰਕਾਰ ਹੈ ਇਤਿਹਾਸ ਵਿਚ-

## ਸਾਖੀ—ਗੁਰੂ ਹਰਿਗੋਬਿੰਦ ਸਾਹਿਬ ਜੀ ਕੇ ਸਿੱਖੋਂ ਕੀ

ਇਕ ਵਾਰ ਬੁਰਹਾਨਪੁਰ ਦੇ ਗੁਰਸਿੱਖ ਬਹੁਤ ਸਾਰੇ ਇਕੱਠੇ ਹੋ ਕੇ ਮੀਰੀ ਪੀਰੀ ਦੇ ਮਾਲਕ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਸ਼ਨ ਕਰਨ ਆਏ। ਇਨ੍ਹਾਂ ਦੇ ਨਾਮ ਗੁਰਇਤਿਹਾਸ ਦੇ ਕਰਤਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ ਨੇ ਇਸ ਤਰ੍ਹਾਂ ਦਰਸਾਏ ਹਨ—

***''ਮੇਲਿ ਬਡੋ ਸਿਖ ਪੁਰ ਬੁਰਹਾਨ। ਭਾਈ ਭਗਤ ਦਾਸ ਭਗਵਾਨ।***
***ਅਪਰ ਬੋਦਲਾ ਮਲਕ ਕਟਾਰੂ। ਪਿਰਥੀ ਮਲ ਜਰਾਂਦ ਬੁਧਿ ਸਾਰੂ॥੩੦॥***
***ਡੱਲੂ ਭਗਤ ਛੁਰਾ ਹੈਰਾਣ॥ ਸਯਾਮੀ ਦਾਸ ਵਧਾਵਣਿ ਜਾਣਿ।***
***ਸੁੰਦਰ ਆਦਿਕ ਸਿੱਖ ਅਨੇਕ। ਮਿਲਹਿ ਕੀਰਤਨ ਕਰਹਿ ਬਿਬੇਕ॥੩੧॥***
***ਸਭਿ ਇਕੱਠੇ ਦਰਸਨ ਹਿਤ ਆਏ। ਸ੍ਰੀ ਗੁਰ ਹਰਿਗੋਬਿੰਦ ਦਰਸਾਏ।''***

(ਗੁਰ ਪ੍ਰਤਾਪ ਸੂਰਜ ਗ੍ਰੰਥ, ਰਾਸਿ ੫, ਅੰਸੂ ੪੩)

ਇਨ੍ਹਾਂ ਸਾਰਿਆਂ ਨੇ ਸ਼ਰਧਾ ਨਾਲ ਹਜ਼ੂਰ ਨੂੰ ਮਸਤਕ ਟੇਕਿਆ ਅਤੇ ਬੇਅੰਤ ਭੇਟਾਵਾਂ ਸਤਿਗੁਰੂ ਜੀ ਦੇ ਅਰਪਨ ਕੀਤੀਆਂ। ਸਾਰਿਆਂ ਨੇ ਹੱਥ ਜੋੜ ਕੇ ਸਤਿਗੁਰੂ ਜੀ ਪਾਸੋਂ ਬੇਨਤੀ ਦੁਆਰਾ ਪੁੱਛਣਾ ਕੀਤਾ, ਜੀ ਸਾਨੂੰ ਐਸੀ ਸ਼ੁਭ ਸਿਖਿਆ ਬਖ਼ਸ਼ੋ ਜਿਸ ਕਰਕੇ ਸੌਖਿਆਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਏ। ''ਹਮ ਕੋ ਸੁਮੱਤ ਬਤਾਵਨਿ ਕਰੀਅਹਿ। ਭਵ ਸਾਗਰ ਤੇ ਪਾਰ ਉਤਰੀਅਹਿ॥੩੩॥ ਹਜ਼ੂਰ ਨੇ ਬੇਨਤੀ ਸੁਣਿ ਕੇ

ਉਪਦੇਸ਼ ਬਖ਼ਸ਼ਿਆ— ਹੇ ਗੁਰਸਿੱਖੋ! ਇੱਕ ਆਪਣੇ ਨਗਰ ਵਿਚ ਧਰਮਸ਼ਾਲਾ ਬਣਾਉਣਾ ਕਰੋ। ਅੰਮ੍ਰਿਤ ਵੇਲੇ ਸਾਰੇ ਧਰਮਸ਼ਾਲਾ ਅੰਦਰ ਇਕੱਠੇ ਹੋਇਆ ਕਰੋ ਅਤੇ ਗੁਰਬਾਣੀ ਪੜ੍ਹਿਆ ਸੁਣਿਆ ਕਰੋ। ਕਥਾ ਕਰਿਆ ਕਰੋ। ਗੁਰ ਉਪਦੇਸ਼ ਨੂੰ ਮਨ ਵਿਚ ਧਾਰਣ ਕਰੋ।

*"ਤਬਿ ਸ੍ਰੀ ਹਰਿ ਗੋਬਿੰਦ ਉਚਾਰਾ। ਧਰਮਸਾਲ ਇਕ ਕਰਹੁ ਉਦਾਰਾ।*
*ਬਡੀ ਪ੍ਰਭਾਤਿ ਮਿਲਹਿ ਸਭਿ ਆਇ। ਗੁਰਬਾਣੀ ਕੋ ਸੁਨਹਿ ਸੁਨਾਇ॥੩੪॥*
*ਅਰਥ ਬਿਚਾਰਹੁ ਕਥਾ ਕਰੀਜੈ। ਬਹੁਰ ਕਮਾਵਹੁ ਮਨ ਧਰਿ ਲੀਜੈ।"*

ਦਿਨ ਭਰ ਧਰਮ ਦੀ ਕਿਰਤ ਕਰਨਾ ਕਰੋ ਅਤੇ ਝੂਠ ਨਹੀਂ ਬੋਲਣਾ। ਪੁਨਾ ਜਿਸ ਵੇਲੇ ਸੋ ਦਰੁ ਰਹਰਾਸਿ ਦਾ ਸਮਾਂ ਹੋ ਆਵੇ, ਸੋਦਰ ਦੇ ਸ਼ਬਦ ਪੜ੍ਹਨੇ। ਪਹਿਰ ਰਾਤ ਤੱਕ ਕੀਰਤਨ ਕਥਾ ਕਰਨੀ ਤੇ ਰਾਤ ਨੂੰ ਅਰਾਮ ਕਰਨ ਸਮੇਂ ਸੋਹਿਲੇ ਦਾ ਪਾਠ ਕਰਨਾ ਹੈ।

*"ਧਰਮ ਕਿਰਤ ਕਰਿ ਕੂਰ ਨ ਕਹੀਅਹਿ। ਪੁਨ ਰਹਿਰਾਸਿ ਸਮੋ ਜਬ ਲਹੀਅਹਿ।*
*ਜਾਮ ਨਿਸਾ ਲਗਿ ਕੀਰਤਨ ਕਹੀਅਹਿ। ਅੰਤ ਸੋਹਿਲਾ ਪਢਿਬੋ ਲਹੀਅਹਿ॥੩੬॥"*

ਭਾਈ ਗੁਰਸਿਖੋ! ਅੰਮ੍ਰਿਤ ਵੇਲੇ ਫੇਰ ਉਠ ਇਸ਼ਨਾਨ ਕਰਨਾ ਹੈ। ਉਪਰੰਤ ਜ਼ੁਬਾਨੀ ਕੰਠ ਗੁਰਬਾਣੀ ਪੜ੍ਹਨੀ ਹੈ ਅਤੇ ਨਗਨ ਤੇ ਭੁਖਾ ਦੇਖ ਕੇ ਸਿਖ ਨੂੰ ਭੋਜਨ ਬਸਤਰ ਦੇਣਾ ਹੈ। ਕਿਸੇ ਨੂੰ ਘਰੋਂ ਭੁੱਖੇ ਨੂੰ ਨਹੀਂ ਮੁੜਨ ਦੇਣਾ। ਦਸਵੰਧ ਇਕੱਤਰ ਕਰਕੇ ਦੀਵਾਲੀ, ਮੱਸਿਆ, ਸੰਗਰਾਂਦ, ਵੈਸਾਖੀ ਇਤਿਆਦਿ ਦਿਨਾਂ 'ਤੇ ਲੰਗਰ ਲਾਵਣਾ ਹੈ।

*"ਜਾਮ ਨਿਸਾ ਤੇ ਕਰਹੁ ਇਸਨਾਨ। ਪਠਹੁ ਕੰਠ ਬਾਣੀ ਸੁਖ ਖਾਨਿ॥*
*ਛੁਧਿਤ ਨਗਨ ਸਿਖ ਦੇਖੋ ਜੋਇ। ਭੋਜਨ ਬਸਤ੍ਰ ਦੇਹੋ ਸੁਖ ਹੋਇ॥੩੭॥"*

ਇਹ ਦਾਨ ਪੁੰਨ ਆਦਿ ਧਾਰਮਿਕ ਕਰਮ ਕਰਦਿਆਂ ਹਉਮੈ ਨਹੀਂ ਕਰਨੀ, ਸਗੋਂ ਹਉਮੈ ਦਾ ਤਿਆਗ ਕਰਨਾ ਹੈ। ਮਨ ਨੀਵਾਂ ਰੱਖਣਾ ਹੈ। ਐਸਾ ਨਾ ਹੋਵੇ ਕਿ ਜਿਸ ਤਰ੍ਹਾਂ ਕਿਸੇ ਦੇ ਖੂਹ ਵਿਚ ਬਿੱਲੀ ਗਿਰ ਗਈ ਤੇ ਉਸ ਵਿਚ ਬਦਬੂ ਫੈਲ ਗਈ। ਉਸ ਨੇ ਸਿਆਣੇ ਪੰਡਿਤ ਕੋਲ ਜਾ ਕੇ ਪੁੱਛਿਆ ਕਿ ਜਲ ਕਿਸ ਤਰ੍ਹਾਂ ਪਵਿੱਤ੍ਰ ਹੋਵੇਗਾ। ਉਸ ਨੇ ਕਿਹਾ ਕਿ ਪਹਿਲਾਂ ਬਿੱਲੀ ਮਰੀ ਬਾਹਰ ਕੱਢ ਕੇ ਫੇਰ ਹਜ਼ਾਰ ਡੋਲ ਪਾਣੀ ਦਾ ਕੱਢਣਾ ਕਰੋ, ਪਾਣੀ ਸਾਫ਼ ਹੋ ਜਾਵੇਗਾ।

*"ਪੰਡਿਤ ਕਹਯੋ ਕਾਢਿ ਮੰਜਾਰੀ। ਬਹੁਰ ਹਜਾਰ ਡੋਲ ਕਢ ਬਾਰੀ।*
*ਹੁਇ ਪਵਿਤ੍ਰ ਸੁਣਿਕੈ ਨਰ ਗਯੋ। ਕਢਨਿ ਬਿਲਾਈ ਭੂਲਤ ਭਯੋ॥੪੦॥"*

ਉਸ ਮਨੁੱਖ ਨੂੰ ਬਿੱਲੀ ਬਾਹਰ ਕੱਢਣੀ ਭੁਲ ਗਈ। ਪੰਡਿਤ ਦੇ ਕਹੇ ਅਨੁਸਾਰ ਪਾਣੀ ਦਾ ਹਜ਼ਾਰ ਡੋਲ ਬਾਹਰ ਕੱਢ ਦਿੱਤਾ ਪਰ ਪਾਣੀ ਸਾਫ਼ ਨਾ ਹੋਇਆ। ਉਸ ਨੇ ਫੇਰ ਪੰਡਿਤ ਜੀ ਨੂੰ ਬੇਨਤੀ ਕੀਤੀ ਜੀ ਤੁਹਾਡੇ ਹੁਕਮ ਅਨੁਸਾਰ ਕੀਤਾ ਹੈ ਪਰ ਜਲ ਸਾਫ਼ ਨਹੀਂ ਹੋਇਆ। ਪੰਡਿਤ ਕਹਿੰਦਾ ਲੱਖ ਡੋਲ ਪਾਣੀ ਦਾ ਬਾਹਰ

ਕੱਢਣਾ ਕਰ ਫੇਰ ਜਲ ਸਾਫ਼ ਹੋ ਆਵੇਗਾ। ਉਸ ਨੇ ਲੱਖ ਡੋਲ ਪਾਣੀ ਦਾ ਫੇਰ ਕੱਢ ਦਿੱਤਾ ਪਰ ਜਲ ਵਿਚੋਂ ਬਦਬੂ ਨਾ ਗਈ।

*"ਸੁਨਿ ਪੰਡਤ ਨੇ ਪੁਨਹੁ ਬਖਾਨੀ। ਕਾਢਹੁ ਲੱਖ ਡੋਲ ਭਰ ਪਾਨੀ।*
*ਪੁੰਨ ਦੁਰਗੰਧ ਲਖੀ ਜਲ ਮਾਹੀ॥ ਨਹਿ ਪੁਨੀਤ ਕਹਿ ਪੰਡਿਤ ਪਾਹੀ॥੪੨॥"*

ਫੇਰ ਪੰਡਿਤ ਜੀ ਨੂੰ ਬੇਨਤੀ ਕੀਤੀ ਲੱਖ ਡੋਲ ਵੀ ਪਾਣੀ ਦਾ ਕੱਢ ਦਿੱਤਾ ਹੈ, ਪਰ ਬਦਬੂ ਨਹੀਂ ਗਈ। ਹੁਣ ਪੰਡਤ ਆਪ ਚਲ ਕੇ ਗਿਆ। ਵੇਖਿਆ ਤਾਂ ਬਿੱਲੀ ਖੂਹ ਵਿਚ ਮਰੀ ਉਸੇ ਤਰ੍ਹਾਂ ਪਈ ਹੈ। ਪੰਡਿਤ ਕਹਿੰਦਾ ਹੈ ਕਿ ਇਹ ਕੀ ਕੀਤਾ ਹੈ। ਬਿੱਲੀ ਬਾਹਰ ਨਹੀਂ ਕੱਢੀ। ਜਿੰਨਾ ਚਿਰ ਇਸ ਨੂੰ ਨਹੀਂ ਕੱਢਦਾ ਉਤਨਾ ਚਿਰ ਜਲ ਨੇ ਸਾਫ਼ ਨਹੀਂ ਹੋਣਾ। ਇਸੇ ਤਰ੍ਹਾਂ ਜਿੰਨਾ ਚਿਰ ਹਉਮੈ ਰੂਪ ਬਿੱਲੀ ਬਾਹਰ ਨਹੀਂ ਕੱਢਦੇ ਉਤਨਾ ਚਿਰ ਅੰਤਹਕਰਣ ਦੀ ਪਵਿੱਤ੍ਰਤਾ ਹੋਣੀ ਮੁਸ਼ਕਲ ਹੈ। ਇਸ ਦੀ ਪਵਿੱਤ੍ਰਤਾ ਤੋਂ ਬਿਨਾਂ ਮੁਕਤੀ ਪ੍ਰਾਪਤ ਹੋਣ ਵਿਚ ਸੰਸਾ ਹੈ।

*"ਜਬਿ ਲਗ ਇਸਹਿ ਬਿਸਾਰਹੁ ਨਾਹਿ। ਤਬਿ ਲਗ ਸੰਸੈ ਮੁਕਤੀ ਮਾਹਿ॥*
*ਯਾਂਤੇ ਹਉਮੈ ਤਜਿਬੇ ਹੇਤੁ॥ ਕਰਹੁ ਜਤਨ ਨਿਤ ਹੋਇ ਸੁਚੇਤ॥ ੪੫॥"*

(ਰਾਸਿ ੫, ਅੰਸੂ ੪੪)

ਇਨ੍ਹਾਂ ਸਾਰੇ ਗੁਰਸਿੱਖਾਂ ਨੇ ਗੁਰ ਉਪਦੇਸ਼ ਅਨੁਸਾਰ ਆਪਣਾ ਜੀਵਨ ਢਾਲਣਾ ਕੀਤਾ। ਗੁਰੂ ਜੀ ਦੇ ਇਸ ਉਪਦੇਸ਼ ਨੂੰ ਪੂਰਨ ਰੂਪ ਵਿਚ ਕਮਾਇਆ। "ਹਉਮੈ ਤਜਨ ਨਾਮ ਲਿਵ ਲਾਵਣ। ਭਾਣਾ ਮੰਨਣ ਪੰਥ ਇਹ ਪਾਵਣ।"

## ਹਉਮੈ ਤੇ ਪ੍ਰਮਾਣ

*੧. ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥* (ਜੁਪਜੀ ਸਾਹਿਬ)

*੨. ਹਉਮੈ ਮਮਤਾ ਮੋਹਣੀ ਸਭ ਮੁਠੀ ਅਹੰਕਾਰਿ॥੧॥ ਰਹਾਉ॥*
*ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ॥* (ਅੰਗ ੧੯)

*੩. ਕਾਂਇਆ ਸਾਧੈ ਉਰਧ ਤਪੁ ਕਰੈ ਵਿਚਹੁ ਹਉਮੈ ਨ ਜਾਇ॥*

(ਅੰਗ ੩੩)

*੪. ਹਉਮੈ ਕਰਤ ਭੇਖੀ ਨਹੀ ਜਾਨਿਆ॥ ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ॥ ੧॥*
*ਹਉ ਹਉ ਕਰਤ ਨਹੀ ਸਚੁ ਪਾਈਐ॥ ਹਉਮੈ ਜਾਇ ਪਰਮ ਪਦੁ ਪਾਈਐ॥੧॥ ਰਹਾਉ॥*
*ਹਉਮੈ ਕਰਿ ਰਾਜੇ ਬਹੁ ਧਾਵਹਿ॥ ਹਉਮੈ ਖਪਹਿ ਜਨਮਿ ਮਰਿ ਆਵਹਿ॥ ੨॥*
*ਹਉਮੈ ਨਿਵਰੈ ਗੁਰ ਸਬਦੁ ਵੀਚਾਰੈ॥ ਚੰਚਲ ਮਤਿ ਤਿਆਗੈ ਪੰਚ ਸੰਘਾਰੈ॥ ੩॥*

(ਗਉੜੀ ਮਃ ੧, ਅੰਗ ੨੨੬)

*੫. ਮਹਲਾ ੨॥ ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ॥*
*ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ॥*
*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ॥*
*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ॥੨॥*

(ਆਸਾ ਕੀ ਵਾਰ, ਅੰਗ ੪੬੬)

*੬. ਵਡਹੰਸੁ ਮਹਲਾ ੩॥ ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥ ੧॥*
*ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥*
*ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥*
*ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ॥*
*ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥ ੨॥*
*ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥*
*ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥ ੩॥*
*ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥*
*ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥ ੪॥*

(ਅੰਗ ੫੬੦)

*੭. ਬ੍ਰਹਮਾ ਬਿਸਨੁ ਮਹਾਦੇਉ ਤ੍ਰੈ ਗੁਣ ਰੋਗੀ ਵਿਚਿ ਹਉਮੈ ਕਾਰ ਕਮਾਈ॥*
*ਜਿਨਿ ਕੀਏ ਤਿਸਹਿ ਨ ਚੇਤਹਿ ਬਪੁੜੇ ਹਰਿ ਗੁਰਮੁਖਿ ਸੋਝੀ ਪਾਈ॥੨॥*
*ਹਉਮੈ ਰੋਗਿ ਸਭੁ ਜਗਤੁ ਬਿਆਪਿਆ ਤਿਨ ਕਉ ਜਨਮ ਮਰਣ ਦੁਖੁ ਭਾਰੀ॥*
*ਗੁਰ ਪਰਸਾਦੀ ਕੋ ਵਿਰਲਾ ਛੂਟੈ ਤਿਸੁ ਜਨ ਕਉ ਹਉ ਬਲਿਹਾਰੀ॥ ੩॥*

(ਅੰਗ ੭੩੫)

*੧. ਬਾਇ ਹੁਇ ਬਘੂਲਾ ਬਾਇ ਮੰਡਲ ਫਿਰੈ ਤਉ ਕਹਾ, ਬਾਸਨਾ ਕੀ ਆਗਿ ਜਾਗਿ ਜੁਗਤਿ ਨ ਜਾਨੀਐ।*
*ਰੂਪ ਜਲੁ ਗਰੋ ਬਾਧੇ ਨਿਕਸੈ ਨ ਹੁਇ ਸਮੁੰਦ੍ਰ, ਚੀਲ ਹੋਇ ਉਡੈ ਨ ਖਗਪਤਿ ਉਨਮਾਨੀਐ।*
*ਮੂਸਾ ਬਿਲ ਖੋਇ ਨ ਜੋਗੀਸਰੁ ਗੁਫਾ ਕਹਾਵੈ, ਸਰਪ ਹੋਇ ਚਿਰੰਜੀਵ ਬਿਖੁ ਨ ਬਲਾਨੀਐ।*

~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

***ਗਰਮੁਖਿ ਤ੍ਰਿਗੁਨ ਅਤੀਤ ਚੀਤ ਹੁਇ ਅਤੀਤ, ਹਉਮੈ ਖੋਇ ਹੋਇ ਰੇਨਿ ਕਾਮਧੇਨ ਮਾਨੀਐ॥੨੨੪॥***

***੨. ਸਰਵਰ ਮੈ ਨ ਜਾਨੀ ਦਾਦਰ ਕਮਲ ਗਤਿ, ਮ੍ਰਿਗ ਮ੍ਰਿਗਮਦ ਗਤਿ ਅੰਤਰ ਨ ਜਾਨੀ ਹੈ।***
***ਮਨਿ ਮਹਿਮਾ ਨ ਜਾਨੀਅਹਿ ਬ੍ਰਿਖ ਬਿਖਮ ਕੈ, ਸਾਗਰ ਮੈ ਸੰਖ ਨਿਧਿ ਹੀਨ ਬਕ ਬਾਨੀ ਹੈ।***
***ਚੰਦਨ ਸਮੀਪ ਜੈਸੇ ਬਾਂਸ ਨਿਰਗੰਧ ਕੰਧ, ਉਲੂ ਐ ਅਲਖ ਦਿਨ ਦਿਨਕਰ ਧਿਆਨੀ ਹੈ।***
***ਤੈਸੇ ਬਾਂਝ ਬਧੂ ਮਮ ਸ੍ਰੀ ਗੁਰ ਪੁਰਖ ਭੇਟ, ਨਿਹਚਲ ਸੇਬਲ ਜਿਉ ਹਉਮੈ ਅਭਿਮਾਨੀ ਹੈ।੨੩੬।***

(ਕਬਿੱਤ ਸਵੱਈਏ ਭਾਈ ਗੁਰਦਾਸ ਜੀ )

ਸਲੋਕ ਮਃ ੩॥ ਹਉਮੈ ਵਿਚਿ ਜਗਤੁ ਮੁਆ ਮਰਦੋ ਮਰਦਾ ਜਾਇ॥ ਜਿਚਰੁ ਵਿਚਿ ਦੰਮੁ ਹੈ ਤਿਚਰੁ ਨ ਚੇਤਈ ਕਿ ਕਰੇਗੁ ਅਗੈ ਜਾਇ॥ ਗਿਆਨੀ ਹੋਇ ਸੁ ਚੇਤੰਨੁ ਹੋਇ ਅਗਿਆਨੀ ਅੰਧੁ ਕਮਾਇ॥ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ॥੧॥

**ਪਦ ਅਰਥ** :-ਜਗਤੁ-ਸੰਸਾਰ। ਕਰੇਗੁ-ਕਰੇਗਾ। ਚੇਤੰਨੁ-ਸਾਵਧਾਨ। ਅਗਿਆਨੀ-ਮੂਰਖ, ਬੇਸਮਝ। ਅੰਧੁ ਕਮਾਇ-ਅਗਿਆਨਤਾ ਵਾਲਾ ਕੰਮ, ਅੰਨ੍ਹਿਆ ਵਾਲਾ ਕੰਮ ਕਰਦਾ ਹੈ।

**ਅਰਥ** :-ਹਉਮੈ ਵਿਚ ਸੰਸਾਰ ਮਰਿਆ ਪਿਆ (ਅਤੇ ਮਰ ਕੇ ਵੀ) ਮਰਦਾ ਹੀ ਮਰਦਾ ਜਾਂਦਾ ਹੈ। ਜਦ ਤੱਕ (ਇਸ ਦੇ ਸਰੀਰ ਅੰਦਰ) ਸੁਆਸ ਹਨ, ਉੱਨਾ ਚਿਰ ਤਾਂ (ਇਹ ਮਨੁੱਖ ਵਾਹਿਗੁਰੂ ਜੀ ਨੂੰ) ਯਾਦ ਹੀ ਨਹੀਂ ਕਰਦਾ, ਅੱਗੇ ਜਾ ਕੇ (ਮਾਲਕ ਦੀ ਦਰਗਾਹ ਵਿਚ) ਇਹ ਕੀ ਕਰੇਗਾ ? (ਭਾਵ ਦੁੱਖ ਭੋਗੇਗਾ।) (ਇਸ ਲਈ ਜੋ) ਗਿਆਨੀ ਹੁੰਦਾ ਹੈ ਉਹ (ਇਸ ਗੱਲ ਤੋਂ) ਸੁਚੇਤ ਹੁੰਦਾ ਹੈ ਪਰ ਅਗਿਅਨੀ ਅਗਿਆਨਤਾ ਵਾਲੇ ਅੰਨ੍ਹੇ ਕਰਮ ਕਰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਇਹ ਜੀਵ ਜੋ ਕੁਝ ਇਥੇ (ਭਾਵ ਇਸ ਸੰਸਾਰ ਵਿਚ ਚੰਗੇ ਮਾੜੇ) ਕਰਮ ਕਰਦਾ ਹੈ, (ਇਨ੍ਹਾਂ ਕਰਮਾਂ ਦਾ ਫਲ) ਉਹ ਅੱਗੇ ਪ੍ਰਲੋਕ ਵਿਚ ਜਾ ਕੇ ਪਾ ਲੈਂਦਾ ਹੈ (ਭਾਵ ਕਰਮ ਫਲ ਅੱਗੇ ਜਾ ਕੇ ਭੋਗਦਾ ਹੈ)। ੧।

ਮਃ ੩॥ ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ॥ਸਤਿਗੁਰਿ ਮਿਲਿਐ ਅੰਤਰਿ ਰਵਿ ਰਹਿਆ ਸਦਾ ਰਹਿਆ ਲਿਵ ਲਾਇ॥ ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥ ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥ਨਾਨਕ ਇਹੁ ਮਰਤਬਾ ਤਿਸ ਨੋ ਦੇਇ ਜਿਸ ਨੋ ਕਿਰਪਾ ਕਰੇ ਰਜਾਇ॥੨॥

**ਪਦ ਅਰਥ** :-ਧੁਰਿ ਖਸਮੈ ਕਾ-ਧੁਰੋਂ ਕਰਤਾ ਪੁਰਖ ਦੇ ਪਾਸੋਂ ਮਾਲਕ ਦਾ। ਦਮਿ ਦਮਿ-ਸੁਆਸ ਸੁਆਸ। ਦੰਮੁ ਨ ਬਿਰਥਾ-ਸੁਆਸ ਨਾ ਖ਼ਾਲੀ।

**ਅਰਥ** :-ਧੁਰੋਂ (ਕਰਤਾ ਪੁਰਖ ਦੇ ਪਾਸੋਂ) ਮਾਲਕ ਦਾ ਹੁਕਮ ਹੋਇਆ ਹੈ ਕਿ ਸਤਿਗੁਰੂ ਤੋਂ ਬਿਨਾਂ
~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~~

(ਵਾਹਿਗੁਰੂ ਜੀ ਨੂੰ) ਸਿਮਰਿਆ ਨਹੀਂ ਜਾਂਦਾ (ਭਾਵ ਗੁਰੂ ਰਾਹੀਂ ਹੀ ਸਿਮਰਨ ਕੀਤਾ ਸਫਲ ਹੁੰਦਾ ਹੈ।) ਸਤਿਗੁਰੂ ਦੇ ਮਿਲਿਆਂ ਅੰਦਰ ਰਵ ਰਹੇ, ਪ੍ਰਭੂ ਦਾ (ਜਗਿਆਸੂ ਨੂੰ) ਅਨੁਭਵ ਹੋ ਆਉਂਦਾ ਹੈ (ਸੋ ਜੀਵ ਫੇਰ) ਹਮੇਸ਼ਾ (ਉਸ ਪ੍ਰਭੂ ਵਿਚ) ਲਿਵ ਲਾਈ ਰਖਦਾ ਹੈ। ਉਹ ਸੁਆਸ ਸੁਆਸ ਸਦਾ (ਪ੍ਰਭੂ ਨੂੰ) ਯਾਦ ਕਰਦਾ ਰਹਿੰਦਾ ਹੈ, (ਉਸ ਦਾ ਕੋਈ ਵੀ) ਸੁਆਸ ਖ਼ਾਲੀ ਨਹੀਂ ਜਾਂਦਾ। ਜਨਮ ਮਰਣ ਦਾ ਡਰ (ਉਸ ਦੇ ਅੰਦਰੋਂ) ਦੂਰ ਹੋ ਜਾਂਦਾ ਹੈ (ਕਿ ਉਹ ਅਮਰ) ਜੀਵਨ ਦੀ ਪਦਵੀ ਪਾ ਲੈਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ ਕਿ ਮਾਲਕ) ਇਹ ਰੁੱਤਬਾ ਭਾਵ ਉੱਚ ਪਦਵੀ ਉਸ ਨੂੰ ਦਿੰਦਾ ਹੈ ਜਿਸ ਉੱਤੇ ਰਜ਼ਾ ਦਾ ਮਾਲਕ ਆਪ ਕਿਰਪਾ ਕਰਦਾ ਹੈ। ੨।

**ਪਉੜੀ॥ ਆਪੇ ਦਾਨਾਂ ਬੀਨਿਆ ਆਪੇ ਪਰਧਾਨਾਂ॥ ਆਪੇ ਰੂਪ ਦਿਖਾਲਦਾ ਆਪੇ ਲਾਇ ਧਿਆਨਾਂ॥ ਆਪੇ ਮੋਨੀ ਵਰਤਦਾ ਆਪੇ ਕਥੈ ਗਿਆਨਾਂ॥ ਕਉੜਾ ਕਿਸੈ ਨ ਲਗਈ ਸਭਨਾ ਹੀ ਭਾਨਾ॥ ਉਸਤਤਿ ਬਰਨਿ ਨ ਸਕੀਐ ਸਦ ਸਦ ਕੁਰਬਾਨਾ॥੧੯॥**

**ਪਦ ਅਰਥ :**–ਦਾਨਾਂ–ਜਾਣਨ ਵਾਲਾ। ਬੀਨਿਆ–ਦੇਖਣ ਵਾਲਾ। ਦਾਨਾਂ ਤੇ ਬੀਨਿਆ–ਦੋਹਾਂ ਦਾ ਇਕੱਠਾ ਭਾਵ ਹੈ ਅੰਤਰਜਾਮੀ ਤੇ ਪੂਰਨ ਗਿਆਤਾ।

**ਅਰਥ :**–(ਵਾਹਿਗੁਰੂ ਜੀ) ਆਪ ਹੀ ਸਭ ਕੁਝ ਜਾਣਨਹਾਰ ਤੇ ਦੇਖਣ ਵਾਲਾ (ਅਤੇ) ਸਭ ਤੋਂ ਵੱਡਾ ਭਾਵ ਸਭ ਦਾ ਮੁਖੀ ਹੈ। ਆਪਣਾ ਰੂਪ ਵੀ (ਆਪ) ਦਿਖਲਾਂਦਾ ਹੈ, (ਉਸ ਸਰੂਪ ਦਾ) ਧਿਆਨ ਵੀ ਆਪ ਹੀ ਲਾਉਂਦਾ ਹੈ। ਆਪ ਹੀ ਚੁਪ ਸਾਧ ਲੈਂਦਾ ਹੈ, ਆਪ ਹੀ ਗਿਆਨ ਦਾ ਕਥਨ ਕਰਦਾ ਹੈ। ਉਹ (ਵਾਹਿਗੁਰੂ ਜੀ) ਕਿਸੇ ਨੂੰ ਕੌੜਾ ਨਹੀਂ ਲੱਗਦਾ (ਸਗੋਂ) ਸਭਨਾਂ ਦੇ ਮਨਾਂ ਨੂੰ ਭਾਉਂਦਾ (ਚੰਗਾ ਲੱਗਦਾ) ਹੈ। ਉਸ (ਵਾਹਿਗੁਰੂ ਜੀ ਦੀ) ਵਡਿਆਈ ਵਰਣਨ ਨਹੀਂ ਕੀਤੀ ਜਾ ਸਕਦੀ, (ਇਸ ਵਾਸਤੇ) ਉਸ ਮਾਲਕ ਤੋਂ ਸਦਾ ਸਦਾ=ਹਮੇਸ਼ਾ ਹੀ ਕੁਰਬਾਨ ਹੋਈਦਾ ਹੈ।੧੯।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਆਰੰਭ ਵਿਚ ਹਉਮੈ ਦਾ ਜ਼ਿਕਰ ਵਿਸਥਾਰ ਸਹਿਤ ਕੀਤਾ ਗਿਆ ਹੈ। ਨਾਲ ਹੀ ਦੂਸਰੇ ਸਲੋਕ ਵਿਚ ਸਤਿਗੁਰੂ ਦੇ ਮਿਲਾਪ ਦੁਆਰਾ :-

***ਯਥਾ "ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ॥"***

ਕਿਹਾ ਹੈ। ਇਸ ਲਈ ਹਉਮੈ ਤਿਆਗ ਕੇ ਗੁਰੂ ਸ਼ਰਣ ਪਇਆਂ ਸ੍ਵਾਸ-ਸ੍ਵਾਸ ਸਿਮਰਨ ਵਿਚ ਲਗ ਕੇ ਜੀਵਨ ਸਫਲਾ ਕਰੀਏ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੯ (ਅੰਗ ੫੫੭)

ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ ॥ ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈਂ ਪਟੀਆ ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥ ੧ ॥ ੩ ॥

## ਪ੍ਰਾਕ੍ਥਨ :-

ਇਹ ਸ਼ਬਦ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਡਹੰਸ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਦੇ ਅਰੰਭ ਵਿਚ ਹਜ਼ੂਰ ਨੇ ਕਿਹਾ ਹੈ :-

**ਭੈਨੇ ਸਾਵਣ ਆਇਆ॥**

ਸਾਵਣ ਦਾ ਮਹੀਨਾ ਖ਼ੁਸ਼ੀਆਂ ਭਰੀਆ ਮੰਨਿਆ ਹੈ। ਇਸ ਵਿਚ ਬਾਰਿਸ਼ ਪੈਣ ਕਰਕੇ ਬਨਸਪਤੀ ਹਰਿਆਵਲਤਾ ਸਹਿਤ ਹੋ ਆਉਂਦੀ ਹੈ। ਬੱਦਲਾਂ ਦੀਆਂ ਕਾਲੀਆਂ ਘਟਾਂ ਚੜ੍ਹ ਚੜ੍ਹ ਕੇ ਆਉਂਦੀਆਂ ਹਨ। ਹਜ਼ੂਰ ਨੇ ਇਥੇ ਮੋਰਾਂ ਦੇ ਖ਼ੁਸ਼ ਹੋਣ ਦਾ ਜ਼ਿਕਰ ਕੀਤਾ ਹੈ। ਪਰ ਗੁਰਬਾਣੀ ਅੰਦਰ ਗੁਰਦੇਵ ਦਾ ਫੁਰਮਾਣ ਹੈ ਕਿ ਸਾਵਣ ਦੇ ਮਹੀਨੇ ਅੰਦਰ ਵਰਖਾ ਪੈਣ ਤੋਂ ਚਾਰ ਤਰ੍ਹਾਂ ਦੇ ਜੀਵਾਂ ਨੂੰ ਖ਼ੁਸ਼ੀ ਮਿਲਦੀ ਹੈ—

***"ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ॥***
***ਨਾਗਾਂ ਮਿਰਗਾਂ ਮਛੀਆਂ ਰਸੀਆਂ ਘਰਿ ਧਨੁ ਹੋਇ॥੧॥"***

(ਅੰਗ ੧੨੭੯)

ਸੱਪ ਮੀਂਹ ਪੈਣ ਨਾਲ ਖੁੱਡਾਂ ਤੋਂ ਬਾਹਰ ਨਿਕਲਦੇ ਹਨ, ਖ਼ੁਸ਼ ਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਤਪਸ਼ ਮੀਂਹ ਪੈਣ ਨਾਲ ਦੂਰ ਹੁੰਦੀ ਹੈ। ਹਰਣ ਤਲਾਵਾਂ ਵਿਚ ਪਾਣੀ ਭਰਣ ਕਰਕੇ ਖ਼ੁਸ਼ ਹੁੰਦੇ ਹਨ। ਮੱਛੀਆਂ ਵੀ ਖ਼ੁਸ਼ ਹੁੰਦੀਆਂ ਹਨ। ਮੀਂਹ ਪੈਣ ਨਾਲ ਤਲਾਵਾਂ ਵਿਚ ਪਾਣੀ ਬਹੁਤਾ ਭਰ ਜਾਂਦਾ ਹੈ। ਰਸੀਏ ਜਿਨ੍ਹਾਂ ਦੇ ਘਰ ਵਿਚ ਧਨ ਹੈ ਉਹ ਵੀ ਖ਼ੁਸ਼ ਹੁੰਦੇ ਹਨ ਤੇ ਵਿਸ਼ੇ ਰਸ ਭੋਗਦੇ ਹਨ, ਪਰ ਚਾਰ ਜੀਵਾਂ ਨੂੰ ਵਰਖਾ ਦੁਖਦਾਇਕ ਦਸੀ ਹੈ।

***"ਨਾਨਕ ਸਾਵਣਿ ਜੇ ਵਸੈ ਚਹੁ ਵੇਛੋੜਾ ਹੋਇ॥***
***ਗਾਈ ਪੁਤਾ ਨਿਰਧਨਾ ਪੰਥੀ ਚਾਕਰੁ ਹੋਇ॥੨॥"***

(ਅੰਗ ੧੨੭੯)

ਗਾਈ ਪੁਤਾ=ਬਲਦਾਂ ਦਾ ਮੀਂਹ ਪੈਣ ਤੋਂ ਹਲ ਜੋੜਨ ਕਰਕੇ ਵਗ ਨਾਲੋਂ ਵਿਛੋੜਾ ਪੈਂਦਾ ਹੈ। ਨਿਰਧਨ=ਹਰ ਰੋਜ਼ ਕਮਾ ਕੇ ਖਾਣ ਵਾਲੇ ਮੀਂਹ ਪੈਣ ਤੋਂ ਉਨ੍ਹਾਂ ਦਾ ਕੰਮ ਰੁਕ ਜਾਂਦਾ ਹੈ। ਇਸ ਲਈ ਉਹ ਦੁਖੀ ਹੁੰਦੇ ਹਨ। ਪੰਥੀ=ਰਾਹੀ ਨੂੰ ਮੀਂਹ ਪੈਣ ਤੋਂ ਰਸਤੇ ਵਿਚ ਪਾਣੀ ਚੜ੍ਹ ਜਾਣ ਕਰਕੇ ਰੁਕਣਾ ਪੈਂਦਾ ਹੈ, ਇਸ ਕਰਕੇ ਪਰਵਾਰ ਦੇ ਜੀਆਂ ਨਾਲੋਂ ਵਿਛੋੜਾ ਹੁੰਦਾ ਹੈ। ਚਾਕਰ=ਨੌਕਰ ਨੂੰ ਮੀਂਹ ਪੈਂਦੇ ਵਿਚ ਮਾਲਕ ਦਾ ਹੁਕਮ ਮੰਨ ਕੇ ਕੰਮ ਕਰਨਾ ਪੈਂਦਾ ਹੈ, ਇਸ ਕਰਕੇ ਨੌਕਰ ਵੀ ਦੁਖੀ ਹੁੰਦਾ ਹੈ। ਸਤਿਗੁਰੂ ਸਾਹਿਬ ਜੀ ਨੇ ਇਸ ਮਹੀਨੇ ਦੇ ਸਬੰਧ ਵਿਚ ਇਸ ਤਰ੍ਹਾਂ ਬਚਨ ਕਹੇ ਹਨ—

***"ਸਾਵਣੁ ਆਇਆ ਹੇ ਸਖੀ ਜਲਹਰੁ ਬਰਸਨਹਾਰੁ॥"*** (ਅੰਗ ੧੨੮੦)

ਇਸੇ ਤਰ੍ਹਾਂ ਮਨੁੱਖ ਜਨਮ ਰੂਪੀ ਸਾਵਣ ਦੇ ਮਹੀਨੇ ਅੰਦਰ ਗੁਰੂ ਰੂਪ ਬੱਦਲ ਜਿਸ ਵੇਲੇ ਉਪਦੇਸ਼

ਰੂਪ ਵਰਖਾ ਕਰਦੇ ਹਨ ਤਾਂ ਚਾਰ ਤਰ੍ਹਾਂ ਦੇ ਮਨੁੱਖਾਂ ਦਾ ਪ੍ਰਮੇਸ਼ਰ ਨਾਲੋਂ ਵਿਛੋੜਾ ਹੁੰਦਾ ਹੈ—

੧. **ਗਾਈ ਪੁਤਾ**— ਬਲਦਾਂ ਦੀ ਤਰ੍ਹਾਂ ਜੋ ਆਲਸੀ ਮਨੁੱਖ ਹਨ, ਗੁਰ ਉਪਦੇਸ਼ ਧਾਰਣ ਨਹੀਂ ਕਰਦੇ।

੨. **ਨਿਰਧਨਾ**— ਨਾਮ ਰੂਪ ਧਨ ਤੋਂ ਜੋ ਸਖਣੇ ਹਨ :-

***ਕਹਿ ਕਬੀਰ ਨਿਰਧਨੁ ਹੈ ਸੋਈ॥ ਜਾ ਕੇ ਹਿਰਦੈ ਨਾਮੁ ਨ ਹੋਈ॥*** (ਅੰਗ ੧੧੫੯)

੩. **ਪੰਥੀ**— ਪਾਂਧੀ ਭਾਵ ਰਾਹੀ ਕੌਣ ਹਨ ਇਥੇ, ਜੋ ਪ੍ਰਮੇਸ਼ਰ ਨੂੰ ਛੱਡ ਕੇ ਕਿਰਤਮ ਪੂਜਾ ਦੇ ਰਾਹ 'ਤੇ ਤੁਰੇ ਹਨ।

੪. **ਚਾਕਰ**— ਜੋ ਦੇਵੀ ਦੇਵਤਿਆਂ ਦੀ ਪੂਜਾ ਵਿਚ ਘਿਰੇ ਹਨ।

***"ਗੁਰਸਿਖ ਹੋਇ ਆਨ ਦੇਵ ਸੇਵ ਟੇਵ ਗਹੈ ਸਹੈ ਜਮਦੰਤ ਦ੍ਰਿਗ ਸੰਗਾਰ ਹੈ॥"***

(ਭਾਈ ਗੁਰਦਾਸ ਜੀ)

ਗੁਰੂ ਰੂਪ ਬੱਦਲ ਦੇ ਉਪਦੇਸ਼ ਰੂਪ ਵਰਖਾ ਕਰਨ ਤੋਂ ਚਾਰ ਤਰ੍ਹਾਂ ਦੇ ਮਨੁੱਖਾਂ ਨੂੰ ਸੁੱਖ ਪ੍ਰਾਪਤ ਹੁੰਦਾ ਹੈ—

੧. **ਨਾਗਾ**— ਨਾਗਾਂ ਦੀ ਤਰ੍ਹਾਂ ਤਿਆਗ ਬਿਰਤੀ ਵਾਲੇ ਗੁਰਮੁਖ।

***"ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥"***

(ਅੰਗ ੧੫੭)

੨. **ਮਿਰਗਾ**— ਮਿਰਗਾਂ ਦੀ ਤਰ੍ਹਾਂ ਜੋ "ਹਰਨੀ ਹੋਵਾ ਬਨ ਬਸਾ ਕੰਦ ਮੂਲ ਚੁਨ ਖਾਉ॥" ਜਾਂ ਫੇਰ ਹੇਮੇ ਭਗਤ ਜੈਸਾ ਜੋ ਜੰਗਲ ਵਿਚ ਰਹਿੰਦਾ ਸੀ, ਜਿਸ ਨੂੰ ਪੰਚਮ ਗੁਰਦੇਵ ਨੇ ਕਿਹਾ ਸੀ—

***"ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥***
***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥***
***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ॥***
***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ॥"*** (ਅੰਗ ੭੦੭)

੩. **ਮੱਛੀਆਂ**— ਮੱਛੀਆਂ ਦੀ ਤਰ੍ਹਾਂ ਗ੍ਰਿਹਸਤੀ ਸੰਗਤ ਰੂਪੀ ਸਰੋਵਰ ਦੇ ਪ੍ਰੇਮ (ਅਥਵਾ) ਨਾਮ ਰੂਪ ਜਲ ਵਿਚ ਰਹਿਣ ਵਾਲੇ।

***"ਮਛੁਲੀ ਹੋਵਾ ਜਲ ਬਸਾ ਜੀਅ ਜੰਤ ਸਭਿ ਸਾਰਿ॥"*** (ਅੰਗ ੧੫੭)

੪. **ਰਸੀਆ**— ਬਿਬੇਕ ਰੂਪ ਬੁਧੀ ਦੇ ਧਾਰਣੀ, ਨਾਮ ਰਸ ਦੇ ਚੱਖਣ ਵਾਲੇ ਨਾਮ ਰਸੀਏ ਜੋ ਹਨ।

ਜਿਸ ਤਰ੍ਹਾਂ ਚਾਰ ਤਰ੍ਹਾਂ ਦੇ ਮਨੁੱਖਾਂ ਨੂੰ "ਨਾਨਕ ਸਾਵਣ ਜੇ ਵਸੈ ਚਹੁ ਓਮਾਹਾ ਹੋਇ॥" ਜਿਨ੍ਹਾਂ ਦਾ

ਜ਼ਿਕਰ ਕੀਤਾ ਜਾ ਚੁੱਕਾ ਹੈ, ਇਨ੍ਹਾਂ ਚਾਰਾਂ ਨੂੰ ਵਰਖਾ ਹੋਣ ਤੋਂ ਉਤਸ਼ਾਹ ਤੇ ਸੁਖ ਹੁੰਦਾ ਹੈ। ਇਸੇ ਤਰ੍ਹਾਂ ਇਸ ਸ਼ਬਦ ਦੀਆਂ ਪਹਿਲੀਆਂ ਪੰਗਤੀਆਂ ਵਿਚ ''ਭੈਣੇ ਸਾਵਣ ਆਇਆ॥'' ਕਿਹਾ ਹੈ। ਇਸ ਸ਼ਬਦ ਦੀ ਉਥਾਨਕਾ ਸੰਪ੍ਰਦਾਈ ਮਹਾਂ ਪੁਰਖਾ ਦੇ ਕਥਨ ਅਨੁਸਾਰ ਬਾਬਾ ਰਾਮ ਥੰਮਨ ਜੀ ਦੇ ਪ੍ਰਥਾਇ ਉਚਾਰਨ ਕੀਤਾ ਹੈ। ਬਾਬਾ ਰਾਮ ਥੰਮਨ ਜੀ ਦਾ ਪ੍ਰਸੰਗ ਇਸੇ ਸ਼ਬਦ ਦੀ ਵਿਆਖਿਆ ਤੇ ਸਾਰੰਸ਼ ਅੰਦਰ ਪੜ੍ਹੋ ਗੁਰਇਤਿਹਾਸ ਤਵਾਰੀਖ਼ ਗੁਰੂ ਖ਼ਾਲਸਾ ਅੰਦਰ ਗਿਆਨੀ ਗਿਆਨ ਸਿੰਘ ਜੀ ਨੇ ਲਿਖਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨਾਨਕ ਮਤੇ ਹੋ ਕੇ ਅੱਗੇ ਕੌੜੇ ਰੀਠੇ ਨੂੰ ਮਿੱਠਾ ਕਰਦੇ ਹੋਇ, ਜਿਸ ਵੇਲੇ ਅਯੁਧਿਆ ਪੁਰੀ, ਜਿਥੇ ਹੁਣ ਗੁਰ ਅਸਥਾਨ ਹੈ, ਜਾ ਬਿਰਾਜੇ। ਇਥੇ ਹਜ਼ੂਰ ਨੂੰ ਬੈਰਾਗੀ ਸਾਧੂ ਮਿਲੇ, ਉਨ੍ਹਾਂ ਦਾ ਪ੍ਰੇਮ ਦੇਖ ਕੇ ਗੁਰਦੇਵ ਨੇ ਸ਼ਬਦ ਉਚਾਰਿਆ ''ਇਹੁ ਤਨੁ ਮਾਇਆ ਪਾਹਿਆ ਪਿਆਰੇ ਲੀਤੜਾ ਲਬਿ ਰੰਗਾਏ।।'' ਸਾਰਾ ਸ਼ਬਦ ਉਚਾਰਿਆ ਹੈ। ਇਨ੍ਹਾਂ ਵਿੱਚੋਂ ਇਕ ਨਰ ਸਿੰਘ ਦਾਸ ਸਾਧੂ ਪ੍ਰੇਮੀ ਸੀ ਜਿਸ ਨੂੰ ਸਾਖਯਾਤ ਪ੍ਰਭੂ ਦੇ ਦਰਸ਼ਨ ਹੋਏ ਸਨ, ਪਰ ਫੇਰ ਦਰਸ਼ਨ ਅਲੋਪ ਹੋ ਗਏ ਸਨ। ਇਸ ਨੇ ਗੁਰੂ ਜੀ ਨੂੰ ਦਸਿਆ ਤਾਂ ਹਜ਼ੂਰ ਨੇ ਇਹ ਸਾਰਾ ਸ਼ਬਦ ਉਚਾਰਿਆ: ''ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ॥''

(ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ, ਪੰਨਾ ੨੧੦)

**ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**

**ਪਦ ਅਰਥ** :–ਮੋਰੀ–ਮੋਰਾਂ ਨੇ। ਰੁਣ ਝੁਣ=ਖ਼ੁਸ਼ੀ ਦਾ ਗੀਤ, ਅਨੰਦ ਦੀ ਧੁਨੀ। ਮੁੰਧ–ਇਸਤਰੀ। ਕਟਾਰੇ–ਤਲਵਾਰ ਵਰਗੇ ਤਿਖੇ ਨੈਣ, ਕਟਾਖਸ਼। ਜੇਵਡਾ–ਜੇਵੜਾ, ਰੱਸਾ। ਲੋਭੀ–ਮਨ ਲੋਭੀ। ਲੋਭ ਲੁਭਾਇਆ–ਮੋਹਿਤ ਕਰ ਲਿਆ ਹੈ। ਖੰਨੀਐ ਵੰਞਾ–ਮੈਂ ਟੋਟੇ ਟੋਟੇ ਹੁੰਦਾ ਹਾਂ।

**ਅਰਥ** :–ਹੇ ਭੈਣੇ ! ਸਾਵਣ ਆਇਆ ਹੈ, (ਇਸ ਕਰਕੇ) ਮੋਰਾਂ ਨੇ ਖ਼ੁਸ਼ੀ ਦਾ ਗੀਤ (ਭਾਵ ਅਨੰਦ ਦੀ ਧੁਨੀ) ਲਾਈ ਹੈ। (ਹੇ ਪ੍ਰਭੂ ਜੀ !) ਮੈਂ ਜੀਵ-ਇਸਤਰੀ ਨੂੰ ਤੇਰੇ (ਨੈਣਾਂ ਦੇ ਕਟਾਖਸ਼) ਤਲਵਾਰ ਵਰਗੇ ਤਿਖੇ (ਘਾਉ ਕਰਨ ਵਾਲੇ) ਤੇ ਰੱਸੇ ਦੀ ਤਰ੍ਹਾਂ ਬੰਨ੍ਹ ਲੈਣ ਵਾਲੇ ਹਨ, ਤਿਨ੍ਹਾਂ ਨੇ (ਮੈਂ ਇਸਤਰੀ ਦੇ) ਲੋਭੀ ਮਨ ਨੂੰ (ਆਪਣੇ ਦਰਸ਼ਨਾਂ ਲਈ) ਮੋਹਿਤ ਕਰ ਲਿਆ ਹੈ। (ਇਸ ਲਈ ਹੇ ਪਿਆਰੇ ਪ੍ਰਭੂ ਜੀ ! ਮੈਂ) ਤੇਰੇ ਦਰਸ਼ਨਾਂ ਉਤੋਂ ਟੋਟੇ ਟੋਟੇ ਹੁੰਦਾ ਹਾਂ (ਅਤੇ) ਤੇਰੇ ਨਾਮ ਉਤੋਂ (ਵੀ) ਕੁਰਬਾਨ ਹਾਂ। ਹੇ ਪ੍ਰਭੂ ਜੀ ! ਜਦ ਤੂੰ (ਮੇਰਾ ਪਿਆਰਾ ਪ੍ਰੀਤਮ ਹੈਂ, ਤਦ ਹੀ ਮੈਂ (ਤੇਰੇ ਉਪਰ) ਮਾਣ ਕੀਤਾ ਹੈ (ਕਿਉਂਕਿ) ਤੇਰੇ ਬਿਨਾਂ ਮੇਰਾ ਮਾਣ ਕਾਹਦਾ ਹੈ ? (ਭਾਵ ਤੈਥੋ ਬਿਨਾਂ ਮਾਣ ਕਰਨਾ ਵਿਅਰਥ ਹੈ।)

**ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥ ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥ ਨਾ ਮਨੀਆਰੁ ਨ ਚੂੜੀਆ ਨਾ ਸੇ**

**ਵੰਗੁੜੀਆਹਾ॥ ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥**

**ਪਦ ਅਰਥ :**–ਚੂੜਾ–ਜੋ ਵਿਆਹ ਸਮੇਂ ਲਾੜੀ ਪਾਉਂਦੀ ਹੈ। ਭੰਨੁ–ਭੰਨ ਦੇ, ਤੋੜ ਦੇ। ਸਣੁ–ਸਮੇਤ। ਬਾਹੀ–ਮੰਜੇ ਦੀਆਂ ਬਾਹੀਆਂ। ਬਾਹਾ–ਬਾਹਵਾਂ। ਵੇਸ–ਸ਼ਿੰਗਾਰ। ਕਰੇਦੀਏ–ਕਰਨ ਵਾਲੀਏ। ਰਾਤੋ–ਰਤਾ ਹੋਇਆ, ਪਿਆਰ ਕਰ ਰਿਹਾ ਹੈ। ਅਵਰਾਹਾ–ਹੋਰਨਾਂ ਨਾਲ। ਮਨੀਆਰੁ–ਚੂੜੀਆਂ ਚਾੜ੍ਹਨ ਵਾਲਾ। ਵੰਗੁੜੀਆਹਾ–ਵੰਗਾਂ, ਚੂੜੀਆਂ ਭਾਵ ਕੱਚ ਦੀਆਂ ਚੂੜੀਆਂ। ਸਹ ਕੰਠਿ–ਪਤੀ ਦੇ ਗਲ ਨਾਲ। ਜਲਨੁ–ਸੜ ਜਾਣ। ਸੇ–ਉਹ।

**ਅਰਥ :**–ਹੇ ਮੁੰਧੇ! ਚੂੜਾ ਭੰਨ ਦੇ ਪਲੰਘ ਨਾਲ ਮਾਰ ਕੇ (ਅਤੇ) ਆਪਣੀਆਂ ਬਾਹਵਾਂ (ਸਮੇਤ ਪਲੰਘ ਦੀਆਂ) ਬਾਹੀਆਂ (ਸਭ ਕੁਝ ਤੋੜ ਦੇ।) ਇਤਨੇ ਸ਼ਿੰਗਾਰ ਕਰਨ ਵਾਲੀ (ਮੂਰਖ) ਇਸਤ੍ਰੀਏ! ਸਹੁ (ਪਤੀ) ਤਾਂ ਹੋਰਨਾਂ (ਸੁਹਾਗਣਾਂ ਨਾਲ) ਪਿਆਰ ਕਰ ਰਿਹਾ ਹੈ (ਭਾਵ ਤੇਰਾ ਵਿਖਾਵੇ ਦਾ ਸ਼ਿੰਗਾਰ ਵਿਅਰਥ ਹੈ।) (ਜਿਨ੍ਹਾਂ ਸੁਹਾਗਣਾਂ ਨਾਲ ਪ੍ਰਭੂ ਪਤੀ ਪਿਆਰ ਕਰਦਾ ਹੈ ਉਨ੍ਹਾਂ ਨੂੰ ਸ਼ੁਭ ਗੁਣਾਂ ਦੀਆਂ ਚੂੜੀਆਂ, ਵੰਗਾਂ, ਪਹਿਨਾਉਣ ਵਾਲਾ) ਨਾ ਹੀ (ਮੈਨੂੰ ਗੁਰੂ ਰੂਪ) ਮਨੀਆਰ ਮਿਲਿਆ ਹੈ ਨਾ ਹੀ (ਵੈਰਾਗ ਰੂਪ) ਚੂੜੀਆਂ (ਅਤੇ) ਨਾ (ਕਰਣਾ, ਮੁਦਤਾ, ਮੈਤ੍ਰੀ, ਉਪੇਖਿਆ) ਦੀਆਂ ਮੈਂ ਵੰਗਾਂ ਹੀ ਪਹਿਨੀਆਂ ਹਨ। ਜੋ ਪਤੀ ਦੇ ਗਲ ਨਾਲ ਨਹੀਂ ਲਗੀਆਂ, ਉਹ ਬਾਹਵਾਂ ਸੜ ਜਾਣ।

**ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥**
**ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥ ਮਾਠਿ ਗੁੰਦਾਂਈ**
**ਪਟੀਆ ਭਰੀਐ ਮਾਗ ਸੰਧੂਰੇ॥ ਅਗੈ ਗਈ ਨ ਮੰਨੀਆ ਮਰਉ ਵਿਸੂਰਿ**
**ਵਿਸੂਰੇ॥ ਮੈ ਰੋਵੰਦੀ ਸਭੁ ਜਗੁ ਰੁਨਾ ਰੁੰਨੜੇ ਵਣਹੁ ਪੰਖੇਰੂ॥ ਇਕੁ ਨ ਰੁਨਾ**
**ਮੇਰੇ ਤਨ ਕਾ ਬਿਰਹਾ ਜਿਨਿ ਹਉ ਪਿਰਹੁ ਵਿਛੋੜੀ॥**

**ਪਦ ਅਰਥ :**–ਸਭਿ–ਸਾਰੀਆਂ। ਸਹੀਆ–ਸਖੀਆਂ। ਸਹੁ ਰਾਵਣਿ–ਪਤੀ ਦੀ ਸੇਜਾ ਦਾ ਅਨੰਦ ਮਾਣਨ। ਹਉ–ਮੈਂ। ਦਾਧੀ–ਵਿਛੋੜੇ ਦੀ ਅੱਗ ਵਿਚ ਸੜੀ ਹੋਈ। ਕੈ ਦਰਿ–ਕਿਸ ਦੇ ਦਰ 'ਤੇ। ਮਾਠਿ–ਸਵਾਰ ਕੇ। ਗੁੰਦਾਇੰ'ਈ ਪਟੀਆ–ਪਟੀਆਂ ਗੁੰਦਾਈਆਂ ਹਨ। ਮਾਗ–ਚੀਰ। ਸੰਧੂਰੇ–ਸੰਧੂਰ ਨਾਲ। ਨ ਮੰਨੀਆ–ਪਤੀ ਦੇ ਦਰਬਾਰ ਵਿਚ ਪਰਵਾਨ ਨਾ ਹੋਈ, ਵਿਸੂਰਿ ਵਿਸੂਰੇ–ਝੂਰ ਝੂਰ ਕੇ।

**ਅਰਥ :**–(ਪ੍ਰਭੂ ਚਰਨਾਂ ਵਿਚ ਜੁੜਨ ਵਾਲੀਆਂ) ਸਾਰੀਆਂ ਸਖੀਆਂ (ਸਹੇਲੀਆਂ) ਉਹ ਤਾਂ (ਪ੍ਰਭੂ) ਪਤੀ ਦੀ ਪ੍ਰਾਪਤੀ ਰੂਪ ਸੇਜਾ ਦਾ ਅਨੰਦ ਮਾਣਨ ਗਈਆਂ ਹਨ, (ਪਰ) ਮੈਂ ਵਿਛੋੜੇ ਦੀ ਅੱਗ ਵਿਚ ਸੜੀ ਹੋਈ ਕਿਸ ਦੇ ਦਰ 'ਤੇ ਜਾਵਾਂ ?। (ਆਪਣੇ ਵੱਲੋਂ) ਤਾਂ ਹੇ ਅੰਮਾਲੀ! ਮੈਂ ਚੰਗੀ ਸੁਚੱਜੀ ਹਾਂ (ਪਰ) ਹੇ ਸੁਆਮੀ ਜੀ! ਤੈਨੂੰ ਮੇਰਾ ਇਕ ਚੱਜ ਵੀ ਚੰਗਾ ਨਹੀਂ ਲਗਿਆ। (ਪਰ ਮੈਂ ਤਾਂ) ਸਵਾਰ–ਸਵਾਰ ਕੇ ਪਟੀਆਂ ਗੁੰਦਾਈਆਂ ਤੇ ਪਟੀਆਂ ਦੇ ਚੀਰ ਵਿਚ ਸੰਧੂਰ ਭਰਨਾ ਕੀਤੇ। (ਪਰ) ਅੱਗੇ ਪਤੀ ਦਰਬਾਰ ਵਿਚ ਗਈ (ਪਤੀ ਪ੍ਰਭੂ) ਨੂੰ ਪਰਵਾਨ ਨਾ ਹੋਈ, (ਇਸ ਲਈ) ਹੁਣ ਮੈਂ ਝੂਰ–ਝੂਰ ਕੇ ਮਰ ਰਹੀ ਹਾਂ। (ਝੂਰਦੀ ਪਛਤਾਉਂਦੀ) ਮੈਂ ਇਨ੍ਹਾਂ

ਰੋ ਰਹੀ ਹਾਂ (ਜਿਸ ਨੂੰ ਸੁਣਕੇ) ਸਾਰਾ ਜਗਤ ਰੋ ਰਿਹਾ ਹੈ, (ਇਥੋਂ ਤਕ ਕਿ) ਬਨ ਦੇ ਪੰਛੀ ਵੀ ਰੋ ਪਏ। (ਪਰ) ਇਕ ਮੇਰੇ ਤਨ ਦਾ ਵਿਛੋੜਾ ਜੋ ਨਹੀਂ ਰੋਇਆ, ਜਿਸ ਨੇ (ਪ੍ਰਭੂ) ਪਤੀ ਤੋਂ ਮੈਨੂੰ ਵਿਛੋੜ ਰਖਿਆ ਹੈ।

**ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ॥ ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ ਜਾ ਸਹੁ ਭਇਆ ਵਿਡਾਣਾ ॥ ੧ ॥ ੩ ॥**

**ਪਦ ਅਰਥ :–** ਸੁਪਨੈ-ਸੁਪਨੇ ਵਿਚ। ਭੀ-ਮੁੜ, ਫੇਰ। ਗਇਆ-ਚਲਾ ਗਿਆ। ਜਲੁ ਭਰਿਆ-ਨੇਤਰਾਂ ਵਿਚ ਹੰਝੂ ਭਰ ਕੇ। ਰੋਇ-ਰੋਇਆ। ਤੁਝ ਕਨਿ-ਤੇਰੇ ਪਾਸ। ਕੋਇ-ਕਿਸ ਨੂੰ। ਮਤੁ-ਸ਼ਾਇਦ।

**ਅਰਥ :–**ਹੇ ਪ੍ਰਭੂ ! (ਆਪ ਜੀ) ਸੁਪਨੇ ਵਿਚ ਆਏ, (ਮੈਨੂੰ ਸੁਪਨੇ ਵਿਚ ਦਰਸ਼ਨ ਦਿੱਤੇ) ਅਤੇ ਸੁਪਨਾ ਖ਼ਤਮ ਹੋਣ ਤੋਂ ਫੇਰ ਚਲੇ ਗਏ, (ਇਸ ਵਿਜੋਗ 'ਚ) ਮੈਂ ਨੇਤਰਾਂ ਵਿਚ ਹੰਝੂ ਭਰ-ਭਰ ਕੇ ਰੋਇਆ। (ਫੇਰ ਇਸ ਤਰ੍ਹਾਂ) ਕਿਹਾ ਹੇ ਪਿਆਰੇ ! (ਮੈਂ ਜੀਵ ਰੂਪ ਇਸਤਰੀ) ਤੇਰੇ ਪਾਸ ਆ ਨਹੀਂ ਸਕਦੀ ਤੇ ਨਾ ਹੀ ਕਿਸੇ ਨੂੰ ਭੇਜ ਸਕਦੀ ਹਾਂ। (ਹਾਂ, ਉਸ ਮਿਲਾਪ ਵਾਲੇ ਸੁਪਨੇ ਲਈ ਤਰਲਾ ਹੈ, ) ਹੇ ਸੋਹਣੀ ਭਾਗਾਂ ਭਰੀ ਨੀਂਦ ! ਤੂੰ (ਫਿਰ) ਆ ਜਾ, ਸ਼ਾਇਦ ਮੈਂ ਉਸ ਪਤੀ ਨੂੰ (ਫਿਰ ਸੁਪਨੇ ਵਿਚ) ਵੇਖ ਸਕਾਂ (ਭਾਵ ਉਸ ਦਾ ਦਰਸ਼ਨ ਕਰ ਸਕਾਂ।) ਨਾਨਕ (ਗੁਰੂ ਜੀ ਕਹਿੰਦੇ ਹਨ) ਕਿ ਉਸ ਮਾਲਕ ਦੀ ਜੇ ਕੋਈ ਗਲ ਸੁਣਾਵੇ ਤਾਂ ਉਸ ਦੱਸਣ ਵਾਲੇ ਨੂੰ ਕੀ ਭੇਟਾ ਦੇਈਏ ?। (ਉੱਤਰ) ਆਪਣਾ ਸਿਰ ਵੱਢ ਕੇ (ਉਸਨੂੰ) ਬੈਠਣ ਵਾਸਤੇ ਆਸਣ (ਵਿਛਾ) ਦੇਈਏ, ਫਿਰ ਸਿਰ ਤੋਂ ਬਿਨਾਂ ਹੀ ਉਸ ਦੀ ਸੇਵਾ ਕਰਦੇ ਰਹੀਏ। (ਅੰਤ ਵਿਚ ਫੇਰ ਬ੍ਰਿਹੋ ਭਰਿਆ ਤਰਲਾ ਹੈ, ) ਕਿ ਜੇ (ਪ੍ਰਭੂ) ਪਤੀ ਜੀਵ ਰੂਪ ਇਸਤਰੀ ਦੇ ਔਗਣਾਂ ਕਰਕੇ) ਬਿਗਾਨਾ (ਓਪਰਾ) ਹੋ ਵੀ ਜਾਏ (ਤਾਂ ਉਸ ਦੇ ਮਿਲਾਪ ਲਈ) ਮਰ ਕਿਉਂ ਨਾ ਜਾਈਏ (ਅਤੇ ਆਪਣੀ) ਜਿੰਦ ਕਿਉਂ ਨਾ (ਉਸ ਤੋਂ) ਵਾਰ ਦੇਈਏ ?। ੧। ੩।

## ਵਿਆਖਿਆ ਤੇ ਸਾਰੰਸ਼ :

ਇਸ ਸ਼ਬਦ ਵਿਚ ''ਚੂੜਾ ਭੰਨ ਪਲੰਘ ਸਿਉ: 'ਆਦਿ ਕੁਝ ਪੰਗਤੀਆਂ ਦਾ ਅੰਤਰੀਵ ਅਰਥ ਇਸ ਤਰ੍ਹਾਂ ਵੀ ਕਰਦੇ ਹਨ। ਸਕਾਮ ਕਰਮਾ ਰੂਪੀ ਚੂੜਾ, ਅੰਤਹਕਰਣ ਰੂਪ ਪਲੰਘ ਸਣੁ ਬਾਹੀ=ਸਕਾਮ ਕਰਮ ਕਰਨ ਦੀਆਂ ਵਿਧੀਆਂ ਰੂਪ ਬਾਹੀਆਂ ਅਤੇ ਮਨ ਦੀਆਂ ਬਿਰਤੀਆਂ ਰੂਪ ਬਾਹਵਾਂ ਇਹ ਸਭ ਕੁਝ ਭੰਨ ਦੇਹ। ਹੇ ਮੁੰਧੇ ਸਾਧਨਾ ਰੂਪ ਇਨ੍ਹੇ ਵੇਸ ਕਰਨ ਵਾਲੀਏ, ਪਤੀ ਹੋਰਨਾ ਨਾਲ ਮਿਲ ਰਿਹਾ ਹੈ। (ਕਿਉਂਕਿ) ਤੇਰੇ ਪਾਸ ਨਾ ਹੀ ਪੂਰਨ ਗੁਰੂ ਰੂਪ ਮਨੀਆਰੁ ਹੈ ਤੇ ਨਾ ਹੀ ਕਰਣਾ, ਮੁਦਤਾ, ਮੈਤ੍ਰੀ, ਉਪੇਖਿਆ ਦੀਆਂ ਚੂੜੀਆਂ ਹਨ, ਨਾ ਹੀ ਵੈਰਾਗ ਦੀਆਂ ਵੰਗਾਂ ਹਨ, ਅਤੇ ਇਸੇ ਤਰ੍ਹਾਂ ਹੋਰ

ਇਸ ਸ਼ਬਦ ਅੰਦਰ ਮੋਰਾਂ ਦੇ ਬੱਦਲਾਂ ਨੂੰ ਦੇਖ ਕੇ ਖ਼ੁਸ਼ ਹੋਣ ਦਾ ਜ਼ਿਕਰ ਕੀਤਾ ਹੈ। 'ਮੁੰਧ ਕਟਾਰੇ,' ਕਹਿ ਕੇ ਦਰਸ਼ਨਾਂ ਲਈ ਮਨ ਅੰਦਰ ਚਾਅ ਪੈਦਾ ਹੋਇਆ ਹੈ ਕਿਉਂਕਿ 'ਤੇਰੇ ਦਰਸਨ ਵਿਟਹੁ ਖੰਨੀਐ ਵੰਞਾ', ਕਿਹਾ ਹੈ। ਦਰਸ਼ਨਾਂ ਤੋਂ ਬਿਨਾਂ ਸਰੀਰ ਦੇ ਵੇਸ ਸਾਰੇ ਵਿਅਰਥ ਦਰਸਾਏ ਹਨ, 'ਚੂੜਾ ਭੰਨ ਪਲੰਘ ਸਿਉ' ਕਿਹਾ ਹੈ, ਨਾਲ ਹੀ 'ਜੋ ਸਹਿ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥' ਕਿਹਾ ਹੈ। ਅੱਗੇ 'ਸਭਿ ਸਹੀਆ ਸਹੁ ਰਾਵਣਿ ਗਈਆ' ਆਖ਼ਿਰ ਵੈਰਾਗ ਮਈ ਅਵਸਥਾ ਵਿਚ ਕਦੇ ਥੋੜੀ ਨੀਂਦ ਆਈ ਤਾਂ ਸੁਪਨੇ ਅੰਦਰ ਮਾਲਕ ਦੇ ਦਰਸ਼ਨ ਹੋਏ ਦੱਸੇ ਹਨ। 'ਸੁਪਨੈ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ॥'

## ਸਾਖੀ—ਰਾਮ ਥੰਮਨ ਜੀ

ਇਹ ਬਾਬਾ ਰਾਮ ਥੰਮਨ ਜੀ ਉੱਚੀ ਕਰਣੀ ਦੇ ਮਾਲਕ ਪੂਰਨ ਵੈਰਾਗ ਮਈ ਅਵਸਥਾ ਦੇ ਧਾਰਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਸੀ ਜੀ ਦੇ ਪੁੱਤਰ ਸਨ। ਇਨ੍ਹਾਂ ਨਾਲ ਹੋਰ ਵੀ ਬੰਦਗੀ ਵਾਲੇ ਸਾਧੂ ਘਰ ਬਾਰ ਤਿਆਗ ਕੇ ਰਹਿੰਦੇ ਸਨ। ਇਹ ਇਕ ਤਰ੍ਹਾਂ ਸਾਧੂਆਂ ਦੀ ਜਮਾਤ ਇਕੱਠੀ ਰਹਿੰਦੀ ਸੀ। ਇਸ ਜਮਾਤ ਦੇ ਆਗੂ ਬਾਬਾ ਰਾਮ ਥੰਮਨ ਜੀ ਸਨ। ਇਨ੍ਹਾਂ ਦਾ ਅਸਥਾਨ ਮਨੇਸ ਪਿੰਡ ਜ਼ਿਲ੍ਹਾ ਗੁਰਦਾਸਪੁਰ ਵਿਚ ਗੁਰਦੁਆਰਾ ਬਾਬਾ ਰਾਮ ਥੰਮਨ ਕਰਕੇ ਮਸ਼ਹੂਰ ਹੈ। ਇਸ ਅਸਥਾਨ ਦੀ ਸੇਵਾ ਸੰਤ ਗਿ. ਕਰਤਾਰ ਸਿੰਘ ਜੀ ਖਾਲਸਾ ਭਿੰਡਰਾਂ (ਮਹਿਤਾ) ਵਾਲਿਆਂ ਨੇ ਕਰਵਾਈ ਸੀ। ਇਸ ਅਸਥਾਨ ਤੇ ਸੁੰਦਰ ਨਿਸ਼ਾਨ ਸਾਹਿਬ ਝੁਲਾਵਣ ਦੀ ਸੇਵਾ ਸੰਤ ਜਰਨੈਲ ਸਿੰਘ ਜੀ ਖਾਲਸਾ ਜੀ ਨੇ ਕਰਵਾਈ ਸੀ। ਸੰਤ ਬਾਬਾ ਠਾਕੁਰ ਸਿੰਘ ਜੀ ਤੋਂ ਮਗਰੋਂ ਪਰਮ ਸਤਿਕਾਰ ਯੋਗ ਸੰਤ ਗਿਆਨੀ ਹਰਨਾਮ ਸਿੰਘ ਜੀ ਭਿੰਡਰਾਂ ਵਾਲੇ ਇਸ ਅਸਥਾਨ ਦੀ ਸੇਵਾ ਸੰਭਾਲ ਕਰਾ ਰਹੇ ਹਨ। ਇਕ ਵਾਰ ਇਸ ਬਾਬਾ ਰਾਮ ਸਿੰਘ ਥੰਮਨ ਜੀ ਨੂੰ ਸੁਪਨੇ ਵਿਚ ਪ੍ਰਭੂ ਦੇ ਦਰਸ਼ਨ ਹੋਏ ਸਨ, ਪਰ ਥੋੜੀ ਦੇਰ ਮਗਰੋਂ ਦਰਸ਼ਨ ਅਲੋਪ ਹੋ ਗਏ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਨੇ ਬੇਨਤੀ ਦੁਆਰਾ ਸਾਰਾ ਹਾਲ ਦਸਿਆ ਸੀ ਤਾਂ ਹਜ਼ੂਰ ਨੇ ਇਹ ਸ਼ਬਦ ''ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ॥'' ਸਾਰਾ ਸ਼ਬਦ ਉਚਾਰਨ ਕਰਕੇ ਇਸ ਉਪਰ ਬਖ਼ਸ਼ਿਸ਼ ਕੀਤੀ ਸੀ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕਾ ਫਤਹਿ॥

✮✮✮

ਸ੍ਰੀ ਮੁਖਵਾਕ ਨੰਬਰ ੨੭ (ਅੰਗ ੫੫੯)

ਵਡਹੰਸੁ ਮਹਲਾ ੩ ॥ ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥
ਗੁਰਮੁਖਿ ਸਾਚੇ ਲਗੈ ਧਿਆਨੁ ॥ ੧ ॥ ਗੁਰਮੁਖਿ ਮਨ ਮੇਰੇ ਨਾਮੁ
ਸਮਾਲਿ ॥ ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥ ਗੁਰਮੁਖਿ
ਜਾਤਿ ਪਤਿ ਸਚੁ ਸੋਇ ॥ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨ ॥
ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥ ਗੁਰਮੁਖਿ ਆਪਿ ਵਡਾਈ
ਦੇਵੈ ਸੋਇ ॥ ੩ ॥ ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ
ਨਾਨਕ ਪਰਵਾਰੈ ਸਾਧਾਰੁ ॥ ੪ ॥ ੬ ॥

## ਪ੍ਰਾਕ੍ਥਨ :-

ਇਹ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦਾ ਰਾਗੁ ਵਡਹੰਸ ਅੰਦਰ ਉਚਾਰਨ ਕੀਤਾ ਹੈ।

## ਗੁਰਮੁਖਿ ਸ਼ਬਦ

ਇਸ ਸ਼ਬਦ ਅੰਦਰ *''ਗੁਰਮੁਖਿ''* ਸ਼ਬਦ ਵਾਰ-ਵਾਰ ਆਇਆ ਹੈ। ਗੁਰਬਾਣੀ ਅੰਦਰ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਵਾਰਾਂ ਵਿਚ ''ਗੁਰਮੁਖਿ'' ਸ਼ਬਦ ਗੁਰੂ ਸਾਹਿਬਾਨ, ਗੁਰਸਿੱਖ, ਭਗਤਾਂ, ਭਗਤ ਰਾਜੇ ਅਤੇ ਰਾਮਚੰਦਰ ਜੀ, ਬਭੀਖਣ ਤੇ ਵਸ਼ਿਸ਼ਟ ਮੁਨੀ ਜੀ ਪ੍ਰਤੀ ਵਰਤਿਆ ਆਇਆ ਹੈ।

***''ਗੁਰਮੁਖ ਕਲ ਵਿਚ ਪਰਗਟ ਹੋਆ॥''*** (ਭਾਈ ਗੁਰਦਾਸ ਜੀ)

***''ਗੁਰਮੁਖਿ ਪ੍ਰਹਿਲਾਦਿ ਜਪਿ ਹਰਿ ਗਤਿ ਪਾਈ॥***
***ਗੁਰਮੁਖਿ ਜਨਕਿ ਹਰਿ ਨਾਮਿ ਲਿਵ ਲਾਈ॥***
***ਗੁਰਮੁਖਿ ਬਸਿਸਟਿ ਹਰਿ ਉਪਦੇਸੁ ਸੁਣਾਈ॥''***

(ਵਡਹੰਸ ਕੀ ਵਾਰ ਮ: ੩, ਅੰਗ ੫੯੧)

***''ਗੁਰਮੁਖਿ ਬਾਂਧਿਓ ਸੇਤੁ ਬਿਧਾਤੈ॥ ਲੰਕਾ ਲੂਟੀ ਦੈਤ ਸੰਤਾਪੈ॥***
***ਰਾਮਚੰਦਿ ਮਾਰਿਓ ਅਹਿ ਰਾਵਣੁ॥ ਭੇਦ ਬਭੀਖਣ ਗੁਰਮੁਖਿ ਪਰਚਾਇਣੁ॥''***

(ਅੰਗ ੯੪੨)

ਇਸ ਅਰੰਭ ਦੇ ਸਾਰੇ ਸ਼ਬਦ ਵਿਚ ਵਾਰ-ਵਾਰ ਆਇਆ ਗੁਰਮੁਖਿ ਪਦ ਅਤੇ ਇਨ੍ਹਾਂ ਪ੍ਰਮਾਣਾਂ ਅੰਦਰ ਆਇ ਗੁਰਮੁਖਿ ਸ਼ਬਦ ਤੋਂ ਸਪਸ਼ਟ ਹੋ ਗਿਆ ਹੈ, ਕਿ ਗੁਰਬਾਣੀ ਅੰਦਰ ''ਗੁਰਮੁਖਿ'' ਕਿਸ-ਕਿਸ ਨੂੰ ਕਿਹਾ ਹੈ।

## ਸਾਖੀ—ਗੁਰਮੁਖ ਕੌਣ ਹੈ?

ਜਗਤ ਜਲੰਦੇ ਨੂੰ ਨਾਮ ਦੀ ਠੰਢ ਬਖ਼ਸ਼ਣ ਵਾਲੇ ਅਤੇ ਸੰਸਾਰ ਦੇ ਅਗਿਆਨਤਾ ਦੇ ਹਨੇਰੇ ਨੂੰ ਗੁਰਬਾਣੀ ਦੇ ਚਾਨਣ ਰਾਹੀਂ ਰੌਸ਼ਨੀ ਬਖ਼ਸ਼ਣ ਵਾਲੇ ਸਤਿਗੁਰੂ ਜੀ ਨੇ ਜਿਸ ਵੇਲੇ ਸਹੁ-ਸੁਹਾਗਣ ਦਾ ਪਾਜ ਉਘੇੜਿਆ ਤਾਂ ਉਸ ਤੋਂ ਬਾਅਦ ਸਤਿਗੁਰੂ ਜੀ ਬਹਾਵਲਪੁਰ ਦੀ ਰਿਆਸਤ ਵਿਚ ਗਏ ਹਨ। ਉਥੇ ਅੱਜ ਵੀ ਸਤਿਗੁਰੂ ਜੀ ਦਾ ਅਸਥਾਨ ਮੌਜੂਦ ਹੈ। ਉਥੋਂ ਦੇ ਫ਼ਕੀਰ ਹੁਣ ਤੱਕ ਗੁਰੂ ਘਰ ਦਾ ਸਤਿਕਾਰ ਕਰਦੇ ਹਨ। ਸਤਿਗੁਰੂ ਪਾਤਿਸ਼ਾਹ ਜੀ ਉਥੇ ਨਗਰ ਤੋਂ ਬਾਹਰ ਬੈਠ ਗਏ। ਰਾਤਰੀ ਨੂੰ ਵਿਸਰਾਮ ਕੀਤਾ। ਅੰਮ੍ਰਿਤ ਵੇਲੇ ਵਡੀ ਸਵੇਰ ਸਤਿਗੁਰੂ ਜੀ ਨੇ ਇਸ਼ਨਾਨ ਕੀਤਾ ਤੇ ਉੱਚੀ ਧੁਨ ਵਿਚ ਬਾਣੀ ਗਾਈ ਹੈ। 'ਜਪੁ' ਬਾਣੀ ਦੀਆਂ ਪਉੜੀਆਂ ਦਾ ਉਚਾਰਨ ਕੀਤਾ ਹੈ। ਉਸ ਵੇਲੇ ਉਥੋਂ ਦੇ ਪੀਰ 'ਜਲਾਲ' ਦਾ ਇਕ ਸੇਵਕ ਸਿੰਧੀ ਵੀ ਉਥੇ ਇਸ਼ਨਾਨ ਕਰਨ ਆਇਆ ਸੀ। ਜਿਸ ਵੇਲੇ ਸਤਿਗੁਰੂ ਜੀ ਬਾਣੀ ਗਾ ਰਹੇ ਸਨ, ਉਸ ਵੇਲੇ ਪੀਰ ਦੇ ਮੁਰੀਦ ਨੇ ਬਾਣੀ ਬੜੇ ਪ੍ਰੇਮ ਨਾਲ ਸ੍ਰਵਣ ਕੀਤੀ।

*"ਤਬ ਇਕ ਸਿੰਧੀ ਤਿਹ ਥਲ ਆਯੋ।*
*ਸੁਨਿਨਿ ਹੇਤੁ ਠਹਿਰਯੋ ਹਿਤੁ ਲਾਯੋ।*
*ਬਚਨ ਸੁਨਤਿ ਸਮਝਤਿ ਭਲਿ ਰੀਤੀ।*
*ਰਹਯੋ ਠਾਂਡਿ ਹ੍ਵੈ ਉਰਿ ਧਰਿ ਪ੍ਰੀਤੀ॥ ੫੪॥"*

(ਨਾਨਕ ਪ੍ਰਕਾਸ਼ ਅਧਿਆਇ-੩੧)

ਸੁਣਦਿਆਂ-ਸੁਣਦਿਆਂ ਜਦ ਉਸਦੇ ਕੰਨਾਂ ਵਿਚ -'ਗੁਰਮੁਖਿ ਨਾਦੰ ਗੁਰਮੁਖਿ ਵੇਦੰ' ਇਹ ਤੁਕ ਪਈ ਤਾਂ ਉਸਨੂੰ ਇਸਦੇ ਅਰਥ ਸਮਝ ਨਹੀਂ ਆਏ ਤੇ ਉਸ ਵੇਲੇ ਆਪਣੇ ਪੀਰ ਦੇ ਕੋਲ ਆਇਆ। ਜਦ ਡੇਰੇ ਪੀਰ ਦੇ ਕੋਲ ਆਇਆ ਤਾਂ ਪੀਰ ਨੇ ਪੁੱਛਿਆ ਵੀ ਤੈਂ ਅੱਜ ਏਨੀ ਦੇਰੀ ਕਿਉਂ ਕੀਤੀ ਹੈ। ਤੈਨੂੰ ਕੋਈ ਰਸਤੇ 'ਚ ਮਿਲ ਪਿਆ ਜਾਂ ਕਿਸੇ ਕੋਲ ਬੈਠ ਗਿਆ ਸੀ? ਸਿੰਧੀ ਕਹਿਣ ਲੱਗਿਆ ਨਹੀਂ ਪੀਰ ਜੀ, ਅੱਜ ਇਕ ਫ਼ਕੀਰ ਦੇਖਿਆ, ਜਿਸਦੀ ਮੈਂ ਬਾਣੀ ਸੁਣੀ ਜੋ ਮੁਕਤੀ ਦੇਣ ਵਾਲੀ ਤੇ ਗੁਣਾਂ ਦਾ ਖ਼ਜ਼ਾਨਾ ਹੈ।

*"ਤਿਹ ਕੀ ਸੁਨਤਿ ਰਹਯੋਂ ਮੈਂ ਬਾਨੀ।*
*ਮੁਕਤਿ ਦੇਨਹਾਰੀ ਗੁਨ ਖਾਨੀ।*
*ਇਕ ਪਦ ਕੋ ਨ ਮਾਇਨਾ ਆਯੋ।*
*ਭਲੇ ਬਿਚਾਰਯੋ ਭੇਦ ਨ ਪਾਯੋ॥ ੫੮॥"*

ਪਰ ਉਹਨਾਂ ਦੀ ਬਾਣੀ ਵਿਚੋਂ ਇਕ ਪਦ ਦੇ ਅਰਥ ਨਹੀਂ ਸਮਝ ਆਏ ਤੇ ਪੀਰ ਦੇ ਸੇਵਕ ਨੇ ਉਹ ਤੁਕ ਸੁਣਾਈ। ਸੁਣ ਕੇ ਪੀਰ ਕਹਿਣ ਲਗਿਆ ਕਿ ਇਕ ਵਾਰੀ ਬੇਨਤੀ ਕਰਕੇ ਉਨ੍ਹਾਂ ਦੇ ਦਰਸ਼ਨ ਕਰਵਾ।

*"ਬਿਨਯੁ ਕਰਹੁ ਇਕ ਬਾਰ ਲਿਆਵਹੁ। ਤਿਹ ਕੋ ਦਰਸਨ ਮੋਹਿ ਕਰਾਵਹੁ॥"*

ਇਉਂ ਸੁਣ ਕੇ ਪੀਰ ਦਾ ਸੇਵਕ ਸਤਿਗੁਰੂ ਜੀ ਕੋਲ ਜਾ ਕੇ ਬੇਨਤੀ ਕਰਨ ਲੱਗਿਆ।

*"ਮੈਂਡਾ ਪੀਰ ਸਦੇਂਦਾ ਤੋ ਕੋ। ਬਾਤ ਬੁਝੇਂਦਾ ਭੇਜਾ ਮੋ ਕੋ।*
*ਵਤ ਘਿੰਨਣ ਮੈਂ ਆਯੋ ਧਾਈ। ਜੁਲ ਦਰਵੇਸ ਪੀਰ ਜਿਹ ਥਾਂਈ॥"*

ਉਸ ਦੀ ਬੇਨਤੀ ਸੁਣ ਕੇ ਸਤਿਗੁਰੂ ਜੀ ਉਸ ਦੇ ਡੇਰੇ ਗਏ। ਸਤਿਗੁਰੂ ਜੀ ਦਾ ਪੀਰ ਨੇ ਬਹੁਤ ਸਤਿਕਾਰ ਕੀਤਾ ਤੇ ਸਤਿਗੁਰੂ ਜੀ ਤੋਂ ਪੁੱਛਣ ਲੱਗਾ ਕਿ ਕੁਝ ਦਰਗਾਹ ਦੇ ਹਾਲ ਬਾਰੇ ਦੱਸੋ।

*"ਦਰਗਹਿ ਮਹਿ ਕਸ ਹਾਲ ਬਿਹਾਵਹਿ।*
*ਜਗਤ ਪ੍ਰਵਾਹਿ ਜਹਾਂ ਸਭਿ ਜਾਇਹਿ।*
*ਨਹੀ ਸਥਿਰ ਕੋ ਹੋਵਨ ਪਾਵਹਿ॥"*

ਸੁਣ ਕੇ ਤਦੋਂ ਸਤਿਗੁਰੂ ਜੀ ਨੇ ਉਤਰ ਦਿੱਤਾ-

*"ਸਤਿਗੁਰੁ ਭਨਿਯੋ ਪੀਰ ਸੁਨਿ ਲੀਜੈ॥ ਨਿਸਚੈ ਯਹੀ ਰਿਦੈ ਦ੍ਰਿੜ ਕੀਜੈ।*
*ਤਨ ਮਨ ਰਹਤ ਜੋ ਸਾਚੈ॥ ਜਗਤ ਗਰਤ ਤੇ ਸੇਊ ਬਾਚੈ।*
*ਸਾਚੇ ਸੰਗਿ ਰਤੇ ਚਿਤ ਜਾਂਹੀ। ਬਿਸਿਯਨ ਬਿਖੈ ਲਿਪਾਇ ਜਿ ਨਾਂਹੀ।*
*ਸੋਭਾ ਕੇ ਸਮੇਤ ਸੋ ਜਾਈ॥ ਦਰਗਹਿ ਮਹਿ ਬਹੁ ਆਦਰ ਪਾਈ।*
*ਤਨ ਮਹਿ ਪਹਿਰ ਬੇਖ ਧਰਿ ਕੂੜੇ॥ ਮਨ ਕੇ ਮੂੜ ਮੰਦ ਮਤਿ ਮੂੜੇ।*
*ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰਾ। ਪੰਚ ਦੁਸਟ ਕੇ ਨਿਤ ਅਨੁਸਾਰਾ।*
*ਤਿਨ ਕੋ ਦਰਗਹਿ ਥਾਂਉ ਨ ਕਾਈ। ਆਵਾਗੌਨ ਬਿਖੈ ਭਰਮਾਈ।*
*ਲਖ ਚਉਰਾਸੀਹ ਜੋਨ ਮਝਾਰੀ। ਆਇ ਜਾਇ ਦੁਖ ਪਾਵਹਿ ਭਾਰੀ॥"*

ਫਿਰ ਦੂਸਰਾ ਪ੍ਰਸ਼ਨ ਪੁੱਛਿਆ ਕਿ ਗੁਰਮੁਖ ਦੇ ਅਰਥ ਸਮਝਾਉ ਤਾਂ ਸਤਿਗੁਰੂ ਜੀ ਕਹਿਣ ਲੱਗੇ ਕਿ ਜੇ ਚੰਗੀ ਤਰ੍ਹਾਂ ਅਰਥ ਜਾਨਣਾ ਚਾਹੁੰਦਾ ਹੈਂ ਤਾਂ ਮੱਕੇ ਜਾਣਾ ਕਰ। ਸੁਣ ਕੇ ਪੀਰ ਨੇ ਬੇਨਤੀ ਕੀਤੀ ਜੀ ਜਿੰਨੀ ਦੇਰ ਮੈਂ ਵਾਪਿਸ ਨਹੀਂ ਆਉਂਦਾ, ਤੁਸੀਂ ਉਨਾ ਚਿਰ ਮੇਰੀ ਗੱਦੀ 'ਤੇ ਬਿਰਾਜਮਾਨ ਰਹਿਓ ਤੇ ਆਪਣੇ ਸੇਵਕ ਨੂੰ ਕਿਹਾ ਕਿ ਇਨ੍ਹਾਂ ਨੂੰ ਖ਼ੁਦਾ ਦਾ ਰੂਪ ਸਮਝ ਕੇ ਸੇਵਾ ਕਰਨੀ ਹੈ। ਸਤਿਗੁਰੂ ਪਾਤਿਸ਼ਾਹ ਜੀ ਨੇ ਆਗਿਆ ਦੇ ਦਿੱਤੀ। ਉਥੋਂ ਪੀਰ ਚੱਲ ਕੇ ਸਮੁੰਦਰ ਕਿਨਾਰੇ ਤੋਂ ਇਕ ਜਹਾਜ਼ ਜਾਂ ਮਸੱਲੇ ਉੱਤੇ ਸਵਾਰ ਹੋ ਕੇ ਚਲ ਪਿਆ ਤੇ ਰਸਤੇ ਵਿਚ ਇਕ ਟਾਪੂ 'ਤੇ ਰੁਕਿਆ। ਪੀਰ ਟਾਪੂ ਦੀ ਸੈਰ ਕਰਨ ਗਿਆ ਤਾਂ ਉਸਨੇ ਟਾਪੂ ਦੇ ਉਪਰ ਕੁਝ ਸੁੰਦਰ ਮਕਾਨ ਸਜੀਆਂ ਹੋਇਆਂ ਸੇਜਾਂ ਸਮੇਤ ਦੇਖੇ, ਪਰ ਕੋਈ ਵੀ ਮਨੁੱਖ ਉੱਥੇ ਨਹੀਂ ਦਿਸਿਆ। ਬਹੁਤ ਹੈਰਾਨ ਹੋਇਆ ਤੇ ਸੋਚਿਆ ਕਿ ਸ਼ਾਮ ਨੂੰ ਕੋਈ ਨਾ ਕੋਈ ਇਥੇ ਜ਼ਰੂਰ ਆਵੇਗਾ। ਉਦੋਂ ਆ ਕੇ ਮੈਂ ਉਹਨਾਂ ਤੋਂ ਭੋਜਨ ਲੈ ਕੇ ਛਕ ਲਵਾਂਗਾ। ਉਦੋਂ ਤੱਕ ਮੈਂ ਸਮੁੰਦਰ ਦੇ ਕਿਨਾਰੇ ਸੈਰ ਕਰਦਾ ਹਾਂ। ਉਥੇ ਇਕ ਅਸਚਰਜ ਕੌਤਕ ਦੇਖਿਆ ਕਿ ਇਕ ਜਹਾਜ਼ ਜੋ ਸਵਾਰੀਆਂ ਦੇ ਨਾਲ ਭਰਿਆ ਆ ਰਿਹਾ ਸੀ, ਉਹ ਡੁੱਬਣ ਲੱਗਿਆ ਤੇ ਬਹੁਤ ਲੋਕੀਂ ਉੱਚੀ-ਉੱਚੀ ਰੌਲਾ ਪਾ ਰਹੇ ਸਨ ਤੇ ਰੋ ਰਹੇ ਸਨ। ਪੀਰ ਨੇ ਸੁਣ ਕੇ ਖ਼ੁਦਾ ਅੱਗੇ ਬੇਨਤੀ ਕੀਤੀ।

*"ਦੇਸ ਬਿਦੇਸ ਲੋਕ ਇਸ ਮਾਂਹੀ। ਸੁਤ ਬਨਿਤਾ ਤਜਿ ਬਨਜ ਕਰਾਂਹੀ।*
*ਯਾ ਖ਼ੁਦਾਇ! ਕਿਉਂ ਇਨਹਿੰ ਡੁਬਾਵੈਂ। ਸਨਬੰਧੀ ਸੰਗਿ ਸਭਿ ਮਰ ਜਾਵੈਂ।"*

ਪੀਰ ਦੇ ਇਉਂ ਕਹਿਣ ਤੇ ਜਹਾਜ਼ ਡੁੱਬਣੋਂ ਬਚ ਗਿਆ। ਜਦੋਂ ਸ਼ਾਮ ਹੋ ਗਈ ਤੇ ਪੀਰ ਵਾਪਸ ਉਹਨਾਂ ਮਕਾਨਾਂ ਵਿਚ ਗਿਆ ਤਾਂ ਅੱਗੇ ਕੁਝ ਪ੍ਰਭੂ ਦੇ ਪਿਆਰੇ ਸੰਤ ਬੈਠੇ ਸਨ। ਪੀਰ ਇਕ ਸੰਤ ਦੇ ਕੋਲ ਬੈਠ ਗਿਆ। ਉਸੇ ਸਮੇਂ ਉਹਨਾਂ ਨੂੰ ਭੋਜਨ ਪ੍ਰਾਪਤ ਹੋਇਆ।

*"ਕੁਦਰਤ ਕੋ ਅਹਾਰ ਤਿਨ ਆਯੋ। ਮਧੁਰ ਸਾਦੁ ਮਧੁ ਸਮ ਮਨ ਭਾਯੋ।"*

ਪਰ ਜਲਾਲ ਪੀਰ ਨੂੰ ਭੋਜਨ ਪ੍ਰਾਪਤ ਨਹੀਂ ਹੋਇਆ। ਕੋਲ ਬੈਠੇ ਸੰਤ ਨੇ ਆਪਣੇ ਮੁਖੀ ਮਹੰਤ ਨੂੰ ਬੇਨਤੀ ਕਰ ਕੇ ਪੁੱਛਿਆ ਕਿ ਇਸ ਪੀਰ ਨੂੰ ਭੋਜਨ ਨਹੀਂ ਆਇਆ, ਤਾਂ ਉਸ ਨੇ ਕਿਹਾ ਕਿ ਪ੍ਰਮੇਸ਼ਰ ਸਦਾ

ਅਭੁੱਲ ਹੈ। ਉਹ ਸਭ ਨੂੰ ਅਹਾਰ ਦੇਣ ਵਾਲਾ ਹੈ। ਇਸ ਫ਼ਕੀਰ ਪਾਸੋਂ ਕੋਈ ਅਵੱਗਯਾ ਹੋਈ ਹੋਵੇਗੀ। ਤੂੰ ਆਪਣਾ ਭੋਜਨ ਛੱਕ ਲੈ। ਉਸ ਸੰਤ ਨੇ ਭੋਜਨ ਛੱਕ ਲਿਆ। ਤੇ ਜਲਾਲ ਪੀਰ ਇਹ ਸੋਚ ਕੇ ਰਾਤ ਨੂੰ ਜਾਗਦਾ ਰਿਹਾ ਕਿ ਇਨ੍ਹਾਂ ਨੂੰ ਜਾਂਦਿਆਂ ਨੂੰ ਦੇਖਾਂਗਾ ਪਰ ਸਵੇਰ ਸਮੇਂ ਨੀਂਦ ਆਉਣ ਦੇ ਕਾਰਨ ਸੰਤ ਉਸਦੇ ਸੁੱਤੇ ਪਏ ਤੋਂ ਹੀ ਚਲੇ ਗਏ। ਦਿਨ ਚੜ੍ਹੇ ਤੋਂ ਸਮੁੰਦਰ ਦੇ ਕਿਨਾਰੇ 'ਤੇ ਚਲਿਆ ਗਿਆ। ਉਥੇ ਫਿਰ ਇਕ ਕੌਤਕ ਦੇਖਿਆ। ਸਮੁੰਦਰ ਦੇ ਵਿਚ ਮੀਂਹ ਪੈ ਰਿਹਾ ਸੀ, ਪਰ ਧਰਤੀ 'ਤੇ ਮੀਂਹ ਨਹੀਂ ਪੈ ਰਿਹਾ ਸੀ। ਉਸ ਵੇਲੇ ਪੀਰ ਨੇ ਫਿਰ ਕਿਹਾ-

*"ਜਹਾਂ ਨ ਚਹਿਯਤਿ ਬਰਖਤਿ ਬਾਰੀ। ਜਾਚਤਿ ਹੈਂ ਨਰ ਜਹਿਂ ਯੁਤ ਪ੍ਰੀਤੀ।*
*ਤਹਾਂ ਨ ਬਰਖਤਿ, ਕਯਾ ਇਹ ਰੀਤੀ। ਅਸ ਕਹਿਤ ਯੋ ਬਰਖਾ ਹਟਿ ਗਈ॥*
*ਮਨ ਮਹਿ ਗੁਨਹਿ ਭਈ ਜਿਉਂ ਠਈ॥"* (ਨਾਨਕ ਪ੍ਰਕਾਸ਼, ਅਧਿ: ੩੧)

ਸ਼ਾਮ ਹੋਣ ਤੇ ਫਿਰ ਸੋਚਿਆ ਕਿ ਹੁਣ ਸੰਤਾਂ ਨੂੰ ਆਉਂਦਿਆਂ ਜ਼ਰੂਰ ਦੇਖਾਂਗਾ, ਪਰ ਜਦੋਂ ਉਥੇ ਪਹੁੰਚਿਆ ਤਾਂ ਸੰਤ ਪਹਿਲਾਂ ਹੀ ਮੌਜੂਦ ਸਨ। ਉਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਭੋਜਨ ਪ੍ਰਾਪਤ ਹੋਇਆ। ਪਹਿਲਾਂ ਦੀ ਤਰ੍ਹਾਂ ਜਲਾਲ ਇਕ ਸੰਤ ਕੋਲ ਬੈਠ ਗਿਆ। ਉਸਨੇ ਜਲਾਲ ਪੀਰ ਨੂੰ ਫਿਰ ਭੁੱਖਾ ਦੇਖਿਆ ਤੇ ਉਸਨੂੰ ਭੋਜਨ ਨਹੀਂ ਮਿਲਿਆ ਤਾਂ ਉਹ ਸੰਤ ਫਿਰ ਆਪਣੇ ਸ੍ਰੀ ਮਹੰਤ ਕੋਲ ਗਿਆ। ਸ੍ਰੀ ਮਹੰਤ ਨੇ ਜਲਾਲ ਪੀਰ ਨੂੰ ਕੋਲ ਬੁਲਾ ਕੇ ਪੁੱਛਿਆ ਕਿ ਤੂੰ ਕਿਥੋਂ ਆਇਆ ਤੇ ਕਿਧਰ ਜਾ ਰਿਹਾ ਹੈਂ? ਤੈਂ ਐਸਾ ਕਿਹੜਾ ਭਾਰੀ ਅਪਰਾਧ ਕੀਤਾ ਹੈ ਜਿਸ ਕਰਕੇ ਤੈਨੂੰ ਦੋ ਦਿਨਾਂ ਤੋਂ ਭੋਜਨ ਨਹੀਂ ਮਿਲਿਆ? ਸੁਣ ਕੇ ਜਲਾਲ ਪੀਰ ਕਹਿਣ ਲੱਗਿਆ ਮੈਂ ਦੂਰ ਦੇਸ਼ ਤੋਂ ਆਇਆ ਹਾਂ ਤੇ ਮੈਂ ਕੋਈ ਖ਼ਤਾ ਨਹੀਂ ਕੀਤੀ। ਸ੍ਰੀ ਮਹੰਤ ਕਹਿਣ ਲੱਗਿਆ ਫਿਰ ਵੀ ਤੇਰੇ ਵਿਚ ਹੀ ਕੋਈ ਦੋਸ਼ ਹੈ ਜਿਸ ਕਰਕੇ ਤੈਨੂੰ ਭੋਜਨ ਨਹੀਂ ਮਿਲਿਆ। ਇਹ ਦੱਸ ਕਿ ਅੱਜ ਤੱਕ ਪਹਿਲਾਂ ਕਦੇ ਭੁੱਖਾ ਰਿਹਾ ਹੈਂ? ਜਲਾਲ ਨੇ ਜੁਆਬ ਦਿੱਤਾ ਕਿ ਅੱਜ ਤੱਕ ਕਦੇ ਵੀ ਭੁੱਖਾ ਨਹੀਂ ਰਹਿਣਾ ਪਿਆ, ਪਰ ਹਾਂ, ਸਮੁੰਦਰ ਦੇ ਕਿਨਾਰੇ ਦੋ ਅਸਚਰਜ ਕੌਤਕ ਦੇਖੇ ਸਨ। ਜਲਾਲ ਪੀਰ ਨੇ ਸ੍ਰੀ ਮਹੰਤ ਨੂੰ ਸਾਰੀ ਵਿਥਿਆ ਸੁਣਾਈ। ਸੁਣ ਕੇ ਮਹੰਤ ਕਹਿਣ ਲੱਗਿਆ। ਤੂੰ ਤਾਂ ਵੱਡਾ ਬੇਮੁੱਖ ਹੈਂ। ਇਥੇ ਤੇਰੇ ਵਰਗੇ ਬੇਮੁੱਖਾਂ ਦੇ ਰਹਿਣ ਦੀ ਥਾਂ ਨਹੀਂ ਹੈ। ਬਿਨਾਂ ਦੇਰੀ ਤੋਂ ਇਥੋਂ ਨਿਕਲ ਜਾ। ਤੇਰੀ ਮੱਤ ਤਾਂ ਦੁਰਮਤ ਨਾਲ ਭਰੀ ਪਈ ਹੈ। ਸੁਣ ਕੇ ਪੀਰ ਕੰਬ ਗਿਆ ਤੇ ਪੁੱਛਣ ਲੱਗਾ ਜੀ ਮੈਥੋਂ ਕੀ ਗ਼ਲਤੀ ਹੋਈ ਹੈ। ਤਦੋਂ ਸ੍ਰੀ ਮਹੰਤ ਨੇ ਦੱਸਿਆ ਕਿਤੈਂ ਤਾਂ ਪ੍ਰਮੇਸ਼ਰ ਦਾ ਭਾਣਾ ਮੇਟਿਆ ਹੈ।

*"ਪਰਮੇਸਰ ਨਿਜ ਭਾਣਾ ਕਰਿਈ॥ ਤੈਂ ਜੁ ਹਟਾਯੋ ਤਾਂਹਿ ਕੋਂ, ਪੁਨ ਮਨ ਮਹਿ ਹਰਖਾਇ।*
*ਕਹਯੋ ਹਮਾਰੋ ਅਬ ਚਲੈ, ਰਿਦੈ ਰਹਯੋ ਗਰਬਾਇ॥ ੪੦॥"*

ਤੂੰ ਪ੍ਰਮੇਸ਼ਰ ਦਾ ਸ਼ਰੀਕ ਬਣਿਆ ਹੈਂ। ਕਿੰਨੇ ਜੀਵਾਂ ਨੇ ਜਿਹੜੇ ਪਾਪ ਕੀਤੇ ਸੀ, ਉਨ੍ਹਾਂ ਪਾਪਾਂ ਦਾ ਫਲ ਉਹਨਾਂ ਨੂੰ ਇਥੇ ਸਮੁੰਦਰ ਵਿਚ ਡੋਬ ਕੇ ਪ੍ਰਮੇਸ਼ਰ ਭੁਗਾ ਰਿਹਾ ਸੀ। ਤੇ ਦੂਸਰੇ ਜਿਹੜੇ ਸਮੁੰਦਰੀ ਜੀਵ ਸਮੁੰਦਰ ਦਾ ਖਾਰਾ ਪਾਣੀ ਨਹੀਂ ਪੀਂਦੇ ਉਨ੍ਹਾਂ ਦੇ ਹਿਤ ਪ੍ਰਮੇਸ਼ਰ ਮੀਂਹ ਪਾਉਂਦਾ ਸੀ, ਪਰ ਤੈਂ ਉਸ ਨੂੰ ਰੋਕ ਕੇ ਉਹਨਾਂ

ਦਾ ਪਾਪ ਫਲ ਤੇ ਜਿਹੜੇ ਜੀਵ ਤੇਰੇ ਕਰਕੇ ਤ੍ਰੇਹ ਨਾਲ ਦੁਖੀ ਹੋਏ, ਉਨ੍ਹਾਂ ਦਾ ਪਾਪ ਤੇਰੇ ਗਲ ਪੈ ਗਿਆ ਹੈ। ਇਸ ਲਈ ਤੂੰ ਤਾਂ ਬਹੁਤ ਦੁੱਖ ਭੋਗੇਂਗਾ। ਤੂੰ ਤਾਂ ਬੇਮੁੱਖ ਹੈਂ। ਸੁਣਕੇ ਜਲਾਲ ਪੀਰ ਪਛਤਾਇਆ ਤੇ ਪੁੱਛਿਆ–

*'ਜੇ ਭਾਣਾ ਮਾਨਹਿ ਸੈ ਕੈਸੇ? ਉਤਰ ਮੋਹਿ ਬਤਾਵਹੁ ਐਸੇ।*
*ਕਹੈ ਮਹੰਤ 'ਜਿ ਭਾਣਾ ਮਾਨੈ। ਸੇ ਗੁਰਮੁਖ ਹੈ ਮਨੁੱਖ ਸੁਜਾਨੈ।*
*ਜੋ ਭਾਣਾ ਮੇਟਹਿ ਕਰਤਾਰਾ॥ ਸੋ ਬੇਮੁੱਖ ਦੁਖ ਪਾਵਹਿ ਭਾਰਾ।''*

ਵਿਸ਼ੇਸ਼ ਟੂਕ ਡਾ. ਭਾਈ ਵੀਰ ਸਿੰਘ ਜੀ ਦੇ ਕਥਨ ਅਨੁਸਾਰ—ਗੁਰਮੁਖਾਂ ਵਾਲੀ ਸਾਖੀ ਸਮੁੰਦਰ ਦੇ ਕੰਢੇ 'ਤੇ ਸਮੁੰਦਰ ਵਿਚ ਲਿਖੀ ਹੈ। ਕਵਿ ਜੀ ਨੇ ਵੀ ਸਿੰਧ ਪਦ ਵਰਤਿਆ ਹੈ। ਜੇ ਕਦੇ ਮਖ਼ਦੂਮ ਜੀ ਕੋਈ ਉੱਚ ਵਾਲੇ ਪੀਰਾਂ ਵਿਚੋਂ ਸਨ ਤਾਂ ਉੱਚ ਸ਼ਹਿਰ ਸਿੰਧ ਦਰਿਆ ਦੇ ਨੇੜੇ ਹੈ। ਅੱਗੇ ਉਹ ਮੁਸੱਲੇ 'ਤੇ ਚੜ੍ਹ ਕੇ ਸਿੰਧ ਵਿਚ ਜਾਂਦੇ ਹਨ, ਜਿੱਥੇ ਗੁਰਮੁਖਾਂ ਦੇ ਦਰਸ਼ਨ ਹੁੰਦੇ ਹਨ। ਤੁਅੱਜਬ ਨਹੀਂ ਕਿ ਇਹ ਟਿਕਾਣਾ ਸੱਖਰ ਪਾਸ ਦੇ ਦਰਿਆ ਦੇ ਵਿਚਕਾਰ ਖਲਾ ਸਾਧ ਬਲੇ ਦਾ ਟਿਕਾਣਾ ਹੋਵੇ। ਪਰ ਆਸ ਸਿੰਧ ਤੋਂ ਮੁਰਾਦ ਸਮੁੰਦਰ ਹੈ, ਜਿਸ ਵਿਚ ਜਹਾਜ਼ ਆਇਆ ਦੱਸਿਆ ਹੈ। ਉਥੇ ਜੋ ਗੁਰਮੁਖ ਸਨ ਉਹ ਸਿੱਖ ਸਨ ਗੁਰੂ ਕੇ, ਕਿਉਂਕਿ ਪੁਰਾਤਨ ਜਨਮ ਸਾਖੀ ਵਿਚ ਲਿਖਿਆ ਹੈ ਕਿ ਜਦੋਂ ਪੀਰ ਗੁਰਮੁਖਾਂ ਤੋਂ ਵਾਪਿਸ ਮੁੜਿਆ ਤਾਂ ਉਸਦਾ ਮੁਸੱਲਾ ਤੁਰਿਆ ਨਹੀਂ ਸੀ। ਤਦ ਉਹਨਾਂ ਸਿੱਖਾਂ ਆਖਿਆ 'ਸਤਿਗੁਰ ਨਾਨਕ ਨਾਉ ਲਿਖ ਜੋ ਤੇਰਾ ਮੁਸੱਲਾ ਚਾਲੇ। ਤਬ ਸਤਿਗੁਰੂ ਨਾਨਕ ਲਿਖਿਆ, ਤਬ ਮਖਦੂਮ ਬਹਾਵਦੀ ਕਾ ਮੁਸੱਲਾ ਚਾਲਿਆ। ਤਬ ਬਾਬੇ ਪਾਸ ਆਇਆ, ਸਲਾਮ ਕਰਕੇ ਬੈਠ ਗਿਆ। ਤਬ ਬਾਬੇ ਪੁੱਛਿਆ ਕਿਆ ਡਿਠੋ ਮਖਦੂਮ ਬਹਾਵਦੀ? ਤਬ ਮਖ਼ਦੂਮ ਬਹਾਵਦੀ ਆਖਿਆ ਜੀ ਤੂੰ ਸਭ ਕੁਛ ਜਾਣਦਾ ਹੈਂ, ਤੇਰਿਆਂ ਦਾਸਾਂ ਦਾ ਸਦਕਾ ਤਉ ਤਾਈਂ ਆਇ ਪਹੁੰਚਿਆ ਹਾਂ। ਇਸ ਤੋਂ ਸਿੱਧ ਹੁੰਦਾ ਹੈ ਕਿ ਉਹ ਲੋਕ ਜਿੰਨ੍ਹਾਂ ਪਾਸ ਫ਼ਕੀਰ ਗਿਆ ਸੀ, ਗੁਰੂ ਨਾਨਕ ਦੇਵ ਜੀ ਦੇ ਸਿੱਖ ਸਨ ਤੇ ਇਸ ਤੋਂ ਅੰਦਾਜ਼ਾ ਲਗ ਜਾਂਦਾ ਹੈ ਕਿ ਕਿਸ ਉੱਚੇ ਦਰਜੇ ਦੇ ਗੁਰਮੁੱਖ ਗੁਰੂ ਜੀ ਨੇ ਪੈਦਾ ਕਰ ਦਿੱਤੇ ਸਨ, ਜੋ ਕਰਾਮਾਤੀ ਫ਼ਕੀਰਾਂ ਨੂੰ ਵੀ ਸੁਮੱਤਿ ਦਿੰਦੇ ਸਨ।

ਵਡਹੰਸੁ ਮਹਲਾ ੩ ॥ ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਿ ਸਾਚੇ ਲਗੈ ਧਿਆਨੁ ॥ ੧ ॥ ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ ਸਦਾ ਨਿਬਹੈ ਚਲੈ ਤੇਰੈ ਨਾਲਿ ॥ ਰਹਾਉ ॥ ਗੁਰਮੁਖਿ ਜਾਤਿ ਪਤਿ ਸਚੁ ਸੋਇ ॥ ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥ ੨ ॥ ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥ ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥ ੩ ॥ ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪ ॥੬ ॥

**ਪਦ ਅਰਥ** :–ਗੁਰਮੁਖਿ-ਗੁਰੂ ਦੇ ਸਨਮੁਖ ਹੋ ਕੇ। ਸੰਜਮੁ-ਇੰਦ੍ਰਿਆਂ 'ਤੇ ਕਾਬੂ ਪਾਉਣਾ। ਤਤੁ-ਅਸਲ ਤਤ ਸਰੂਪ ਦਾ। ਕਰਣੀ-ਕਰਤਵ।

**ਅਰਥ** :–ਹੇ ਭਾਈ ! ਗੁਰੂ ਸਾਹਿਬ ਦੇ ਸਨਮੁਖ ਹੋ ਕੇ ਇੰਦ੍ਰਿਆਂ 'ਤੇ ਕਾਬੂ ਪਾਉਣ ਨਾਲ ਹੀ ਸੱਚ ਸਰੂਪ ਦਾ ਤੱਤ=ਯਥਾਰਥ ਦਾ ਗਿਆਨ ਹੁੰਦਾ ਹੈ। ਗੁਰੂ ਦੇ ਸਨਮੁਖ ਰਹਿਣ ਨਾਲ ਹੀ ਸਦਾ ਥਿਰ ਪ੍ਰਮਾਤਮਾ ਵਿਚ ਸੁਰਤਿ ਜੁੜਨ ਰੂਪ ਧਿਆਨ ਲੱਗਦਾ ਹੈ। ੧। ਹੇ ਮੇਰੇ ਮਨ! ਗੁਰੂ ਦੇ ਸਨਮੁਖ ਰਹਿ ਕੇ (ਵਾਹਿਗੁਰੂ ਜੀ ਦੇ) ਨਾਮ ਨੂੰ (ਹਮੇਸ਼ਾ) ਯਾਦ ਕਰ। (ਵਾਹਿਗੁਰੂ ਜੀ ਦਾ ਨਾਮ) ਹਮੇਸ਼ਾ ਇਸ ਲੋਕ ਵਿਚ ਨਾਲ ਨਿਭੇਗਾ (ਅਤੇ) ਪਰਲੋਕ ਵਿਚ ਵੀ ਨਾਲ ਜਾਏਗਾ। ਰਹਾਉ। ਗੁਰਮੁਖਾਂ ਦਾ ਸੱਚ (ਸਰੂਪ ਦਾ ਸਿਮਰਨ ਹੀ ਉੱਚੀ) ਜਾਤ ਅਤੇ ਪਤਿ ਹੈ। ਗੁਰੂ ਦੇ ਸਨਮੁਖ ਰਹਿਣ ਵਾਲੇ ਦੇ ਅੰਦਰ ਪ੍ਰਮਾਤਮਾ ਮਿੱਤਰ ਦੀ ਤਰ੍ਹਾਂ ਸਹਾਇਤਾ ਕਰਨ ਵਾਲਾ ਆ ਵਸਦਾ ਹੈ। ੨। ਗੁਰੂ ਦੇ ਸਨਮੁਖ ਉਹੀ ਰਹਿ ਸਕਦਾ ਹੈ (ਜਿਸ ਨੂੰ ਆਪ ਕਿਰਪਾ ਕਰਕੇ) ਗੁਰਮੁਖਿ ਬਣਾਉਂਦਾ ਹੈ। ਉਹ (ਪ੍ਰਮਾਤਮਾ) ਸਨਮੁਖ ਰਹਿਣ ਵਾਲਿਆਂ ਨੂੰ ਆਪ ਹੀ ਇੱਜ਼ਤ ਬਖ਼ਸ਼ਦਾ ਹੈ। ੩। ਗੁਰਮੁਖਿ ਸੱਚੇ (ਗੁਰੂ ਦੇ ਉਪਦੇਸ਼ ਰੂਪ) ਸ਼ਬਦ ਦੀ ਕਮਾਈ ਕਰਨ ਰੂਪ (ਸ਼ਬਦ ਦੀ ਹਿਰਦੇ ਅੰਦਰ) ਸੰਭਾਲ ('ਚ ਲੱਗੇ ਰਹਿੰਦੇ ਹਨ।) ਗੁਰਮੁਖਿ ਗੁਰੂ ਦੇ ਸਨਮੁਖ ਰਹਿ ਕੇ ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਉਹ ਆਪਣੇ ਪਰਵਾਰ ਨੂੰ ਸੁਧਾਰ ਲੈਂਦੇ ਹਨ। ੪। ੬।

## ਵਿਆਖਿਆ ਤੇ ਸਾਰੰਸ਼

ਭਾਈ ਗੁਰਦਾਸ ਜੀ ਨੇ ਗੁਰਮੁਖ ਦੀ ਕਰਨੀ ਇਸ ਤਰ੍ਹਾਂ ਦਰਸਾਈ ਹੈ—

*"ਗੁਰਮੁਖਿ ਹਥਿ ਸਕਥ ਹਨਿ, ਸਾਧਸੰਗਤਿ ਗੁਰ ਕਾਰ ਕਮਾਵੈ॥*
*ਪਾਣੀ ਪਖਾ ਪੀਹਣਾ, ਪੈਰ ਧੋਇ ਚਰਣਾਮ੍ਰਿਤੁ ਪਾਵੈ॥*
*ਗੁਰਬਾਣੀ ਲਿਖਿ ਪੋਥੀਆ, ਤਾਲ ਮ੍ਰਿਦੰਗ ਰਬਾਬ ਵਜਾਵੈ॥*
*ਨਮਸਕਾਰ ਡੰਡੌਤ ਕਰਿ ਗੁਰਭਾਈ ਗਲਿ ਮਿਲਿ ਗਲ ਲਾਵੈ॥*
*ਕਿਰਤਿ ਵਿਰਤਿ ਕਰਿ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ॥*
*ਪਾਰਸੁ ਪਾਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ॥*
*ਗੁਰ ਸਿਖ ਗੁਰ ਸਿਖ ਪੂਜ ਕੈ ਭਾਇ ਭਗਤ ਭੈ ਭਾਣਾ ਭਾਵੈ॥*
*ਆਪੁ ਗਵਾਇ ਨ ਆਪੁ ਗਣਾਵੈ॥੨॥"*

(ਵਾਰ ੬, ਪਉੜੀ ੧੨)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕਾ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੮ (ਅੰਗ ੫੬੧)

ਵਡਹੰਸੁ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥

ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥ ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥ ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ ॥ ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ ॥੧ ॥ ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ ॥ ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨ ॥ ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥ ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ ॥ ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ ॥ ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ ॥੩ ॥ ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ ॥ ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ ॥ ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ ॥ ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ ॥੪ ॥ ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ ॥ ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ ॥ ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ ॥ ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫ ॥ ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥ ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥ ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥੬ ॥੧ ॥੩ ॥

## ਪ੍ਰਾਕ੍ਰਥਨ :-

ਇਸ ਸ਼ਬਦ ਦੇ ਅਰੰਭ ਅੰਦਰ ਸੋਢੀ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਬਚਨ ਹਨ—

***"ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ॥"***

ਵਾਹਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਹਜ਼ੂਰ ਨੇ ਦਰਸਾਈ ਹੈ। ਗੁਰਬਾਣੀ ਅੰਦਰ ਦਰਸ਼ਨਾਂ ਦੇ ਪਰਥਾਇ ਬਹੁਤ ਸਾਰੇ ਸ਼ਬਦ ਆਉਂਦੇ ਹਨ।

***"ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ॥***
***ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ॥"***

(ਅੰਗ ੧੦੯੪)

ਭਗਤ ਰਵਿਦਾਸ ਕਥਨ ਕਰਦੇ ਹਨ ਕਿ ਹੇ ਵਾਹਿਗੁਰੂ ਜੀ! ਤੁਹਾਡੇ ਤੋਂ ਵਿਛੜਿਆਂ ਬਹੁਤ ਜਨਮ ਬੀਤ ਗਏ ਹਨ। ਹੁਣ ਇਸ ਜਨਮ ਵਿਚ ਕਿਰਪਾ ਕਰੋ, ਮੈਂ ਦਰਸ਼ਨਾਂ ਦੀ ਆਸਾ ਕਰਕੇ ਜਿਉਂਦਾ ਹਾਂ।

***"ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥***
***ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥"***

(ਅੰਗ ੬੯੪)

ਛੰਦਾ ਬੰਦੀ ਦੇ ਕਾਵਿ ਗ੍ਰੰਥਾਂ ਅੰਦਰ ਕਵੀਆਂ ਨੇ ਦਰਸ਼ਨ ਚਾਰ ਤਰ੍ਹਾਂ ਦੇ ਕਥਨ ਕੀਤੇ ਹਨ—

## ਚਾਰ ਤਰ੍ਹਾਂ ਦੇ ਦਰਸ਼ਨ

੧. ਸ੍ਰਵਨ ਦਰਸ਼ਨ, ੨. ਸੁਪਨ ਦਰਸ਼ਨ, ੩. ਚਿਤਰ ਦਰਸ਼ਨ, ੪. ਪ੍ਰਤੱਖ ਦਰਸ਼ਨ।

ਜਿਸ ਤਰ੍ਹਾਂ ਕਸ਼ਮੀਰ ਵਿਚ ਜਾ ਕੇ ਮੀਰੀ ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮਾਤਾ ਭਾਗ ਭਰੀ ਨੂੰ ਪ੍ਰਤੱਖ ਦਰਸ਼ਨ ਦਿੱਤੇ ਸਨ।

## ਕਸ਼ਮੀਰ ਵਿਚ ਮਾਤਾ ਭਾਗ ਭਰੀ ਜੀ ਨੂੰ ਦਰਸ਼ਨ ਦੇਣੇ

***"ਸੀਘਰ ਮਿਲਨ ਚਾਹ ਜਿਹ ਹੋਈ। ਰਹਿ ਨ ਸਕਹਿ ਦਰਸ ਬਿਨ ਸੋਈ।"***

ਸ੍ਰੀ ਨਗਰ ਕਸ਼ਮੀਰ ਦੇ ਰਹਿਣ ਵਾਲੀ ਮਾਤਾ ਭਾਗਭਰੀ ਜਿਸਦੇ ਮਨ ਵਿਚ ਸਤਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਾਂਘ ਸੀ, ਉਸਨੇ ਸਤਿਗੁਰੂ ਜੀ ਲਈ ਇਕ ਸੁੰਦਰ ਬਸਤਰ ਆਪਣੇ ਹੱਥੀਂ ਤਿਆਰ ਕੀਤਾ।

***"ਸੂਤ ਕਾਤ ਸੁੰਦਰ ਇਕ। ਮਾਤ ਉਢਾਯੋ ਪ੍ਰੇਮ ਸਮੇਜਾ॥"***

(ਗੁਰ ਬਿਲਾਸ ਪਾ: ੬)

ਸ੍ਵਾਸ-ਸ੍ਵਾਸ ਸਤਿਗੁਰੂ ਜੀ ਨੂੰ ਯਾਦ ਕਰਦੀ ਹੈ, ਇਹ ਮੇਰੇ ਹੱਥਾਂ ਦੇ ਬਣੇ ਕੱਪੜੇ ਦਾ ਚੋਲਾ ਸਤਿਗੁਰੂ ਜੀ ਜਦ ਪਹਿਨਣਗੇ, ਮੇਰੇ ਹੱਥ ਤਾਂ ਸਫਲੇ ਹੋਣਗੇ।

*ਦੋਹਰਾ- "ਬਹੁਰੋ ਤਾਹਿ ਧਿਆਇ ਕੌ, ਮਨ ਮੈ ਐਸ ਅਲਾਇ।*
*ਇਹ ਜਾਮਾ ਕੰਠ ਗੁਰ ਜਾ ਪਹਿਰੇ ਸੁਖ ਪਾਇ।"*
*ਚੌਪਈ- "ਮੇਰੋ ਹਾਥ ਸਫਲ ਤਬ ਹੋਈ। ਕਬ ਗੁਰੁ ਉਢੈ ਮਮ ਦਖ ਖੋਈ।*
*ਖਾਨ-ਪਾਨ ਨਹਿ ਤਾਹਿ ਸੁਹਾਵੈ। ਦਯਾ ਸਿੰਧ ਕੋ ਯਾਦ ਕਰਾਵੈ।"*

ਮਾਤਾ ਜੀ ਦੇ ਮਨ ਵਿਚ ਇਤਨਾ ਪ੍ਰੇਮ ਹੈ ਕਿ ਖਾਣਾ-ਪੀਣਾ ਵੀ ਚੰਗਾ ਨਹੀਂ ਲੱਗਦਾ। ਬਾਰ-ਬਾਰ ਸਤਿਗੁਰੂ ਜੀ ਨੂੰ ਯਾਦ ਕਰਦੀ ਹੈ ਕਿ ਸਤਿਗੁਰੂ ਜੀ ਕਦੋਂ ਮੈਨੂੰ ਪਲੰਘ 'ਤੇ ਬੈਠ ਕੇ ਦਰਸ਼ਨ ਦੇਣਗੇ। ਸਤਿਗੁਰੂ ਜੀ ਨੂੰ ਚੋਲਾ ਪਹਿਨਾ ਕੇ ਸਤਿਗੁਰੂ ਦੇ ਸਾਹਮਣੇ ਹੀ ਮੈਂ ਆਪਣਾ ਸਰੀਰ ਤਿਆਗਾਂਗੀ।

*"ਜਬ ਗੁਰ ਆਵੈ ਜਾਮਾ ਧਾਰ। ਬੈਠ ਪਲੰਘ ਮਮ ਦੇਵੇ ਦੀਦਾਰ।*
*ਤਬ ਹੌ ਕਰੋ ਦੇਹ ਨਿਜ ਤਿਆਗ। ਜਾਉ ਧਾਮ ਗੁਰੂ ਕੇ ਵਡਭਾਗ।*
*ਭਾਗ ਭਰੀ ਕਹੈ ਨਿਸ ਦਿਨ ਸ੍ਰੀ ਗੁਰੂ ਨਾਮ ਉਚਾਰ।"*

ਮਾਤਾ ਭਾਗਭਰੀ ਦੇ ਪ੍ਰੇਮ ਦੇ ਖਿਚੇ ਹੋਏ ਸਤਿਗੁਰੂ ਜੀ ਕਸ਼ਮੀਰ ਦੇ ਕਾਠੀ ਦਰਵਾਜ਼ੇ ਬੂਹੇ ਅੱਗੇ ਜਾ ਖਲੋਤੇ। ਭਾਗਭਰੀ ਦੇ ਪੁੱਤਰ ਸੇਵਾਦਾਸ ਨੇ ਘੋੜੇ ਦੇ ਸੁੰਮਾਂ ਦੀ ਆਵਾਜ਼ ਸੁਣਕੇ ਬੂਹਾ ਖੋਲ੍ਹ ਦਿੱਤਾ। ਗੁਰੂ ਜੀ ਦੇ ਦਰਸ਼ਨ ਪਾ ਕੇ ਚਰਨਾਂ ਪਰ ਡਿੱਗ ਪਿਆ, ਅੰਦਰ ਲਿਜਾ ਕੇ ਪਲੰਘ 'ਤੇ ਬਿਠਾਇਆ। ਮਾਈ ਭਾਗਭਰੀ ਉਸ ਦੇਸ਼ ਵਿਚ ਮੀਰਾ ਬਾਈ ਤੇ ਕਰਮਾਂ ਬਾਈ ਵਾਂਗ ਮੰਨੀ ਹੋਈ ਸੀ। ਮਾਤਾ ਜੀ ਦੀ ਸੌ ਸਾਲ ਤੋਂ ਉਪਰ ਉਮਰ ਸੀ। ਸਤਿਗੁਰੂ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਈ। ਸਤਿਗੁਰੂ ਜੀ ਨੇ ਮੰਗ ਕੇ ਬਸਤਰ ਲਿਆ। ਸਤਿਗੁਰੂ ਜੀ ਦੇ ਸਨਮੁੱਖ ਦਰਸ਼ਨ ਕਰਦਿਆਂ ਸਰਪ ਕੁੰਜ ਵਾਂਗ ਮਾਤਾ ਜੀ ਨੇ ਆਪਣੀ ਦੇਹ ਤਿਆਗ ਦਿੱਤੀ।

*"ਦਰਸਨ ਕਰਤ ਦੇਹ ਤਬ ਤਯਾਗੀ। ਕ੍ਰਿਪਾ ਸਿੰਧ ਕੇ ਰਸ ਮਹਿ ਪਾਗੀ।"*

ਸਤਿਗੁਰੂ ਜੀ ਨੇ ਆਪਣੇ ਹੱਥੀਂ ਮਾਤਾ ਦੇ ਸਰੀਰ ਦਾ ਸੰਸਕਾਰ ਕੀਤਾ।

*"ਚਿਖਾ ਬੀਚ ਤਨ ਤਾਹਿ ਧਰ ਨਿਜ ਕਰ ਲਾਂਬੂ ਲਾਇ।"*

ਗੁਰੂ ਜੀ ਨੇ ਉਸਦੇ ਪੁੱਤਰ ਸੇਵਾਦਾਸ ਨੂੰ ਦਸਤਾਰ ਬੰਧਾਈ ਜੋ ਉਸ ਦੀ ਯਾਦ ਵਿਚ ਕਸ਼ਮੀਰ ਵਿਖੇ ਹੁਣ ਗੁਰਦੁਆਰਾ ਸਾਹਿਬ ਮੌਜੂਦ ਹੈ।

**ਵਡਹੰਸੁ ਮਹਲਾ ੪ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ ॥ ਹਉ ਜਾਇ ਪੁਛਾ ਅਪਨੇ ਸਤਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥ ਭੂਲਾ ਮਨੁ ਸਮਝੈ ਗੁਰ**

**ਸਬਦੀ ਹਰਿ ਹਰਿ ਸਦਾ ਧਿਆਏ॥ ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ॥੧॥**

**ਪਦ ਅਰਥ** :-ਮੈ ਮਨਿ-ਮੇਰੇ ਮਨ ਵਿਚ। ਹਰੇ-ਹੇ ਹਰੀ। ਪੁਛਾ-ਮੈਂ ਪੁੱਛਦੀ ਹਾਂ। ਜਾਇ-ਜਾ ਕੇ। ਸਤਿਗੁਰੈ-ਗੁਰੂ ਨੂੰ। ਪੁਛਿ-ਪੁੱਛ ਕੇ। ਕਿਉ ਕਰਿ-ਕਿਵੇਂ ਕਰਕੇ।

**ਅਰਥ** :-ਹੇ ਹਰੀ ! ਮੇਰੇ ਮਨ ਵਿਚ ਵੱਡੀ ਆਸ=ਤਾਂਘ ਹੈ ਕਿ ਕਿਵੇਂ ਕਰਕੇ ਹਰੀ ਤੇਰੇ ਦਰਸ਼ਨ (ਕਰਨੇ) ਪਾਵਾਂ। (ਇਸ ਵਾਸਤੇ) ਮੈਂ ਆਪਣੇ ਗੁਰੂ ਨੂੰ ਜਾ ਕੇ ਪੁੱਛਦੀ ਹਾਂ, ਗੁਰੂ ਨੂੰ ਪੁੱਛ ਕੇ (ਮੈਂ ਆਪਣੇ) ਮੂਰਖ ਮਨ ਨੂੰ ਸਮਝਾਂਦੀ ਹਾਂ। ਪਰ ਭੁਲਿਆ ਹੋਇਆ ਮਨ ਗੁਰੂ ਦੇ ਸ਼ਬਦ (ਉਪਦੇਸ਼) ਰਾਹੀਂ ਹੀ ਸਮਝਦਾ ਹੈ, (ਗੁਰੂ ਉਪਦੇਸ਼ ਨਾਲ ਸਮਝਿਆ ਹੋਇਆ) ਮਨ ਹਮੇਸ਼ਾ (ਪ੍ਰਮਾਤਮਾ ਦੇ) ਹਰਿ ਹਰਿ ਨਾਮ ਨੂੰ ਸਿਮਰਦਾ ਰਹਿੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਸ (ਮਨੁੱਖ) ਉਪਰ ਮੇਰਾ ਪਿਆਰਾ (ਪ੍ਰਭੂ) ਮੇਹਰ ਕਰਦਾ ਹੈ ਉਹ ਪ੍ਰਮਾਤਮਾ ਦੇ ਚਰਨਾਂ ਵਿਚ (ਚਿਤ ਬਿਰਤੀ ਨੂੰ) ਲਾਉਂਦਾ ਹੈ।੧।

**ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥ ਨਾਨਕ ਧਨੁ ਧੰਨੁ ਧੰਨੁ ਸੋਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ॥੨॥**

**ਪਦ ਅਰਥ** :-ਵੇਸ-ਲਿਬਾਸ, ਸਭਿ-ਸਾਰੇ। ਕਰੀ-ਮੈਂ ਕਰਦੀ ਹਾਂ। ਪਿਰ ਕਾਰਣਿ-ਪਤੀ ਦੀ ਪ੍ਰਸੰਨਤਾ ਵਾਸਤੇ। ਜੇ-ਜੇਕਰ। ਭਾਵਾ-ਭਾ ਜਾਵਾਂ, ਚੰਗੀ ਲੱਗਾਂ, ਸੀਗਾਰੁ-ਸ਼ਿੰਗਾਰ ਲਾ ਕੇ। ਸੀਗਾਰੀ-ਸ਼ਿੰਗਾਰਦੀ ਹਾਂ। ਅਵਰਾ-ਹੋਰਨਾਂ ਸੰਤਾਂ ਭਗਤਾਂ ਨਾਲ। ਸਵਰਾ-ਸੋਹਿਣੇ ਸੱਚੇ ਪ੍ਰਮਾਤਮਾ ਨੂੰ।

**ਅਰਥ** :-ਮੈਂ ਸਭ ਤਰ੍ਹਾਂ ਦੇ ਲਿਬਾਸ ਪਤੀ ਦੀ ਪ੍ਰਸੰਨਤਾ ਵਾਸਤੇ ਧਾਰਣ ਕਰਦੀ ਹਾਂ ਪਰ ਜੇ ਕਰ ਸੱਚੇ ਹਰੀ ਪ੍ਰਭੂ ਜੀ ਨੂੰ ਭਾ ਜਾਵਾਂ ਭਾਵ ਚੰਗੀ ਲੱਗਾਂ। ਪਰ ਉਹ ਪਿਆਰਾ (ਪ੍ਰਭੂ) ਮੇਰੇ ਵਲ (ਤੇ ਮੇਰੇ ਕੀਤੇ ਵੇਸਾਂ ਤਰਫ) ਨਦਰਿ=ਦ੍ਰਿਸ਼ਟੀ ਭਰ ਕੇ ਵੀ ਨਹੀਂ ਵੇਖਦਾ, (ਇਸ ਲਈ ਫੇਰ ਮੈਂ) ਕਿਵੇਂ ਕਰਕੇ ਧੀਰਜ ਨੂੰ ਪਾਵਣਾ ਕਰਾਂ। ਜਿਸ ਪਤੀ ਦੀ ਪ੍ਰਸੰਨਤਾ ਵਾਸਤੇ ਮੈਂ ਸ਼ਿੰਗਾਰ ਲਗਾ ਕੇ (ਆਪਣੇ ਆਪ ਨੂੰ) ਸ਼ਿੰਗਾਰਦੀ ਹਾਂ, ਉਹ ਮੇਰਾ ਪਤੀ ਪ੍ਰਮਾਤਮਾ ਹੋਰਨਾਂ ਸੰਤਾਂ ਭਗਤਾਂ ਨਾਲ ਰਤਾ=ਮਿਲ ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਸੁਹਾਗਣ (ਮਨ ਬਾਣੀ ਸਰੀਰ ਕਰਕੇ ਧੰਨ ਧੰਨ) ਹੈ ਜਿਸ ਨੇ ਸੱਚੇ ਤੇ ਸੋਹਣੇ ਪਤੀ ਵਾਹਿਗੁਰੂ ਜੀ ਦੇ ਨਾਮ ਨੂੰ ਰਾਵਿਅੜਾ=ਉਚਾਰਨ ਕੀਤਾ ਹੈ, (ਭਾਵ ਨਾਮ ਜਪਿਆ ਹੈ।)। ੨।

**ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ॥ ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥ ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ॥**

**ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ॥੩॥**

**ਪਦ ਅਰਥ** :-ਕਿਉ-ਕਿਵੇਂ। ਪਾਇਅੜਾ-ਪਾਇਆ ਹੈ। ਮੈ-ਮੇਰੇ। ਨਦਰਿ-ਮੇਹਰ, ਕਿਰਪਾ। ਛੋਡਿਅੜਾ-ਛੱਡ ਦਿੱਤਾ, ਤਿਆਗ ਦਿੱਤਾ।

**ਅਰਥ** :-ਮੈਂ ਜਾ ਕੇ ਉਨ੍ਹਾਂ ਪਾਸੋਂ ਪੁੱਛਦੀ ਹਾਂ ਜਿਨ੍ਹਾਂ ਸੁਹਾਗਣਾਂ ਨੇ ਪਤੀ ਦੇ ਸੁਹਾਗ ਨੂੰ ਮਾਣਿਆ ਹੈ (ਕਿ ਹੇ ਭੈਣੇ!) ਤੁਸਾਂ ਨੇ ਮੇਰੇ ਪ੍ਰਭੂ ਪਤੀ ਨੂੰ ਕਿਵੇਂ ਪਾਇਆ ਹੈ?। (ਤਾਂ ਅਗੋਂ ਉੱਤਰ ਮਿਲਿਆ ਕਿ) ਮੇਰੇ ਉਪਰ ਸੱਚੇ ਪਤੀ ਪ੍ਰਮਾਤਮਾ ਨੇ ਮੇਹਰ ਕਰ ਦਿੱਤੀ, (ਉਸ ਮੇਹਰ ਦਾ ਸਦਕਾ) ਮੈਂ ਮੇਰ-ਤੇਰ=ਵਿਤਕਰਾ ਛੱਡ ਦਿੱਤਾ। ਹੇ ਭੈਣ! ਆਪਣਾ ਮਨ, ਸਰੀਰ ਤੇ ਜਿੰਦ ਸਭ ਕੁਝ ਪ੍ਰਮਾਤਮਾ ਨੂੰ ਅਰਪਨ ਕਰ ਦਿਉ, ਇਸ ਰਸਤੇ 'ਤੇ ਤੁਰਿਆਂ ਹੀ ਉਸ (ਪ੍ਰਭੂ) ਨੂੰ ਮਿਲ ਸਕੀਦਾ ਹੈ। ਆਪਣਾ ਪ੍ਰਭੂ ਜਿਸ ਵੇਲੇ ਮੇਹਰ ਦੀ ਨਿਗ੍ਹਾ ਕਰਕੇ ਵੇਖੇਗਾ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਤਾਂ ਇਹ ਜੋਤ ਜੋਤੀ ਸਰੂਪ ਵਿਚ ਅਭੇਦ ਹੋ ਜਾਵੇਗੀ। ੩।

**ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ॥ ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ॥ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ॥੪॥**

**ਪਦ ਅਰਥ** :-ਸਨੇਹਾ-ਖ਼ਬਰ, ਪਤਾ। ਪਖਾ ਫੇਰੀ-ਪੱਖਾ ਝੱਲਾਂ। ਕਮਾਵਾ-ਕਰਾਂ।

**ਅਰਥ** :-ਜੋ ਮੈਨੂੰ ਹਰੀ ਪ੍ਰਭੂ ਦੀ (ਪ੍ਰਾਪਤੀ) ਦੀ ਖ਼ਬਰ (ਪਤਾ) ਦੇਵੇ ਤਿਸ ਨੂੰ ਮੈਂ ਆਪਣਾ ਮਨ, ਤਨ ਦੇ ਦੇਵਾਂਗੀ। ਹਮੇਸ਼ਾ ਉਸ ਨੂੰ (ਗਰਮੀਆਂ ਵਿਚ) ਪੱਖਾ ਝੱਲਾਂ ਤੇ ਉਸ ਦੀ ਸੇਵਾ ਕਰਾਂ ਅਤੇ ਉਸ ਅੱਗੇ ਪਾਣੀ ਢੋਵਣਾ ਕਰਾਂ। ਜੋ ਹਰ ਤਰ੍ਹਾਂ ਨਾਲ (ਮੈਨੂੰ ਸਮਝਾਵਣ ਵਾਸਤੇ) ਹਰਿ ਹਰਿ=ਵਾਹਿਗੁਰੂ ਜੀ ਦੀ ਕਥਾ ਸੁਣਾਵੇ, (ਮੈਂ ਉਸ) ਹਰਿ ਜਨ=ਹਰੀ ਦੇ ਸੇਵਕ ਦੀ ਹਮੇਸ਼ਾ ਸੇਵਾ ਕਰਾਂ। ਗੁਰ=ਪੂਜਨੀਕ ਸਤਿਗੁਰੂ ਅਗਿਆਨਤਾ ਦੇ ਅੰਧੇਰੇ ਨੂੰ ਮੇਟਣ ਵਾਲੇ ਧੰਨ ਧੰਨ ਹਨ, ਨਾਨਕ (ਗੁਰੂ ਜੀ ਫੁਰਮਾਉਂਦੇ ਹਨ) ਕਿ ਜਿੰਨ੍ਹਾਂ ਨੇ (ਮੇਰੀ) ਮਨ ਦੀ ਆਸਾ ਪੂਰੀ ਕਰ ਦਿੱਤੀ ਹੈ।੪।

**ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ॥ ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ॥ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ॥ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ॥੫॥**

**ਪਦ ਅਰਥ** :-ਸਜਣੁ-ਮਿੱਤਰ। ਗੁਰ-ਪੂਜਨੀਕ। ਗੋਸਟਿ-ਕਥਾ। ਸਾਂਝੀ-ਭਾਈਵਾਲਤਾ।

**ਅਰਥ** :-ਮਿੱਤਰ ਗੁਰੂ ਨੇ ਮੇਰਾ ਹਰੀ ਨਾਲ ਮੇਲ ਕਰਾ ਦਿੱਤਾ ਹੈ, ਜਿਸ (ਗੁਰੂ ਨਾਲ) ਮਿਲਕੇ ਹਰੀ ਨਾਮ ਧਿਆਉਣਾ ਕੀਤਾ ਹੈ। ਪੂਜਨੀਕ ਸਤਿਗੁਰੂ (ਸਾਹਿਬ ਜੀ) ਪਾਸੋਂ ਹਰੀ ਦੀ ਕਥਾ ਪੁੱਛਦਾ ਹਾਂ, (ਗੁਰੂ

ਪਾਸੋਂ ਕਥਾ ਸੁਣਕੇ) ਗੁਰੂ ਨਾਲ ਭਾਈਵਾਲਤਾ ਕਰਕੇ ਹਰੀ ਗੁਣ ਗਾਉਂਦਾ ਰਹਾਂ। ਸਦਾ ਨਿਤ ਨਿਤ ਹਰੀ ਦੇ ਗੁਣ ਗਾਵਾਂ ਕਿਉਂਕਿ ਹਰੀ ! ਤੇਰਾ ਨਾਮ ਸੁਣ ਕੇ ਮੇਰਾ ਮਨ ਆਤਮਿਕ ਜੀਵਨ ਨਾਲ ਜਿਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਸ ਸਮੇਂ ਮੇਰਾ ਸੁਆਮੀ ਮੈਨੂੰ ਭੁੱਲ ਜਾਂਦਾ ਹੈ ਉਸ ਵੇਲੇ ਮੇਰੀ ਜਿੰਦ ਆਤਮਿਕ ਮੌਤ ਮਰ ਜਾਂਦੀ ਹੈ। ੫।

**ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ ॥ ਜਿਸ ਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ ॥ ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ ॥ ੬ ॥ ੧ ॥ ੩ ॥**

**ਪਦ ਅਰਥ** :–ਲੋਚੈ–ਚਾਹੁੰਦਾ ਹੈ। ਸੋ ਵੇਖੈ–ਉਹ ਹੀ ਵੇਖਦਾ ਹੈ। ਜਿਸ ਨੋ–ਜਿਸ ਉੱਤੇ। ਸਮਾਲੇ–ਯਾਦ ਕਰਦਾ ਹੈ। ਇਕੇ–ਇਕ ਰੂਪ ਹੀ।

**ਅਰਥ** :–ਹਰੀ ਦੇ ਦਰਸ਼ਨਾਂ ਨੂੰ ਤਾਂ ਸਭ ਕੋਈ ਚਾਹੁੰਦਾ ਹੈ ਪਰ ਉਹ ਹੀ ਦਰਸ਼ਨ ਕਰਦਾ ਹੈ ਜਿਸ ਨੂੰ ਆਪ ਕਰਾਉਂਦਾ ਹੈ। ਮੇਰਾ ਪਿਆਰਾ (ਪ੍ਰਭੂ) ਜਿਸ 'ਤੇ ਮੇਹਰ ਕਰਦਾ ਹੈ, ਉਹ ਹਰਿ ਹਰਿ ਨਾਮ ਨੂੰ ਸੰਭਾਲਦਾ ਭਾਵ ਜਪਦਾ ਰਹਿੰਦਾ ਹੈ। ਉਹ ਹਰਿ ਹਰਿ ਨਾਮ ਨੂੰ ਸਦਾ–ਸਦਾ ਸੰਭਾਲਦਾ ਭਾਵ ਜਪਦਾ ਰਹਿੰਦਾ ਹੈ, ਜਿਸ ਨੂੰ ਮੇਰਾ ਪੂਰਾ ਸਤਿਗੁਰੂ ਸਾਹਿਬ ਜੀ ਮਿਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹਰੀ ਦਾ ਸੇਵਕ ਹਰੀ ਦਾ ਇਕ ਰੂਪ ਹੀ ਹੋ ਗਏ ਹਨ, (ਕਿਸ ਤਰ੍ਹਾਂ ਇਕ ਹੋਏ ਹਨ ?) ਹਰੀ ਨੂੰ ਜਪ ਕੇ ਹਰੀ ਨਾਲ ਰਲਿਆ=ਰਲ ਮਿਲ ਗਿਆ, (ਉਸ ਵਿਚ ਅਭੇਦ ਹੋ ਗਿਆ)। ੬। ੧। ੩।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਤੀਸਰੇ ਪਦੇ ਵਿਚ :–'ਜੋ ਹਰਿ ਹਰਿ ਕਥਾ ਸੁਣਾਏ॥' ਇਨ੍ਹਾਂ ਪੰਗਤੀਆਂ ਦਾ ਭਾਵ ਪ੍ਰਗਟਾਇਆ ਹੈ।

***"ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥"***

(ਅੰਗ ੫੫੮)

ਅਤੇ ਸ਼ਬਦ ਦੇ ਅਖ਼ੀਰ ਵਿਚ 'ਹਰਿ ਜਨ' ਦੀ "ਹਰਿ ਜਪਿ ਹਰਿ ਸੇਤੀ ਰਲਿਆ॥ ਉਚਾਰ ਕੇ ਵਾਹਿਗੁਰੂ ਵਿਚ ਅਭੇਦਤਾ ਦਰਸਾਈ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੨੯ (ਅੰਗ ੫੬੩)

ਵਡਹੰਸੁ ਮਃ ੫ ॥ ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥ ੧ ॥ ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥ ੧ ॥ ਰਹਾਉ ॥ ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥ ੨ ॥ ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥ ੩ ॥ ੮ ॥

## ਪ੍ਰਾਕ੍ਰਥਨ :-

ਇਹ ਪਾਵਣ ਸ਼ਬਦ ਪੰਚਮ ਗੁਰਦੇਵ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਡਹੰਸੁ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੇ ਆਦਿ ਵਿਚ "ਤੂ ਜਾਣਾਇਹਿ ਤਾ ਕੋਈ ਜਾਣੈ॥" ਵਾਹਿਗੁਰੂ ਜੀ ਦੀ ਜਾਣਕਾਰੀ ਦਾ ਜ਼ਿਕਰ ਕੀਤਾ ਹੈ। ਉਸ ਪ੍ਰਮੇਸ਼ਰ ਨੂੰ ਜਾਣਨ ਦਾ ਯਤਨ ਤਾਂ ਸਾਰੇ ਹੀ ਕਰਦੇ ਹਨ, ਪਰ ਉਹ ਕਿਸ ਤਰ੍ਹਾਂ ਜਾਣਿਆ ਜਾ ਸਕੇ ਕਿਉਂਕਿ ਉਸ ਦਾ ਨਿਰਗੁਣ ਸਰੂਪ ਇਨ੍ਹਾਂ ਅੱਖਾਂ ਦਾ ਵਿਸ਼ਾ ਨਹੀਂ ਹੈ। ਹਜ਼ੂਰ ਨੇ ਸ੍ਰੀ ਸੁਖਮਨੀ ਸਾਹਿਬ ਦੇ ਸਲੋਕ ਅੰਦਰ ਉਸ ਦੇ ਸਰੂਪ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ—

***"ਸਲੋਕ॥ ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ॥***
***ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁਪ੍ਰਸੰਨ॥"***

ਰੂਪ ਤੇ ਅਕਾਰ ਵਾਲੀ ਵਸਤੂ ਇਨ੍ਹਾਂ ਅੱਖਾਂ ਕਰਕੇ ਦੇਖੀ ਜਾ ਸਕਦੀ ਹੈ, ਪਰ ਉਸਦਾ ਨਾ ਰੂਪ ਹੈ, ਨਾ ਕੋਈ ਆਕਾਰ ਹੈ। ਉਹ ਤਾਂ

***"ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥***
***ਅਚਲ ਮੂਰਤਿ ਅਨਭਉ ਪ੍ਰਕਾਸ ਅਮਤੋਜਿ ਕਹਿੱਜੈ॥***
***ਕੋਟ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ॥***
***ਤ੍ਰਿਭਵਣ ਮਹੀਪ ਸੁਰ ਨਰ ਅਸੁਰ ਨੇਤ ਨੇਤ ਬਨ ਤ੍ਰਿਣ ਕਹਤ॥***
***ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥"***

(ਜਾਪੁ ਸਾਹਿਬ)

ਫੁੱਲ ਵਿਚ ਸੁਗੰਧੀ ਹੈ ਪਰ ਦਿੱਸਦੀ ਨਹੀਂ। ਦਿੱਸਦਾ ਤਾਂ ਫੁੱਲ ਹੈ। ਪਰ ਹਜ਼ੂਰ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਫੁੱਲ ਵਿਚ ਸੁਗੰਧੀ ਤੇ ਦਰਪਨ ਵਿਚ ਪ੍ਰਛਾਵਾਂ ਹੈ, ਇਸੇ ਤਰ੍ਹਾਂ ਸਾਰਿਆਂ ਦੇ ਅੰਦਰ ਉਹ ਵਾਹਿਗੁਰੂ ਜੀ ਦਾ ਨਿਵਾਸ ਹੈ, ਪਰ ਉਹ ਹਰ ਕਿਸੇ ਨੂੰ ਪ੍ਰਤੱਖ ਰੂਪ ਵਿਚ ਦਿਸਦਾ ਨਹੀਂ। ਸਿਆਣਿਆਂ ਵਿਦਵਾਨਾਂ ਨੇ ਹੁੰਦੀ ਹੋਈ ਵਸਤੂ ਦੇ ਨਾ ਦਿਸਣ ਦੇ ਕੁਝ ਕਾਰਨ ਮੰਨੇ ਹਨ। ਪੰਡਿਤ ਗੁਲਾਬ ਸਿੰਘ ਜੀ ਨੇ ਹੁੰਦੀ ਹੋਈ ਚੀਜ਼ ਨਾ ਦਿੱਸਣ ਦੇ ਅੱਠ ਕਾਰਣ ਦੱਸੇ ਹਨ—

## ਨਾ ਦਿੱਸਣ ਦੇ ਅੱਠ ਕਾਰਣ

***"ਦੂਰ ਸਮੀਪ ਇੰਦ੍ਰੇ ਕੀ ਹਾਨ॥ ਮਨ ਚੰਚਲ ਸੂਖਛਮ ਬਿਬਦਾਨ॥***
***ਤ੍ਰਿਸਕਾਰ ਸਜਾਤੀ ਸੰਗ॥ ਯਹ ਅੱਠ ਹੇਤ ਜਾਣ ਚਿਤ ਅੰਗ॥"***

(ਮੋਖਸ਼ ਪੰਥ)

੧. **ਦੂਰ**—ਜੋ ਵਸਤੂ ਬਹੁਤ ਦੂਰ ਹੈ, ਜਿਥੇ ਅੱਖਾਂ ਦੀ ਨਿਗ੍ਹਾ ਨਹੀਂ ਪਹੁੰਚਦੀ, ਉਹ ਵੀ ਨਹੀਂ ਦਿੱਸਦੀ। ਵਾਹਿਗੁਰੂ ਜੀ ਤਾਂ ਸਭ ਤੋਂ ਉੱਚਾ ਹੈ। ਉੱਚਿਆਂ ਤੋਂ ਵੀ ਉੱਚਾ ਹੈ।

***"ਊਚ ਅਪਾਰ ਬੇਅੰਤ ਸੁਆਮੀ ਕਉਣੁ ਜਾਣੈ ਗੁਣ ਤੇਰੇ॥"*** (ਅੰਗ ੮੦੨)

੨. **ਸਮੀਪ**—ਅਤੀ ਸਮੀਪ ਭਾਵ ਬਹੁਤ ਨੇੜੇ ਵਾਲੀ ਵਸਤੂ ਵੀ ਨਹੀਂ ਦਿੱਸਦੀ। ਕਿਉਂ ਨਹੀਂ ਦਿੱਸਦੀ ?

ਉੱਤਰ-ਅੱਖਾਂ ਦੀਆਂ ਧੀਰੀਆਂ ਸਭ ਤੋਂ ਅੱਖਾਂ ਦੇ ਨੇੜੇ ਹਨ, ਪਰ ਆਪ ਨੂੰ ਨਹੀਂ ਦਿੱਸਦੀਆਂ। ਹਾਂ, ਯਤਨ ਕੀਤਿਆਂ ਸ਼ੀਸ਼ੇ ਨਾਲ ਦਿੱਸਦੀਆਂ ਹਨ।

ਵਾਹਿਗੁਰੂ ਜੀ ਤਾਂ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" ਭਗਤ ਰਵਿਦਾਸ ਜੀ ਤਾਂ ਕਹਿੰਦੇ ਹਨ :

***"ਕਹਿ ਰਵਿਦਾਸ ਹਾਥ ਪੈ ਨੇਰੈ ਸਹਜੇ ਹੋਇ ਸੁ ਹੋਈ॥੪॥"***

(ਅੰਗ ੬੫੮)

੩. **ਇੰਦ੍ਰੇ ਕੀ ਹਾਨ**—ਅੱਖਾਂ ਦੀ ਨਿਗਾਹ ਠੀਕ ਨਾ ਹੋਏ ਤਾਂ ਵੀ ਹੁੰਦੀ ਹੋਈ ਵਸਤੂ ਨਹੀਂ ਦਿੱਸਦੀ।

ਸਾਡੀਆਂ ਅੱਖਾਂ ਅੰਦਰ ਭਰਮ ਦੇ ਫੋਲੇ ਪਏ ਹੋਏ ਹਨ। ਵਾਹਿਗੁਰੂ ਜੀ ਨੂੰ ਕਿਸ ਤਰ੍ਹਾਂ ਵੇਖੀਏ, ਇਸ ਕਰਕੇ ਉਹ ਨਹੀਂ ਦਿੱਸਦਾ।

੪. **ਮਨ ਚੰਚਲ**—ਮਨ ਕਾਹਲੀ ਵਿਚ ਘਬਰਾਇਆ ਹੋਇਆ ਹੋਵੇ ਤਾਂ ਵੀ ਕਈ ਵਾਰੀ ਵਸਤੂ ਆਪਣੀ ਰੱਖੀ ਹੋਈ ਵੀ ਨਹੀਂ ਦਿੱਸਦੀ। ਸਾਡਾ ਮਨ ਤਾਂ ਹਮੇਸ਼ਾ ਹੀ ਘਬਰਾਇਆ ਰਹਿੰਦਾ ਹੈ ਫੇਰ ਉਸ ਵਾਹਿਗੁਰੂ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋਵਣ। ਸਾਡਾ ਜੀਆਂ ਦਾ ਤਾਂ ਮਨ ਹਮੇਸ਼ਾ ਹੀ ਕਾਹਲੀ ਵਿਚ ਘਬਰਾਇਆ ਰਹਿੰਦਾ ਹੈ।

੫. **ਸੂਖਛਮ**—ਸੂਖਮ ਤੋਂ ਸੂਖਮ ਵਸਤੂ ਵੀ ਬਿਨਾ ਯਤਨ ਇਨ੍ਹਾਂ ਅੱਖਾਂ ਨਾਲ ਦਿੱਸਦੀ ਨਹੀਂ। ਜਿਸ ਤਰ੍ਹਾਂ ਬਹੁਤ ਸਾਰੇ ਕੀਟਾਣੂੰ ਜੋ ਸਾਨੂੰ ਦਿੱਸਦੇ ਨਹੀਂ ਹਨ ਪਰ ਖੁਰਦਬੀਨ ਨਾਲ ਵੇਖੇ ਜਾ ਸਕਦੇ ਹਨ।

ਵਾਹਿਗੁਰੂ ਜੀ ਤਾਂ "ਹਰਿ ਜੀ ਸੂਖਮੁ ਅਗਮੁ ਹੈ ਕਿਤੁ ਬਿਧਿ ਮਿਲਿਆ ਜਾਇ॥" ਉਹ ਤਾਂ ਸੂਖਮ ਤੋਂ ਸੂਖਮ ਸਰੂਪ ਹੈ। ਜੋ ਕੀਟਾਣੂ ਨਜ਼ਰ ਨਹੀਂ ਆਂਵਦੇ, ਵਾਹਿਗੁਰੂ ਜੀ ਉਨ੍ਹਾਂ ਵਿਚ ਵੀ ਸਮਾਇਆ ਹੈ।

੬. **ਬਿਬਦਾਨ**—ਬਿਬਦਾਨ ਨਾਮ ਪੜਦੇ ਦਾ ਹੈ। ਜੋ ਵਸਤੂ ਪੜਦੇ ਅੰਦਰ ਹੈ ਉਹ ਨਹੀਂ ਦਿੱਸਦੀ। ਦੇਖਣ ਵਾਸਤੇ ਪੜਦਾ ਦੂਰ ਕਰਨਾ ਪੈਂਦਾ ਹੈ। ਪਰ ਸਾਡੇ ਸਾਰੇ ਜੀਆਂ ਦੇ ਅੰਦਰ ਤਾਂ ਪੰਜ ਪੜਦੇ ਮੰਨੇ ਹਨ—

੧. ਅੰਨਯ ਮਯ ਕੋਸ਼, ੨. ਮਨੋਮਯ ਕੋਸ਼, ੩. ਪ੍ਰਾਣ ਮਯ ਕੋਸ਼ ੪. ਵਿਗਿਆਨਮਯ ਕੋਸ਼, ੫. ਅਨੰਦ ਮਯ ਕੋਸ਼। ਇਹ ਪੰਜ ਪੜਦੇ ਹਨ ਅਤੇ ਇਕ ਹੋਰ ਪੜਦਾ ਹੈ "ਵਿਚ ਹਉਮੈ ਭੀਤ ਕਰਾਰੀ॥" ਹਉਮੈ ਦਾ ਪੜਦਾ ਹੈ।

੭. **ਤ੍ਰਿਸ੍ਰਕਾਰ**— ਤ੍ਰਿਸਕਾਰ ਨਾਮ ਨਿਰਾਦਰ ਜਾਂ ਅਪਮਾਨ ਦਾ ਹੈ। ਜਿਸ ਤਰ੍ਹਾਂ ਅਕਾਸ਼ ਵਿਚ ਸਿਤਾਰੇ ਰਾਤ ਨੂੰ ਦਿੱਸਦੇ ਹਨ ਪਰ ਸੂਰਜ ਆਪਣਾ ਤੇਜ ਪਾ ਕੇ ਉਨ੍ਹਾਂ ਨੂੰ ਦਿਸਣੋਂ ਹਟਾ ਦਿੰਦਾ ਹੈ। ਸਤਾਰੇ ਦਿਨ ਨੂੰ ਵੀ ਹੁੰਦੇ ਹਨ, ਤੇਜ਼ ਨਜ਼ਰ ਵਾਲੇ ਮਨੁੱਖ ਨੂੰ ਦਿੱਸਦੇ ਹਨ, ਪਰ ਸੂਰਜ ਉਨ੍ਹਾਂ ਦਾ ਤ੍ਰਿਸਕਾਰ ਕਰ ਦਿੰਦਾ ਹੈ। ਇਸ ਕਰਕੇ ਦਿਨ ਨੂੰ ਦਿੱਸਦੇ ਨਹੀਂ ਹਨ, ਪਰ ਅਸੀਂ ਤਾਂ ਵਾਹਿਗੁਰੂ ਜੀ ਦਾ ਨਿਰਾਦਰ ਜਾਂ ਅਪਮਾਨ ਕਹੋ, ਕਰਦੇ ਹੀ ਰਹਿੰਦੇ ਹਾਂ। ਕੋਈ ਕਰਮਾਂ ਅਨੁਸਾਰ ਦੁਖ ਆ ਬਣਿਆ ਤਾਂ ਕਹਿ ਦਿੰਦੇ ਹਾਂ ਕਿ ਵਾਹਿਗੁਰੂ ਦਾ ਪਤਾ ਨਹੀਂ ਅਸੀਂ ਕੀ ਵਿਗਾੜਿਆ ਹੈ। ਵਾਹਿਗੁਰੂ ਵੀ ਸਾਡਾ ਦੁਸ਼ਮਣ ਬਣ ਗਿਆ। ਸਾਨੂੰ ਦੁੱਖ ਹੀ ਦੁੱਖ ਦੇਈ ਜਾਂਦਾ ਹੈ। ਫੇਰ ਉਸ ਵਾਹਿਗੁਰੂ ਜੀ ਦੇ ਦਰਸ਼ਨ ਕਿਸ ਤਰ੍ਹਾਂ ਹੋਵਣ ? ਅਸੀਂ ਦਿਨ ਰਾਤ ਉਸ ਦਾ ਨਿਰਾਦਰ ਕਰਨ ਵਾਲੇ ਬਚਨ ਬੋਲਦੇ ਹਾਂ।

੮. **ਸਜਾਤੀ ਸੰਗ**—ਸਜਾਤੀ ਤੋਂ ਭਾਵ ਹੈ ਇਕੋ ਜਾਤੀ, ਇਕੋ ਕਿਸਮ ਦੀਆਂ ਵਸਤੂਆਂ ਇਕੱਠੀਆਂ ਹੋਵਣ ਤਾਂ ਵੱਖ-ਵੱਖ ਪਛਾਣ ਕਰਨੀ ਔਖੀ ਹੈ। ਵਾਹਿਗੁਰੂ ਜੀ ਤਾਂ ਸਾਰੇ ਜੀਆਂ ਦਾ ਆਪਣਾ ਆਪ ਰੂਪ ਹੈ। ਸਾਰਿਆਂ ਵਿਚ ਸਮਾਇਆ ਹੋਇਆ ਹੈ।

***"ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ॥***
***ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥"***

(ਅੰਗ ੨੯੬)

ਫੇਰ ਉਸ ਨੂੰ ਵੱਖ ਰੂਪ ਵਿਚ ਕਿਸ ਤਰ੍ਹਾਂ ਵੇਖੀਏ ਭਾਵ ਨਹੀਂ ਦਿੱਸਦਾ।

'ਯਹ ਅੱਠ ਹੇਤ ਜਾਤ ਚਿਤ ਅੰਗ॥' ਹੇ ਪਿਆਰੇ ! ਹੁੰਦੀ ਹੋਈ ਵਸਤੂ ਦੇ ਨਾ ਦਿੱਸਣ ਦੇ ਇਹ ਅੱਠ ਕਾਰਨ ਹਨ।

***"ਦੂਰ ਸਮੀਪ ਇੰਦ੍ਰੇ ਕੀ ਹਾਨ॥ ਮਨ ਚੰਚਲ ਸੂਖਛਮ ਬਿਬਦਾਨ॥***
***ਤ੍ਰਿਸਕਾਰ ਸਜਾਤੀ ਸੰਗ॥ ਯਹ ਅੱਠ ਹੇਤ ਜਾਨ ਚਿਤ ਅੰਗ॥"***

(ਮੋਖਸ਼ ਪੰਥ)

ਇਸ ਕਰਕੇ ਉਸ ਨੂੰ ਆਪਣੇ ਯਤਨ ਦੁਆਰਾ ਨਹੀਂ ਜਾਣਿਆ ਜਾ ਸਕਦਾ। ਇਸੇ ਕਰਕੇ ਹਜ਼ੂਰ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਫੁਰਮਾਨ ਹੈ ਕਿ ਕੋਈ ਉਸ ਨੂੰ ਸ਼ਿਵਜੀ ਮੰਨੀ ਬੈਠਾ ਹੈ।

***"ਮਹਾਦੇਵ ਕੌ ਕਹਿਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹਿ ਭਿਵ॥"***

(ਦਸਮ ਗ੍ਰੰਥ)

ਕੋਈ ਪੱਥਰ ਨੂੰ ਰੱਬ ਮੰਨ ਕੇ ਪੂਜੀ ਜਾਂਦਾ ਹੈ। ਕੋਈ ਬ੍ਰਹਮਾ, ਵਿਸ਼ਨੂੰ ਤੇ ਹੋਰ ਦੇਵਤਿਆਂ ਨੂੰ ਰੱਬ ਮੰਨ ਕੇ ਪੂਜੀ ਜਾਂਦਾ ਹੈ।

# ਸਾਖੀ—ਚਾਰ ਅੰਨ੍ਹਿਆਂ ਦੀ

ਜਿਸ ਤਰ੍ਹਾਂ ਚਾਰ ਅੰਨ੍ਹੇ ਮਨੁੱਖ ਅੱਖਾਂ ਦੀ ਨਜ਼ਰ ਬਿਨਾਂ ਸਨ। ਉਹ ਕਹਿੰਦੇ ਅਸੀਂ ਹਾਥੀ ਵੇਖਣਾ ਹੈ ਪਰ ਅੱਖਾਂ ਬਿਨਾਂ, ਨਜ਼ਰ ਬਿਨਾਂ ਕਿਵੇਂ ਵੇਖਿਆ ਜਾ ਸਕੇ। ਕਿਸੇ ਸੁਜਾਖੇ ਮਨੁੱਖ ਨੇ ਉਨ੍ਹਾਂ ਚਾਰਾਂ ਅੰਨ੍ਹਿਆਂ ਨੂੰ ਹਾਥੀ ਵਿਖਾਇਆ, ਪਰ ਵਿਖਾਇਆ ਇਸ ਢੰਗ ਨਾਲ ਕਿ ਇਕ ਨੂੰ ਹਾਥੀ ਦੇ ਕੰਨਾਂ ਨਾਲ ਹੱਥ ਲਵਾ ਕੇ ਕਿਹਾ ਇਹ ਹਾਥੀ ਹੈ। ਦੂਜੇ ਨੂੰ ਹਾਥੀ ਦੀ ਲੱਤ ਨਾਲ, ਇਸੇ ਤਰ੍ਹਾਂ ਤੀਜੇ ਨੂੰ ਹਾਥੀ ਦੇ ਢਿਡ ਨਾਲ ਜੱਫਾ ਪਵਾਇਆ। ਚੌਥੇ ਨੂੰ ਹਾਥੀ ਦੀ ਪੂਛ ਨਾਲ ਹੱਥ ਲਵਾ ਦਿੱਤਾ। ਹੁਣ ਚਾਰਾਂ ਨੇ ਹਾਥੀ ਨੂੰ ਵੇਖਿਆ ਪਰ ਜਿਹੋ ਜਿਹਾ ਵੇਖਿਆ ਉਹੋ ਜਿਹਾ ਹੀ ਦੱਸ ਸਕਦੇ ਸਨ। ਕਿਸੇ ਨੇ ਕੱਲੇ ਕੱਲੇ ਪਾਸੋਂ ਪੱਛਿਆ ਹਾਥੀ ਬਾਰੇ। ਪਹਿਲਾ ਅੰਨ੍ਹਾ ਕਹਿੰਦਾ ਹੈ ਕਿ ਹਾਥੀ ਕੇਲੇ ਦੇ ਪੱਤੇ ਜੈਸਾ ਹੈ ਕਿਉਂਕਿ ਹਾਥੀ ਦਾ ਕੰਨ ਵੇਖਿਆ ਸੀ। ਜਿਸ ਨੇ ਲੱਤ ਵੇਖੀ, ਉਹ ਕਹਿੰਦਾ ਹਾਥੀ ਥੰਮਲੇ ਜੈਸਾ ਹੈ। ਤੀਜੇ ਜਿਸ ਨੂੰ ਢਿਡ ਨਾਲ ਜੱਫਾ ਪਵਾਇਆ ਸੀ, ਉਹ ਕਹਿੰਦਾ ਹੈ ਕਿ ਤੁਸੀਂ ਝੂਠ ਬੋਲਦੇ ਹੋ, ਹਾਥੀ ਤਾਂ ਪਾਥੀਆਂ ਦੇ ਗਹੀਰੇ ਜੈਸਾ ਹੈ। ਚੌਥਾ ਕਹਿੰਦਾ ਹੈ ਕਿ ਤੁਸੀਂ ਸਾਰੇ ਝੂਠ ਬੋਲਦੇ ਹੋ ਹਾਥੀ ਤਾਂ ਰੱਸੇ ਜੈਸਾ ਹੈ ਕਿਉਂਕਿ ਚੌਥੇ ਨੇ ਪੂਛ ਨੂੰ ਹੱਥ ਲਾ ਕੇ ਵੇਖਿਆ ਸੀ। ਇਸ ਲਈ ਹਾਥੀ ਨੂੰ ਵੱਖ ਵੱਖ ਰੂਪ ਵਿਚ ਚਾਰਾਂ ਨੇ ਦੱਸਿਆ ਪਰ ਅਸਲ ਸਹੀ ਕੋਈ ਨਹੀਂ ਦੱਸ ਸਕਿਆ। ਇਸੇ ਤਰ੍ਹਾਂ ਪ੍ਰਮੇਸ਼ਰ ਨੂੰ ਕੋਈ ਤਾਂ "ਮਹਾਂਦੇਵ ਕੋ ਕਹਤ ਸਦਾ ਸਿਵ॥ ਨਿਰੰਕਾਰ ਕਾ ਚੀਨਤ ਨਹ ਭਿਵ॥" ਇਸ ਲਈ ਉਸ ਵਾਹਿਗੁਰੂ ਜੀ ਨੂੰ ਤਾਂ ਸਭ ਕੋਈ :-"ਸੁਣ ਵਡਾ ਆਖੈ ਸਭਿ ਕੋਇ॥ ਕੇਵਡ ਵਡਾ ਡੀਠਾ ਹੋਇ॥ ਕੀਮਤ ਪਾਇ ਨ ਕਹਿਆ ਜਾਇ॥" ਉਹ ਵਾਹਿਗੁਰੂ ਜਿਸ ਉਪਰ ਆਪ ਕਿਰਪਾ ਕਰਦਾ ਹੈ। "ਜਿਸ ਨੋ ਤੂ ਜਾਣਾਇਹਿ ਸੋਈ ਜਨ ਜਾਣੈ॥ ਹਰਿ ਗੁਣ ਸਦ ਹੀ ਆਖਿ ਵਖਾਣੈ॥" ਇਸ ਸ਼ਬਦ ਦੇ ਆਰੰਭ ਵਿਚ ਵੀ ਹਜ਼ੂਰ ਨੇ ਇਹੋ ਸਿਧਾਂਤ ਪ੍ਰਗਟ ਕੀਤਾ ਹੈ।

**ਵਡਹੰਸੁ ਮਃ ੫ ॥ ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥੧॥ ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ ॥ ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥ ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥**

**ਪਦ ਅਰਥ** :-ਤੂ ਜਾਣਾਇਹਿ-ਤੂੰ ਆਪਣਾ ਸਰੂਪ ਜਣਾਉਂਦਾ ਹੈਂ। ਤਾ-ਤਾਂ ਹੀ। ਵਖਾਣੈ-ਉਚਾਰਦਾ, ਸਿਮਰਦਾ ਹੈ। ਬਿਸਮਾ-ਹੈਰਾਨਗੀ ਪੈਦਾ ਕਰਨ ਵਾਲੀ।

**ਅਰਥ** :-(ਜਿਸ ਨੂੰ) ਤੂੰ ਆਪਣਾ ਸਰੂਪ ਆਪ ਜਣਾਉਂਦਾ ਹੈਂ ਤਾਂ ਹੀ ਕੋਈ ਜਾਣ ਸਕਦਾ ਹੈ। ਤੇਰਾ ਦਿੱਤਾ ਹੋਇਆ ਹੀ (ਜੀਵ) ਨਾਮ ਉਚਾਰਦਾ (ਭਾਵ ਸਿਮਰਦਾ) ਹੈ। ੧। ਹੇ ਪ੍ਰਭੂ ਤੂੰ ਅਚਰਜ=ਹੈਰਾਨ ਕਰ ਦੇਣ ਵਾਲੀ ਹਸਤੀ ਵਾਲਾ ਹੈਂ ਅਤੇ ਤੇਰੀ ਕੁਦਰਤ=ਸ਼ਕਤੀ ਵੀ ਅਸਚਰਜ ਰੂਪ ਹੈ। ੧। ਰਹਾਉ। ਤੂੰ ਆਪ ਹੀ ਕਾਰਣ ਰੂਪ ਅਤੇ ਆਪ ਹੀ ਕਾਰਜ ਰੂਪ ਹੈਂ ਭਾਵ ਸਭ ਕੁਝ ਕਰਨ ਤੇ ਕਰਾਉਣ ਵਾਲਾ ਆਪ ਹੀ ਹੈਂ। ਤੇਰੇ ਹੁਕਮ ਵਿਚ ਹੀ ਜੀਆਂ ਦਾ ਜੰਮਣਾ ਅਤੇ ਹੁਕਮ ਵਿਚ ਹੀ ਮਰਣਾ ਹੁੰਦਾ ਹੈ। ੨। (ਹੇ ਪ੍ਰਭੂ ਜੀ!) ਤੇਰਾ

ਨਾਮ ਹੀ ਮੇਰੇ ਮਨ ਅਤੇ ਸਰੀਰ ਦਾ ਆਸਰਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਮੈਂ) ਦਾਸ ਨੂੰ ਕੇਵਲ ਆਪ ਜੀ ਦੀ ਹੀ ਬਖ਼ਸੀਸ=ਬਖ਼ਸ਼ਿਸ਼ ਹੈ, ਕਿਉਂਕਿ ਬਖ਼ਸ਼ਿਸ਼ ਵਿਚ ਹੀ ਸਭ ਕੁਝ ਹੈ। ੩। ੮।

''ਪਲ ਵਿਚ ਕਰਕੇ ਨਦਰ ਮਿਹਰ ਦੀ ਬਖ਼ਸ਼ੇ ਖ਼ੁਸ਼ੀ ਖ਼ਜ਼ਾਨੇ।
ਸ਼ਾਹਾਂ ਦੇ ਸਿਰ ਸ਼ਾਹ ਵਡੇਰੇ ਜੋ ਉਸ ਦੇ ਮਸਤਾਨੇ।''

(ਉਲਥਾ ਪੰਜਾਬੀ ਭਾਈ ਨੰਦ ਲਾਲ ਜੀ)

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਵਾਹਿਗੁਰੂ ਜੀ ਨੂੰ ''ਅਚਰਜੁ' ਤੇ 'ਬਿਸਮਾ' ਅਤੇ 'ਤੁਧੁ ਆਪੇ ਕਾਰਣੁ ਆਪੇ ਕਰਣਾ॥' ਦਸ ਕੇ ਫੇਰ ਉਸ ਦੇ ਹੁਕਮ ਅੰਦਰ

*"ਹੁਕਮੇ ਜੰਮਣੁ ਹੁਕਮੇ ਮਰਣਾ॥"*

ਤੇ

*"ਨਾਮੁ ਤੇਰਾ ਮਨ ਤਨ ਆਧਾਰੀ॥"*

ਦੱਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੩੦ (ਅੰਗ ੫੬੫)

ਵਡਹੰਸੁ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥ ਨਾਤਾ ਸੋ ਪਰਵਾਣੁ ਸਚੁ ਕਮਾਈਐ ॥ ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ ॥ ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ ॥ ੧ ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ ॥ ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ ॥ ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ ॥ ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ ॥ ੨ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ੩ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥ ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥ ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ੪ ॥ ੧ ॥

## ਪ੍ਰਾਕ੍ਥਨ :-

ਇਹ ਪਾਵਣ ਸ਼ਬਦ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਡਹੰਸ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਦਾਨਿਆਂ ਵਿਦਵਾਨਾਂ ਦਾ ਵਿਚਾਰ ਹੈ ਕਿ ਇਸ ਸ਼ਬਦ ਰਾਹੀਂ ਹਜ਼ੂਰ ਨੇ ਨਨਕਾਣਾ ਸਾਹਿਬ ਰਹਿੰਦਿਆਂ ਕਿਸੇ ਭੇਖੀ ਸਾਧੂ ਕੂੜ (ਝੂਠ) ਦੇ ਧਾਰਣੀ ਤੀਰਥਾਂ 'ਤੇ ਭ੍ਰਮਣ ਕਰਨ ਵਾਲੇ ਨੂੰ ਸਿਖਿਆ ਦਿੱਤੀ ਹੈ। ਇਹ ਸ਼ਬਦ ਦੀ ਪਹਿਲੀ ਪੰਗਤੀ ਹੈ :-''ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥''

## ਅਨਿਕ ਜਲਾ ਜੇ ਧੋਵੈ ਦੇਹੀ

''ਅਨਿਕ ਜਲਾ ਜੇ ਧੋਵੈ ਦੇਹੀ'' ਭਾਵ ਦੇਹ ਨੂੰ ਝੂਠ ਨਾਲ ਵਿਗਾੜ ਕੇ (ਮੈਲਿਆਂ ਕਰਕੇ ਫੇਰ) ਕਿਸ ਲਈ ਨਹਾਉਣਾ ਹੈ ? ਝੂਠ ਬਹੁਤ ਹੀ ਮਾੜਾ ਹੈ। ਇਸ ਸਬੰਧ ਵਿਚ ਗੁਰਬਾਣੀ ਦੇ ਪ੍ਰਮਾਣ ਇਥੇ ਦਰਸਾਏ ਹਨ—

*''ਝੂਠ ਵਿਕਾਰ ਮਹਾ ਦੁਖੁ ਦੇਹ॥*
*ਭੇਖ ਵਰਨ ਦੀਸਹਿ ਸਭਿ ਖੇਹ॥''*

(ਅੰਗ ੩੫੨)

*''ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ॥*
*ਬਿਨੁ ਅਭ ਸਬਦ ਨ ਮਾਂਜੀਐ ਸਾਚੇ ਤੇ ਸਚੁ ਹੋਇ॥੧॥''*

(ਅੰਗ ੫੬)

*''ਅਗੈ ਦਰਗਹ ਲੇਖੈ ਮੰਗਿਐ ਮਾਰਿ ਖੁਆਰੁ ਕੀਚਹਿ ਕੂੜਿਆਰ॥*
*ਏਹ ਕੂੜੈ ਕੀ ਮਲੁ ਕਿਉ ਉਤਰੈ ਕੋਈ ਕਢਹੁ ਇਹੁ ਵਿਚਾਰੁ॥*
*ਸਤਿਗੁਰੁ ਮਿਲੈ ਤਾ ਨਾਮੁ ਦਿੜਾਏ ਸਭਿ ਕਿਲਵਿਖ ਕਟਣਹਾਰੁ॥''*

(ਅੰਗ ੯੫੦)

ਗੁਰਬਾਣੀ ਦੀਆਂ ਇਨ੍ਹਾਂ ਪੰਗਤੀਆਂ ਤੋਂ ਸਪਸ਼ਟ ਹੋਇਆ ਹੈ ਕਿ ਕੂੜ ਦੀ ਵਿਗਾੜੀ ਹੋਈ ਦੇਹ ਨ੍ਹਾਤਿਆਂ ਜਾਂ ਤੀਰਥ ਇਸ਼ਨਾਨ ਕੀਤਿਆਂ ਪਵਿੱਤ੍ਰ ਨਹੀਂ ਹੋਈ।

*''ਜਲਿ ਧੋਵੈ ਬਹੁ ਦੇਹ ਅਨੀਤਿ॥*
*ਸੁਧ ਕਹਾ ਹੋਇ ਕਾਚੀ ਭੀਤਿ॥''*

(ਅੰਗ ੨੬੫)

# ਸਾਖੀ—ਬ੍ਰਾਹਮਣ ਦੁਆਰਾ ਜੱਟ ਨੂੰ ਸੁੱਚਾ ਕਰਨ ਦੀ

ਇਕ ਵਾਰ ਇਕ ਕਿਸਾਨ ਸਵੇਰ ਦੇ ਸਮੇਂ ਜੰਗਲ (ਸੌਚ ਕਿਰਿਆ) ਜਾ ਕੇ ਹੱਥ ਧੋ ਰਿਹਾ ਸੀ। ਉਸੇ ਵੇਲੇ ਕੋਲ ਇਕ ਕਰਮ-ਕਾਂਡੀ ਬ੍ਰਾਹਮਣ ਖਲੋਤਾ ਸੀ। ਜੱਟ ਨੂੰ ਦੇਖ ਕੇ ਕਰਮ-ਕਾਂਡੀ ਬ੍ਰਾਹਮਣ ਕਹਿਣ ਲੱਗਿਆ ਕਿ ਸਾਰਾ ਦਿਨ ਤੂੰ ਸਰੀਰ ਨੂੰ ਅਪਵਿੱਤਰ ਰੱਖਦਾ ਹੈਂ। ਹੱਥ ਵੀ ਚੰਗੀ ਤਰ੍ਹਾਂ ਨਹੀਂ ਮਾਂਜਦਾ। ਨਾ ਹੀ ਤੂੰ ਕਰਮ-ਕਾਂਡ ਅਨੁਸਾਰ ਇਸ਼ਨਾਨ ਕਰਦਾ ਹੈਂ। ਕੋਈ ਸੁੱਚ ਸੰਜਮ ਨਹੀਂ ਰੱਖਦਾ। ਇਸ ਲਈ ਦੋ ਚਾਰ ਵਾਰ ਹੱਥ ਮਾਂਜਣ ਨਾਲ ਤੇਰੇ ਹੱਥ ਸੁੱਚੇ ਨਹੀਂ ਹੋ ਸਕਦੇ। ਜੱਟ ਭੋਲੇ ਸੁਭਾਅ ਦਾ ਸੀ। ਬ੍ਰਾਹਮਣ ਨੂੰ ਪੁੱਛਣ ਲੱਗਾ ਜੀ ਤੁਸੀਂ ਕਿਰਪਾ ਕਰਕੇ ਕੋਈ ਐਸਾ ਸਾਧਨ ਦੱਸੋ ਜਿਸ ਦੁਆਰਾ ਸੁੱਚਾ ਹੋਇਆ ਜਾਵੇ। ਬ੍ਰਾਹਮਣ ਨੇ ਸਾਧਨ ਦੱਸਿਆ ਕਿ ਚੰਗਾ ਇਉਂ ਕਰ, ਜੇ ਸੁੱਚਾ ਹੋਣਾ ਚਾਹੁੰਦਾ ਹੈਂ ਤਾਂ ਪਿਛਲੇ ਸਾਲ ਜਿਸ ਖੇਤ ਵਿਚ ਕਮਾਦ ਬੀਜਿਆ ਹੋਵੇ, ਉਸ ਵਿਚੋਂ ਸੂਰ ਦੀਆਂ ਹੁੱਡਾਂ ਦੀ ਪੁੱਟੀ ਹੋਈ ਸਵਾ ਮਣ ਮਿਟੀ ਲੈ ਕੇ ਆ, ਫਿਰ ਉਸ ਰਾਹੀਂ ਤੈਨੂੰ ਸੁੱਚਾ ਕਰਾਂਗੇ। ਜੱਟ ਬ੍ਰਾਹਮਣ ਦੀ ਗੱਲ ਮੰਨ ਕੇ ਮਿਟੀ ਲੱਭਣ ਚਲਾ ਗਿਆ। ਮਸਾਂ-ਮਸਾਂ ਮਿੱਟੀ ਪ੍ਰਾਪਤ ਹੋਈ।

ਮਿੱਟੀ ਲੈ ਕੇ ਬ੍ਰਾਹਮਣ ਦੇ ਕੋਲ ਆ ਗਿਆ ਤੇ ਬੇਨਤੀ ਕੀਤੀ ਜੀ ਹੁਣ ਕਿਰਪਾ ਕਰਕੇ ਸ਼ੁੱਧ ਹੋਣ ਦਾ ਸਾਧਨ ਦੱਸੋ। ਬ੍ਰਾਹਮਣ ਜੱਟ ਨੂੰ ਆਗਿਆਕਾਰੀ ਜਾਣ ਕੇ ਪ੍ਰਸੰਨ ਹੋਇਆ ਅਤੇ ਬੋਲਿਆ, ਲੈ ਭਾਈ, ਗਲੋਂ ਕੁੜਤਾ ਲਾਹ ਤੇ ਸਾਰੇ ਬਸਤ੍ਰ ਲਾਹ। ਜਦੋਂ ਜੱਟ ਨੇ ਸਾਰੇ ਕੱਪੜੇ ਲਾਹ ਲਏ ਤਾਂ ਬ੍ਰਾਹਮਣ ਕਹਿਣ ਲੱਗਿਆ ਬਈ ਹੁਣ ਤੂੰ ਇਸ ਮਿਟੀ ਨਾਲ ਸਾਰੇ ਸਰੀਰ 'ਤੇ ਮਾਲਸ਼ ਕਰ। ਮੂੰਹ ਧੋ ਕੇ ਇਕ ਸੌ ਇਕ ਵਾਰੀ ਕੁਰਲੀ ਕਰ। ਇਉਂ ਕਰ ਕਰ ਕੇ ਸਾਰੀ ਮਿੱਟੀ ਸਰੀਰ 'ਤੇ ਮਲ ਮਲ ਕੇ ਮੁਕਾ ਦੇ। ਬ੍ਰਾਹਮਣ ਖੂਹ ਵਿਚੋਂ ਪਾਣੀ ਕੱਢਦਾ ਰਿਹਾ ਅਤੇ ਜੱਟ ਮਿੱਟੀ ਦੀਆਂ ਮੁੱਠਾਂ ਭਰ ਭਰ ਕੇ ਅੰਗਾਂ ਨੂੰ ਮਾਂਜਦਾ ਰਿਹਾ। ਜਦੋਂ ਸਾਰੀ ਮਿੱਟੀ ਮੁੱਕ ਗਈ, ਮੂੰਹ ਵੀ ਸੌ ਕੁਰਲੀ ਕਰਕੇ ਧੋ ਸਵਾਰ ਲਿਆ ਅਤੇ ਇਸ਼ਨਾਨ ਵੀ ਕਰ ਲਿਆ ਤਾਂ ਜੱਟ ਨੇ ਪੁੱਛਿਆ ਕਿ ਬ੍ਰਾਹਮਣ ਜੀ, ਕੀ ਮੈਂ ਹੁਣ ਸ਼ੁੱਧ ਹੋ ਗਿਆ ਹਾਂ ਕਿ ਨਹੀਂ ? ਬ੍ਰਾਹਮਣ ਬੋਲਿਆ ਹਾਂ, ਹੁਣ ਠੀਕ ਤੇਰਾ ਸਰੀਰ ਸ਼ੁੱਧ ਹੋ ਗਿਆ ਹੈ। ਤਾਂ ਉਸ ਵੇਲੇ ਜੱਟ ਨੇ ਮੂੰਹ ਵਿਚ ਪਾਣੀ ਭਰ ਕੇ ਕੁਰਲੀ ਬ੍ਰਾਹਮਣ ਦੇ ਮੂੰਹ 'ਤੇ ਮਾਰੀ। ਬ੍ਰਾਹਮਣ ਇਕ ਦਮ ਤ੍ਰਬਕ ਕੇ ਤੇ ਖਿੱਝ ਕੇ ਬੋਲਿਆ, 'ਅਰੇ ਬੇਸਮਝ' ਤੁਮ ਨੇ ਤੋ ਹਮਾਰੇ ਕੋ ਅਪਵਿੱਤ੍ਰ ਕਰ ਦੀਆ ਹੈ। ਮੇਰਾ ਆਜ ਕਾ ਇਸ਼ਨਾਨ ਔਰ ਪੂਜਾ ਅਰਚਾ ਸਭ ਭਰਿਸ਼ਟ ਕਰ ਦੀਏਂ ਹੈਂ।' ਜੱਟ ਉੱਚੀ-ਉੱਚੀ ਹੱਸ ਕੇ ਬੋਲਿਆ, ਤੁਸੀਂ ਆਪ ਹੀ ਤਾਂ ਹੁਣੇ ਕਿਹਾ ਸੀ ਕਿ ਤੂੰ ਸ਼ੁੱਧ ਹੋ ਗਿਆ ਹੈਂ। ਤੇਰਾ ਸਰੀਰ ਸੁੱਚਾ ਹੋ ਗਿਆ ਹੈ। ਫਿਰ ਜਦ ਮੈਂ ਸੁੱਚਾ ਹਾਂ, ਮੇਰਾ ਮੂੰਹ ਸੁੱਚਾ ਹੈ ਤਾਂ ਮੂੰਹ ਵਿਚਲਾ ਪਾਣੀ ਜੋ ਤੇਰੇ ਮੂੰਹ 'ਤੇ ਪਾਇਆ, ਉਹ ਵੀ ਸੁੱਚਾ ਹੈ। ਫਿਰ ਤੂੰ ਭਿਟਿਆ ਕਿਵੇਂ ਗਿਆ। ਭਰਿਸ਼ਟ ਕਿਵੇਂ ਹੋ ਗਿਆ ? ਸੋ ਇਸ ਪ੍ਰਕਾਰ ਕਰਮ-ਕਾਂਡ ਦੁਆਰਾ ਪਵਿੱਤ੍ਰਤਾ ਨਹੀਂ ਹੁੰਦੀ। ਪਾਤਿਸ਼ਾਹ ਜੀ ਦਾ ਫੁਰਮਾਨ ਹੈ-

***"ਅਨਿਕ ਜਲਾ ਜੇ ਧੋਵੈ ਦੇਹੀ॥ ਮੈਲੁ ਨ ਉਤਰੈ ਸੁਧੁ ਨ ਤੇਹੀ॥"***

(ਅੰਗ ੨੦੦)

ਵਡਹੰਸੁ ਮਹਲਾ ੧ ਛੰਤ ੧ੴ ਸਤਿਗੁਰ ਪ੍ਰਸਾਦਿ॥

ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥ ਨਾਤਾ ਸੋ ਪਰਵਾਣੁ ਸਚੁ ਕਮਾਈਐ॥ ਜਬ ਸਾਚ ਅੰਦਰਿ ਹੋਇ ਸਾਚਾ ਤਾਮਿ ਸਾਚਾ ਪਾਈਐ॥ ਲਿਖੇ ਬਾਝਹੁ ਸੁਰਤਿ ਨਾਹੀ ਬੋਲਿ ਬੋਲਿ ਗਵਾਈਐ॥ ਜਿਥੈ ਜਾਇ ਬਹੀਐ ਭਲਾ ਕਹੀਐ ਸੁਰਤਿ ਸਬਦੁ ਲਿਖਾਈਐ॥ ਕਾਇਆ ਕੂੜਿ ਵਿਗਾੜਿ ਕਾਹੇ ਨਾਈਐ॥੧॥

**ਪਦ ਅਰਥ :–** ਕਾਇਆ-ਦੇਹ, ਸਰੀਰ। ਕੂੜਿ-ਝੂਠ ਨਾਲ। ਵਿਗਾੜਿ-ਮੈਲਿਆਂ ਕਰਕੇ। ਕਾਹੇ ਨਾਈਐ-ਕਿਸ ਲਈ ਤੀਰਥਾਂ 'ਤੇ ਇਸ਼ਨਾਨ ਕਰਨਾ ਹੈ ?। ਨਾਤਾ-ਨ੍ਹਾਤਾ, ਇਸ਼ਨਾਨ ਕੀਤਾ। ਤਾਮਿ-ਤਦ। ਲਿਖੇ ਬਾਝਹੁ-ਧੁਰ ਤੋਂ ਭਾਵ ਪ੍ਰਭੂ ਦੇ ਲਿਖੇ ਹੁਕਮ ਤੋਂ ਬਿਨਾਂ। ਸੁਰਤਿ-ਸੋਝੀ।

**ਅਰਥ :–**ਦੇਹ ਭਾਵ ਸਰੀਰ ਨੂੰ ਝੂਠ ਨਾਲ ਮੈਲਿਆਂ ਕਰਕੇ ਕਿਸ ਲਈ (ਤੀਰਥਾਂ) 'ਤੇ ਇਸ਼ਨਾਨ ਕਰਨਾ ਹੈ ? (ਭਾਵ ਕੂੜ ਦੀ ਮੈਲ ਇਸ਼ਨਾਨ ਕੀਤਿਆਂ ਦੂਰ ਨਹੀਂ ਹੁੰਦੀ।) ਇਸ਼ਨਾਨ ਕੀਤਾ ਹੋਇਆ (ਉਸ ਮਨੁੱਖ ਦਾ ਹੀ) ਪਰਵਾਣ ਹੁੰਦਾ ਹੈ ਜੋ (ਨਾਮ ਜਪਣ ਰੂਪ) ਸੱਚ ਨੂੰ ਕਮਾਉਂਦਾ ਹੈ। ਜਦ (ਮਨੁੱਖ) ਦੇ ਅੰਦਰ ਸੱਚ ਹੋਵੇ ਤਾਂ ਹੀ (ਉਹ ਮਨੁੱਖ) ਸੱਚਾ ਹੈ ਅਤੇ ਤਦ ਹੀ ਸੱਚਾ (ਪ੍ਰਮਾਤਮਾ) ਪਾਈਦਾ ਹੈ। ਧੁਰ ਤੋਂ ਭਾਵ ਪ੍ਰਭੂ ਦੇ ਲਿਖੇ ਹੁਕਮ ਤੋਂ ਬਿਨਾਂ (ਮਨੁੱਖ ਨੂੰ) ਸੋਝੀ ਨਹੀਂ ਪੈਂਦੀ (ਸਮਝ ਪਏ ਬਿਨਾਂ) ਐਵੇਂ (ਮਿਥਿਆ) ਬੋਲ ਬੋਲ ਕੇ (ਅਮੋਲਕ ਮਨੁੱਖਾ ਜਨਮ) ਗੁਆ ਲਈਦਾ ਹੈ। (ਜੀਵ ਨੂੰ ਚਾਹੀਦਾ ਹੈ) ਜਿਥੇ ਜਾ ਕੇ ਬੈਠੀਏ (ਸਦਾ) ਚੰਗੀਆਂ ਗੱਲਾਂ ਕਰੀਏ ਤੇ ਸੁਰਤਿ ਵਿਚ ਸ਼ਬਦ=ਗੁਰ ਉਪਦੇਸ਼ ਨੂੰ ਲਿਖਾ ਲਈਏ। ਸਰੀਰ ਨੂੰ ਝੂਠ ਨਾਲ ਮੈਲਿਆਂ ਕਰਕੇ ਕਿਸ ਲਈ (ਤੀਰਥਾਂ) 'ਤੇ ਇਸ਼ਨਾਨ ਕਰਨਾ ਹੈ। ੧।

ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥ਅੰਮ੍ਰਿਤੁ ਹਰਿ ਕਾ ਨਾਮੁ ਮੇਰੈ ਮਨਿ ਭਾਇਆ॥ਨਾਮੁ ਮੀਠਾ ਮਨਹਿ ਲਾਗਾ ਦੂਖਿ ਡੇਰਾ ਢਾਹਿਆ॥ਸੂਖੁ ਮਨ ਮਹਿ ਆਇ ਵਸਿਆ ਜਾਮਿ ਤੈ ਫੁਰਮਾਇਆ॥ ਨਦਰਿ ਤੁਧੁ ਅਰਦਾਸਿ ਮੇਰੀ ਜਿੰਨਿ ਆਪੁ ਉਪਾਇਆ॥ ਤਾ ਮੈ ਕਹਿਆ ਕਹਣੁ ਜਾ ਤੁਝੈ ਕਹਾਇਆ॥੨॥

**ਪਦ ਅਰਥ :–**ਕਹਿਆ-ਕਿਹਾ, ਸਿਮਰਿਆ। ਕਹਣੁ-ਕਹਿਣੇ ਯੋਗ (ਨਾਮ ਨੂੰ)। ਜਾ ਤੁਝੈ-ਜਾਂ ਆਪ ਜੀ ਨੇ (ਮੇਰੇ ਪਾਸੋਂ)। ਕਹਾਇਆ-ਸਿਮਰਾਇਆ।

ਅਰਥ :–(ਹੇ ਪ੍ਰਭੂ ਜੀ ! ) ਕਹਿਣੇ ਯੋਗ (ਜਪਣ ਯੋਗ ਨਾਮ ਨੂੰ) ਮੈਂ ਤਾਂ ਹੀ ਸਿਮਰਿਆ ਜਾਂ ਆਪ ਜੀ ਨੇ (ਮੇਰੇ ਪਾਸੋਂ) ਸਿਮਰਾਇਆ (ਭਾਵ ਜੇ ਪ੍ਰਭੂ ਜੀ ਤੁਸੀਂ ਮੇਰੇ ਪਾਸੋਂ ਨਾਮ ਜਪਾਇਆ ਹੈ, ਮੈਂ ਤਾਂ ਹੀ

ਜਪਿਆ ਹੈ।) ਹਰੀ ਦਾ ਨਾਮ ਅੰਮ੍ਰਿਤ ਮੇਰੇ ਮਨ ਵਿਚ ਚੰਗਾ ਲਗਿਆ ਹੈ। (ਇਹ ਜੋ) ਨਾਮ ਮਨ ਵਿਚ ਮੀਠਾ=ਚੰਗਾ ਲਗਿਆ ਹੈ, (ਇਸ ਨਾਮ ਨੇ ਅਗਿਆਨ ਰੂਪ ਦੁੱਖ ਦਾ ਡੇਰਾ ਢਾਹ ਦਿੱਤਾ ਹੈ। ਜਦੋਂ (ਹੇ ਪ੍ਰਭੂ !) ਤੈਂ ਫੁਰਮਾਇਆ ਭਾਵ ਹੁਕਮ ਕੀਤਾ (ਤਾਂ) ਸੁਖ ਮੇਰੇ ਮਨ ਵਿਚ (ਉਸੇ ਵੇਲੇ) ਆ ਵਸਿਆ ਹੈ। ਮੇਰੀ ਤਾਂ (ਹੇ ਪ੍ਰਭੂ!) ਤੇਰੇ ਪਾਸ) ਅਰਦਾਸ ਹੈ (ਪਰ) ਕਿਰਪਾ ਦ੍ਰਿਸ਼ਟੀ ਤੇਰੀ ਹੈ (ਕਿਉਂਕਿ ਜਗਤ ਜੀਆਂ ਨੂੰ ਤਾਰਣ ਵਾਸਤੇ) ਆਪ ਜੀ ਨੇ ਆਪਣਾ ਆਪ (ਸਰੂਪ ਜਗਤ ਵਿਚ) ਪ੍ਰਗਟ ਕੀਤਾ ਹੈ। ਤਾਂ ਮੈਂ ਕਹਿਣੇ ਯੋਗ ਨਾਮ ਨੂੰ ਸਿਮਰਿਆ ਜਾਂ ਆਪ ਜੀ ਨੇ ਮੇਰੇ ਪਾਸੋਂ ਸਿਮਰਾਇਆ ਭਾਵ ਜਪਾਇਆ। ੨।

**ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ ਝਗੜਾ ਪਾਵਣਾ ॥ ਨਹ ਪਾਇ ਝਗੜਾ ਸੁਆਮਿ ਸੇਤੀ ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾ ਮਨਹਿ ਕਹਣਾ ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥ ੩ ॥**

**ਪਦ ਅਰਥ** :–ਵਾਰੀ–ਵਾਰੀ (ਮਨੁੱਖ ਜਨਮ ਦੀ)। ਖਸਮੁ–ਮਾਲਕ। ਕਢਾਏ–ਦਿੰਦਾ ਹੈ। ਕਿਰਤੁ–ਕਰਮ। ਸੁਆਮਿ ਸੇਤੀ–ਮਾਲਕ ਨਾਲ। ਵਞਾਵਣਾ–ਖੁਆਰ ਕਰਨਾ। ਵਾਵਣਾ–ਗਿਲੇ ਸ਼ਿਕਵੇ।

**ਅਰਥ** :–(ਜੈਸੇ ਕਿਸੇ ਨੇ) ਕਰਮ ਕੀਤੇ ਹਨ, (ਉਨ੍ਹਾਂ ਕਰਮਾਂ ਅਨੁਸਾਰ ਹੀ) ਮਾਲਕ (ਮਨੁੱਖਾ ਜਨਮ ਦੀ) ਵਾਰੀ ਦਿੰਦਾ ਹੈ। ਕਿਸੇ ਨੂੰ ਮਾੜਾ ਆਖ ਕੇ ਝਗੜਾ ਨਹੀਂ ਪਾਉਣਾ ਚਾਹੀਦਾ, (ਜੇ ਕਿਸੇ ਨਾਲ ਝਗੜਾ ਪਾਉਣਾ ਹੈ ਇਹ ਮਾਨੋ ਵਾਰੀ ਕਢਾਉਣ ਵਾਲੇ ਨਾਲ ਝਗੜਾ ਪਾਉਣਾ ਹੈ।) ਮਾਲਕ ਨਾਲ ਝਗੜਾ (ਜੀਵ ਤੂੰ) ਨਾ ਪਾ, (ਮਾਲਕ ਨਾਲ ਝਗੜਾ ਪਾਕੇ ਤਾਂ) ਤੈਂ ਆਪਣੇ ਆਪੁ ਨੂੰ ਖੁਆਰ ਕਰਨਾ ਹੈ। ਜਿਸ (ਪ੍ਰਭੂ ਦੀ) ਸੰਗਤ ਕਰਕੇ (ਮਨੁੱਖ ਦਾ) ਜੀਵਨ ਸਵਰਦਾ ਹੈ ਉਸ ਨਾਲ ਸ਼ਰੀਕਪੁਣਾ (ਬਰਾਬਰੀ) ਕਰਕੇ ਕਿਸ ਲਈ (ਐ ਮਨੁੱਖ ! ਤੈਂ ਜਾ ਕੇ ਰੋਣਾ ਹੈ (ਭਾਵ ਬਰਾਬਰੀ ਕਰਕੇ ਦੁੱਖ ਪਾ ਕੇ ਰੋਣਾ ਪਵੇਗਾ।) (ਮਾਲਕ) ਜੋ ਦੁੱਖ ਸੁਖ ਦੇਵੇ ਉਸ ਦੀ ਰਜ਼ਾ ਵਿਚ ਰਹਿ ਕੇ ਸਹਿਣਾ ਚਾਹੀਦਾ ਹੈ (ਅਤੇ) ਮਨ ਨੂੰ ਇਸ ਤਰ੍ਹਾਂ ਕਹਿਕੇ ਸਮਝਾਵੇ ਕਿ (ਮੂੰਹੋਂ) ਗਿਲੇ ਸ਼ਿਕਵੇ ਆਖ ਕੇ (ਬਿਰਥਾ) ਨਹੀਂ ਬੋਲਣਾ ਚਾਹੀਦਾ। ਇਹ (ਮਨੁੱਖਾ ਜਨਮ) ਦੀ ਵਾਰੀ (ਮਾਲਕ) ਕੀਤੇ ਕਰਮਾਂ ਅਨੁਸਾਰ ਹੀ ਦਿੰਦਾ ਹੈ।੩।

**ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ ਮੀਠਾ ਸਭ ਮਾਗੈ ॥ ਸਭੁ ਕੋਇ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥ ਕਿਛੁ ਪੁੰਨ ਦਾਨ ਅਨੇਕ ਕਰਣੀ ਨਾਮ ਤੁਲਿ ਨ ਸਮਸਰੇ ॥ ਨਾਨਕਾ ਜਿਨ ਨਾਮੁ ਮਿਲਿਆ ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ ਆਪੇ ਨਦਰਿ ਕਰੇ ॥ ੪ ॥ ੧ ॥**

**ਪਦ ਅਰਥ :**–ਉਪਾਈਅਨੁ-ਪੈਦਾ ਕੀਤੀ ਹੈ। ਸਮਸਰੇ-ਬਰਾਬਰ। ਕਰਮੁ-ਬਖ਼ਸ਼ਿਸ਼। ਧੁਰਿ ਕਦੇ-ਧੁਰ ਤੋਂ, ਕਦੋਂ ਦਾ।

**ਅਰਥ :**–ਸਾਰਾ (ਸੰਸਾਰ) ਉਸ (ਪ੍ਰਭੂ) ਨੇ ਆਪ ਪੈਦਾ ਕੀਤਾ ਹੈ (ਅਤੇ) ਆਪ ਹੀ (ਜੀਵਾਂ ਉਪਰ) ਕਿਰਪਾ ਦ੍ਰਿਸ਼ਟੀ ਕਰਦਾ ਹੈ। (ਉਸ ਮਾਲਕ ਪਾਸੋਂ) ਕਉੜਾ ਭਾਵ ਦੁੱਖ ਕੋਈ ਨਹੀਂ ਮੰਗਦਾ, (ਸਾਰੇ ਜੀਵ) ਮੀਠਾ=ਸੁਖ ਹੀ ਮੰਗਦੇ ਹਨ। (ਪਰ ਮਾਲਕ ਨੂੰ ਜੋ ਚੰਗਾ ਲਗਦਾ ਹੈ, ਦੁੱਖ ਸੁੱਖ ਉਸ ਅਨੁਸਾਰ ਦਿੰਦਾ ਹੈ, ) ਭਾਵੇਂ ਸਭ ਕੋਈ ਮੀਠਾ=ਸੁਖ ਮੰਗ ਕੇ ਵੇਖ ਲਵੇ (ਪਰ) ਮਾਲਕ ਨੂੰ ਜੋ ਚੰਗਾ ਲਗਿਆ ਦੁੱਖ ਜਾਂ ਸੁੱਖ (ਉਹ ਪ੍ਰਭੂ ਜੀ ਜੀਵ ਨੂੰ ਓਹੀ) ਦੇਣਾ ਕਰਦਾ ਹੈ। (ਸੁਖ ਦੀ ਪ੍ਰਾਪਤੀ ਵਾਸਤੇ ਬੇਸ਼ੱਕ ਮਨੁੱਖ) ਕੁਝ ਪੁੰਨ-ਦਾਨ (ਅਤੇ ਹੋਰ) ਅਨੇਕ ਕਰਨੀਆਂ (ਕਰਕੇ ਵੇਖ ਲਵੇ) ਪਰ ਕੁਝ ਵੀ ਨਾਮ ਦੇ ਤੁੱਲ ਜਾਂ (ਨਾਮ ਦੇ) ਬਰਾਬਰ ਨਹੀਂ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਨ੍ਹਾਂ ਨੂੰ ਨਾਮ ਮਿਲਿਆ ਹੈ (ਉਹਨਾਂ ਨੂੰ) ਧੁਰ ਤੋਂ ਕਦੇ ਦੀ ਬਖ਼ਸ਼ਿਸ਼ ਹੋਈ ਹੈ। (ਕਿਉਂਕਿ) ਸਾਰੀ ਸ੍ਰਿਸ਼ਟੀ (ਉਸ ਪ੍ਰਭੂ ਜੀ ਨੇ) ਆਪ ਪੈਦਾ ਕੀਤੀ ਹੈ (ਅਤੇ) ਆਪ ਹੀ (ਜੀਵਾਂ ਉਪਰ )ਕਿਰਪਾ ਦ੍ਰਿਸ਼ਟੀ ਕਰਦਾ ਹੈ।੪।੧।

## ਵਿਆਖਿਆ ਤੇ ਸਾਰੰਸ਼

ਸ਼ਬਦ ਦੇ ਅਰੰਭ ਵਿਚ ਹਜ਼ੂਰ ਨੇ ''ਕੂੜ'' ਦੀ ਗੱਲ ਕੀਤੀ ਹੈ, ਪਰ ਬਾਣੀ ਅੰਦਰ ਗੁਰਦੇਵ ਨੇ- ''ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ॥'' ਵੀ ਕਿਹਾ ਹੈ। ਮਨੁੱਖ ਤੇ ਪ੍ਰਭੂ ਵਿਚਕਾਰ ''ਕੂੜ'' ਦੀ ਵੱਟ ਵੀ ਦੱਸੀ ਹੈ।

*''ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥੧॥''*

(ਜਪੁ ਜੀ ਸਾਹਿਬ)

*''ਕੂੜੈ ਕੀ ਪਾਲਿ ਵਿਚਹੁ ਨਿਕਲੈ ਤਾ ਸਦਾ ਸੁਖੁ ਹੋਇ॥੩॥''*

(ਅੰਗ ੪੯੦)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੩੧ (ਅੰਗ ੫੬੭)

ਵਡਹੰਸੁ ਮਹਲਾ ੩ ਛੰਤ ੧ਓ ਸਤਿਗੁਰ ਪ੍ਰਸਾਦਿ॥

ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ॥ ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ॥ ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ॥ ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ॥ ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ॥ ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ॥ ੧ ॥ ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ॥ ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ॥ ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ॥ ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ॥ ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ॥ ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ ॥੨ ॥ ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ॥ ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ॥ ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ॥ ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ॥ ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ॥ ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ॥ ੩ ॥ ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥ ਹਰਿ ਵਰੁ ਰਾਵਹਿ ਸਦਾ ਮੁਈਏ ਨਿਜ ਘਰਿ ਵਾਸਾ ਪਾਏ॥ ਨਿਜ ਘਰਿ ਵਾਸਾ ਪਾਏ ਸਬਦੁ ਵਜਾਏ ਸਦਾ ਸੁਹਾਗਣਿ ਨਾਰੀ॥ ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ ਸਵਾਰੀ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ॥ ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ॥ ੪ ॥ ੧ ॥

## ਪ੍ਰਾਕ੍ਰਥਨ :-

ਇਹ ਸ਼ਬਦ ਤੀਸਰੇ ਗੁਰਦੇਵ ਸ੍ਰੀ ਗੁਰੂ ਅਮਰਦਾਸ ਜੀ ਦਾ ਵਡਹੰਸ ਰਾਗੁ ਵਿਚ ਉਚਾਰਨ ਕੀਤਾ ਹੋਇਆ ਹੈ। ਇਸ ਸ਼ਬਦ ਦੇ ਅਰੰਭ ਦੀ ਪਾਵਨ ਪਹਿਲੀ ਪੰਗਤੀ ਹੈ—

***''ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ॥'***

''ਮੁਈਏ'' ਪਦ ਦਾ ਭਾਵ ਇਥੇ ਲਾਡ ਨਾਲ ਇਹ ਪਦ ਵਰਤਿਆ ਪ੍ਰਤੀਤ ਹੁੰਦਾ ਹੈ। ਮੁਈਏ ਦਾ ਅਰਥ ਹੈ ਮਰਜਾਣੀਏ ਪਰ ਭਾਵ ਹੈ ਹੇ ਪਿਆਰੀਏ !

### ਸੋਭਾਵੰਤੀ ਨਾਰ

ਹੇ ਪਿਆਰੀਏ ! ਜੋ ਆਪਣੇ ਪਤੀ ਦੇ ਪ੍ਰੇਮ ਵਿਚ ਰੰਗੀ ਹੈ, ਉਹ ਸੋਭਾ ਵਾਲੀ ਇਸਤਰੀ ਹੈ। ਗੁਰਬਾਣੀ ਅੰਦਰ ਐਸੀ ਇਸਤਰੀ ਨੂੰ ਗੁਣਵੰਤੀ, ਸੋਭਾਵੰਤੀ, ਸੁਹਾਗਣ ਆਦਿ ਸ਼ਬਦਾਂ ਨਾਲ ਸਤਿਗੁਰੂ ਸਾਹਿਬਾਨਾਂ ਤੇ ਭਗਤਾਂ ਨੇ ਸਤਿਕਾਰ ਦਿੱਤਾ ਹੈ। ਸ਼ੁਭ ਗੁਣਾਂ ਤੋਂ ਸੱਖਣੀ ਜੋ ਪਤੀ ਦੀ ਆਗਿਆਕਾਰ ਨਹੀਂ ਹੈ, ਉਸ ਨੂੰ ਅਉਗਣਵੰਤੀ, ਕੁਚੱਜੀ, ਕੁਲੱਖਣੀ, ਨਾਰੀ ਵਿਚ ਕੁਨਾਰ, ਦੁਹਾਗਣ ਆਦਿ ਸ਼ਬਦਾਂ ਨਾਲ ਫਿਟਕਾਰਿਆ ਹੈ। ਸਿਆਣੇ ਵਿਦਵਾਨਾਂ ਦੇ ਕਥਨ ਅਨੁਸਾਰ ਇਹ ਸ਼ਬਦ ਦੋ ਸਖੀਆਂ ਦੇ ਸੰਬਾਦ ਦੁਆਰਾ ਉਪਦੇਸ਼ ਰੂਪ ਵਿਚ ਉਚਾਰਨ ਕੀਤਾ ਹੈ। ਪਰ ਹਉਮੈ ਨੂੰ ਤਿਆਗ ਕੇ ਪਤੀ ਪ੍ਰਮੇਸ਼ਰ ਦੀ ਆਗਿਆਕਾਰ ਹੋ ਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਉਪਦੇਸ਼ ਬਖ਼ਸ਼ਿਸ਼ ਕੀਤਾ ਹੈ।

## ਸਾਖੀ—ਸੁਹਾਗਣ ਇਸਤਰੀ ਦੀ

ਜੋ ਇਸਤਰੀਆਂ ਆਪਣੇ ਜਤ, ਸਤ, ਇਖ਼ਲਾਕ ਵਿਚ ਪੂਰਨ ਰਹਿੰਦੀਆਂ ਹਨ, ਉਹਨਾਂ 'ਤੇ ਉਹਨਾਂ ਦੇ ਪਤੀ ਦੀ ਪੂਰਨ ਪ੍ਰਸੰਨਤਾ ਹੁੰਦੀ ਹੈ ਤੇ ਨਾਲ ਹੀ ਉਹਨਾਂ ਨੂੰ ਸੰਸਾਰ ਵਿਚ ਮਾਣ ਸਤਿਕਾਰ ਵੀ ਮਿਲਦਾ ਹੈ ਤੇ ਪ੍ਰਮੇਸ਼ਰ ਵਾਹਿਗੁਰੂ ਜੀ ਵੀ ਉਹਨਾਂ ਨੂੰ ਕੁਝ ਆਪਣੇ ਬਖ਼ਸ਼ਿਸ਼ਾਂ ਦੇ ਖ਼ਜ਼ਾਨਿਆਂ ਵਿਚੋਂ ਦਾਤ ਬਖ਼ਸ਼ਦਾ ਹੈ। ਸਿੱਖ ਇਤਿਹਾਸ ਵਿਚ ਐਸੀਆਂ ਅਨੇਕ ਮਾਈਆਂ ਦਾ ਜ਼ਿਕਰ ਮਿਲਦਾ ਹੈ। ਇਸੇ ਤਰ੍ਹਾਂ ਕਲਗੀਧਰ ਜੀ ਦੇ ਇਤਿਹਾਸ (ਗੁਰ ਪ੍ਰਤਾਪ ਸੂਰਜ ਗ੍ਰੰਥ) ਵਿਚ ਜ਼ਿਕਰ ਮਿਲਦਾ ਹੈ ਕਿ ਇਕ ਵਾਰੀ ਸਤਿਗੁਰੂ ਜੀ ਨੇ ਭਰੇ ਇਕੱਠ ਵਿਚ ਬਚਨ ਕੀਤਾ, ''ਕੋਈ ਐਸੀ ਬੀਬੀ ਹੈ ਜੋ ਮਨ, ਬਾਣੀ, ਸਰੀਰ ਕਰਕੇ ਪੂਰਨ ਜਤ-ਸਤ ਵਿਚ ਪ੍ਰਪੱਕ ਹੋਵੇ ਤੇ ਜਿਸਨੇ ਕਦੇ ਵੀ ਆਪਣੇ ਪਤੀ ਦਾ ਮੂੰਹ ਨਾ ਫਿਟਕਾਰਿਆ ਹੋਵੇ ? ਉਸ ਵੇਲੇ ਇਕ ਬੀਬੀ ਨੇ ਭਰੇ ਦੀਵਾਨ ਵਿਚ ਖਲੋ ਕੇ ਬੇਨਤੀ ਕੀਤੀ, ਗ਼ਰੀਬ ਨਿਵਾਜ ਪਾਤਸ਼ਾਹ ! ਆਪ ਜੀ ਦੀ ਮੇਰੇ 'ਤੇ ਰਹਿਮਤ ਹੈ। ਤੁਹਾਡੀ ਕ੍ਰਿਪਾ ਨਾਲ ਮੈਂ ਜਤ, ਸਤ ਵਿਚ ਪ੍ਰਪੱਕ ਹਾਂ ਅਤੇ ਅੱਜ ਤੱਕ ਕਦੇ ਵੀ ਆਪਣੇ ਪਤੀ ਦਾ ਮੂੰਹ ਨਹੀਂ ਫਿਟਕਾਰਿਆ। ਉਸ ਬੀਬੀ ਨੇ ਸਤਿਗੁਰਾਂ ਦੇ ਪੁੱਛਣ 'ਤੇ ਸਾਰੀ ਆਪਣੇ ਜੀਵਨ ਦੀ ਵਾਰਤਾ ਦੱਸੀ ਕਿ ਪਾਤਸ਼ਾਹ ਜੀ ! ਅਸੀਂ ਕਈ ਭੈਣਾਂ ਸਾਂ ਪਰ ਭਰਾ ਕੋਈ ਨਹੀਂ ਸੀ। ਸਾਡੇ ਘਰ ਜਾਇਦਾਦ, ਪਦਾਰਥ ਬਹੁਤ ਸਨ। ਸਾਡੇ ਪਿਤਾ ਦੇ ਚੜ੍ਹਾਈ ਕਰਨ ਤੋਂ ਮਗਰੋਂ ਹਾਕਮਾਂ ਨੇ ਸਭ ਕੁਝ ਜ਼ਬਤ

ਕਰ ਲਿਆ ਅਤੇ ਕਿਹਾ ਕਿ ਜੋ ਇਸ ਇਸਤਰੀ (ਜੋ ਸਾਡੀ ਮਾਂ ਸੀ) ਦੇ ਪੇਟ ਵਿਚ ਬੱਚਾ ਹੈ ਜੇਕਰ ਉਹ ਲੜਕਾ ਹੋਇਆ ਤਾਂ ਸਭ ਕੁਝ ਵਾਪਿਸ ਦੇ ਦਿੱਤਾ ਜਾਵੇਗਾ।

ਪ੍ਰਮੇਸ਼ਰ ਵਾਹਿਗੁਰੂ ਜੀ ਦੀ ਕਿਰਪਾ ਨਾਲ ਲੜਕਾ (ਸਾਡਾ ਭਰਾ) ਪੈਦਾ ਹੋਇਆ। ਉਸ ਦੇ ਪੈਦਾ ਹੋਣ ਨਾਲ ਸਾਡਾ ਸਭ ਕੁਝ ਵਾਪਿਸ ਮਿਲ ਗਿਆ। ਸਾਡੀ ਜਾਇਦਾਦ ਵੀ ਮਿਲ ਗਈ। ਪਹਿਲਾਂ ਲੋਕਾਂ ਦੇ ਘਰਾਂ ਵਿਚ ਦਿਨ ਕਟੀ ਕਰਦੇ ਸੀ। ਉਸ ਦੇ ਜਨਮ ਹੋਣ 'ਤੇ ਮਕਾਨ ਵੀ ਮਿਲ ਗਿਆ। ਉਸ ਦਿਨ ਤੋਂ ਸਤਿਗੁਰੂ ਜੀ ! ਮੈਂ ਮਨ ਵਿਚ ਦ੍ਰਿੜ੍ਹ ਨਿਸਚਾ ਕਰ ਲਿਆ ਕਿ ਅੱਜ ਤੋਂ ਮੈਂ ਕਦੇ ਵੀ ਮਰਦ ਦਾ ਮੂੰਹ ਨਹੀਂ ਫਿਟਕਾਰਾਂਗੀ। ਇਹ ਸੁਣਕੇ ਸਤਿਗੁਰੂ ਜੀ ਨੇ ਬੀਬੀ ਨੂੰ ਸ਼ਾਬਾਸ਼ ਦਿੱਤੀ ਤੇ ਬਹੁਤ ਬਖ਼ਸ਼ਿਸ਼ਾਂ ਕੀਤੀਆਂ ਅਤੇ ਉਸ ਦੇ ਪਤੀਬ੍ਰਤਾ ਧਰਮ ਦੀ ਮਹਾਨਤਾ ਸੰਗਤਾਂ ਨੂੰ ਦਰਸਾਉਣ ਲਈ ਲੋਹਗੜ੍ਹ ਸਾਹਿਬ ਦੇ ਸਾਹਮਣੇ ਇਕ ਸੁੱਕਾ ਬੋਹੜ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਬੇਟਾ ! ਜਾ ਉਸ ਸੁੱਕੇ ਬੋਹੜ ਥੱਲੇ ਪਰਦਾ ਕਰਕੇ ਇਸ਼ਨਾਨ ਕਰਕੇ ਜਪੁ ਜੀ ਸਾਹਿਬ ਦਾ ਪਾਠ ਕਰਨਾ ਕਰ। ਉਸ ਬੀਬੀ ਨੇ ਸਤਿਗੁਰੂ ਜੀ ਦਾ ਬਚਨ ਮੰਨ ਕੇ ਜਦ ਇਸੇ ਤਰ੍ਹਾਂ ਕੀਤਾ ਤਾਂ ਉਹ ਸੁਕਿਆ ਬੋਹੜ ਵੀ ਹਰਾ ਹੋ ਗਿਆ। (ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ)

**ਵਡਹੰਸੁ ਮਹਲਾ ੩ ਛੰਤ ੴ ਸਤਿਗੁਰ ਪ੍ਰਸਾਦਿ ॥ ਆਪਣੇ ਪਿਰ ਕੈ ਰੰਗਿ ਰਤੀ ਮੁਈਏ ਸੋਭਾਵੰਤੀ ਨਾਰੇ ॥ ਸਚੈ ਸਬਦਿ ਮਿਲਿ ਰਹੀ ਮੁਈਏ ਪਿਰੁ ਰਾਵੇ ਭਾਇ ਪਿਆਰੇ ॥ ਸਚੈ ਭਾਇ ਪਿਆਰੀ ਕੰਤਿ ਸਵਾਰੀ ਹਰਿ ਹਰਿ ਸਿਉ ਨੇਹੁ ਰਚਾਇਆ ॥ ਆਪੁ ਗਵਾਇਆ ਤਾ ਪਿਰੁ ਪਾਇਆ ਗੁਰ ਕੈ ਸਬਦਿ ਸਮਾਇਆ ॥ ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ ਅੰਤਰਿ ਪ੍ਰੀਤਿ ਪਿਆਰੀ ॥ ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ ਸਾਚੈ ਸਾਹਿ ਸਵਾਰੀ ॥੧॥**

**ਪਦ ਅਰਥ** :-ਪਿਰ ਕੈ-ਪਤੀ ਦੇ। ਰਤੀ-ਰੰਗੀ ਹੋਈ। ਮੁਈਏ-ਹੇ ਪਿਆਰੀਏ। ਸੋਭਾਵੰਤੀ-ਸੋਭਾ ਵਾਲੀ। ਰਾਵੇ-ਮਾਣਦੀ ਹੈ। ਭਾਇ-ਪ੍ਰੇਮ। ਕੰਤਿ-ਪਤੀ ਨੇ। ਨੇਹੁ-ਪ੍ਰੇਮ। ਰਚਾਇਆ-ਲਾਇਆ ਹੈ। ਸਾ ਧਨ-ਜੀਵ-ਇਸਤਰੀ। ਪ੍ਰੇਮ ਕਸਾਈ-ਪ੍ਰੇਮ ਦੀ ਖਿੱਚੀ ਹੋਈ।

**ਅਰਥ** :-ਹੇ ਪਿਆਰੀਏ (ਜੋ ਇਸਤਰੀ) ਆਪਣੇ ਪਤੀ ਦੇ ਪ੍ਰੇਮ ਰੰਗਿ ਵਿਚ ਰੰਗੀ ਹੋਈ ਹੈ, ਉਹ ਸੋਭਾ ਵਾਲੀ ਇਸਤਰੀ ਹੈ। ਹੇ ਪਿਆਰੀਏ (ਜੋ) ਸੱਚੇ ਗੁਰੂ ਦੇ ਸ਼ਬਦ ਵਿਚ ਮਿਲ ਰਹੀ ਹੈ (ਉਹ) ਪ੍ਰੇਮ ਨਾਲ ਪਿਆਰੇ ਪਤੀ ਦੇ (ਅਨੰਦ ਨੂੰ) ਮਾਣਦੀ ਹੈ। (ਜਿਸ ਦਾ) ਸੱਚੇ ਨਾਲ ਪ੍ਰੇਮ ਹੈ (ਉਸਨੂੰ) ਪਿਆਰੀ ਜਾਣ ਕੇ ਪਤੀ ਨੇ ਸਵਾਰਿਆ ਹੈ (ਕਿਉਂਕਿ ਉਸ ਨੇ) ਹਰਿ ਹਰਿ ਨਾਮ ਨਾਲ ਪ੍ਰੇਮ ਲਾਇਆ ਹੈ। (ਜਿਸ ਨੇ) ਆਪੁ ਗਵਾਇਆ=ਹੰਕਾਰ ਦੂਰ ਕੀਤਾ ਹੈ ਤਾਂ ਉਸ ਨੇ ਗੁਰੂ ਦੇ ਸ਼ਬਦ ਵਿਚ ਸਮਾਇਆਂ ਪਤੀ (ਪ੍ਰਮਾਤਮਾ ਨੂੰ) ਪਾ ਲਿਆ ਹੈ। ਜੋ ਇਸਤਰੀ ਸਬਦਿ ਵਿਚ ਜੁੜੀ ਹੈ, (ਉਹ) ਪ੍ਰੇਮ ਦੀ ਖਿੱਚੀ ਹੋਈ ਸੋਭਦੀ ਹੈ (ਕਿਉਂਕਿ) ਉਸ ਦੇ ਅੰਦਰ (ਪ੍ਰਭੂ ਦੀ) ਪਿਆਰੀ ਪ੍ਰੀਤ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਇਸਤਰੀ ਪਤੀ ਨੇ ਆਪਣੇ ਨਾਲ ਮੇਲ ਲਈ ਹੈ ਅਤੇ ਸੱਚੇ ਸਾਹ (ਵਾਹਿਗੁਰੂ ਜੀ ਨੇ ਉਸ ਦੀ ਇਜ਼ਤ ਲੋਕ ਪ੍ਰਲੋਕ

ਵਿਚ) ਸਵਾਰੀ ਹੈ। ੧।

**ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ॥ ਗੁਰਮੁਖਿ ਜਿਨੀ ਰਾਵਿਆ ਮੁਈਏ ਪਿਰੁ ਰਵਿ ਰਹਿਆ ਭਰਪੂਰੇ ਰਾਮ॥ ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ ਜੁਗਿ ਜੁਗਿ ਏਕੋ ਜਾਤਾ॥ ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ ਮਿਲਿਆ ਕਰਮ ਬਿਧਾਤਾ॥ ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ ਹਰਿ ਸਰਿ ਰਹੀ ਭਰਪੂਰੇ॥ ਨਾਨਕ ਕਾਮਣਿ ਸਾ ਪਿਰ ਭਾਵੈ ਸਬਦੇ ਰਹੈ ਹਦੂਰੇ॥੨॥**

**ਪਦ ਅਰਥ** :-ਨਿਰਗੁਣਵੰਤੜੀਏ-ਹੇ (ਸ਼ੁੱਭ) ਗੁਣਾਂ ਤੋਂ ਖ਼ਾਲੀ (ਜੀਵ)-ਇਸਤਰੀਏ! ਹਦੂਰੇ-ਹਾਜ਼ਰ, ਅੰਗ ਸੰਗ। ਰਾਵਿਆ-ਸਿਮਰਿਆ। ਰਵਿ ਰਹਿਆ-ਮਿਲ ਰਿਹਾ ਹੈ। ਧਨ-ਜੀਵ-ਇਸਤਰੀ। ਬਾਲੀ ਭੋਲੀ-ਚਤਰਾਈ ਬਿਨਾ ਬਾਲਕ ਸੁਭਾਅ ਵਾਲੀ। ਕਰਮ ਬਿਧਾਤਾ-ਕਰਮਾਂ ਦਾ ਫਲ ਪਰਦਾਤਾ। ਸੁਭਾਖਿਆ-ਚੰਗੀ ਤਰ੍ਹਾਂ ਉਚਾਰਿਆ ਹੈ। ਹਰਿ ਸਰਿ-ਹਰੀ ਸਰੋਵਰ ਵਿਚ। ਕਾਮਣਿ-ਜੀਵ-ਇਸਤਰੀ, ਸਾ-ਉਹ। ਸਬਦੇ-ਸ਼ਬਦ ਦੁਆਰਾ।

**ਅਰਥ** :-ਹੇ (ਸ਼ੁੱਭ) ਗੁਣਾਂ ਤੋਂ ਖ਼ਾਲੀ ਜੀਵ-ਇਸਤਰੀਏ! ਉਸ ਵਿਆਪਕ ਪਤੀ (ਪ੍ਰਮੇਸ਼ਰ) ਨੂੰ ਹਾਜ਼ਰ ਨਾਜ਼ਰ ਦੇਖਣਾ ਕਰ। ਹੇ ਪਿਆਰੀਏ! ਗੁਰੂ ਰਾਹੀਂ ਜਿਨ੍ਹਾਂ ਨੇ (ਨਾਮ) ਸਿਮਰਿਆ ਹੈ, (ਉਨ੍ਹਾਂ ਨੂੰ) ਰਾਮ ਪਤੀ (ਪ੍ਰਮੇਸ਼ਰ) ਪੂਰਨ ਰੂਪ ਵਿਚ ਮਿਲ ਰਿਹਾ (ਦਿਸ ਪਿਆ) ਹੈ। ਜੋ (ਪ੍ਰਮਾਤਮਾ) ਹਰ ਇਕ ਜੁਗ ਅੰਦਰ ਇਕੋ ਜਾਣਿਆ ਜਾਂਦਾ ਹੈ, (ਤੂੰ ਵੀ ਉਸ) ਪਤੀ (ਪ੍ਰਮੇਸ਼ਰ) ਨੂੰ ਸਭ ਜਗ੍ਹਾ ਭਰਪੂਰੇ=ਪੂਰਨ ਮਿਲ ਰਿਹਾ (ਨਿਹਚੇ ਕਰਕੇ) ਹਾਜ਼ਰ ਨਾਜ਼ਰ ਵੇਖਣਾ ਕਰ। ਜੋ ਜੀਵ-ਇਸਤਰੀ ਚਤਰਾਈ ਬਿਨਾਂ ਬਾਲਕ ਸੁਭਾਅ ਵਾਲੀ ਹੈ, (ਉਹ) ਪਤੀ ਨੂੰ ਸਹਜ (ਅਵਸਥਾ) ਵਿਚ ਟਿਕ ਕੇ ਉਸ ਦਾ ਅਨੰਦ ਮਾਣਦੀ ਰਹਿੰਦੀ ਹੈ (ਕਿਉਂਕਿ ਉਸ ਨੂੰ) ਕਰਮਾਂ ਦਾ ਫਲ ਪਰਦਾਤਾ ਮਿਲ ਪਿਆ ਹੈ। ਜਿਸ (ਜੀਵ ਰੂਪ ਇਸਤਰੀ ਨੇ) ਗੁਰ ਸਬਦਿ ਨੂੰ ਚੰਗੀ ਤਰ੍ਹਾਂ ਉਚਾਰਿਆ (ਭਾਵ ਜਪਿਆ) ਹੈ ਤੇ ਹਰੀ ਨਾਮ ਰਸਿ ਚਾਖਿਆ ਹੈ (ਉਹ) ਹਰੀ ਨਾਮ ਸਰੋਵਰ ਵਿਚ (ਇਸ਼ਨਾਨ ਕਰਕੇ) ਨਾਮ ਰਸ ਨਾਲ ਭਰੀ ਰਹਿੰਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਜੀਵ-ਇਸਤਰੀ ਪਤੀ (ਪ੍ਰੇਮਸ਼ਰ) ਨੂੰ ਚੰਗੀ ਲਗਦੀ ਹੈ (ਜੋ) ਗੁਰ ਸ਼ਬਦਿ ਦੁਆਰਾ (ਹਰ ਸਮੇਂ ਪਤੀ ਪ੍ਰਭੂ ਦੀ) ਹਜ਼ੂਰੀ ਵਿਚ ਰਹਿੰਦੀ ਹੈ। ੨।

**ਸੋਹਾਗਣੀ ਜਾਇ ਪੂਛਹੁ ਮੁਈਏ ਜਿਨੀ ਵਿਚਹੁ ਆਪੁ ਗਵਾਇਆ॥ ਪਿਰ ਕਾ ਹੁਕਮੁ ਨ ਪਾਇਓ ਮੁਈਏ ਜਿਨੀ ਵਿਚਹੁ ਆਪੁ ਨ ਗਵਾਇਆ॥ ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ ਰੰਗ ਸਿਉ ਰਲੀਆ ਮਾਣੈ॥ ਸਦਾ ਰੰਗਿ ਰਾਤੀ ਸਹਜੇ ਮਾਤੀ ਅਨਦਿਨੁ ਨਾਮੁ ਵਖਾਣੈ॥**

**ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ ਹਰਿ ਕਾ ਪ੍ਰੇਮੁ ਸੁਭਾਇਆ॥**
**ਨਾਨਕ ਕਾਮਣਿ ਸਹਜੇ ਰਾਤੀ ਜਿਨਿ ਸਚੁ ਸੀਗਾਰੁ ਬਣਾਇਆ॥੩॥**

**ਪਦ ਅਰਥ :**–ਸੋਹਾਗਣਿ–ਸੁਹਾਗਣ (ਇਸਤਰੀਆਂ)। ਜਾਇ–ਜਾ ਕੇ। ਆਪੁ–ਆਪਾ ਭਾਵ ਹੰਕਾਰ। ਰੰਗ ਸਿਉ–ਅਨੰਦ ਸਹਿਤ। ਰਲੀਆ–ਖ਼ੁਸ਼ੀਆਂ। ਮਾਤੀ–ਮਸਤ। ਸੁਭਾਇਆ–ਬਹੁਤ ਚੰਗਾ ਲਗਿਆ ਹੈ।

**ਅਰਥ :**–ਹੇ ਪਿਆਰੀਏ ! (ਉਨ੍ਹਾਂ) ਸੁਹਾਗਣ (ਇਸਤਰੀਆਂ) ਪਾਸੋਂ ਜਾ ਕੇ (ਪ੍ਰਭੂ ਪਤੀ ਨੂੰ ਪ੍ਰਸੰਨ ਕਰਨ ਦਾ ਢੰਗ) ਪੁੱਛੋ ਜਿਨ੍ਹਾਂ ਨੇ (ਆਪਣੇ ਅੰਦਰੋਂ) ਹੰਕਾਰ ਦੂਰ ਕਰ ਲਿਆ ਹੈ। (ਕਿਉਂਕਿ) ਹੇ ਪਿਆਰੀਏ! ਜਿਨ੍ਹਾਂ ਨੇ (ਆਪਣੇ ਮਨ ਵਿਚੋਂ) ਹੰਕਾਰ ਨਹੀਂ ਦੂਰ ਕੀਤਾ (ਉਨ੍ਹਾਂ ਨੇ) ਪ੍ਰਭੂ ਪਤੀ ਦਾ ਹੁਕਮ ਪਛਾਣ ਕੇ ਮੰਨਣਾ ਨਹੀਂ ਪਾਇਆ। ਹਾਂ, ਜਿੰਨ੍ਹਾਂ ਨੇ ਆਪਾ ਭਾਵ, ਹੰਕਾਰ ਦੂਰ ਕੀਤਾ ਹੈ ਤਿਨ੍ਹਾਂ ਨੇ (ਪ੍ਰਭੂ) ਪਤੀ ਨੂੰ ਪਾਇਆ ਹੈ (ਅਤੇ ਉਹ) ਪ੍ਰੇਮ ਸਹਿਤ (ਪਤੀ ਪ੍ਰਮੇਸ਼ਰ ਦੇ ਮਿਲਾਪ ਦੀਆਂ) ਖ਼ੁਸ਼ੀਆਂ ਮਾਣਦੀਆਂ ਹਨ। (ਜੋ ਜੀਵ-ਇਸਤਰੀ ਹਮੇਸ਼ਾ (ਪ੍ਰਭੂ ਪਤੀ ਦੇ) ਪ੍ਰੇਮ ਵਿਚ ਰਤੀ ਹੈ (ਉਹ) ਸਹਜ ਵਿਚ ਮਸਤ ਹੋਈ ਦਿਨ ਰਾਤ (ਪ੍ਰਮੇਸ਼ਰ ਦਾ) ਨਾਮ ਉਚਾਰਦੀ ਭਾਵ ਸਿਮਰਦੀ ਰਹਿੰਦੀ ਹੈ। ਉਹ ਇਸਤਰੀ ਵੱਡੇ ਭਾਗਾਂ ਵਾਲੀ ਹੈ, (ਜਿਸ ਦੇ) ਅੰਦਰ (ਪ੍ਰਭੂ) ਨਾਮ ਦੀ ਲਿਵ ਲੱਗੀ ਹੈ, (ਉਸ ਨੂੰ) ਹਰੀ (ਪ੍ਰਮਾਤਮਾ) ਦਾ ਪ੍ਰੇਮ ਬਹੁਤ ਚੰਗਾ ਲਗਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਜੀਵ-ਇਸਤਰੀ ਸਹਜ (ਅਵਸਥਾ) ਵਿਚ ਰਤੀ ਰਹਿੰਦੀ ਹੈ, ਜਿਸ ਨੇ (ਸ਼ੁਭ ਗੁਣ ਧਾਰਣ ਕਰਕੇ) ਸੱਚ ਦੀ ਪ੍ਰਾਪਤੀ ਰੂਪ ਸ਼ਿੰਗਾਰ ਬਣਾਇਆ ਹੈ। ੩।

**ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥ ਹਰਿ ਵਰੁ ਰਾਵਹਿ ਸਦਾ**
**ਮੁਈਏ ਨਿਜ ਘਰਿ ਵਾਸਾ ਪਾਏ॥ਨਿਜ ਘਰਿ ਵਾਸਾ ਪਾਏ ਸਬਦੁ ਵਜਾਏ**
**ਸਦਾ ਸੁਹਾਗਣਿ ਨਾਰੀ॥ਪਿਰੁ ਰਲੀਆਲਾ ਜੋਬਨੁ ਬਾਲਾ ਅਨਦਿਨੁ ਕੰਤਿ**
**ਸਵਾਰੀ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ ਸਚੈ ਸਬਦਿ ਸੁਹਾਏ॥**
**ਨਾਨਕ ਕਾਮਣਿ ਹਰਿ ਰੰਗਿ ਰਾਤੀ ਜਾ ਚਲੈ ਸਤਿਗੁਰ ਭਾਏ॥੪॥੧॥**

**ਪਦ ਅਰਥ :**– ਗੁਰ ਕੈ ਭਾਏ-ਗੁਰੂ ਦੇ ਭਾਣੇ ਵਿਚ। ਹਰਿ ਵਰੁ ਰਾਵਹਿ–ਹਰੀ ਪਤੀ ਨੂੰ ਮਿਲ ਕੇ ਅਨੰਦ ਮਾਣੇਗੀ। ਨਿਜ ਘਰਿ–ਆਪਣੇ (ਅਸਲੀ) ਸਰੂਪ ਰੂਪੀ ਘਰ ਵਿਚ। ਪਾਏ–ਪਾ ਕੇ। ਰਲੀਆਲਾ– ਅਨੰਦ ਦਾ ਘਰ ਭਾਵ ਖ਼ੁਸ਼ੀਆਂ ਮਾਨਣ ਵਾਲਾ। ਜੋਬਨੁ ਬਾਲਾ–ਭਰ ਜੁਆਨੀ ਵਾਲਾ।

**ਅਰਥ :**– ਹੇ ਪਿਆਰੀਏ ! ਤੂੰ ਹਉਮੈ ਨੂੰ ਮਾਰ ਕੇ ਗੁਰੂ ਦੇ ਭਾਣੇ ਵਿਚ ਚੱਲਣਾ ਕਰ। (ਫਿਰ ਤੂੰ) ਸਰੂਪ ਰੂਪੀ ਘਰ ਵਿਚ ਵਾਸਾ ਪਾ ਕੇ ਪ੍ਰਭੂ ਪਤੀ ਦਾ ਸਦਾ ਅਨੰਦ ਮਾਣਦੀ ਰਹੇਂਗੀ। ਜੋ ਨਿਜ ਘਰ ਸਰੂਪ ਰੂਪੀ ਘਰ ਵਿਚ ਵਾਸਾ ਪਾ ਕੇ ਗੁਰ-ਸ਼ਬਦ ਨੂੰ ਵਜਾਏ=ਉਚਾਰਦੀ (ਭਾਵ ਗੁਰ ਸ਼ਬਦ ਦਾ ਜਾਪ) ਕਰਦੀ ਰਹਿੰਦੀ ਹੈ, ਉਹ ਇਸਤਰੀ ਸਦਾ ਹੀ ਸੁਹਾਗਣ ਹੈ। ਉਹ ਪ੍ਰਭੂ ਪਤੀ ਅਨੰਦ ਦਾ ਘਰ ਸਦਾ ਹੀ ਭਰ ਜੁਆਨੀ (ਅਵਸਥਾ) ਵਾਲਾ ਹੈ, (ਉਸ) ਪਤੀ ਨੇ (ਉਹ ਇਸਤਰੀ) ਦਿਨ ਰਾਤ (ਭਾਵ ਸਦਾ ਲਈ)

ਸਵਾਰ ਦਿੱਤੀ ਹੈ। ਜਿਸ ਜੀਵ-ਇਸਤਰੀ ਦੇ ਮੱਥੇ ਦੇ (ਉੱਤਮ) ਭਾਗ ਹਨ, ਉਹ ਹਰੀ ਪਤੀ ਦੇ ਸੁਹਾਗ ਵਾਲੀ ਹੈ (ਅਤੇ ਉਹ) ਸੱਚੇ ਗੁਰੂ ਦੇ ਸ਼ਬਦ ਵਿਚ ਜੁੜੀ ਹੋਈ ਸੋਭਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਇਸਤਰੀ ਜਦ ਗੁਰੂ ਦੇ ਭਾਣੇ ਵਿਚ ਚਲਦੀ ਹੈ (ਤਾਂ) ਹਰੀ (ਪਤੀ ਦੇ) ਪ੍ਰੇਮ ਵਿਚ (ਉਹ) ਰੰਗੀ ਜਾਂਦੀ ਹੈ। ੪। ੧।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਵਿਚ ਹਜ਼ੂਰ ਨੇ ''ਨਿਰਗੁਣਵੰਤੜੀਏ ਪਿਰ ਦੇਖਿ ਹਦੂਰੇ ਰਾਮ॥'' (ਅਤੇ) ''ਸੋਹਾਗਣੀ ਜਾਇ ਪੁਛਹੁ ਮੁਈਏ....॥'' ਅਖ਼ੀਰ ਵਿਚ ਪ੍ਰਭੂ ਮਿਲਾਪ ਵਾਸਤੇ ਜ਼ਰੂਰੀ ਹੈ :-

***''ਹਉਮੈ ਮਾਰਿ ਮੁਈਏ ਤੂ ਚਲੁ ਗੁਰ ਕੈ ਭਾਏ॥''***

ਹਉਮੈ ਤਿਆਗ ਕੇ ਹੀ ਪ੍ਰਭੂ ਮਿਲਾਪ ਹੋਣਾ ਹੈ।

ਵਾਹਿਗਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੩੨ (ਅੰਗ ੫੬੯)

## ਵਡਹੰਸੁ ਮਹਲਾ ੩ ॥

ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ ॥ ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ ॥ ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ ॥ ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ ॥ ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ ॥ ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ ॥ ੧ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥ ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥ ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥ ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥ ੨ ॥ ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥ ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥ ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥ ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥ ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥ ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥ ੩ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ ॥ ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ ॥ ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ ॥ ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ ॥ ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ॥ ੪ ॥ ੪ ॥

## ਪ੍ਰਾਕ੍ਥਨ :-

ਇਹ ਪਾਵਣ ਸ਼ਬਦ ਵਡਹੰਸ ਰਾਗੁ ਅੰਦਰ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਉਚਾਰਨ ਕੀਤਾ ਹੋਇਆ ਹੈ। ਹਜ਼ੂਰ ਨੇ ਇਸ ਸ਼ਬਦ ਅੰਦਰ ਰਤਨ ਪਦਾਰਥਾਂ ਦੇ ਵਣਜ ਕਰਨ ਦਾ ਹੁਕਮ ਕੀਤਾ ਹੈ। ਗੁਰਬਾਣੀ ਅੰਦਰ ਰਤਨ ਸ਼ਬਦ ਸਮੁੱਚਾ ਗਿਣਤੀ ਰੂਪ ਵਿਚ ੨੭੩ ਵਾਰ ਆਇਆ ਹੈ, ਜਿਸ ਵਿਚੋਂ ੧੪੯ ਵਾਰ ਨਾਮ ਨੂੰ ਗੁਰਦੇਵ ਨੇ ਰਤਨ ਕਿਹਾ ਹੈ। ਇਸ ਸਬੰਧ ਵਿਚ ਪੜ੍ਹੋ ਦਾਸ ਦੀ ਲਿਖੀ ਪੁਸਤਕ 'ਗੁਰ ਸਾਗਰ ਰਤਨੀ ਭਰਪੂਰੇ' ਪੰਨਾ ੮੦ ਉਪਰ ਨਕਸ਼ਾ ਦਿੱਤਾ ਹੈ।

## ''ਰਤਨ'' ਗੁਰੂ ਕਾ ਸ਼ਬਦ

ਇਹ ਸ਼ਬਦ ਰੂਪੀ ਰਤਨ ਦਾ ਜ਼ਿਕਰ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਨਿਤਨੇਮ ਦੀ ਬਾਣੀ ਅਨੰਦ ਸਾਹਿਬ ਜੀ ਦੀ ਪੰਝੀਵੀਂ ਪਉੜੀ ਅੰਦਰ ਕੀਤਾ ਹੈ। ਸ਼ਬਦ ਰੂਪੀ ਰਤਨ ਦੀ ਮਹਿਮਾ ਜੋ ਤੀਸਰੇ ਸਤਿਗੁਰੂ ਜੀ ਨੇ ਕੀਤੀ ਹੈ, ਉਸ ਦੇ ਰਹੱਸ ਨੂੰ ਸਮਝਣਾ ਸੌਖਾ ਨਹੀਂ ਹੈ, ''ਗੁਰ ਕਾ ਸਬਦੁ ਰਤੰਨੁ ਹੈ ਹੀਰੈ ਜਿਤੁ ਜੜਾਉ'' ਤੋਂ ਭਾਵ ਸ਼ਬਦ ਦੀ ਅਮੋਲਕਤਾ ਨੂੰ ਪ੍ਰਗਟਾਉਣਾ ਹੈ, ਪਰ ਇਹ ਤੱਤ ਵੀ ਕੋਈ ਵਿਰਲਾ ਆਤਮ ਦਰਸੀ ਹੀ ਸਮਝ ਸਕਦਾ ਹੈ। ਗੁਰੂ ਦਾ ਸ਼ਬਦ ਨਿਰਾ ਬੋਲ ਨਹੀਂ ਹੈ, ਉਹ ਅਰੂਪ ਸ਼ਬਦ ਹੈ ਜਿਸ ਦੀ ਵਿਲੱਖਣਤਾ ਦਾ ਅਨੁਭਵ ਗੁਰੂ ਦੀ ਕ੍ਰਿਪਾ ਨਾਲ ਹਿਰਦੇ ਅੰਦਰ ਹੀ ਹੁੰਦਾ ਹੈ। ਜਿਸ ਜਗਿਆਸੂ ਉੱਤੇ ਉਸ ਸ਼ਬਦ ਦਾ ਵਿਸਮਾਦੀ ਰੰਗ ਚੜ੍ਹਦਾ ਹੈ, ਉਸ ਰਹੱਸ ਨੂੰ ਉਹੀ ਜਾਣ ਸਕਦਾ ਹੈ। ਗੁਰ ਸ਼ਬਦ ਦੀ ਸੁਗੰਧੀ ਸਿੱਖ ਨੂੰ ਦੀਵਾਨਾ ਤੇ ਮਸਤਾਨਾ ਬਣਾ ਦਿੰਦੀ ਹੈ। ਗੁਰੂ ਬਾਬਾ ਨਾਨਕ ਜੀ ਨੇ ਸਾਰੇ ਸੰਸਾਰ ਨੂੰ ਸਾਈਂ ਦੇ ਸ਼ਬਦ ਰੂਪੀ ਰਤਨ ਨਾਲ ਜੋੜਿਆ ਅਤੇ ਆਪ ਉਸ ਸ਼ਬਦ ਦੇ ਸਾਧਕ ਬਣੇ। ਸ਼ਬਦ ਦੀ ਵਿਲੱਖਣਤਾ ਦਾ ਪ੍ਰਚਾਰ ਗੁਰੂ ਕਾਲ ਤੋਂ ਹੋਂਦ ਵਿਚ ਆ ਰਿਹਾ ਹੈ। ਇਸ ਪਉੜੀ ਅੰਦਰ ਸ਼ਬਦ ਵਿਚ ਗਿਆਨ ਦੀ ਅਭੇਦਤਾ ਨੂੰ ਚਮਕਾਇਆ ਹੈ। ਜਿਵੇਂ ਜੜਾਊ ਗਹਿਣੇ ਵਿਚ ਹੀਰੇ ਦਾ ਨਗ ਚਮਕਦਾ ਹੈ, ਤਿਵੇਂ ਸ਼ਬਦ ਨਾਲ ਲੱਗ ਕੇ ਗਿਆਨ ਦੀ ਆਭਾ ਦੂਣੀ-ਚੌਣੀ ਹੁੰਦੀ ਹੈ।

ਤੱਤ ਦੀ ਗੱਲ ਇਹ ਹੈ ਕਿ ਜਦੋਂ ਸਿੱਖ ਸ਼ਬਦ ਨਾਲ ਰਚ-ਮਿਚ ਜਾਂਦਾ ਹੈ ਤਾਂ ਸੱਚਾ ਵਾਹਿਗੁਰੂ ਸਿੱਖ ਦੇ ਹਿਰਦੇ ਰੂਪੀ ਭਾਂਡੇ ਵਿਚ ਆਪੇ ਹੀ ਪ੍ਰੇਮ ਦੀ ਦਾਤ ਪਾ ਕੇ ਉਸ ਨੂੰ ਨਿਹਾਲ ਕਰ ਦਿੰਦਾ ਹੈ। ਗੁਰੂ ਦੇ ਸ਼ਬਦ ਨੂੰ ਪਿਆਰ ਕਰਨਾ ਹੀ ਪ੍ਰਮਾਤਮਾ ਨੂੰ ਪਿਆਰ ਕਰਨਾ ਹੈ। ਸ਼ਬਦ-ਅਭਿਆਸ ਨਾਲ ਆਤਮ-ਗਿਆਨ ਸਾਖਿਆਤਕਾਰ ਹੁੰਦਾ ਹੈ ਅਤੇ ਅੰਤਰ-ਆਤਮੇ ਦੀ ਸੋਝੀ ਆ ਜਾਂਦੀ ਹੈ ਕਿ ਸ਼ਬਦ ਹੀ ਬ੍ਰਹਮ ਹੈ।

ਗੁਰੂ ਦਾ ਸ਼ਬਦ ਰਤਨ ਤੋਂ ਵੀ ਵੱਧ ਅਮੋਲਕ ਤੇ ਅਸਚਰਜ ਵਸਤੂ ਹੈ ਜਿਸ ਨੂੰ (ਸਿਫਤ ਰੂਪੀ) ਹੀਰੇ ਪੰਨੇ ਜੜ੍ਹੇ ਹੋਏ ਹਨ। (ਇਹ ਸ਼ਬਦ-ਰਤਨ ਜਿਸ ਸਿੱਖ ਦੇ) ਮਨ ਨੂੰ (ਚੰਗਾ) ਲੱਗਾ ਹੈ, (ਉਸ ਦੇ ਹਿਰਦੇ ਵਿਚ) ਸਮਾ ਗਿਆ ਹੈ। (ਉਸ ਦਾ) ਮਨ ਸ਼ਬਦ ਨਾਲ ਜੁੜ ਗਿਆ ਹੈ ਤੇ ਸੱਚੇ (ਪ੍ਰਮਾਤਮਾ) ਨੇ ਉਸ ਅੰਦਰ ਇਹ ਪ੍ਰੇਮ ਲਾਇਆ ਹੈ। (ਉਹ ਵਾਹਿਗੁਰੂ) ਆਪੇ ਹੀਰਾ ਹੈ, ਆਪੇ ਹੀ ਰਤਨ ਹੈ। ਜਿਸਨੂੰ (ਉਹ ਆਪ)

ਸਮਝਾ ਦਿੰਦਾ ਹੈ, (ਉਸਨੂੰ ਸ਼ਬਦ ਰਤਨ ਦੀ ਸੋਝੀ ਹੋ ਆਉਂਦੀ ਹੈ।) ਧੰਨ ਕ੍ਰਿਪਾਲੂ (ਗੁਰੂ ਜੀ ਫੁਰਮਾਉਂਦੇ ਹਨ) ਕਿ ਸ਼ਬਦ (ਇਕ ਅਮੋਲਕ ਰਤਨ ਹੈ, ਜਿਸਨੂੰ (ਸਿਫਤ ਰੂਪੀ ਗੁਣਾਂ) ਦੇ ਹੀਰੇ (ਦਾ ਜੜਾਵਾ) ਜੜਿਆ ਹੋਇਆ ਹੈ।

*"ਗੁਰ ਕਾ ਸਬਦੁ ਰਤੰਨੁ ਹੈ, ਹੀਰੇ ਜਿਤੁ ਜੜਾਉ॥*
*ਸਬਦੁ ਰਤਨੁ ਜਿਤੁ ਮੰਨੁ ਲਾਗਾ, ਏਹੁ ਹੋਆ ਸਮਾਉ॥*
*ਸਬਦ ਸੇਤੀ ਮਨੁ ਮਿਲਿਆ, ਸਚੈ ਲਾਇਆ ਭਾਉ॥*
*ਆਪੇ ਹੀਰਾ ਰਤਨੁ ਆਪੇ, ਜਿਸ ਨੋ ਦੇਇ ਬੁਝਾਇ॥*
*ਕਹੈ ਨਾਨਕੁ ਸਬਦੁ ਰਤਨੁ ਹੈ, ਹੀਰਾ ਜਿਤੁ ਜੜਾਉ॥੨੫॥"*

(ਅੰਗ ੯੨੦)

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਵੀ ਅੰਮ੍ਰਿਤ ਰੂਪ ਬਚਨ ਹਨ ਕਿ ਮੈਂ ਸ਼ਬਦ ਰੂਪੀ ਰਤਨ ਖ਼ਜ਼ਾਨੇ ਨੂੰ ਪਾ ਕੇ ਧਨਾਢ ਹੋ ਗਿਆ ਹਾਂ। ਸੰਸਾਰ ਦੇ ਅੰਦਰ ਅਮੀਰੀ ਅਤੇ ਗ਼ਰੀਬੀ ਦਾ ਹਰ ਮਨੁੱਖ ਦਾ ਇਸ ਗੱਲ ਤੋਂ ਪਤਾ ਲੱਗ ਜਾਂਦਾ ਹੈ ਕਿ ਇਸ ਕੋਲ ਕਿੰਨੇ ਕੁ ਰਤਨ ਅਤੇ ਕਿੰਨਾ ਕੁ ਸਰਮਾਇਆ ਹੈ। ਪਰ ਗੁਰ ਸੰਗਤ ਜੀ! ਸੰਸਾਰਕ ਰਤਨ ਦੀ ਕੀਮਤ ਪੈ ਜਾਂਦੀ ਹੈ ਪਰ ਜਿਹੜਾ ਸ਼ਬਦ ਰੂਪ ਰਤਨੁ ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਕੀਤਾ, ਉਸ ਦੀ ਕੀਮਤ ਪੈ ਨਹੀਂ ਸਕਦੀ। ਅਸਲ ਵਿਚ ਅਮੀਰ ਉਹ ਹੈ ਜਿਸ ਕੋਲ ਨਾਮ ਧਨ ਹੈ, ਬਾਕੀ ਤਾਂ ਸੰਸਾਰੀ ਧਨ ਕਿੰਨਾ ਵੀ ਹੋਵੇ, ਰੱਜ ਨਹੀਂ ਆਉਂਦਾ।

## ਸਾਖੀ—ਸ਼ਾਹੂਕਾਰ ਦੀ

ਇਕ ਸ਼ਾਹੂਕਾਰ ਨੇ ਬਹੁਤ ਸਾਰਾ ਧਨ ਇਕੱਠਾ ਕੀਤਾ ਹੋਇਆ ਸੀ। ਇਕ ਦਿਨ ਆਪਣੇ ਮੁਨੀਮ ਨੂੰ ਉਸ ਨੇ ਪੁੱਛਿਆ, ਹਿਸਾਬ ਲਗਾ ਕੇ ਦੱਸ ਕਿ ਮੇਰੇ ਇਕੱਠੇ ਕੀਤੇ ਧਨ ਨਾਲ ਕਿੰਨੀਆਂ ਪੀੜ੍ਹੀਆਂ ਤੱਕ ਗੁਜ਼ਾਰਾ ਹੋ ਸਕਦਾ ਹੈ। ਅੱਗੋਂ ਮੁਨੀਮ ਨੇ ਹਿਸਾਬ ਲਗਾ ਕੇ ਦੱਸਿਆ ਕਿ ਸ਼ਾਹ ਜੀ, ਦਸ ਪੀੜ੍ਹੀਆਂ ਤੱਕ ਇਹ ਧਨ ਨਹੀਂ ਮੁੱਕਦਾ ਤਾਂ ਸੁਣ ਕੇ ਸ਼ਾਹੂਕਾਰ ਰੋ ਪਿਆ। ਮੁਨੀਮ ਨੇ ਕਿਹਾ ਜੀ ਤੁਸੀਂ ਰੋਂਦੇ ਕਿਉਂ ਹੋ? ਸ਼ਾਹੂਕਾਰ ਨੇ ਕਿਹਾ ਦਸ ਪੀੜ੍ਹੀਆਂ ਤੋਂ ਬਾਅਦ ਕੀ ਕਰਨਗੇ। ਸ਼ਾਹੂਕਾਰ ਕੋਲੋਂ ਸੁਣ ਕੇ ਮੁਨੀਮ ਹੈਰਾਨ ਹੋ ਗਿਆ, ਜੋ ਬੜਾ ਹੀ ਸਿਆਣਾ ਸੀ। ਇਸ ਦੀ ਸਿਆਣਪ ਨਾਲ ਹੀ ਇਤਨਾ ਧਨ ਇਕੱਠਾ ਹੋਇਆ ਸੀ। ਮੁਨੀਮ ਨੇ ਸੋਚਿਆ ਕਿ ਐਸੇ ਕੰਜੂਸ ਸ਼ਾਹੂਕਾਰ ਕੋਲ ਕੀ ਰਹਿਣਾ ਹੈ। ਸ਼ਾਹੂਕਾਰ ਨੇ ਸੋਚਿਆ ਜੇ ਮੁਨੀਮ ਚਲਿਆ ਗਿਆ ਤਾਂ ਅੱਗੋਂ ਹਿਸਾਬ-ਕਿਤਾਬ ਕੌਣ ਕਰੇਗਾ। ਸ਼ਾਹੂਕਾਰ ਮੁਨੀਮ ਨੂੰ ਕਹਿੰਦਾ ਹੈ ਕਿ ਤੂੰ ਮੇਰੇ ਪਾਸ ਰਹੇਂਗਾ ਕਿਸ ਢੰਗ ਨਾਲ ? ਤੈਨੂੰ ਕੀ ਚਾਹੀਦਾ ਹੈ ? ਤਨਖ਼ਾਹ ਵੱਧ ਦੇ ਦੇਵਾਂਗਾ। ਮੁਨੀਮ ਕਹਿੰਦਾ ਹੈ ਕਿ ਤਨਖ਼ਾਹ ਵੱਧ ਨਹੀਂ ਲੈਣੀ। ਤੂੰ ਸੇਰ ਆਟਾ ਰੋਜ਼ ਦਾ ਦਾਨ ਕਰ ਦਿਆ ਕਰ, ਤਾਂ ਤੇਰੇ ਪਾਸ ਰਹਾਂਗਾ। ਸਵੇਰੇ ਹੀ ਸੇਰ ਆਟਾ ਵੱਖਰਾ ਕੱਢ ਦਿਆ ਕਰ। ਸ਼ਾਹੂਕਾਰ ਨੇ ਇਸੇ ਤਰ੍ਹਾਂ ਕੀਤਾ, ਸੇਰ ਆਟਾ ਦਾਨ ਦੇਣ

ਲਈ ਵੱਖਰਾ ਕੱਢ ਦਿੱਤਾ, ਪਰ ਦੇਣ ਨੂੰ ਜੀਅ ਨਾ ਕਰੇ। ਜਦ ਕੋਈ ਗ਼ਰੀਬ ਆਉਂਦਾ ਦਿਸੇ ਤਾਂ ਆਟੇ ਨੂੰ ਆਪਣੇ ਪਿਛੇ ਕਰ ਲਵੇ। ਆਖ਼ਰ ਸ਼ਾਮ ਨੂੰ ਇਕ ਗ਼ਰੀਬ ਨੂੰ ਮੁਨੀਮ ਫੜ ਕੇ ਲੈ ਆਇਆ ਜਿਸਦੇ ਬਸਤਰ ਫਟੇ ਹੋਏ ਸਨ। ਸ਼ਾਹੂਕਾਰ ਨੂੰ ਕਿਹਾ ਇਸਨੂੰ ਆਟਾ ਦੇ। ਸ਼ਾਹੂਕਾਰ ਨੇ ਅੱਗੇ ਆਟਾ ਕੀਤਾ ਤਾਂ ਉਹ ਗ਼ਰੀਬ ਕਹਿੰਦਾ ਹੈ, ਜੀ ਮੇਰੇ ਕੋਲ ਅੱਜ ਦੇ ਦਿਨ ਦਾ ਆਟਾ ਹੈ। ਕੱਲ੍ਹ ਨਾ ਹੋਵੇਗਾ ਤਾਂ ਤੁਹਾਡੇ ਤੋਂ ਲੈ ਲਵਾਂਗਾ। ਹੁਣ ਸੋਚੀਏ ਕਿ ਗ਼ਰੀਬ ਇਨਸਾਨ ਅਮੀਰ ਹੈ ਜਾਂ ਸ਼ਾਹੂਕਾਰ ਅਮੀਰ ਹੈ।

***"ਜਾਂ ਕੇ ਤ੍ਰਿਸਨਾ ਅਧਿਕ ਹੈ ਬਹੀ ਪਰਮ ਕੰਗਾਲ।"*** (ਭਰਥਰੀ ਜੀ)

ਦੁਨਿਆਵੀ ਪਦਾਰਥਾਂ ਦੇ ਭਰੇ ਭੰਡਾਰ ਤੋਲੇ ਜਾ ਸਕਦੇ ਹਨ ਜੋ ਖਾਣ ਖ਼ਰਚਣ 'ਤੇ ਮੁੱਕ ਜਾਂਦੇ ਹਨ, ਪਰ ਨਾਮ ਬਾਣੀ ਦਾ ਖ਼ਜ਼ਾਨਾ ਅਖੁੱਟ ਤੇ ਅਮੁੱਕ ਹੈ। ਜਿਸ ਨੇ ਭਾਗਾਂ ਵਾਲਾ ਬਣਨਾ ਹੋਵੇ, ਉਹ ਇਸ ਬਾਣੀ ਦੇ ਲੜ ਲੱਗੇ। ਪਰ ਲਗਦਾ ਓਹੀ ਹੈ, ਜਿਸ ਦੇ ਮੱਥੇ ਉੱਤੇ ਪ੍ਰਮਾਤਮਾ ਨੇ ਧੁਰ ਤੋਂ ਹੀ ਇਸ ਬਖ਼ਸ਼ਿਸ਼ ਦਾ ਲੇਖ ਲਿਖ ਕੇ ਪਾਇਆ ਹੈ। ਜਿਹੜੇ ਜਗਿਆਸੂ ਗੁਰਬਾਣੀ ਦੇ ਲੜ ਲਗਦੇ ਹਨ, ਉਨ੍ਹਾਂ ਨੂੰ ਅਮੋਲਕ ਰਤਨ ਪ੍ਰਾਪਤ ਹੁੰਦਾ ਹੈ, ਗੁਰਵਾਕ ਹਨ :-

***"ਰਤਨਾ ਰਤਨ ਪਦਾਰਥ ਬਹੁ ਸਾਗਰੁ ਭਰਿਆ ਰਾਮ॥***
***ਬਾਣੀ ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਰਾਮ॥***
***ਗੁਰਬਾਣੀ ਲਾਗੇ ਤਿਨ੍ ਹਥਿ ਚੜਿਆ ਨਿਰਮੋਲਕੁ ਰਤਨੁ ਅਪਾਰਾ॥***
***ਹਰਿ ਹਰਿ ਨਾਮੁ ਅਤੋਲਕੁ ਪਾਇਆ ਤੇਰੀ ਭਗਤਿ ਭਰੇ ਭੰਡਾਰਾ॥"***

(ਅੰਗ ੪੪੨)

ਪਿਉ-ਦਾਦੇ ਦਾ ਖ਼ਜ਼ਾਨਾ ਕੀ ਹੈ? ਨਾਮ-ਬਾਣੀ ਹੀ ਪਿਉ-ਦਾਦੇ ਦਾ ਖ਼ਜ਼ਾਨਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦੇ ਪਵਿੱਤਰ ਵਾਕ ਹਨ :-

***"ਹਮ ਘਰਿ ਨਾਮੁ ਖਜਾਨਾ ਸਦਾ ਹੈ, ਭਗਤਿ ਭਰੇ ਭੰਡਾਰਾ॥"***

(ਅੰਗ ੫੯੩)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਸਾਰੇ ਸਤਿਗੁਰਾਂ ਦੀ ਬਾਣੀ ਦਾ ਖ਼ਜ਼ਾਨਾ ਇਕੱਠਾ ਕੀਤਾ, ਜਿਸ ਵਿਚ ਅਮੋਲਕ ਨਾਮ ਰੂਪ ਲਾਲ ਰਤਨ ਹਨ।

ਗੁਰੂ ਸਾਹਿਬ ਨੇ ਇਸ ਖ਼ਜ਼ਾਨੇ ਨੂੰ ਗੁਰਸਿੱਖ ਪੁੱਤਰਾਂ ਵਿਚ ਵੰਡਿਆ ਅਤੇ ਇਸ ਨੂੰ ਅਮੁੱਕ ਖ਼ਜ਼ਾਨਾ ਆਖਿਆ :-

***"ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ, ਵਧਦੋ ਜਾਈ॥"***

(ਅੰਗ ੧੮੬)

ਗੁਰਬਾਣੀ ਵਿਚ ਨਾਮ ਜਾਂ ਸ਼ਬਦ ਰੂਪੀ ਖ਼ਜ਼ਾਨੇ ਬਾਰੇ ਕਈ ਪ੍ਰਮਾਣ ਮਿਲਦੇ ਹਨ, ਜਿਵੇਂ :-

*੧. "ਖਾਵਹੁ ਖਰਚਹੁ ਤੋਟਿ ਨ ਆਵੈ, ਹਲਤ ਪਲਤ ਕੈ ਸੰਗੇ॥*
*ਲਾਦਿ ਖਜਾਨਾ ਗੁਰਿ, ਨਾਨਕ ਕਉ ਦੀਆ, ਇਹੁ ਮਨੁ ਹਰਿ ਰੰਗਿ ਰੰਗੇ॥"*

(ਅੰਗ ੪੯੬)

*੨. "ਸਤਿਗੁਰ ਕੀਨੀ ਦਾਤਿ, ਮੂਲਿ ਨ ਨਿਖੁਟਈ॥*
*ਖਾਵਹੁ ਭੁੰਚਹੁ ਸਭਿ, ਗੁਰਮੁਖਿ ਛੁਟਈ॥"*

(ਅੰਗ ੧੩੬੩)

*੩. "ਤੋਟਿ ਨ ਆਵੈ ਅਖੁਟ ਭੰਡਾਰ॥ ਨਾਨਕ ਭਗਤ ਸੋਹਹਿ ਹਰਿ ਦੁਆਰ॥"*

(ਅੰਗ ੮੯੩)

*੪. "ਮੇਰੇ ਰਾਮ ਕੋ ਭੰਡਾਰੁ॥ ਖਾਤ ਖਰਚਿ ਕਛੁ ਤੋਟਿ ਨ ਆਵੈ, ਅੰਤੁ ਨਹੀ ਹਰਿ ਪਾਰਾਵਾਰੁ॥"*

(ਅੰਗ ੮੯੩)

*੫. "ਖਾਤ ਖਰਚਤ ਕਿਛੁ ਨਿਖੁਟਤ ਨਾਹੀ, ਰਾਮ ਰਤਨੁ ਧਨੁ ਖਾਟਿਓ॥"*

(ਅੰਗ ੭੧੪)

ਹੇ ਭਾਈ! ਅਸੀਂ ਸੱਚੇ ਪ੍ਰਭੂ ਦੇ ਨਾਮ ਕਰਕੇ ਧਨਵਾਨ ਅਤੇ ਭਾਗਵਾਨ ਹਾਂ। ਸਹਿਜ ਸੁਭਾਵਿਕ ਹਰੀ ਦੇ ਗੁਣ ਗਾਉਂਦੇ ਹਾਂ।

ਹੇ ਭਾਈ ! ਜਦੋਂ ਮੈਂ ਆਪਣੇ ਪਿਉ-ਦਾਦੇ (ਗੁਰੂਆਂ ਦੀ ਬਾਣੀ) ਦਾ ਖ਼ਜ਼ਾਨਾ ਖੋਲ੍ਹ ਕੇ ਵੇਖਿਆ ਤਾਂ ਮੇਰੇ ਮਨ ਵਿਚ ਉਹ ਅਮੋਲਕ ਖ਼ਜ਼ਾਨਾ ਸੁਤੇ ਹੀ ਪ੍ਰਕਾਸ਼ਮਾਨ ਹੋ ਗਿਆ।

ਹੇ ਭਾਈ ! ਗੁਰਬਾਣੀ ਵਿਚ, ਪ੍ਰੇਮ ਤੇ ਵੈਰਾਗ ਰੂਪੀ ਅਮੋਲਕ ਰਤਨ ਤੇ ਲਾਲ ਹਨ, ਜਿਨ੍ਹਾਂ ਦਾ ਕੋਈ ਕੁਝ ਵੀ ਮੁੱਲ ਨਹੀਂ ਪਾ ਸਕਦਾ ਭਾਵ ਅਮੋਲਕ ਹਨ, ਉਨ੍ਹਾਂ ਦੇ ਅਤੁੱਲ ਤੇ ਅਖੁੱਟ ਭੰਡਾਰ ਸਾਡੇ ਪਾਸ ਭਰੇ ਪਏ ਹਨ।

ਹੇ ਭਾਈ ! ਜਿਹੜੇ ਮਨੁੱਖ ਭਰਾਵਾਂ ਵਾਂਗ ਆਪਸ ਵਿਚ ਰਲ-ਮਿਲ ਕੇ ਗੁਰਬਾਣੀ ਦਾ ਭੰਡਾਰ ਆਪ ਛਕਦੇ ਹਨ ਅਤੇ ਹੋਰਨਾਂ ਨੂੰ ਛਕਾਉਂਦੇ ਹਨ, ਉਨ੍ਹਾਂ ਨੂੰ ਕਦੇ ਵੀ ਘਾਟਾ ਨਹੀਂ ਪੈਂਦਾ ਸਗੋਂ ਇਹ ਖ਼ਜ਼ਾਨਾ ਹਰ ਰੋਜ਼ ਹੋਰ ਵਧਦਾ ਹੀ ਜਾਂਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਸ ਮਨੁੱਖ ਨੇ ਆਪਣੇ ਮੱਥੇ ਉੱਤੇ ਇਸ ਖ਼ਜ਼ਾਨੇ ਦੀ ਪ੍ਰਾਪਤੀ ਦਾ ਲੇਖ ਲਿਖਵਾਇਆ ਹੈ, ਪਰਮਾਤਮਾ ਨੇ ਉਸ ਨੂੰ ਇਸ ਖ਼ਜ਼ਾਨੇ ਵਿਚ ਰਲਾ ਲਿਆ ਹੈ-

ਗਉੜੀ ਗੁਆਰੇਰੀ ਮਹਲਾ ੫ ॥

*"ਹਮ ਧਨਵੰਤ ਭਾਗਠ ਸਚ ਨਾਇ॥*
*ਹਰਿ ਗੁਣ ਗਾਵਹ ਸਹਜਿ ਸੁਭਾਇ॥ ੧॥ ਰਹਾਉ॥*

*ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ॥*
*ਤਾ ਮੇਰੈ ਮਨਿ ਭਇਆ ਨਿਧਾਨਾ॥੧॥*
*ਰਤਨ ਲਾਲ ਜਾ ਕਾ ਕਛੂ ਨ ਮੋਲੁ॥*
*ਭਰੇ ਭੰਡਾਰ ਅਖੂਟ ਅਤੋਲ॥੨॥*
*ਖਾਵਹਿ ਖਰਚਹਿ ਰਲਿ ਮਿਲਿ ਭਾਈ॥*
*ਤੋਟਿ ਨ ਆਵੈ ਵਧਦੋ ਜਾਈ॥੩॥*
*ਕਹੁ ਨਾਨਕ ਜਿਸੁ ਮਸਤਕਿ ਲੇਖੁ ਲਿਖਾਇ॥*
*ਸੁ ਏਤੁ ਖਜਾਨੈ ਲਇਆ ਰਲਾਇ॥੪॥"*

(ਅੰਗ ੧੮੫-੮੬)

**ਵਡਹੰਸੁ ਮਹਲਾ ੩॥ ਰਤਨ ਪਦਾਰਥ ਵਣਜੀਅਹਿ ਸਤਿਗੁਰਿ ਦੀਆ ਬੁਝਾਈ ਰਾਮ॥ ਲਾਹਾ ਲਾਭੁ ਹਰਿ ਭਗਤਿ ਹੈ ਗੁਣ ਮਹਿ ਗੁਣੀ ਸਮਾਈ ਰਾਮ॥ ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ ਲਾਹਾ ਭਗਤਿ ਸੈਸਾਰੇ॥ ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ ਗੁਰਮਤਿ ਨਾਮੁ ਅਧਾਰੇ॥ ਵਖਰੁ ਨਾਮੁ ਸਦਾ ਲਾਭੁ ਹੈ ਜਿਸ ਨੋ ਏਤੁ ਵਾਪਾਰਿ ਲਾਏ॥ ਰਤਨ ਪਦਾਰਥ ਵਣਜੀਅਹਿ ਜਾਂ ਸਤਿਗੁਰੁ ਦੇਇ ਬੁਝਾਏ॥੧॥**

**ਪਦ ਅਰਥ** :-ਰਤਨ ਪਦਾਰਥ-ਅਮੋਲਕ ਨਾਮ ਪਦਾਰਥ। ਵਣਜੀਅਹਿ-ਖ਼ਰੀਦਣੇ ਚਾਹੀਦੇ ਹਨ। ਸਤਿਗੁਰਿ-ਸਤਿਗੁਰੂ ਨੇ। ਬੁਝਾਈ-ਇਹ ਗੱਲ ਸਮਝਾ ਦਿੱਤੀ ਹੈ। ਲਾਹਾ ਲਾਭੁ-ਸਭ ਤੋਂ ਉੱਤਮ ਲਾਹਾ ਤੇ ਲਾਭ। ਗੁਣ ਮਹਿ-ਪ੍ਰਭੂ ਗੁਣਾਂ ਦੇ ਮਾਲਕ ਵਿਚ। ਗੁਣੀ-ਗੁਣੀ ਪੁਰਸ਼, ਸਿਫ਼ਤਾਂ ਕਰਨ ਵਾਲੇ। ਸੈਸਾਰੇ-ਸੰਸਾਰ ਵਿਚ। ਅਧਾਰੇ-ਆਸਰਾ। ਏਤੁ-ਇਸ।

**ਅਰਥ** :-(ਹੇ ਭਾਈ!) ਸਤਿਗੁਰੂ ਜੀ ਨੇ (ਇਹ ਗੱਲ) ਸਮਝਾ ਦਿੱਤੀ ਹੈ ਕਿ ਰਾਮ ਦਾ ਨਾਮ (ਜੋ) ਅਮੋਲਕ ਨਾਮ ਪਦਾਰਥ ਹੈ, (ਇਹ ਨਾਮ) ਰਤਨ ਖ਼ਰੀਦਣੇ ਚਾਹੀਦੇ ਹਨ। (ਇਸ ਨਾਮ ਰਤਨ ਵਪਾਰ ਦਾ) ਸਭ ਤੋਂ ਉੱਤਮ ਲਾਹਾ ਤੇ ਲਾਭ ਹਰੀ ਦੀ ਭਗਤੀ ਹੈ (ਅਤੇ) ਗੁਣੀ ਪੁਰਸ਼ (ਪ੍ਰਭੂ) ਦੀ ਸਿਫਤ ਕਰਨ ਵਾਲੇ ਗੁਣਾਂ ਦੇ (ਮਾਲਕ ਪ੍ਰਭੂ ਸਰੂਪ) ਵਿਚ ਸਮਾਅ ਜਾਂਦੇ ਹਨ। ਜਿਸ ਨੂੰ (ਪ੍ਰਭੂ) ਆਪ ਸਮਝਾ ਦੇਵੇ ਕਿ ਸੰਸਾਰ ਵਿਚ ਭਗਤੀ ਦਾ ਲਾਭ ਹੈ, (ਉਹ) ਗੁਣਵਾਨ (ਬਣ ਕੇ) ਗੁਣਾਂ ਵਿਚ ਸਮਾਉਂਦਾ ਹੈ। ਭਗਤੀ ਕੀਤੇ ਬਿਨਾਂ ਸੁਖ ਪ੍ਰਾਪਤ ਨਹੀਂ ਹੁੰਦਾ, ਦ੍ਵੈਤ ਭਾਵ ਵਿਚ ਲਗ ਕੇ ਇੱਜ਼ਤ ਗੁਆ ਲਈਦੀ ਹੈ (ਪਰ) ਗੁਰਮਤਿ (ਅਨੁਸਾਰ ਚਲਣ ਕਰਕੇ) ਨਾਮ ਜੀਵ ਦਾ ਆਸਰਾ ਬਣ ਜਾਂਦਾ ਹੈ। ਜਿਸ ਨੂੰ (ਵਾਹਿਗੁਰੂ ਜੀ) ਨਾਮ ਦੇ ਵਪਾਰ ਵਿਚ ਲਾ ਦੇਵੇ (ਉਹ ਹੀ ਨਾਮ ਦੇ) ਵਖਰ ਸੌਦੇ ਨੂੰ ਖ਼ਰੀਦਦਾ ਹੈ, (ਇਸ ਦਾ ਉਸ ਨੂੰ) ਸਦਾ ਲਾਭ

ਹੁੰਦਾ ਹੈ। (ਹੇ ਭਾਈ) ਜਾਂ ਸਤਿਗੁਰੂ ਸਾਹਿਬ ਜੀ ਸਮਝਾ ਦੇਣ (ਤਾਂ ਹੀ ਨਾਮ ਰੂਪੀ) ਰਤਨ ਪਦਾਰਥ ਖ਼ਰੀਦੇ ਜਾਂਦੇ ਹਨ। ੧।

**ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ ਬਹੁ ਵਧਹਿ ਵਿਕਾਰਾ ਰਾਮ ॥ ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ ਬਿਨੁ ਨਾਵੈ ਪਤਿ ਖੋਈ ॥ ਪੜਿ ਪੜਿ ਪੰਡਿਤ ਵਾਦੁ ਵਖਾਣਹਿ ਬਿਨੁ ਬੂਝੇ ਸੁਖੁ ਨ ਹੋਈ ॥ ਆਵਣ ਜਾਣਾ ਕਦੇ ਨ ਚੂਕੈ ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ ਖੋਟਾ ਇਹੁ ਵਾਪਾਰਾ ॥ ੨ ॥**

**ਪਦ ਅਰਥ** :–ਬਿਖੁ–ਜ਼ਹਿਰ। ਵਧਹਿ–ਵਧਦੇ ਹਨ। ਵਿਕਾਰਾ–ਵਿਸ਼ੇ ਵਿਕਾਰ। ਸਹਸਾ–ਸੰਸਾ, ਤੌਖਲਾ। ਪਤਿ–ਇੱਜ਼ਤ। ਵਾਦ–ਝਗੜਾ। ਵਖਾਣਹਿ–ਕਥਨ ਕਰਦੇ ਹਨ। ਨ ਚੂਕੈ–ਨਹੀਂ ਮੁਕਦਾ।

**ਅਰਥ** :–(ਹੇ ਭਾਈ !) ਮਾਇਆ ਦਾ ਮੋਹ ਸਭ ਦੁੱਖ ਰੂਪ ਹੈ ਅਤੇ ਰਾਮ ਦੇ ਨਾਮ ਤੋਂ ਬਿਨਾਂ (ਇਹ) ਵਪਾਰ ਵੀ ਖੋਟਾ ਹੈ। (ਇਸ ਮਾਇਆ ਦੀ ਪ੍ਰਾਪਤੀ ਲਈ) ਝੂਠ ਬੋਲ ਕੇ ਜ਼ਹਿਰ ਖਾਣ ਵਾਲੀ ਗੱਲ ਹੈ, (ਫੇਰ) ਰਾਮ ਦੇ ਨਾਮ (ਨੂੰ ਵਿਸਾਰ ਕੇ ਮਾਇਆ ਵਿਚ ਲਗਿਆਂ) ਵਿਕਾਰ ਹੀ ਬਹੁਤੇ ਵਧਦੇ ਹਨ। ਇਹ ਸੰਸਾ ਰੂਪ ਸੰਸਾਰ (ਜੋ ਹੈ), ਇਸ ਵਿਚ ਨਾਮ ਜਪੇ ਬਿਨਾਂ (ਮਨੁੱਖ ਨੇ ਆਪਣੀ) ਪਤ ਇੱਜ਼ਤ ਗੁਆ ਲਈ ਹੈ (ਅਤੇ) ਵਿਕਾਰ ਹੀ ਬਹੁਤੇ ਵਧਦੇ ਹਨ। ਪੰਡਤ (ਲੋਕ) ਪੜ੍ਹ ਪੜ੍ਹ ਕੇ (ਸਮਝਦੇ ਹੈ ਨਹੀਂ), ਝਗੜਿਆਂ ਨੂੰ ਹੀ ਕਥਨ ਕਰਦੇ ਹਨ, ਬਿਨੁ ਬੂਝੇ=ਬਿਨਾ ਸਮਝਿਆਂ ਸੁਖ ਦੀ ਪ੍ਰਾਪਤੀ ਨਹੀਂ ਹੁੰਦੀ। (ਜਿਸ ਨੂੰ) ਮਾਇਆ ਦਾ ਮੋਹ ਪਿਆਰਾ ਲਗਦਾ ਹੈ (ਉਸ ਦਾ) ਆਵਣ ਜਾਣਾ=ਜਨਮ ਲੈ ਕੇ ਆਉਣਾ, ਮਰ ਕੇ ਜਾਣਾ ਕਦੇ ਮੁਕਦਾ ਨਹੀਂ। ਮਾਇਆ ਦਾ ਮੋਹ ਸਭ ਦੁੱਖ ਰੂਪ ਹੈ (ਅਤੇ) ਇਸ ਦਾ ਵਪਾਰ ਵੀ ਖੋਟਾ ਹੈ। ੨।

**ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥ ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥ ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥ ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥ ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥ ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥ ੩ ॥**

**ਪਦ ਅਰਥ** :–ਖੋਟੇ ਖਰੇ–ਮਾੜੇ ਚੰਗੇ। ਪਰਖੀਅਨਿ–ਕਸਵੱਟੀ 'ਤੇ ਲਾ ਕੇ ਪਰਖੇ ਜਾਂਦੇ ਹਨ। ਤਿਤੁ–ਉਸ। ਸੁਟੀਅਨਿ–ਪਰੇ ਧੱਕੇ ਜਾਂਦੇ ਹਨ। ਊਭੇ–ਖੜੇ। ਕਰਨਿ–ਕਰਦੇ ਹਨ। ਮੁਗਧ ਗਵਾਰਾ–ਮੂਰਖ ਬੇਸਮਝ। ਬਿਖਿਆ–ਜ਼ਹਿਰ। ਜਿਨਿ–ਜਿਸ ਮਾਇਆ ਨੇ। ਨ ਭਾਇਆ–ਨਹੀਂ ਚੰਗਾ ਲਗਿਆ। ਦਰਵਾਰਾ–ਦਰਬਾਰ ਵਿਚ।

**ਅਰਥ :–** (ਹੇ ਭਾਈ!) ਚੰਗੇ ਮਾੜੇ ਉਸ ਸੱਚੇ (ਰਾਮ) ਪ੍ਰਭੂ ਦੇ ਦਰਬਾਰ ਅੰਦਰ ਪਰਖੇ ਜਾਂਦੇ ਹਨ। ਰਾਮ ਦਾ ਨਾਮ (ਜਿਨ੍ਹਾਂ ਨੂੰ ਵਿਸਰ ਗਿਆ ਹੈ) ਐਸੇ ਖੋਟਿਆਂ ਨੂੰ ਸੱਚੇ ਦੀ ਦਰਗਾਹ ਵਿਚੋਂ ਧੱਕਿਆ ਜਾਂਦਾ ਹੈ, ਉਹ ਖੜੇ ਪੁਕਾਰ ਕਰਦੇ ਹਨ। ਮੂਰਖ ਬੇਸਮਝ ਖੜੇ ਪੁਕਾਰ ਕਰਦੇ ਹਨ (ਐਸੇ) ਮਨਮੁਖਾਂ ਨੇ (ਅਮੋਲਕ ਮਨੁੱਖਾ ਜਨਮ ਵਿਅਰਥ ਗੁਆ ਲਿਆ ਹੈ। ਇਹ ਮਾਇਆ ਜ਼ਹਿਰ ਰੂਪ ਹੈ ਜਿਸ ਨੇ (ਸਾਰੇ) ਜਗਤ ਜੀਆਂ ਨੂੰ (ਕਰਤਾ ਪੁਰਖ) ਭੁਲਾਇਆ ਹੈ, (ਇਸ ਕਰਕੇ) ਸੱਚੇ ਦਾ ਨਾਮ ਚੰਗਾ ਨਹੀਂ ਲੱਗਿਆ। ਮਨਮੁਖ (ਪੁਰਸ਼) ਸੰਤਾਂ ਨਾਲ ਵੈਰ ਕਰਕੇ ਸੰਸਾਰ ਅੰਦਰ ਦੁੱਖ ਖੱਟਦਾ ਹੈ। ਉਸ ਸੱਚੇ ਰਾਮ ਦੇ ਦਰਬਾਰ ਅੰਦਰ ਖੋਟੇ ਖਰੇ ਪਰਖੇ ਜਾਂਦੇ ਹਨ। ੩।

**ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ ਰਾਮ॥ ਜਿਤੁ ਭਾਵੈ ਤਿਤੁ ਲਾਇਸੀ ਜਿਉ ਤਿਸ ਦੀ ਵਡਿਆਈ ਰਾਮ॥ਜਿਉ ਤਿਸ ਦੀ ਵਡਿਆਈ ਆਪਿ ਕਰਾਈ ਵਰੀਆਮੁ ਨ ਫੁਸੀ ਕੋਈ॥ਜਗਜੀਵਨੁ ਦਾਤਾ ਕਰਮਿ ਬਿਧਾਤਾ ਆਪੇ ਬਖਸੇ ਸੋਈ॥ ਗੁਰ ਪਰਸਾਦੀ ਆਪੁ ਗਵਾਈਐ ਨਾਨਕ ਨਾਮਿ ਪਤਿ ਪਾਈ॥ ਆਪਿ ਕਰੇ ਕਿਸੁ ਆਖੀਐ ਹੋਰੁ ਕਰਣਾ ਕਿਛੂ ਨ ਜਾਈ॥੪॥੪॥**

**ਪਦ ਅਰਥ :–** ਜਿਤੁ–ਜਿਸ ਕੰਮ ਵਿਚ। ਤਿਤੁ–ਉਸ ਕੰਮ ਵਿਚ। ਲਾਇਸੀ–ਲਗਾਉਂਦਾ ਹੈ। ਵਰੀਆਮੁ–ਸੂਰਮਾ। ਫੁਸੀ–ਕਾਇਰ, ਕਮਜ਼ੋਰ, ਡਰਪੋਕ। ਕਰਮਿ ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ ਦਾਤਾ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਆਪੁ–ਆਪਾ ਭਾਵ ਹੰਕਾਰ।

**ਅਰਥ :–** ਉਹ ਰਾਮ=ਵਾਹਿਗੁਰੂ ਆਪ ਹੀ (ਸਭ ਕੁਝ) ਕਰਦਾ ਹੈ (ਭਾਵ ਖੋਟੇ ਖਰੇ ਆਪ ਹੀ ਪੈਦਾ ਕਰਦਾ ਹੈ, ) ਇਸ ਲਈ ਕਿਸ ਨੂੰ ਚੰਗਾ ਮਾੜਾ ਆਖੀਏ (ਵਾਹਿਗੁਰੂ ਤੋਂ ਬਿਨਾਂ) ਹੋਰ ਕਿਸੇ ਪਾਸੋਂ ਕੁਝ ਨਹੀਂ ਕੀਤਾ ਜਾ ਸਕਦਾ। ਉਹ ਰਾਮ (ਪ੍ਰਭੂ) ਜਿਸ ਕੰਮ ਵਿਚ ਜੀਆਂ ਨੂੰ ਲਾਉਣਾ ਚਾਹੁੰਦਾ ਹੈ, ਉਸੇ ਕੰਮ ਵਿਚ ਲਗਾਉਂਦਾ ਹੈ, ਜਿਵੇਂ ਉਸ ਦੀ ਵਡਿਆਈ=ਮਰਜ਼ੀ ਹੁੰਦੀ ਹੈ। ਜਿਵੇਂ ਉਸ (ਪ੍ਰਭੂ) ਦੀ ਮਰਜ਼ੀ ਹੁੰਦੀ ਹੈ ਉਹੀ ਕੰਮ (ਮਨੁੱਖ ਪਾਸੋਂ) ਕਰਾਉਂਦਾ ਹੈ, (ਆਪਣੇ ਆਪ) ਨਾ ਕੋਈ ਸੂਰਮਾ ਤੇ ਨਾ ਹੀ ਕੋਈ ਕਾਇਰ ਹੈ। (ਉਹ ਪ੍ਰਭੂ ਹੀ) ਜਗਤ ਨੂੰ ਜੀਵਨ ਦੇਣ ਵਾਲਾ ਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਦਾਤਾ ਹੈ, (ਉਹੀ) ਆਪ ਹੀ ਸਭ ਨੂੰ ਬਖ਼ਸ਼ਣ ਵਾਲਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਗੁਰੂ ਦੀ ਕਿਰਪਾ ਨਾਲ ਹੰਕਾਰ ਗੁਆ ਲਈਏ (ਤਾਂ ਹੀ) ਨਾਮ ਜਪ ਕੇ (ਭਾਵ ਨਾਮ ਰਾਹੀਂ) ਇੱਜ਼ਤ ਪਾਈ ਜਾ ਸਕਦੀ ਹੈ। ਉਹ ਪ੍ਰਭੂ ਆਪ ਹੀ (ਸਭ ਕੁਝ) ਕਰਦਾ ਹੈ। (ਉਸ ਤੋਂ ਬਿਨਾਂ) ਹੋਰ ਕਿਸ ਨੂੰ ਆਖੀਏ ? (ਕਿਉਂਕਿ ਕਿਸੇ ਹੋਰ ਪਾਸੋਂ) ਕੁਝ ਵੀ ਨਹੀਂ ਕੀਤਾ ਜਾ ਸਕਦਾ। ੪। ੪।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਪਹਿਲੇ ਅੰਕ ਅੰਦਰ ਸੱਚਾ ਵਣਜ ਕਰਨ ਲਈ ਕਿਹਾ ਹੈ ਤੇ ਦੂਜੇ ਅੰਕ ਵਿਚ :- ''ਖੋਟਾ ਇਹੁ ਵਾਪਾਰਾ ਰਾਮ॥'' ਮਾਇਆ ਮੋਹ ਵਿਚ ਲਗ ਕੇ ਖੋਟੇ ਵਣਜ ਬਾਰੇ ਦਸਿਆ ਹੈ। ਤੀਜੇ ਅੰਕ ਵਿਚ ਖੋਟੇ ਖਰੇ ਦੀ ਉਹ ਪ੍ਰਭੂ ਆਪ ਪਰਖ ਕਰਦਾ ਦਸਿਆ ਹੈ। ਚੌਥੇ ਅੰਕ ਵਿਚ ਸਭ ਕੁਝ ਉਹ ਪ੍ਰਭੂ ਆਪ ਹੀ ਕਰਦਾ ਦਸਿਆ ਹੈ। ਅਮੋਲਕ ਨਾਮ ਰਤਨ ਸਬੰਧੀ ਪ੍ਰਮਾਣ ਇਸ ਤਰ੍ਹਾਂ ਹਨ :-

*''ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ॥''*

(ਅੰਗ ੮੧)

*''ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ॥*
*ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥''*

(ਅੰਗ ੨੬੫)

*''ਨਾਮੁ ਅਮੋਲਕੁ ਰਤਨੁ ਹੈ ਪੂਰੇ ਸਤਿਗੁਰ ਪਾਸਿ॥*
*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ॥*
*ਧੰਨੁ ਵਡਭਾਗੀ ਵਡ ਭਾਗੀਆ ਜੋ ਆਇ ਮਿਲੇ ਗੁਰ ਪਾਸਿ॥੨॥''*

(ਅੰਗ ੪੦)

ਕਬਿੱਤ- *ਜੈਸੇ ਹੀਰਾ ਹਾਥ ਮੈ ਤਨਕ ਸੋ ਦਿਖਾਈ ਦੇਤ,*
*ਮੋਲ ਕੀਏ ਤੇ ਦਮਕਨ ਭਰਤ ਭੰਡਾਰ ਜੀ।*
*ਜੈਸੇ ਬਰ ਬਾਧੇ ਹੁੰਡੀ ਲਾਗਤ ਨ ਭਾਰ ਕਛੂ,*
*ਆਗੈ ਜਾਇ ਪਾਈਅਤ ਲਛਮੀ ਅਪਾਰ ਜੀ॥*
*ਜੈਸੇ ਬਟਿ ਬੀਜ ਅਤਿ ਸੂਖਮ ਸਰੂਪ ਹੋਤ,*
*ਬੋਏ ਸੈ ਬਿਬਿਧਿ ਕਰੈ ਬਿਰਖਾ ਬਿਸਥਾਰ ਜੀ।*
*ਤੈਸੇ ਗੁਰਬਚਨ ਸਚਨ ਗੁਰ ਸਿਖਨ ਮੈ,*
*ਜਾਨੀਐ ਮਹਾਤਮ ਗਏ ਹੀ ਹਰਿਦੁਆਰ ਜੀ॥ ੩੭੩॥*

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੩੩ (ਅੰਗ ੫੭੧)

## ਵਡਹੰਸੁ ਮਹਲਾ ੩ ॥

ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ ॥ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ॥ ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ॥ ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ॥ ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ॥ ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ॥੧ ॥ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ॥ ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ॥ ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ ਕੋਈ॥ ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥ ੨ ॥ ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥ ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ॥ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥ ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥ ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ ॥੩ ॥ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ॥ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ॥ ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ॥ ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥ ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ॥ ੪ ॥ ੬ ॥

## ਪ੍ਰਾਕ੍ਰਥਨ :-

ਸਤਿਗੁਰੂ ਜੀ ਨੇ ਇਸ ਸ਼ਬਦ ਦੇ ਆਰੰਭ ਵਿਚ ਕਿਹਾ ਹੈ :- "ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ", ਸੰਸਾਰ ਨੂੰ ਗੁਰਬਾਣੀ ਵਿਚ ਕਈ ਉਦਾਹਰਣਾਂ ਦੇ ਕੇ ਅਨਸਥਿਰ ਜਣਾਇਆ ਹੈ ਕਿ ਇਸ ਸੰਸਾਰ ਵਿਚ ਸਥਿਰ ਕਿਸੇ ਨਹੀਂ ਰਹਿਣਾ। ਇਹ ਤਾਂ ਇਕ ਸਰਾਂ ਦੀ ਨਿਆਈਂ ਹੈ।

## "ਮੁਸਾਫ਼ਰਖ਼ਾਨਾ"

ਇਥੇ ਹਮੇਸ਼ਾ ਰਹਿਣਾ ਕਿਸੇ ਦਾ ਨਹੀਂ ਹੋ ਸਕਿਆ। ਪਰ ਮਨੁੱਖ ਨੇ ਸੰਸਾਰ ਆਪਣਾ ਸਮਝ ਰੱਖਿਆ ਹੈ। ਆਪਣੇ ਸਾਰੇ ਪਰਿਵਾਰ ਦੇ ਜੀਆਂ ਦਾ ਭਾਰ ਚੁੱਕਦਾ ਫਿਰਦਾ ਹੈ। ਭਗਤ ਕਬੀਰ ਜੀ ਐਸਿਆਂ ਨੂੰ ਸਿਖਿਆ ਦਿੰਦੇ ਬਖ਼ਸ਼ਿਸ਼ ਕਰਦੇ ਹਨ—

*"ਰੇ ਮਨ ਤੇਰੋ ਕੋਇ ਨਹੀ ਖਿੰਚਿ ਲੇਇ ਜਿਨਿ ਭਾਰੁ॥*
*ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰ॥੧॥*
*ਰਾਮ ਰਸੁ ਪੀਆ ਰੇ॥ ਜਿਹ ਰਸ ਬਿਸਰਿ ਗਏ ਰਸ ਅਉਰ॥੧॥ ਰਹਾਉ॥*
*ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ॥*
*ਜੋ ਉਪਜੈ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ॥੨॥*
*ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ॥*
*ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ॥ ੩॥੨॥੧੩॥੬੪॥"*

(ਅੰਗ ੩੩੭)

ਇਸ ਸੰਸਾਰ ਰੂਪੀ ਮੁਸਾਫ਼ਰਖ਼ਾਨੇ ਵਿਚ ਕਈ ਤਾਂ ਪਾਪਾਂ ਰੂਪੀ ਗੰਦਗੀ ਪਾਉਣ ਵਾਲੇ ਹਨ। ਕੁਝ ਚੰਗੇ ਕਰਮ ਕਰਨ ਵਾਲੇ ਹਨ। ਦੁਨੀਆਂ ਦੇ ਮੁਸਾਫ਼ਰਖ਼ਾਨੇ ਨੂੰ ਆਲਸੀ ਤੇ ਸੁਸਤ ਲੋਕ ਮੈਲਿਆਂ ਕਰ ਛੱਡਦੇ ਹਨ। ਉਨ੍ਹਾਂ ਦੇ ਸੁਆਰਥ ਤੇ ਦਲਿੱਦਰ ਕਰਕੇ ਇਸ ਦੁਨੀਆਂ ਦੀ ਸੂਰਤ ਵਿਗੜ ਜਾਂਦੀ ਹੈ। ਐਸੇ ਲੋਕ ਕੂੜਾ ਕਰਕਟ ਤੇ ਗੰਦ ਮੰਦ ਸੁੱਟ ਕੇ ਚਲੇ ਜਾਂਦੇ ਹਨ। ਇਸ ਤਰ੍ਹਾਂ ਦੇ ਮੁਸਾਫ਼ਰਾਂ ਦਾ ਨਹੀਂ ਆਉਣਾ ਹੀ ਚੰਗਾ ਹੈ। ਆਉਣ ਵਾਲੀ ਪੀੜ੍ਹੀ ਕਹੇਗੀ ਕਿ "ਕਿਹਾ ਚੰਗਾ ਹੁੰਦਾ ਜੇ ਉਹ ਕਦੀ ਵੀ ਨਾ ਆਉਂਦੇ।"

ਪਰ ਜੋ ਸੰਸਾਰ ਨੂੰ ਵਧੇਰੇ ਸੁਥਰਾ ਬਣਾਉਂਦੇ ਤੇ ਸੁੱਖਾਂ ਦੇ ਸਾਧਨ ਪੈਦਾ ਕਰਦੇ ਹਨ, ਉਹ ਆਪਣੇ ਪਿਛੇ ਮਿੱਠੀਆਂ ਯਾਦਾਂ ਛੱਡਦੇ ਹਨ। ਮਨੁੱਖ ਉਹਨਾਂ ਨੂੰ ਹਮੇਸ਼ਾ ਚੇਤੇ ਕਰਦਾ ਹੈ। ਸੋ ਦੁਨੀਆ ਇਕ ਮੁਸਾਫ਼ਰਖ਼ਾਨਾ ਹੈ ਜਿਸ ਵਿਚ ਮਨੁੱਖ ਜੀਵਨ ਦੀ ਰਾਤ ਕੱਟਣ ਲਈ ਆਉਂਦਾ ਹੈ।

## ਸਾਖੀ—ਇਕ ਸ਼ਹਿਰ ਵਿਚ ਬਹੁਤ ਸੋਹਣਾ ਮੁਸਾਫ਼ਰਖ਼ਾਨਾ ਸੀ

ਇਕ ਪੁਰਾਤਨ ਕਥਾ ਹੈ ਕਿ ਇਕ ਸ਼ਹਿਰ ਵਿਚ ਇਕ ਬੜਾ ਸੋਹਣਾ ਮੁਸਾਫ਼ਰਖ਼ਾਨਾ ਕੁਝ

ਪਰਉਪਕਾਰੀ ਲੋਕਾਂ ਨੇ ਬਣਾਇਆ ਸੀ । ਬੜੇ ਮੁਸਾਫ਼ਿਰ ਰਾਤ ਕੱਟਣ ਲਈ ਉਸ ਮੁਸਾਫ਼ਰਖ਼ਾਨੇ ਵਿਚ ਠਹਿਰਦੇ ਸਨ। ਇਕ ਰਾਤ ਕੁਝ ਮੁਸਾਫ਼ਿਰ ਉਸ ਮੁਸਾਫ਼ਰਖ਼ਾਨੇ ਵਿਚ ਠਹਿਰੇ ਸਨ। ਮੁਸਾਫ਼ਰਖ਼ਾਨੇ ਦੀ ਸਫ਼ਾਈ ਦਾ ਪੂਰਾ ਧਿਆਨ ਰੱਖਿਆ ਜਾਂਦਾ ਸੀ। ਜਦੋਂ ਕਿਸੇ ਨੂੰ ਕਮਰਾ ਦਿੱਤਾ ਜਾਂਦਾ ਤਾਂ ਬੜਾ ਸਾਫ਼ ਕਰਕੇ ਤੇ ਬਿਸਤਰੇ ਚੰਗੀ ਤਰ੍ਹਾਂ ਸਾਫ ਤੇ ਵਿਛਾ ਕੇ ਦਿੱਤੇ ਜਾਂਦੇ ਸਨ। ਮੁਸਾਫ਼ਿਰ ਨੂੰ ਜਿੰਨੀਆਂ ਸਹੂਲਤਾਂ ਇਸ ਮੁਸਾਫ਼ਿਰਖ਼ਾਨੇ ਵਿਚ ਦਿੱਤੀਆਂ ਜਾਂਦੀਆਂ ਸਨ, ਉਹ ਸ਼ਾਇਦ ਕਈ ਮੁਸਾਫ਼ਿਰਾਂ ਦੇ ਘਰਾਂ ਵਿਚ ਵੀ ਨਹੀਂ ਹੁੰਦੀਆਂ।

ਉਸ ਰਾਤ ਸਾਰੇ ਮੁਸਾਫ਼ਿਰ ਆਪੋ ਆਪਣੇ ਕਮਰੇ ਵਿਚ ਚਲੇ ਗਏ। ਇਕ ਪਰਿਵਾਰ ਵੀ ਰਾਤ ਨੂੰ ਇਕ ਕਮਰੇ ਵਿਚ ਠਹਿਰਿਆ ਸੀ। ਉਸ ਪਰਿਵਾਰ ਵਿਚੋਂ ਇਕ ਮੁਸਾਫ਼ਿਰ ਨੇ ਆਪਣੀ ਪਤਨੀ ਨੂੰ ਕਿਹਾ ਕਿ ਤੁਸੀਂ ਕਮਰੇ ਵਿਚ ਝਾੜੂ ਫੇਰ ਦਿਉ ਤਾਂ ਕਿ ਕਮਰਾ ਸਾਫ਼ ਸੁਥਰਾ ਰਹੇ। ਬੱਚਿਆਂ ਨੂੰ ਵੀ ਕਿਹਾ ਕਿ ਤੁਸੀਂ ਕੂੜਾ ਕਰਕਟ ਨਾ ਫੈਲਾਉ। ਛਿਲਕੇ ਨਿਯਤ ਜਗ੍ਹਾ 'ਤੇ ਸੁੱਟੋ। ਪਰ ਅੱਗੋਂ ਪਤਨੀ ਕਹਿਣ ਲਗੀ ਜੀ, ਝਾੜੂ ਫੇਰਨ ਨੂੰ ਕੀ ਹੈ, ਇਹ ਕਿਹੜਾ ਸਾਡਾ ਆਪਣਾ ਘਰ ਹੈ। ਸਾਰੇ ਪਰਿਵਾਰ ਨੇ ਰਾਤ ਦਾ ਭੋਜਨ ਖਾ ਕੇ ਬਾਕੀ ਉਥੇ ਹੀ ਕਮਰੇ ਵਿਚ ਸੁੱਟ ਦਿੱਤਾ। ਬਜ਼ੁਰਗ ਉਥੇ ਹੀ ਥੁੱਕਦੇ ਰਹੇ। ਉਹਨਾਂ ਨੇ ਥੁੱਕਣ ਲਈ ਕੋਈ ਭਾਂਡਾ ਨਾ ਰੱਖਿਆ। ਸਵੇਰੇ ਉੱਠ ਕੇ ਬਿਸਤਰੇ ਫ਼ਰਸ਼ 'ਤੇ ਉਸੇ ਤਰ੍ਹਾਂ ਛੱਡ ਦਿੱਤੇ। ਉਹਨਾਂ ਨੂੰ ਵੀ ਇਕੱਠਾ ਨਹੀਂ ਕੀਤਾ ਤੇ ਨਾ ਹੀ ਲਾਈਟ ਬੰਦ ਕੀਤੀ, ਨਾ ਹੀ ਪੱਖਾ ਬੰਦ ਕੀਤਾ। ਬਸ ਰਾਤ ਕੱਟ ਕੇ ਜਿੰਦਾ ਲਾ ਕੇ ਚਲੇ ਗਏ।

ਇਸੇ ਤਰ੍ਹਾਂ ਇਸੇ ਰਾਤ ਨਾਲ ਦੇ ਕਮਰੇ ਵਿਚ ਇਕ ਹੋਰ ਪਰਿਵਾਰ ਰਾਤ ਕੱਟ ਰਿਹਾ ਸੀ, ਪਰ ਇਸ ਪਰਿਵਾਰ ਦੇ ਜੀਅ ਬੜੇ ਸੂਝਵਾਨ ਸਨ। ਉਹਨਾਂ ਭੋਜਨ ਛਕਣ ਸਮੇਂ ਪੂਰਾ ਖ਼ਿਆਲ ਰੱਖਿਆ ਕਿ ਕੋਈ ਗੰਦਗੀ ਨਾ ਫੈਲੇ। ਬਚਿਆ ਭੋਜਨ ਨੀਯਤ ਜਗ੍ਹਾ 'ਤੇ ਪਏ ਬਰਤਨ ਵਿਚ ਸੁੱਟਿਆ। ਸਵੇਰੇ ਉਠ ਕੇ ਸਾਰੇ ਬਿਸਤਰੇ ਝਾੜ ਕੇ ਚੰਗੀ ਤਰ੍ਹਾਂ ਤੈਹ ਲਗਾ ਕੇ ਨੀਯਤ ਜਗ੍ਹਾ 'ਤੇ ਰੱਖ ਦਿੱਤੇ ਤੇ ਫਿਰ ਸਾਰੇ ਕਮਰੇ ਦੀ ਚੰਗੀ ਤਰ੍ਹਾਂ ਸਫ਼ਾਈ ਕੀਤੀ। ਚੰਗੀ ਤਰ੍ਹਾਂ ਕਮਰਾ ਸਾਫ਼ ਕਰਕੇ ਲਾਈਟ ਤੇ ਪੱਖਾ ਚੰਗੀ ਤਰ੍ਹਾਂ ਬੰਦ ਕਰਕੇ ਫਿਰ ਗਏ।

ਜਿਸ ਵੇਲੇ ਸੂਰਜ ਚੜ੍ਹਿਆ ਤਾਂ ਮੁਸਾਫ਼ਰਖ਼ਾਨੇ ਦੇ ਮਾਲਕ ਨੇ ਆਪਣੇ ਰੋਜ਼ਾਨਾ ਦੇ ਨਿਯਮ ਵਾਂਗ ਮੁਸਾਫ਼ਰਖ਼ਾਨੇ ਦੇ ਕਮਰੇ ਖੁਲ੍ਹਵਾ ਕੇ ਦੇਖੇ। ਜਦ ਉਸਨੇ ਉਹਨਾਂ ਆਲਸੀਆਂ ਤੇ ਦਲਿਦਰੀਆਂ ਦਾ ਕਮਰਾ ਦੇਖਿਆ ਜਿਨ੍ਹਾਂ ਨੇ ਕਮਰੇ ਨੂੰ ਏਨਾ ਗੰਦਾ ਕਰ ਦਿੱਤਾ ਸੀ ਕਿ ਇਉਂ ਲੱਗਦਾ ਸੀ ਜਿਵੇਂ ਕਮਰਾ ਨਾ ਹੋਵੇ ਕੂੜਾਦਾਨ ਹੋਵੇ। ਕਮਰੇ ਦੀ ਐਸੀ ਬੁਰੀ ਹਾਲਤ ਦੇਖ ਕੇ ਮਾਲਕ ਕਹਿਣ ਲੱਗਾ ਬਈ ਕੈਸੇ ਆਲਸੀ ਲੋਕ ਸਨ (ਜਿਨ੍ਹਾਂ ਦੀ ਗੰਦਗੀ ਸੁੱਟਣ ਦੀ ਸਹੂਲਤ ਵਾਸਤੇ ਮੈਂ ਕੂੜਾ ਦਾਨ ਰੱਖਿਆ ਸੀ) ਜੋ ਕੂੜਾ, ਗੰਦਗੀ, ਫਾਲਤੂ ਭੋਜਨ ਉਸ ਵਿਚ ਵੀ ਨਹੀਂ ਸੁੱਟ ਸਕੇ। ਐਸੇ ਮੁਸਾਫ਼ਿਰ ਤਾਂ ਨਾ ਹੀ ਆਉਣ।

ਪਰ ਜਦੋਂ ਉਸਨੇ ਅਗਲਾ ਕਮਰਾ ਦੇਖਿਆ ਤਾਂ ਉਸ ਦੇ ਮੁੱਖ ਵਿਚੋਂ ਸ਼ਾਬਾਸ਼ ਨਿਕਲ ਗਈ। ਉਹ ਕਮਰਾ ਇਸ ਤਰ੍ਹਾਂ ਸਜਿਆ ਸਵਰਿਆ ਸੀ ਜਿਵੇਂ ਕਿਸੇ ਦਾ ਨਿਜੀ ਮਕਾਨ ਹੋਵੇ। ਦੇਖ ਕੇ ਮਾਲਕ ਪ੍ਰਮੇਸ਼ਰ ਅੱਗੇ ਬੇਨਤੀ ਕਰਨ ਲੱਗਿਆ, ਹੇ ਪ੍ਰਭੂ ! ਐਸੇ ਮੁਸਾਫ਼ਿਰ ਹੀ ਭੇਜਿਆ ਕਰੋ, ਜੋ ਰਾਤ ਕੱਟ ਜਾਣ ਤੇ ਇਸ ਮੁਸਾਫ਼ਿਰਖ਼ਾਨੇ ਨੂੰ ਸਜਾ ਜਾਣ। ਇਹੋ ਜਿਹੇ ਭਲੇ ਲੋਕਾਂ ਦੇ ਆਉਣ ਨਾਲ ਸ਼ੋਭਾ ਵੱਧਦੀ ਅਤੇ ਦੁਨੀਆਂ ਨੂੰ

ਸੁੱਖ ਮਿਲਦਾ ਹੈ। ਇਹ ਸੰਸਾਰ ਵੀ ਇਸੇ ਮੁਸਾਫ਼ਿਰਖ਼ਾਨੇ ਦੀ ਤਰ੍ਹਾਂ ਹੈ। ਮਨੁੱਖ ਜਨਮ ਲੈਂਦਾ ਹੈ ਤੇ ਜੀਵਨ ਰੂਪੀ ਰਾਤ ਕੱਟ ਕੇ ਚਲਿਆ ਜਾਂਦਾ ਹੈ।

***"ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ॥"***

(ਅੰਗ ੫੦)

**ਵਡਹੰਸੁ ਮਹਲਾ ੩ ॥ ਏ ਮਨ ਮੇਰਿਆ ਆਵਾ ਗਉਣੁ ਸੰਸਾਰੁ ਹੈ ਅੰਤਿ ਸਚਿ ਨਿਬੇੜਾ ਰਾਮ॥ ਆਪੇ ਸਚਾ ਬਖਸਿ ਲਏ ਫਿਰਿ ਹੋਇ ਨ ਫੇਰਾ ਰਾਮ॥ ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ ਗੁਰਮੁਖਿ ਮਿਲੈ ਵਡਿਆਈ॥ ਸਾਚੈ ਰੰਗਿ ਰਾਤੇ ਸਹਜੇ ਮਾਤੇ ਸਹਜੇ ਰਹੇ ਸਮਾਈ॥ ਸਚਾ ਮਨਿ ਭਾਇਆ ਸਚੁ ਵਸਾਇਆ ਸਬਦਿ ਰਤੇ ਅੰਤਿ ਨਿਬੇਰਾ॥ ਨਾਨਕ ਨਾਮਿ ਰਤੇ ਸੇ ਸਚਿ ਸਮਾਣੇ ਬਹੁਰਿ ਨ ਭਵਜਲਿ ਫੇਰਾ॥੧॥**

**ਪਦ ਅਰਥ :–** ਆਵਾ ਗਉਣੁ-ਆਉਣ ਜਾਣ ਭਾਵ ਜੰਮਣ ਮਰਣ। ਅੰਤਿ-ਅੰਤ ਨੂੰ। ਸਚਿ-ਸੱਚੇ ਨਾਮ ਦੁਆਰਾ। ਨਿਬੇੜਾ-ਫ਼ੈਸਲਾ, ਛੁਟਕਾਰਾ। ਫੇਰਾ-ਗੇੜਾ, ਚੱਕਰ। ਮਾਤੇ-ਮਸਤ। ਭਵਜਲਿ-ਸੰਸਾਰ ਸਮੁੰਦਰ ਵਿਚ।

**ਅਰਥ :–** ਹੇ ਮੇਰੇ ਮਨ ! ਆਉਣ ਜਾਣ (ਭਾਵ ਜਨਮ ਲੈ ਕੇ ਆਉਣਾ ਤੇ ਮਰ ਕੇ ਜਾਣਾ) ਇਹ ਸੰਸਾਰ ਅੰਦਰ (ਜੀਵਾਂ ਦਾ ਬਣਿਆ ਹੀ ਰਹਿੰਦਾ ਹੈ, ) ਇਸ ਤੋਂ ਅੰਤ ਨੂੰ ਨਿਬੇੜਾ=ਛੁਟਕਾਰਾ ਸੱਚੇ ਰਾਮ ਦੇ ਨਾਮ ਦੁਆਰਾ ਹੋਣਾ ਹੈ। ਹਾਂ ਸਚਾ ਰਾਮ=ਪ੍ਰਮਾਤਮਾ ਜਿਸ (ਮਨੁੱਖ) ਨੂੰ ਆਪੇ ਬਖ਼ਸ਼ ਲੈਂਦਾ ਹੈ, ਉਸ ਦਾ ਮੁੜਕੇ ਸੰਸਾਰ ਅੰਦਰ ਫੇਰਾ ਨਹੀਂ ਪੈਂਦਾ। ਹਾਂ, ਅੰਤ ਨੂੰ ਛੁਟਕਾਰਾ ਸੱਚੇ (ਨਾਮ) ਨੂੰ ਜਪ ਕੇ ਹੀ ਹੋਣਾ ਹੈ, ਫਿਰ ਮੁੜ ਕੇ (ਏਥੇ) ਫੇਰਾ ਨਹੀਂ ਪਵੇਗਾ, (ਪਰ ਇਹ) ਵਡਿਆਈ ਗੁਰੂ ਰਾਹੀਂ ਮਿਲੇਗੀ। ਜੋ ਸੱਚੇ (ਨਾਮ) ਰੰਗ ਵਿਚ ਰੱਤੇ ਹੋਏ ਹਨ, (ਉਹ) ਸਹਜ (ਅਵਸਥਾ) ਵਿਚ ਮਸਤ ਰਹਿੰਦੇ ਹਨ (ਅਤੇ ਉਹ) ਸਹਜ (ਅਵਸਥਾ) ਕਰਕੇ (ਸੱਚ ਸਰੂਪ ਵਿਚ) ਸਮਾਅ ਰਹੇ ਹਨ। ਜਿਨ੍ਹਾਂ ਦੇ ਮਨ ਵਿਚ ਸੱਚਾ (ਨਾਮ) ਚੰਗਾ ਲਗਿਆ ਹੈ (ਉਨ੍ਹਾਂ ਨੇ) ਮਨ ਵਿਚ (ਪ੍ਰਭੂ) ਵਸਾਇਆ ਹੈ (ਅਤੇ) ਗੁਰ ਸ਼ਬਦ ਵਿਚ ਰਤੇ ਹੋਣ ਕਰਕੇ ਅੰਤ ਨੂੰ (ਸੰਸਾਰ ਤੋਂ) ਛੁਟਕਾਰਾ ਹੋ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ (ਮਨੁੱਖ) ਨਾਮ ਵਿਚ ਰਤੇ ਹਨ (ਉਹ) ਸੱਚ (ਸਰੂਪ ਵਿਚ) ਸਮਾਅ ਜਾਂਦੇ ਹਨ, ਉਨ੍ਹਾਂ ਨੂੰ ਮੁੜਕੇ ਸੰਸਾਰ ਸਮੁੰਦਰ ਅੰਦਰ ਫੇਰਾ ਨਹੀਂ ਪਾਉਣਾ ਪੈਂਦਾ।੧।

**ਮਾਇਆ ਮੋਹੁ ਸਭੁ ਬਰਲੁ ਹੈ ਦੂਜੈ ਭਾਇ ਖੁਆਈ ਰਾਮ॥ ਮਾਤਾ ਪਿਤਾ ਸਭੁ ਹੇਤੁ ਹੈ ਹੇਤੇ ਪਲਚਾਈ ਰਾਮ॥ ਹੇਤੇ ਪਲਚਾਈ ਪੁਰਬਿ ਕਮਾਈ ਮੇਟਿ ਨ ਸਕੈ ਕੋਈ॥ ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ ਤਿਸੁ ਜੇਵਡੁ ਅਵਰੁ ਨ**

**ਕੋਈ॥ ਮਨਮੁਖਿ ਅੰਧਾ ਤਪਿ ਤਪਿ ਖਪੈ ਬਿਨੁ ਸਬਦੈ ਸਾਂਤਿ ਨ ਆਈ॥ ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ ਮਾਇਆ ਮੋਹਿ ਖੁਆਈ॥ ੨ ॥**

**ਪਦ ਅਰਥ :–** ਬਰਲੁ–ਪਾਗ਼ਲਪਨ। ਦੂਜੈ ਭਾਇ–ਦ੍ਵੈਤ ਭਾਵਨਾ। ਖੁਆਈ–ਭੁਲਾਈ ਹੋਈ। ਹੇਤੁ–ਮੋਹ। ਪਲਚਾਈ–ਫਸ ਰਹੀ ਹੈ।

**ਅਰਥ :–** ਮਾਇਆ ਦਾ ਮੋਹ (ਇਹ) ਸਭ ਪਾਗ਼ਲਪਨ ਹੈ, (ਇਸ ਪਾਗ਼ਲਪਨ ਨੇ) ਰਾਮ ਦੇ ਨਾਮ ਬਿਨਾਂ (ਜੀਵਾਂ ਨੂੰ) ਦ੍ਵੈਤ ਭਾਵਨਾ ਵਿਚ ਭੁਲਾ ਛੱਡਿਆ ਹੈ। ਰਾਮ ਦੇ (ਨਾਮ ਨੂੰ ਭੁਲਾ ਕੇ) ਮਾਤਾ ਪਿਤਾ ਆਦਿ ਸਾਰੇ (ਸਨਬੰਧ) ਮੋਹ ਰੂਪ ਹੈ, ਇਸ ਮੋਹ ਵਿਚ (ਸਾਰੀ ਦੁਨੀਆ) ਫਸ ਰਹੀ ਹੈ। ਪੂਰਬਲੇ (ਜਨਮ ਦੇ ਕੀਤੇ) ਕਰਮਾਂ ਕਰਕੇ ਹੀ ਮੋਹ ਵਿਚ (ਦੁਨੀਆ) ਫਸ ਰਹੀ ਹੈ, (ਕਰਮਾਂ ਦਾ ਫਲ ਭੋਗੇ ਬਿਨਾਂ) ਕੋਈ ਮਨੁੱਖ ਮਿਟਾ ਨਹੀਂ ਸਕਦਾ। ਜਿਸ (ਪ੍ਰਭੂ) ਨੇ ਸ੍ਰਿਸ਼ਟੀ ਬਣਾਈ ਹੈ ਉਹ (ਇਸ ਨੂੰ ਪੈਦਾ) ਕਰਕੇ ਵੇਖ ਰਿਹਾ ਹੈ, ਉਸ (ਵਾਹਿਗੁਰੂ ਜੀ) ਜਿੱਡਾ ਹੋਰ ਕੋਈ ਨਹੀਂ ਹੈ। ਮਨਮੁਖ ਅੰਧਾ (ਅਗਿਆਨੀ ਤ੍ਰਿਸ੍ਨਾ ਦੀ ਅੱਗ ਵਿਚ) ਤਪਦਾ, ਸੜਦਾ ਤੇ ਖਪਦਾ (ਭਾਵ ਦੁਖੀ ਹੁੰਦਾ) ਹੈ, (ਗੁਰੂ ਦੇ) ਸ਼ਬਦ ਤੋਂ ਬਿਨਾਂ (ਇਸ ਨੂੰ) ਸ਼ਾਂਤੀ ਨਹੀਂ ਆਉਂਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਪ੍ਰਭੂ) ਦੇ ਨਾਮ ਤੋਂ ਬਿਨਾਂ ਸਭ ਕੋਈ ਭੁਲਿਆ ਫਿਰਦਾ ਹੈ, ਮਾਇਆ ਦੇ ਮੋਹ ਨੇ (ਸਾਰੀ ਸ੍ਰਿਸ਼ਟੀ ਭਰਮ ਵਿਚ) ਭੁਲਾਈ ਹੋਈ ਹੈ।੨।

**ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ॥ ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ॥ ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ ਤੁਧੁ ਜੇਵਡੁ ਅਵਰੁ ਨ ਦਾਤਾ॥ ਸੇਵਾ ਲਾਗੇ ਸੇ ਵਡਭਾਗੇ ਜੁਗਿ ਜੁਗਿ ਏਕੋ ਜਾਤਾ॥ ਜਤੁ ਸਤੁ ਸੰਜਮੁ ਕਰਮ ਕਮਾਵੈ ਬਿਨੁ ਗੁਰ ਗਤਿ ਨਹੀ ਪਾਈ॥ ਨਾਨਕ ਤਿਸ ਨੋ ਸਬਦੁ ਬੁਝਾਏ ਜੋ ਜਾਇ ਪਵੈ ਹਰਿ ਸਰਣਾਈ॥ ੩ ॥**

**ਪਦ ਅਰਥ :–** ਭਜਿ–ਦੌੜ ਕੇ। ਕਰੀ–ਕੀਤੀ। ਵਡਾਈ–ਵਡਿਆਈ। ਜੁਗਿ ਜੁਗਿ–ਸਾਰਿਆਂ ਜੁਗਾਂ ਵਿਚ। ਜਾਤਾ–ਜਾਣਿਆ ਹੈ। ਜਤੁ–ਪਰਾਈ ਇਸਤਰੀ ਦਾ ਸੰਗ ਨਾ ਕਰਨਾ। ਸਤੁ–ਦਾਨੀ ਹੋਣਾ। ਸੰਜਮੁ–ਇੰਦ੍ਰਿਆਂ ਨੂੰ ਰੋਕ ਕੇ ਰੱਖਣਾ। ਗਤਿ–ਗਤੀ, ਮੁਕਤੀ।

**ਅਰਥ :–** ਇਸ ਸੰਸਾਰ ਨੂੰ ਮਾਇਆ ਦੇ ਮੋਹ ਵਿਚ ਸੜਦਾ ਦੇਖ ਕੇ (ਆਪਣੇ ਬਚਾਅ ਲਈ) ਵਿਆਪਕ ਹਰੀ ਦੀ ਸ਼ਰਣ ਵਿਚ ਦੌੜ ਕੇ ਜਾ ਪਏ ਹਾਂ। ਪੂਰਨ ਗੁਰੂ ਅੱਗੇ ਅਰਦਾਸ (ਬੇਨਤੀ) ਕੀਤੀ ਕਿ ਸਾਨੂੰ (ਇਸ ਮਾਇਆ ਦੇ ਮੋਹ ਦੀ ਅੱਗ ਤੋਂ) ਰਾਮ ਦੇ ਨਾਮ ਦੀ ਵਡਿਆਈ ਦੇ ਕੇ ਰੱਖ ਲਵੋ (ਬਚਾਅ ਲੈਣਾ ਕਰੋ)। (ਹੇ ਪ੍ਰਭੂ ਜੀ !) ਤੁਹਾਡੇ ਵਰਗਾ ਹੋਰ ਕੋਈ ਦਾਤਾ ਨਹੀਂ, (ਮੈਨੂੰ ਆਪਣੀ) ਸ਼ਰਣ ਵਿਚ ਹਰੀ ਨਾਮ ਦੀ ਵਡਿਆਈ ਦੇ ਕੇ ਰਖ ਲਵੋ। ਜੋ ਸੇਵਾ ਵਿਚ ਲੱਗੇ ਹਨ (ਉਹ) ਵੱਡੇ ਭਾਗਾਂ ਵਾਲੇ ਹਨ, (ਉਹਨਾਂ ਨੇ)

ਸਾਰਿਆਂ ਜੁਗਾਂ ਅੰਦਰ ਇਕ (ਵਾਹਿਗੁਰੂ ਜੀ ਨੂੰ ਵਿਆਪਕ) ਜਾਣਿਆ ਹੈ। ਹੇ ਭਾਈ! (ਨਿਗੁਰਾ ਮਨੁੱਖ ਭਾਵੇਂ) ਜਤੁ, ਸਤੁ, ਸੰਜਮ (ਆਦਿ) ਕਰਮ ਕਮਾਉਂਦਾ ਰਹੇ (ਪਰ) ਗੁਰੂ (ਧਾਰਣ ਕੀਤੇ) ਬਿਨਾਂ ਮੁਕਤੀ ਨਹੀਂ ਪਾਈ ਜਾ ਸਕਦੀ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ ਮਨੁੱਖ ਹਰੀ ਦੀ ਸ਼ਰਣ ਵਿਚ ਜਾ ਪੈਂਦਾ ਹੈ, ਉਸ ਨੂੰ (ਗੁਰੂ ਸਾਹਿਬ ਜੀ) ਸ਼ਬਦ ਦੀ ਸਮਝ ਦੇ ਦਿੰਦੇ ਹਨ।੩।

**ਜੋ ਹਰਿ ਮਤਿ ਦੇਇ ਸਾ ਊਪਜੈ ਹੋਰ ਮਤਿ ਨ ਕਾਈ ਰਾਮ॥ ਅੰਤਰਿ ਬਾਹਰਿ ਏਕੁ ਤੂ ਆਪੇ ਦੇਹਿ ਬੁਝਾਈ ਰਾਮ॥ਆਪੇ ਦੇਹਿ ਬੁਝਾਈ ਅਵਰ ਨ ਭਾਈ ਗੁਰਮੁਖਿ ਹਰਿ ਰਸੁ ਚਾਖਿਆ॥ਦਰਿ ਸਾਚੈ ਸਦਾ ਹੈ ਸਾਚਾ ਸਾਚੈ ਸਬਦਿ ਸੁਭਾਖਿਆ॥ ਘਰ ਮਹਿ ਨਿਜ ਘਰੁ ਪਾਇਆ ਸਤਿਗੁਰੁ ਦੇਇ ਵਡਾਈ॥ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ ਮਤਿ ਪਰਵਾਣੁ ਸਚੁ ਸਾਈ॥੪॥੬॥**

**ਪਦ ਅਰਥ :–** ਦੇਇ–ਦਿੰਦਾ ਹੈ। ਸੁਭਾਖਿਆ–ਉਚਾਰਿਆ ਭਾਵ ਜਪਿਆ ਹੈ। ਘਰਿ ਮਹਿ–ਹਿਰਦੇ ਘਰ ਵਿਚ। ਨਿਜ ਘਰੁ–ਸਰੂਪ ਘਰ। ਮਹਲੁ–ਸਰੂਪ। ਬੁਝਾਈ–ਸਮਝਾ ਦਿੰਦਾ ਹੈ।

**ਅਰਥ :–** (ਹੇ ਭਾਈ!) ਜੋ ਹਰੀ (ਪ੍ਰਭੂ ਜੀਵਾਂ ਨੂੰ) ਮਤਿ ਦਿੰਦਾ ਹੈ ਉਹ ਮਤਿ ਹੀ (ਜੀਵਾਂ ਦੇ ਅੰਦਰ) ਪੈਦਾ ਹੁੰਦੀ ਹੈ, (ਉਸ) ਰਾਮ ਦੀ (ਦਿਤੀ ਮਤਿ ਬਿਨਾਂ) ਹੋਰ ਕੋਈ ਮਤਿ (ਜੀਵ) ਦੇ ਪਾਸ ਨਹੀਂ ਹੁੰਦੀ। ਹੇ ਵਿਆਪਕ (ਪ੍ਰਭੂ!) ਤੂੰ ਆਪੇ ਗੁਰਮੁਖਾਂ ਨੂੰ ਇਹ ਬੁਝਾ ਦਿੰਦਾ ਹੈਂ ਕਿ (ਸਾਰਿਆਂ ਜੀਆਂ ਦੇ) ਅੰਦਰ ਬਾਹਰ ਇਕੋ ਤੂੰ ਹੈਂ। ਜਿਸ ਨੂੰ ਤੂੰ ਆਪੇ ਬੁਝਾ (ਸਮਝਾ) ਦਿੰਦਾ ਹੈਂ (ਤਾਂ ਉਸ ਨੂੰ) ਹੋਰ ਕੋਈ ਮਤਿ ਚੰਗੀ ਨਹੀਂ ਲੱਗਦੀ, (ਉਹ ਗੁਰਮੁਖਿ) ਗੁਰੂ ਰਾਹੀਂ ਹਰੀ ਰਸ ਚੱਖਦਾ ਹੈ। (ਜਿਸ ਨੇ) ਸੱਚੇ ਸ਼ਬਦ ਦੁਆਰਾ (ਵਾਹਿਗੁਰੂ ਦਾ) ਨਾਮ ਉਚਾਰਿਆ ਭਾਵ ਜਪਿਆ ਹੈ, (ਉਹ) ਸੱਚੇ ਦਰਬਾਰ ਵਿਚ ਸਦਾ ਹੀ ਸੱਚਾ ਹੈ। (ਜਿਸ ਨੂੰ) ਸਤਿਗੁਰੂ ਜੀ ਨਾਮ ਦੀ ਵਡਿਆਈ ਦਿੰਦੇ ਹਨ (ਉਸ ਨੇ) ਹਿਰਦੇ ਘਰ ਵਿਚ ਹੀ (ਆਪਣਾ) ਸਰੂਪ ਰੂਪੀ ਘਰ ਪਾ ਲਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ (ਮਨੁੱਖ) ਨਾਮ ਵਿਚ ਰਤੇ ਹਨ (ਉਹ ਆਪਣੇ) ਸਰੂਪ ਨੂੰ ਪਾ ਲੈਂਦੇ ਹਨ (ਅਤੇ ਉਹਨਾਂ ਦੀ) ਉਹ ਮਤਿ (ਜੋ ਨਾਮ ਜਪਣ ਵਾਲੀ ਹੈ) ਅਤੇ ਸੱਚ (ਸਰੂਪ ਦੀ ਪ੍ਰਾਪਤੀ ਕਰਾਉਣ ਵਾਲੀ ਪ੍ਰਵਾਣ ਹੈ।੪।੬।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਸੰਸਾਰ ਵਿਚ ਆਵਾਗਉਣ ਤੋਂ ਬਚਣ ਦਾ ਸਾਧਨ ਸੱਚਾ ਨਾਮ ਦਸਿਆ ਹੈ। ਜੰਮਣ ਮਰਨ ਦਾ ਕਾਰਨ ਮਾਇਆ ਦਾ ਮੋਹ ਹੈ। ਮਾਇਆ ਦਾ ਮੋਹ ਹੀ ਜੀਵਾਂ ਅੰਦਰ ਪਾਗ਼ਲਪਨ ਹੈ। ਉਪਾਅ ਸ਼ਰਣ ਵਿਚ ਪੈ ਕੇ ਅਰਦਾਸ ਬੇਨਤੀ ਕਰਨੀ ਦੱਸੀ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੩੪ (ਅੰਗ ੫੭੩)

ਵਡਹੰਸੁ ਮਹਲਾ ੪ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥ ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥ ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥ ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ ॥ ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ॥੧॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ ॥ ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥ ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ ॥ ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ ॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ॥੨॥ ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ ॥ ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ ॥ ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ ॥ ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ ॥ ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥ ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ॥੩॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ ॥ ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ ॥ ਹਰਿ ਹਰਿ ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥ ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥ ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ ਹਰਿ ਹਰਿ ਨਾਮੁ ਹਰਿ ਸਤੀ ॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ॥੪॥੩॥

## ਪ੍ਰਾਕ੍ਰਥਨ :-

ਸ੍ਰੀ ਗੁਰੂ ਰਾਮਦਾਸ ਜੀ ਦਾ ਇਹ ਸ਼ਬਦ ਵਡਹੰਸ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ।

## 'ਗੁਰ ਮਿਲਾਪ'

ਇਸ ਮੁਖਵਾਕ ਦੇ ਅਰੰਭ ਅੰਦਰ ਹਰੀ ਪ੍ਰਮੇਸ਼ਰ ਅੱਗੇ (ਹਰੀ ਸਰੂਪ) ਪੂਰਨ ਗੁਰੂ ਦੇ ਮਿਲਾਪ ਲਈ ਬੇਨਤੀ ਕੀਤੀ ਹੈ। ਕਿਉਂਕਿ ਜਿਸ ਵੇਲੇ ਪੂਰਨ ਗੁਰੂ ਦੀ ਮਹਿਮਾ ਜਗਿਆਸੂ ਕਿਸੇ ਪਾਸੋਂ ਸੁਣ ਲੈਂਦਾ ਹੈ ਤਾਂ ਸਮਰੱਥ ਗੁਰੂ ਦੇ ਮਿਲਾਪ ਦੀ ਤਾਂਘ ਮਨ ਅੰਦਰ ਪੈਦਾ ਹੋ ਜਾਂਦੀ ਹੈ। ਫੇਰ ਜਗਿਆਸੂ ਮਨ ਹੀ ਮਨ ਅੰਦਰ ਹਰੀ ਪ੍ਰਮਾਤਮਾ ਅੱਗੇ ਬੇਨਤੀਆਂ ਕਰਦਾ ਹੈ। ਹੇ ਹਰੀ ਪ੍ਰਭੂ ਜੀ ! ਆਪ ਕਿਰਪਾ ਕਰੋ, ਮੈਨੂੰ ਪੂਰਨ ਸਤਿਗੁਰੂ ਦਾ ਮਿਲਾਪ ਕਰਾ ਦਿਉ ਤਾਂ ਕਿ ਗੁਰੂ ਮਿਲਾਪ ਦੁਆਰਾ ਮੇਰਾ ਜੀਵਨ ਸਫਲਾ ਹੋ ਜਾਵੇ।

## ਸਾਖੀ—ਸ਼ਿਵਨਾਭ ਰਾਜੇ ਦੀ

ਜਿਸ ਤਰ੍ਹਾਂ ਗੁਰ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ। ਮਨਸੁਖ ਸ਼ਾਹੂਕਾਰ ਨੇ ਸ਼ਿਵਨਾਭ ਰਾਜੇ ਨੂੰ ਸਮਰੱਥ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਸੁਣਾਈ ਤਾਂ ਰਾਜਾ ਕਹਿੰਦਾ ਹੈ ਕਿ ਕਿਰਪਾ ਕਰ ਮੈਨੂੰ ਮਿਲਾਪ ਕਰਾ ਗੁਰੂ ਨਾਨਕ ਦੇਵ ਜੀ ਦਾ ਤਾਂ ਕਿ ਮੇਰਾ ਜੀਵਨ ਸਫਲਾ ਹੋ ਜਾਵੇ। ਮਨਸੁਖ ਸ਼ਾਹੂਕਾਰ ਕਹਿੰਦਾ ਹੈ, ਰਾਜਨ ! ਗੁਰੂ ਨਾਨਕ ਦੇਵ ਜੀ ਪ੍ਰਮੇਸ਼ਰ ਸਰੂਪ ਹਨ। ਤੂੰ ਹਰੀ ਪ੍ਰਮੇਸ਼ਰ ਅੱਗੇ ਬੇਨਤੀਆਂ ਕਰ ਕਿ ਹੇ ਹਰੀ ! ਮੈਨੂੰ ਕਿਰਪਾ ਕਰਕੇ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਬਖ਼ਸ਼ੋ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਅੰਦਰ ਵਿਸਥਾਰ ਸਹਿਤ ਪ੍ਰਸੰਗ ਹੈ। ਸ਼ਿਵਨਾਭ ਰਾਜਾ ਕਿੰਨਾ ਕਿੰਨਾ ਚਿਰ ਬੇਨਤੀਆਂ ਕਰਦਾ ਰਹਿੰਦਾ ਸੀ, ਜਿਸ ਦਾ ਜ਼ਿਕਰ ਪੁਰਾਤਨ ਜਨਮ ਸਾਖੀਆਂ ਤੇ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਹੋਰ ਗੁਰ ਇਤਿਹਾਸਾਂ ਅੰਦਰ ਇਸ ਤਰ੍ਹਾਂ ਆਇਆ ਹੈ :-

ਗੁਰੂ ਜੀ ਦਾ ਸਿੱਖ ਮਨਸੁਖ ਬਿਉਪਾਰ ਦੇ ਸਿਲਸਿਲੇ ਵਿਚ ਸੰਗਲਾਦੀਪ ਗਿਆ ਸੀ। ਮਨਸੁਖ ਸੁਲਤਾਨਪੁਰ ਗੁਰੂ ਜੀ ਤੋਂ ਆਗਿਆ ਲੈ ਕੇ ਸੰਗਲਾਦੀਪ ਗਿਆ ਸੀ।

"ਮਨਸੁਖ ਤੀਨ ਬਰਸ ਬਾਬੇ ਕੋਲ ਰਿਹਾ। ਗੁਰੂ ਬਾਬੇ ਦੀ ਬਾਣੀ ਬਹੁਤ ਲਿਖੀਆਂ ਸੂ" — (ਪੁਰਾਤਨ ਜਨਮ ਸਾਖੀ)। ਉਸਦੇ ਮੂੰਹੋਂ ਗੁਰਦੇਵ ਦੀ ਬਾਣੀ ਸੁਣ ਕੇ ਰਾਜਾ ਸ਼ਿਵਨਾਭ ਹਜ਼ੂਰ ਦਾ ਸ਼ਰਧਾਲੂ ਬਣ ਗਿਆ ਸੀ।

## ਸ਼ਿਵਨਾਭ ਰਾਜੇ ਨੂੰ ਦਰਸ਼ਨ

ਸ਼ਿਵਨਾਭ ਰਾਜਾ ਗੁਰਦੇਵ ਦੀ ਬਾਣੀ ਪੜ੍ਹਦਾ ਤੇ ਹਰ ਵੇਲੇ ਮਹਾਰਾਜ ਦੇ ਦਰਸ਼ਨਾਂ ਵਾਸਤੇ ਹਰੀ ਅੱਗੇ ਬੇਨਤੀ ਕਰਦਾ ਰਹਿੰਦਾ ਸੀ। ਉਸਦੀ ਲਗਨ ਵੇਖ ਕੇ ਕਈ ਫ਼ਕੀਰ ਤੇ ਸਾਧੂ ਉਹਦੇ ਕੋਲ ਆ ਕੇ ਟਿਕਣ ਲੱਗੇ। ਰਾਜਾ ਸ਼ਿਵਨਾਭ ਗਿਆਨਵਾਨ ਪੁਰਸ਼ ਸੀ। ਪਾਖੰਡੀ ਸਾਧੂਆਂ ਤੋਂ ਤੰਗ ਆ ਕੇ ਉਹ ਉਹਨਾਂ

ਦੀ ਪਰਖ ਵੀ ਕਰਨ ਲੱਗ ਪਿਆ।

ਗੁਰਦੇਵ ਇਕ ਦਿਨ ਉਹਦੇ ਬਾਗ਼ ਵਿਚ ਜਾ ਉਤਰੇ। ਖ਼ਬਰ ਸੁਣ ਕੇ ਰਾਜੇ ਨੇ ਗੁਰਦੇਵ ਦੇ ਪਰਖਣ ਵਾਸਤੇ ਸੁੰਦਰ ਮਨਮੋਹਣੀਆਂ ਇਸਤਰੀਆਂ ਭੇਜੀਆਂ। ਉਹ ਪੂਰੇ ਹਾਰ ਸ਼ਿੰਗਾਰ ਲਾ ਕੇ ਗੁਰਦੇਵ ਦੇ ਸਾਮ੍ਹਣੇ ਆਈਆਂ।

ਗੁਰਦੇਵ ਨੇ ਉਹਨਾਂ ਦੇ ਭਲੇ ਵਾਸਤੇ ਸ਼ਬਦ ਉਚਾਰਿਆ :-

*''ਗਾਛਹੁ ਪੁਤ੍ਰੀ ਰਾਜ ਕੁਆਰਿ॥*
*ਨਾਮੁ ਭਣਹੁ ਸਚੁ ਦੋਤੁ ਸਵਾਰਿ॥''*

(ਬਸੰਤ ਮ: ੧, ਅੰਗ ੧੧੮੭)

ਇਹ ਇਲਾਹੀ ਬਚਨ ਸੁਣ ਕੇ ਸਭ ਮੋਹਣੀਆਂ ਗੁਰਦੇਵ ਦੇ ਚਰਨਾਂ 'ਤੇ ਢਹਿ ਪਈਆਂ। ਉਹਨਾਂ ਤੋਂ ਸਾਰੀ ਵਾਰਤਾ ਸੁਣ ਕੇ ਰਾਜਾ ਸ਼ਿਵਨਾਭ ਗੁਰੂ ਜੀ ਦੇ ਚਰਨਾਂ 'ਤੇ ਆ ਡਿੱਗਾ। ਉਹਨੇ ਹੱਥ ਜੋੜ ਕੇ ਭੁੱਲ ਦੀ ਖਿਮਾ ਮੰਗੀ ਤੇ 'ਚਰਨ ਪਾਹੁਲ' ਪਾ ਕੇ ਸਿੱਖ ਬਣਿਆ। ਗੁਰਦੇਵ ਦੀ ਆਗਿਆ ਮੰਨ ਕੇ ਰਾਜੇ ਨੇ ਉਥੇ ਧਰਮਸਾਲ ਬਣਾਈ। ਇਕ ਕਥਨ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ''ਪੁਰਾਨ ਸੰਗਲੀ ਵੀ ਉਸ ਸਮੇਂ ਉਚਾਰਨ ਕੀਤੀ।''

*''ਉਨ ਮਨ ਸੁੰਨ ਮੁੰਨ ਸਭ ਕਹੀਐ।*
*ਉਨ ਮਨ ਹਰਖ ਸੋਗ ਨਹੀਂ ਰਹੀਐ।''*

(ਪੁਰਾਨ ਸੰਗਲੀ)

**ਵਡਹੰਸੁ ਮਹਲਾ ੪ ॥ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ ਰਾਮ॥ ਤਿਮਰ ਅਗਿਆਨੁ ਗਵਾਇਆ ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ॥ ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ॥ ਸਤਿਗੁਰ ਸੇਵਿ ਪਰਮ ਪਦੁ ਪਾਇਆ ਹਰਿ ਜਪਿਆ ਸਾਸ ਗਿਰਾਸੇ॥ ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ ਤੇ ਸਤਿਗੁਰ ਸੇਵਾ ਲਾਇਆ॥ਹਰਿ ਸਤਿਗੁਰ ਹਰਿ ਸਤਿਗੁਰ ਮੇਲਿ ਹਰਿ ਸਤਿਗੁਰ ਚਰਣ ਹਮ ਭਾਇਆ॥੧॥**

**ਪਦ ਅਰਥ :-** ਹਰਿ-ਹੇ ਹਰੀ। ਸਤਿਗੁਰ ਮੇਲਿ-ਸਤਿਗੁਰੂ ਦਾ ਮਿਲਾਪ ਕਰਾਉ। ਭਾਇਆ-ਚੰਗੇ ਲੱਗਦੇ ਹਨ। ਤਿਮਰ ਅਗਿਆਨੁ-ਅਗਿਆਨਤਾ ਦਾ ਹਨੇਰਾ। ਅੰਜਨੁ-ਸੁਰਮਾ। ਪਰਮ ਪਦੁ-ਆਤਮਿਕ ਉੱਚੀ ਪਦਵੀ। ਸਾਸ ਗਿਰਾਸੇ-ਹਰੇਕ ਸਾਹ ਤੇ ਗਿਰਾਹੀ ਨਾਲ।

**ਅਰਥ :-** ਹੇ ਹਰੀ ! (ਜੋ) ਹਰੀ (ਦਾ ਰੂਪ) ਸਤਿਗੁਰੂ ਜੀ ਹਨ (ਮੈਨੂੰ ਉਸ) ਸਤਿਗੁਰੂ ਦਾ ਮਿਲਾਪ

ਕਰਾਉ (ਕਿਉਂਕਿ) ਵਿਆਪਕ ਹਰੀ (ਸਰੂਪ) ਸਤਿਗੁਰੂ ਜੀ ਦੇ ਚਰਣ (ਮੈਨੂੰ) ਚੰਗੇ ਲੱਗਦੇ ਹਨ। (ਹਰੀ ਰੂਪ ਗੁਰੂ ਦਾ) ਗਿਆਨ (ਇਕ) ਸੁਰਮਾ ਹੈ, (ਜਿਸ ਮਨੁੱਖ ਨੇ) ਗੁਰੂ (ਪਾਸੋਂ) ਗਿਆਨ ਰੂਪ ਸੁਰਮਾ (ਮਨ ਬੁਧ ਰੂਪ) ਨੇਤ੍ਰਾਂ ਵਿਚ ਪਾਇਆ ਹੈ, (ਉਸ ਨੇ) ਅਗਿਆਨ ਰੂਪ ਹਨੇਰਾ ਦੂਰ ਕਰ ਲਿਆ (ਅਤੇ) ਵਿਆਪਕ (ਰਾਮ) ਨੂੰ ਸਾਰੇ ਨਿਹਚੇ ਕਰ ਲਿਆ ਹੈ। (ਹਾਂ, ਇਹ ਸੱਚ ਹੈ ਕਿ) ਗੁਰੂ ਦਾ ਗਿਆਨ (ਰੂਪ) ਸੁਰਮਾ (ਜਿਸ ਨੇ) ਸਤਿਗੁਰੂ ਪਾਸੋਂ ਪਾਇਆ ਹੈ, (ਉਸ ਮਨੁੱਖ ਦੇ) ਅਗਿਆਨ ਦੇ ਹਨੇਰੇ ਨਾਸ ਹੋ ਗਏ ਹਨ। (ਫੇਰ ਉਸ ਨੇ) ਸਤਿਗੁਰੂ ਦੀ ਸੇਵਾ ਤੇ ਸਾਸ ਗਿਰਾਸ ਹਰੀ ਨਾਮ ਜਪਦਿਆਂ ਆਤਮਿਕ ਉੱਚੀ ਪਦਵੀ (ਪਰਮ ਪਦ) ਨੂੰ ਪਾ ਲਿਆ ਹੈ। ਜਿਨ੍ਹਾਂ ਉੱਤੇ ਹਰੀ ਪ੍ਰਭੂ ਨੇ ਕਿਰਪਾ ਕੀਤੀ ਹੈ, ਉਹਨਾਂ ਨੂੰ ਸਤਿਗੁਰੂ ਦੀ ਸੇਵਾ ਵਿਚ ਲਾਇਆ ਹੈ। ਜੋ ਹਰੀ ਦਾ ਰੂਪ ਸਤਿਗੁਰੂ ਜੀ ਹਨ, ਹੇ ਹਰੀ ! (ਮੈਨੂੰ ਉਸ) ਸਤਿਗੁਰੂ ਦਾ ਮਿਲਾਪ ਕਰਾਉ (ਕਿਉਂਕਿ) ਹਰੀ ਰੂਪ ਸਤਿਗੁਰੂ ਜੀ ਦੇ ਚਰਣ (ਮੈਨੂੰ) ਚੰਗੇ ਲੱਗਦੇ ਹਨ। ੧।

**ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ ਰਾਮ॥ਹਰਿ ਨਾਮੋ ਹਰਿ ਨਾਮੁ ਦੇਵੈ ਮੇਰਾ ਅੰਤਿ ਸਖਾਈ ਰਾਮ॥ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ॥ ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ ਤਿਥੈ ਹਰਿ ਹਰਿ ਨਾਮਿ ਛਡਾਇਆ॥ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ਜਿਤੁ ਮਿਲਿ ਹਰਿ ਨਾਮੁ ਧਿਆਈ॥ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ ਮੈ ਗੁਰ ਬਿਨੁ ਰਹਣੁ ਨ ਜਾਈ॥੨॥**

**ਪਦ ਅਰਥ:–** ਨਾਮੋ-ਨਾਮ ਹੀ। ਅੰਤਿ-ਅਖ਼ੀਰ ਵੇਲੇ। ਸਖਾਈ-ਮਿੱਤਰ। ਗੁਰਿ-ਪੂਜਨੀਕ। ਸਤਿਗੁਰਿ-ਸਤਿਗੁਰੂ ਨੇ। ਕਲਤ੍ਰੁ-ਇਸਤ੍ਰੀ। ਬੇਲੀ-ਮਦਦਗਾਰ। ਨਾਮਿ-ਨਾਮ ਨੇ।

**ਅਰਥ:–** (ਹੇ ਭਾਈ!) ਮੇਰਾ ਸਤਿਗੁਰੂ ਮੇਰਾ ਸਤਿਗੁਰੂ (ਮੈਨੂੰ) ਪਿਆਰਾ ਲਗ ਰਿਹਾ ਹੈ, (ਇਸ ਕਰਕੇ ਹੁਣ ਪਿਆਰੇ) ਰਾਮ ਸਰੂਪ ਗੁਰੂ ਤੋਂ ਬਿਨਾਂ ਮੈਥੋਂ ਰਿਹਾ ਨਹੀਂ ਜਾਂਦਾ। (ਕਿਉਂਕਿ ਗੁਰੂ) ਹਰੀ ਨਾਮ ਹੀ ਹਰੀ ਨਾਮ ਦੇ ਰਿਹਾ ਹੈ, ਇਹ ਰਾਮ ਦਾ ਨਾਮ ਹੀ (ਮੈਨੂੰ) ਅਖ਼ੀਰ ਵੇਲੇ ਮਿੱਤਰ (ਤਰ੍ਹਾਂ) ਸਹਾਇਕ ਹੋਵੇਗਾ। ਪੂਜਨੀਕ ਸਤਿਗੁਰੂ ਨੇ (ਮੈਨੂੰ) ਨਾਮ ਐਸਾ ਦ੍ਰਿੜ੍ਹ ਕਰਾ ਦਿੱਤਾ ਹੈ, (ਜਿਸ ਕਰਕੇ ਮੈਨੂੰ ਨਾਮ ਉਪਰ ਭਰੋਸਾ ਬੱਝ ਗਿਆ ਹੈ ਕਿ) ਹਰਿ ਹਰਿ ਨਾਮ ਹੀ ਮੇਰਾ ਅੰਤ ਸਮੇਂ ਸਹਾਈ ਹੋਵੇਗਾ। ਜਿਥੇ ਪੁੱਤਰ ਇਸਤਰੀ (ਆਦਿ ਪਰਲੋਕ ਵਿਚ) ਮਦਦਗਾਰ ਨਹੀਂ ਹੋਵੇਗਾ, (ਉਥੇ) ਹਰੀ ਨਾਮ ਨੇ (ਜੀਵ ਨੂੰ ਜਮਦੂਤਾਂ) ਪਾਸੋਂ ਛੁਡਾਉਣਾ ਹੈ। ਮਾਇਆ ਤੋਂ ਰਹਿਤ (ਪੂਰਨ) ਪੁਰਖ ਸਤਿਗੁਰੂ ਧੰਨ ਹੈ, ਧੰਨ ਹੈ, ਜਿਸ ਨਾਲ ਮਿਲ ਕੇ ਹਰੀ ਨਾਮ ਧਿਆਈਦਾ ਹੈ। (ਹੇ ਭਾਈ!) ਮੇਰਾ ਸਤਿਗੁਰੂ ਮੇਰਾ ਸਤਿਗੁਰੂ (ਮੈਨੂੰ) ਪਿਆਰਾ ਲੱਗ ਰਿਹਾ ਹੈ, (ਹੁਣ ਮੈਥੋਂ ਪਿਆਰੇ) ਗੁਰੂ ਬਿਨਾਂ ਰਿਹਾ ਨਹੀਂ ਜਾਂਦਾ। ੨।

**ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ ਰਾਮ॥ ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ਸਭੁ ਬ੍ਰਿਥਾ ਗਵਾਇਆ ਰਾਮ॥**

ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ ਤੇ ਸਾਕਤ ਮੁਏ ਮਰਿ ਝੂਰੇ॥
ਘਰਿ ਹੋਦੈ ਰਤਨਿ ਪਦਾਰਥਿ ਭੂਖੇ ਭਾਗਹੀਣ ਹਰਿ ਦੂਰੇ॥ ਹਰਿ ਹਰਿ
ਤਿਨ ਕਾ ਦਰਸੁ ਨ ਕਰੀਅਹੁ ਜਿਨੀ ਹਰਿ ਹਰਿ ਨਾਮੁ ਨ ਧਿਆਇਆ॥
ਜਿਨੀ ਦਰਸਨੁ ਜਿਨੀ ਦਰਸਨੁ ਸਤਿਗੁਰ ਪੁਰਖ ਨ ਪਾਇਆ॥ ੩ ॥

**ਪਦ ਅਰਥ :-** ਨਿਹਫਲੁ-ਬੇ-ਫ਼ਾਇਦਾ, ਫ਼ਜ਼ੂਲ। ਬ੍ਰਿਥਾ-ਵਿਅਰਥ। ਤੇ-ਉਹ ਬੰਦੇ। ਸਾਕਤ-ਰੱਬ ਨਾਲੋਂ ਟੁੱਟੇ ਹੋਏ। ਮੁਏ-ਆਤਮਿਕ ਮੌਤ। ਮਰਿ-ਮਰ ਕੇ। ਨ ਕਰੀਅਹੁ-ਨਾਹ ਕਰਨਾ।

**ਅਰਥ :-** ਜਿਨ੍ਹਾਂ ਨੇ ਰਾਮ ਸਰੂਪ (ਪੂਰਨ) ਪੁਰਖ ਸਤਿਗੁਰੂ ਦਾ ਦਰਸ਼ਨ, ਜਿਨ੍ਹਾਂ ਦਰਸ਼ਨ (ਕਰਨਾ) ਨਹੀਂ ਪਾਇਆ। (ਰਾਮ ਸਰੂਪ ਗੁਰੂ ਦੇ ਦਰਸ਼ਨ ਬਿਨਾਂ) ਉਹਨਾਂ ਨੇ (ਆਪਣਾ) ਜਨਮ ਨਿਹਫਲ (ਹਾਂ) ਉਹਨਾਂ ਨੇ ਨਿਹਫਲ (ਜਨਮ) ਸਾਰਾ ਹੀ ਬਿਰਥਾ ਗੁਆ ਲਿਆ ਹੈ। (ਠੀਕ) ਉਨ੍ਹਾਂ ਨੇ (ਆਪਣਾ) ਬੇ-ਫ਼ਾਇਦਾ ਜਨਮ ਬਿਰਥਾ (ਹੀ) ਗੁਆ ਲਿਆ ਹੈ, (ਉਹ) ਸਾਕਤ ਆਤਮਿਕ ਮੌਤ ਮਰ ਕੇ ਝੂਰੇ= ਪਛਤਾਉਂਦੇ ਹਨ। (ਹਿਰਦੇ ਰੂਪੀ) ਘਰ ਅੰਦਰ ਨਾਮ ਰਤਨ ਪਦਾਰਥ ਦੇ ਹੁੰਦਿਆਂ ਭੁਖੇ ਰਹਿ (ਭਾਵ ਤ੍ਰਿਪਤਿ ਨਹੀਂ ਹੋਏ, ) ਉਹ ਭਾਗ ਹੀਣ ਹਰੀ ਤੋਂ ਦੂਰ ਹੀ ਰਹੇ ਹਨ। ਹੇ ਹਰਿ ਹਰਿ (ਦੇ ਪਿਆਰੇ ਜਨੋਂ !) ਉਨ੍ਹਾਂ ਦਾ ਦਰਸ਼ਨ ਨਾ ਕਰਨਾ, ਜਿਨ੍ਹਾਂ ਨੇ ਹਰਿ ਹਰਿ ਨਾਮ ਨਹੀਂ ਸਿਮਰਿਆ। (ਹਾਂ) ਜਿਨਾਂ ਨੇ (ਪੂਰਨ) ਪੁਰਖ ਸਤਿਗੁਰੂ ਦਾ ਦਰਸ਼ਨ, ਜਿਨ੍ਹਾਂ ਦਰਸ਼ਨ ਕਰਨਾ ਨਹੀਂ ਪਾਇਆ।੩।

ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ ਰਾਮ॥ਗੁਰ ਮਿਲਿ
ਗੁਰ ਮੇਲਿ ਮੇਰਾ ਪਿਆਰਾ ਹਮ ਸਤਿਗੁਰ ਕਰਹ ਭਗਤੀ ਰਾਮ॥ਹਰਿ ਹਰਿ
ਸਤਿਗੁਰ ਕਰਹ ਭਗਤੀ ਜਾਂ ਹਰਿ ਪ੍ਰਭੁ ਕਿਰਪਾ ਧਾਰੇ॥ ਮੈ ਗੁਰ ਬਿਨੁ
ਅਵਰੁ ਨ ਕੋਈ ਬੇਲੀ ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ॥ ਕਹੁ ਨਾਨਕ ਗੁਰਿ
ਨਾਮੁ ਦ੍ਰਿੜਾਇਆ ਹਰਿ ਹਰਿ ਨਾਮੁ ਹਰਿ ਸਤੀ॥ ਹਮ ਚਾਤ੍ਰਿਕ ਹਮ
ਚਾਤ੍ਰਿਕ ਦੀਨ ਹਰਿ ਪਾਸਿ ਬੇਨੰਤੀ॥੪॥੩॥

**ਪਦ ਅਰਥ :-** ਚਾਤ੍ਰਿਕ-ਪਪੀਹੇ। ਹਮ-ਅਸੀਂ। ਦੀਨ-ਨਿਮਾਣੇ। ਬੇਲੀ-ਮਦਦਗਾਰ। ਹਰਿ ਸਤੀ-ਹਰੀ ਸਤ ਸਰੂਪ ਹਨ।

**ਅਰਥ :-** (ਹੇ ਭਾਈ !) ਅਸੀਂ ਚਾਤ੍ਰਿਕ ਅਸੀਂ ਨਿਮਾਣੇ ਪਪੀਹੇ ਹਾਂ, ਮੇਰੀ ਵਿਆਪਕ ਹਰੀ ਪਾਸ (ਇਹ) ਬੇਨਤੀ ਹੈ। (ਹੇ ਹਰੀ ਮੈਨੂੰ) ਮੇਰਾ ਪਿਆਰਾ ਗੁਰੂ ਮੇਲ (ਜਿਸ) ਗੁਰੂ ਨਾਲ ਮਿਲ ਕੇ ਅਸੀਂ ਰਾਮ (ਪ੍ਰਭੂ ਸਰੂਪ) ਸਤਿਗੁਰੂ ਦੀ ਭਗਤੀ ਰੂਪ ਸੇਵਾ ਕਰੀਏ। ਜਾਂ ਹਰੀ ਪ੍ਰਭੂ ਜੀ ਕਿਰਪਾ ਕਰੇ (ਤਾਂ) ਹਰਿ ਹਰਿ ਸਰੂਪ ਸਤਿਗੁਰੂ ਦੀ (ਸੇਵਾ ਸਿਮਰਨ ਰੂਪ) ਭਗਤੀ ਕਰੀਏ। ਮੇਰਾ ਗੁਰੂ ਤੋਂ ਬਿਨਾਂ ਹੋਰ ਕੋਈ ਬੇਲੀ (ਮਦਦਗਾਰ) ਨਹੀਂ ਹੈ, ਪੂਜਨੀਕ ਸਤਿਗੁਰੂ ਹੀ ਮੇਰੇ ਪ੍ਰਾਣਾਂ ਦਾ ਆਸਰਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ)

ਕਿ ਆਖ ਗੁਰੂ ਨੇ ਸਾਨੂੰ ਨਾਮ ਦ੍ਰਿੜ੍ਹ ਕਰਾਇਆ ਹੈ, ਹਰੀ ਦਾ ਹਰਿ ਨਾਮ ਤੇ ਹਰੀ ਸਤ ਸਰੂਪ ਹਨ। ਅਸੀਂ ਚਾਤ੍ਰਿਕ, ਅਸੀਂ ਨਿਮਾਣੇ ਪਪੀਹੇ ਹਾਂ, ਹਰੀ (ਵਾਹਿਗੁਰੂ ਜੀ) ਪਾਸੋਂ ਅਸੀਂ ਬੇਨਤੀ ਕਰਕੇ (ਨਾਮ ਰੂਪ ਬੂੰਦ) ਮੰਗਦੇ ਹਾਂ। ੪। ੨।

## ਵਿਆਖਿਆ ਤੇ ਸਾਰੰਸ਼

ਸ਼ਬਦ ਦੇ ਪਹਿਲੇ ਅੰਕ ਅੰਦਰ ਹਰੀ ਅੱਗੇ ਸਤਿਗੁਰੂ ਦੇ ਮਿਲਾਪ ਲਈ ਬੇਨਤੀ ਤੇ ਅਗਿਆਨਤਾ ਦਾ ਹਨੇਰਾ ਗੁਰੂ ਮਿਲਾਪ ਤੇ ਗੁਰੂ ਰਾਹੀਂ ਗਿਆਨ ਰੂਪ ਸੁਰਮੇ ਨਾਲ ਮਿਟਿਆ ਦਸਿਆ ਹੈ। ਦੂਸਰੇ ਅੰਕ ਵਿਚ ਅੰਤ ਸਮੇਂ ਸਹਾਇਤਾ ਕਰਨ ਵਾਲਾ ਨਾਮ ''ਹਰਿ ਨਾਮੋ ਹਰਿ ਨਾਮੁ ਦੇਵੈ.........॥'' ਗੁਰੂ ਨੇ ਦਿੱਤਾ ਦਰਸਾਇਆ ਹੈ। ਤੀਸਰੇ ਅੰਕ ਵਿਚ ਗੁਰੂ ਦਰਸ਼ਨ ਤੋਂ ਬਿਨਾਂ ਜਨਮ ਨਿਹਫਲ ਦੱਸ ਕੇ ਚੌਥੇ ਅੰਕ ਵਿਚ ਪਪੀਹੇ ਦਾ ਦ੍ਰਿਸ਼ਟਾਂਤ ਦਿੱਤਾ ਹੈ। ਚਿਤ ਰੂਪ ਪਪੀਹਾ ਗੁਰੂ ਦਰਸ਼ਨ ਰੂਪ ਬੂੰਦ ਮੰਗਦਾ ਦੱਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੩੫ (ਅੰਗ ੫੭੫)

## ਵਡਹੰਸੁ ਮਹਲਾ ੪ ॥

ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ॥ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ॥ ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ॥ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗੀਆ॥ ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ॥੧॥ਦੇਹ ਕੰਚਨ ਜੀਨੁ ਸੁਵਿਨਾ ਰਾਮ॥ਜੜਿ ਹਰਿ ਹਰਿ ਨਾਮੁ ਰਤੰਨਾ ਰਾਮ॥ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ॥ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ॥ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ॥ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ॥ ੨॥ ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ॥ ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ॥ ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ॥ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ॥ ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ॥ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ॥ ੩ ॥ ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥ ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ॥ ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ॥ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ॥ ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ॥ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ॥੪॥੨॥੬॥

## ਪ੍ਰਾਕ੍ਥਨ :-

ਇਹ ਸ੍ਰੀ ਮੁਖਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ''ਘੋੜੀਆ'' ਦੇ ਸਿਰਲੇਖ ਹੇਠ ਸ੍ਰੀ ਗੁਰੂ ਰਾਮਦਾਸ ਜੀ ਦਾ ਉਚਾਰਨ ਕੀਤਾ ਦੂਸਰਾ ਸ਼ਬਦ ਹੈ। ਘੋੜੀ ਇਸਤਰੀ ਲਿੰਗ ਸ਼ਬਦ ਹੈ, ਜਿਸ ਦਾ ਬਹੁ ਵਚਨ ਹੈ ''ਘੋੜੀਆ''।

## ਘੋੜੀਆ ਗਾਵਣੀਆਂ

ਜਦੋਂ ਲਾੜਾ ਘਰੋਂ ਵਿਆਹੁਣ ਜਾਂਦਾ ਹੈ ਘੋੜੀ 'ਤੇ ਚੜ੍ਹ ਕੇ ਤਾਂ ਉਸ ਸਮੇਂ ਭੈਣਾਂ ਤੇ ਹੋਰ ਬੀਬੀਆਂ ਖ਼ੁਸ਼ੀ ਦੇ ਗੀਤ ਗਾਉਂਦੀਆਂ ਹਨ। ਉਸ ਸਮੇਂ ਗਾਏ ਜਾਣ ਵਾਲੇ ਗੀਤਾਂ ਨੂੰ ''ਘੋੜੀਆਂ'' ਆਖਦੇ ਹਨ, ਪਰ ਲੜਕੇ ਵਾਲੇ ਘਰ ਵਿਆਹ ਤੋਂ ਕਈ ਦਿਨ ਪਹਿਲਾਂ ਰਾਤ ਸਮੇਂ ਢੋਲਕ ਵਜਾ ਕੇ ਘੋੜੀਆਂ ਵਾਲੇ ਗੀਤ ਗਾਏ ਜਾਂਦੇ ਹਨ। ਇਥੇ ਇਹ ਦੋ ਸ਼ਬਦਾਂ ਦਾ ਸਿਰਲੇਖ ''ਘੋੜੀਆ'' ਕਰਕੇ ਸ੍ਰੀ ਗੁਰੂ ਰਾਮਦਾਸ ਜੀ ਨੇ ਵਿਆਹ ਸਮੇਂ ਗਾਈਆਂ ਜਾਂਦੀਆਂ ਘੋੜੀਆਂ ਦੀ ਚਾਲ 'ਤੇ ਲਿਖਿਆ ਹੈ। ਪਰ ਭੈਣਾਂ ਬੀਬੀਆਂ ਸੰਸਾਰੀ ਵਿਆਹ ਸਮੇਂ ਘੋੜੀਆਂ ਗਾਉਂਦੀਆਂ ਹਨ। ਗੁਰਦੇਵ ਨੇ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦੇ ਰੂਹਾਨੀ ਵਿਆਹ 'ਤੇ ਇਹ ਦੋ ਸ਼ਬਦ ਉਚਾਰਨ ਕੀਤੇ ਹਨ। (ਅਥਵਾ) ''ਠਾਕੁਰ ਏਕ ਸਬਾਈ ਨਾਰਿ॥'' ਦੇ ਸਿਧਾਂਤ ਅਨੁਸਾਰ ਮਰਦ ਤੇ ਇਸਤਰੀ ਦੋਵੇਂ ਵਿਆਹੇ ਜਾਣੇ ਹਨ ਵਾਹਿਗੁਰੂ ਰੂਪ ਪਤੀ ਨਾਲ। ਇਹ ਸਰੀਰ ਨੂੰ ਘੋੜੀ ਦਰਸਾਇਆ ਹੈ, ਭਗਤ ਕਬੀਰ ਜੀ ਦੇ ਕਥਨ ਅਨੁਸਾਰ—

***''ਤਨੁ ਰੈਨੀ ਮਨੁ ਪੁਨ ਰਪਿ ਕਰਿ ਹਉ ਪਾਚਉ ਤਤ ਬਰਾਤੀ॥***
***ਰਾਮ ਰਾਇ ਸਿਉ ਭਾਵਰਿ ਲੈਹਉ ਆਤਮ ਤਿਹ ਰੰਗਿ ਰਾਤੀ॥੧॥***
***ਗਾਉ ਗਾਉ ਰੀ ਦੁਲਹਨੀ ਮੰਗਲਚਾਰਾ॥ ਮੇਰੇ ਗ੍ਰਿਹ ਆਏ ਰਾਜਾ ਰਾਮ ਭਤਾਰਾ॥੧॥''***

(ਅੰਗ ੪੮੨)

ਐਸੇ ਵਾਹਿਗੁਰੂ ਰੂਪ ਪਤੀ ਨੂੰ ਵਿਆਹੁਣ ਲਈ ਸਰੀਰ ਰੂਪ ਘੋੜੀ ਹੈ ਭਾਵ ਮਨੁੱਖ ਜਨਮ ਵਿਚ ਹੀ ਉਸ ਦਾ ਮਿਲਾਪ ਹੋ ਸਕਦਾ ਹੈ। ''ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥'' ਇਨ੍ਹਾਂ ਦੋਨਾਂ ਸ਼ਬਦਾਂ ਅੰਦਰ ਮਿਲਾਪ ਦੀ ਸਿਖਿਆ ਹਜ਼ੂਰ ਨੇ ਬਖ਼ਸ਼ਿਸ਼ ਕੀਤੀ ਹੈ। ਜਿਥੇ ਪ੍ਰਭੂ ਮਿਲਾਪ ਵਾਸਤੇ ਸਰੀਰ ਘੋੜੀ 'ਤੇ ਚੜ੍ਹ ਕੇ ਸਫ਼ਰ ਕਰਨਾ ਹੈ, ਉਥੇ ਇਤਿਹਾਸ ਨੇ ਦਰਸਾਇਆ ਹੈ ਕਿ ਗੁਰੂ ਅੰਗਦ ਦੇਵ ਜੀ ਪਹਿਲੀ ਵਾਰ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਕਰਤਾਰਪੁਰ ਘੋੜੀ 'ਤੇ ਚੜ੍ਹ ਕੇ ਗਏ ਸਨ।

## ਸਾਖੀ—ਭਾਈ ਲਹਿਣਾ ਜੀ ਦਾ ਗੁਰੂ ਜੀ ਨਾਲ ਮੇਲ

ਪਹਿਲੀ ਵਾਰ ਸੰਨ ੧੫੧੯ ਵਿਚ ਭਾਈ ਲਹਿਣਾ ਜੀ ਦਾ ਮੇਲ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਬੜੇ ਅਨੋਖੇ ਢੰਗ ਨਾਲ ਹੋਇਆ। ਭਾਈ ਲਹਿਣਾ ਜੀ ਸੰਤ ਸੇਵੀ ਪ੍ਰਭੂ ਦੇ ਭਗਤ ਸਨ। ਉਹਨਾਂ ਦੇ ਗਵਾਂਢ

ਹੀ (ਖਡੂਰ ਸਾਹਿਬ ਵਿਚ) ਇਕ ਗੁਰੂ ਕਾ ਸਿੱਖ ਭਾਈ ਜੋਧਰਾਇ ਰਹਿੰਦਾ ਸੀ। ਉਹ ਅੰਮ੍ਰਿਤ ਵੇਲੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਿਆ ਕਰਦਾ ਸੀ। ਇਕ ਦਿਨ ਹਰ ਰੋਜ਼ ਦੀ ਤਰ੍ਹਾਂ ਅੰਮ੍ਰਿਤ ਵੇਲੇ ਇਹ ਪਉੜੀ ਪੜ੍ਹੀ :

*''ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮ੍ਹਾਲੀਐ॥*
*ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥*
*ਜਿਉ ਸਾਹਿਬ ਨਾਲਿ ਨ ਹਾਰੀਐ ਤੇਵੇਹਾ ਪਾਸਾ ਢਾਲੀਐ॥*
*ਕਿਛੁ ਲਾਹੇ ਉਪਰਿ ਘਾਲੀਐ॥''* (ਅੰਗ ੪੭੪)

ਸੁਣ ਕੇ ਲਹਿਣਾ ਜੀ ਦੇ ਦਿਲ 'ਤੇ ਬਹੁਤ ਅਸਰ ਹੋਇਆ। ਭਾਈ ਜੋਧਰਾਇ ਕੋਲੋਂ ਗੁਰਦੇਵ ਦੀ ਸੋਭਾ ਸੁਣ ਕੇ ਉਹਨਾਂ ਮਨ ਬਣਾਇਆ ਕਿ ਉਹ ਇਸ ਵਾਰ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਜ਼ਰੂਰ ਕਰਨਗੇ।

ਲਹਿਣਾ ਜੀ ਹਰ ਸਾਲ ਦੇਵੀ-ਭਗਤਾਂ ਦੇ 'ਸੰਗ' ਦੇ ਆਗੂ ਬਣ ਕੇ ਪਹਾੜਾਂ ਵਿਚ ਦੇਵੀ ਪੂਜਣ ਜਾਇਆ ਕਰਦੇ ਸਨ। ਇਸ ਵਾਰ ਸਾਥੀਆਂ ਨੂੰ ਥੋੜ੍ਹੀ ਦੂਰ ਪੜਾਅ 'ਤੇ ਛੱਡ ਕੇ ਲਹਿਣਾ ਜੀ ਘੋੜੀ 'ਤੇ ਚੜ੍ਹ ਕੇ ਕਰਤਾਰਪੁਰ ਨੂੰ ਤੁਰ ਪਏ। ਪਿੰਡ ਦੇ ਨੇੜੇ ਪੁੱਜੇ ਤਾਂ ਉਹਨਾਂ ਰਸਤੇ ਵਿਚ ਇਕ ਮਹਾਨ ਬਜ਼ੁਰਗ ਨੂੰ ਵੇਖ ਕੇ ਗੁਰਦੇਵ ਜੀ ਦਾ ਪਤਾ ਪੁੱਛਿਆ ਤਾਂ ਉਹ ਕਹਿੰਦਾ ਹੈ ਕਿ ਆਓ ਮੇਰੇ ਮਗਰ ਤੁਰ ਆਉ। ਇਹ ਕਹਿ ਕੇ ਉਹ ਮਹਾਂਪੁਰਖ ਮਹਾਨ ਬਜ਼ੁਰਗ ਅੱਗੇ ਲੱਗ ਕੇ ਤੁਰ ਪਏ। ਧਰਮਸਾਲ ਦੇ ਬੂਹੇ ਅੱਗੇ ਪਹੁੰਚ ਕੇ ਉਸ ਮਹਾਨ ਪੁਰਖ ਨੇ ਹੱਥ ਦੇ ਇਸ਼ਾਰੇ ਨਾਲ ਸਮਝਾਇਆ, ''ਖੁਰਲੀ ਉੱਤੇ ਘੋੜੀ ਬੰਨ੍ਹ ਦਿਹੋ ਤੇ ਔਸ ਖੂਹ ਤੋਂ ਹੱਥ-ਮੂੰਹ ਧੋ ਲਵੋ। ਫਿਰ ਧਰਮਸਾਲ ਦੇ ਅੰਦਰ ਆ ਜਾਣਾ। ਅੱਗੇ ਤੁਹਾਡਾ ਗੁਰੂ ਤੁਹਾਨੂੰ ਮਿਲ ਪਵੇਗਾ ਜੀ।''

ਲਹਿਣਾ ਜੀ ਘੋੜੀ ਬੰਨ੍ਹ ਕੇ, ਹੱਥ-ਮੂੰਹ ਧੋ ਕੇ ਅੰਦਰ ਗਏ ਤਾਂ ਵੇਖ ਕੇ ਉਹਨਾਂ ਦੀ ਹੈਰਾਨੀ ਦੀ ਹੱਦ ਨਾ ਰਹੀ। ਉਹ ਘੋੜੀ ਅੱਗੇ ਲੱਗ ਕੇ ਆਉਣ ਵਾਲੇ ਬਜ਼ੁਰਗ ਸਾਹਮਣੇ ਸਿੰਘਾਸਨ 'ਤੇ ਬੈਠੇ ਸਨ। ਲਹਿਣਾ ਜੀ ਦੌੜ ਕੇ ਗੁਰਦੇਵ ਦੇ ਚਰਨਾਂ 'ਤੇ ਢਹਿ ਪਏ। ਉਹਨਾਂ ਹੱਥ ਬੰਨ੍ਹ ਕੇ ਕਿਹਾ, ''ਗੁਰਦੇਵ! ਅਵੱਗਿਆ ਹੋ ਗਈ, ਮੈਂ ਆਪ ਜੀ ਦੇ ਨਾਲ ਨਾਲ ਘੋੜੀ 'ਤੇ ਚੜ੍ਹਿਆ ਆਇਆ ਹਾਂ। ਭੁੱਲ ਮਾਫ਼ ਕਰ ਦਿਉ।'' ਤਾਂ ਹਜ਼ੂਰ ਨੇ ਇਸ਼ਾਰੇ ਨਾਲ ਧੀਰਜ ਦੇਂਦਿਆਂ ਕਿਹਾ, ''ਸਤਿਨਾਮ ਜਪੋ। ਆਪ ਭਲੇ ਸਮੇਂ ਆਏ ਹੋ। ਤੁਹਾਡਾ ਨਾਮ ਕੀ ਹੈ?''

''ਹਜ਼ੂਰ ਮੇਰਾ ਨਾਮ ਲਹਿਣਾ ਹੈ।'' ਲਹਿਣਾ ਜੀ ਨੇ ਸਿਰ ਝੁਕਾ ਕੇ ਕਿਹਾ। ''ਫਿਰ ਅਵੱਗਿਆ ਕਿਹੜੀ ਹੋਈ ਹੈ, ਲਹਿਣੇਦਾਰ ਸਦਾ ਘੋੜੇ ਘੋੜੀਆਂ 'ਤੇ ਚੜ੍ਹ ਕੇ ਹੀ ਆਇਆ ਕਰਦੇ ਹਨ।'' ਗੁਰਦੇਵ ਨੇ ਹੱਸ ਕੇ ਕਿਹਾ, ''ਬੈਠੋ, ਤੁਸਾਂ ਲਹਿਣਾ ਤੇ ਅਸਾਂ ਦੇਣਾ ਹੈ।''

ਲਹਿਣਾ ਜੀ ਨੇ ਵੀ ਸੋਚਿਆ, ਜਿਸ ਰੂਹਾਨੀ ਸ਼ਾਂਤੀ ਦੀ ਭਾਲ ਵਿਚ ਮੈਂ ਭਟਕ ਰਿਹਾ ਹਾਂ, ਉਹ ਏਥੋਂ ਹੀ ਪ੍ਰਾਪਤ ਹੋਵੇਗੀ। ਅਗਲੇ ਦਿਨ ਉਹ ਸਾਥੀਆਂ ਨੂੰ ਵਿਦਿਆ ਕਰਕੇ ਫਿਰ ਗੁਰਦੇਵ ਦੇ ਚਰਨਾਂ ਵਿਚ ਆ

ਗਏ। ਜਿਸ ਸ਼ਰਧਾ ਨਾਲ ਲਹਿਣਾ ਜੀ ਗੁਰਦੇਵ ਜੀ ਦੀ ਸੇਵਾ ਵਿਚ ਜੁੱਟ ਗਏ, ਉਸ ਦੀ ਮਿਸਾਲ ਮਿਲਣੀ ਔਖੀ ਹੈ।

ਗੁਰਦੇਵ ਦੇ ਹੁਕਮ ਨਾਲ ਲਹਿਣਾ ਜੀ ਵਾਪਸ ਘਰ ਜਾਂਦੇ, ਪਰ ਸੱਚੇ ਪ੍ਰੇਮ ਦੇ ਖਿੱਚੇ ਛੇਤੀ ਹੀ ਫੇਰ ਵਾਪਸ ਪਰਤ ਆਉਂਦੇ। (ਦਸ ਗੁਰ ਜੋਤ, ਪੰਨਾ ੭੬-੭੭)

**ਵਡਹੰਸੁ ਮਹਲਾ ੪ ॥ ਦੇਹ ਤੇਜਨੜੀ ਹਰਿ ਨਵ ਰੰਗੀਆ ਰਾਮ ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥ ਗਿਆਨ ਮੰਗੀ ਹਰਿ ਕਥਾ ਚੰਗੀ ਹਰਿ ਨਾਮੁ ਗਤਿ ਮਿਤਿ ਜਾਣੀਆ ॥ ਸਭੁ ਜਨਮੁ ਸਫਲਿਉ ਕੀਆ ਕਰਤੈ ਹਰਿ ਰਾਮ ਨਾਮਿ ਵਖਾਣੀਆ ॥ ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ ਹਰਿ ਭਗਤਿ ਹਰਿ ਜਨ ਮੰਗੀਆ ॥ ਜਨੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਭਗਤਿ ਗੋਵਿੰਦ ਚੰਗੀਆ ॥ ੧ ॥**

**ਪਦ ਅਰਥ :-** ਤੇਜਨੜੀ-ਘੋੜੀ। ਨਵ ਰੰਗੀਆ-ਨਵੇਂ ਰੰਗ ਵਾਲੀ। ਮੰਗੀਆ-ਮੰਗਿਆ ਹੈ। ਗਤਿ-ਗਤੀ (ਮੁਕਤੀ) ਦੀ। ਮਿਤਿ-ਮਰਯਾਦਾ। ਕਰਤੈ-ਕਰਤੇ ਪੁਰਖ ਨੇ। ਹਰਿ ਰਾਮ ਨਾਮੁ-ਵਿਆਪਕ ਹਰੀ ਦੇ ਨਾਮ ਦੁਆਰਾ। ਗੁਰ ਗਿਆਨੁ-ਵਡਾ ਅਪਰੋਕਸ਼ ਗਿਆਨ।

**ਅਰਥ :-** (ਹੇ ਭਾਈ ! ਇਹ ਮਨੁੱਖ) ਦੇਹ (ਇਕ) ਸੁੰਦਰ ਘੋੜੀ ਹੈ, (ਇਸ ਨੂੰ) ਵਿਆਪਕ ਹਰੀ ਨਾਮ ਦਾ ਨਵਾਂ ਰੰਗ ਚਾੜ੍ਹਿਆ ਹੈ। ਗੁਰੂ ਪਾਸੋਂ ਵਿਆਪਕ ਹਰੀ ਦਾ ਵੱਡਾ ਅਪਰੋਕਸ਼ ਗਿਆਨ ਮੰਗਿਆ ਹੈ। ਨਾਲ ਹੀ ਗਿਆਨ ਦੇ ਹਰੀ ਦੀ ਚੰਗੀ ਕਥਾ ਮੰਗੀ ਹੈ, (ਜੋ ਕਥਾ ਨਾਮ ਜਪਣ ਦੀ ਸਮਝ ਤੇ ਗਿਆਨ ਦੇ ਦੇਣ ਵਾਲੀ ਹੈ, ) ਜਿਸ ਹਰੀ ਨਾਮ ਰਾਹੀਂ ਮੁਕਤੀ ਦੀ ਮਰਯਾਦਾ ਜਾਣ ਲਈ ਹੈ। ਹੁਣ ਵਿਆਪਕ ਹਰੀ ਦਾ ਨਾਮ ਜਪ ਰਹੇ ਹਾਂ, (ਜਿਸ ਕਰਕੇ) ਕਰਤੇ ਪੁਰਖ ਨੇ (ਸਾਡਾ) ਜਨਮ ਸਭ ਸਫਲਾ ਕਰ ਦਿੱਤਾ ਹੈ। ਵਿਆਪਕ ਹਰੀ ਪ੍ਰਭੂ (ਦੀ) ਹਰੀ ਨਾਮ (ਜਪ ਕੇ ਹੀ) ਸਿਫਤ ਸਾਲਾਹ ਕਰਦੇ ਹਾਂ (ਕਿਉਂਕਿ ਹਰਿ ਜਨ) ਸੇਵਕਾਂ ਨੇ ਹਰੀ (ਪਾਸੋਂ) ਹਰੀ ਦੀ ਭਗਤੀ ਕਰਨੀ ਮੰਗੀ ਹੈ। ਨਾਨਕ (ਗੁਰੂ ਜੀ) ਦਾਸਾ ਭਾਵ ਧਾਰ ਕੇ (ਉਚਾਰਨ ਕਰਦੇ ਹਨ) ਹੇ ਸੰਤੋ ! ਸੁਣੋ, ਗੋਬਿੰਦ ਹਰੀ ਦੀ ਭਗਤੀ ਕਰਨੀ (ਮਨੁੱਖ ਜਨਮ ਲਈ ਸਭ ਤੋਂ) ਚੰਗੀ ਹੈ। ੧।

**ਦੇਹ ਕੰਚਨ ਜੀਨੁ ਸੁਵਿਨਾ ਰਾਮ ॥ ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥ ਜੜਿ ਨਾਮ ਰਤਨੁ ਗੋਵਿੰਦ ਪਾਇਆ ਹਰਿ ਮਿਲੇ ਹਰਿ ਗੁਣ ਸੁਖ ਘਣੇ ॥ ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ ਵਡਭਾਗੀ ਹਰਿ ਰੰਗ ਹਰਿ ਬਣੇ ॥ ਹਰਿ ਮਿਲੇ ਸੁਆਮੀ ਅੰਤਰਜਾਮੀ ਹਰਿ ਨਵਤਨ ਹਰਿ ਨਵ ਰੰਗੀਆ ॥ ਨਾਨਕੁ ਵਖਾਣੈ ਨਾਮੁ ਜਾਣੈ ਹਰਿ ਨਾਮੁ ਹਰਿ ਪ੍ਰਭ ਮੰਗੀਆ ॥ ੨ ॥**

**ਪਦ ਅਰਥ :–** ਜੀਨੁ–ਕਾਠੀ। ਸੁਵਿਨਾ–ਸੋਨੇ ਦੀ। ਜੜਿ–ਜੜ੍ਹ ਕੇ। ਰਤੰਨਾ–ਰਤਨ। ਘਣੇ–ਬਹੁਤੇ। ਨਵਤਨ–ਨਵਾਂ, ਨਵੀਨ ਸਰੂਪ। ਨਵਰੰਗੀਆ–ਨਵੇਂ ਰੰਗ ਵਾਲੇ।

**ਅਰਥ :–**ਇਹ ਦੇਹ (ਮਨੁੱਖ ਸਰੀਰ ਰੂਪ ਘੋੜੀ) ਸੋਨੇ ਵਰਗੀ ਵਿਆਪਕ (ਪ੍ਰਮੇਸ਼ਰ ਦੀ ਪ੍ਰਾਪਤੀ ਲਈ ਮਾਨੋ) ਸੁਨਹਿਰੀ ਕਾਠੀ ਸਮੇਤ ਮਿਲੀ ਹੈ। (ਇਹ ਕਾਠੀ) ਵਿਆਪਕ ਹਰਿ ਹਰਿ ਦੇ (ਨਾਮ ਰੂਪ) ਰਤਨ ਜੜ੍ਹ ਕੇ (ਸੁੰਦਰ ਬਣਾਈ ਹੈ।) ਨਾਮ ਰਤਨ ਜੜ੍ਹ ਕੇ ਗੋਵਿੰਦ=ਪ੍ਰਮੇਸਰ ਨੂੰ ਪਾਇਆ, (ਹਰੀ ਦੀ ਪ੍ਰਾਪਤੀ ਵਾਲੇ) ਸ਼ੁਭ ਗੁਣ (ਹੋਣ ਕਰਕੇ) ਹਰਿ ਮਿਲੇ=ਹਰੀ ਪ੍ਰਮਾਤਮਾ ਜੀ ਮਿਲੇ ਹਨ, (ਪ੍ਰਮਾਤਮਾ ਦੇ ਮਿਲਣ ਕਰਕੇ) ਬਹੁਤੇ ਸੁਖ ਪ੍ਰਾਪਤ ਹੋਏ ਹਨ। (ਜਿਸ) ਵਡਭਾਗੀ ਨੇ ਗੁਰ ਉਪਦੇਸ਼ ਪਾਇਆ ਹੈ, ਉਸ ਨੇ ਹਰੀ ਨਾਮ ਸਿਮਰਿਆ ਹੈ, ਹਰੀ ਨਾਮ ਪ੍ਰੇਮ ਸਹਿਤ ਸਿਮਰਨ ਕਰਕੇ ਉਹ ਹਰੀ ਸਰੂਪ ਬਣ ਗਏ ਹਨ। ਉਨ੍ਹਾਂ ਨੂੰ ਮਾਲਕ ਹਰੀ ਅੰਤਰਜਾਮੀ ਨਵੀਨ ਸਰੂਪ, ਨਵੇਂ ਰੰਗ ਵਾਲਾ ਹਰੀ ਪ੍ਰਮਾਤਮਾ ਮਿਲ ਪਿਆ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ (ਮਨੁੱਖ) ਨਾਮ ਦੀ (ਸ਼ਕਤੀ ਨੂੰ) ਜਾਣ ਲੈਂਦਾ ਹੈ (ਉਹ) ਹਰੀ ਪ੍ਰਭੂ ਪਾਸੋਂ ਹਰੀ ਨਾਮ ਹੀ ਮੰਗਣਾ ਕਰਦਾ ਹੈ। ੨।

**ਕੜੀਆਲੁ ਮੁਖੇ ਗੁਰਿ ਅੰਕਸੁ ਪਾਇਆ ਰਾਮ॥ ਮਨੁ ਮੈਗਲੁ ਗੁਰ ਸਬਦਿ ਵਸਿ ਆਇਆ ਰਾਮ॥ ਮਨੁ ਵਸਗਤਿ ਆਇਆ ਪਰਮ ਪਦੁ ਪਾਇਆ ਸਾ ਧਨ ਕੰਤਿ ਪਿਆਰੀ॥ ਅੰਤਰਿ ਪ੍ਰੇਮੁ ਲਗਾ ਹਰਿ ਸੇਤੀ ਘਰਿ ਸੋਹੈ ਹਰਿ ਪ੍ਰਭ ਨਾਰੀ॥ ਹਰਿ ਰੰਗਿ ਰਾਤੀ ਸਹਜੇ ਮਾਤੀ ਹਰਿ ਪ੍ਰਭੁ ਹਰਿ ਹਰਿ ਪਾਇਆ॥ ਨਾਨਕ ਜਨੁ ਹਰਿ ਦਾਸੁ ਕਹਤੁ ਹੈ ਵਡਭਾਗੀ ਹਰਿ ਹਰਿ ਧਿਆਇਆ॥੩॥**

**ਪਦ ਅਰਥ :–** ਕੜੀਆਲੁ–ਲਗਾਮੁ। ਮੁਖੇ–ਮੂੰਹ ਵਿਚ। ਗੁਰਿ–ਗੁਰੂ ਨੇ। ਅੰਕਸੁ–ਲੋਹੇ ਦਾ ਕੁੰਡਾ। ਮੈਗਲੁ–ਹਾਥੀ। ਗੁਰ ਸਬਦਿ–ਗੁਰੂ ਦੇ ਸ਼ਬਦ ਰਾਹੀਂ। ਵਸਿ–ਵਸ ਵਿਚ। ਸਾ ਧਨ–ਜੀਵ–ਇਸਤਰੀ। ਕੰਤਿ–ਪਤੀ (ਪ੍ਰਮੇਸ਼ਰ)। ਹਰਿ ਸੇਤੀ–ਹਰੀ ਦੇ ਨਾਲ। ਰੰਗਿ ਰਾਤੀ–ਨਾਮ ਰੰਗ ਵਿਚ ਰੰਗੀ ਹੋਈ।

**ਅਰਥ :–** (ਹੇ ਭਾਈ!) ਗੁਰੂ ਨੇ (ਮਨੁੱਖ ਦੇਹ ਰੂਪ ਘੋੜੀ ਦੇ) ਮੂੰਹ ਵਿਚ ਲਗਾਮ ਪਾ ਕੇ ਵਿਆਪਕ (ਪ੍ਰੇਮਸ਼ਰ ਦਾ) ਗਿਆਨ (ਰੂਪ) ਕੁੰਡਾ ਮਨ ਰੂਪ ਹਾਥੀ ਦੇ (ਸਿਰ 'ਤੇ ਰੱਖਿਆ।) ਰਾਮ ਸਰੂਪ ਗੁਰੂ ਦੇ ਸ਼ਬਦ ਨਾਲ ਮਨ ਰੂਪ ਹਾਥੀ ਵਸ ਵਿਚ ਹੋ ਆਇਆ ਹੈ। ਮਨ (ਜਿਸ ਦਾ) ਵਸੀਕਾਰ (ਹੋਣ ਦੀ) ਹਾਲਤ ਵਿਚ ਹੋ ਆਇਆ (ਤਾਂ ਉਸ ਨੇ) ਪਰਮ ਪਦ ਪ੍ਰਾਪਤ ਕਰ ਲਿਆ, (ਇਸ ਕਰਕੇ ਹੁਣ ਉਹ) ਇਸਤਰੀ ਪਤੀ (ਪ੍ਰਮੇਸ਼ਰ) ਨੂੰ ਪਿਆਰੀ ਲੱਗੀ ਹੈ। ਜਿਸ ਦਾ ਹਰੀ ਨਾਲ ਅੰਦਰੋਂ ਪ੍ਰੇਮ ਲਗਿਆ ਹੈ, (ਉਹ) ਇਸਤਰੀ ਹਰੀ ਪ੍ਰਭੂ ਦੇ ਘਰ (ਦਰਬਾਰ) ਵਿਚ ਸੋਭਦੀ ਹੈ। (ਜੋ ਜੀਵ–ਇਸਤਰੀ) ਹਰੀ ਪ੍ਰਭੂ ਦੇ ਹਰਿ=ਨਾਮ ਰੰਗਿ ਵਿਚ ਰੰਗੀ ਹੋਈ ਸਹਿਜ (ਅਵਸਥਾ) ਵਿਚ ਮਸਤ ਹੈ, (ਉਸ ਨੇ) ਹਰੀ ਨਾਮ ਜਪ ਕੇ ਹਰੀ ਪ੍ਰਭੂ ਨੂੰ ਪਾ ਲਿਆ

ਹੈ। ਨਾਨਕ (ਗੁਰੂ ਜੀ) ਦਾਸਾ ਭਾਵ ਧਾਰਕੇ (ਉਚਾਰਨ ਕਰਦੇ ਹਨ ਕਿ ਮੈਂ) ਹਰੀ ਦਾ ਦਾਸ ਕਹਿੰਦਾ ਹਾਂ, (ਜਿਨ੍ਹਾਂ ਨੇ ਵੀ) ਹਰਿ ਹਰਿ ਧਿਆਇਆ ਹੈ, ਵੱਡੇ ਭਾਗਾਂ ਕਰਕੇ (ਹੀ ਧਿਆਇਆ ਹੈ। ੩।

**ਦੇਹ ਘੋੜੀ ਜੀ ਜਿਤੁ ਹਰਿ ਪਾਇਆ ਰਾਮ॥ ਮਿਲਿ ਸਤਿਗੁਰ ਜੀ ਮੰਗਲੁ ਗਾਇਆ ਰਾਮ॥ ਹਰਿ ਗਾਇ ਮੰਗਲੁ ਰਾਮ ਨਾਮਾ ਹਰਿ ਸੇਵ ਸੇਵਕ ਸੇਵਕੀ॥ ਪ੍ਰਭ ਜਾਇ ਪਾਵੈ ਰੰਗ ਮਹਲੀ ਹਰਿ ਰੰਗੁ ਮਾਣੈ ਰੰਗ ਕੀ॥ ਗੁਣ ਰਾਮ ਗਾਏ ਮਨਿ ਸੁਭਾਏ ਹਰਿ ਗੁਰਮਤੀ ਮਨਿ ਧਿਆਇਆ॥ ਜਨ ਨਾਨਕ ਹਰਿ ਕਿਰਪਾ ਧਾਰੀ ਦੇਹ ਘੋੜੀ ਚੜਿ ਹਰਿ ਪਾਇਆ॥ ੪॥ ੨॥ ੬॥**

**ਪਦ ਅਰਥ :-** ਰਾਮ-ਵਿਆਪਕ (ਪ੍ਰਮਾਤਮਾ)। ਸੇਵਕੀ-ਸੇਵਕ ਭਾਵਨਾ ਨਾਲ। ਜਾਇ-ਜਾ ਕੇ। ਰੰਗ ਮਹਲੀ-ਅਨੰਦ ਭਰੇ ਮਹਿਲ ਵਿਚ। ਰੰਗ ਕੀ-ਰੰਗਲੀ, (ਅਥਵਾ) ਹਰਿ ਰੰਗੁ ਮਾਣੈ ਰੰਗ ਕੀ-(ਜੋ) ਹਰੀ ਦੇ ਰੰਗ=ਅਨੰਦ ਨੂੰ ਮਾਣਦਾ ਹੈ (ਉਸ ਲਈ ਹੋਰ ਦੁਨੀਆ) ਦੇ ਰੰਗ ਕੀ=ਕੀ ਚੀਜ਼ ਹਨ, ਭਾਵ ਕੁਛ ਨਹੀਂ ਹਨ।

**ਅਰਥ :-** (ਹੇ ਭਾਈ! ਮਨੁੱਖ) ਦੇਹ ਇਕ ਚੰਗੀ ਘੋੜੀ ਹੈ, ਜਿਸ ਰਾਹੀਂ (ਪ੍ਰਮਾਰਥ ਦਾ ਸਫ਼ਰ ਕਰਦਿਆਂ) ਵਿਆਪਕ ਹਰੀ ਪਾਇਆ ਜਾ ਸਕਦਾ ਹੈ। (ਪ੍ਰਭੂ ਪਾਵਣ ਦਾ ਇਹ ਤਰੀਕਾ ਹੈ ਕਿ) ਰਾਮ ਰੂਪ ਸਤਿਗੁਰੂ ਨਾਲ ਮਿਲ ਕੇ (ਜਿਸ ਨੇ) ਮੰਗਲਮਯ (ਆਤਮਿਕ ਖ਼ੁਸ਼ੀਆਂ ਵਾਲਾ) ਗੀਤ ਗਾਇਆ ਹੈ। (ਹਾਂ) ਹਰਿ ਰਾਮ ਨਾਮ ਰੂਪ ਮੰਗਲਮਯ (ਖ਼ੁਸ਼ੀਆਂ ਵਾਲਾ) (ਗੀਤ ਗਾ ਤੇ ਜਿਸ) ਸੇਵਕ ਨੇ ਸੇਵਕ ਭਾਵਨਾ ਨਾਲ ਹਰੀ (ਪ੍ਰਭੂ) ਦੀ ਸੇਵਾ ਕੀਤੀ ਹੈ। (ਉਹ) ਪ੍ਰਭੂ ਦੇ ਅਨੰਦ ਭਰੇ ਮਹਿਲ ਨੂੰ ਜਾ ਪਾਉਂਦਾ ਹੈ (ਅਤੇ ਫੇਰ ਜੋ) ਹਰੀ ਦੇ ਰੰਗ=ਅਨੰਦ ਨੂੰ ਮਾਣਦਾ ਹੈ, (ਉਸ ਲਈ ਹੋਰ ਦੁਨੀਆਂ ਦੇ) ਰੰਗ ਕੀ=ਕੀ ਚੀਜ਼ ਨੇ ਭਾਵ ਕੁਛ ਨਹੀਂ ਹਨ। (ਉਸ ਨੇ) ਮਨ ਦੇ ਵਿਚ ਪ੍ਰੇਮ ਧਾਰ ਕੇ ਵਿਆਪਕ (ਪ੍ਰਭੂ) ਦੇ ਗੁਣ ਗਾਏ ਹਨ (ਅਤੇ) ਮਨ ਵਿਚ ਗੁਰੂ ਦੀ ਸਿਖਿਆ ਲੈ ਕੇ ਹਰੀ ਨੂੰ ਸਿਮਰਿਆ ਹੈ। ਨਾਨਕ (ਗੁਰੂ ਜੀ) ਦਾਸਾ ਭਾਵ ਧਾਰ ਕੇ ਉਚਾਰਨ ਕਰਦੇ ਹਨ ਕਿ ਜਿਸ ਉਪਰ ਹਰੀ ਨੇ ਕਿਰਪਾ ਕੀਤੀ ਹੈ, (ਉਸ ਨੇ) ਦੇਹ ਰੂਪ ਘੋੜੀ ਉੱਤੇ ਚੜ੍ਹ ਕੇ ਹਰੀ (ਪ੍ਰਭੂ) ਨੂੰ ਪਾਇਆ ਹੈ। ੪। ੨। ੬।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਅੰਦਰ ਹਜ਼ੂਰ ਨੇ ਮਨੁੱਖ ਸਰੀਰ ਨੂੰ ਸੁੰਦਰ ਘੋੜੀ ਦੱਸਿਆ ਹੈ। ਇਸ ਉਪਰ ਚੜ੍ਹ ਕੇ (ਭਾਵ ਇਸ ਮਨੁੱਖ ਦੇਹੀ) ਦੁਆਰਾ ਪ੍ਰਮਾਰਥ ਦਾ ਸਫ਼ਰ ਕਰਦਿਆਂ ਪ੍ਰਭੂ ਪ੍ਰਮਾਤਮਾ ਦੇ ਅਨੰਦਮਯ ਸ਼ੀਸ਼ ਮਹਿਲ=ਦਰਬਾਰ ਤੱਕ ਪਹੁੰਚਣਾ ਹੈ ਤੇ ਉਸ ਪ੍ਰਮਾਤਮਾ ਨੂੰ ਇਸ ਤਰ੍ਹਾਂ ਪਾਉਣਾ ਦਸਿਆ ਹੈ। ਭੂਤਕਾਲ ਅੰਦਰ ਸਫ਼ਰ ਕਰਨ ਦਾ ਉੱਤਮ ਸਾਧਨ ਘੋੜੀ ਜਾਂ ਘੋੜਾ ਹੀ ਸੀ। ਰਾਜੇ ਮਹਾਰਾਜੇ ਵੀ ਘੋੜਿਆਂ ਦੀ ਜਾਂ ਹਾਥੀ ਦੀ ਅਸਵਾਰੀ ਕਰਿਆ ਕਰਦੇ ਸਨ, ਪਰ ਗੁਰੂ ਸਾਹਿਬਾਨਾਂ ਦੇ ਘੋੜੇ ਤਾਂ ਸਭ ਤੋਂ ਚੰਗੇ, ਸੁੰਦਰ ਤੇ ਕੀਮਤੀ ਹੁੰਦੇ ਸਨ। ਗੁਰ-ਇਤਿਹਾਸ ਇਸ ਗੱਲ ਦੀ ਸਾਖੀ ਭਰਦਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਤੇ ਗੁਰੂ

ਅਮਰਦਾਸ ਜੀ ਦਾ ਘੋੜੀ ਉਪਰ ਅਸਵਾਰੀ ਕਰਨ ਦਾ ਜ਼ਿਕਰ ਇਤਿਹਾਸ ਅੰਦਰ ਆਇਆ ਹੈ। ਖ਼ਾਸ ਕਰਕੇ ਗੁਰੂ ਅਮਰਦਾਸ ਜੀ ਦੀ ਘੋੜੀ ਦਾ ਜ਼ਿਕਰ ਆਇਆ ਹੈ, ਜਿਸ ਉਪਰ ਗੁਰੂ ਜੀ ਇਕ ਪਾਸੇ ਚਰਨ ਕਰਕੇ ਬੈਠਿਆ ਕਰਦੇ ਸਨ। ਬਾਬਾ ਬੁੱਢਾ ਜੀ ਤੇ ਹੋਰ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਨੂੰ ਲੱਭਣ ਸਮੇਂ ਗੁਰੂ ਜੀ ਦੀ ਘੋੜੀ ਅੱਗੇ ਛੱਡੀ ਸੀ। ਜਿਥੇ ਗੁਰਦੇਵ ਸਨ, ਘੋੜੀ ਉਥੇ ਜਾ ਖਲੋਤੀ ਸੀ। ਇਹ ਪ੍ਰਸੰਗ ਸੂਰਜ ਪ੍ਰਕਾਸ਼ ਵਿਚ ਹੈ। ਛੇਵੇਂ ਪਾਤਸ਼ਾਹ ਜੀ ਦੇ ਦਿਲਬਾਗ਼ ਤੇ ਗੁਲਬਾਗ਼ ਘੋੜਿਆਂ ਦਾ ਜ਼ਿਕਰ ਆਉਂਦਾ ਹੈ। ਦਸਮੇਸ਼ ਜੀ ਦੇ ਦਰਿਆਈ ਘੋੜੇ, ਪ੍ਰਸਾਦੀ ਹਾਥੀ ਆਦਿ ਸਨ।

ਵਾਹਿਗੁਰੂ ਜੀ ਕਾ ਖਾਲਸਾ॥
ਵਾਹਿਗੁਰੂ ਜੀ ਕੀ ਫਤਹਿ॥

★★★

ਸ੍ਰੀ ਮੁਖਵਾਕ ਨੰਬਰ ੩੬ (ਅੰਗ ੫੭੭-੭੮)

## ਵਡਹੰਸੁ ਮਃ ੫ ॥ਸਲੋਕੁ॥

ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ॥੧॥ਛੰਤੁ॥ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ॥ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ॥੧॥ਸਲੋਕੁ॥ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥੧॥ਛੰਤੁ॥ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ॥ਸੇ ਸਾਚੀ ਦਰਗਹ ਭਾਣੇ ਰਾਮ॥ ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ॥ ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ॥ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ॥ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ॥੨॥ਸਲੋਕੁ॥ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ॥ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ॥੧॥ਛੰਤੁ॥ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ॥ ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ॥ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ॥ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ॥ ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥ ਸਲੋਕੁ॥ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ॥ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ॥੧॥ ਛੰਤੁ॥ ਮਿਲਿ ਜਲੁ ਜਲਹਿ ਖਟਾਨਾ ਰਾਮ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ॥ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ॥ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ॥ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ॥ ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ॥ ੪॥੨॥

# ਪ੍ਰਾਕ੍ਥਨ :-

ਇਹ ਪਾਵਨ ਸ਼ਬਦ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਡਹੰਸ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ। ਇਸ ਦੀ ਪਹਿਲੀ ਪੰਗਤੀ ਹੈ :-''ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥'' ਹਜ਼ੂਰ ਬਖ਼ਸ਼ਿਸ਼ ਕਰਦੇ ਹਨ ਕਿ ਹੇ ਮਨ! ਤੂੰ ਝੂਠੇ ਪਦਾਰਥਾਂ ਦੀਆਂ ਗੱਲਾਂ ਕੀ ਸੁਣਦਾ ਹੈਂ? ਇਹ ਸਾਰੇ ਪਦਾਰਥ ਅਤੇ ਮਾਇਕੀ ਸੁਖ ਤਾਂ ਇਉਂ ਉਡ ਜਾਣੇ ਹਨ ਜਿਸ ਤਰ੍ਹਾਂ ਹਵਾ ਦੇ ਬੁੱਲੇ ਉੱਡਦੇ ਹਨ।

## 'ਹਵਾ ਦੇ ਬੁੱਲੇ'

ਪਹਿਲਾ ਬਚਨ ਕੂੜ ਆਇਆ ਹੈ। ਗੁਰਦੇਵ ਨੇ ਗੁਰਬਾਣੀ ਅੰਦਰ ਸਭ ਕਾਸੇ ਨੂੰ ਕੂੜ ਕਿਹਾ ਹੈ। ਕੂੜ ਦੀ ਆਪਣੀ ਕੋਈ ਹੋਂਦ ਨਹੀਂ ਹੈ। ਅਸਲ ਵਿਚ ਕੂੜ ਉਸ ਵਸਤੂ ਦਾ ਨਾਮ ਹੈ ਜਿਸ ਦਾ ਆਪਣਾ ਸਰੂਪ ਨਾ ਹੋਵੇ ਪਰ ਵੇਖਣ ਵਿਚ ਨਜ਼ਰ ਜ਼ਰੂਰ ਆਵੇ। ਹਜ਼ੂਰ ਨੇ ਗੁਰਬਾਣੀ ਅੰਦਰ ਹਰਿ ਚੰਦਉਰੀ, ਮ੍ਰਿਗ ਤ੍ਰਿਸਨਾ ਦਾ ਜਲ, ਗੰਧਰਬਾ ਨਗਰੀ ਆਦਿ ਦ੍ਰਿਸ਼ਟਾਂਤਾਂ ਵਿਚ ਕੂੜ ਵਾਲੇ ਸਰੂਪ ਦਾ ਹੀ ਨਿਰਣਾ ਕੀਤਾ ਹੈ। ਗੁਰਦੇਵ ਨੇ ਆਸਾ ਜੀ ਦੀ ਵਾਰ ਅੰਦਰ ਰਾਜਾ, ਪਰਜਾ, ਮੰਡਪ, ਮਾੜੀ, ਸੋਨਾ, ਚਾਂਦੀ, ਕਪੜੇ ਆਦਿ ਪਦਾਰਥਾਂ ਨੂੰ ਜਿਥੇ ਕੂੜ ਕਹਿ ਕੇ ਕਥਨ ਕੀਤਾ ਹੈ, ਉਥੇ ਮਨੁੱਖੀ ਸਰੀਰ ਤੇ ਸਾਰਾ ਸੰਸਾਰ ਹੀ ਕੂੜ (ਨਾਸ਼ਵੰਤ) ਦਸਿਆ ਹੈ। ਇਕ ਕਹਾਵਤ ਅਨੁਸਾਰ ਰਾਵਣ ਸਾਡੇ ਤਿੰਨ ਕਰੋੜ ਵਰ੍ਹੇ ਨੌਂ ਮਹੀਨੇ ਤੇ ਸਤਾਈ ਦਿਨ ਉਮਰ ਭੋਗਣ ਉਪਰੰਤ ਉਹ ਵੀ ਫ਼ਨਾਹ ਰੂਪ ਸੰਸਾਰ ਤੋਂ ਨਾਸ਼ ਹੋ ਗਿਆ। ਇਸ ਸ਼ਬਦ ਅੰਦਰ ਸਤਿਗੁਰੂ ਜੀ ਨੇ ਕਿਹਾ ਹੈ ਕਿ ਮਨੁੱਖ ਝੂਠੇ ਪਦਾਰਥਾਂ ਦੀ ਕੀ ਸਿਫ਼ਤ ਸੁਣਦਾ ਹੈ। ਇਸ ਵਿਚ ਲਗ ਕੇ ਤਾਂ ਕਹਿਣਾ ਪਵੇਗਾ ਕਿ :-

***''ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰ॥''***

(ਅੰਗ ੪੬੮)

ਨੋਟ : ਇਸ ਸ੍ਰੀ ਮੁਖਵਾਕ ਦੇ ਚਾਰ ਸਲੋਕ ਤੇ ਚਾਰ ਹੀ ਛੰਤ ਹਨ। ਹੁਕਮਨਾਮਾ ਲੈਣ ਲਗਿਆਂ ਇਹ ਸਾਰੇ ਪੜ੍ਹਨੇ ਹਨ ਕਿਉਂਕਿ ਅਖ਼ੀਰ ਵਿਚ ਅੰਕ (੨) ਲਗਿਆ ਹੈ। ਇਸ ਤੋਂ ਪਹਿਲਾਂ ਸ਼ਬਦ ਹੈ ''ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ॥ ੧॥

ਇਹ ਇਕ ਅੰਕ ਦਸਦਾ ਹੈ ਕਿ ਇਹ ਸ਼ਬਦ ਪਹਿਲਾ ਪੂਰਾ ਹੋਇਆ ਹੈ। ਇਸ ਤੋਂ ਅੱਗੇ 'ਕਿਆ ਸੁਣੇਦੋ ਕੂੜ,' ਵਾਲੇ ਚਾਰ ਸਲੋਕ ਅਤੇ ਚਾਰ ਛੰਤ ਆਏ ਹਨ ਤੇ ਚੌਥੇ ਛੰਤ ਦੇ ਅਖ਼ੀਰ ਵਿਚ॥੪॥੨॥ ਹੈ। ਚਾਰ ਅੰਕ ਦਾ ਭਾਵ ਹੈ ਚਾਰ ਪਦੇ ਪੂਰੇ ਹੋਏ ਹਨ ਅਤੇ॥ ੨॥ ਅੰਕ ਦਾ ਮਤਲਬ ਹੈ ਇਥੇ ਤੱਕ ਦੋ ਸ਼ਬਦ ਪੂਰੇ ਹੋਏ ਹਨ। ਪਹਿਲਾ ਸ਼ਬਦ ''ਗੁਰ ਮਿਲਿ ਲਧਾ ਜੀ ਰਾਮ ਪਿਆਰਾ ਰਾਮ॥੧॥ ਦੂਜਾ ਸ਼ਬਦ ''ਕਿਆ ਸੁਣੇਦੋ ਕੂੜੁ, ਤੋਂ ਸ਼ੁਰੂ ਹੋ ਕੇ ''ਮਿਲਿ ਜਲੁ ਜਲਹਿ ਖਟਾਨਾ''॥ ੪॥ ੨॥ ਤੇ ਪੂਰਾ ਹੁੰਦਾ ਹੈ,

ਇਥੇ ਦੋ ਸ਼ਬਦ ਪੂਰੇ ਹੋਏ ਹਨ। ਇਸ ਕਰਕੇ ਇਹ ਸ਼ਬਦ॥ ੨॥ ਅੰਕ ਤੱਕ ਇਕ ਸ਼ਬਦ ਹੀ ਬਣਦਾ ਹੈ। ਇਸ ਤੋਂ ਅਗੇ "ਪ੍ਰਭ ਕਰਣ ਕਾਰਨ ਸਮਰਥਾ ਰਾਮ॥" ਦੇ ਅਖ਼ੀਰ ਵਿਚ ॥ ੪॥ ੩॥ ਚਾਰ ਅੰਕ ਪਦੇ ਦੀ ਗਿਣਤੀ ਦੱਸਦਾ ਹੈ ਅਤੇ॥ ੩॥ ਅੰਕ ਦਾ ਭਾਵ ਹੈ ਇਥੋਂ ਤੱਕ ੩ ਸ਼ਬਦ ਪੂਰੇ ਹੋਏ ਹਨ। ਇਸ ਲਈ 'ਕਿਆ ਸੁਣੇਦੋ ਕੂੜੁ' ਤੋਂ ਅਰੰਭ ਕਰਕੇ "ਮਿਲਿ ਜਲੁ ਜਲਹਿ ਖਟਾਨਾ॥ ੪॥ ੨॥" 'ਤੇ ਇਕ ਸ਼ਬਦ ਹੀ ਪੂਰਾ ਬਣਦਾ ਹੈ। ਇਸੇ ਤਰ੍ਹਾਂ ਦਾ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੦੪ ਉਪਰ ਅੰਕਿਤ ਹੈ। 'ਸਲੋਕ॥ ਊਚਾ ਅਗਮ ਅਪਾਰ ਪ੍ਰਭੁ' ਤੋਂ ਅਰੰਭ ਕਰਕੇ "ਮੇਲਿ ਲੀਨੇ ਇਕ ਪਲੇ॥ ੪॥ ੨॥ 'ਤੇ ਸਮਾਪਤ ਹੁੰਦਾ ਹੈ। ਸੱਚ ਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਇਹ ਹੁਕਮਨਾਮਾ ਲੈਣ ਸਮੇਂ ਇਹ ਚਾਰ ਸਲੋਕ ਤੇ ਚਾਰ ਛੰਤ ਪੜ੍ਹਕੇ ਹੀ ਸਾਰੇ ਸਿੰਘ ਸਾਹਿਬਾਨ ਹੁਕਮਨਾਮਾ ਲੈਂਦੇ ਹਨ। ਸ਼ਬਦ ਬਹੁਤ ਲੰਬਾ ਹੈ, ਇਸ ਕਰਕੇ ਕੋਈ ਸਾਖੀ ਨਹੀਂ ਦਿੱਤੀ।

**ਵਡਹੰਸੁ ਮਃ ੫॥ ਸਲੋਕੁ॥ ਕਿਆ ਸੁਣੇਦੋ ਕੂੜੁ ਵੰਞਨਿ ਪਵਣ ਝੁਲਾਰਿਆ॥ ਨਾਨਕ ਸੁਣੀਅਰ ਤੇ ਪਰਵਾਣੁ ਜੋ ਸੁਣੇਦੇ ਸਚੁ ਧਣੀ॥੧॥ ਛੰਤੁ॥ ਤਿਨ ਘੋਲਿ ਘੁਮਾਈ ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ॥ ਸੇ ਸਹਜਿ ਸੁਹੇਲੇ ਜਿਨ ਹਰਿ ਹਰਿ ਰਸਨਾ ਭਣਿਆ ਰਾਮ॥ਸੇ ਸਹਜਿ ਸੁਹੇਲੇ ਗੁਣਹ ਅਮੋਲੇ ਜਗਤ ਉਧਾਰਣ ਆਏ॥ਭੈ ਬੋਹਿਥ ਸਾਗਰ ਪ੍ਰਭ ਚਰਣਾ ਕੇਤੇ ਪਾਰਿ ਲਘਾਏ॥ ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ ਤਿਨ ਕਾ ਲੇਖਾ ਨ ਗਣਿਆ॥ ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ॥੧॥**

**ਪਦ ਅਰਥ :-** ਕੂੜੁ-ਝੂਠ ਜਾਂ ਝੂਠੇ ਪਦਾਰਥਾਂ ਦੀ ਗੱਲ। ਵੰਞਨਿ-ਚਲੇ ਜਾਂਦੇ ਹਨ। ਝੁਲਾਰਿਆ-ਬੁੱਲਿਆਂ ਦੀ ਤਰ੍ਹਾਂ। ਸੁਣੀਅਰ-ਕੰਨ। ੧।

(ਛੰਤੁ) ਘੋਲਿ ਘੁਮਾਈ-ਸਦਕੇ ਕੁਰਬਾਨ ਜਾਂਦਾ ਹਾਂ। ਸ੍ਰਵਣੀ-ਕੰਨਾਂ ਨਾਲ। ਸੁਹੇਲੇ-ਸੁਖੀ। ਰਸਨਾ-ਜੀਭ ਨਾਲ।

**ਅਰਥ :-** ਹੇ ਭਾਈ (ਤੂੰ) ਝੂਠੇ ਨਾਸ਼ਵੰਤ ਪਦਾਰਥਾਂ ਦੀ ਸਿਫ਼ਤ ਕੀ ਸੁਣਦਾ ਹੈਂ? (ਕਿਉਂਕਿ ਇਹ ਪਦਾਰਥ ਤਾਂ) ਹਵਾ ਦੇ ਬੁੱਲਿਆਂ ਦੀ ਤਰ੍ਹਾਂ ਚਲੇ ਜਾਣ ਵਾਲੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਕੰਨ (ਪਰਵਾਣ) ਸਫਲੇ ਹਨ ਜੋ ਸੱਚੇ ਧਨੀ=ਮਾਲਕ ਪ੍ਰਭੂ ਦੀ (ਸਿਫ਼ਤ-ਸਾਲਾਹ) ਸੁਣਦੇ ਹਨ। ੧।

(ਛੰਤੁ) ਹੇ ਭਾਈ! ਜਿਨ੍ਹਾਂ ਮਨੁੱਖਾਂ ਨੇ ਵਿਆਪਕ ਪ੍ਰਭੂ ਦਾ ਨਾਮ ਆਪਣੇ ਕੰਨਾਂ ਨਾਲ ਸੁਣਿਆ ਹੈ, ਉਹਨਾਂ ਤੋਂ ਮੈਂ ਸਦਕੇ ਕੁਰਬਾਨ ਜਾਂਦਾ ਹਾਂ। ਜਿਨ੍ਹਾਂ ਨੇ ਵਿਆਪਕ (ਪ੍ਰਮੇਸ਼ਰ) ਦੇ ਹਰਿ ਹਰਿ ਨਾਮ ਨੂੰ ਜੀਭ

ਨਾਲ ਭਣਿਆ ਕਹੀਏ ਉਚਾਰਿਆ ਹੈ, (ਭਾਵ ਰਸਨਾ ਨਾਲ ਨਾਮ ਜਪਿਆ ਹੈ) ਉਹ ਸਹਿਜੇ ਹੀ ਸੁਖੀ ਹਨ। ਉਹ (ਮਨੁੱਖ) ਸਹਿਜੇ, ਸੁਖੀ ਤੇ (ਪ੍ਰਮਾਤਮਾ ਦੇ) ਅਮੋਲਕ ਸ਼ੁਭ ਗੁਣਾਂ ਵਾਲੇ ਹਨ, (ਉਹ ਆਪ ਤਾਂ ਨਾਮ ਜਪ ਕੇ ਤਰੇ ਹਨ) ਤੇ ਹੋਰਨਾਂ ਜਗਤ ਦੇ ਜੀਆਂ ਨੂੰ (ਨਾਮ ਜਪਾ ਕੇ) ਸੰਸਾਰ ਸਮੁੰਦਰ ਤੋਂ ਤਾਰਣ ਵਾਸਤੇ ਆਏ ਹਨ। ਜੋ ਭੈ ਦਾਇਕ ਸੰਸਾਰ ਸਮੁੰਦਰ ਹੈ, ਪ੍ਰਭੂ ਦੇ ਚਰਣ (ਰੂਪ) ਜਹਾਜ਼ ਨਾਲ ਜੋੜ ਕੇ (ਉਨ੍ਹਾਂ ਪ੍ਰਮੇਸ਼ਰ ਦੇ ਪਿਆਰਿਆਂ ਨੇ) ਕਿਤਨੇ ਹੀ (ਨਾਮ ਜਪਾ ਕੇ) ਸੰਸਾਰ ਤੋਂ ਪਾਰ ਲੰਘਾਏ ਹਨ। ਮੇਰੇ ਮਾਲਕ ਪ੍ਰਭੂ ਨੇ ਜਿਨ੍ਹਾਂ 'ਤੇ ਕਿਰਪਾ ਕੀਤੀ ਹੈ, ਉਹਨਾਂ ਦੇ ਕਰਮਾਂ ਦਾ ਉਹ ਹਿਸਾਬ ਨਹੀਂ ਕਰਦਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜਿਨ੍ਹਾਂ ਨੇ ਪ੍ਰਭੂ ਦਾ ਨਾਮ ਕੰਨਾਂ ਨਾਲ ਸੁਣਿਆ ਹੈ, (ਹਜ਼ੂਰ) ਕਹਿੰਦੇ ਹਨ ਮੈਂ ਤਿਸ ਉਪਰੋਂ ਸਦਕੇ ਕੁਰਬਾਨ ਜਾਂਦਾ ਹਾਂ। ੧।

**ਸਲੋਕੁ ॥ ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ ॥੧॥ ਛੰਤੁ ॥ ਜਿਨੀ ਹਰਿ ਪ੍ਰਭੁ ਡਿਠਾ ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥ ਠਾਕੁਰਿ ਮਾਨੇ ਸੇ ਪਰਧਾਨੇ ਹਰਿ ਸੇਤੀ ਰੰਗਿ ਰਾਤੇ ॥ ਹਰਿ ਰਸਹਿ ਅਘਾਏ ਸਹਜਿ ਸਮਾਏ ਘਟਿ ਘਟਿ ਰਮਈਆ ਜਾਤੇ ॥ ਸੇਈ ਸਜਣ ਸੰਤ ਸੇ ਸੁਖੀਏ ਠਾਕੁਰ ਅਪਣੇ ਭਾਣੇ ॥ ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ ਤਿਨ ਕੈ ਸਦ ਕੁਰਬਾਣੇ ॥੨॥**

**ਪਦ ਅਰਥ :–** ਲੋਇਣ–ਅੱਖਾਂ। ਲੋਈ–ਲੋਕਾਈ (ਸ੍ਰਿਸ਼ਟੀ)। ਮੂ–ਮੇਰੀ। ਘਣੀ–ਬਹੁਤੀ ਵੱਧ ਰਹੀ ਹੈ। ਬਿਅੰਨਿ–ਹੋਰ। ਜਿਨੀ–ਜਿਨ੍ਹਾਂ ਅੱਖਾਂ ਨਾਲ। ਡਿਸੰਦੋ–ਦਿੱਸਦਾ ਹੈ। ਮਾ ਪਿਰੀ–ਮੇਰਾ ਪਿਆਰਾ। ੧।

(ਛੰਤੁ) ਠਾਕੁਰਿ–ਮਾਲਕ (ਪ੍ਰਭੂ)। ਮਾਨੇ–ਮੰਨੇ, ਸਤਿਕਾਰੇ। ਰਸਹਿ–ਰਸ ਨਾਲ। ਅਘਾਏ–ਰਜ ਗਏ।

**ਅਰਥ :–** (ਹੇ ਭਾਈ!) ਮੈਂ ਆਪਣੀਆਂ ਅੱਖਾਂ ਨਾਲ (ਸਾਰੀ) ਲੋਕਾਈ ਸ੍ਰਿਸ਼ਟੀ (ਜੋ ਤਰ੍ਹਾਂ ਤਰ੍ਹਾਂ ਭਾਵ ਕਈ ਰੰਗਾਂ ਦੀ ਹੈ) ਨੂੰ ਵੇਖਣਾ ਕੀਤਾ ਹੈ, (ਪਰ ਅੱਖੀ ਦੇਖ ਨਾ ਰੱਜੀਆ ਵਾਲੀ ਗੱਲ ਹੈ,) ਮੇਰੀ ਦੇਖਣ ਦੀ ਪਿਆਸ ਨਹੀਂ ਬੁਝੀ (ਸਗੋਂ) ਹੋਰ ਵੱਧ ਰਹੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਅੱਖਾਂ ਹੋਰ ਹਨ, ਜਿਨ੍ਹਾਂ ਨਾਲ ਮੇਰਾ ਪਿਆਰਾ ਦਿਸਦਾ ਹੈ। ੧।

(ਛੰਤੁ) ਜਿਨ੍ਹਾਂ ਨੇ (ਬਿਅੰਨ ਅੱਖਾਂ ਨਾਲ) ਵਿਆਪਕ ਹਰੀ ਪ੍ਰਭੂ ਨੂੰ ਵੇਖਿਆ ਹੈ (ਮੈਂ) ਉਨ੍ਹਾਂ ਤੋਂ ਸਦਕੇ ਹਾਂ। ਉਹ ਸੱਚੀ ਦਰਗਾਹ ਅੰਦਰ ਵਿਆਪਕ (ਪ੍ਰਭੂ) ਨੂੰ ਭਾ ਗਏ ਹਨ (ਭਾਵ ਪ੍ਰਭੂ ਨੂੰ ਪਸੰਦ ਆ ਗਏ ਹਨ।) ਜੋ ਮਾਲਕ (ਪ੍ਰਭੂ) ਨੇ ਮੰਨ ਲਏ (ਪ੍ਰਵਾਨ ਕਰ ਲਏ ਹਨ) ਉਹ ਸਭ ਤੋਂ ਪਰਧਾਨ=ਮੁਖੀਏ ਹਨ ਅਤੇ ਹਰੀ ਦੇ ਪ੍ਰੇਮ ਰੰਗ ਵਿਚ ਰੱਤੇ ਰਹਿੰਦੇ ਹਨ। ਉਹ ਹਰੀ ਰਸ ਵਿਚ ਤ੍ਰਿਪਤ ਹੋਏ ਤੇ ਸਹਜ (ਅਵਸਥਾ) ਵਿਚ ਸਮਾਏ ਰਹਿੰਦੇ ਹਨ (ਅਤੇ ਉਨ੍ਹਾਂ ਨੇ) ਸਾਰਿਆਂ ਘਟਿ ਘਟਿ (ਹਿਰਦਿਆਂ) ਵਿਚ ਵਿਆਪਕ ਪ੍ਰਭੂ ਨੂੰ ਜਾਣ ਲਿਆ

ਹੈ। ਜੋ ਆਪਣੇ ਮਾਲਕ (ਪ੍ਰਭੂ) ਨੂੰ ਭਾਏ ਹਨ, ਉਹੀ (ਅਸਲ) ਸੱਜਣ ਤੇ ਸੰਤ ਹਨ ਤੇ ਉਹ ਹੀ ਸੁਖੀ ਹਨ। ਨਾਨਕ (ਗੁਰੂ ਜੀ) ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਹਰੀ ਪ੍ਰਭੂ ਨੂੰ ਵੇਖਿਆ ਹੈ (ਮੈਂ) ਉਨ੍ਹਾਂ ਤੋਂ ਸਦਾ ਹੀ ਸਦਕੇ ਜਾਂਦਾ ਹਾਂ। ੨।

**ਸਲੋਕੁ ॥ ਦੇਹ ਅੰਧਾਰੀ ਅੰਧ ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ਜੈ ਘਟਿ ਵੁਠਾ ਸਚੁ ਧਣੀ ॥੧॥ ਛੰਤੁ ॥ ਤਿਨ ਖੰਨੀਐ ਵੰਞਾਂ ਜਿਨ ਮੇਰਾ ਹਰਿ ਪ੍ਰਭੁ ਡੀਠਾ ਰਾਮ ॥ ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ ਅਮਿਉ ਵੂਠਾ ਸੁਖ ਭਏ ॥ ਦੁਖ ਨਾਸ ਭਰਮ ਬਿਨਾਸ ਤਨ ਤੇ ਜਪਿ ਜਗਦੀਸ ਈਸਹ ਜੈ ਜਏ ॥ ਮੋਹ ਰਹਤ ਬਿਕਾਰ ਥਾਕੇ ਪੰਚ ਤੇ ਸੰਗੁ ਤੂਟਾ ॥ ਕਹੁ ਨਾਨਕ ਤਿਨ ਖੰਨੀਐ ਵੰਞਾ ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥**

**ਪਦ ਅਰਥ :–** ਦੇਹ-ਦੇਹੀ (ਮਨੁੱਖੀ ਸਰੀਰ)। ਅੰਧਾਰੀ ਅੰਧ-ਅਗਿਆਨ ਦੇ ਅੰਧੇਰੇ ਕਰਕੇ ਅੰਨ੍ਹੀ। ਵਿਹੂਣੀਆ-ਸੱਖਣੀ। ਜੈ ਘਟਿ-ਜਿਸ ਹਿਰਦੇ ਵਿਚ। ਵੁਠਾ-ਆ ਵਸਿਆ। ਸਚੁ ਧਣੀ-ਸੱਚਾ ਮਾਲਕ। ੧। (ਛੰਤੁ) ਖੰਨੀਐ ਵੰਞਾਂ-ਮੈਂ ਟੋਟੇ ਟੋਟੇ ਹੋ ਕੇ ਸਦਕੇ ਜਾਂਦਾ ਹਾਂ। ਅਮਿਉ-ਅੰਮ੍ਰਿਤ। ਤਨ ਤੇ-ਸਰੀਰ ਤੋਂ। ਜਗਦੀਸ-ਜਗਤ ਦਾ ਮਾਲਕ।

**ਅਰਥ :–** (ਹੇ ਭਾਈ! ਉਹ) ਦੇਹੀ ਅਗਿਆਨਤਾ ਦੇ ਅੰਧੇਰੇ ਕਰਕੇ ਅੰਨ੍ਹੀ ਹੈ (ਅਤੇ) ਨਾਮ ਤੋਂ ਸੱਖਣੀ ਹੋਣ ਕਰਕੇ ਸੁੰਞੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਸ (ਮਨੁੱਖ) ਦਾ ਜਨਮ ਸਫਲਾ ਹੈ ਜਿਸ ਦੇ ਹਿਰਦੇ ਵਿਚ ਸੱਚਾ ਮਾਲਕ ਪ੍ਰਭੂ ਵਸ ਗਿਆ ਹੈ। ੧। (ਛੰਤੁ) ਮੈਂ ਉਨ੍ਹਾਂ ਤੋਂ ਟੋਟੇ ਟੋਟੇ ਹੋ ਕੇ ਸਦਕੇ ਜਾਂਦਾ ਹਾਂ, ਜਿਨ੍ਹਾਂ ਨੇ ਮੇਰਾ ਵਿਆਪਕ ਹਰੀ ਪ੍ਰਭੂ ਵੇਖਿਆ ਹੈ। ਉਹ (ਜਨ) ਸੇਵਕ ਹਰਿ ਹਰਿ ਰਾਮ ਦਾ ਨਾਮ ਅੰਮ੍ਰਿਤ (ਜੋ) ਮਿੱਠਾ ਹੈ (ਉਸ ਨੂੰ) ਚਖ ਕੇ ਤ੍ਰਿਪਤ ਹੋਏ ਹਨ। ਜਿਨ੍ਹਾਂ 'ਤੇ ਹਰੀ ਪ੍ਰਭੂ ਪ੍ਰਸੰਨ ਹੋਇਆ ਹੈ (ਉਨ੍ਹਾਂ ਦੇ) ਮਨ ਵਿਚ ਹਰੀ ਨਾਮ ਮੀਠਾ ਲੱਗਿਆ ਹੈ (ਅਤੇ ਉਹਨਾਂ ਦੇ ਹਿਰਦੇ ਵਿਚ ਨਾਮ) ਅੰਮ੍ਰਿਤ ਵਸ ਗਿਆ ਹੈ, ਇਸ ਕਰਕੇ ਉਨ੍ਹਾਂ ਨੂੰ ਸੁਖ ਪ੍ਰਾਪਤ ਹੋਏ ਹਨ। ਜਗਤ ਦੇ ਮਾਲਕ ਦਾ ਨਾਮ ਜਪ ਕੇ ਤੇ ਮਾਲਕ ਦੀ ਜੈ ਜੈ ਕਾਰ (ਆਖਣ ਕਰਕੇ) ਉਨ੍ਹਾਂ ਦੇ ਸਾਰੇ ਦੁੱਖ ਨਾਸ਼ ਹੋ ਗਏ (ਅਤੇ) ਸਰੀਰ ਤੋਂ ਭਰਮ ਵੀ ਨਾਸ਼ ਹੋ ਗਿਆ ਹੈ। ਉਹ ਮੋਹ ਤੋਂ ਰਹਿਤ ਹੋ ਗਏ, ਉਨ੍ਹਾਂ ਦੇ ਵਿਕਾਰ ਮੁੱਕ ਗਏ ਤੇ ਪੰਜ ਕਾਮ, ਕਰੋਧ ਆਦਿ ਤੋਂ ਸੰਗ ਟੁੱਟ ਗਿਆ। ਨਾਨਕ (ਗੁਰੂ ਜੀ) ਕਥਨ ਕਰਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ ਮੇਰਾ ਹਰੀ ਪ੍ਰਭੂ ਵਸ ਗਿਆ ਹੈ, ਮੈਂ ਉਨ੍ਹਾਂ ਤੋਂ ਟੋਟੇ ਟੋਟੇ ਹੋ ਕੇ ਸਦਕੇ ਜਾਂਦਾ ਹਾਂ।੩।

**ਸਲੋਕੁ ॥ ਜੋ ਲੋੜੀਦੇ ਰਾਮ ਸੇਵਕ ਸੇਈ ਕਾਂਢਿਆ ॥ ਨਾਨਕ ਜਾਣੇ ਸਤਿ ਸਾਂਈ ਸੰਤ ਨ ਬਾਹਰਾ ॥੧॥ ਛੰਤੁ ॥ ਮਿਲਿ ਜਲੁ ਜਲਹਿ ਖਟਾਨਾ ਰਾਮ ॥**

ਸੰਗਿ ਜੋਤੀ ਜੋਤਿ ਮਿਲਾਨਾ ਰਾਮ॥ਸੰਮਾਇ ਪੂਰਨ ਪੁਰਖ ਕਰਤੇ ਆਪਿ ਆਪਹਿ ਜਾਣੀਐ॥ ਤਹ ਸੁੰਨਿ ਸਹਜਿ ਸਮਾਧਿ ਲਾਗੀ ਏਕੁ ਏਕੁ ਵਖਾਣੀਐ॥ ਆਪਿ ਗੁਪਤਾ ਆਪਿ ਮੁਕਤਾ ਆਪਿ ਆਪੁ ਵਖਾਨਾ॥ ਨਾਨਕ ਭ੍ਰਮ ਭੈ ਗੁਣ ਬਿਨਾਸੇ ਮਿਲਿ ਜਲੁ ਜਲਹਿ ਖਟਾਨਾ॥੪॥੨॥

**ਪਦ ਅਰਥ :-** ਜੋ ਲੋੜੀਦੇ ਰਾਮ-ਰਾਮ ਨੂੰ ਚੰਗੇ ਲੱਗਦੇ ਹਨ। ਸੇਈ-ਉਹੀ। ਕਾਂਢਿਆ-ਆਖੇ ਜਾਂਦੇ ਹਨ। ਜਾਣੇ ਸਤਿ-ਸਤਿ ਕਰਕੇ ਸਮਝੇ। (ਛੰਤੁ) ਖਟਾਨਾ-ਮਿਲ ਜਾਂਦਾ ਹੈ। ਸੁੰਨਿ-ਅਫੁਰ। ਸਹਜਿ- ਸਹਿਜ ਅਵਸਥਾ ਵਿਚ।

**ਅਰਥ :-** (ਹੇ ਭਾਈ!) ਜੋ (ਮਨੁੱਖ) ਰਾਮ ਨੂੰ ਚੰਗੇ ਲੱਗਦੇ ਹਨ ਉਹੀ ਰਾਮ ਦੇ ਸੇਵਕ ਆਖੇ ਜਾਂਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ (ਪ੍ਰਮੇਸ਼ਰ ਦੇ ਪਿਆਰੇ) ਇਹ ਗੱਲ ਸਤਿ ਕਰਕੇ ਸਮਝਦੇ ਹਨ ਕਿ ਮਾਲਕ ਸੰਤ ਜਨਾਂ ਤੋਂ ਵੱਖਰਾ ਨਹੀਂ। ੧।

(ਛੰਤ) ਹੇ ਭਾਈ! ਜਿਵੇਂ ਪਾਣੀ, ਪਾਣੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ। (ਇਸੇ ਤਰ੍ਹਾਂ) ਸੰਤ ਜਨਾਂ ਦੀ ਜੋਤ (ਪ੍ਰਮਾਤਮਾ) ਦੀ ਜੋਤ ਵਿਚ ਮਿਲ ਜਾਂਦੀ ਹੈ। ਜੋ ਪੂਰਨ ਪੁਰਖ ਕਰਤੇ ਵਿਚ ਸਮਾਏ ਹਨ, ਉਹ ਆਪ ਹੀ ਆਪਣੇ ਆਪ ਨੂੰ ਪ੍ਰਭੂ ਵਿਚ ਅਭੇਦ ਹੋਇਆ ਜਾਣ ਲੈਂਦੇ ਹਨ। ਉਥੇ ਉਨ੍ਹਾਂ ਦੀ ਅਫੁਰ (ਨਿਰਵਿਕਲਪ) ਸਮਾਧੀ ਸਹਿਜ (ਅਵਸਥਾ) ਵਿਚ ਲਗੀ ਰਹਿੰਦੀ ਹੈ ਤੇ ਉਥੇ ਕੇਵਲ ਇਕੋ ਇਕ ਦਾ ਉਚਾਰਨ ਕੀਤਾ ਜਾਂਦਾ ਹੈ। ਉਹ ਪ੍ਰਭੂ ਆਪ ਹੀ ਗੁਪਤ ਰੂਪ ਹੈ ਤੇ ਆਪ ਹੀ ਬੰਧਨਾਂ ਤੋਂ ਰਹਿਤ ਹੈ ਅਤੇ ਆਪ ਹੀ ਆਪਣੇ ਆਪ ਨੂੰ ਵਰਣਨ ਕਰ ਰਿਹਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹਨਾਂ (ਗੁਰਮੁਖਾਂ ਦੇ ਅੰਦਰੋਂ) ਭਰਮ, ਡਰ (ਅਤੇ ਰਜੋ, ਤਮੋ, ਸਤੋ ਇਹ) ਤਿੰਨੇ ਗੁਣ ਨਾਸ਼ ਹੋ ਜਾਂਦੇ ਹਨ, (ਉਹ ਪ੍ਰਭੂ ਵਿਚ ਇਸ ਤਰ੍ਹਾਂ ਅਭੇਦ ਹੋ ਜਾਂਦੇ ਹਨ) ਜਿਸ ਤਰ੍ਹਾਂ ਪਾਣੀ ਨਾਲ ਪਾਣੀ ਮਿਲ ਕੇ ਇਕ ਰੂਪ ਹੋ ਜਾਂਦਾ ਹੈ।੪।੨।

## ਵਿਆਖਿਆ ਤੇ ਸਾਰੰਸ਼—

ਪਿਛੇ ਨਿਰੇ ਛੰਤ ਸਨ, ਇਥੇ ਇਕ ਸਲੋਕ ਨਾਲ ਇਕ ਛੰਤ ਦਰਜ ਹੈ। ਇਸ ਸ਼ਬਦ ਅੰਦਰ ਚਾਰ ਸਲੋਕ ਤੇ ਚਾਰ ਛੰਤ ਆਏ ਹਨ, ਪਰ ਗਿਣਤੀ ਵਿਚ ਇਹ ਸ਼ਬਦ ਇਕ ਹੀ ਹੈ। ਇਥੇ ਅਖ਼ੀਰ ਵਿਚ ੪ ਅੰਕ ਤੋਂ ਭਾਵ ਚਾਰ ਪਦੇ ਹਨ। ੨ ਅੰਕ ਦਾ ਭਾਵ ਇਥੇ ਦੋ ਸ਼ਬਦ ਪੂਰੇ ਹੋਏ ਹਨ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

***

ਸ੍ਰੀ ਮੁਖਵਾਕ ਨੰਬਰ ੩੭ (ਅੰਗ ੫੭੯)

ਵਡਹੰਸੁ ਮਹਲਾ ੧ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਾਲੇਹਾਂ ॥ ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ ॥ ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ ॥ ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ ॥੧ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ ॥੨ ॥ ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ ॥ ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ ॥ ੩ ॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥ ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥ ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥ ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ ॥ ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ ॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ ॥ ੪ ॥ ੨ ॥

# ਪ੍ਰਾਕ੍ਰਥਨ :-

ਇਹ ਪਾਵਣ ਸ਼ਬਦ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ

## ''ਅਲਾਹਣੀਆ''

ਅਲਾਹਣੀਆਂ ਦੇ ਸਿਰਲੇਖ ਹੇਠ ਉਚਾਰਨ ਕੀਤਾ ''ਦੂਸਰਾ ਸ਼ਬਦ'' ਹੈ। ਅਲਾਹਣੀ ਪਦ ਦਾ ਮੂਲ ਸੰਸਕ੍ਰਿਤ ਪਦ ''ਆਲਾਪਨ'' ਹੈ, ਜਿਸ ਦੇ ਅਰਥ ਹਨ ਗਾਇਨ ਵਿਚ ਕਥਨ ਕਰਨਾ ਜਾਂ ਕਹੋ ਸੁਰਾਂ ਦਾ ਗਾਇਨ ਵਿਚ ਵਿਸਥਾਰ ਕਰਨਾ, ਜੋ ਇਹ ਰਾਗ ਭੇਦ ਕਰਕੇ ਹੁੰਦਾ ਹੈ। ਪਰ ਇਹ ਪਦ ਅਲਾਹਣੀਆਂ ਦਾ ਵਰਤਾਉ ਸ਼ੋਕਮਈ ਗੀਤਾਂ ਲਈ ਬਹੁਲਤਾ ਕਰਕੇ ਪ੍ਰਚਲਤ ਹੋ ਗਿਆ ਹੈ। ਮਰੇ ਹੋਏ ਪ੍ਰਾਣੀ ਦੀ ਯਾਦ ਵਿਚ ਉਸ ਦੀ ਸਲਾਹੁਤਾ ਭਰੇ ਗੀਤ ਮਾਈਆਂ ਬੀਬੀਆਂ ਭਰਵੀਂ ਸੁਰ ਨਾਲ ਕੀਰਨਿਆਂ ਦੇ ਰੂਪ ਵਿਚ ਗਾਉਂਦੀਆਂ ਹਨ। ਕਿਸੇ ਬਜ਼ੁਰਗ ਦੇ ਚਲਾਣਾ ਕਰ ਜਾਣ ਸਮੇਂ ਤਾਂ ਅੱਗੇ ਅੱਗੇ ਨਾਇਣ ਉੱਚੀ ਤੇ ਲੰਮੀ ਹੇਕ ਲਾ ਕੇ ਵੈਣ ਪਾਉਂਦੀ ਹੈ ਤੇ ਉਸ ਦੇ ਪਿਛੇ ਮਾਈਆਂ ਬੀਬੀਆਂ ਉੱਚੀ ਉੱਚੀ ਹੇਕ ਲਾ ਕੇ ਬੋਲਦੀਆਂ ਹਨ। ਪਰ ਕਈ ਘਰਾਂ ਵਿਚ ਜੁਆਨ ਜਾਂ ਕਿਸੇ ਬੱਚੇ ਦੀ ਮੌਤ ਸਮੇਂ ਅਤਿ ਸਨੇਹੀ ਮਾਈਆਂ ਬੀਬੀਆਂ ਵੈਣ ਪਾ ਪਾ ਕੇ, ਪਿੱਟ ਪਿੱਟ ਕੇ ਆਪਣਾ ਹੁਲੀਆ ਹੀ ਵਿਗਾੜ ਲੈਂਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਦਾ ਰੱਬੀ-ਭਾਣੇ ਦੇ ਉਲਟ ਹੁੰਦਾ ਐਸਾ ਵੇਖਿਆ ਤਾਂ ਆਪ ਜੀ ਨੇ ਸਿਖਿਆ ਦੇ ਰੂਪ ਵਿਚ ਬਚਨ ਕਹੇ ਹਨ ''ਵਾਲੇਵੇ ਕਾਰਣਿ ਬਾਬਾ ਰੋਈਐ, ਰੋਵਣੁ ਸਗਲ ਬਿਕਾਰੋ॥ ਗੁਰਦੇਵ ਨੇ ਇਹ ਆਲਾਹਣੀਆਂ ਉਚਾਰਨ ਕਰਕੇ ਦਸਿਆ ਹੈ ਕਿ ''ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ॥'' ਜੋ ਮਾਈਆਂ ਬੀਬੀਆਂ ਵੈਣ ਪਾ ਪਾ ਕੇ ਅਲਾਹਣੀਆਂ ਦੇ ਗੀਤ ਗਾਉਂਦੀਆਂ ਹਨ, ਉਹ ਤਾਂ ਮਾਨੋ ਲਗੇ ਘਾਉ ਨੂੰ ਵਧਾਉਂਦੀਆਂ ਹਨ। ਇਹ ਹਜ਼ੂਰ ਦੇ ਕਹੇ ਅੰਮ੍ਰਿਤ ਬਚਨ ਅਲਾਹਣੀਆਂ ਦੇ ਰੂਪ ਵਿਚ ਸਮਝੋ ਕਿ ਉਸ ਘਾਉ ਨੂੰ ਰਾਜ਼ੀ ਕਰਨ ਵਾਸਤੇ ਇਕ ਮਲ੍ਹਮ ਜਾਂ ਦਾਰੂ ਹਨ। ਸਤਿਗੁਰੂ ਸਾਹਿਬ ਜੀ ਨੇ ਵੈਣ ਪਾਉਣੇ, ਰੋਣਾ, ਪਿਟਣਾ ਆਦਿ ਮਨ੍ਹਾ ਕੀਤਾ ਹੈ ਕਿਉਂਕਿ ਰੋਵਣ ਨਾਲ ਚਲਾਣਾ ਕੀਤੇ ਪ੍ਰਾਣੀ ਨੂੰ ਸਗੋਂ ਦੁੱਖ ਮਿਲਦਾ ਹੈ।

## ਸਾਖੀ—ਇਕ ਮਾਤਾ ਦੇ ਰੋਵਣ ਦੀ

ਇਕ ਮਾਤਾ ਦਾ ਇਕੱਲਾ ਹੀ ਪੁੱਤਰ ਸੀ। ਉਸ ਦਾ ਹੋਰ ਕੋਈ ਸਹਾਰਾ ਨਹੀਂ ਸੀ। ਬਚਪਨ ਵਿਚ ਹੀ ਪੁੱਤਰ ਕਿਸੇ ਬਿਮਾਰੀ ਦੇ ਕਾਰਨ ਚਲਾਣਾ ਕਰ ਗਿਆ ਤਾਂ ਉਸ ਬੱਚੇ ਦੀ ਮਾਤਾ ਦਿਨ ਰਾਤ ਉਸ ਨੂੰ ਯਾਦ ਕਰ ਕਰ ਕੇ ਰੋਂਦੀ ਰਹਿੰਦੀ ਸੀ। ਕੀਰਣੇ ਪਾਇਆ ਕਰੇ। ਸਿਰ ਦੇ ਵਾਲ ਖਿਲਰ ਜਾਇਆ ਕਰਨ। ਆਪਣੇ ਸਰੀਰ ਨੂੰ ਰੋ ਰੋ ਕੇ ਕੁਟਿਆ ਕਰੇ। ਸਰੀਰ ਦਾ ਹੁਲੀਆ ਵਿਗਾੜ ਲਿਆ। ਸਰੀਰ ਕਮਜ਼ੋਰ ਹੋ ਗਿਆ। ਦਿਨ ਰਾਤ ਰੋਵਣ ਕਰਕੇ ਅੱਖਾਂ ਦੀ ਨਜ਼ਰ ਘਟ ਗਈ। ਹਰ ਰੋਜ਼ ਪੁੱਤਰ ਨੂੰ ਯਾਦ ਕਰਕੇ ਰੋਵਣ ਦੇ ਕਾਰਨ ਇਕ ਦਿਨ ਸੁਪਨੇ ਵਿਚ ਕੀ ਦੇਖਿਆ ਕਿ ਪ੍ਰਲੋਕ ਵਿਚ ਬਾਕੀ ਸਭ ਅੱਗੇ ਦੀਵਿਆਂ ਦਾ ਚਾਨਣ ਹੈ, ਪਰ ਇਸ ਮਾਤਾ ਦੇ ਪੁੱਤਰ ਦਾ ਦੀਵਾ ਰੋਣ ਕਰਕੇ ਬੁਝ ਗਿਆ ਹੈ ਅਤੇ ਉਸ ਪਾਸ ਹਨੇਰਾ ਹੀ ਹਨੇਰਾ ਹੈ। ਤਾਂ ਮਾਤਾ

ਨੇ ਹਨੇਰਾ ਹੋਣ ਦਾ ਕਾਰਨ ਪੁੱਤਰ ਨੂੰ ਪੁੱਛਿਆ ਤਾਂ ਉਸ ਨੇ ਕਿਹਾ ਕਿ ਮਾਂ, ਤੇਰੇ ਰੋਵਣ ਦੇ ਕਾਰਨ ਇਹ ਹਨੇਰੇ ਦਾ ਦੁੱਖ ਮੈਨੂੰ ਮਿਲ ਰਿਹਾ ਹੈ। ਮਾਤਾ ਉਸ ਦਿਨ ਪਿਛੋਂ ਕਦੇ ਨਹੀਂ ਰੋਈ। ਇਸ ਲਈ ਰੋਣਾ ਮਨਮਤਿ ਹੈ।

***"ਮਤ ਮੈ ਪਿਛੈ ਕੋਈ ਰੋਵਸੀ ਸੋ ਮੈ ਮੂਲਿ ਨ ਭਾਇਆ॥"***

(ਅੰਗ ੯੨੩)

**ਵਡਹੰਸੁ ਮਹਲਾ ੧ ॥ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾਂ॥ ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾਂ॥ਸਾਹਿਬੁ ਸਮ੍ਹਾਲਿਹ ਪੰਥੁ ਨਿਹਾਲਿਹ ਅਸਾ ਭਿ ਓਥੈ ਜਾਣਾ॥ ਜਿਸ ਕਾ ਕੀਆ ਤਿਨ ਹੀ ਲੀਆ ਹੋਆ ਤਿਸੈ ਕਾ ਭਾਣਾ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ ਅਸੀ ਕਿ ਹੁਕਮੁ ਕਰੇਹਾ॥ਆਵਹੁ ਮਿਲਹੁ ਸਹੇਲੀਹੋ ਸਚੜਾ ਨਾਮੁ ਲਏਹਾ॥੧॥**

**ਪਦ ਅਰਥ :-** ਸਹੇਲੀਹੋ-ਹੇ (ਜਗਿਆਸੂ ਰੂਪ) ਸਹੇਲੀਓ (ਸਖੀਓ !)। ਲਏਹਾਂ-(ਸੱਚਾ) ਨਾਮ ਸਿਮਰੀਏ। ਰੋਵਹ-ਰੋਈਏ। ਬਿਰਹਾ-ਵਿਛੋੜੇ ਨੂੰ। ਤਨ ਕਾ-ਸਰੀਰ ਦਾ। ਸਾਹਿਬੁ ਸੰਮ੍ਹਾਲੇਹਾਂ-ਮਾਲਕ ਨੂੰ ਯਾਦ ਕਰੀਏ। ਪੰਥੁ-ਰਸਤਾ। ਨਿਹਾਲਿਹ-ਵੇਖੀਏ। ਅਸਾ ਭਿ-ਅਸਾਂ ਨੇ ਵੀ। ਜਿਸ ਕਾ ਕੀਆ-ਜਿਸ ਪ੍ਰਮੇਸ਼ਰ ਦਾ ਪੈਦਾ ਕੀਤਾ ਸੀ। ਤਿਨ ਹੀ ਲੀਆ-ਉਸ ਪ੍ਰਮੇਸ਼ਰ ਨੇ ਹੀ ਲੈ ਲਿਆ ਹੈ। ਜੋ ਤਿਨਿ-ਜੋ ਤਿਸ ਜੀਵ ਨੇ। ਸਚੜਾ-ਸੱਚਾ।

**ਅਰਥ :-** ਹੇ (ਜਗਿਆਸੂ) ਰੂਪ ਸਹੇਲੀਓ (ਸਖੀਓ!) ਆਓ ਮਿਲੋ (ਇਕੱਠੀਆਂ ਮਿਲ ਕੇ) ਸੱਚਾ ਨਾਮ ਸਿਮਰੀਏ। ਰੋਈਏ (ਉਸ) ਆਪਣੇ ਵਿਛੋੜੇ ਨੂੰ ਜੋ ਸਰੀਰ ਦਾ (ਪ੍ਰਭੂ ਨਾਲੋਂ ਪਿਆ ਹੈ ਉਸ ਵਾਹਿਗੁਰੂ ਦੇ ਮਿਲਾਪ ਲਈ) ਮਾਲਕ ਨੂੰ ਸਿਮਰੀਏ (ਯਾਦ) ਕਰੀਏ। (ਪ੍ਰਭੂ) ਮਾਲਕ ਨੂੰ ਯਾਦ ਕਰੀਏ (ਅਤੇ ਪ੍ਰਲੋਕ ਦੇ) ਰਸਤੇ ਨੂੰ ਵੇਖੀਏ (ਭਾਵ ਇਸ ਤਰ੍ਹਾਂ ਨਿਸਚੇ ਕਰੀਏ ਕਿ) ਅਸਾਂ ਨੇ ਵੀ (ਸਰੀਰ ਤਿਆਗ ਕੇ) ਓਥੇ ਜਾਣਾ ਹੈ। (ਜਿਸ ਵਾਸਤੇ ਰੋਂਦੇ ਹੋ ਮਨ ਵਿਚ ਇਸ ਤਰ੍ਹਾਂ ਸਮਝੋ) ਕਿ ਜਿਸ (ਪ੍ਰਮੇਸ਼ਰ) ਦਾ (ਇਹ ਜੀਵ) ਪੈਦਾ ਕੀਤਾ ਸੀ ਉਸ (ਪ੍ਰਮੇਸ਼ਰ) ਨੇ ਹੀ (ਸਾਡੇ ਪਾਸੋਂ) ਲੈ ਲਿਆ ਹੈ, (ਇਹ) ਉਸ (ਵਾਹਿਗੁਰੂ) ਦਾ ਭਾਣਾ ਵਰਤਿਆ ਹੈ। ਜੋ ਤਿਸ (ਮਰਣਹਾਰ) ਜੀਵ ਨੇ (ਚੰਗਾ ਮਾੜਾ) ਕਰਮ ਕਰਨਾ ਪਾਇਆ ਹੈ, (ਉਸ ਕੀਤੇ ਕਰਮ ਦਾ ਫਲ ਹੀ) ਅੱਗੇ ਆਇਆ ਹੈ, ਅਸੀਂ (ਹੁਣ ਏਥੇ) ਕੀ ਹੁਕਮ ਕਰੀਏ (ਭਾਵ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ।) ਹੇ ਸਹੇਲੀਓ ਸਖੀਓ ! ਆਉ (ਇਕੱਠੀਆਂ) ਮਿਲ ਕੇ ਸੱਚਾ ਨਾਮ ਲਈਏ। ੧।

**ਮਰਣੁ ਨ ਮੰਦਾ ਲੋਕਾ ਆਖੀਐ ਜੇ ਮਰਿ ਜਾਣੈ ਐਸਾ ਕੋਇ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ॥ਪੰਥਿ ਸੁਹੇਲੈ ਜਾਵਹੁ**

**ਤਾਂ ਫਲੁ ਪਾਵਹੁ ਆਗੈ ਮਿਲੈ ਵਡਾਈ॥ਭੇਟੈ ਸਿਉ ਜਾਵਹੁ ਸਚਿ ਸਮਾਵਹੁ ਤਾਂ ਪਤਿ ਲੇਖੈ ਪਾਈ॥ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ॥ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥੨॥**

**ਪਦ ਅਰਥ :-** ਮਰਣੁ-ਮਰਨੇ ਨੂੰ। ਨ ਮੰਦਾ-ਮਾੜਾ ਨਾ ਆਖੋ। ਪੰਥਿ-ਰਸਤਾ (ਪ੍ਰਲੋਕ ਦਾ।) (ਵਡਾਈ-ਵਡਿਆਈ (ਸਤਿਕਾਰ)। ਭੇਟੈ ਸਿਉ-ਮਿਲੇ ਹੋਏ (ਵਾਹਿਗੁਰੂ) ਸਾਥ। ਮਹਲੀ ਜਾਇ-(ਵਾਹਿਗੁਰੂ ਦੇ) ਮਹਲਾਂ ਵਿਚ ਜਗ੍ਹਾ।

**ਅਰਥ :-** ਹੇ ਲੋਕੋ ! ਮਰਨੇ ਨੂੰ ਮਾੜਾ ਆਖਣਾ ਨਾ ਕਰੋ, (ਮਰਣਾ ਹੈ ਤਾਂ ਚੰਗਾ) ਪਰ ਤਾਂ ਜੇ ਕੋਈ ਐਸਾ ਮਰਣਾ ਜਾਣਦਾ ਹੋਵੇ। (ਉਹ ਕੈਸਾ ਹੈ ? ਉਹ ਅਗਲੀ ਪੰਕਤੀ ਵਿਚ ਦਸਿਆ ਹੈ) ਆਪਣੇ ਸਮਰੱਥ ਮਾਲਕ ਦੀ ਸੇਵਾ ਕਰੋ (ਤੇ ਨਾਮ ਸਿਮਰੋ) ਤਾਂ ਜੋ ਅੱਗੇ ਪ੍ਰਲੋਕ ਦਾ ਰਸਤਾ ਸੁਖਾਲਾ ਹੋ ਜਾਵੇ। ਫੇਰ ਇਕ ਤਾਂ ਸੁਖਾਲੇ ਰਸਤੇ ਜਾਵੋਗੇ (ਦੂਸਰਾ) ਫਲ ਇਹ ਪਾਵੋਗੇ ਕਿ (ਅੱਗੇ ਪਰਲੋਕ ਵਿਚ ਜਾ ਕੇ) ਵਡਿਆਈ (ਸਤਿਕਾਰ) ਮਿਲੇਗਾ। (ਸੋ ਜੇ ਤੁਸੀਂ ਮਾਲਕ ਨੂੰ ਸਿਮਰੋਗੇ ਤਾਂ) ਪ੍ਰਮਾਤਮਾ ਨਾਲ ਮਿਲੇ ਹੋਏ (ਏਥੋਂ) ਜਾਵੋਗੇ ਅਤੇ ਫੇਰ ਸਚ (ਸਰੂਪ) ਵਿਚ ਸਮਾ ਜਾਵੋਗੇ (ਤਾਂ) ਪਤਿ=ਇੱਜ਼ਤ ਲੇਖੇ ਵਿਚ ਪਵੇਗੀ। (ਵਾਹਿਗੁਰੂ ਜੀ ਦੇ) ਮਹਲਾਂ ਵਿਚ ਥਾਂ ਮਿਲੇਗੀ (ਤੇ ਉਸ ਮਾਲਕ ਨੂੰ) ਚੰਗੇ ਲਗੋਗੇ (ਅਤੇ) ਪ੍ਰੇਮ ਸਹਿਤ ਉਸ ਦੀਆਂ ਖ਼ੁਸ਼ੀਆਂ ਮਾਣੋਗੇ। ਹੇ ਲੋਕੋ ! ਮਰਨੇ ਨੂੰ ਮਾੜਾ ਨਾ ਆਖਣਾ ਕਰੋ (ਹਾਂ ਪਰ) ਜੇ ਕੋਈ ਐਸਾ ਮਰਨਾ ਜਾਣਦਾ ਹੈ ? ਜੈਸਾ ਕਥਨ ਕੀਤਾ ਜਾ ਰਿਹਾ ਹੈ। ੨।

**ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥ਸੂਰੇ ਸੇਈ ਆਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨ ਲਾਗੈ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ ਜਿਤੁ ਸੇਵਿਐ ਭਉ ਭਾਗੈ॥ ਊਚਾ ਨਹੀ ਕਹਣਾ ਮਨ ਮਹਿ ਰਹਣਾ ਆਪੇ ਜਾਣੈ ਜਾਣੋ॥ਮਰਣੁ ਮੁਣਸਾਂ ਸੂਰਿਆ ਹਕੁ ਹੈ ਜੋ ਹੋਇ ਮਰਹਿ ਪਰਵਾਣੋ॥੩॥**

**ਪਦ ਅਰਥ :-** ਮਰਣੁ-ਮਰਣਾ। ਮੁਣਸਾ-ਮਨੁੱਖਾ। ਹਕੁ-ਸੱਚਾ। ਸੂਰੇ-ਸੂਰਮੇ। ਸੇਈ-ਉਹ। ਆਗੈ-ਅੱਗੇ ਪ੍ਰਲੋਕ ਵਿਚ।

**ਅਰਥ :-** (ਹੇ ਭਾਈ!) ਸੂਰਮੇ ਮਨੁੱਖਾਂ ਦਾ ਮਰਨਾ ਸੱਚਾ ਹੈ (ਕਿਉਂਕਿ) ਉਹਨਾਂ ਦਾ ਮਰਨਾ (ਵਾਹਿਗੁਰੂ ਜੀ ਦੇ ਦਰ) ਪ੍ਰਵਾਨ ਹੁੰਦਾ ਹੈ। ਅੱਗੇ (ਪ੍ਰਲੋਕ ਵਿਚ) ਸੂਰਮੇ ਉਹ ਆਖੇ ਜਾਂਦੇ ਹਨ ਜਿਨ੍ਹਾਂ ਨੂੰ ਸੱਚੀ ਦਰਗਾਹ ਅੰਦਰ ਮਾਣ ਮਿਲਦਾ ਹੈ। (ਉਹ ਇਸ ਸੰਸਾਰ ਵਿਚੋਂ) ਵੀ ਇੱਜ਼ਤ ਨਾਲ ਜਾਂਦੇ ਹਨ (ਅਤੇ ਪ੍ਰਲੋਕ) ਦਰਗਾਹ ਵਿਚ ਵੀ ਮਾਣ=ਸਤਿਕਾਰ ਪਾਉਂਦੇ ਹਨ ਅਤੇ ਅੱਗੇ ਗਇਆਂ ਕੋਈ ਦੁੱਖ ਨਹੀਂ ਲੱਗਦਾ।

(ਉਹ ਮਾਲਕ ਨੂੰ) ਇਕਾਗਰ (ਮਨ) ਹੋ ਕੇ ਸਿਮਰਦੇ ਹਨ ਤਾਂ (ਉਹ) ਸਿਮਰਨ ਦਾ ਫਲ ਪਾਂਵਦੇ ਹਨ (ਕਿਉਂਕਿ) (ਉਸ ਮਾਲਕ ਦਾ) ਸਿਮਰਨ ਤੇ ਸੇਵਾ ਕਰਨ ਨਾਲ (ਹਰ ਤਰ੍ਹਾਂ ਦਾ) ਡਰ ਦੂਰ ਹੋ ਜਾਂਦਾ ਹੈ। (ਉਨ੍ਹਾਂ ਦੀ ਇਕ ਇਹ ਵੀ ਸੂਰਮਤਾਈ ਹੁੰਦੀ ਹੈ) ਉਨ੍ਹਾਂ ਨੂੰ ਜੇ ਕੋਈ ਦੁੱਖ ਆ ਬਣਦਾ ਹੈ ਤਾਂ ਉਹ ਉੱਚੀ ਬੋਲ ਕੇ ਨਹੀਂ ਕਹਿਣਾ ਕਰਦੇ (ਸਗੋਂ) ਮਨ ਵਿਚ ਜਰ ਕੇ ਰਹਿਣਾ ਕਰਦੇ ਹਨ, (ਉਹ ਨਿਹਚੇ ਕਰਦੇ ਹਨ ਕਿ) ਉਹ ਪ੍ਰਭੂ ਸਭ ਕੁਛ ਆਪੇ ਜਾਣੀ ਜਾਣ ਹੈ। (ਹੇ ਭਾਈ!) ਸੂਰਮੇ ਮਨੁੱਖਾਂ ਦਾ ਮਰਨਾ ਸੱਚ ਹੈ (ਕਿਉਂਕਿ) ਉਹਨਾਂ ਦਾ ਮਰਨਾ ਵਾਹਿਗੁਰੂ ਜੀ ਦੇ ਦਰ ਪਰਵਾਣ ਹੁੰਦਾ ਹੈ। ੩।

**ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥ ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ॥ ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ॥ ਆਪੇ ਵੇਖੈ ਆਪੇ ਬੂਝੈ ਆਪੇ ਹੁਕਮੁ ਪਛਾਣੈ॥ ਜਿਨਿ ਕਿਛੁ ਕੀਆ ਸੋਈ ਜਾਣੈ ਤਾ ਕਾ ਰੂਪੁ ਅਪਾਰੋ॥ ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥੪॥੨॥**

**ਪਦ ਅਰਥ :-** ਬਾਜੀ-ਖੇਲ। ਵੇਖੈ-ਵੇਖਦਾ ਹੈ। ਕੁਦਰਤਿ-ਸ਼ਕਤੀ ਦੁਆਰਾ। ਧਾਰਣ ਧਾਰੇ-ਆਸਰਾ ਦਿੰਦਾ ਹੈ। ਬੂਝੈ-ਸਮਝਦਾ ਹੈ। ਬਾਬਾ-ਸਤਿਕਾਰ ਦਾ ਵਾਚਕ ਹੈ।

**ਅਰਥ :-** (ਗੁਰੂ) ਨਾਨਕ (ਦੇਵ ਜੀ ਉਚਾਰਨ ਕਰਦੇ ਹਨ) ਕਿ ਬਾਬਾ=ਹੇ ਭਾਈ ! ਕਿਸ ਕਿਸ ਨੂੰ ਰੋਈਏ (ਕਿਉਂਕਿ) ਇਹ ਸੰਸਾਰ (ਅੰਦਰ ਜੰਮਣਾ ਮਰਣਾ ਤਾਂ ਕਰਤੇ ਦਾ) ਇਕ ਖੇਲ ਹੈ। ਮਾਲਕ ਆਪਣੇ ਕੀਤੇ (ਸੰਸਾਰ ਨੂੰ) ਆਪ ਹੀ ਵੇਖਦਾ ਹੈ, ਆਪ ਹੀ ਆਪਣੀ ਸ਼ਕਤੀ ਦੁਆਰਾ ਵਿਚਾਰ ਕਰਦਾ ਹੈ। ਸਮਰੱਥ (ਪ੍ਰਭੂ) ਵਿਚਾਰਦਾ ਹੋਇਆ (ਸਭ ਨੂੰ) ਆਸਰਾ ਦਿੰਦਾ ਹੈ (ਕਿਉਂਕਿ) ਜਿਸ (ਮਾਲਕ) ਨੇ ਸੰਸਾਰ ਪੈਦਾ ਕੀਤਾ ਹੈ (ਉਹ ਹੀ) ਇਸ ਦੀ ਸੰਭਾਲ ਕਰਨੀ ਜਾਣਦਾ ਹੈ। ਆਪੇ (ਆਪਣੀ ਰਚੀ ਸ੍ਰਿਸ਼ਟੀ ਨੂੰ) ਵੇਖਦਾ ਹੈ, ਆਪੇ ਇਸ ਨੂੰ ਸਮਝਦਾ ਹੈ ਅਤੇ ਆਪ ਹੀ ਆਪਣੇ ਹੁਕਮ ਨੂੰ ਪਛਾਣਦਾ ਹੈ। (ਸੋ ਭਾਈ) ਜਿਸ ਨੇ ਇਹ ਕੁਛ ਪੈਦਾ ਕੀਤਾ ਹੈ, ਉਹ ਹੀ (ਇਸ ਨੂੰ) ਜਾਣਦਾ ਹੈ (ਪਰ) ਉਸ (ਵਾਹਿਗੁਰੂ ਜੀ) ਦਾ ਸਰੂਪ ਪਾਰ ਰਹਿਤ ਹੈ, (ਉਸ ਦਾ ਕੋਈ ਅੰਤ ਨਹੀਂ ਪਾ ਸਕਦਾ।) ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਹੇ ਭਾਈ! ਕਿਸ ਕਿਸ ਨੂੰ ਰੋਈਏ, ਇਹ ਸੰਸਾਰ ਤਾਂ ਇਕ (ਕਰਤੇ ਦੀ) ਖੇਲ ਹੈ। ੪। ੨।

## ਵਿਆਖਿਆ ਤੇ ਸਾਰੰਸ਼—

ਇਸ ਸ਼ਬਦ ਦੇ ਅਖ਼ੀਰ ਵਿਚ ਹਜ਼ੂਰ ਨੇ ਦਸਿਆ ਹੈ ਕਿ ਮਨੁੱਖ ਕਿਸ ਕਿਸ ਨੂੰ ਰੋਵੇਗਾ, ਕਿਉਂਕਿ ਇਹ ਸੰਸਾਰ ਤਾਂ ਆਉਣ ਜਾਣ, ਜੰਮਣ ਮਰਣ ਰੂਪ ਇਕ ਸੱਚੇ ਦੀ ਖੇਡ ਹੈ।

***"ਨਾਨਕ ਕਿਸ ਨੋ ਬਾਬਾ ਰੋਈਐ ਬਾਜੀ ਹੈ ਇਹੁ ਸੰਸਾਰੋ॥"***

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੩੮ (ਅੰਗ ੫੮੧)

ਵਡਹੰਸੁ ਮਹਲਾ ੧ ॥

ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥ ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥ ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥ ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥ ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ ਜਗੁ ਸਬਾਏ ॥ ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ ॥ ੧ ॥ ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ ॥ ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ ॥ ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ ॥ ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ ॥ ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ ॥ ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ ॥ ੨ ॥ ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ ॥ ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ ॥ ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ ॥ ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ ॥ ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ ॥ ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ ॥ ੩ ॥ ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ ॥ ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ ॥ ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥ ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥ ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ ॥ ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ ॥ ੪ ॥ ੫ ॥

## ਪ੍ਰਾਕ੍ਥਨ :-

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਇਹ ਮੁਖਵਾਕ ਆਪ ਨੇ ਸ੍ਰਵਣ ਕੀਤਾ ਹੈ। ਇਹ ਸ਼ਬਦ ਅਲਾਹਣੀਆ ਦੇ ਸਿਰਲੇਖ ਹੇਠ ਉਚਾਰਿਆ ਪੰਜਵਾਂ ਸ਼ਬਦ ਹੈ।

## 'ਉਠਿ ਚਲਣਾ ਹੈ'

ਇਸ ਸਬੰਧ ਵਿਚ ਮੁਖਵਾਕ ਨੰਬਰ ੩੭ ਦੇ ਅਰੰਭ ਵਿਚ ਪੜ੍ਹਨਾ ਕਰੋ। ਇਸ ਸ਼ਬਦ ਦੀ ਪਹਿਲੀ ਪੰਕਤੀ "ਬਾਬਾ ਆਇਆ ਹੈ ਉਠਿ ਚਲਣਾ" ਭਾਵ ਸੰਸਾਰ ਅੰਦਰ ਜੋ ਜਨਮ ਲੈ ਕੇ ਆਇਆ ਹੈ, ਇਕ ਦਿਨ ਉਸ ਨੇ ਇਥੋਂ ਉਠ ਕੇ ਚਲੇ ਜਾਣਾ ਹੈ। ਸੰਸਾਰ ਇਕ ਮੁਸਾਫ਼ਰਖ਼ਾਨੇ ਦੀ ਤਰ੍ਹਾਂ ਹੈ। ਜਿਸ ਤਰ੍ਹਾਂ ਮੁਸਾਫ਼ਰ ਰਾਤ ਕੱਟ ਕੇ ਅੱਗੇ ਚਲਿਆ ਜਾਂਦਾ ਹੈ, ਇਸੇ ਤਰ੍ਹਾਂ ਮਨੁੱਖ ਉਮਰ ਰੂਪੀ ਰਾਤ ਕੱਟ ਕੇ ਇਥੋਂ ਤੁਰਦਾ ਲਗਦਾ ਹੈ। ਇਸ ਸਬੰਧ ਵਿਚ ਹੋਰ ਵਿਸਥਾਰ ਪੜ੍ਹੋ ਸ੍ਰੀ ਮੁਖਵਾਕ ਨੰਬਰ ੩੩ ਦੇ ਅਰੰਭ ਵਿਚ।

## ਸਾਖੀ—ਸੰਸਾਰ ਇਕ ਮੁਸਾਫ਼ਰਖ਼ਾਨਾ

ਸੂਫ਼ੀ ਮੱਤ ਦੇ ਸਾਧੂਆਂ ਦੀ ਇਕ ਬੜੀ ਸੁੰਦਰ ਗਾਥਾ ਮਿਲਦੀ ਹੈ। ਅਸਲ ਵਿਚ ਉਹ ਸਾਧੂ ਕੋਈ ਬਹੁਤ ਵੱਡਾ ਰਾਜਾ ਸੀ, ਪਰ ਕਿਸੇ ਪੂਰਨ ਸਾਧੂ ਦੇ ਮਿਲਾਪ ਦੁਆਰਾ ਜੀਵਨ ਨੇ ਐਸਾ ਪਲਟਾ ਖਾਧਾ ਕਿ ਭਰਥਰੀ ਰਾਜੇ ਦੀ ਤਰ੍ਹਾਂ ਸਾਧੂ ਹੋ ਗਿਆ। ਉਹ ਕਦੇ ਵੀ ਇਕ ਥਾਂ ਨਹੀਂ ਸੀ ਰਹਿੰਦਾ। ਜਿਥੇ ਵੀ ਜਾਂਦਾ, ਉਹ ਰਾਤ ਕੱਟਣ ਲਈ ਕਿਸੇ ਨਾ ਕਿਸੇ ਦੇ ਘਰ ਜਾ ਕੇ ਕਹਿ ਦਿੰਦਾ ਸੀ ਕਿ ਮੁਸਾਫ਼ਰਖ਼ਾਨੇ ਵਿਚ ਰਾਤ ਕੱਟਣੀ ਹੈ। ਲੋਕ ਉਸ ਨੂੰ ਪੂਰਨ ਫ਼ਕੀਰ ਸਮਝ ਕੇ ਉਸ ਦਾ ਸਤਿਕਾਰ ਕਰਦੇ ਸਨ। ਕਈ ਸ਼ਰਧਾਲੂ ਤਾਂ ਕਹਿੰਦੇ ਸੀ ਜੀ ਤੁਹਾਡੇ ਲਈ ਸੁੰਦਰ ਮਕਾਨ ਬਣਵਾ ਦਿੰਦੇ ਹਾਂ, ਪਰ ਉਸ ਫ਼ਕੀਰ ਦਾ ਬਚਨ ਹੁੰਦਾ ਸੀ ਕਿ ਘਰ ਨੂੰ ਕੀ ਕਰਨਾ ਹੈ। ਪਤਾ ਨਹੀਂ ਕਦੋਂ ਇਸ ਮੁਸਾਫ਼ਰਖ਼ਾਨੇ ਤੋਂ ਜਾਣਾ ਪੈ ਜਾਏ। ਕਿਉਂਕਿ ਮੁਸਾਫ਼ਰ ਹਮੇਸ਼ਾ ਸਫ਼ਰ ਹੀ ਕਰਦੇ ਹਨ।

ਇਸੇ ਤਰ੍ਹਾਂ ਜੀਵਨ ਗੁਜ਼ਾਰਦਿਆਂ ਇਕ ਦਿਨ ਸਾਧੂ ਉਥੋਂ ਦੇ ਬਾਦਸ਼ਾਹ ਦੇ ਮਹਿਲ ਦੇ ਅੱਗੇ ਜਾ ਕੇ ਸਿਪਾਹੀ ਨੂੰ ਕਹਿਣ ਲੱਗਿਆ ਕਿ ਮੈਂ ਤਾਂ ਇਸ ਮੁਸਾਫ਼ਰਖ਼ਾਨੇ ਵਿਚ ਰਾਤ ਕੱਟਣੀ ਹੈ। ਸਿਪਾਹੀ ਕਹਿਣ ਲੱਗਾ ਬਾਬਾ, ਇਹ ਮੁਸਾਫ਼ਰਖ਼ਾਨਾ ਨਹੀਂ, ਇਹ ਤਾਂ ਬਾਦਸ਼ਾਹ ਦਾ ਮਹਿਲ ਹੈ। ਸੁਣ ਕੇ ਸਾਧੂ ਕਹਿਣ ਲਗਿਆ ਕਿ ਨਹੀਂ ਭਲਿਆ ਲੋਕਾ, ਇਹ ਮੁਸਾਫ਼ਰਖਾਨਾ ਹੈ। ਇਥੇ ਮੈਂ ਕਈ ਮੁਸਾਫ਼ਰ ਆਉਂਦੇ ਦੇਖੇ ਹਨ ਤੇ ਜਾਂਦੇ ਵੀ ਦੇਖੇ ਹਨ। ਸਿਪਾਹੀ ਨੇ ਸੋਚਿਆ ਕਿ ਫ਼ਕੀਰ ਪਾਗ਼ਲ ਹੈ। ਕਹਿਣ ਲੱਗਿਆ ਐ ਫ਼ਕੀਰ ! ਜਾ ਇਸ ਸ਼ਹਿਰ ਵਿਚ ਮੁਸਾਫ਼ਰਖ਼ਾਨਾ ਬਣਿਆ ਹੈ ਉਥੇ ਜਾ ਕੇ ਰਾਤ ਕੱਟ ਲੈਣਾ ਕਰ। ਫ਼ਕੀਰ ਇਕ ਵਾਰ ਤਾਂ ਚਲਾ ਗਿਆ ਪਰ ਫੇਰ ਥੋੜੀ ਦੇਰ ਬਾਅਦ ਆ ਕੇ ਕਹਿਣ ਲੱਗਾ ਜੀ ਇਸ ਮੁਸਾਫ਼ਰਖ਼ਾਨੇ ਵਿਚ ਰਾਤ ਕੱਟਣੀ ਹੈ। ਸੁਣ ਕੇ ਸਿਪਾਹੀ ਗ਼ੁੱਸੇ ਵਿਚ ਆ ਕੇ ਕਹਿਣ ਲੱਗਿਆ ਕਿ ਇਹ ਬਾਦਸ਼ਾਹ ਦਾ ਮਹਿਲ ਹੈ ਤੇ ਤੂੰ ਤੰਗ ਨਾ ਕਰ।

ਬਾਦਸ਼ਾਹ ਆਰਾਮ ਕਰ ਰਿਹਾ ਹੈ। ਜੇ ਬਾਦਸ਼ਾਹ ਨੂੰ ਤੇਰਾ ਰੌਲਾ ਸੁਣ ਗਿਆ ਤਾਂ ਉਸਨੇ ਤੈਨੂੰ ਕੈਦ ਕਰ ਦੇਣਾ ਹੈ। ਸਾਧੂ ਫਿਰ ਚਲਾ ਗਿਆ ਤੇ ਫਿਰ ਥੋੜੀ ਦੇਰ ਬਾਅਦ ਆ ਕੇ ਉਸੇ ਤਰ੍ਹਾਂ ਕਿਹਾ। ਸਾਧੂ ਤੋਂ ਸੁਣ ਕੇ ਸਿਪਾਹੀ ਉੱਚੀ ਦੇਣੇ ਫਿਰ ਕਹਿਣ ਲੱਗਾ ਕਿ ਤੂੰ ਚਲਾ ਜਾ ਨਹੀਂ ਤਾਂ ਬਾਦਸ਼ਾਹ ਨੇ ਤੈਨੂੰ ਫਾਹੇ ਲਾ ਦੇਣਾ ਹੈ। ਸੁਣ ਕੇ ਸਾਧੂ ਕਹਿਣ ਲੱਗਾ ਕਿ ਮੈਨੂੰ ਯਕੀਨ ਨਹੀਂ ਹੁੰਦਾ ਕਿ ਇਹ ਮੁਸਾਫ਼ਰਖ਼ਾਨਾ ਨਹੀਂ ਹੈ। ਰੌਲਾ ਸੁਣ ਕੇ ਬਾਦਸ਼ਾਹ ਸਿਪਾਹੀ ਨੂੰ ਖਿੜਕੀ ਰਾਹੀਂ ਪੁੱਛਣ ਲੱਗਾ ਕਿ ''ਦਰਵਾਜ਼ੇ 'ਤੇ ਕੌਣ ਉੱਚੀ ਉੱਚੀ ਰੌਲਾ ਪਾ ਰਿਹਾ ਹੈ ? ਸਿਪਾਹੀ ਨੇ ਕਿਹਾ ਜੀ ਇਹ ਫ਼ਕੀਰ ਇਸ ਮਹਿਲ ਨੂੰ ਮੁਸਾਫ਼ਰਖ਼ਾਨਾ ਕਹਿ ਰਿਹਾ ਹੈ ਤੇ ਰਾਤ ਕੱਟਣੀ ਚਾਹੁੰਦਾ ਹੈ। ਬਾਦਸ਼ਾਹ ਕਹਿਣ ਲੱਗਾ, ਫ਼ਕੀਰ ਜੀ ! ਸ਼ਹਿਰ ਵਿਚ ਕਈ ਮੁਸਾਫ਼ਰਖ਼ਾਨੇ ਬਣਵਾਏ ਹਨ ਜਾਉ ਉਥੇ ਰਾਤ ਕੱਟ ਲਉ। ਸੁਣ ਕੇ, ਫ਼ਕੀਰ ਕਹਿਣ ਲੱਗਾ, ਬਾਦਸ਼ਾਹ ! ਕੀ ਇਹ ਮਹਿਲ ਮੁਸਾਫ਼ਰਖ਼ਾਨਾ ਨਹੀਂ ਹੈ ? ਸੁਣ ਕੇ ਬਾਦਸ਼ਾਹ ਕਹਿਣ ਲੱਗਾ ਨਹੀਂ ਫ਼ਕੀਰ ਜੀ, ਇਹ ਤਾਂ ਇਕ ਮਹਿਲ ਹੈ। ਮੈਂ ਇਥੇ ਰਹਿਣ ਵਾਲਾ ਬਾਦਸ਼ਾਹ ਹਾਂ। ਫ਼ਕੀਰ ਕਹਿਣ ਲੱਗਾ ਕਿ ਜਦ ਮੈਂ ਪਹਿਲਾਂ ਆਇਆ ਸੀ, ਉਸ ਵੇਲੇ ਏਥੇ ਕੋਈ ਹੋਰ ਬਾਦਸ਼ਾਹ ਸੀ। ਬਾਦਸ਼ਾਹ ਸੁਣ ਕੇ ਕਹਿਣ ਲੱਗਾ ਜੀ ਉਹ ਤਾਂ ਮੇਰੇ ਪਿਤਾ ਜੀ ਸਨ। ਉਦੋਂ ਉਹ ਬਾਦਸ਼ਾਹ ਸਨ। ਫ਼ਕੀਰ ਕਹਿਣ ਲੱਗਾ ਰਾਜਨ ! ਮੈਂ ਉਸ ਤੋਂ ਪਹਿਲਾਂ ਵੀ ਆਇਆ ਸੀ। ਉਦੋਂ ਤੇਰੇ ਪਿਤਾ ਦੀ ਥਾਂ ਕੋਈ ਹੋਰ ਬਾਦਸ਼ਾਹ ਸੀ। ਬਾਦਸ਼ਾਹ ਸੁਣ ਕੇ ਕਹਿਣ ਲੱਗਾ ਜੀ ਉਹ ਮੇਰੇ ਦਾਦਾ ਜੀ ਬਾਦਸ਼ਾਹ ਸਨ। ਫ਼ਕੀਰ ਸੁਣ ਕੇ ਕਹਿਣ ਲੱਗਾ ਕਿ ਐ ਬਾਦਸ਼ਾਹ ! ਜਦ ਮੈਂ ਤੇਰੇ ਦਾਦੇ ਵੇਲੇ ਆਇਆ ਸੀ ਤਾਂ ਉਸਨੇ ਮੈਨੂੰ ਇਹੀ ਆਖਿਆ ਸੀ ਕਿ ਐ ਫ਼ਕੀਰ ! ਇਹ ਮੁਸਾਫ਼ਰਖ਼ਾਨਾ ਨਹੀਂ ਇਹ ਤਾਂ ਮੇਰਾ ਮਹਿਲ ਹੈ। ਇਹ ਹੀ ਜੁਆਬ ਤੇਰੇ ਪਿਤਾ ਬਾਦਸ਼ਾਹ ਨੇ ਦਿੱਤਾ ਸੀ। ਹੁਣ ਤੂੰ ਵੀ ਇਹ ਕਹਿ ਰਿਹਾ ਹੈਂ ਕਿ ਇਹ ਮੇਰਾ ਮਹਿਲ ਹੈ, ਮੈਂ ਇਸਦਾ ਬਾਦਸ਼ਾਹ ਹਾਂ। ਪਰ ਐ ਬਾਦਸ਼ਾਹ! ਚੇਤੇ ਰੱਖੀਂ, ਏਥੇ ਨਾ ਤੇਰਾ ਦਾਦਾ ਰਿਹਾ ਹੈ, ਨਾ ਤੇਰਾ ਪਿਤਾ ਰਿਹਾ, ਉਹ ਵੀ ਚਲਿਆ ਗਿਆ ਤੇ ਤੂੰ ਵੀ ਇਥੇ ਨਹੀਂ ਰਹਿਣਾ। ਇਥੋਂ ਹੋ ਕੇ ਚਲਾ ਜਾਵੇਂਗਾ। ਮੈਂ ਵੀ ਇਕ ਦਿਨ ਬਾਦਸ਼ਾਹ ਸੀ। ਮੈਂ ਵੀ ਇਕ ਸਾਧੂ ਨੂੰ ਕਿਹਾ ਸੀ, (ਜਿਸਨੇ ਕਿਹਾ ਸੀ ਕਿ ਮੈਂ ਇਸ ਮੁਸਾਫ਼ਰਖ਼ਾਨੇ ਵਿਚ ਰਾਤ ਕੱਟਣੀ ਹੈ) ਕਿ ਇਹ ਮੁਸਾਫ਼ਰਖ਼ਾਨਾ ਨਹੀਂ, ਇਹ ਤਾਂ ਮੇਰਾ ਮਹਿਲ ਹੈ। ਬਾਦਸ਼ਾਹ ਕਹਿਣ ਲੱਗਾ ਕਿ ਜੇ ਤੁਸੀਂ ਬਾਦਸ਼ਾਹ ਸੀ ਤਾਂ ਸਾਧੂ ਕਿਵੇਂ ਬਣੇ ? ਫ਼ਕੀਰ ਕਹਿਣ ਲੱਗਾ ਬਸ ਉਸ ਫ਼ਕੀਰ ਨੂੰ ਜਦ ਕਿਹਾ ਕਿ ਇਹ ਮੁਸਾਫ਼ਰਖ਼ਾਨਾ ਨਹੀਂ, ਇਹ ਤਾਂ ਮੇਰਾ ਮਹਿਲ ਹੈ ਤਾਂ ਅੱਗੋਂ ਉਸਨੇ ਕਿਹਾ ਕਿ ਜਿਸ ਵਿਚ ਮਨੁੱਖ ਆਉਣ ਤੇ ਰਾਤ ਕੱਟ ਕੇ ਚਲੇ ਜਾਣ, ਉਹ ਮੁਸਾਫ਼ਰਖ਼ਾਨਾ ਹੀ ਹੁੰਦਾ ਹੈ। ਬਸ ਉਸ ਦਿਨ ਤੋਂ ਮੈਂ ਸਾਧੂ ਬਣ ਗਿਆ। ਐ ਬਾਦਸ਼ਾਹ ! ਇਹ ਤੇਰਾ ਮਹਿਲ ਹੀ ਨਹੀਂ ਸਗੋਂ ਇਹ ਸਾਰਾ ਸੰਸਾਰ ਹੀ ਮੁਸਾਫ਼ਰਖ਼ਾਨਾ ਹੈ। ਇਥੇ ਰਹਿਣ ਵਾਲੇ ਸਾਰੇ ਜੀਵ ਮੁਸਾਫ਼ਿਰ ਹਨ।

**ਵਡਹੰਸੁ ਮਹਲਾ ੧ ॥ ਬਾਬਾ ਆਇਆ ਹੈ ਉਠਿ ਚਲਣਾ ਇਹੁ ਜਗੁ ਝੂਠੁ ਪਸਾਰੋਵਾ ॥ ਸਚਾ ਘਰੁ ਸਚੜੈ ਸੇਵੀਐ ਸਚੁ ਖਰਾ ਸਚਿਆਰੋਵਾ ॥ ਕੂੜਿ ਲਬਿ ਜਾਂ ਥਾਇ ਨ ਪਾਸੀ ਅਗੈ ਲਹੈ ਨ ਠਾਓ ॥ ਅੰਤਰਿ ਆਉ ਨ ਬੈਸਹੁ ਕਹੀਐ ਜਿਉ ਸੁੰਞੈ ਘਰਿ ਕਾਓ ॥ ਜੰਮਣੁ ਮਰਣੁ ਵਡਾ ਵੇਛੋੜਾ ਬਿਨਸੈ**

**ਜਗੁ ਸਬਾਏ॥ ਲਬਿ ਧੰਧੈ ਮਾਇਆ ਜਗਤੁ ਭੁਲਾਇਆ ਕਾਲੁ ਖੜਾ ਰੂਆਏ॥੧॥**

**ਪਦ ਅਰਥ :–** ਉਠਿ–ਇਸ ਸੰਸਾਰ ਤੋਂ ਉਠ ਕੇ। ਪਸਾਰੋਵਾ–ਪਸਾਰਾ। ਖਰਾ–ਖ਼ਾਲਸ, ਨਿਰੋਲ। ਸਚਿਆਰੋਵਾ–ਸਚਿਆਰ ਹੈ। ਕੂੜਿ–ਝੂਠ। ਠਾਓ–ਥਾਂ। ਸੁੰਞੈ–ਖ਼ਾਲੀ। ਕਾਓ–ਕਾਂ। ਸਬਾਏ–ਸਾਰਾ। ਕਾਲੁ–ਜਮਕਾਲ। ਖੜਾ–ਖਲੋਤਾ। ਰੂਆਏ–ਰੁਆ ਰਿਹਾ ਹੈ।੧।

**ਅਰਥ :–** ਹੇ ਭਾਈ ! (ਸੰਸਾਰ ਵਿਚ ਜੋ ਜੀਵ) ਆਇਆ ਹੈ (ਉਸ ਨੇ ਇਕ ਦਿਨ ਏਥੋਂ) ਉਠ ਕੇ ਪਰਲੋਕ ਨੂੰ ਚਲਣਾ ਹੈ (ਕਿਉਂਕਿ) ਇਹ ਸੰਸਾਰ ਦਾ ਪਸਾਰਾ (ਸਾਰਾ) ਝੂਠਾ ਹੈ। ਸੱਚੇ ਵਾਹਿਗੁਰੂ ਜੀ ਦੀ ਸੇਵਾ (ਤੇ ਸਿਮਰਨ ਕਰਨ ਵਾਲੇ ਨੂੰ ਸੱਚ ਖੰਡ ਰੂਪ) ਸੱਚੇ ਘਰ ਦੀ ਪ੍ਰਾਪਤੀ ਹੁੰਦੀ ਹੈ (ਕਿਉਂਕਿ) ਸੱਚ ਚੰਗਾ ਹੀ ਖਾਲਸ ਸਚਿਆਰ ਹੈ। ਜਾਂ ਝੂਠ ਤੇ ਲੋਭ ਵਿਚ ਜੀਵ ਲਗਿਆ ਹੈ (ਤਾਂ ਨਾ ਹੀ ਉਹ ਸੱਚੇ ਦੀ) ਦਰਗਾਹ ਵਿਚ ਗਿਆ ਕਬੂਲ ਹੁੰਦਾ, (ਨਾ ਹੀ ਉਸ ਨੂੰ) ਹਜ਼ੂਰੀ ਵਿਚ ਥਾਂ ਮਿਲਦੀ ਹੈ। (ਉਸ ਨੂੰ ਕਿਸੇ ਨੇ ਅੱਗੇ ਇਹ ਨਹੀਂ ਕਹਿਣਾ) ਕਿ ਅੰਦਰ ਆਓ ਜੀ ਬੈਠ ਜਾਓ, ਜੀ ਆਇਆਂ ਨੂੰ। (ਇਹ ਸਤਿਕਾਰ ਨਹੀਂ ਮਿਲਣਾ) ਜਿਸ ਤਰ੍ਹਾਂ ਸੁੰਞੇ ਘਰ ਵਿਚ ਕਾਂ ਨੂੰ (ਖ਼ਾਲੀ ਮੁੜਨਾ ਪੈਂਦਾ ਹੈ) ਇਸੇ ਤਰ੍ਹਾਂ ਮਨਮੁਖਾਂ ਨੂੰ ਵੀ ਸਤਿਕਾਰ ਰੂਪ ਵਸਤੂ ਤੋਂ ਵਾਂਝਿਆਂ ਹੀ ਮੋੜਿਆ ਜਾਂਦਾ ਹੈ।) ਜੰਮਣਾ ਤੇ ਮਰਨਾ ਇਹ ਸਭ ਤੋਂ ਵੱਡਾ ਵਿਛੋੜਾ=ਦੁੱਖ ਹੈ, ਇਸ ਵਿਛੋੜੇ ਦੇ ਦੁੱਖ ਵਿਚ ਪੈ ਕੇ ਸਾਰਾ ਸੰਸਾਰ ਨਾਸ਼ ਹੋ ਰਿਹਾ ਹੈ। ਮਾਇਆ ਦੇ ਲੋਭ (ਅਤੇ) ਧੰਧਿਆਂ ਨੇ ਜਗਤ (ਜੀਆਂ ਨੂੰ) ਪ੍ਰਮਾਤਮਾ ਵਲੋਂ ਭੁਲਾਇਆ ਹੋਇਆ ਹੈ (ਅਤੇ ਮਨੁੱਖ ਦੇ) ਸਿਰ 'ਤੇ ਖਲੋਤਾ ਜਮਕਾਲ ਇਸ ਨੂੰ ਰੁਆ ਰਿਹਾ ਹੈ। ੧।

**ਬਾਬਾ ਆਵਹੁ ਭਾਈਹੋ ਗਲਿ ਮਿਲਹ ਮਿਲਿ ਮਿਲਿ ਦੇਹ ਆਸੀਸਾ ਹੇ॥ ਬਾਬਾ ਸਚੜਾ ਮੇਲੁ ਨ ਚੁਕਈ ਪ੍ਰੀਤਮ ਕੀਆ ਦੇਹ ਅਸੀਸਾ ਹੇ॥ਆਸੀਸਾ ਦੇਵਹੋ ਭਗਤਿ ਕਰੇਵਹੋ ਮਿਲਿਆ ਕਾ ਕਿਆ ਮੇਲੋ॥ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ਗੁਰ ਸਬਦੀ ਸਚੁ ਖੇਲੋ॥ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ ਜੁਗਿ ਜੁਗਿ ਸਾਚੈ ਵੇਸੇ॥ ਸਾਜਨ ਸੈਣ ਮਿਲਹੁ ਸੰਜੋਗੀ ਗੁਰ ਮਿਲਿ ਖੋਲੇ ਫਾਸੇ॥੨॥**

**ਪਦ ਅਰਥ :–** ਗਲਿ–ਗਲ ਨਾਲ। ਮਿਲਹ–ਮਿਲਣਾ ਕਰੀਏ। ਮਿਲਿ ਮਿਲਿ–(ਆਪਸ ਵਿਚ) ਮਿਲ ਮਿਲ ਕੇ। ਥੇਹਹੁ ਥਾਵਹੁ–ਥੇਹ ਥਾਂ ਤੋਂ (ਭਾਵ ਸਤਿਸੰਗ ਰੂਪ ਟਿਕਾਣੇ ਤੋਂ।) ਸੈਨ–ਸਾਥੀ।

**ਅਰਥ :–** ਹੇ ਬਾਬਾ, ਹੇ ਭਾਈਓ ! ਆਓ ਗਲ ਨਾਲ ਲਗ ਕੇ ਮਿਲੀਏ (ਫੇਰ ਆਪਸ ਵਿਚ) ਮਿਲ ਮਿਲ ਕੇ ਇਕ ਦੂਜੇ ਨੂੰ (ਪ੍ਰਭੂ ਮਿਲਾਪ) ਦੀਆਂ ਅਸੀਸਾਂ ਦੇਈਏ। ਹਾਂ ਬਾਬਾ (ਉਸ) ਸੱਚੇ ਪ੍ਰੀਤਮ ਦਾ ਮੇਲ ਕਦੇ ਮੁਕਦਾ ਨਹੀਂ, (ਇਸ ਲਈ) ਉਸ ਦੇ ਮਿਲਾਪ ਦੀਆਂ ਅਸੀਸਾਂ ਦਿਓ। (ਹੇ ਪ੍ਰਭੂ ਪਿਆਰੇ ਸੰਤ ਜਨੋਂ !

ਤੁਹਾਡਾ) ਪ੍ਰਮਾਤਮਾ ਨਾਲ ਮਿਲਿਆਂ ਦਾ (ਹੋਰ) ਕੀ ਮੇਲਣਾ ਹੈ, (ਹਾਂ ਤੁਸੀਂ ਸਾਨੂੰ ਪ੍ਰਭੂ) ਮਿਲਾਪ ਦੀਆਂ ਅਸੀਸਾਂ ਦਿਉ (ਅਤੇ ਪ੍ਰਭੂ ਦੀ) ਭਗਤੀ (ਸਾਡੇ ਪਾਸੋਂ) ਕਰਾਵੋ। ਇਹ (ਮਨੁੱਖ ਪ੍ਰਭੂ ਦੇ) ਨਾਮ ਅਤੇ ਸਤਿਸੰਗ ਰੂਪ ਟਿਕਾਣੇ ਤੋਂ ਭੁਲੇ ਹੋਏ ਹਨ, (ਪਰ ਉਨ੍ਹਾਂ ਨੂੰ ਜੀਵਨ ਦੀ ਸਫਲਤਾ ਵਾਸਤੇ ਚਾਹੀਦਾ ਹੈ ਕਿ) ਗੁਰ ਸ਼ਬਦ ਰਾਹੀਂ ਸੱਚਾ (ਨਾਮ ਜਪਣ ਰੂਪ) ਖੇਲ ਖੇਲੋ। ਜਿਨ੍ਹਾਂ ਦਾ ਗੁਰ ਸ਼ਬਦ ਵਿਚ ਸਮਾਉਣਾ ਹੋਇਆ ਹੈ (ਉਨ੍ਹਾਂ ਨੇ) ਜਮ ਰਸਤੇ ਨਹੀਂ ਜਾਣਾ (ਕਿਉਂਕਿ ਉਹ ਉਸ ਸੱਚ ਸਰੂਪ ਵਿਚ ਸਮਾ ਜਾਂਦੇ ਹਨ ਜੋ) ਪ੍ਰਭੂ ਸਾਰਿਆਂ ਜੁਗਾਂ ਵਿਚ ਸੱਚ ਸਰੂਪ ਤੇ ਸਦਾ ਅਟੱਲ ਹੈ। ਚੰਗੇ ਸੰਜੋਗਾਂ ਕਰਕੇ ਉਨ੍ਹਾਂ ਸੱਜਣ ਸਾਥੀ (ਜਨਾਂ ਨੂੰ) ਮਿਲੋ (ਜਿਨ੍ਹਾਂ ਨੇ) ਗੁਰੂ ਨਾਲ ਮਿਲ ਕੇ ਮੋਹ ਮਾਇਆ ਤੇ ਜਮਾਂ ਦੇ ਫਾਹੇ ਖੋਲ੍ਹ ਦਿੱਤੇ ਹਨ। ੨।

**ਬਾਬਾ ਨਾਂਗੜਾ ਆਇਆ ਜਗ ਮਹਿ ਦੁਖੁ ਸੁਖੁ ਲੇਖੁ ਲਿਖਾਇਆ॥ ਲਿਖਿਅੜਾ ਸਾਹਾ ਨਾ ਟਲੈ ਜੇਹੜਾ ਪੁਰਬਿ ਕਮਾਇਆ॥ ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ ਜਿਤੁ ਲਾਇਆ ਤਿਤੁ ਲਾਗਾ॥ ਕਾਮਣਿਆਰੀ ਕਾਮਣ ਪਾਏ ਬਹੁ ਰੰਗੀ ਗਲਿ ਤਾਗਾ॥ ਹੋਛੀ ਮਤਿ ਭਇਆ ਮਨੁ ਹੋਛਾ ਗੁੜੁ ਸਾ ਮਖੀ ਖਾਇਆ॥ ਨਾ ਮਰਜਾਦੁ ਆਇਆ ਕਲਿ ਭੀਤਰਿ ਨਾਂਗੋ ਬੰਧਿ ਚਲਾਇਆ॥ ੩॥**

**ਪਦ ਅਰਥ :-** ਨਾਂਗੜਾ-ਨੰਗਾ। ਸਾਹਾ-ਮੌਤ ਦਾ ਨਿਸਚਿਤ ਸਮਾਂ। ਪੁਰਬਿ ਕਮਾਇਆ-ਪੂਰਬਲੇ (ਜਨਮ ਦੇ) ਕੀਤੇ ਕਰਮਾਂ ਅਨੁਸਾਰ। ਬਹਿ-ਬੈਠ ਕੇ। ਅੰਮ੍ਰਿਤੁ-ਨਾਮ ਅੰਮ੍ਰਿਤ। ਬਿਖਿਆ-ਜ਼ਹਿਰ। ਕਾਮਣਿਆਰੀ-ਜਾਦੂਗਰਨੀ, ਟੂਣੇ ਕਰਨ ਵਾਲੀ। ਕਾਮਣ-ਜਾਦੂ ਟੂਣੇ। ਬਹੁ ਰੰਗੀ-ਕਈ ਰੰਗਾਂ ਦਾ।

**ਅਰਥ :-** ਹੇ ਭਾਈ ! (ਮਨੁੱਖ) ਸੰਸਾਰ ਅੰਦਰ ਨੰਗਾ (ਨਗਨ ਰੂਪ ਵਿਚ ਹੀ) ਜਨਮ ਲੈ ਕੇ ਆਇਆ ਹੈ (ਅਤੇ ਧੁਰੋਂ ਹੀ) ਦੁੱਖ ਸੁਖ (ਰੂਪ) ਲੇਖ (ਮਸਤਕ ਉਪਰ ਇਸ ਨੇ) ਲਿਖਾਇਆ ਹੈ। ਮੌਤ ਦਾ ਨਿਸਚਿਤ ਸਮਾਂ ਜੋ (ਕਰਤੇ ਨੇ) ਲਿਖਿਆ ਹੈ, (ਉਹ) ਟਲਦਾ ਨਹੀਂ (ਅਤੇ ਜੋ) ਪੂਰਬਲੇ (ਜਨਮ ਵਿਚ) ਕਰਮ ਕੀਤੇ ਹਨ (ਉਨ੍ਹਾਂ ਕਰਮਾਂ ਦਾ ਫਲ) ਭੋਗਣਾ ਹੀ ਪੈਣਾ ਹੈ। (ਹੇ ਭਾਈ !) ਸੱਚੇ ਪ੍ਰਭੂ ਨੇ (ਆਪਣੇ ਦਰਬਾਰ ਵਿਚ) ਬੈਠ ਕੇ (ਜੋ ਦੁੱਖ ਸੁੱਖ) ਲਿਖਿਆ ਹੈ (ਤੇ ਜਾਂ) ਨਾਮ ਅੰਮ੍ਰਿਤ ਵਿਹਾਝਣਾ ਹੈ ਕਿ ਮਾਇਆ ਰੂਪ ਜ਼ਹਿਰ ਵਿਹਾਝਣੀ ਹੈ (ਇਹ ਸਭ ਕੁਝ ਉਸ ਦੇ ਲਿਖੇ ਅਨੁਸਾਰ ਹੀ ਹੋਣਾ ਹੈ) ਕਿਉਂਕਿ ਜਿਸ ਪਾਸੇ (ਕਰਮਾਂ ਦੇ ਲਿਖੇ ਅਨੁਸਾਰ) ਜੀਵ ਨੂੰ ਲਾਇਆ ਹੈ, ਉਸੇ ਪਾਸੇ ਜੀਵ ਲਗਿਆ ਹੋਇਆ ਹੈ। ਜਾਦੂਗਰਨੀ (ਮਾਇਆ) ਨੇ ਜੀਵ ਉਪਰ (ਕਈ ਤਰ੍ਹਾਂ ਦੇ) ਜਾਦੂ ਪਾਏ ਹੋਏ ਹਨ (ਅਤੇ ਮੋਹ ਰੂਪੀ) ਬਹੁਤ ਰੰਗਾਂ ਦਾ (ਜਾਦੂ ਰੂਪ) ਧਾਗਾ ਇਸ ਦੇ ਗਲ ਵਿਚ ਪਾਇਆ ਹੈ। (ਜਿਸ ਕਰਕੇ ਜੀਵ ਦੀ) ਬੁਧੀ ਵੀ ਹੋਛੀ ਹੈ ਤੇ ਮਨ ਵੀ ਹੋਛਾ ਹੋ ਗਿਆ ਹੈ, (ਇਹ ਵਿਸ਼ੇ ਰਸਾਂ ਵਿਚ ਇਉਂ ਫਸਿਆ ਹੈ) ਜਿਵੇਂ ਮੱਖੀ ਗੁੜ ਖਾਂਦੀ (ਢਿਲੇ ਗੁੜ ਨਾਲ ਚਿਪਕ ਜਾਂਦੀ ਹੈ।) ਇਹ ਜੀਵ ਕਲਜੁਗ ਅੰਦਰ ਬੇ ਮਰਯਾਦਾ (ਭਾਵ ਨੰਗਾ ਆਇਆ ਸੀ) ਅਤੇ ਨੰਗਾ ਹੀ ਬੰਨ੍ਹ ਕੇ (ਅੱਗੇ ਪ੍ਰਲੋਕ ਨੂੰ) ਤੋਰ ਦਿੱਤਾ ਹੈ। ੩।

**ਬਾਬਾ ਰੋਵਹੁ ਜੇ ਕਿਸੈ ਰੋਵਣਾ ਜਾਨੀਅੜਾ ਬੰਧਿ ਪਠਾਇਆ ਹੈ॥ ਲਿਖਿਅੜਾ ਲੇਖੁ ਨ ਮੇਟੀਐ ਦਰਿ ਹਾਕਾਰੜਾ ਆਇਆ ਹੈ॥ ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ॥ ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ॥ ਭੈ ਰੋਵੈ ਗੁਣ ਸਾਰਿ ਸਮਾਲੇ ਕੋ ਮਰੈ ਨ ਮੁਇਆ ਨਾਲੇ॥ ਨਾਨਕ ਜੁਗਿ ਜੁਗਿ ਜਾਣ ਸਿਜਾਣਾ ਰੋਵਹਿ ਸਚੁ ਸਮਾਲੇ॥੪॥੫॥**

**ਪਦ ਅਰਥ :-** ਜਾਨੀਅੜਾ-ਪਿਆਰਾ ਸੰਬੰਧੀ। ਬੰਧਿ-ਬੰਨ੍ਹ ਕੇ। ਪਠਾਇਆ-ਭੇਜ ਦਿੱਤਾ ਹੈ। ਦਰਿ-ਰੱਬੀ ਦਰਗਾਹ ਤੋਂ। ਹਾਕਾਰੜਾ-ਸੱਦਾ। ਰੋਵਣਹਾਰੇ-ਰੋਵਣ ਵਾਲੇ। ਰੋਵਹਿ-ਰੋਂਦੇ ਹਨ। ਅਤਿ ਪਿਆਰੇ-ਬਹੁਤ ਪਿਆਰੇ। ਜਾਣ ਸਿਜਾਣਾ-ਉਹ ਸਿਆਣਾ ਜਾਣਿਆ ਜਾਂਦਾ ਹੈ।

**ਅਰਥ :-** ਬਾਬਾ=ਹੇ ਭਾਈ ! (ਅਕਾਲ ਪੁਰਖ ਦੇ ਹੁਕਮ ਨੂੰ ਸਮਝਣ) ਤੋਂ ਬਾਅਦ ਵੀ ਜੇ ਕਿਸੇ ਨੇ ਰੋਣਾ ਹੈ (ਤਾਂ ਬੇਸ਼ੱਕ) ਰੋ ਲਵੋ (ਪਰ ਉਹ ਤੁਹਾਡਾ) ਪਿਆਰਾ ਸੰਬੰਧੀ ਤਾਂ ਬੰਨ੍ਹ ਕੇ (ਅੱਗੇ ਪ੍ਰਲੋਕ ਨੂੰ) ਭੇਜ ਦਿੱਤਾ ਹੈ। ਇਹ ਸੱਦਾ ਰੱਬੀ ਦਰਗਾਹ ਤੋਂ ਆਇਆ ਹੈ, (ਇਸ ਲਈ) ਉਥੋਂ ਦਾ ਲਿਖਿਆ ਲੇਖ ਮੇਟਿਆ ਨਹੀਂ ਜਾ ਸਕਦਾ। ਇਹ ਸੱਦਾ (ਤਦੋਂ) ਆਇਆ ਹੈ (ਜਦੋਂ) ਉਸ ਪ੍ਰਭੂ ਨੂੰ ਭਾਇਆ ਹੈ, (ਤਦੋਂ) ਹੀ ਰੋਵਣ ਵਾਲੇ ਰੋਏ ਹਨ। ਪੁੱਤਰ, ਭਰਾ, ਭਤੀਜੇ ਤੇ ਬਹੁਤ ਪਿਆਰੇ ਮਿੱਤਰ (ਸਾਰੇ) ਰੋਂਦੇ ਹਨ। (ਪਰ ਵਿਚਾਰ ਕੇ ਦੇਖੋ) ਮਰ ਗਿਆਂ ਦੇ ਨਾਲ ਕੋਈ ਮਰ ਨਹੀਂ ਜਾਂਦਾ, (ਫੇਰ ਰੋਵਣ ਦਾ ਕੀ ਲਾਭ ਹੈ ? ਹਾਂ, ਪ੍ਰਮੇਸ਼ਰ ਦੇ) ਭੈ ਵਿਚ (ਉਸ ਦੇ) ਗੁਣਾਂ ਨੂੰ ਤੇ (ਉਸ ਪ੍ਰਮੇਸ਼ਰ ਦੀ) ਯਾਦ ਨੂੰ ਸੰਭਾਲਦਾ ਹੋਇਆ ਰੋਵੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ ਸੱਚ (ਸਰੂਪ) ਪ੍ਰਮੇਸ਼ਰ ਨੂੰ ਯਾਦ ਕਰਨ (ਰੂਪ) ਰੋਂਦੇ ਹਨ (ਉਹ) ਸਾਰਿਆਂ ਜੁਗਾਂ ਵਿਚ ਸਿਆਣੇ ਜਾਣੇ ਜਾਂਦੇ ਹਨ। ੪। ੫।

## ਵਿਆਖਿਆ ਤੇ ਸਾਰੰਸ਼—

***ਮਾਤੇ ਮਤੰਗ ਜਰੇ ਜਰ ਸੰਗ ਅਨੂਪ ਉਤੰਗ ਸੁਰੰਗ ਸਵਾਰੇ॥***
***ਕੋਟ ਤੁਰੰਗ ਕੁਰੰਗ ਸੇ ਕੂਦਤ ਪਉਣ ਕੇ ਗਉਣ ਕੋ ਜਾਤ ਨਿਵਾਰੇ॥***
***ਭਾਰੀ ਭੁਜਾਨ ਕੇ ਭੂਪ ਭਲੀ ਬਿਧ ਨਿਆਵਤ ਸੀਸ ਨ ਜਾਤ ਬਿਚਾਰੇ॥***
***ਏਤੇ ਭਏ ਤਉ ਕਹਾ ਭਏ ਭੂਪਤ ਅੰਤ ਕੋ ਨਾਂਗੇ ਹੀ ਪਾਏ ਪਧਾਰੇ॥***

(ਦਸਮ ਗ੍ਰੰਥ)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੩੯ (ਅੰਗ ੫੮੩)

## ਵਡਹੰਸੁ ਮਹਲਾ ੩ ॥

ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ॥ ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ॥ ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ॥ ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ॥ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ॥੧॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ॥ ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ॥ ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ॥ ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ ਰੋਵੈ ਅਵਗੁਣਿਆਰੀ ਝੂਠੀ॥ ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ॥੨॥ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥ ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥ ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥ ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥੩॥ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ॥ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ॥ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ॥ ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ॥ ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ॥ ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ॥੪॥੨॥

## ਪ੍ਰਾਕ੍ਥਨ :-

ਇਹ ਸ਼ਬਦ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦਾ ਵਡਹੰਸ ਰਾਗੁ ਅੰਦਰ ਉਚਾਰਨ ਕੀਤਾ ਹੋਇਆ ਹੈ।

## ਪਿਰ ਸੇਵਿਹੁ ਸਬਦ ਵੀਚਾਰਿ

ਇਸ ਦੇ ਅਰੰਭ ਵਿਚ ਪ੍ਰਭੂ ਪਤੀ ਦੀ ਪ੍ਰਾਪਤੀ ਦੀ ਇੱਛਾ ਰੱਖਣ ਵਾਲੀ ਜੀਵ-ਇਸਤਰੀ ਨੂੰ ਉਪਦੇਸ਼ ਦਿੱਤਾ ਹੈ ਕਿ ਪ੍ਰਭੂ ਪਤੀ ਨੂੰ ਪਾਵਣਾ ਹੈ ਤਾਂ ਗੁਰ ਉਪਦੇਸ਼ ਰਾਹੀਂ ਪਤੀ ਦੀ ਸੇਵਾ ਕਰਨਾ ਕਰੋ ਕਿਉਂਕਿ ਸੰਸਾਰ ਅੰਦਰ ਉਹ ਇਸਤਰੀ ਹੀ ਸੁਹਾਗਣ ਮੰਨੀ ਜਾਂਦੀ ਹੈ ਜੋ ਆਪਣੇ ਪਤੀ ਦੀ ਆਗਿਆਕਾਰ ਹੈ ਤੇ ਪਤੀ ਸੇਵਾ ਵਿਚ ਤਤਪਰ ਰਹਿੰਦੀ ਹੈ। ਇਸੇ ਤਰ੍ਹਾਂ ਪ੍ਰਭੂ ਪਤੀ ਪ੍ਰਸੰਨ ਤਦ ਹੀ ਹੋਵੇਗਾ ਜੇ ਉਸ ਦੀ ਸੇਵਾ ਤੇ ਸਿਮਰਨ ਵਿਚ ਜੁੜੀ ਰਹੇਗੀ। ਸੇਵਾ ਤੇ ਸਿਮਰਨ ਵੀ ਗੁਰੂ ਦੇ ਉਪਦੇਸ਼ ਅਨੁਸਾਰ ਕੀਤਿਆਂ ਸਫਲਾ ਹੁੰਦਾ ਹੈ। ਸੰਸਾਰ ਅੰਦਰ ਪਤਿਬ੍ਰਤਾ ਇਸਤਰੀ ਜੋ ਹਮੇਸ਼ਾ ਦੁੱਖ ਸੁੱਖ ਵਿਚ ਪਤੀ ਦੇ ਸਾਥ ਰਹਿੰਦੀ ਹੈ, ਉਸ ਨੂੰ ਸਤਿਕਾਰਿਆ ਜਾਂਦਾ ਹੈ। ਇਸੇ ਤਰ੍ਹਾਂ ਪ੍ਰਭੂ ਦਰਬਾਰ ਵਿਚ ਉਨ੍ਹਾਂ ਨੂੰ ਸਤਿਕਾਰ ਮਿਲਦਾ ਹੈ ਜੋ ਗੁਰੂ ਰਾਹੀਂ ਸੇਵਾ ਸਿਮਰਨ ਕਰਦੀਆਂ ਹਨ।

## ਸਾਖੀ—ਸੀਤਾ ਜੀ ਦੀ

ਜਿਸ ਵੇਲੇ ਭਗਵਾਨ ਰਾਮ ਚੰਦਰ ਜੀ ਬਨਵਾਸ ਨੂੰ ਜਾਣ ਲੱਗੇ ਤਾਂ ਸੀਤਾ ਵੀ ਨਾਲ ਤੁਰ ਪਈ ਸੀ। ਦਸ਼ਰਥ ਸੀਤਾ ਨੂੰ ਰੋਕਣ ਲਗਿਆ ਤਾਂ ਸੀਤਾ ਕਹਿੰਦੀ ਹੈ, ਜੀ ਮੈਂ ਦੁੱਖ ਸੁੱਖ ਵਿਚ ਪਤੀ ਦੇ ਨਾਲ ਹੀ ਰਹਾਂਗੀ, ਕਿਉਂਕਿ ਸੀਤਾ ਦੀ ਮਾਤਾ ਸੁਨੈਨਾ ਨੇ ਇਹ ਸਿਖਿਆ ਦਿੱਤੀ ਸੀ। ਸ੍ਰੀ ਸੀਤਾ ਜੀ ਜਿਸ ਵੇਲੇ ਆਪਣੇ ਪੇਕੇ ਘਰ ਆਪਣੀ ਮਾਤਾ ਜੀ ਪਾਸੋਂ ਵਿਦਾ ਹੋ ਕੇ ਆਪਣੇ ਸੁਹਰੇ ਘਰ ਅਯੁੱਧਿਆ ਨੂੰ ਜਾਣ ਲੱਗੀ ਤਾਂ ਉਸ ਵੇਲੇ ਸੀਤਾ ਜੀ ਦੀ ਮਾਤਾ ਸੁਨੈਨਾ ਨੇ ਆਪਣੀ ਪੁੱਤਰੀ ਸੀਤਾ ਨੂੰ ਸ਼ੁੱਭ ਸਿਖਿਆ ਦਿੱਤੀ ਸੀ ਕਿ ਅੱਜ ਤੋਂ ਤੂੰ ਆਪਣੇ ਪਤੀ ਦਾ ਪਰਛਾਵਾਂ ਬਣ ਕੇ ਰਹਿਣਾ ਹੋਵੇਗਾ। ਜਿਥੇ ਤੇਰਾ ਪਤੀ ਉਥੇ ਤੂੰ ਹੋਵੇਂਗੀ। ਜੇ ਪਤੀ ਰਾਜ ਸਿੰਘਾਸਨ 'ਤੇ ਬਿਰਾਜੇ ਤਾਂ ਰਾਜ ਸੁਖ ਦੀ ਤੂੰ ਹਿੱਸੇਦਾਰ ਹੋਵੇਂਗੀ। ਜੇ ਰਾਮ ਜੀ ਬਨ ਜਾਣ ਤਾਂ ਤੂੰ ਵੀ ਨਾਲ ਬਨ ਵਾਸੀ ਹੋਵੇਂਗੀ। ਇਹ ਸ਼ੁੱਭ ਸਿਖਿਆ ਅੱਜ ਦੀ ਔਰਤ ਨੂੰ ਵੀ ਧਾਰਨ ਯੋਗ ਹੈ ਅਤੇ ਸੀਤਾ ਜੀ ਨੂੰ ਲੈ ਕੇ ਜਿਸ ਵੇਲੇ ਰਾਮ ਜੀ ਚਲੇ ਸਨ ਤਾਂ ਜਨਕ ਰਾਜਾ ਜੀ ਦੇ ਨੇਤਰਾਂ 'ਚ ਜਲ ਭਰ ਆਇਆ ਸੀ। ਦਸਰਥ ਰਾਜਾ ਜੀ ਕਹਿਣ ਲੱਗੇ ਕਿਉਂ ਰੋਂਦੇ ਹੋ। ਮੈਂ ਸੀਤਾ ਨੂੰ ਆਪਣੀ ਪੁੱਤਰੀ ਬਣਾ ਕੇ ਲੈ ਕੇ ਚੱਲਿਆ ਹਾਂ। ਪਰ ਜਿਸ ਵੇਲੇ ਰਾਮ ਜੀ ਨੂੰ ਬਨਵਾਸ ਜਾਣ ਲਈ ਕਿਹਾ ਤਾਂ ਸੀਤਾ ਜੀ ਵੀ ਨਾਲ ਮੁਨੀਆਂ ਵਾਲੇ ਬਸਤਰ ਧਾਰ ਕੇ ਪਤੀ ਜੀ ਦੇ ਨਾਲ ਚੱਲੇ ਸਨ ਤਾਂ ਰਾਜਾ ਦਸਰਥ ਜੀ ਕਹਿੰਦੇ ਹਨ ਕਿ ਪੁੱਤਰੀ ਤੈਨੂੰ ਨਾਲ ਜਾਣ ਲਈ ਕਿਸ ਨੇ ਕਿਹਾ ਹੈ। ਸੀਤਾ ਜੀ ਕਹਿੰਦੀ ਹੈ, ਪਿਤਾ ਜੀ, ਜਿਸ ਵੇਲੇ ਮੈਂ ਵਿਦਾ ਹੋ ਕੇ ਪੇਕੇ ਘਰੋਂ

ਤੁਰੀ ਸੀ ਤਾਂ ਮੇਰੀ ਮਾਤਾ ਜੀ ਨੇ ਸਿਖਿਆ ਦਿੱਤੀ ਸੀ ਕਿ ਹਮੇਸ਼ਾ ਦੁੱਖ-ਸੁੱਖ ਵਿਚ ਪਤੀ ਨਾਲ ਰਹਿਣਾ ਹੋਵੇਗਾ। ਮੈਂ ਬਚਨ ਦਿੱਤਾ ਸੀ ਮਾਤਾ ਜੀ ਨੂੰ, ਇਸ ਲਈ ਮੈਂ ਪਤੀ ਜੀ ਦੇ ਨਾਲ ਹੀ ਬਨਵਾਸ ਜਾਵਾਂਗੀ। ਇਹ ਨਹੀਂ ਹੋ ਸਕਦਾ ਕਿ ਪਤੀ ਜੀ ਬਨਵਾਸੀ ਹੋਵੇ ਤੇ ਮੈਂ ਮਹਿਲਾਂ ਵਿਚ ਹੋਵਾਂ। ਰਾਜਾ ਦਸਰਥ ਧਾਹਾਂ ਮਾਰ ਕੇ ਰੋ ਪਿਆ। ਉਸ ਵੇਲੇ ਕਿਹਾ ਕਿ ਮੈਂ ਵੀ ਜਨਕ ਜੀ ਨੂੰ ਕਿਹਾ ਸੀ ਕਿ ਮੈਂ ਸੀਤਾ ਨੂੰ ਪੁੱਤਰੀ ਬਣਾ ਕੇ ਲੈ ਕੇ ਚੱਲਿਆ ਹਾਂ। ਪਰ ਬੇਵਸੀ ਹੈ ਕਿ ਅੱਜ ਪੁੱਤਰੀ ਤੇ ਆਪਣੇ ਪੁੱਤਰ ਨੂੰ ਬਨਵਾਸ ਵੱਲ ਤੋਰ ਰਿਹਾ ਹਾਂ। ਸੋ ਇਸ ਤੋਂ ਸਿਖਿਆ ਮਿਲਦੀ ਹੈ-(ਰੂਖੋ ਭੋਜਨੁ ਭੂਮਿ ਸੈਨ ਸਖੀ ਪ੍ਰਿਆ ਸੰਗ ਸੂਖ ਬਿਹਾਤ)॥

**ਵਡਹੰਸੁ ਮਹਲਾ ੩ ॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰਿ ॥ ਅਵਗਣਵੰਤੀ ਪਿਰੁ ਨ ਜਾਣਈ ਮੁਠੀ ਰੋਵੈ ਕੰਤ ਵਿਸਾਰਿ ॥ ਰੋਵੈ ਕੰਤ ਸੰਮਾਲਿ ਸਦਾ ਗੁਣ ਸਾਰਿ ਨਾ ਪਿਰੁ ਮਰੈ ਨ ਜਾਏ ॥ ਗੁਰਮੁਖਿ ਜਾਤਾ ਸਬਦਿ ਪਛਾਤਾ ਸਾਚੈ ਪ੍ਰੇਮਿ ਸਮਾਏ ॥ ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ ਕੂੜਿ ਮੁਠੀ ਕੂੜਿਆਰੇ ॥ ਸੁਣਿਅਹੁ ਕੰਤ ਮਹੇਲੀਹੋ ਪਿਰੁ ਸੇਵਿਹੁ ਸਬਦਿ ਵੀਚਾਰੇ ॥ ੧ ॥**

**ਪਦ ਅਰਥ :-** ਮਹੇਲੀਹੋ-ਹੇ ਜੀਵ ਇਸਤਰੀਓ! ਮੁਠੀ-ਠੱਗੀ ਹੋਈ। ਵਿਸਾਰਿ-ਭੁਲਾ ਕੇ, ਵਿਸਾਰ ਕੇ। ਸੰਮਾਲਿ-ਯਾਦ ਕਰਕੇ। ਸਾਰਿ-ਚੇਤੇ ਕਰਕੇ। ਪ੍ਰੇਮਿ-ਪ੍ਰੇਮ ਵਿਚ। ਕਰਮ ਬਿਧਾਤਾ-ਕਰਮਾਂ ਦਾ ਫਲ ਪਰ ਦਾਤਾ।

**ਅਰਥ :-** ਹੇ (ਵਾਹਿਗੁਰੂ) ਰੂਪ ਪਤੀ-(ਪ੍ਰਾਪਤੀ ਦੀ) ਇੱਛਾ ਵਾਲੀਓ ਇਸਤਰੀਓ ! ਸੁਣਨਾ ਕਰੋ (ਆਪਣੇ) ਪਤੀ ਨੂੰ (ਗੁਰੂ) ਸ਼ਬਦ ਦੀ ਵਿਚਾਰ ਵਿਚ (ਜੁੜ ਕੇ) ਸੇਵਨਾ ਕਰੋ। (ਕਿਉਂਕਿ) ਅਵਗੁਣਾਂ ਵਾਲੀ (ਇਸਤਰੀ) ਪਤੀ (ਦੀ ਸੇਵਾ ਕਰਨੀ) ਨਹੀਂ ਜਾਣਦੀ, (ਉਹ) ਪਤੀ ਨੂੰ ਭੁਲਾ ਕੇ (ਭਾਵ ਵਿਸਾਰ ਕੇ ਮਾਇਆ ਕਰਕੇ) ਠੱਗੀ ਹੋਈ ਰੋਂਦੀ ਹੈ। (ਜੋ ਗੁਣਵੰਤੀ ਇਸਤਰੀ ਹੈ ਉਹ ਆਪਣੇ) ਪ੍ਰਭੂ ਪਤੀ ਨੂੰ ਯਾਦ ਕਰਕੇ (ਸਦਾ ਉਸ ਦੇ) ਗੁਣਾਂ ਨੂੰ ਚੇਤੇ ਕਰਕੇ ਰੋਂਦੀ ਹੈ (ਕਿਉਂਕਿ) ਉਹ ਪ੍ਰਭੂ ਪਤੀ ਨਾ ਮਰਦਾ ਹੈ, (ਨਾ ਵਿਛੜ ਕੇ) ਕਿਤੇ ਜਾਂਦਾ ਹੈ। ਗੁਰਮੁਖਾਂ ਨੇ (ਗੁਰੂ ਰਾਹੀਂ ਪ੍ਰਭੂ ਪਤੀ ਨੂੰ) ਜਾਣ ਲਿਆ ਹੈ (ਅਤੇ) ਗੁਰ ਸ਼ਬਦ ਦੁਆਰਾ ਪ੍ਰਮਾਤਮਾ ਨੂੰ ਪਛਾਣ ਕੇ (ਉਸ) ਸੱਚੇ ਦੇ ਪ੍ਰੇਮ ਵਿਚ ਸਮਾਏ ਰਹਿੰਦੇ ਹਨ। ਜਿਸ ਨੇ ਆਪਣੇ (ਪ੍ਰਭੂ) ਪਤੀ ਕਰਮਾਂ ਦੇ ਫਲ ਪਰ ਦਾਤੇ ਨੂੰ ਨਹੀਂ ਜਾਣਿਆ, (ਉਸ) ਕੂੜਿਆਰ (ਨੂੰ) ਝੂਠ ਨੇ ਠੱਗ ਲਿਆ ਹੈ। ਹੇ (ਪ੍ਰਭੂ) ਪਤੀ ਦੀ ਇਸਤਰੀਓ ! ਸੁਣਨਾ ਕਰੋ (ਉਸ) ਪਤੀ ਮਾਲਕ ਨੂੰ ਗੁਰ ਸ਼ਬਦ ਦੀ ਵਿਚਾਰ ਵਿਚ (ਜੁੜਕੇ) ਸੇਵਨਾ ਕਰੋ। ੧।

**ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰਾ ॥ ਮਾਇਆ ਮੋਹੁ ਖੁਆਇਅਨੁ ਮਰਿ ਜੰਮੈ ਵਾਰੋ ਵਾਰਾ ॥ ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ ਗਿਆਨ ਵਿਹੂਣੀ ਮੂਠੀ ॥ ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ**

**ਰੋਵੈ ਅਵਗੁਣਿਆਰੀ ਝੂਠੀ॥ ਪਿਰੁ ਜਗਜੀਵਨੁ ਕਿਸ ਨੋ ਰੋਈਐ ਰੋਵੈ ਕੰਤੁ ਵਿਸਾਰੇ॥ ਸਭੁ ਜਗੁ ਆਪਿ ਉਪਾਇਓਨੁ ਆਵਣੁ ਜਾਣੁ ਸੰਸਾਰੇ॥ ੨॥**

**ਪਦ ਅਰਥ :–** ਓਪਾਇਓਨੁ-ਉਸ (ਪ੍ਰਭੂ) ਨੇ ਪੈਦਾ ਕੀਤਾ ਹੈ। ਆਵਣੁ ਜਾਣੁ-ਜੰਮਣ ਮਰਣ। ਖੁਆਇਅਨੁ-ਭੁਲਾ ਦਿੱਤਾ ਹੈ। ਵਧਹਿ ਬਿਕਾਰਾ-ਵਿਕਾਰ ਹੀ ਵਧਦੇ ਹਨ। ਵਿਹੂਣੀ-ਸੱਖਣੀ, ਅਵਗੁਣਿਆਰੀ-ਅਵਗੁਣਾਂ ਵਾਲੀ।

**ਅਰਥ :–** ਹੇ ਭਾਈ ! ਸਾਰਾ ਸੰਸਾਰ ਉਸ (ਪ੍ਰਭੂ) ਨੇ ਆਪ ਹੀ ਪੈਦਾ ਕੀਤਾ ਹੈ, (ਪੈਦਾ ਕਰਕੇ ਜੀਵਾਂ ਦਾ) ਜੰਮਣ ਮਰਣ ਸੰਸਾਰ (ਵਿਚ ਬਣਾ ਦਿੱਤਾ) ਹੈ। (ਇਸ ਜੀਵ ਨੂੰ ਪ੍ਰਭੂ ਵਲੋਂ) ਮਾਇਆ ਦੇ ਮੋਹ ਨੇ ਭੁਲਾ ਦਿੱਤਾ ਹੈ (ਇਸ ਕਰਕੇ) ਵਾਰ ਵਾਰ ਜੰਮਦਾ ਮਰਦਾ (ਰਹਿੰਦਾ) ਹੈ। ਵਾਰ ਵਾਰ ਜੰਮਦਾ ਮਰਦਾ ਹੈ, (ਹਰ ਇਕ ਜਨਮ ਵਿਚ) ਵਿਕਾਰ ਹੀ ਵਧਦੇ ਹਨ (ਅਤੇ) ਗਿਆਨ ਤੋਂ ਸੱਖਣੀ ਹੋਣ ਕਰਕੇ (ਵਿਕਾਰਾਂ ਵਿਚ ਜੀਵ-ਇਸਤਰੀ) ਠੱਗੀ ਜਾਂਦੀ ਹੈ। (ਗੁਰੂ ਦੇ) ਸ਼ਬਦ ਤੋਂ ਬਿਨਾਂ (ਇਸ ਨੇ) ਪਤੀ ਪ੍ਰਮੇਸ਼ਰ ਨੂੰ ਨਹੀਂ ਪਾਇਆ (ਅਤੇ) ਅਵਗੁਣਾਂ ਵਾਲੀ ਇਸਤਰੀ ਝੂਠੀ ਮਨੁੱਖ ਜਨਮ ਵਿਅਰਥ ਗੁਆ ਕੇ ਰੋਂਦੀ ਰਹਿੰਦੀ ਹੈ। (ਪ੍ਰਭੂ) ਪਤੀ ਤਾਂ ਸਾਰਿਆਂ ਜੀਵਾਂ ਨੂੰ ਜੀਵਨ ਦਾਨ ਦੇਣ ਵਾਲਾ ਹੈ, (ਉਸ ਨੂੰ ਤਿਆਗ ਕੇ) ਮਰੇ ਹੋਏ ਕਿਸ ਕਿਸ (ਜੀਵ ਨੂੰ) ਰੋਈਏ ? (ਅਸਲ ਵਿਚ) ਪ੍ਰਭੂ ਪਤੀ ਨੂੰ ਭੁਲਾ ਕੇ (ਜੀਵ-ਇਸਤਰੀ) ਰੋਂਦੀ ਹੈ। ਸਾਰਾ ਸੰਸਾਰ ਉਸ (ਪ੍ਰਭੂ) ਨੇ ਆਪ ਹੀ ਪੈਦਾ ਕੀਤਾ ਹੈ (ਅਤੇ) ਸੰਸਾਰ ਵਿਚ ਜੰਮਣ ਮਰਣ ਵੀ (ਉਸ ਨੇ) ਆਪ ਹੀ ਬਣਾਇਆ ਹੈ। ੨।

**ਸੋ ਪਿਰੁ ਸਚਾ ਸਦ ਹੀ ਸਾਚਾ ਹੈ ਨਾ ਓਹੁ ਮਰੈ ਨ ਜਾਏ॥ ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥ ਰੰਡ ਬੈਠੀ ਦੂਜੈ ਭਾਏ ਮਾਇਆ ਮੋਹਿ ਦੁਖੁ ਪਾਏ ਆਵ ਘਟੈ ਤਨੁ ਛੀਜੈ॥ ਜੋ ਕਿਛੁ ਆਇਆ ਸਭੁ ਕਿਛੁ ਜਾਸੀ ਦੁਖੁ ਲਾਗਾ ਭਾਇ ਦੂਜੈ॥ ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ ਲਬਿ ਲੋਭਿ ਚਿਤੁ ਲਾਏ॥ ਸੋ ਪਿਰੁ ਸਾਚਾ ਸਦ ਹੀ ਸਾਚਾ ਨਾ ਓਹੁ ਮਰੈ ਨ ਜਾਏ॥ ੩॥**

**ਪਦ ਅਰਥ :–** ਨ ਜਾਏ-ਨਹੀਂ ਜੰਮਦਾ ਹੈ। ਰੰਡ-ਵਿਧਵਾ। ਦੂਜੈ ਭਾਏ-ਦ੍ਵੈਤ ਭਾਵਨਾ ਕਰਕੇ। ਆਵ-ਉਮਰ। ਤਨੁ ਛੀਜੈ-ਸਰੀਰ ਕ੍ਰਿਸਦਾ ਭਾਵ ਕਮਜ਼ੋਰ ਹੁੰਦਾ ਜਾਂਦਾ ਹੈ। ਲੂਝੈ-ਝਗੜਦਾ ਹੈ। ਲਬਿ-ਪਦਾਰਥ ਖਾਣ ਦਾ ਲਾਲਚ। ਲੋਭਿ-ਪਦਾਰਥਾਂ ਤੇ ਮਾਇਆ ਆਦਿ ਦੇ ਇਕੱਤਰ ਕਰਨ ਵਿਚ।

**ਅਰਥ :–** ਉਹ (ਪ੍ਰਭੂ) ਪਤੀ ਸੱਚਾ, ਸਦਾ ਹੀ ਸੱਚਾ ਹੈ, ਨਾ ਉਹ ਮਰਦਾ ਹੈ ਨਾ ਉਹ ਜੰਮਦਾ ਹੈ। ਇਆਣੀਆ-ਅੰਜਾਣੀ ਜੀਵ-ਇਸਤਰੀ (ਐਵੇਂ) ਭੁਲੀ ਫਿਰਦੀ ਹੈ, ਹਾਂ, ਦ੍ਵੈਤ ਭਾਵਨਾ ਕਰਕੇ (ਜੀਵ-ਇਸਤਰੀ ਵਿਧਵਾ ਹੋਈ ਬੈਠੀ ਹੈ। ਹਾਂ, ਦ੍ਵੈਤ ਭਾਵਨਾ ਕਰਕੇ (ਰੰਡ) ਵਿਧਵਾ ਹੋਈ ਬੈਠੀ (ਅਤੇ) ਮਾਇਆ

ਦੇ ਮੋਹ ਵਿਚ ਫਸੀ ਹੋਣ ਕਰਕੇ ਦੁੱਖ ਪਾਉਂਦੀ ਹੈ (ਤੇ ਇਸਦੀ) ਉਮਰ ਘਟਦੀ ਜਾ ਰਹੀ ਹੈ, (ਸਰੀਰ) ਕਮਜ਼ੋਰ ਹੁੰਦਾ ਜਾ ਰਿਹਾ ਹੈ। (ਸੰਸਾਰ ਵਿਚ) ਜੋ ਕੁਝ ਵੀ ਆਇਆ ਹੈ ਸਭ ਕੁਝ ਨਾਸ਼ ਹੋ ਜਾਵੇਗਾ, ਦ੍ਵੈਤ ਭਾਵਨਾ ਕਰਕੇ (ਸਭ ਨੂੰ) ਦੁੱਖ ਲਗ ਰਿਹਾ ਹੈ। ਪਦਾਰਥਾਂ ਦੇ ਖਾਣ (ਅਤੇ) ਮਾਇਆ ਤੇ ਪਦਾਰਥ (ਇਕੱਠੇ) ਕਰਨ ਵਿਚ (ਜਗਤ ਜੀਵਾਂ ਨੇ) ਚਿੱਤ ਲਾਇਆ ਹੈ, (ਇਸ ਕਰਕੇ) ਮਾਇਆ ਲਈ ਜਗਤ ਜੀਵ ਝਗੜਦਾ ਹੈ, (ਮਾਇਆ ਵਿਚ ਫਸੇ ਜੀਵ ਨੂੰ ਸਿਰ 'ਤੇ ਖੜਾ) ਜਮਕਾਲ ਨਹੀਂ ਦਿਸਦਾ। ਉਹ (ਪ੍ਰਭੂ) ਪਤੀ ਸੱਚਾ ਸਦਾ ਹੀ ਸੱਚਾ ਹੈ, ਨਾ ਉਹ ਮਰਦਾ ਹੈ ਨਾ ਉਹ ਜੰਮਦਾ ਹੈ।੩।

**ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨਾ ਜਾਣੈ ਪਿਰੁ ਨਾਲੇ ॥ ਗੁਰ ਪਰਸਾਦੀ ਸਾਚਾ ਪਿਰੁ ਮਿਲੈ ਅੰਤਰਿ ਸਦਾ ਸਮਾਲੇ ॥ ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ ਮਨਮੁਖਿ ਜਾਤਾ ਦੂਰੇ ॥ ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ ਜਿਨਿ ਖਸਮੁ ਨ ਜਾਤਾ ਹਦੂਰੇ ॥ ਨਾਨਕ ਸਾ ਧਨ ਮਿਲੈ ਮਿਲਾਈ ਪਿਰੁ ਅੰਤਰਿ ਸਦਾ ਸਮਾਲੇ ॥ ਇਕਿ ਰੋਵਹਿ ਪਿਰਹਿ ਵਿਛੁੰਨੀਆ ਅੰਧੀ ਨ ਜਾਣੈ ਪਿਰੁ ਹੈ ਨਾਲੇ ॥ ੪ ॥ ੨ ॥**

**ਪਦ ਅਰਥ :-** ਇਕਿ-ਇਕ (ਜੀਵ-ਇਸਤਰੀ)। ਪਿਰਹਿ-ਪਤੀ। ਵਿਛੁੰਨੀਆ-ਵਿਛੜੀਆਂ ਹੋਈਆਂ। ਅੰਧੀ-ਅਗਿਆਨਤਾ ਕਰਕੇ ਅੰਨ੍ਹੀ।

**ਅਰਥ :-** ਇਕ (ਜੀਵ-ਇਸਤਰੀਆਂ) ਪਤੀ ਤੋਂ ਵਿਛੜੀਆਂ ਹੋਈਆਂ, (ਜੋ) ਅਗਿਆਨਤਾ ਕਰਕੇ ਅੰਨ੍ਹੀਆਂ ਹਨ, (ਉਹ) ਇਹ ਨਹੀਂ ਜਾਣਦੀਆਂ ਕਿ (ਪ੍ਰਭੂ) ਪਤੀ (ਸਦਾ) ਸਾਡੇ ਨਾਲ ਹੈ, (ਇਸ ਕਰਕੇ) ਦੁੱਖਾਂ ਵਿਚ ਰੋਂਦੀਆਂ ਰਹਿੰਦੀਆਂ ਹਨ। ਜੋ (ਜੀਵ-ਇਸਤਰੀ) ਹਿਰਦੇ ਅੰਦਰ ਪ੍ਰਭੂ ਪਤੀ ਨੂੰ ਸਿਮਰਦੀ ਰਹਿੰਦੀ ਹੈ, (ਉਸ ਨੂੰ) ਗੁਰੂ ਦੀ ਕਿਰਪਾ ਨਾਲ ਸੱਚਾ ਪਤੀ ਮਿਲ ਪੈਂਦਾ ਹੈ। ਹਾਂ, (ਪ੍ਰਭੂ) ਪਤੀ ਸਦਾ ਨਾਲ ਹੈ, ਇਹ ਜਾਣ ਕੇ (ਉਸ ਨੂੰ) ਹਿਰਦੇ ਵਿਚ ਯਾਦ ਕਰਦੇ ਰਹਿਣਾ ਚਾਹੀਦਾ ਹੈ, (ਪਰ) ਮਨਮੁਖਾਂ ਨੇ ਉਸ ਨੂੰ ਦੂਰ ਜਾਣਿਆ ਹੈ। ਜਿੰਨ੍ਹਾਂ ਦਾ ਇਹ ਸਰੀਰ (ਸੇਵਾ ਸਿਮਰਨ ਕਰਨ ਦੇ) ਕੰਮ ਨਹੀਂ ਆਇਆ (ਅਤੇ) ਮਾਲਕ (ਪ੍ਰਭੂ) ਜੀ ਨੂੰ ਵੀ ਹਾਜ਼ਰ ਨਾਜ਼ਰ ਨਹੀਂ ਜਾਣਿਆ, (ਉਨ੍ਹਾਂ ਦਾ ਸਰੀਰ) ਵਿਕਾਰਾਂ ਵਿਚ ਹੀ ਰੁਲਾਇਆ ਰੁਲਦਾ ਰਿਹਾ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ ਜੀਵ-ਇਸਤਰੀ (ਗੁਰੂ ਦੀ) ਮਿਲਾਈ ਹੋਈ (ਪ੍ਰਭੂ) ਪਤੀ ਨਾਲ ਮਿਲਦੀ ਹੈ (ਜੋ) ਹਿਰਦੇ ਵਿਚ (ਪ੍ਰਭੂ) ਪਤੀ ਨੂੰ ਸਦਾ ਯਾਦ ਕਰਦੀ ਹੈ। ਇਕ (ਜੀਵ-ਇਸਤਰੀਆਂ) ਪਤੀ ਤੋਂ ਵਿਛੜੀਆਂ ਹੋਈਆਂ (ਜੋ) ਅਗਿਆਨਤਾ ਕਰਕੇ ਅੰਨ੍ਹੀਆਂ ਹਨ, (ਉਹ) ਇਹ ਨਹੀਂ ਜਾਣਦੀਆਂ ਕਿ ਪਤੀ ਸਦਾ ਸਾਡੇ ਨਾਲ ਹੈ, ਇਸ (ਕਰਕੇ) ਦੁੱਖਾਂ ਵਿਚ ਰੋਂਦੀਆਂ ਰਹਿੰਦੀਆਂ ਹਨ। ੪।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਵਿਚ ਪ੍ਰਭੂ ਮਿਲਾਪ ਦੀ ਇੱਛਾ ਵਾਲੀਆਂ ਜੀਵ-ਇਸਤਰੀਆਂ ਨੂੰ ਉਪਦੇਸ਼ ਅਤੇ ਅਵਗੁਣਿਆਰੀ ਦੇ ਦੁਖੜਿਆਂ ਦਾ ਵਰਣਨ ਹੈ। ਗੁਰ ਉਪਦੇਸ਼ ਤੋਂ ਸੱਖਣੀ ਜੀਵ-ਇਸਤਰੀ ਪਤੀ ਪ੍ਰਮੇਸ਼ਰ ਨੂੰ ਨਹੀਂ ਪਾ ਸਕਦੀ। ਦ੍ਵੈਤ ਭਾਵਨਾ ਵਿਚ ਘਿਰੀ ਹੋਈ ਤੇ ਹਉਮੈ ਦੇ ਕਾਰਣ ਪ੍ਰਭੂ ਪਤੀ ਜੋ ਨੇੜੇ ਤੋਂ ਨੇੜੇ ਹਾਜ਼ਰਾ ਹਜ਼ੂਰ ਹੈ ਪਰ "ਮਨਮੁਖਿ ਜਾਤਾ ਦੂਰੇ॥" ਫੇਰ ਮਨਮੁਖ ਪ੍ਰਭੂ ਤੋਂ 'ਭੂਲੀ ਫਿਰੈ ਧਨ ਇਆਣੀਆ ਰੰਡ ਬੈਠੀ ਦੂਜੈ ਭਾਏ॥' ਦਾ ਜੀਵਨ ਵਿਅਰਥ ਬੀਤਦਾ ਦਸਿਆ ਹੈ। "ਆਵ ਘਟੈ ਤਨੁ ਛੀਜੈ॥"

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪੦ (ਅੰਗ ੫੮੬)

ਸਲੋਕੁ ਮਃ ੩ ॥ ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥ ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥ ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥ ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥ ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥੧ ॥ਮਃ ੩ ॥ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥ ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥੨ ॥ਪਉੜੀ ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥ ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਰਿ ਸਵਾਰੀ ॥ ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥ ੨ ॥

# ਪ੍ਰਾਕ੍ਥਨ :-

ਇਹ ਸ਼ਬਦ ਰਾਗੁ ਵਡਹੰਸ ਦੀ ਵਾਰ ਦੀ ਦੂਸਰੀ ਪਉੜੀ ਨਾਲ ਸਬੰਧਤ ਦੋ ਸਲੋਕ ਤੀਸਰੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਤ ਹੈ। ਇਸ ਦੇ ਅਰੰਭ ਵਿਚ ''ਭੈ ਵਿਚਿ ਸਭੁ ਆਕਾਰੁ ਹੈ,'' ਇਹ ਦੱਸ ਕੇ ਕਿ ਆਕਾਰਾਂ ਵਾਲੀ ਸਾਰੀ ਰਚਨਾ ਭੈ ਵਿਚ ਹੈ। ਅਗੇ ਕਿਹਾ ਹੈ :-''ਨਿਰਭਉ ਹਰਿ ਜੀਉ ਸੋਇ॥'' ਭੈ ਤੋਂ ਰਹਿਤ ਕੇਵਲ ਉਹ ਇਕ ਵਾਹਿਗੁਰੂ ਜੀ ਹੀ ਹੈ। ਬਾਕੀ ਸਾਰੇ ਜੀਅ ਜੰਤ ਭੈ ਵਿਚ ਹਨ। ਕੋਈ ਵੀ ਐਸਾ ਜੀਵ ਨਹੀਂ ਹੈ ਜਿਸ ਨੂੰ ਕਿਸੇ ਦਾ ਡਰ ਨਾ ਹੋਵੇ। ਸਾਰੇ ਦੇਵੀ ਦੇਵਤੇ ਵੀ ਡਰ ਦੇ ਸਹਿਤ ਹਨ, ਕਿਉਂਕਿ ਹਜ਼ੂਰ ਦਾ ਫੁਰਮਾਣ ਹੈ

## ਭੈ ਵਿਚਿ ਸਿਧ ਬੁਧ ਸੁਰਨਾਥ॥

ਚਉਰਾਸੀ ਸਿਧ ਤੇ ਬੁਧ ਜੀ ਅਤੇ ਸਾਰੇ ਦੇਵਤੇ ਤੇ ਦੇਵਤਿਆਂ ਦੇ ਨਾਥ ਸੁਆਮੀ ਸਭ (ਭੈ) ਡਰ ਵਿਚ ਹਨ। ਜੰਗਲ ਵਿਚ ਰਹਿਣ ਵਾਲੇ ਛੋਟੇ ਵੱਡੇ ਸਭ ਜੀਅ ਜੰਤ ਇਕ ਦੂਜੇ ਦੇ ਡਰ ਵਿਚ ਹਨ। ਜਿਸ ਤਰ੍ਹਾਂ ਮਿਰਗਾਂ ਨੂੰ ਸ਼ੇਰ ਦਾ ਡਰ ਹੈ ਪਰ ਜੰਗਲ ਵਿਚ ਰਹਿਣ ਵਾਲੇ ਹੋਰ ਜਿਤਨੇ ਜਾਨਵਰ ਹਨ, ਸਾਰਿਆਂ ਨੂੰ ਸ਼ੇਰ ਦਾ ਡਰ ਹੈ। ਸ਼ੇਰ ਨੂੰ ਵੀ 'ਸਰਭੇ' ਦਾ ਡਰ ਮੰਨਿਆ ਹੈ। ਭਗਤ ਕਬੀਰ ਜੀ ਦਾ ਫੁਰਮਾਨ ਹੈ ''ਜਬ ਹੀ ਸਿਆਰੁ ਸਿੰਘ ਕਉ ਖਾਇ॥ ਫੂਲ ਰਹੀ ਸਗਲ ਬਨਰਾਇ। (ਅੰਗ ੧੧੬੧) ਇਹ ''ਸਰਭ'' ਨਾਮ ਦਾ ਜਾਨਵਰ ਅੱਠ ਲੱਤਾਂ ਵਾਲਾ ਡਾਕਟਰ ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ, ਜੋ ਸ਼ੇਰ ਦਾ ਵੈਰੀ ਸ਼ੇਰ ਦੀ ਜਾਨ ਲੈਣ ਨੂੰ ਸਮਰਥ ਦਸਿਆ ਹੈ। ਇਸ ਲਈ ਸ਼ੇਰ ਨੂੰ ਵੀ ਇਸ ਦਾ ਡਰ ਬਣਿਆ ਰਹਿੰਦਾ ਹੈ। ਜਿਥੇ ਹਰ ਇਕ ਮਨੁੱਖ ਮਾਤਰ ਨੂੰ ਸੰਸਾਰ ਵਿਚ ਕਈ ਤਰ੍ਹਾਂ ਦਾ ਡਰ ਹੈ, ਉਥੇ ਮੌਤ ਦਾ ਡਰ ਵੀ ਸਭ ਨੂੰ ਹੈ। ਪਸ਼ੂ ਪੰਛੀ ਸਭ ਹੀ ਮੌਤ ਤੋਂ ਡਰਦੇ ਹਨ। ਇਕ ਕਥਾ ਹੈ ਯਮਰਾਜ ਨੂੰ ਦੇਖ ਕੇ ਕਬੂਤਰਾਂ ਦਾ ਜੋੜਾ ਕੰਬਣ ਲੱਗ ਗਿਆ ਸੀ।

## ਦੇਵਤਿਆਂ ਦੀ ਮੀਟਿੰਗ

ਇਕ ਵਾਰੀ ਦੀ ਘਟਨਾ ਹੈ ਕਿ ਸਾਰੇ ਫ਼ਰਿਸ਼ਤਿਆਂ ਨੇ ਰਲ ਕੇ ਇਕ ਪਹਾੜੀ ਉਪਰ ਮੀਟਿੰਗ ਰੱਖੀ। ਉਸ ਮੀਟਿੰਗ ਵਿਚ ਸਾਰੇ ਫ਼ਰਿਸ਼ਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਸਾਰਿਆਂ ਕੋਲ ਆਪੋ-ਆਪਣੀ ਸਵਾਰੀ ਦਾ ਪ੍ਰਬੰਧ ਸੀ। ਪੁਰਾਣਕ ਗ੍ਰੰਥਾਂ ਅਨੁਸਾਰ ਸ਼ਿਵਜੀ ਨੇ ਕਿਤੇ ਜਾਣਾ ਹੋਵੇ ਤਾਂ ਉਹ ਆਪਣੇ ਨੰਦੀ ਬਲਦ ਉਪਰ ਚੜ੍ਹ ਕੇ ਜਾਂਦਾ ਹੈ। ਵਿਸ਼ਨੂੰ ਗਰੁੜ ਉਪਰ ਚੜ੍ਹ ਕੇ ਜਾਂਦਾ ਹੈ। ਗਣੇਸ਼ ਦੀ ਸਵਾਰੀ ਚੂਹਾ ਹੈ। ਕਹਿੰਦੇ ਹਨ ਕਿ ਯਮਰਾਜ (ਅਜ਼ਰਾਈਲ) ਨੇ ਜਦੋਂ ਕਿਸੇ ਜੀਵ ਨੂੰ ਮੌਤ ਦੇ ਹਵਾਲੇ ਕਰਨਾ ਹੋਵੇ ਤਾਂ ਉਹ ਭੈਂਸੇ (ਝੋਟੇ) ਉਪਰ ਚੜ੍ਹ ਕੇ ਜਾਂਦਾ ਹੈ। ਇਸ ਤਰ੍ਹਾਂ ਉਹਨਾਂ ਫ਼ਰਿਸ਼ਤਿਆਂ ਦੀ ਮੀਟਿੰਗ ਵਿਚ ਸਾਰੇ ਫ਼ਰਿਸ਼ਤੇ ਇਕੱਠੇ ਹੋਣੇ ਸ਼ੁਰੂ ਹੋ ਗਏ। ਜਿਸ ਪਹਾੜੀ ਉਪਰ ਮੀਟਿੰਗ ਦਾ ਇਕੱਠ ਸੀ, ਉਸ ਪਹਾੜੀ ਦੇ ਕਿਨਾਰੇ 'ਤੇ ਇਕ ਬਹੁਤ ਵੱਡਾ ਦਰੱਖ਼ਤ ਸੀ। ਸਾਰੇ ਫ਼ਰਿਸ਼ਤਿਆਂ ਨੇ ਆਪੋ-ਆਪਣੀਆਂ ਸਵਾਰੀਆਂ ਉਸ ਦਰੱਖ਼ਤ ਦੇ ਹੇਠਾਂ ਲਿਆ ਖੜ੍ਹੀਆਂ ਕੀਤੀਆਂ। ਸ਼ਿਵਜੀ ਆਇਆ ਤੇ ਉਸ ਨੇ ਆਪਣਾ ਨੰਦੀ ਬਲਦ ਲਿਆ ਖੜ੍ਹਾ ਕੀਤਾ।

ਵਿਸ਼ਨੂੰ ਦੀ ਸਵਾਰੀ ਗਰੁੜ ਸੀ, ਉਹ ਵੀ ਉੱਡ ਕੇ ਦਰੱਖ਼ਤ ਉਪਰ ਬੈਠ ਗਿਆ। ਬ੍ਰਹਮਾ ਜੀ ਆਏ, ਉਸ ਦੀ ਸਵਾਰੀ ਹੰਸ ਉਹ ਵੀ ਨਾਲ ਆ ਬੈਠਾ ਸੀ। ਉਸ ਦੇ ਨਾਲ ਹੀ ਇਕ ਕਬੂਤਰ ਬੈਠਾ ਸੀ। ਜਦੋਂ ਯਮਰਾਜ ਆਪਣੇ ਭੈਂਸੇ (ਝੋਟੇ) ਉਪਰ ਚੜ੍ਹ ਕੇ ਆਇਆ ਤਾਂ ਉਸ ਨੇ ਆਪਣਾ ਭੈਂਸਾ ਦਰੱਖ਼ਤ ਹੇਠਾਂ ਖੜ੍ਹਾ ਕਰਦੇ ਸਮੇਂ, ਦਰੱਖ਼ਤ ਉਪਰ ਬੈਠੇ ਕਬੂਤਰ ਵੱਲ ਦੇਖਿਆ। ਕਬੂਤਰ ਵੀ ਯਮਰਾਜ ਨੂੰ ਆਪਣੇ ਵੱਲ ਦੇਖਦਿਆਂ ਵੇਖ ਕੇ, ਡਰ ਦੇ ਨਾਲ ਘਬਰਾਇਆ ਅਤੇ ਕੰਬਣ ਲੱਗਾ। ਨਾਲ ਬੈਠੇ ਹੰਸ ਨੇ ਕਬੂਤਰ ਨੂੰ ਪੁੱਛਿਆ ਕਿ, "ਤੂੰ ਕਿਉਂ ਏਨਾ ਕੰਬ ਰਿਹਾ ਹੈਂ?" ਕਬੂਤਰ ਕਹਿਣ ਲੱਗਾ ਕਿ, "ਕੋਈ ਗੱਲ ਨਹੀਂ।" ਹੰਸ ਨੇ ਫਿਰ ਪੁੱਛਿਆ ਕਿ "ਆਖ਼ਰ ਤੈਨੂੰ ਹੋ ਕੀ ਗਿਆ ਹੈ। ਤੂੰ ਚੰਗਾ ਭਲਾ ਸੈਂ?" ਕਬੂਤਰ ਕਹਿਣ ਲੱਗਾ ਕਿ, "ਯਮਰਾਜ ਆਪਣਾ ਭੈਂਸਾ ਖੜ੍ਹਾ ਕਰਦੇ ਸਮੇਂ ਮੇਰੇ ਵੱਲ ਦੇਖ ਗਿਆ ਹੈ।" ਹੰਸ ਕਹਿਣ ਲੱਗਾ ਕਿ "ਇਸ ਵਿਚ ਕੀ ਹੈ। ਤੂੰ ਕਿਉਂ ਘਬਰਾ ਗਿਆ ਹੈਂ?" ਕਬੂਤਰ ਕਹਿਣ ਲੱਗਾ, ਤੈਨੂੰ ਪਤਾ ਹੀ ਨਹੀਂ ਕਿ ਯਮਰਾਜ ਦੇ ਦੇਖਣ ਦਾ ਕੀ ਮਤਲਬ ਹੁੰਦਾ ਹੈ?" ਹੰਸ ਕਹਿਣ ਲੱਗਾ ਕਿ, "ਮੈਨੂੰ ਨਹੀਂ ਪਤਾ।" ਕਬੂਤਰ ਕਹਿਣ ਲੱਗਾ ਕਿ, "ਜਿਸ ਜੀਵ ਦੀ ਮੌਤ ਹੋਣੀ ਹੋਵੇ, ਉਸ ਵੱਲ ਯਮਰਾਜ ਦੇਖਦਾ ਹੈ। ਕਿਉਂਕਿ ਯਮਰਾਜ ਦੀ ਡਿਊਟੀ ਜੀਵਾਂ ਨੂੰ ਪਕੜ ਕੇ ਮੌਤ ਦੇ ਹਵਾਲੇ ਕਰਨਾ ਹੈ।" ਇਹ ਸੁਣ ਕੇ ਹੰਸ, ਕਬੂਤਰ ਨੂੰ ਕਹਿਣ ਲੱਗਾ ਕਿ, ਤੂੰ ਫ਼ਿਕਰ ਨਾ ਕਰ। ਯਮਰਾਜ ਨੂੰ ਅਜੇ ਮੀਟਿੰਗ ਵਿਚ ਕਾਫ਼ੀ ਸਮਾਂ ਲੱਗ ਜਾਣਾ ਹੈ। ਉਨੀ ਦੇਰ ਵਿਚ ਮੈਂ ਤੈਨੂੰ ਏਨੀ ਦੂਰ ਛੱਡ ਕੇ ਆਉਂਦਾ ਹਾਂ ਕਿ ਯਮਰਾਜ ਤੈਨੂੰ ਲੱਭ ਨਹੀਂ ਸਕੇਗਾ। ਮੇਰੀ ਉਡਾਰੀ ਏਨੀ ਤੇਜ਼ ਹੈ ਕਿ ਬ੍ਰਹਮਾ ਨੇ ਜਿਥੇ ਵੀ ਜਾਣਾ ਹੋਵੇ, ਮੈਂ ਮਿੰਟਾਂ ਸਕਿੰਟਾਂ ਵਿਚ ਉਸ ਨੂੰ ਉਥੇ ਲੈ ਜਾਂਦਾ ਹਾਂ। ਤੂੰ ਮੇਰੀ ਪਿੱਠ 'ਤੇ ਬੈਠ ਤੇ ਮੈਂ ਤੈਨੂੰ ਮਿੰਟਾਂ ਵਿਚ ਹੀ ਕਿਤੇ ਦੂਰ ਛੱਡ ਆਉਂਦਾ ਹਾਂ। ਯਮਰਾਜ ਆਪੇ ਤੈਨੂੰ ਏਥੇ ਇਸ ਦਰੱਖ਼ਤ ਉਪਰ ਲੱਭਦਾ ਰਹੇਗਾ।"

ਕਹਿੰਦੇ ਹਨ ਕਿ ਉਹ ਕਬੂਤਰ ਹੰਸ ਦੀ ਪਿੱਠ ਉਪਰ ਬੈਠ ਗਿਆ ਅਤੇ ਹੰਸ ਨੇ ਐਸੀ ਉਡਾਰੀ ਭਰੀ ਕਿ ਝੱਟ ਉਸ ਨੂੰ ਹਜ਼ਾਰਾਂ ਮੀਲ ਦੂਰ ਲੈ ਗਿਆ। ਬਹੁਤ ਦੂਰ ਸਮੁੰਦਰਾਂ ਵਿਚਕਾਰ ਇਕ ਦਰੱਖ਼ਤ ਦੀ ਇਕ ਖੋੜ੍ਹ ਵਿਚ ਉਸ ਕਬੂਤਰ ਨੂੰ ਬਿਠਾ ਕੇ ਹੰਸ ਕਹਿਣ ਲੱਗਾ ਕਿ "ਤੂੰ ਏਸ ਖੋੜ੍ਹ ਵਿਚ ਆਪਣਾ ਘਰ ਬਣਾ ਕੇ ਰਹਿ। ਏਥੇ ਯਮਰਾਜ ਨਹੀਂ ਆ ਸਕਦਾ।" ਕਬੂਤਰ ਨੇ ਹੰਸ ਦੀ ਬੜੀ ਮਿਹਰਬਾਨੀ ਸਮਝੀ ਤੇ ਬੜੇ ਪ੍ਰੇਮ ਨਾਲ ਧੰਨਵਾਦ ਸਹਿਤ ਹੰਸ ਨੂੰ ਕਬੂਤਰ ਨੇ ਵਿਦਾ ਕੀਤਾ। ਜਦੋਂ ਹੰਸ ਵਾਪਿਸ ਆਪਣੇ ਉਸੇ ਹੀ ਟਿਕਾਣੇ 'ਤੇ ਪਹੁੰਚਿਆ ਤਾਂ ਫ਼ਰਿਸ਼ਤਿਆਂ ਦੀ ਮੀਟਿੰਗ ਵੀ ਸੰਪੂਰਨ ਹੋਈ ਤਾਂ ਸਾਰੇ ਫ਼ਰਿਸ਼ਤੇ ਆਪੋ-ਆਪਣੀ ਸਵਾਰੀ ਲੈਣ ਲਈ ਦਰੱਖ਼ਤ ਵੱਲ ਆਏ। ਯਮਰਾਜ ਨੇ ਆਉਂਦਿਆਂ ਹੀ ਦਰੱਖ਼ਤ ਦੇ ਉੱਪਰ ਦੇਖਣਾ ਸ਼ੁਰੂ ਕੀਤਾ। ਹੰਸ ਯਮਰਾਜ ਨੂੰ ਪੁੱਛਣ ਲੱਗਾ ਕਿ, "ਕੀ ਦੇਖਦੇ ਹੋ?" ਯਮਰਾਜ ਕਹਿਣ ਲੱਗਾ ਕਿ, "ਏਥੇ ਇਕ ਕਬੂਤਰ ਬੈਠਾ ਸੀ। ਮੈਂ ਉਸ ਨੂੰ ਦੇਖਦਾ ਹਾਂ।" ਹੰਸ ਕਹਿਣ ਲੱਗਾ ਕਿ, "ਹੁਣ ਨਹੀਂ ਤੁਸੀਂ ਉਸ ਨੂੰ ਲੱਭ ਸਕਦੇ।" ਯਮਰਾਜ ਕਹਿਣ ਲੱਗਾ "ਕਿਉਂ? ਹੁਣ ਉਹ ਕਿਥੇ ਗਿਆ ਹੈ?" ਹੰਸ ਕਹਿਣ ਲੱਗਾ ਕਿ, "ਮੈਂ ਉਸ ਕਬੂਤਰ ਨੂੰ ਏਨੀ ਦੂਰ ਇਕ ਦਰੱਖ਼ਤ ਦੀ ਖੋੜ੍ਹ ਵਿਚ ਛੱਡ ਕੇ ਆਇਆ ਹਾਂ ਕਿ ਤੁਸੀਂ ਓਥੇ ਨਹੀਂ ਪਹੁੰਚ ਸਕਦੇ।" ਇਹ ਸੁਣਕੇ ਕਹਿੰਦੇ ਹਨ ਕਿ ਯਮਰਾਜ ਬੜਾ ਹੱਸਿਆ।

ਯਮਰਾਜ ਨੂੰ ਹੰਸ ਪੁੱਛਦਾ ਹੈ ਕਿ, ''ਤੁਸੀਂ ਕਿਉਂ ਹੱਸਦੇ ਹੋ?'' ਯਮਰਾਜ ਕਹਿਣ ਲੱਗਾ ਕਿ, ''ਜਿਹੜਾ ਕੰਮ ਮੇਰਾ ਸੀ, ਉਹ ਤੂੰ ਹੀ ਕਰਕੇ ਆ ਗਿਆ ਹੈਂ। ਮੈਂ ਤਾਂ ਫ਼ਿਕਰ ਵਿਚ ਸੀ ਕਿ, ਉਸ ਕਬੂਤਰ ਦੀ ਮੌਤ ਏਨੀ ਦੂਰ ਜਾ ਕੇ ਹੋਣੀ ਹੈ, ਪਰ ਇਹ ਕਬੂਤਰ ਬੈਠਾ ਏਥੇ ਹੈ। ਇਸ ਨੂੰ ਮੈਂ ਓਥੇ ਕਿਵੇਂ ਪਹੁੰਚਾਵਾਂਗਾ? ਏਸੇ ਵਾਸਤੇ ਹੀ ਮੈਂ ਉਸ ਕਬੂਤਰ ਵੱਲ ਏਨਾ ਸਮਾਂ ਪਹਿਲਾਂ ਵੇਖਿਆ ਸੀ ਕਿ ਠੀਕ ਸਹੀ ਸਮੇਂ ਸਿਰ ਉਹ ਓਥੇ ਪਹੁੰਚ ਸਕੇ। ਸੋ ਠੀਕ ਸਹੀ ਸਮੇਂ ਨਾਲ ਐ ਹੰਸ! ਏਨੀ ਦੂਰ ਉਸ ਨੂੰ ਤੂੰ ਹੀ ਪਹੁੰਚਾ ਸਕਦਾ ਸੈਂ। ਇਸ ਵਾਸਤੇ ਤੇਰੇ ਵਿਚ ਬੈਠ ਕੇ ਮੈਂ ਹੀ ਉਸ ਨੂੰ ਇਹ ਸਲਾਹ ਦਿੱਤੀ ਸੀ ਕਿ ਮੈਂ ਤੈਨੂੰ ਓਥੇ ਛੱਡ ਆਉਂਦਾ ਹਾਂ, ਜਿਥੇ ਮੌਤ ਨਹੀਂ ਪਹੁੰਚ ਸਕਦੀ।''

**ਸਲੋਕੁ ਮਃ ੩ ॥ ਭੈ ਵਿਚਿ ਸਭੁ ਆਕਾਰੁ ਹੈ ਨਿਰਭਉ ਹਰਿ ਜੀਉ ਸੋਇ ॥ ਸਤਿਗੁਰਿ ਸੇਵਿਐ ਹਰਿ ਮਨਿ ਵਸੈ ਤਿਥੈ ਭਉ ਕਦੇ ਨ ਹੋਇ ॥ ਦੁਸਮਨੁ ਦੁਖੁ ਤਿਸ ਨੋ ਨੇੜਿ ਨ ਆਵੈ ਪੋਹਿ ਨ ਸਕੈ ਕੋਇ ॥ ਗੁਰਮੁਖਿ ਮਨਿ ਵੀਚਾਰਿਆ ਜੋ ਤਿਸੁ ਭਾਵੈ ਸੁ ਹੋਇ ॥ ਨਾਨਕ ਆਪੇ ਹੀ ਪਤਿ ਰਖਸੀ ਕਾਰਜ ਸਵਾਰੇ ਸੋਇ ॥ ੧ ॥**

**ਪਦ ਅਰਥ :–** ਭੈ-ਡਰ। ਆਕਾਰੁ-ਵਜੂਦ ਭਾਵ ਆਕਾਰ ਵਾਲੀ ਰਚਨਾ। ਪੋਹਿ ਨਾ ਸਕੈ-ਨਹੀਂ ਵਿਆਪ ਸਕਦਾ। ਮਨਿ-ਮਨ ਵਿਚ।

**ਅਰਥ :–** ਹੇ ਭਾਈ! ਸਾਰੀ ਆਕਾਰਾਂ ਵਾਲੀ ਰਚਨਾ (ਭਾਵ ਸਾਰੇ ਜੀਅ ਜੰਤ) ਡਰ ਵਿਚ ਹਨ, (ਇਕ ਉਹ) ਹਰਿ ਜੀਉ (ਵਾਹਿਗੁਰੂ) ਜੀ ਹੀ ਡਰ ਤੋਂ ਰਹਿਤ ਹੈ। (ਉਹ) ਹਰਿ (ਜੀਉ) ਸਤਿਗੁਰੂ ਦੇ ਸੇਵਨ ਕਰਕੇ ਮਨ ਵਿਚ ਆ ਵਸਦਾ ਹੈ ਤੇ (ਜਿਥੇ ਪ੍ਰਭੂ ਆ ਵਸਦਾ ਹੈ) ਉਥੇ ਫਿਰ ਕਦੇ ਕਿਸੇ ਦਾ ਡਰ ਨਹੀਂ ਵਿਆਪਦਾ। ਉਸਨੂੰ ਦੁੱਖ ਦੇਣ ਵਾਸਤੇ ਦੁਸ਼ਮਨ ਉਸਦੇ ਨੇੜੇ ਨਹੀਂ ਆ ਸਕਦਾ, (ਨਾ ਹੀ ਉਸ ਨੂੰ ਕੋਈ ਡਰ) ਪੋਹ ਸਕਦਾ ਹੈ। ਗੁਰਮੁਖਾਂ ਨੇ ਮਨ ਵਿਚ ਵਿਚਾਰ ਕੇ (ਇਹ ਸਮਝਿਆ ਹੈ ਕਿ) ਜੋ ਉਸ (ਪ੍ਰਭੂ) ਨੂੰ ਭਾਉਂਦਾ ਹੈ ਸੋ ਹੁੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹ (ਪ੍ਰਭੂ) ਆਪ ਹੀ ਜਿੰਨ੍ਹਾਂ ਸੇਵਕਾਂ ਦੇ ਕਾਰਜ ਸਵਾਰਦਾ ਹੈ, (ਉਨ੍ਹਾਂ ਆਪਣੇ ਪਿਆਰਿਆਂ ਦੀ) ਪਤਿ ਵੀ (ਉਹ) ਆਪ ਹੀ ਰਖੇਗਾ। ੧।

**ਮਃ ੩ ॥ ਇਕਿ ਸਜਣ ਚਲੇ ਇਕਿ ਚਲਿ ਗਏ ਰਹਦੇ ਭੀ ਫੁਨਿ ਜਾਹਿ ॥ ਜਿਨੀ ਸਤਿਗੁਰੁ ਨ ਸੇਵਿਓ ਸੇ ਆਇ ਗਏ ਪਛੁਤਾਹਿ ॥ ਨਾਨਕ ਸਚਿ ਰਤੇ ਸੇ ਨ ਵਿਛੁੜਹਿ ਸਤਿਗੁਰੁ ਸੇਵਿ ਸਮਾਹਿ ॥ ੨ ॥**

**ਪਦ ਅਰਥ :–** ਸਜਣ-ਮਿੱਤਰ। ਰਹਦੇ-ਜੋ ਬਾਕੀ ਰਹਿੰਦੇ ਹਨ। ਫੁਨਿ-ਫਿਰ। ਪਛੁਤਾਹਿ-ਪਛਤਾਂਦੇ ਹਨ। ਸਮਾਹਿ-ਸਮਾਅ ਜਾਂਦੇ ਹਨ।

**ਅਰਥ :–** ਹੇ ਭਾਈ! ਇਕ ਪਿਆਰੇ (ਸੱਜਣ) ਮਿੱਤਰ (ਇਸ ਫਾਨੀ ਸੰਸਾਰ ਤੋਂ) ਹੁਣ ਚਲੇ ਹਨ

(ਅਤੇ ਇਕ ਕਈ ਸਰੀਰ ਤਿਆਗ ਕੇ) ਪਹਿਲਾਂ ਚਲੇ ਗਏ ਹਨ (ਤੇ ਜੋ ਬਾਕੀ) ਰਹਿੰਦੇ ਹਨ (ਉਹ) ਵੀ ਫਿਰ (ਆਪਣੇ ਆਪਣੇ ਸਮੇਂ ਅਨੁਸਾਰ ਇਸ ਸੰਸਾਰ ਤੋਂ) ਚਲੇ ਜਾਣਗੇ। ਜਿਨ੍ਹਾਂ (ਮਨੁੱਖਾਂ) ਨੇ ਸਤਿਗੁਰੂ ਨੂੰ ਸੇਵਿਆ (ਸਿਮਰਿਆ) ਨਹੀਂ (ਉਹ) ਸੰਸਾਰ ਵਿਚ ਆਏ ਸਨ (ਪਰ ਬਿਨਾਂ ਸਿਮਰਨ ਕੀਤੇ) ਅੰਤ ਨੂੰ ਪਛਤਾਉਂਦੇ ਗਏ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ ਸਤਿਗੁਰੂ ਦੀ ਸੇਵਾ (ਤੇ ਸਿਮਰਨ ਕਰਕੇ) ਪ੍ਰਭੂ ਵਿਚ ਸਮਾਏ ਹਨ, ਉਹ ਸੱਚ ਸਰੂਪ ਵਿਚ ਰਤੇ ਹੋਏ ਕਦੇ ਉਸ ਨਾਲੋਂ ਵਿਛੜਦੇ ਨਹੀਂ ਹਨ।੨।

**ਪਉੜੀ ॥ ਤਿਸੁ ਮਿਲੀਐ ਸਤਿਗੁਰ ਸਜਣੈ ਜਿਸੁ ਅੰਤਰਿ ਹਰਿ ਗੁਣਕਾਰੀ ॥ ਤਿਸੁ ਮਿਲੀਐ ਸਤਿਗੁਰ ਪ੍ਰੀਤਮੈ ਜਿਨਿ ਹੰਉਮੈ ਵਿਚਹੁ ਮਾਰੀ ॥ ਸੋ ਸਤਿਗੁਰੁ ਪੂਰਾ ਧਨੁ ਧੰਨੁ ਹੈ ਜਿਨਿ ਹਰਿ ਉਪਦੇਸੁ ਦੇ ਸਭ ਸ੍ਰਿਸ੍ਟਿ ਸਵਾਰੀ ॥ ਨਿਤ ਜਪਿਅਹੁ ਸੰਤਹੁ ਰਾਮ ਨਾਮੁ ਭਉਜਲ ਬਿਖੁ ਤਾਰੀ ॥ ਗੁਰਿ ਪੂਰੈ ਹਰਿ ਉਪਦੇਸਿਆ ਗੁਰ ਵਿਟੜਿਅਹੁ ਹੰਉ ਸਦ ਵਾਰੀ ॥ ੨ ॥**

**ਪਦ ਅਰਥ :-** ਸਤਿਗੁਰ ਸਜਣੈ-ਸਤਿਗੁਰੂ ਸੱਜਣ ਮਿੱਤਰ ਨੂੰ। ਗੁਣਕਾਰੀ-ਗੁਣਾਂ ਦਾ ਕਰਤਾ ਵਾਹਿਗੁਰੂ ਜੀ। ਭਉਜਲ ਬਿਖੁ-ਜ਼ਹਿਰੀਲਾ ਸੰਸਾਰ। ਤਾਰੀ-ਤਾਰਦਾ ਹੈ।

**ਅਰਥ :-** ਉਸ ਸਤਿਗੁਰੂ ਸੱਜਣ (ਮਿੱਤਰ) ਨੂੰ ਮਿਲਣਾ ਚਾਹੀਦਾ ਹੈ, ਜਿਸਦੇ ਹਿਰਦੇ ਵਿਚ ਗੁਣਾਂ ਦਾ ਕਰਤਾ (ਵਾਹਿਗੁਰੂ) ਜੀ ਵੱਸਦਾ ਹੈ। ਉਸ ਪਿਆਰੇ ਸਤਿਗੁਰੂ ਨੂੰ ਮਿਲਣਾ ਚਾਹੀਦਾ ਹੈ, ਜਿਸ ਨੇ (ਆਪਣੇ) ਅੰਦਰੋਂ ਹਉਮੈ ਨੂੰ ਮਾਰ ਦਿੱਤਾ ਹੈ। ਉਹ ਪੂਰਾ ਸਤਿਗੁਰੂ ਸਾਹਿਬ ਜੀ, ਧੰਨਤਾ ਯੋਗ ਹੈ, ਜਿਸ ਨੇ ਹਰੀ (ਪ੍ਰਭੂ) ਦਾ ਉਪਦੇਸ਼ ਦੇ ਕੇ ਸਾਰੀ ਸ੍ਰਿਸ਼ਟੀ ਸਵਾਰ (ਸੁਧਾਰ) ਦਿੱਤੀ ਹੈ। ਹੇ (ਪ੍ਰਭੂ ਪਿਆਰੇ) ਸੰਤ ਜਨੋਂ ! ਰਾਮ ਦਾ ਨਾਮ ਹਮੇਸ਼ਾ ਜਪਣਾ ਕਰੋ (ਕਿਉਂਕਿ ਪ੍ਰਮੇਸ਼ਰ ਦਾ ਨਾਮ) ਜ਼ਹਿਰ ਰੂਪ (ਸੰਸਾਰ) ਸਮੁੰਦਰ ਤੋਂ ਤਾਰਨ ਵਾਲਾ ਹੈ। ਪੂਰੇ ਗੁਰੂ ਨੇ ਹਰੀ ਨਾਮ (ਸਿਮਰਨ ਕਰਨ ਦਾ) ਮੈਨੂੰ ਉਪਦੇਸ਼ ਦਿੱਤਾ ਹੈ, (ਇਸ ਲਈ) ਗੁਰੂ ਤੋਂ ਮੈਂ ਸਦਾ ਹੀ ਸਦਕੇ ਜਾਂਦਾ ਹਾਂ। ੨।

## ਵਿਆਖਿਆ ਤੇ ਸਾਰੰਸ਼

ਅਰੰਭ ਵਿਚ ਸਾਰੀ ਰਚਨਾ ਭੈ ਵਿਚ ਦੱਸੀ ਹੈ। ਦੂਜੇ ਸਲੋਕ ਵਿਚ ਸੰਸਾਰਕ ਜੀਵ ਚਲੇ ਜਾ ਰਹੇ ਦਰਸਾਏ ਹਨ। ਪਉੜੀ ਵਿਚ ਸਤਿਗੁਰੂ ਨਾਲ ਮਿਲ ਕੇ ਨਾਮ ਸਿਮਰਨ ਕਰਨ ਦੀ ਸਿਖਿਆ ਦਿੱਤੀ ਹੈ ਤੇ ਨਾਲ ਹੀ ਨਾਮ ਜਪ ਕੇ ਜ਼ਹਿਰ ਰੂਪ ਸੰਸਾਰ ਸਮੁੰਦਰ ਤੋਂ ਸੌਖਿਆਂ ਤਰੀਦਾ ਦਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

✯✯✯

ਸ੍ਰੀ ਮੁਖਵਾਕ ਨੰਬਰ ੪੧ (ਅੰਗ ੫੮੭)

ਸਲੋਕ ਮਃ ੩ ॥ ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥ ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥ ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥ ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥ ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥ ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥ ੧ ॥ ਮਃ ੩ ॥ ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥ ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥ ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥ ੨ ॥ ਪਉੜੀ ॥ ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥ ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ ॥ ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥ ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥ ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ ॥ ੫ ॥

## ਪ੍ਰਾਕ੍ਥਨ :-

ਇਹ ਪਾਵਣ ਸ਼ਬਦ ਸ੍ਰੀ ਗੁਰੂ ਅਮਰਦਾਸ ਜੀ ਦਾ ਵਡਹੰਸ ਰਾਗੁ ਦੀ ਵਾਰ ਅੰਦਰ ਪੰਜਵੀਂ ਪਉੜੀ ਨਾਲ ਦੋ ਸਲੋਕਾਂ ਸਮੇਤ ਹੈ।

## ਗੁਰਮੁਖ ਸੱਜਣ

ਇਸਦੇ ਆਦਿ ਵਿਚ ਉਨ੍ਹਾਂ ਗੁਰਮੁਖ ਸੱਜਣਾਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਦਾ ਸੱਚੇ ਸਤਿਗੁਰੂ ਨਾਲ ਪਿਆਰ ਲੱਗਿਆ ਹੈ। ਉਹ ਗੁਰਮੁਖਿ ਸੱਜਣ ਸਤਿਸੰਗੀ ਸੱਜਣਾਂ ਨਾਲ ਮਿਲ ਕੇ ਸੰਗਤ ਰੂਪ ਵਿਚ ਇਕੱਠੇ ਹੋ ਕੇ ਸੱਚੇ ਪ੍ਰਭੂ ਨੂੰ ਯਾਦ ਕਰਦੇ ਹਨ। ਭਾਈ ਗੁਰਦਾਸ ਜੀ ਦੇ ਸੁੰਦਰ ਬਚਨ ਹਨ:-

*ਗੁਰਮੁਖਿ ਪੈਰ ਸਕਾਰਥੇ ਗੁਰਮੁਖਿ ਮਾਰਗਿ ਚਾਲ ਚਲੰਦੇ।*
*ਗੁਰੂ ਦੁਆਰੈ ਜਾਨਿ ਚਲਿ ਸਾਧਸੰਗਤਿ ਚਲਿ ਜਾਇ ਬਹੰਦੇ।*
*ਧਾਵਨ ਪਰਉਪਕਾਰ ਨੋ ਗੁਰਸਿਖਾ ਨੋ ਖੋਜਿ ਲਹੰਦੇ।*
*ਦੁਬਿਧਾ ਪੰਥਿ ਨਾ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।*
*ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।*
*ਗੁਰਸਿਖਾ ਪਰਦਖਣਾਂ ਪੈਰੀ ਪੈ ਰਹਰਾਸਿ ਕਰੰਦੇ।*
*ਗੁਰ ਚੇਲੇ ਪਰਚੈ ਪਰਚੰਦੇ॥੧੩॥* (ਵਾਰ ੬, ਪਉੜੀ ੧੩)

## ਸਾਖੀ—ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਝੰਡਾ ਜੀ

ਜਗਤ ਜੀਆਂ ਦੇ ਤਾਰਨਹਾਰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ, ਚੂੜਾਮਣਿ ਕਵਿ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ ਜਦ ਸਮੁੰਦਰ ਦੇ ਇਕ ਟਾਪੂ ਵਿਚ ਗਏ ਸਨ, ਉਸ ਵੇਲੇ ਉਸ ਟਾਪੂ ਉਪਰ ਸੁਧਰ ਸੈਨ ਰਾਜੇ ਦਾ ਰਾਜ ਸੀ। ਸਤਿਗੁਰੂ ਇਕ ਨਗਰ ਤੋਂ ਬਾਹਰ ਰਮਣੀਕ ਜਗ੍ਹਾ 'ਤੇ ਬੈਠੇ ਹਨ। ਜਦ ਬੈਠਿਆਂ ਕੁਝ ਸਮਾਂ ਬੀਤਿਆ ਤਾਂ ਭਾਈ ਮਰਦਾਨਾ ਜੀ ਨੇ ਬੇਨਤੀ ਕੀਤੀ ਕਿ ਸਤਿਗੁਰੂ ਜੀ ! ਮੈਨੂੰ ਆਗਿਆ ਦਿਉ ਤਾਂ ਕਿ ਮੈਂ ਨਗਰ ਵਿਚ ਜਾ ਕੇ ਭੋਜਨ ਛਕ ਆਵਾਂ। ਸਤਿਗੁਰੂ ਜੀ ਕਹਿਣ ਲੱਗੇ, ਮਰਦਾਨਿਆਂ, ਭੋਜਨ ਕਿਥੋਂ ਲੈ ਕੇ ਖਾਏਂਗਾ ? ਭਾਈ ਮਰਦਾਨਾ ਜੀ ਕਹਿਣ ਲੱਗੇ, ਪਾਤਿਸ਼ਾਹ ! ਤੁਸੀਂ ਕਿਰਪਾ ਕਰੋ, ਮੈਨੂੰ ਤਾਂ ਇਥੇ ਕੋਈ ਵੀ ਨਹੀਂ ਜਾਣਦਾ। ਨਾ ਹੀ ਮੇਰਾ ਇਥੇ ਕੋਈ ਮਿੱਤਰ ਹੈ। ਸਤਿਗੁਰੂ ਜੀ ਕਹਿਣ ਲੱਗੇ ਮਰਦਾਨਿਆਂ, ਇਥੇ ਅਸਾਡਾ ਇਕ ਮਿੱਤਰ ਹੈ ਭਾਈ ਝੰਡਾ, ਤੂੰ ਉਸ ਕੋਲ ਚਲਿਆ ਜਾ। ਭਾਈ ਮਰਦਾਨਾ ਜੀ ਆਗਿਆ ਲੈ ਕੇ ਨਗਰ ਵਿਚ ਗਏ ਹਨ। ਰਸਤੇ ਵਿਚ ਇਕ ਮਨੁੱਖ ਮਿਲਿਆ ਹੈ, ਜਿਸਦਾ ਨਾਂ ਇੰਦ੍ਰਸੈਨ ਹੈ। ਉਸਨੂੰ ਭਾਈ ਮਰਦਾਨੇ ਨੇ ਭਾਈ ਝੰਡੇ ਦਾ ਘਰ ਪੁੱਛਿਆ ਹੈ। ਭਾਈ ਇੰਦ੍ਰਸੈਨ ਮਰਦਾਨੇ ਨੂੰ ਝੰਡੇ ਦੇ ਘਰ ਲੈ ਗਿਆ। ਉਸ ਵੇਲੇ ਭਾਈ ਝੰਡਾ ਮੰਜੀ ਬੁਣ ਰਿਹਾ ਸੀ। ਸੰਤ ਸਰੂਪ ਭਾਈ ਮਰਦਾਨਾ ਜੀ ਨੂੰ ਦੇਖ

ਕੇ ਸਤਿਕਾਰ ਕੀਤਾ ਤੇ ਮੰਜੀ 'ਤੇ ਬਿਠਾਇਆ ਹੈ। ਭਾਈ ਝੰਡੇ ਨੇ ਪੁੱਛਿਆ ਕਿ ਤੁਸੀਂ ਕੌਣ ਹੋ? ਤੁਹਾਨੂੰ ਕੀ ਕੰਮ ਹੈ? ਭਾਈ ਮਰਦਾਨਾ ਜੀ ਨੇ ਦੱਸਿਆ ਕਿ ਮੈਂ ਮਰਦਾਨਾ ਗੁਰੂ ਨਾਨਕ ਦੇਵ ਜੀ ਦਾ ਕੀਰਤਨੀਆਂ ਹਾਂ। ਤੇਰੇ ਕੋਲ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭੇਜਿਆ ਹੈ। ਭਾਈ ਝੰਡਾ ਕਹਿਣ ਲੱਗਿਆ ਕਿ ਮੈਂ ਤਾਂ ਉਹਨਾਂ ਨੂੰ ਜਾਣਦਾ ਨਹੀਂ ਹਾਂ। ਐਸੇ ਨਾਮ ਵਾਲਿਆਂ ਨੂੰ ਨਾ ਤਾਂ ਕਦੇ ਮੈਂ ਸੁਣਿਆ ਤੇ ਨਾ ਹੀ ਕਦੇ ਦੇਖਿਆ ਹੈ। ਭਾਈ ਮਰਦਾਨਾ ਜੀ ਕਹਿਣ ਲੱਗੇ ਕਿ ਭਾਵੇਂ ਤੂੰ ਨਹੀਂ ਜਾਣਦਾ ਪਰ ਸਤਿਗੁਰੂ ਜੀ ਤੈਨੂੰ ਜਾਣਦੇ ਹਨ। ਜੇ ਉਹ ਤੈਨੂੰ ਜਾਣਦੇ ਸੀ ਤਾਂ ਹੀ ਉਹਨਾਂ ਮੈਨੂੰ ਤੇਰਾ ਨਾਂ ਦੱਸ ਕੇ ਤੇਰੇ ਕੋਲ ਭੇਜਿਆ ਹੈ, ਇਸ ਲਈ ਚਲ ਕੇ ਤੂੰ ਮਿਲ ਲੈਣਾ ਕਰ।

ਭਾਈ ਝੰਡਾ ਭਾਈ ਮਰਦਾਨਾ ਜੀ ਨੂੰ ਲੈ ਕੇ ਅਤੇ ਕੁਝ ਭੇਟਾਵਾਂ ਲੈ ਕੇ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਏ ਹਨ। ਰਸਤੇ ਵਿਚ ਭਾਈ ਮਰਦਾਨਾ ਜੀ ਨੇ ਪੁੱਛਿਆ ਕਿ ਜੋ ਮੈਨੂੰ ਤੇਰੇ ਘਰ ਲੈ ਕੇ ਆਇਆ ਹੈ, ਉਹ ਕੌਣ ਹੈ। ਭਾਈ ਝੰਡੇ ਨੇ ਕਿਹਾ ਕਿ ਉਹ ਭਾਈ ਇੰਦਰਸੈਨ ਹੈ ਤੇ ਉਹ ਇਥੋਂ ਦੇ ਰਾਜੇ ਸੁਧਰਸੈਨ ਦਾ ਭਾਣਜਾ ਹੈ। ਉਹ ਮੇਰਾ ਪਰਮ ਮਿੱਤਰ ਹੈ। ਅਸੀਂ ਇਕਾਂਤ ਵਿਚ ਬੈਠ ਕੇ ਪ੍ਰਮੇਸ਼ਰ ਦੇ ਭਜਨ ਗਾਉਂਦੇ ਹਾਂ। ਅਸੀਂ ਹਮੇਸ਼ਾ ਆਤਮਿਕ ਅਭਿਆਸ ਕਰਦੇ ਹਾਂ :-

*"ਮੁਝ ਸੋ ਪ੍ਰੀਤਿ ਕਰਹਿ ਅਧਿਕਾਈ। ਕਰਹਿ ਭਗਤ ਹੋਵਤ ਇਕ ਥਾਂਈ॥*
*ਪ੍ਰਭੂ ਕੋ ਸੁਜੱਸ ਗਾਇ ਕਰ ਪ੍ਰੇਮਾ। ਹ੍ਵੈ ਇਕਾਂਤ ਇਹ ਹਮਰੋ ਨੇਮਾ॥*
*ਕਰ ਵਿਚਾਰ ਆਤਮ ਅਭਿਆਸਾ। ਉਰ ਮਧ ਬ੍ਰਿਧਹਿ ਅਧਿਕ ਹੁਲਾਸਾ॥"*

ਇਸ ਤਰ੍ਹਾਂ ਵਿਚਾਰ ਕਰਦਿਆਂ ਸਤਿਗੁਰੂ ਜੀ ਕੋਲ ਪਹੁੰਚ ਕੇ ਨਮਸਕਾਰ ਕੀਤੀ ਤੇ ਸਤਿਗੁਰੂ ਜੀ ਨੂੰ ਭੇਟਾ ਅਰਪਣ ਕੀਤੀ ਅਤੇ ਭੋਜਨ ਸਾਹਮਣੇ ਰੱਖ ਦਿੱਤਾ। ਪਾਤਿਸ਼ਾਹ ਜੀ ਕਹਿਣ ਲੱਗੇ, ਭਾਈ ਝੰਡੇ, ਇਹ ਭੋਜਨ ਕਿਸ ਲਈ ਲੈ ਕੇ ਆਇਆ ਹੈਂ? ਝੰਡਾ ਕਹਿਣ ਲੱਗਿਆ ਪਾਤਿਸ਼ਾਹ ਜੀ! ਆਪ ਨੂੰ ਪਰਮੇਸ਼ਰ ਨੇ ਭੇਜਿਆ ਹੈ। ਇਹ ਤੁਹਾਡੇ ਲਈ ਹੈ। ਸਤਿਗੁਰੂ ਜੀ ਨੇ ਪੁੱਛਿਆ ਕਿ ਪਰਮੇਸ਼ਰ ਬਾਰੇ ਕੁਝ ਜਾਣਦਾ ਹੈਂ। ਜਿਸ ਪਰਮੇਸ਼ਰ ਨੂੰ ਮੁਨੀ ਜਨ, ਸਿਧ ਲੋਕ ਖੋਜਦੇ ਹਨ। ਸਾਰੇ ਬੇਅੰਤ-ਬੇਅੰਤ ਕਹਿੰਦੇ ਹਨ। ਝੰਡਾ ਕਹਿਣ ਲੱਗਾ ਹੇ ਸੰਤ ਜੀ! ਮੈਂ ਤੇ ਮੇਰਾ ਮਿੱਤਰ ਅਸੀਂ ਮਿਲ ਕੇ ਸਿਮਰਨ ਕਰਦੇ ਹਾਂ, ਜਿਸ ਨਾਲ ਪ੍ਰਮੇਸ਼ਰ ਦੇ ਮਿਲਣ ਦੀ ਅਭਿਲਾਖਾ ਇੱਛਾ ਵਧਦੀ ਹੈ। ਸਾਨੂੰ ਇਹ ਭਰੋਸਾ ਹੈ ਕਿ ਜਦ ਸਾਨੂੰ ਪੂਰਾ ਗੁਰੂ ਮਿਲੇਗਾ, ਉਦੋਂ ਉਹ ਸੁੰਦਰ ਆਤਮ ਸਰੂਪ ਦੇ ਦਰਸ਼ਨ ਬਖ਼ਸ਼ੇਗਾ। ਸਤਿਗੁਰੂ ਜੀ ਨੇ ਪੁੱਛਿਆ ਕਿ ਕੀਹਦੀ ਸੰਗਤ ਵਿਚ ਮਿਲ ਕੇ ਸਿਮਰਨ ਕਰਦਾ ਹੈਂ? ਭਾਈ ਝੰਡਾ ਕਹਿੰਦਾ ਹੈਂ, ਸੰਤ ਜੀ! ਇਥੋਂ ਦੇ ਰਾਜੇ ਦੀ ਭੈਣ ਦਾ ਪੁੱਤਰ ਹੈ। ਉਹ ਤੇ ਮੈਂ ਮਿਲ ਕੇ ਇਕਾਂਤ ਵਿਚ ਬੈਠ ਕੇ ਸਿਮਰਨ ਕਰਦੇ ਹਾਂ। ਸਤਿਗੁਰੂ ਜੀ ਕਹਿਣ ਲੱਗੇ ਚੰਗਾ ਇਸ ਭੋਜਨ ਦੇ ਪੰਜ ਹਿੱਸੇ ਕਰਕੇ ਇਕ ਹਿੱਸਾ ਭਾਈ ਮਰਦਾਨੇ ਨੂੰ ਛਕਾ ਦੇ, ਬਾਕੀ ਇਥੇ ਪਏ ਰਹਿਣ ਦੇ। ਉਹ ਤੇਰੇ ਮਿੱਤਰ ਨੂੰ ਤੂੰ ਬੁਲਾ ਲਿਆ। ਉਸਦੇ ਆਏ ਤੋਂ ਛਕਾਂਗੇ। ਜਦੋਂ ਭਾਈ ਝੰਡਾ ਬੁਲਾਉਣ ਗਿਆ ਤਾਂ ਉਦੋਂ ਇੰਦ੍ਰਸੈਨ ਜੰਗਲ 'ਚ ਇਕਾਂਤ ਸਮਾਧੀ ਸਥਿਤ ਬੈਠਾ ਸੀ। ਉਸਨੂੰ ਭਾਈ ਝੰਡੇ ਨੇ ਕਿਹਾ ਕਿ ਜਿਸਦਾ ਧਿਆਨ

ਧਰਦਾ ਹੈਂ ਉਹ ਮੁਕਤੀ ਦਾਤਾ ਮਿਲ ਪਿਆ ਹੈ। ਹੁਣ ਉਹ ਤੈਨੂੰ ਵੀ ਚੇਤੇ ਕਰ ਰਿਹਾ ਹੈ।

*"ਕਰਹਿ ਹੇਤੁ ਜਿਹ ਗਿਆਨ ਧਿਆਨਾ। ਮਿਲਾ ਸੰਤ ਪੂਰਨ ਗਤਿਦਾਨਾ॥"*

ਹੁਣ ਉਹ ਤੇਰੇ ਬਿਨਾਂ ਭੋਜਨ ਨਹੀਂ ਛਕ ਰਹੇ। ਇੰਦ੍ਰਸੈਨ ਛੇਤੀ ਭਾਈ ਝੰਡੇ ਦੇ ਨਾਲ ਚਲ ਕੇ ਸਤਿਗੁਰੂ ਜੀ ਕੋਲ ਪਹੁੰਚ ਗਿਆ। ਜਾ ਕੇ ਚਰਨਾਂ 'ਤੇ ਨਮਸਕਾਰ ਕੀਤੀ। ਬੇਨਤੀ ਕੀਤੀ ਸਤਿਗੁਰੂ ! ਕਿਰਪਾ ਕਰਕੇ ਹੁਣ ਆਪਣਾ ਉਪਦੇਸ਼ ਦਿਉ। ਕਿਰਪਾ ਕਰਕੇ ਸਾਡੀ ਦਵੈਤ ਮੇਟ ਦਿਉ। ਸਾਨੂੰ ਗਯਾਨਾਨੰਦ ਦੀ ਦਾਤ ਦਿਉ। ਹੁਣ ਸਾਨੂੰ ਉਸ ਸਰੂਪ ਦੀ ਬਖ਼ਸ਼ਿਸ਼ ਕਰ ਦਿਉ ਜਿਥੋਂ ਫਿਰ ਆਵਣ ਜਾਣਾ ਨਹੀਂ ਹੁੰਦਾ। ਸੁਣ ਕੇ ਸਤਿਗੁਰੂ ਜੀ ਕਹਿਣ ਲੱਗੇ ਕਿ ਜੇ ਗਿਆਨਾਨੰਦ ਚਾਹੁੰਦੇ ਹੋ ਤਾਂ ਸਾਨੂੰ ਗੁਰੂ ਦੱਛਨਾ ਦਿਉ। ਸੰਸਾਰ ਨੂੰ ਅਸੱਤ ਸਮਝੋ। ਇਸ ਲਈ ਸੰਸਾਰੀ ਸਭ ਕੁਝ ਸਾਨੂੰ ਦੇ ਦਿਉ। ਦੋਵੇਂ ਕਹਿਣ ਲੱਗੇ, ਪਾਤਿਸ਼ਾਹ ! ਸਾਡਾ ਧਨ, ਘਰ ਸਮੇਤ ਸਾਰਾ ਪਰਿਵਾਰ ਹੁਣ ਤੁਹਾਡਾ ਹੈ। ਫਿਰ ਸਤਿਗੁਰੂ ਜੀ ਕਹਿਣ ਲੱਗੇ ਭਾਈ, ਹੁਣ ਤੁਹਾਡੇ ਕੋਲ ਕੀ ਬਚਿਆ ਹੈ ? ਵਿਚਾਰ ਕਰਕੇ ਕਹਿਣ ਲੱਗੇ ਜੀ ਸਾਡੇ ਕੋਲ ਹੁਣ ਕੇਵਲ ਸਿਰਫ਼ ਸਰੀਰ ਹੈ। ਸਤਿਗੁਰੂ ਜੀ ਕਹਿੰਦੇ ਹਨ, ਭਾਈ, ਵਿਚਾਰ ਕੇ ਦੇਖੋ ਸਰੀਰ ਵੀ ਹਮੇਸ਼ਾ ਸਥਿਰ ਨਹੀਂ ਰਹਿੰਦਾ ਇਸ ਲਈ ਇਹ ਵੀ ਸਮਰਪਨ ਕਰ ਦਿਉ। ਦੋਵਾਂ ਨੇ ਬੇਨਤੀ ਕਰ ਦਿੱਤੀ ਪਾਤਿਸ਼ਾਹ ! ਅੱਜ ਤੋਂ ਸਰੀਰ ਵੀ ਤੁਹਾਡਾ ਹੈ। ਫਿਰ ਪੁੱਛਿਆ ਕਿ ਹੁਣ ਤੁਹਾਡੇ ਕੋਲ ਕੀ ਹੈ ? ਕਹਿਣ ਲੱਗੇ ਜੀ ਹੁਣ ਤਾਂ ਕੇਵਲ ਸਾਡਾ ਅੰਤਹਕਰਣ (ਮਨ, ਬੁੱਧ, ਚਿਤ, ਹੰਕਾਰ) ਇਹੀ ਰਹਿ ਗਿਆ ਹੈ। ਸਤਿਗੁਰੂ ਜੀ ਕਹਿਣ ਲੱਗੇ, ਅੰਤਹਕਰਨ ਵੀ ਪੰਚ ਤੱਤਾਂ ਦੀ ਰਚਨਾ ਹੈ, ਇਹ ਵੀ ਨਾਸ਼ਵੰਤ ਹੈ, ਇਸ ਲਈ ਇਹ ਵੀ ਭੇਟਾ ਕਰ ਦਿਉ। ਉਹ ਵੀ ਦੋਵਾਂ ਨੇ ਬੇਨਤੀ ਕਰਕੇ ਭੇਟ ਕਰ ਦਿੱਤਾ। ਫਿਰ ਸਤਿਗੁਰੂ ਜੀ ਕਹਿਣ ਲੱਗੇ ਭਾਈ, ਹੁਣ ਕੋਈ ਮਨ ਵਿਚ ਸ਼ੰਕਾ ਹੋਵੇ ਤਾਂ ਕਹੋ, ਉਸਦਾ ਉੱਤਰ ਮਿਲੇਗਾ। ਜਦ ਆਪਣਾ ਸੰਸਾ ਕਹਿਣ ਲੱਗੇ ਤਾਂ ਮਨ ਵਿਚ ਸੰਕਲਪ ਉਠਿਆ। ਸਤਿਗੁਰੂ ਜੀ ਕਹਿਣ ਲੱਗੇ, ਇਹ ਤਾਂ ਮਨ ਦਾ ਧਰਮ ਹੈ। ਉਹ ਤੁਸੀਂ ਭੇਟ ਕਰ ਦਿੱਤਾ ਹੈ। ਇਸ ਲਈ ਤੁਸੀਂ ਮਨ ਦੇ ਰਾਹੀਂ ਹੁਣ ਸੰਕਲਪ ਨਹੀਂ ਉਠਾ ਸਕਦੇ। ਕਹਿਣ ਲੱਗੇ ਜੀ ਹਾਂ ਇਹ ਤਾਂ ਤੁਸੀਂ ਸੱਚ ਕਹਿ ਰਹੇ ਹੋ। ਇਹ ਮਨ ਤਾਂ ਅਸੀਂ ਭੇਟ ਕਰ ਦਿੱਤਾ ਹੈ। ਉਨ੍ਹਾਂ ਦੇ ਇਉਂ ਕਹਿਣ ਤੇ ਸਤਿਗੁਰੂ ਜੀ ਕਹਿਣ ਲੱਗੇ ਭਾਈ, ਤੁਸੀਂ ਤਾਂ ਹੁਣ ਨਿਸਚਾ ਧਾਰ ਰਹੇ ਹੋ। ਨਿਹਚਾ ਕਰਨਾ ਬੁੱਧੀ ਦਾ ਧਰਮ ਹੈ। ਤੁਸੀਂ ਬੁੱਧੀ ਵੀ ਅੰਤਹਕਰਨ ਦਾ ਜੋ ਹਿੱਸਾ ਹੈ, ਉਹ ਭੇਟ ਕਰ ਚੁੱਕੇ ਹੋ। ਸੁਣ ਕੇ ਦੋਵੇਂ ਚਿਤਵਨ ਲੱਗੇ। ਸਤਿਗੁਰੂ ਜੀ ਨੇ ਉਹਨਾਂ ਦੇ ਹਿਰਦੇ ਦੀ ਜਾਣ ਲਈ ਤੇ ਕਿਹਾ ਕਿ ਭਾਈ, ਹੁਣ ਤੁਸੀਂ ਚਿਤਵਨੀ ਕਰ ਰਹੇ ਹੋ। ਚਿਤਵਨੀ ਚਿਤ ਦਾ ਧਰਮ ਹੈ। ਉਹ ਵੀ ਤੁਸੀਂ ਭੇਟਾ ਕਰ ਦਿੱਤਾ ਹੈ। ਫਿਰ ਸੋਚਣ ਲੱਗੇ ਕਿ ਹਾਂ ਅਸੀਂ ਤਾਂ ਵੱਡੇ ਭਾਗਾਂ ਵਾਲੇ ਹਾਂ। ਅਸੀਂ ਤਾਂ ਸਭ ਕੁਝ, ਇਥੋਂ ਤੱਕ ਕਿ ਸਰੀਰ ਅੰਤਹਕਰਨ ਆਦਿ ਸਭ ਭੇਟ ਕਰ ਦਿੱਤਾ ਹੈ। ਅਸੀਂ ਸਭ ਤੋਂ ਵੱਡੇ ਹਾਂ। ਸਤਿਗੁਰੂ ਜੀ ਕਹਿਣ ਲੱਗੇ ਭਾਈ ਤੁਸੀਂ ਹੁਣ ਹੰਕਾਰ ਕਰ ਰਹੇ ਹੋ। ਇਹ ਹਉਮੈ ਵੀ ਤੁਸੀਂ ਭੇਟ ਕੀਤੀ ਹੋਈ ਹੈ। ਇਸ ਲਈ ਤੁਸੀਂ ਅੰਤਹਕਰਨ ਤੋਂ ਪਰੇ ਜੇ ਕੋਈ ਸੰਦੇਹ ਹੈ, ਉਹ ਦੱਸੋ। ਸੁਣ ਕੇ ਇੰਦ੍ਰਸੈਨ ਜਦ ਇਤਨਾ ਅੰਤਰਮੁਖੀ ਹੋ ਚੁੱਕਾ ਸੀ, ਵਿਚਾਰ ਕਰਦਾ ਕਰਦਾ ਸਮਾਧੀ ਸਥਿਤ ਹੋ ਗਿਆ। ਉਸਨੇ ਉਸ ਵੇਲੇ ਆਤਮਾ ਦੇ ਸਰੂਪ ਨੂੰ ਉਸ ਵੇਲੇ ਦੇਖਿਆ। ਇਸ ਤਰ੍ਹਾਂ ਸਤਿਗੁਰੂ ਜੀ ਨੇ ਉਪਦੇਸ਼ ਬਖ਼ਸ਼ ਕੇ ਹੁਕਮ ਕੀਤਾ ਕਿ ਹੁਣ

ਭੋਜਨ ਛਕੋ। ਸਤਿਗੁਰੂ ਜੀ ਨੇ ਆਪ ਵੀ ਭੋਜਨ ਛਕਿਆ, ਕਿਉਂਕਿ ਸਤਿਗੁਰੂ ਜੀ ਉਥੇ ਹੀ ਭੋਜਨ ਛਕਦੇ ਸਨ ਜਿਥੇ ਕੋਈ ਪ੍ਰਭੂ ਦਾ ਪਿਆਰਾ ਭਜਨੀਕ ਮਿੱਤਰ ਹੁੰਦਾ ਸੀ।

***"ਨੀਕੋ ਸੰਤ ਹੋਇ ਜਿਹ ਥਾਈਂ॥ ਤਿਹ ਪ੍ਰਭੁ ਜੀ ਭੋਜਨ ਖਾਈਂ॥***
***ਨਾਤੁਰ ਪੌਨ ਅਹਾਨੀ ਰਹਿਹੀਂ॥ ਜੋ ਕਿੰਕਰ ਕੇ ਕਲਮਲ ਦਹਿਹੀਂ॥"***

(ਨਾਨਕ ਪ੍ਰਕਾਸ਼)

ਆਪ ਛਕ ਕੇ ਅੱਧਾ ਸਤਿਗੁਰੂ ਜੀ ਨੇ ਭਾਈ ਝੰਡੇ ਨੂੰ ਬਖ਼ਸ਼ ਦਿੱਤਾ। ਛਕਣ ਸਾਰ ਭਾਈ ਝੰਡੇ ਦੇ ਬਿਕਟ ਕਪਾਟ ਖੁੱਲ ਗਏ ਤੇ ਭਰਮ, ਮੋਹ ਆਦਿ ਮਿਟ ਗਏ। ਬ੍ਰਿਤੀ ਟਿਕ ਗਈ ਤੇ ਸਮਾਧੀ ਲਗ ਗਈ। ਬਿਦੇਹ ਹੋ ਗਿਆ। ਸਰੀਰ ਦੀ ਸੁੱਧ ਨਹੀਂ ਰਹੀ। ਇਨ੍ਹਾਂ ਦੋਵਾਂ ਦੀ ਸਮਾਧੀ ਤਿੰਨ ਪਹਿਰ ਲੱਗੀ ਰਹੀ। ਤਿੰਨ ਪਹਿਰਾਂ ਬਾਅਦ ਸਤਿਗੁਰੂ ਜੀ ਨੇ ਉਨ੍ਹਾਂ ਦੀ ਸਮਾਧੀ ਖੁਲ੍ਹਾਈ। ਫਿਰ ਸਤਿਗੁਰੂ ਜੀ ਨੇ ਭਾਈ ਝੰਡੇ ਨੂੰ ਉਥੇ ਪ੍ਰਚਾਰ ਲਈ ਮੰਜੀ ਬਖ਼ਸ਼ਿਸ਼ ਕਰ ਦਿੱਤੀ।

ਸਲੋਕ ਮਃ ੩ ॥ ਸਜਣ ਮਿਲੇ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥ ਮਿਲਿ ਪ੍ਰੀਤਮ ਤਿਨੀ ਧਿਆਇਆ ਸਚੈ ਪ੍ਰੇਮਿ ਪਿਆਰੁ ॥ ਮਨ ਹੀ ਤੇ ਮਨੁ ਮਾਨਿਆ ਗੁਰ ਕੈ ਸਬਦਿ ਅਪਾਰਿ ॥ ਏਹਿ ਸਜਣ ਮਿਲੇ ਨ ਵਿਛੁੜਹਿ ਜਿ ਆਪਿ ਮੇਲੇ ਕਰਤਾਰਿ ॥ ਇਕਨਾ ਦਰਸਨ ਕੀ ਪਰਤੀਤਿ ਨ ਆਈਆ ਸਬਦਿ ਨ ਕਰਹਿ ਵੀਚਾਰੁ ॥ ਵਿਛੁੜਿਆ ਕਾ ਕਿਆ ਵਿਛੁੜੈ ਜਿਨਾ ਦੂਜੈ ਭਾਇ ਪਿਆਰੁ ॥ ਮਨਮੁਖ ਸੇਤੀ ਦੋਸਤੀ ਥੋੜੜਿਆ ਦਿਨ ਚਾਰਿ ॥ ਇਸੁ ਪਰੀਤੀ ਤੁਟਦੀ ਵਿਲਮੁ ਨ ਹੋਵਈ ਇਤੁ ਦੋਸਤੀ ਚਲਨਿ ਵਿਕਾਰ ॥ ਜਿਨਾ ਅੰਦਰਿ ਸਚੇ ਕਾ ਭਉ ਨਾਹੀ ਨਾਮਿ ਨ ਕਰਹਿ ਪਿਆਰੁ ॥ ਨਾਨਕ ਤਿਨ ਸਿਉ ਕਿਆ ਕੀਚੈ ਦੋਸਤੀ ਜਿ ਆਪਿ ਭੁਲਾਏ ਕਰਤਾਰਿ ॥ ੧ ॥

**ਪਦ ਅਰਥ :–** ਤਿਨੀ–ਉਨ੍ਹਾਂ ਨੇ। ਮਨ ਹੀ ਤੇ ਮਨੁ ਮਾਨਿਆ–(ਉਨ੍ਹਾਂ) ਦਾ ਮਨ (ਆਪਣੇ) ਮਨ ਤੋਂ ਹੀ ਨਾਮ ਵਿਚ ਮੰਨ ਗਿਆ ਹੈ। ਪਰਤੀਤਿ–ਭਰੋਸਾ। ਦੂਜੈ ਭਾਇ–ਦੂਜੇ (ਦੇਵੀ ਦੇਵਤਿਆਂ) ਨਾਲ ਪ੍ਰੇਮ।

**ਅਰਥ :–** ਜਿਨ੍ਹਾਂ ਦਾ ਸਤਿਗੁਰੂ ਦੇ ਨਾਲ ਪਿਆਰ (ਲੱਗਿਆ) ਹੈ ਉਹ ਹੀ ਗੁਰਮੁਖਿ ਸਜਣ (ਸਤਿਸੰਗੀ) ਸੱਜਣਾਂ ਨੂੰ ਮਿਲੇ ਹਨ। ਉਨ੍ਹਾਂ (ਗੁਰਮੁਖ ਸਤਿਸੰਗੀ ਜਨਾਂ ਨੇ) ਮਿਲ ਕੇ (ਸੰਗਤ ਰੂਪ ਵਿਚ) ਪ੍ਰੀਤਮ ਨੂੰ ਧਿਆਇਆ ਹੈ, (ਜਿਨ੍ਹਾਂ ਦਾ) ਸੱਚੇ ਪਿਆਰੇ (ਪ੍ਰਭੂ ਨਾਲ) ਪ੍ਰੇਮ ਲੱਗਿਆ ਹੈ। ਗੁਰੂ ਦੇ ਅਪਾਰ ਸ਼ਬਦ ਰਾਹੀਂ (ਉਨ੍ਹਾਂ ਦਾ) ਮਨ (ਆਪਣੇ) ਮਨ ਤੋਂ ਹੀ ਨਾਮ ਸਿਮਰਨ ਲਈ ਮੰਨ ਗਿਆ ਹੈ। ਕਰਤਾਰ ਨੇ ਜਿਹੜੇ ਸੱਜਣ (ਆਪਣੇ ਨਾਲ) ਆਪ ਮੇਲੇ ਹਨ, ਇਹੋ ਜਿਹੇ ਸੱਜਣ ਮਿਲੇ ਹੋਏ ਫੇਰ ਵਿਛੜਦੇ ਨਹੀਂ। ਜੋ ਗੁਰ ਸ਼ਬਦ ਦੀ ਵਿਚਾਰ ਨਹੀਂ ਕਰਦੇ, (ਐਸੇ) ਇਕਨਾਂ ਨੂੰ ਗੁਰ ਦਰਸ਼ਨ ਦੀ ਪ੍ਰਤੀਤ ਨਹੀਂ ਆਈ (ਭਾਵ

ਭਰੋਸਾ ਨਹੀਂ ਆਇਆ।) ਜਿਨ੍ਹਾਂ ਦਾ (ਦੇਵੀ ਦੇਵਤਿਆਂ) ਨਾਲ ਸ਼ਰਧਾ ਤੇ ਪ੍ਰੇਮ ਲੱਗਿਆ ਹੈ, ਉਨ੍ਹਾਂ ਗੁਰੂ ਨਾਲੋਂ ਵਿਛੜਿਆਂ ਦਾ (ਹੋਰ) ਕੀ ਵਿਛੜਨਾ ਹੈ ? (ਕਿਉਂਕਿ ਉਹ ਪਹਿਲਾਂ ਹੀ ਵਿਛੜੇ ਹੋਏ ਹਨ)। ਐਸੇ ਮਨਮੁਖਾਂ ਨਾਲ ਮਿੱਤ੍ਰਤਾ ਥੋੜੇ ਦਿਨ (ਭਾਵ) ਚਾਰ ਕੁ ਦਿਨ ਹੀ ਨਿਭਦੀ ਹੈ, ਕਿਉਂਕਿ ਇਸ (ਦੋਸਤੀ ਵਾਲੀ) ਪ੍ਰੀਤੀ ਤੁਟਦਿਆਂ ਦੇਰੀ ਨਹੀਂ ਲੱਗਦੀ, ਫਿਰ (ਮਨਮੁਖਾਂ) ਦੀ ਦੋਸਤੀ ਤੇ (ਸੰਗ) ਕਰਕੇ ਵਿਕਾਰ ਪੈਦਾ ਹੁੰਦੇ ਹਨ। ਜਿਨ੍ਹਾਂ ਦੇ ਅੰਦਰ ਸੱਚੇ (ਪ੍ਰਮਾਤਮਾ) ਦਾ ਡਰ ਨਹੀਂ ਅਤੇ ਨਾਮ (ਸਿਮਰਨ) ਵਿਚ ਵੀ ਪਿਆਰ ਨਹੀਂ ਕਰਦੇ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਜੋ ਕਰਤਾਰ ਨੇ ਆਪ ਭੁਲਾਏ ਹੋਏ ਹਨ, ਉਨ੍ਹਾਂ ਬੇਮੁਖਾਂ ਨਾਲ ਦੋਸਤੀ (ਮਿਤ੍ਰਤਾ) ਕੀ ਕਰਨੀ ਹੈ (ਭਾਵ ਕੋਈ ਲੋੜ ਨਹੀਂ) ਹੈ। ੧।

**ਮਃ ੩ ॥ਇਕਿ ਸਦਾ ਇਕਤੈ ਰੰਗਿ ਰਹਹਿ ਤਿਨ ਕੈ ਹਉ ਸਦ ਬਲਿਹਾਰੈ ਜਾਉ ॥ਤਨੁ ਮਨੁ ਧਨੁ ਅਰਪੀ ਤਿਨ ਕਉ ਨਿਵਿ ਨਿਵਿ ਲਾਗਉ ਪਾਇ ॥ ਤਿਨ ਮਿਲਿਆ ਮਨੁ ਸੰਤੋਖੀਐ ਤ੍ਰਿਸਨਾ ਭੁਖ ਸਭ ਜਾਇ ॥ਨਾਨਕ ਨਾਮਿ ਰਤੇ ਸੁਖੀਏ ਸਦਾ ਸਚੇ ਸਿਉ ਲਿਵ ਲਾਇ ॥੨ ॥**

**ਪਦ ਅਰਥ :–** ਰੰਗਿ-ਪ੍ਰੇਮ ਵਿਚ। ਰਹਹਿ-ਰਹਿੰਦੇ ਹਨ। ਪਾਇ-ਚਰਨੀਂ। ਤਿਨ-ਉਨ੍ਹਾਂ। ਰਤੇ-ਰੰਗੇ ਹੋਏ।

**ਅਰਥ :–** ਇਕ (ਸੱਜਣ ਪੁਰਖ) ਸਦਾ ਇਕੋ ਹੀ (ਪ੍ਰਭੂ) ਦੇ ਪ੍ਰੇਮ ਵਿਚ (ਮਸਤ) ਰਹਿੰਦੇ ਹਨ, ਮੈਂ ਉਨ੍ਹਾਂ ਤੋਂ ਸਦਾ ਬਲਿਹਾਰ ਕੁਰਬਾਨ ਜਾਂਦਾ ਹਾਂ। (ਆਪਣਾ) ਤਨ, ਮਨ, ਧਨ ਮੈਂ ਉਨ੍ਹਾਂ ਨੂੰ ਅਰਪਨ ਕਰਦਾ ਹਾਂ ਅਤੇ ਝੁਕ ਝੁਕ ਕੇ (ਭਾਵ ਨਿਵ ਨਿਵ ਕੇ) ਉਨ੍ਹਾਂ ਦੀ ਚਰਨੀਂ ਲਗਦਾ ਹਾਂ। ਉਨ੍ਹਾਂ ਦੇ ਨਾਲ ਮਿਲਿਆਂ ਮਨ ਨੂੰ ਸੰਤੋਖ ਆ ਜਾਂਦਾ ਹੈ, ਸਾਰੀ ਤ੍ਰਿਸ਼ਨਾ ਤੇ ਭੁੱਖ ਦੂਰ ਹੋ ਜਾਂਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਨਾਮ ਵਿਚ ਰੰਗੇ ਹੋਏ (ਮਨੁੱਖ) ਸੱਚੇ (ਵਾਹਿਗੁਰੂ ਜੀ) ਵਿਚ ਸੁਰਤਿ ਜੋੜ ਕੇ ਸਦਾ ਸੁਖੀ ਰਹਿੰਦੇ ਹਨ।੨।

**ਪਉੜੀ॥ ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ॥ ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਣਾਈ॥ ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ॥ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ॥ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ ਮੇਰੇ ਮਨ ਕੀ ਆਸ ਪੁਰਾਈ॥੫॥**

**ਪਦ ਅਰਥ :–** ਹਰਿ ਕੀ-ਹਰੀ ਦੀ। ਬਣਤ-ਮਰਯਾਦਾ। ਪੁਰਾਈ-ਪੂਰੀ ਕਰ ਦਿੱਤੀ।

**ਅਰਥ :–** ਮੈਂ ਉਸ ਗੁਰੂ ਤੋਂ ਸਦਕੇ ਜਾਂਦਾ ਹਾਂ ਜਿਸ ਨੇ ਮੈਨੂੰ ਹਰੀ ਦੀ ਹਰਿ ਹਰਿ ਨਾਮ ਰੂਪ ਕਥਾ

ਸੁਣਾਈ ਹੈ। ਮੈਂ ਉਸ ਗੁਰੂ ਤੋਂ ਬਲਿਹਾਰ ਜਾਂਦਾ ਹਾਂ ਜਿਸ ਨੇ ਹਰੀ ਦੀ ਸੇਵਾ ਕਰਨ ਦੀ ਮਰਯਾਦਾ ਕਾਇਮ ਕੀਤੀ ਹੈ। ਉਹ ਪਿਆਰਾ ਸਤਿਗੁਰੂ ਜੀ ਮੇਰੇ ਨਾਲ (ਅੰਗ-ਸੰਗ) ਹੈ ਜਿਥੇ ਕਿਥੇ (ਭਾਵ ਹਰ ਥਾਂ ਤੇ ਜਿਥੇ ਵੀ ਲੋੜ ਪਵੇ) ਮੈਨੂੰ (ਦੁੱਖਾਂ) ਤੋਂ ਛੁਡਾ ਲੈਂਦਾ ਹੈ। ਉਸ ਗੁਰੂ ਨੂੰ ਸ਼ਾਬਾਸ਼ ਹੈ ਜਿਸ ਨੇ ਮੈਨੂੰ ਹਰੀ ਪ੍ਰਭੂ ਪ੍ਰਾਪਤੀ ਦੀ ਸੋਝੀ ਪਾ ਦਿੱਤੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਉਸ (ਗੁਰੂ) ਤੋਂ ਵਾਰਨੇ ਜਾਂਦਾ ਹਾਂ ਜਿਸ ਨੇ ਮੈਨੂੰ ਹਰੀ (ਪ੍ਰਭੂ) ਦਾ ਨਾਮ ਦਿੱਤਾ ਹੈ (ਅਤੇ) ਮੇਰੇ ਮਨ ਦੀ ਆਸਾ ਪੂਰੀ ਕਰ ਦਿੱਤੀ ਹੈ।੫।

## ਵਿਆਖਿਆ ਤੇ ਸਾਰੰਸ਼

ਗੁਰਮੁਖ ਸੱਜਣਾਂ ਦਾ ਮਿਲਾਪ ਸੱਚਾ ਹੈ ਜਿਨ੍ਹਾਂ ਦਾ ਸੱਚੇ ਨਾਲ ਪ੍ਰੇਮ ਲੱਗਿਆ ਹੈ। ਮਨਮੁਖਾਂ ਦੀ ਮਿੱਤ੍ਰਤਾ ਦੋਸਤੀ ਝੂਠੀ ਹੈ। ਇਸ ਦੇ ਤੁੱਟਦਿਆਂ ਦੇਰੀ ਨਹੀਂ ਲੱਗਦੀ। ਪਰ ਜਿਨ੍ਹਾਂ ਨੂੰ ਕਰਤਾਰ ਨੇ ਆਪ ਭੁਲਾਇਆ ਹੈ, ਉਨ੍ਹਾਂ ਨਾਲ ਮਿੱਤ੍ਰਤਾ ਕੀ ਕਰਨੀ ਹੈ। ਹਾਂ, ਜੋ ਸੱਚੇ ਨਾਮ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਤਨ, ਮਨ, ਧਨ ਭੇਟਾ ਕਰ ਦੇਈਏ। ਅਖ਼ੀਰ ਵਿਚ ਜੋ ਸੱਚੇ ਗੁਰੂ ਹਰੀ ਦੀ ਕਥਾ ਜਿਸ ਨੇ ਸੁਣਾਈ ਹੈ, ਉਸ ਤੋਂ ਸਦਕੇ ਜਾਈਏ, ਕਿਹਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਸ੍ਰੀ ਮੁਖਵਾਕ ਨੰਬਰ ੪੨ (ਅੰਗ ੫੮੯)

ਸਲੋਕ ਮਃ ੩ ॥ ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ ॥ ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ ॥ ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ ॥ ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ ॥ ੧ ॥ ਮਹਲਾ ੧ ॥ ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥ ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥ ੨ ॥ ਪਉੜੀ ॥ ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥ ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥ ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ॥ ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥ ੧੦ ॥

## ਪ੍ਰਾਕ੍ਥਨ :-

ਇਸ ਪਵਿੱਤਰ ਸ੍ਰੀ ਮੁਖਵਾਕ ਅੰਦਰ ਤੀਸਰੇ ਗੁਰਦੇਵ ਗੁਰੂ ਅਮਰਦਾਸ ਜੀ ਨੇ ਦਸਿਆ ਹੈ ਕਿ ਜੋ ਮਨੁੱਖ ਸਤਿਗੁਰੂ ਦੀ ਸੇਵਾ ਕੀਤੇ ਬਿਨਾ ਹਉਮੈ ਦੇ ਵਿਚ ਕਰਮ ਕਮਾਉਂਦੇ ਹਨ, ਉਹ ਸਾਰੇ ਦੇ ਸਾਰੇ ਕੀਤੇ ਕਰਮ ਇਸ ਜੀਵ ਲਈ ਬੰਧਨ ਰੂਪ ਬਣ ਜਾਂਦੇ ਹਨ।

## ਕਰਮ ਬੰਧਨ ਰੂਪ ਹਨ

ਪੰਡਤ ਗੁਲਾਬ ਸਿੰਘ ਜੀ ਨੇ ਲਿਖਿਆ ਹੈ ਕਿ ਭਾਵੇਂ ਮਨੁੱਖ ਪੁੰਨ ਕਰਮ ਕਰਦਾ ਹੈ ਚਾਹੇ ਪਾਪ ਕਰਦਾ ਹੈ, ਦੋਵੇਂ ਹੀ ਬੰਧਨ ਰੂਪ ਹਨ, ਇਕ ਮਨੁੱਖ ਨੂੰ ਲੋਹੇ ਦੀਆਂ ਬੇੜੀਆਂ ਨਾਲ ਬੰਨ੍ਹ ਦਿੱਤਾ ਜਾਵੇ ਅਤੇ ਦੂਜੇ ਮਨੁੱਖ ਨੂੰ ਸੋਨੇ ਦੀਆਂ ਬੇੜੀਆਂ (ਜ਼ੰਜੀਰਾਂ) ਨਾਲ ਬੰਨ੍ਹ ਦਿੱਤਾ ਜਾਵੇ ਪਰ ਹਨ ਤਾਂ ਦੋਵੇ ਹੀ ਬੰਧਨ ਰੂਪ।

***"ਪਾਪ ਕਰਮ ਹੈ ਲੋਹ ਕੀ ਪੁੰਨ ਸੁਵਰਨ ਕੀ ਜਾਨ॥***
***ਦੋਨੋਂ ਬੰਧਨ ਰੂਪ ਹੈ ਨਿਹਚੇ ਲੇਹੁ ਪਛਾਨ॥"***

ਮਨੁੱਖ ਜਨਮ ਹਉਮੈ ਰਹਿਤ ਹੋ ਕੇ ਸੇਵਾ ਸਿਮਰਨ ਕਰਨ ਵਾਸਤੇ ਮਿਲਿਆ ਹੈ। ਇਸ ਦੀ ਸਫਲਤਾ ਗੁਰੂ ਦੀ ਸੇਵਾ ਤੇ ਸਿਮਰਨ ਕਰਕੇ ਹੀ ਹੋਣੀ ਹੈ।

***"ਸੁਣ ਸਿਖਾ ਗੁਰਮਤਿ ਇਹ ਸਾਰ॥ ਸਤਿਸੰਗਤ ਕੀ ਸੇਵ ਉਦਾਰ॥***
***ਹਾਥ ਪਵਿੱਤਰ ਟਹਿਲ ਤੇ ਜਾਨਉ॥ ਪਦ ਪਵਿਤਰ ਗੁਰ ਦਰਸ ਪਿਆਨਉ॥"***

(ਸੂਰਜ ਪ੍ਰਕਾਸ਼ ਰੁਤ ੪, ਅਧਿ: ੭)

ਸੇਵਾ ਸਿਮਰਨ ਕੀਤੇ ਬਿਨਾਂ ਜੈਸੇ ਭਗਤ ਕਬੀਰ ਜੀ ਦਾ ਵੀ ਫ਼ੁਰਮਾਨ ਹੈ ਕਿ ਮੁੜ ਪਸੂ ਜੂਨੀ ਵਿਚ ਪੈਣਾ ਪੈਂਦਾ ਹੈ।

## ਸਾਖੀ—ਸੇਵਾ ਸਿਮਰਨ ਤੋਂ ਹੀਣੇ ਪਖੰਡੀ ਸਾਧੂ ਦੀ

ਭਗਤ ਕਬੀਰ ਜੀ ਕਾਸ਼ੀ ਵਿਚ ਰਹਿੰਦਿਆਂ ਸਿਮਰਨ ਕਰਦੇ ਤੇ ਹੋਰਨਾਂ ਨੂੰ ਸਤਿਸੰਗਤ ਨਾਲ ਜੋੜ ਕੇ ਸਿਮਰਨ ਕਰਵਾਉਂਦੇ ਅਤੇ ਆਪ ਆਏ ਗਏ ਸਾਧੂਆਂ ਦੀ ਸੇਵਾ ਕਰਦੇ ਸਨ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਦਿੰਦੇ ਸਨ। ਭਗਤ ਜੀ ਦੇ ਘਰ ਕੋਲ ਹੀ ਕਿਸੇ ਦੇ ਘਰ ਵਿਚ ਇਕ ਸੰਨਿਆਸੀ ਰਹਿਣ ਲੱਗ ਪਿਆ। ਉਹ ਆਪਣੇ ਆਪ ਨੂੰ ਲੋਕਾਂ ਤੋਂ ਗੁਰੂ ਕਹਾਉਂਦਾ ਸੀ। ਲੋਕਾਂ ਤੋਂ ਮੱਥਾ ਟਿਕਾਉਣਾ, ਪੂਜਾ ਕਰਵਾਉਣੀ ਤੇ ਲੋਕਾਂ ਦਾ ਚੰਗਾ ਚੋਖਾ ਖਾ ਕੇ ਚੁਬਾਰੇ ਦਾ ਬੂਹਾ ਬੰਦ ਕਰ ਕੇ ਸੌਂ ਰਿਹਾ ਕਰੇ। ਨਾ ਸਿਮਰਨ ਭਜਨ ਕਰਦਾ ਸੀ ਤੇ ਨਾ ਹੀ ਸੇਵਾ ਕਰਦਾ ਸੀ। ਇਕ ਦਿਨ ਅਚਾਨਕ ਭਗਤ ਜੀ ਨਾਲ ਰਸਤੇ ਵਿਚ ਮੇਲ ਹੋ ਗਿਆ। ਭਗਤ ਜੀ ਕਹਿਣ ਲੱਗੇ ਕਿ ਭਾਈ! ਸੇਵਾ ਸਿਮਰਨ ਕਰਿਆ ਕਰ ਜਿਸ ਕਰਕੇ ਮੁਕਤ ਹੋਈਦਾ ਹੈ। ਜਿਨ੍ਹਾਂ ਦਾ ਖਾਈਏ ਉਨ੍ਹਾਂ ਨੂੰ ਕੁਝ ਦੇਣਾ ਪੈਂਦਾ ਹੈ। ਇਸ ਵਾਸਤੇ ਸੇਵਾ ਸਿਮਰਨ ਤੋਂ ਬਿਨਾਂ ਤੇਰਾ ਛੁਟਕਾਰਾ ਨਹੀਂ ਹੋ ਸਕਦਾ। ਇਸ ਲਈ ਜੇ ਹੁਣ ਸਿਮਰਨ ਨਹੀਂ ਕਰੇਂਗਾ ਫਿਰ ਕਦੋਂ ਕਰੇਂਗਾ। ਜਦੋਂ :

*"ਚਾਰਿ ਪਾਵ ਦੁਇ ਸਿੰਗ ਗੁੰਗ ਮੁਖ ਤਬ ਕੈਸੇ ਗੁਨ ਗਈਹੈ।*
*ਊਠਤ ਬੈਠਤ ਠੇਗਾ ਪਰਿਹੈ ਤਬ ਕਤ ਮੂਡ ਲੁਕਈਹੈ॥ ੧॥*
*ਹਰਿ ਬਿਨ ਬੈਲ ਬਿਰਾਨੇ ਹੁਈਹੈ॥*
*ਫਾਟੇ ਨਾਕਨ ਟੂਟੇ ਕਾਧਨ ਕੋਦਉ ਕੋ ਭੁਸੁ ਖਈਹੈ॥ ਰਹਾਉ॥"*

(ਅੰਗ ੫੨੪)

ਫੇਰ ਜਦੋਂ ਚਾਰ ਪੈਰ ਹੋਏ ਅਤੇ ਮੁਖ ਤੋਂ ਗੁੰਗਾ ਭਾਵ ਪਸ਼ੂ ਦੀ ਜੂਨ ਵਿਚ ਪੈ ਗਿਆ ਤਾਂ ਫੇਰ ਭਜਨ ਕਿਵੇਂ ਕਰੇਂਗਾ? ਅੱਗੋਂ ਕਹਿਣ ਲੱਗਾ ਕਿ ਅਸੀਂ ਵੱਡੇ ਹਾਂ, ਉੱਚੀ ਜਾਤੀ ਵਾਲੇ ਬ੍ਰਾਹਮਣ ਹਾਂ ਤੇ ਨਾਲੇ ਅਸੀਂ ਤਾਂ ਸੰਨਿਆਸੀ, ਲੋਕਾਂ ਦੇ ਪੂਜਨੀਕ ਹਾਂ। ਸਾਨੂੰ ਪੂਜਨੀਕਾਂ ਨੂੰ ਭਜਨ ਕਰਨ ਦੀ ਕੀ ਲੋੜ ਹੈ? ਅਸੀਂ ਤਾਂ 'ਅਹੰ ਬ੍ਰਹਾਮਸਮੀ ਹਾਂ।' ਭਜਨ ਕਰਨ ਦੀ ਲੋੜ ਤਾਂ ਤੇਰੇ ਵਰਗੇ ਜੁਲਾਹਿਆਂ ਨੂੰ ਹੈ। ਸੁਣ ਕੇ ਭਗਤ ਜੀ ਚੁੱਪ ਕਰ ਗਏ।

ਕੁਝ ਸਮਾਂ ਇਸੇ ਤਰ੍ਹਾਂ ਗੁਜ਼ਰਿਆ ਤਾਂ ਸੰਨਿਆਸੀ ਮਰ ਗਿਆ ਅਤੇ ਜਿਸਦੇ ਘਰ ਰਹਿੰਦਾ ਸੀ, ਉਨ੍ਹਾਂ ਦੇ ਘਰ ਗਊ ਦਾ ਵੱਛਾ ਬਣ ਕੇ ਜੰਮਿਆ। ਉਨਾਂ ਨੇ ਬੜੇ ਪ੍ਰੇਮ ਨਾਲ ਪਾਲਿਆ। ਜਦੋਂ ਵੱਛਾ ਵੱਡਾ ਹੋਇਆ ਤਾਂ ਉਸ ਨੂੰ ਖੇਤ ਵਾਹੁਣ ਲਈ ਹਲ ਜੋੜਿਆ ਤਾਂ ਤੁਰੇ ਹੀ ਨਾ। ਬੈਠ ਜਾਵੇ ਤਾਂ ਫਿਰ ਉਠੇ ਨਾ। ਅਜੇ ਵੀ ਉਹੀ ਪਿਛਲੇ ਸੰਸਕਾਰ ਸਨ। ਆਪਣੇ ਆਪ ਨੂੰ ਉਨ੍ਹਾਂ ਦਾ ਗੁਰੂ ਸਮਝੇ। ਪਰ ਜੱਟ ਨੇ ਕੁੱਟ ਕੁੱਟ ਕੇ ਚੰਮ ਉਧੇੜ ਦਿੱਤਾ। ਕਬੀਰ ਜੀ ਜਦੋਂ ਉਥੋਂ ਦੀ ਲੰਘੇ ਤੇ ਉਸਦੇ ਕੁੱਟ ਪੈਂਦੀ ਦੇਖ ਕੇ ਕਿਹਾ ਕਿ ਇਸਨੂੰ ਕਿਉਂ ਮਾਰਦੇ ਹੋ? ਉਨ੍ਹਾਂ ਕਿਹਾ ਭਗਤ ਜੀ! ਇਹ ਤੁਰਦਾ ਨਹੀਂ ਹੈ, ਅਸੀਂ ਬੜੇ ਯਤਨ ਕੀਤੇ ਹਨ। ਕੁਟ ਕੁਟ ਕੇ ਵੀ ਹੰਭ ਗਏ ਹਾਂ। ਭਗਤ ਜੀ ਨੇ ਜੱਟ ਨੂੰ ਪਾਸੇ ਕਰ ਦਿੱਤਾ ਤੇ ਆਪ ਬਲਦ ਦੇ ਕੰਨ ਵਿਚ ਕਿਹਾ ਕਿ ਉਸ ਸਮੇਂ ਤੂੰ ਕਿਹਾ ਨਹੀਂ ਮੰਨਿਆ "ਜਨ ਭਗਤਨ ਕੋ ਕਹੋ ਨ ਮਾਨੋ ਕੀਓ ਅਪਨੋ ਪਈਹੈ॥" ਹੁਣ ਤੂੰ ਆਪਣਾ ਕੀਤਾ ਭੁਗਤ ਰਿਹਾ ਹੈਂ। ਹੁਣ ਤੈਨੂੰ ਜਿੰਨਾ ਇਨ੍ਹਾਂ ਦਾ ਖਾਧਾ ਹੈ, ਉਸਦਾ ਹਿਸਾਬ ਦੇਣਾ ਪਏਗਾ ਕਿਉਂਕਿ ਤੈਂ ਸੇਵਾ ਨਹੀਂ ਕੀਤੀ, ਨਾ ਹੀ ਸਿਮਰਨ ਕੀਤਾ ਹੈ। ਇਸ ਲਈ ਜਿਹੜੇ ਸੇਵਾ ਨਹੀਂ ਕਰਦੇ ਉਹ ਭਾਵੇਂ ਕਿੰਨੇ ਉੱਚੇ ਕਿਉਂ ਨਾ ਹੋਣ, ਭਾਵੇਂ ਲੋਗਾਂ ਦੇ ਪੂਜ ਹੋਣ ਪਰ ਫਿਰ ਵੀ ਉਹਨਾਂ ਨੂੰ ਬੰਧਨ ਰੂਪ ਜੂਨਾਂ ਵਿਚ ਪੈਣਾ ਪਵੇਗਾ।

**ਸਲੋਕ ਮਃ ੩ ॥ਬਿਨੁ ਸਤਿਗੁਰ ਸੇਵੇ ਜੀਅ ਕੇ ਬੰਧਨਾ ਵਿਚਿ ਹਉਮੈ ਕਰਮ ਕਮਾਹਿ॥ਬਿਨੁ ਸਤਿਗੁਰ ਸੇਵੇ ਠਉਰ ਨ ਪਾਵਹੀ ਮਰਿ ਜੰਮਹਿ ਆਵਹਿ ਜਾਹਿ॥ਬਿਨੁ ਸਤਿਗੁਰ ਸੇਵੇ ਫਿਕਾ ਬੋਲਣਾ ਨਾਮੁ ਨ ਵਸੈ ਮਨ ਮਾਹਿ॥ ਨਾਨਕ ਬਿਨੁ ਸਤਿਗੁਰ ਸੇਵੇ ਜਮ ਪੁਰਿ ਬਧੇ ਮਾਰੀਅਨਿ ਮੁਹਿ ਕਾਲੈ ਉਠਿ ਜਾਹਿ॥੧॥ ਮਹਲਾ ੧ ॥ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥੨॥**

**ਪਦ ਅਰਥ :-** ਕਮਾਹਿ-ਕਮਾਉਂਦੇ ਹਨ। ਠਉਰ-ਟਿਕਾਣਾ। ਨ ਪਾਵਹੀ-ਨਹੀ ਪਾਉਂਦੇ। ਆਵਹਿ ਜਾਹਿ-ਜੂਨਾਂ ਵਿਚ ਆਉਂਦੇ ਜਾਂਦੇ ਰਹਿੰਦੇ ਹਨ। ਮੁਹਿ ਕਾਲੈ-ਕਾਲੇ ਮੂੰਹ ਨਾਲ। ੧।

**ਅਰਥ :-** (ਹੇ ਭਾਈ!) ਸਤਿਗੁਰੂ ਦੀ ਸੇਵਾ ਕੀਤੇ ਬਿਨਾਂ ਜੋ (ਮਨੁੱਖ) ਹਉਮੈ ਵਿਚ ਕਰਮ ਕਮਾਉਂਦੇ ਹਨ, (ਹਉਮੈ ਸਹਿਤ ਕੀਤੇ ਕਰਮ) ਜੀਵ-ਆਤਮਾ ਲਈ ਬੰਧਨ ਹੀ ਬਣਦੇ ਹਨ। ਸਤਿਗੁਰੂ ਦੀ ਸੇਵਾ ਕੀਤੇ ਬਿਨਾਂ (ਮਨੁੱਖ) ਪ੍ਰਲੋਕ ਵਿਚ ਠਹਿਰਣ ਲਈ) ਟਿਕਾਣਾ ਨਹੀਂ ਪਾ ਸਕਦੇ (ਜਿਸ ਕਰਕੇ ਉਹ) ਜੂਨਾਂ ਵਿਚ ਜੰਮ ਕੇ ਆਉਂਦੇ ਤੇ ਮਰ ਕੇ ਜਾਂਦੇ ਹਨ (ਭਾਵ ਜੂਨਾਂ ਵਿਚ ਆਉਂਦੇ ਜਾਂਦੇ ਰਹਿੰਦੇ) ਹਨ। ਉਨ੍ਹਾਂ ਦੇ ਮਨ ਵਿਚ ਨਾਮ ਨਹੀਂ ਵੱਸਦਾ ਅਤੇ ਸਤਿਗੁਰੂ ਦੀ ਸੇਵਾ ਕੀਤੇ ਬਿਨਾਂ (ਉਹ) ਮੁਖੋਂ ਫਿਕਾ (ਬਚਨ) ਹੀ ਬੋਲਣਾ ਕਰਦੇ ਹਨ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਸਤਿਗੁਰੂ ਜੀ ਸੇਵਾ ਤੋਂ ਬਿਨਾਂ (ਉਹ) ਜਮਪੁਰੀ ਵਿਚ ਬੰਨ੍ਹੇ ਹੋਏ ਮਾਰ ਖਾਂਦੇ ਹਨ (ਅਤੇ) ਕਾਲੇ ਮੂੰਹ ਨਾਲ (ਇਸ ਸੰਸਾਰ ਤੋਂ) ਉਠ ਕੇ ਚਲੇ ਜਾਂਦੇ ਹਨ।੧। ਮ: ੧॥ ਜਿਸ (ਰੀਤੀ) ਰਸਮ ਕਰਕੇ ਮੈਨੂੰ ਮੇਰਾ ਪਿਆਰਾ ਭੁਲ ਜਾਵੇ (ਮੈਂ ਉਸ ਰਸਮ ਨੂੰ) ਸਾੜ ਕਿਉਂ ਨਾ ਦੇਵਾਂ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਉਹੀ ਪ੍ਰੀਤ ਚੰਗੀ ਹੈ ਜਿਸ ਕਰਕੇ ਮਾਲਕ (ਵਾਹਿਗੁਰੂ) ਜੀ ਨਾਲ ਪਤਿ ਬਣੀ ਰਹੇ।੨।

**ਪਉੜੀ ॥ ਹਰਿ ਇਕੋ ਦਾਤਾ ਸੇਵੀਐ ਹਰਿ ਇਕੁ ਧਿਆਈਐ ॥ ਹਰਿ ਇਕੋ ਦਾਤਾ ਮੰਗੀਐ ਮਨ ਚਿੰਦਿਆ ਪਾਈਐ ॥ ਜੇ ਦੂਜੇ ਪਾਸਹੁ ਮੰਗੀਐ ਤਾ ਲਾਜ ਮਰਾਈਐ ॥ ਜਿਨਿ ਸੇਵਿਆ ਤਿਨਿ ਫਲੁ ਪਾਇਆ ਤਿਸੁ ਜਨ ਕੀ ਸਭ ਭੁਖ ਗਵਾਈਐ ॥ ਨਾਨਕੁ ਤਿਨ ਵਿਟਹੁ ਵਾਰਿਆ ਜਿਨ ਅਨਦਿਨੁ ਹਿਰਦੈ ਹਰਿ ਨਾਮੁ ਧਿਆਈਐ ॥੧੦ ॥**

**ਪਦ ਅਰਥ :-** ਹਰਿ ਇਕੋ ਦਾਤਾ-ਉਹ ਜੋ ਇਕ ਹਰੀ ਦਾਤਾ ਹੈ। ਸੇਵੀਐ-ਉਸ ਦੀ ਸੇਵਾ ਕਰਨੀ ਚਾਹੀਦੀ ਹੈ। ਮਨ ਚਿੰਦਿਆ-ਮਨ ਇੱਛਤ। ਲਾਜ-ਸ਼ਰਮ ਨਾਲ।

**ਅਰਥ :-** (ਹੇ ਭਾਈ ! ਉਹ) ਜੋ ਇਕ ਹਰੀ ਦਾਤਾ ਹੈ, ਉਸਦੀ ਸੇਵਾ ਕਰਨੀ ਚਾਹੀਦੀ ਹੈ (ਅਤੇ ਉਸ) ਇਕ ਹਰੀ ਪ੍ਰਭੂ ਨੂੰ ਹੀ ਯਾਦ ਕਰਨਾ ਚਾਹੀਦਾ ਹੈ। ਉਸ ਇਕ ਹਰੀ ਦਾਤੇ ਪਾਸੋਂ ਹੀ ਮੰਗੀਏ (ਜੋ ਕੁਝ ਮੰਗਣਾ) ਹੈ (ਕਿਉਂਕਿ ਉਸ ਪਾਸੋਂ ਮੰਗਿਆਂ) ਮਨ ਇੱਛਤ ਫਲ ਪਾ ਲਈਦਾ ਹੈ। ਹਾਂ ਜੇ ਉਸ (ਹਰੀ ਦਾਤੇ ਨੂੰ ਛੱਡ ਕੇ) ਹੋਰ ਕਿਸੇ ਦੂਜੇ ਪਾਸੋਂ ਮੰਗੀਏ ਤਾਂ ਸ਼ਰਮ ਨਾਲ ਮਰ ਜਾਈਦਾ ਹੈ। ਜਿਸ ਕਿਸੇ ਨੇ (ਉਸ) ਹਰੀ ਨੂੰ ਸੇਵਿਆ ਹੈ, ਉਸ ਨੇ ਫਲ ਪਾ ਲਿਆ ਹੈ, ਉਸ ਮਨੁੱਖ ਦੀ ਸਾਰੀ ਭੁੱਖ ਦੂਰ ਹੋ ਜਾਂਦੀ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਉਨ੍ਹਾਂ ਤੋਂ ਸਦਕੇ ਜਾਂਦਾ ਹਾਂ ਜਿਨ੍ਹਾਂ ਨੇ ਦਿਨ ਰਾਤ (ਆਪਣੇ) ਹਿਰਦੇ ਅੰਦਰ ਹਰੀ ਨੂੰ ਧਿਆਇਆ ਹੈ। ੧।

## ਵਿਆਖਿਆ ਤੇ ਸਾਰੰਸ਼

ਪਹਿਲੇ ਸਲੋਕ ਵਿਚ ਗੁਰ-ਸੇਵਾ ਬਿਨਾ ਹਉਮੈ ਨਾਲ ਕੀਤੇ ਕਰਮ ਜੀਅ-ਆਤਮਾ ਲਈ ਬੰਧਨ ਦੱਸੇ ਹਨ। ਦੂਸਰੇ ਸਲੋਕ ਵਿਚ ਉਸ ਰਸਮ ਰੀਤੀ ਨੂੰ ਸਾੜਨ ਜੋਗ ਦਸਿਆ ਹੈ ਜਿਸ ਕਰਕੇ ਪਿਆਰਾ ਪ੍ਰੀਤਮ ਭੁੱਲ ਜਾਂਦਾ ਹੈ। ਅੱਜ ਤਾਂ ਘਰਾਂ ਵਿਚ ਦੇਖੀਏ ਐਸੀਆਂ ਰਸਮਾਂ ਰੀਤੀਆਂ ਕਰਦੇ ਹਨ, ਜਿਨ੍ਹਾਂ ਕਰਕੇ ਗੁਰੂ ਸਾਹਿਬ ਜੀ ਦੀ ਘੋਰ ਬੇਅਦਬੀ ਹੁੰਦੀ ਹੈ। ਪਉੜੀ ਵਿਚ ਗੁਰੂ ਨੂੰ ਛੱਡ ਕੇ ਹੋਰਾਂ ਦੇਵੀ ਦੇਵਤਿਆਂ ਤੇ ਪਾਖੰਡੀ ਗੁਰੂਆਂ ਪਾਸੋਂ ਮੰਗਣ ਨਾਲ ਸ਼ਰਮ ਨਾਲ ਮਰਨਾ ਦਸਿਆ ਹੈ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

☆☆☆

ਸ੍ਰੀ ਮੁਖਵਾਕ ਨੰਬਰ ੪੩ (ਅੰਗ ੫੯੧)

ਸਲੋਕੁ ਮਃ ੩ ॥ ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥ ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧ ॥ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥ ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥ ੨ ॥ ਪਉੜੀ ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ ॥ ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ ॥ ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ ॥ ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ ॥੧੫ ॥

## ਪ੍ਰਾਕ੍ਥਨ :-

ਗੁਰੂ ਅਮਰਦਾਸ ਜੀ ਨੇ ਇਸ ਸ੍ਰੀ ਮੁਖਵਾਕ ਦੇ ਅਰੰਭ ਵਿਚ ਸਤਿਗੁਰੂ ਜੀ ਦੀ ਸੇਵਾ ਕੀਤੇ ਬਿਨਾਂ ਸੰਸਾਰਕ ਜੀਅ ਵਿਅਰਥ ਜੀਵਨ ਗੁਆ ਕੇ ਮਰ ਰਹੇ ਦਸੇ ਹਨ। ਗੁਰੂ ਦੀ ਸੇਵਾ ਛੱਡ ਕੇ ਦੂਜਿਆਂ ਨਾਲ ਹਿਤ ਲਾਇਆ

## ਮਰਿ ਜੰਮੈ ਆਵੈ ਜਾਇ॥

ਦਸਿਆ ਹੈ। ਮਾਤਾ ਦੀ ਗਰਭ ਜੋਨੀ ਰੂਪ ਵਿਸਟਾ ਗੰਦਗੀ ਵਿਚ ਵਾਸਾ ਬਣਿਆ ਹੀ ਰਹਿੰਦਾ ਹੈ। ਭਾਈ ਗੁਰਦਾਸ ਜੀ ਦਾ ਵੀ ਕਥਨ ਹੈ ਕਿ ਜੋ ਮਨੁੱਖ ਸੇਵਾ ਨਹੀਂ ਕਰਦਾ ਅਤੇ ਪੈਰਾਂ ਨਾਲ ਚਲ ਕੇ ਗੁਰ ਸੰਗਤ ਵਲ ਨਹੀਂ ਜਾਂਦਾ, ਉਸ ਦੇ ਹੱਥਾਂ ਪੈਰਾਂ ਨੂੰ ਧ੍ਰਿਗਾਕਾਰ ਹੈ। ''ਬਿਨ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਨੀ॥'' (ਭਾਈ ਗੁਰਦਾਸ ਜੀ) ਦੂਸਰੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਤਿਹਾਸ ਅੰਦਰ ਇਕ ਸੇਵਾ ਹੀਣ ਖੀਰ ਖਾਣੇ ਪਖੰਡੀ ਸਿੱਖ ਦਾ ਇਸ ਤਰ੍ਹਾਂ ਜ਼ਿਕਰ ਆਇਆ ਹੈ।

## ਸਾਖੀ—ਸੇਵਾ ਤੋਂ ਹੀਣੇ ਖੀਰ ਖਾਣੇ ਸਿੱਖ ਦੀ

ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਲੰਗਰ ਵਿਚ ਸ੍ਰੀ ਖਡੂਰ ਸਾਹਿਬ ਜੀ ਵਿਚ ਹਰ ਰੋਜ਼ ਘਿਉ ਵਾਲੀ ਖੀਰ ਵਰਤਾਈ ਜਾਂਦੀ ਸੀ, ਜਿਸ ਕਰਕੇ ਇਕ ਬਨਾਉਟੀ ਸਿੱਖ ਬਣ ਕੇ ਆ ਗਿਆ। ਇਹ ਸਿੱਖ, ਸੰਗਤ ਦੀ ਪੰਗਤ ਵਿਚ ਬੈਠ ਕੇ ਖੀਰ ਖਾ ਕੇ ਕੋਠੜੀ ਦਾ ਬੂਹਾ ਬੰਦ ਕਰਕੇ ਸੌਂ ਰਿਹਾ ਕਰੇ। ਗੁਰਸਿੱਖਾਂ ਨੇ ਬਾਬਾ ਬੁੱਢਾ ਜੀ ਨੂੰ ਦੱਸਿਆ ਕਿ ਬਾਬਾ ਜੀ, ਇਹ ਸਿੱਖ ਸੇਵਾ ਨਹੀਂ ਕਰਦਾ। ਨਾ ਹੀ ਲੰਗਰ 'ਚ ਇਹ ਝਾੜੂ ਦਿੰਦਾ, ਨਾ ਹੀ ਲੱਕੜਾਂ ਲਿਆਉਂਦਾ ਹੈ ਅਤੇ ਨਾ ਬਰਤਨਾਂ ਦੀ ਸੇਵਾ ਕਰਦਾ ਹੈ। ਗੱਲ ਕੀ, ਇਹ ਤਾਂ ਖੀਰ ਖਾ ਕੇ ਸੌਂ ਜਾਂਦਾ ਹੈ। ਆਪ ਜੀ ਇਸ ਨੂੰ ਕਹੋ ਜਿਸ ਕਰਕੇ ਇਸ ਦਾ ਭਲਾ ਹੋ ਜਾਵੇ। ਬਾਬਾ ਜੀ ਨੇ ਉਸ ਨੂੰ ਕਿਹਾ :-

***''ਗੁਰ ਸੰਗਤ ਮਹਿ ਭਲੌ ਰਹਾਵਨਿ। ਭਜਨ ਟਹਿਲ ਕਰ ਕਾਲ ਬਿਤਾਵਨ।***
***ਬੈਠੇ ਦੇਹ ਕਾਜ ਕਿਸ ਆਇ॥ ਛੁਹੈ ਨਾ ਕੋਈ ਮ੍ਰਿਤ ਜਬ ਪਾਇ॥''***

ਕਿਹਾ ਕਿ ਭਾਈ ਸੇਵਾ ਕਰਿਆ ਕਰ ਤਾਂ ਉਸ ਨੇ ਕਿਹਾ ਕਿ ਮੈਂ ਤੁਹਾਡੇ ਜੱਟਾਂ ਦੇ ਆਖੇ ਨਹੀਂ ਲੱਗਣਾ, ਮਹਾਰਾਜ ਜੀ ਦੇ ਆਖੇ ਲੱਗਾਂਗਾ। ਜੋ ਕਹਿਣਗੇ ਉਹ ਸੇਵਾ ਕਰਾਂਗਾ। ਬਾਬਾ ਜੀ ਖਿਮਾ ਕਰ ਚੁੱਪ ਕਰ ਰਹੇ। ਉਹ ਉਸੇ ਤਰ੍ਹਾਂ ਹੀ ਖੀਰ ਖਾ ਕੇ ਸੁੱਤਾ ਰਿਹਾ ਕਰੇ। ਇਉਂ ਛੇ ਮਹੀਨੇ ਲੰਘ ਗਏ। ਇਕ ਦਿਨ ਇਹ ਸੁੱਤਾ ਪਿਆ ਸੀ ਕਿ ਲੰਗਰ ਛੱਕਣ ਲਈ ਪੰਗਤ ਲਗ ਗਈ। ਜਿਸ ਕੋਠੜੀ ਵਿਚ ਇਹ ਸੁੱਤਾ ਸੀ ਉਸੇ ਅੱਗੇ ਸੁੱਤੇ ਸਿਧ ਹੀ ਗੁਰਸਿੱਖਾਂ ਨੇ ਸਤਿਗੁਰੂ ਜੀ ਦਾ ਸਿੰਘਾਸਨ ਲਾ ਦਿੱਤਾ। ਸਤਿਗੁਰੂ ਜੀ ਪੰਗਤ ਵਿਚ ਆ ਕੇ ਸਿੰਘਾਸਣ 'ਤੇ ਸੁਭਾਇਮਾਨ ਹੋ ਗਏ। ਸੰਗਤ ਸ਼ਬਦ ਪੜ੍ਹਨ ਲਗ ਪਈ। ਇਸ ਆਵਾਜ਼ ਨੂੰ ਸੁਣ ਕੇ ਇਹ ਖੀਰ ਖਾਣਾ ਸਿੱਖ ਜਾਗਿਆ ਤੇ ਬਾਹਰ ਨਿਕਲਿਆ ਤੇ ਹੁਣ ਇਸ ਨੂੰ ਮੱਥਾ ਟੇਕਣਾ ਹੀ ਪਿਆ। ਸਤਿਗੁਰੂ

ਜੀ ਨੇ ਪੁੱਛਿਆ ਭਾਈ ਸਿੱਖਾ ਕਿੱਥੇ ਰਹਿੰਦਾ ਹੈਂ? ਤੇ ਕੀ ਕੰਮ ਕਰਦਾ ਹੈਂ? ਉੱਤਰ ਵਿਚ ਕਹਿਣ ਲੱਗਿਆ ਮਹਾਰਾਜ ਜੀ, ਮੈਨੂੰ ਇਥੇ ਆਇਆਂ ਛੇ ਮਹੀਨੇ ਹੋ ਗਏ ਹਨ। ਇਥੇ ਤੁਹਾਡੇ ਚਰਨਾਂ ਵਿਚ ਹੀ ਰਹਿੰਦਾ ਹਾਂ। ਸਤਿਗੁਰੂ ਜੀ ਨੇ ਪੁੱਛਿਆ ਹੁਣ ਕੀ ਸੇਵਾ ਕਰਦਾ ਹੈਂ? ਤਾਂ ਇਸਨੇ ਕਿਹਾ ਮੈਨੂੰ ਸਿੱਖਾਂ ਨੇ ਕਿਹਾ ਸੀ ਕਿ ਸੇਵਾ ਕਰਿਆ ਕਰ। ਮੈਂ ਕਿਹਾ ਸਤਿਗੁਰੂ ਜੀ ਜਿਸ ਸੇਵਾ ਨੂੰ ਕਹਿਣਗੇ ਮੈਂ ਉਹ ਕਰਾਂਗਾ, ਤੁਹਾਡੇ ਜੱਟਾਂ ਦੇ ਆਖੇ ਨਹੀਂ ਲੱਗਣਾ।

ਉਸ ਵੇਲੇ ਸਤਿਗੁਰੂ ਜੀ ਨੇ ਕਿਹਾ ਕਿ ਪ੍ਰੇਮੀਆ, ਤੇਰੀ ਉਮਰ ਤਾਂ ਅੱਠ ਪਹਿਰ ਹੀ ਬਾਕੀ ਰਹਿ ਗਈ ਹੈ। ਅੱਠਾਂ ਪਹਿਰਾਂ ਵਿਚ ਅਸੀਂ ਤੇਰੇ ਪਾਸੋਂ ਕੀ ਸੇਵਾ ਕਰਵਾਈਏ? ਹੁਣ ਇਕ ਜੁਗਤੀ ਦੱਸਦੇ ਹਾਂ। ਸਾਡਾ ਬਚਨ ਮੰਨੀਂ ਤੇ ਜੰਗਲ ਵਿਚ ਜਾ ਕੇ ਚਿਖਾ ਬਣਾ ਕੇ ਅਰਦਾਸ ਕਰਕੇ ਸੜ ਜਾਹ। ਸਤਿਗੁਰੂ ਨਾਨਕ ਸਾਹਿਬ ਜੀ ਕ੍ਰਿਪਾ ਕਰਕੇ ਤੇਰਾ ਕਲਿਆਣ ਕਰ ਦੇਣਗੇ।

ਸਤਿ ਬਚਨ ਕਹਿ ਕੇ ਤੁਰ ਪਿਆ ਪਰ ਮਨ ਵਿਚ ਕਹਿ ਰਿਹਾ ਹੈ ਕਿ ਸਿੱਖਾਂ ਨੇ ਈਰਖਾ ਵਸ ਹੋ ਕੇ ਸਤਿਗੁਰਾਂ ਤੋਂ ਕਹਾਇਆ ਹੈ। ਜੰਗਲ ਵਿਚ ਜਾ ਕੇ ਚਿਖਾ ਬਣਾ ਕੇ ਅੱਗ ਲਾਈ ਤੇ ਉਦਾਲੇ ਉਦਾਲੇ ਫਿਰੀ ਜਾਵੇ। ਗੁਰੂ ਕੇ ਬਚਨਾਂ 'ਤੇ ਭਰੋਸਾ ਨਹੀਂ ਸੀ, ਸਿਦਕ ਕੱਚਾ ਹੋਣ ਕਰਕੇ ਸੜਨ ਤੋਂ ਡਰਦਾ ਚਿਖਾ ਵਿਚ ਨਹੀਂ ਬੈਠ ਸਕਿਆ।

ਉਧਰੋਂ ਮਿਹਰਾ ਨਾਮੇ ਧਾੜਵੀ ਚੋਰੀ ਕਰਕੇ ਕਾਫ਼ੀ ਧਨ ਜਿਸਦੇ ਪਾਸ ਹੈ, ਆ ਨਿਕਲਿਆ। ਕਹਿਣ ਲੱਗਾ ਕਿ ਭਰਾਵਾ ਤੂੰ ਤਾਂ ਸਿੱਖ ਲਗਦਾ ਹੈਂ ਤੇ ਅੱਗ ਦੇ ਦੁਆਲੇ ਤੁਰਿਆ ਫਿਰਦਾ ਹੈਂ, ਕੀ ਗੱਲ ਹੈ? ਕਹਿੰਦਾ ਹੈ, ਗੁਰੂ ਦੇ ਲੰਗਰ ਵਿਚੋਂ ਖੀਰ ਖਾਂਦਾ ਸੀ। ਸਿੱਖਾਂ ਨੇ ਸਤਿਗੁਰੂ ਜੀ ਪਾਸ ਸ਼ਿਕਾਇਤ ਕਰਕੇ ਈਰਖਾ ਕਰਕੇ ਕਢਾ ਦਿੱਤਾ ਹੈ। (ਪਰ ਸਿੱਖਾਂ ਨੇ ਸ਼ਿਕਾਇਤ ਨਹੀਂ ਲਾਈ ਸੀ) ਮੈਨੂੰ ਸਤਿਗੁਰੂ ਸਾਹਿਬ ਜੀ ਨੇ ਕਿਹਾ ਹੈ ਕਿ ਤੇਰੀ ਉਮਰ ਅੱਠ ਪਹਿਰ ਹੈ। ਜਾਹ ਜਾ ਕੇ ਹੁਣ ਚਿਖਾ ਬਣਾ ਕੇ ਸੜ ਜਾ, ਤੇਰਾ ਉਧਾਰ ਹੋ ਜਾਵੇਗਾ। ਮੇਰੇ ਕੋਲੋਂ ਹੁਣ ਸੜਿਆ ਨਹੀਂ ਜਾਂਦਾ। ਮਿਹਰੇ ਦੇ ਪੂਰਬਲੇ ਭਾਗ ਜਾਗ ਪਏ। ਮਿਹਰਾ ਕਹਿਣ ਲੱਗਿਆ ਕਿ ਆਹ ਲੈ ਧਨ ਪੁਤ੍ਰ ਪੋਤ੍ਰਿਆਂ ਤਕ ਖਾਂਦਾ ਰਹੀਂ ਤੇ ਸਤਿਗੁਰਾਂ ਦਾ ਬਚਨ ਮੈਨੂੰ ਅਰਦਾਸ ਕਰ ਦੇ ਕਿ ਮੁਕਤ ਹੋਣ ਦਾ ਬਚਨ ਮੈਂ ਤੈਨੂੰ ਦਿੱਤਾ। ਉਹ ਧਨ ਲੈ ਕੇ ਬੜਾ ਖ਼ੁਸ਼ ਹੋਇਆ ਤੇ ਅਰਦਾਸ ਕਰ ਦਿੱਤੀ। ਮੇਹਰਾ ਧਾੜਵੀ ਛੇਤੀ ਛਾਲ ਮਾਰ ਕੇ ਚਿਖਾ 'ਤੇ ਬੈਠ ਗਿਆ। ਉਸ ਵੇਲੇ

*"ਸੁਰ ਪੁਰਿ ਤੇ ਬਿਬਾਨ ਚਲਿ ਆਵਾ। ਸਾਦਰ ਕਹਿ ਕੈ ਤੁਰਤ ਚਢਾਵਾ।*
*ਸੁਖ ਅਨੰਤ ਮਹਿ ਜਾਇ ਰਹਯੋ ਹੈ। ਗੁਰ ਬਚ ਤੇ ਅਘ ਦੇ ਹਿ ਦਹਯੋ।*
*ਗੁਰੂ ਬਚਨ ਪਰ ਜਿਹ ਪਰਤੀਤ। ਤਿਸਹਿ ਮਿਲਹਿ ਉਚੋ ਪਦ ਨੀਤਿ।"*

ਬਿਬਾਣ 'ਤੇ ਬੈਠ ਕੇ ਬੈਕੁੰਠ ਨੂੰ ਚਲਾ ਗਿਆ। ਇਤਨੇ ਚਿਰ ਨੂੰ ਜਿੰਨ੍ਹਾਂ ਦੀ ਚੋਰੀ ਕੀਤੀ ਸੀ, ਉਹ ਵੀ ਭਾਲਦੇ ਹੋਏ ਮਿਹਰੇ ਦੇ ਮਗਰੇ ਹੀ ਆ ਗਏ ਤੇ ਆ ਕੇ ਖੀਰ ਖਾਣੇ ਨੂੰ ਫੜ ਲਿਆ ਤੇ ਤਲਾਸ਼ੀ ਕੀਤੀ। ਉਹਨਾਂ ਦਾ ਧਨ ਉਸ ਪਾਸੋਂ ਫੜਿਆ ਗਿਆ ਤਾਂ ਫੜ ਕੇ ਇਸ ਨੂੰ ਕੋਤਵਾਲ ਕੋਲ ਲੈ ਗਏ। ਕੋਤਵਾਲ ਨੇ

ਚੋਰ ਸਮਝ ਕੇ ਖੀਰ ਖਾਣੇ ਸਿੱਖ ਨੂੰ ਜੋ ਸੇਵਾ ਤੋਂ ਹੀਣਾ ਸੀ, ਫਾਹਾ ਦੇ ਕੇ ਮਾਰ ਦਿੱਤਾ। ਅੱਠਾਂ ਪਹਿਰਾਂ ਦੇ ਅੰਦਰ ਹੀ ਮਰ ਗਿਆ।

**ਸਲੋਕੁ ਮਃ ੩ ॥ ਬਿਨੁ ਸਤਿਗੁਰ ਸੇਵੇ ਜਗਤੁ ਮੁਆ ਬਿਰਥਾ ਜਨਮੁ ਗਵਾਇ ॥ ਦੂਜੈ ਭਾਇ ਅਤਿ ਦੁਖੁ ਲਗਾ ਮਰਿ ਜੰਮੈ ਆਵੈ ਜਾਇ ॥ ਵਿਸਟਾ ਅੰਦਰਿ ਵਾਸੁ ਹੈ ਫਿਰਿ ਫਿਰਿ ਜੂਨੀ ਪਾਇ ॥ ਨਾਨਕ ਬਿਨੁ ਨਾਵੈ ਜਮੁ ਮਾਰਸੀ ਅੰਤਿ ਗਇਆ ਪਛੁਤਾਇ ॥੧॥**

**ਪਦ ਅਰਥ :-** ਦੂਜੈ ਭਾਇ-ਦ੍ਵੈਤ ਭਾਵਨਾ ਕਰਕੇ। ਅਤਿ-ਬਹੁਤਾ। ਵਿਸਟਾ-ਗੰਦਗੀ। ਫਿਰਿ ਫਿਰਿ-ਮੁੜ ਮੁੜ ਕੇ। ਬਿਨੁ ਨਾਵੈ-ਨਾਮ ਹੀਨ ਮਨੁੱਖ ਨੂੰ। ਜਮੁ ਮਾਰਸੀ-ਜਮਕਾਲ ਮਾਰੇਗਾ।

**ਅਰਥ :-** (ਹੇ ਭਾਈ!) ਬਿਨਾਂ ਸਤਿਗੁਰ ਦੀ ਸੇਵਾ ਕੀਤਿਆਂ ਜਗਤ ਜੀਵ (ਆਪਣਾ ਅਮੋਲਕ ਮਨੁੱਖਾ) ਜਨਮ ਗੁਆ ਕੇ ਮਰ ਰਿਹਾ ਹੈ। ਦ੍ਵੈਤ ਭਾਵਨਾ ਕਰਕੇ (ਭਾਵ ਦੇਵੀ ਦੇਵਤਿਆਂ ਦੀ ਉਪਾਸਨਾ) ਕਰਕੇ (ਇਸ ਜੀਵ ਨੂੰ) ਮਰਣ ਜੰਮਣ (ਅਤੇ) ਜੂਨਾਂ ਵਿਚ ਆਉਣ ਜਾਣ ਦਾ ਬਹੁਤਾ ਦੁੱਖ ਲਗਿਆ ਹੋਇਆ ਹੈ। ਇਸ ਦਾ ਵਾਸਾ (ਮਾਤਾ ਦੀ ਗਰਭ ਜੋਨੀ ਰੂਪ) ਗੰਦਗੀ ਵਿਚ ਹੀ ਰਹਿੰਦਾ ਹੈ (ਕਿਉਂਕਿ) ਮੁੜ ਮੁੜ ਕੇ ਜੂਨਾਂ ਵਿਚ ਪਾਇਆ ਜਾਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਨਾਮ ਹੀਣ ਮਨੁੱਖ ਨੂੰ ਜਮਕਾਲ ਮਾਰੇਗਾ (ਸੋ) ਅੰਤ ਨੂੰ (ਮਨੁੱਖ ਜਨਮ ਗੁਆ ਕੇ) ਜੀਵ ਇਥੋਂ ਪਛਤਾਉਂਦਾ ਹੀ ਗਿਆ ਹੈ।੧।

**ਮਃ ੩ ॥ ਇਸੁ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ ॥ ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ ॥ ਪੂਰੈ ਗੁਰਿ ਵੇਖਾਲਿਆ ਸਬਦੇ ਸੋਝੀ ਪਾਈ ॥ ਪੁਰਖੈ ਸੇਵਹਿ ਸੇ ਪੁਰਖ ਹੋਵਹਿ ਜਿਨੀ ਹਉਮੈ ਸਬਦਿ ਜਲਾਈ ॥ ਤਿਸ ਕਾ ਸਰੀਕੁ ਕੋ ਨਹੀ ਨਾ ਕੋ ਕੰਟਕੁ ਵੈਰਾਈ ॥ ਨਿਹਚਲ ਰਾਜੁ ਹੈ ਸਦਾ ਤਿਸੁ ਕੇਰਾ ਨਾ ਆਵੈ ਨਾ ਜਾਈ ॥ ਅਨਦਿਨੁ ਸੇਵਕੁ ਸੇਵਾ ਕਰੇ ਹਰਿ ਸਚੇ ਕੇ ਗੁਣ ਗਾਈ ॥ ਨਾਨਕੁ ਵੇਖਿ ਵਿਗਸਿਆ ਹਰਿ ਸਚੇ ਕੀ ਵਡਿਆਈ ॥੨॥**

**ਪਦ ਅਰਥ :-** ਪੁਰਖੁ-ਪੁਰਖ ਪਤੀ। ਸਗਲੀ-ਸਾਰੀ। ਸਬਾਈ-ਸਾਰੀ। ਭੋਗਵੈ-ਭੋਗਦਾ ਹੈ। ਅਲਿਪਤੁ-ਨਿਰਲੇਪ। ਸੇਵਹਿ-ਸੇਵਦੇ, ਸਿਮਰਦੇ। ਜਲਾਈ-ਸਾੜੀ। ਸਰੀਕੁ-ਬਰਾਬਰੀ ਕਰਨ ਵਾਲਾ। ਕੰਟਕੁ ਵੈਰਾਈ-ਦੁਖਦਾਈ ਵੈਰੀ। ਨ ਲਖਣਾ ਜਾਈ-ਜਾਣਿਆ ਨਹੀਂ ਜਾਂਦਾ।

**ਅਰਥ :-** ਇਸ ਸੰਸਾਰ ਵਿਚ ਪੁਰਖ ਪਤੀ (ਸਾਰਿਆਂ ਦਾ) ਇਕੋ ਹੀ ਹੈ, ਹੋਰ ਸਾਰੀ ਦੀ ਸਾਰੀ (ਸ੍ਰਿਸ਼ਟੀ ਉਸ ਪੁਰਖ ਪਤੀ ਦੀ) ਇਸਤਰੀ ਹੈ। (ਉਹ ਪੁਰਖ ਪਤੀ) ਸਾਰੇ ਘਟਾਂ ਨੂੰ ਭੋਗਦਾ ਹੋਇਆ (ਫੇਰ ਵੀ) ਨਿਰਲੇਪ ਰਹਿੰਦਾ ਹੈ, ਉਹ (ਪ੍ਰਭੂ) ਅਲੱਖ ਸਰੂਪ (ਆਪਣੇ ਆਪ) ਕਿਸੇ ਪਾਸੋਂ ਜਾਣਿਆ ਨਹੀਂ ਜਾਂਦਾ। ਹਾਂ ਪੂਰੇ ਗੁਰੂ ਨੇ ਜਿਸ ਨੂੰ ਵਿਖਾਲਿਆ ਹੈ, ਉਸ ਨੇ ਗੁਰੂ ਦੇ ਸ਼ਬਦ ਦੁਆਰਾ ਸੋਝੀ ਪਾਈ ਹੈ। ਜਿਨ੍ਹਾਂ ਨੇ (ਗੁਰ)

ਸ਼ਬਦ ਅਭਿਆਸ ਨਾਲ ਹਉਮੈ ਸਾੜੀ ਹੈ ਤੇ ਪੂਰਨ ਪੁਰਖ (ਪ੍ਰਮਾਤਮਾ ਦੀ) ਸੇਵਾ ਸਿਮਰਨ ਕਰਕੇ ਉਹ ਪ੍ਰਮਾਤਮਾ ਦਾ ਰੂਪ ਹੀ ਹੋ ਗਏ ਹਨ। ਉਸ ਪੁਰਖ ਦੀ ਬਰਾਬਰੀ ਕਰਨ ਵਾਲਾ ਕੋਈ ਸ਼ਰੀਕ ਨਹੀਂ ਹੈ ਤੇ ਨਾ ਹੀ ਉਸ ਦਾ ਕੋਈ ਦੁਖਦਾਈ ਵੈਰੀ ਹੈ। ਤਿਸ ਦਾ ਸਦਾ ਹੀ ਰਾਜ ਨਿਹਚਲ ਹੈ ਅਤੇ ਨਾ ਹੀ ਉਹ ਜੰਮਦਾ ਮਰਦਾ ਹੈ। ਸੇਵਕ ਜਨ ਦਿਨ ਰਾਤ ਸੇਵਾ ਕਰਦਾ ਹੋਇਆ ਹਰੀ ਸੱਚੇ ਦੇ ਗੁਣ ਗਾਉਂਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਸੱਚੇ ਹਰੀ ਦੀ ਵਡਿਆਈ ਵੇਖ ਕੇ ਖ਼ੁਸ਼ ਹੁੰਦਾ ਹਾਂ। ੨।

ਪਉੜੀ॥ ਜਿਨ ਕੈ ਹਰਿ ਨਾਮੁ ਵਸਿਆ ਸਦ ਹਿਰਦੈ ਹਰਿ ਨਾਮੋ ਤਿਨ ਕੰਉ ਰਖਣਹਾਰਾ॥ ਹਰਿ ਨਾਮੁ ਪਿਤਾ ਹਰਿ ਨਾਮੋ ਮਾਤਾ ਹਰਿ ਨਾਮੁ ਸਖਾਈ ਮਿਤ੍ਰੁ ਹਮਾਰਾ॥ ਹਰਿ ਨਾਵੈ ਨਾਲਿ ਗਲਾ ਹਰਿ ਨਾਵੈ ਨਾਲਿ ਮਸਲਤਿ ਹਰਿ ਨਾਮੁ ਹਮਾਰੀ ਕਰਦਾ ਨਿਤ ਸਾਰਾ॥ ਹਰਿ ਨਾਮੁ ਹਮਾਰੀ ਸੰਗਤਿ ਅਤਿ ਪਿਆਰੀ ਹਰਿ ਨਾਮੁ ਕੁਲੁ ਹਰਿ ਨਾਮੁ ਪਰਵਾਰਾ॥ ਜਨ ਨਾਨਕ ਕੰਉ ਹਰਿ ਨਾਮੁ ਹਰਿ ਗੁਰਿ ਦੀਆ ਹਰਿ ਹਲਤਿ ਪਲਤਿ ਸਦਾ ਕਰੇ ਨਿਸਤਾਰਾ॥ ੧੫॥

**ਪਦ ਅਰਥ :–** ਮਸਲਤਿ–ਸਲਾਹ, ਮਸ਼ਵਰਾ। ਸਾਰਾ–ਸੰਭਾਲ ਕਰਦਾ ਹੈ। ਹਰਿ ਗੁਰਿ–ਹਰੀ ਰੂਪ ਗੁਰੂ ਨੇ। ਹਲਤਿ ਪਲਤਿ–ਲੋਕ ਪਰਲੋਕ।

**ਅਰਥ :–** ਹੇ ਭਾਈ ! ਜਿਨ੍ਹਾਂ ਦੇ ਹਿਰਦੇ ਵਿਚ ਸਦੀਵ ਕਾਲ ਹਰੀ ਨਾਮ ਵਸ ਗਿਆ ਹੈ, ਉਨ੍ਹਾਂ ਦੀ ਹਰੀ ਨਾਮ ਹੀ ਹਰ ਥਾਂ ਰੱਖਿਆ ਕਰਨ ਵਾਲਾ ਹੈ। ਉਨ੍ਹਾਂ ਨੂੰ (ਇਹ ਭਰੋਸਾ ਹੈ ਕਿ) ਹਰੀ ਨਾਮ ਹੀ ਸਾਡਾ ਪਿਤਾ ਤੇ ਹਰੀ ਨਾਮ ਹੀ ਮਾਤਾ ਹੈ ਅਤੇ ਹਰੀ ਨਾਮ ਹੀ ਸਾਥੀ ਤੇ ਮਿੱਤਰ ਹੈ। ਉਹ ਹਰੀ ਨਾਮ ਨਾਲ ਹੀ ਗੱਲਾਂ ਤੇ ਹਰੀ ਨਾਮ ਨਾਲ ਹੀ ਸਲਾਹ ਮਸ਼ਵਰਾ ਕਰਦੇ ਹਨ, ਉਨ੍ਹਾਂ ਦਾ ਇਹ ਨਿਸਚਾ ਹੈ ਕਿ ਹਰੀ ਨਾਮ ਸਾਡੀ ਸੰਭਾਲ ਕਰਦਾ ਹੈ। ਹਰੀ ਨਾਮ ਹੀ ਬਹੁਤ ਪਿਆਰ ਵਾਲੀ ਸਾਡੀ ਸੰਗਤ ਹੈ, ਹਰੀ ਨਾਮ ਹੀ (ਸਾਡੀ) ਕੁਲ ਤੇ ਹਰੀ ਨਾਮ ਸਾਡਾ ਪਰਵਾਰ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਮੈਂ ਦਾਸ ਨੂੰ ਹਰੀ ਸਰੂਪ ਗੁਰੂ ਨੇ ਹਰੀ ਨਾਮ ਦਿੱਤਾ ਹੈ ਜੋ ਹਰੀ ਲੋਕ ਪ੍ਰਲੋਕ ਵਿਚ ਸਦਾ ਹੀ ਸਭ ਦਾ ਪਾਰ ਉਤਾਰਾ ਕਰਦਾ ਹੈ। ੧੫।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਦੇ ਪਹਿਲੇ ਸਲੋਕ ਵਿਚ ਸੇਵਾ ਬਿਨਾ ਸੰਸਾਰ ਅਮੋਲਕ ਮਨੁੱਖਾ ਜਨਮ ਨਿਸਫਲ ਗੁਆ ਰਿਹਾ ਦਸਿਆ ਹੈ ਅਤੇ ਦੂਸਰੇ ਸਲੋਕ ਵਿਚ ਪੁਰਖ ਪਤੀ ਸਾਰਿਆਂ ਦਾ ਵਾਹਿਗੁਰੂ ਹੈ, ਹੋਰ ਸਾਰੀਆਂ ਇਸਤਰੀਆਂ ਹਨ। ਨਾਲ ਹੀ ਜੈਸਾ ਸੇਵੇ ਤੈਸਾ ਹੋਇ ਦਾ ਸਿਧਾਂਤ ਦਸਿਆ ਹੈ।

***"ਮਹਾ ਮਾਈ ਕੀ ਪੂਜਾ ਕਰੈ॥ ਨਰ ਸੈ ਨਾਰਿ ਹੋਇ ਅਉਤਰੈ॥"*** (ਅੰਗ ੮੭੪)

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸ੍ਰੀ ਮੁਖਵਾਕ ਨੰਬਰ ੪੪ (ਅੰਗ ੫੯੩)

ਸਲੋਕੁ ਮਃ ੩ ॥ ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ ॥ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ ॥ ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ ॥੧ ॥ਮਃ ੩ ॥ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨ ॥ਪਉੜੀ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯ ॥

# ਪ੍ਰਾਕ੍ਰਥਨ :-

ਕਿਰਪਾਲੂ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਬਖ਼ਸ਼ਿਸ਼ ਰੂਪ ਵਿਚ ਫੁਰਮਾਣ ਕਰਦੇ ਹਨ ਕਿ ਸੰਸਾਰ ਅੰਦਰ ਮਨ ਦੇ ਹੱਠ ਕਰਕੇ ਅੱਜ ਤੱਕ ਕਿਸੇ ਨੇ ਵੀ ਪ੍ਰਮੇਸ਼ਰ ਨੂੰ ਨਹੀਂ ਪਾਇਆ। ਮਨ ਦੇ ਹੱਠ ਕਰਕੇ ਧੂਣੀਆਂ ਤਾਉਂਣੀਆਂ, ਜਲ ਧਾਰੇ ਕਰਨੇ, ਪੁਠੇ ਲਮਕ ਕੇ ਤਪ ਆਦਿ ਕਰਨਾ, ਇਨ੍ਹਾਂ ਹੱਠ ਵਾਲੇ ਕਰਮਾਂ ਕਰਕੇ ਕਿਸੇ ਨੇ ਵੀ ਪ੍ਰਮੇਸ਼ਰ ਨੂੰ ਨਹੀਂ ਪਾਇਆ॥

***"ਜੋਗ ਸਿਧ ਆਸਣ ਚਉਰਾਸੀਹ ਏ ਭੀ ਕਰਿ ਕਰਿ ਰਹਿਆ॥"***

(ਅੰਗ ੬੪੧)

ਅਨੇਕਾਂ ਰਾਜੇ ਲੋਕ ਰਾਜ ਭਾਗ ਤਿਆਗ ਕੇ, ਗੋਰਖ ਦੇ ਚੇਲੇ ਬਣ ਕੇ ਤੇ ਹੱਠ ਜੋਗ ਕਰਕੇ ਥੱਕ ਗਏ ਪਰ ਪ੍ਰਮੇਸ਼ਰ ਦੀ ਪ੍ਰਾਪਤੀ ਨਾ ਹੋਣ ਕਰਕੇ ਦਰ ਦਰ 'ਤੇ ਟੁਕੜੇ ਮੰਗਦੇ ਧਾਹਾਂ ਮਾਰ ਮਾਰ ਰੋਂਦੇ ਸਨ।

***"ਰੋਵਹਿ ਰਾਜੇ ਕੰਨ ਪੜਾਇ ਘਰਿ ਘਰਿ ਮਾਗਹਿ ਭੀਖਿਆ ਜਾਇ॥"***

(ਅੰਗ ੯੫੪)

ਭਰਥਰੀ ਵਰਗਿਆਂ ਨੂੰ ਗੁਰੂ ਨਾਨਕ ਦੇਵ ਜੀ ਨੇ ਹੱਠ ਜੋਗ ਦਾ ਤਿਆਗ ਕਰਾ ਕੇ ਪ੍ਰਮੇਸ਼ਰ ਦੀ ਭਗਤੀ ਵਿਚ ਜੋੜ ਕੇ ਤਾਰਿਆ ਸੀ।

## ਹੱਠ ਦੋ ਤਰ੍ਹਾਂ ਦਾ ਹੈ

੧. ਇਕ ਹੱਠ ਕਰਮ ਤਿਆਗਣ ਯੋਗ ਹੈ, ਜਿਨ੍ਹਾਂ ਦਾ ਉਪਰ ਜ਼ਿਕਰ ਕੀਤਾ ਗਿਆ ਹੈ। ਜਲ ਧਾਰੇ, ਧੂਣੀਆਂ ਤਾਪਨੀਆਂ ਹਠ ਯੋਗ ਆਦਿ ਕਰਮ ਤਿਆਗਣ ਯੋਗ ਹੈ।

੨. ਦੂਜਾ ਹੱਠ ਧਾਰਣ ਯੋਗ ਹੈ। ਇਹ ਜਿਨ੍ਹਾਂ ਨੇ ਹੱਠ ਨਿਭਾਇਆ ਹੈ, ਉਨ੍ਹਾਂ ਦਾ ਨਾਮ ਅਸੀਂ ਅਰਦਾਸ ਵਿਚ ਹਰ ਰੋਜ਼ ਇਸ ਤਰ੍ਹਾਂ ਲੈਂਦੇ ਹਾਂ—

ਪੰਜਾਂ ਪਿਆਰਿਆਂ, ਚੋਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ,

ਹਠੀਆਂ, ਜਪੀਆਂ, ਤਪੀਆਂ ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ
ਚਲਾਈ, ਤੇਗ਼ ਵਾਹੀ ਦੇਖ ਕੇ ਅਣਡਿਠ ਕੀਤਾ, ਤਿਨ੍ਹਾਂ ਪਿਆਰਿਆਂ,
ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ॥

ਇਹ ਗੁਰਮਤਿ ਦਾ ਹੱਠ ਗੁਰੂ ਅਰਜਨ ਦੇਵ ਜੀ, ਗੁਰੂ ਤੇਗ਼ ਬਹਾਦਰ ਸਾਹਿਬ, ਛੋਟੇ ਸਾਹਿਬਜ਼ਾਦੇ ਅਤੇ ਸਿੱਖ ਸ਼ਹੀਦਾਂ ਦੇ ਪ੍ਰਸੰਗਾਂ ਤੋਂ ਜਾਣਿਆ ਜਾਂਦਾ ਹੈ। ਪਹਿਲੇ ਪ੍ਰਸੰਗ ਅਨੁਸਾਰ ਮਨ ਦੇ ਹੱਠ ਕਰਕੇ ਕੀਤਾ ਕਰਮ, ਉਹ ਚਾਹੇ ਹੱਠ ਯੋਗ ਜਾਂ ਜਲਧਾਰੇ ਤੇ ਕਰਮ ਕਾਂਡ ਦੇ ਸਾਧਨ ਹੋਣ, ਸਾਰੇ ਵਿਅਰਥ ਹਨ।

# ਸਾਖੀ—ਕਰਮ-ਕਾਂਡੀ ਬ੍ਰਾਹਮਣ ਦੀ

ਜਿਸ ਵੇਲੇ ਜਗਤ ਤਾਰਕ ਸਤਿਗੁਰੂ ਜੀ ਨੇ ਉਦਾਸੀਆਂ ਤੋਂ ਵਾਪਸ ਆ ਕੇ ਕਰਤਾਰਪੁਰ ਵਸਾਇਆ ਹੈ। ਕਰਤਾਰਪੁਰ ਵਿਚ ਸੁੰਦਰ ਮਕਾਨ ਬਣਵਾਏ ਹਨ। ਨਾਲ ਹੀ ਸੁੰਦਰ ਧਰਮਸ਼ਾਲਾ ਵੀ ਬਣਵਾਈ ਹੈ। ਉਸ ਧਰਮਸ਼ਾਲਾ ਵਿਚ ਸਤਿਗੁਰੂ ਜੀ ਬੈਠਦੇ ਹਨ। ਦਿਨ ਰਾਤ ਭਾਰੀ ਕੀਰਤਨ ਹੁੰਦਾ ਹੈ। ਸ਼ਬਦ ਗਾਏ ਜਾਂਦੇ ਹਨ। ਫਿਰ ਗੁਰਬਾਣੀ ਦੀ ਵੀਚਾਰ ਹੁੰਦੀ ਹੈ। ਸਤਿਗੁਰੂ ਜੀ ਉੱਥੇ ਹੀ ਖੇਤੀ ਕਰਨ ਲਗ ਪਏ ਹਨ। ਜਦ ਖੇਤੀ ਪੱਕ ਜਾਂਦੀ ਤਾਂ ਸਾਰੀ ਫ਼ਸਲ ਗੁਰਸਿੱਖ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਲੈ ਆਉਂਦੇ ਸਨ। ਫਿਰ ਉਸਦਾ ਸਤਿਗੁਰੂ ਜੀ ਲੰਗਰ ਚਲਾਉਂਦੇ ਸਨ।

***"ਬਨੀ ਬਹੁਤ ਨੀਕੀ ਧਰਮਸਾਲਾ। ਬੈਠਹਿ ਤਿਹ ਕੇ ਬੀਚ ਕ੍ਰਿਪਾਲਾ।***
***ਨਿਸ ਬਾਸੁਰ ਹ੍ਵੈ ਕੀਰਤਨ ਭਾਰੀ। ਪਾਛਹਿ ਸਬਦ ਪੁਨ ਕਰਹਿਂ ਬਿਚਾਰੀ।"***

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਅਧਿਆਇ ੩੦)

ਹੁਣ ਕੋਈ ਵੀ ਭੁੱਖਾ ਨਹੀਂ ਰਹਿੰਦਾ। ਦਿਨ ਰਾਤ ਲਗਾਤਾਰ ਲੰਗਰ ਚਲਦਾ ਹੈ। ਬਹੁਤੇ ਲੋਗ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਉਂਦੇ ਹਨ। ਦਰਸ਼ਨ ਕਰਕੇ ਮਨ ਬਾਂਛਤ ਫਲ ਪਾਉਂਦੇ ਹਨ। ਇਕ ਕਰਮਕਾਂਡੀ ਬ੍ਰਾਹਮਣ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਆਇਆ ਹੈ। ਜਿਸ ਵੇਲੇ ਉਸ ਨੇ ਮੱਥਾ ਟੇਕਿਆ ਤਾਂ ਅੰਤਰਜਾਮੀ ਸਤਿਗੁਰੂ ਜੀ ਨੇ ਜਾਣ ਲਿਆ ਕਿ ਬ੍ਰਾਹਮਣ ਭੁੱਖਾ ਹੈ। ਤਾਂ ਸਤਿਗੁਰੂ ਜੀ ਨੇ ਕਿਹਾ ਕਿ ਐ ਬ੍ਰਾਹਮਣ, ਜੇ ਭੁੱਖਾ ਹੈਂ ਤਾਂ ਭੋਜਨ ਛੱਕ ਲੈ। ਬ੍ਰਾਹਮਣ ਕਹਿਣ ਲੱਗਿਆ ਕਿ ਮੈਂ ਤਾਂ ਕਰਮ ਕਾਂਡ ਨਾਲ ਭੋਜਨ ਸੁੱਚਮ ਦਾ ਤਿਆਰ ਕਰਦਾ ਹਾਂ, ਅਜਿਹਾ ਭੋਜਨ ਨਹੀਂ ਛੱਕਦਾ। ਪਹਿਲਾਂ ਮੈਂ ਧਰਤੀ ਨੂੰ ਇਕ ਹੱਥ ਡੂੰਘਾ ਪੁੱਟ ਕੇ ਫਿਰ ਉਸ 'ਤੇ ਪੋਚਾ ਦਿੰਦਾ ਹਾਂ ਫਿਰ ਆਪਣੇ ਹੱਥੀਂ ਲੱਕੜਾਂ ਲਿਆ ਕੇ ਸੁੱਚੇ ਪਾਣੀ ਨਾਲ ਉਸ ਨੂੰ ਸਾਫ਼ ਕਰਦਾ ਹਾਂ। ਸਾਰੇ ਅੰਨ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਆਪਣੇ ਹੱਥੀਂ ਪ੍ਰਸ਼ਾਦਾ ਤਿਆਰ ਕਰਦਾ ਹਾਂ। ਤੁਹਾਡਾ ਤਿਆਰ ਕੀਤਾ ਸਾਡੇ ਕਿਸੇ ਕੰਮ ਨਹੀਂ ਹੈ।

ਸਤਿਗੁਰੂ ਜੀ ਕਹਿਣ ਲੱਗੇ, ਐ ਬ੍ਰਾਹਮਣ ! ਸੁੱਕੀ ਰਸਤ ਲੈ ਲੈਣਾ ਕਰ ਤੇ ਉਸ ਦਾ ਆਪਣੇ ਹੱਥੀਂ ਤਿਆਰ ਕਰ ਕੇ ਭੋਜਨ ਛੱਕ ਲਵੀਂ। ਬ੍ਰਾਹਮਣ ਨੇ ਸੁੱਕੀ ਰਸਤ ਲੈ ਲਈ ਹੈ। ਧਰਤੀ ਨੂੰ ਪੁੱਟਣ ਲੱਗਾ ਹੈ। ਧਰਤੀ ਵਿਚੋਂ ਹੱਡੀਆਂ ਨਿਕਲ ਆਈਆਂ ਹਨ। ਹੋਰ ਥਾਂ ਧਰਤੀ ਪੁੱਟਣ ਲੱਗਾ। ਉਥੋਂ ਵੀ ਹੱਡੀਆਂ ਨਿਕਲ ਆਈਆਂ। ਉਸਨੂੰ ਅਪਵਿੱਤਰ ਜਾਣ ਕੇ ਹੋਰ ਥਾਂ ਚਲਾ ਗਿਆ। ਜਿਥੇ ਵੀ ਪੁੱਟਦਾ ਉਥੇ ਹੀ ਹੱਡੀਆਂ ਨਿਕਲ ਆਉਂਦੀਆਂ ਹਨ। ਮਨੁੱਖ ਦੇਖ ਕੇ ਹੈਰਾਨ ਹੋ ਰਹੇ ਸਨ।

***"ਨਿਕਸ ਅਸਤ ਸੁ ਜਾਨ ਅਪਾਵਨ। ਤਿਹ ਗਯੋ ਔਰ ਹੀ ਥਾਵਨ॥***
***ਜਹਾਂ ਖੁਨਹਿ ਤਹਿ ਅਸਤੀ ਨਿਕਸੈਂ॥ ਹੇਰਿ ਹੇਰਿ ਨਰ ਤਹਿ ਕੌ ਬਿਕਸੈਂ॥"***

ਸਾਰਾ ਦਿਨ ਧਰਤੀ ਪੁੱਟਦਾ ਰਿਹਾ। ਇਕ ਤਾਂ ਭੁੱਖਾ ਸੀ, ਦੂਜੀ ਥਕਾਵਟ ਨਾਲ ਵਿਆਕੁਲ ਹੋ

ਗਿਆ। ਵਿਆਕੁਲ ਹੋ ਕੇ ਸਤਿਗੁਰੂ ਜੀ ਕੋਲ ਆਇਆ ਤੇ ਬੇਨਤੀ ਕੀਤੀ ਜੀ ਕ੍ਰਿਪਾ ਕਰਕੇ ਜਿਥੇ ਤੁਹਾਡਾ ਭੋਜਨ ਤਿਆਰ ਹੈ, ਉਹੀ ਦੇ ਦੇਣਾ ਕਰੋ। ਸਤਿਗੁਰੂ ਜੀ ਤੁਸੀਂ ਸਮਰੱਥ ਹੋ। ਮੈਂ ਤੁਹਾਡੀ ਆਗਿਆ ਨਹੀਂ ਮੰਨੀ। ਇਸੇ ਕਰਕੇ ਇਹ ਹਾਲਤ ਹੋ ਗਈ ਹੈ। ਸਤਿਗੁਰੂ ਜੀ ਨੇ ਕਿਹਾ ਕਿ ਐ ਬ੍ਰਾਹਮਣ ! ਮੁੱਖੋਂ ਵਾਹਿਗੁਰੂ ਕਹਿ ਕੇ ਭੋਜਨ ਛੱਕ ਲੈਣਾ ਕਰ। ਜਦ ਭੋਜਨ ਛੱਕ ਕੇ ਹਜ਼ੂਰੀ ਵਿਚ ਆਇਆ ਤਾਂ ਗੁਰੂ ਜੀ ਨੇ ਸ਼ਬਦ ਉਚਾਰਿਆ—

*"ਸੁਇਨੇ ਕਾ ਚਉਕਾ ਕੰਚਨ ਕੁਆਰ॥ ਰੁਪੇ ਕੀਆ ਕਾਰਾ ਬਹੁਤੁ ਬਿਸਥਾਰੁ॥*
*ਗੰਗਾ ਕਾ ਉਦਕੁ ਕਰੰਤੇ ਕੀ ਆਗਿ॥ ਗਰੁੜਾ ਖਾਣਾ ਦੁਧ ਸਿਉ ਗਾਡਿ॥*
*ਰੇ ਮਨ ਲੇਖੈ ਕਬਹੂ ਨ ਪਾਇ॥ ਜਾਮਿ ਨ ਭੀਜੈ ਸਾਚ ਨਾਇ॥"*

(ਪੰਨਾ ੧੧੯੮)

ਸੁਣ ਕੇ ਬ੍ਰਾਹਮਣ ਨੇ ਹੱਥ ਜੋੜੇ ਹਨ ਤੇ ਗੁਰੂ ਕਾ ਸਿੱਖ ਬਣ ਗਿਆ ਹੈ ਤੇ ਨਾਮ ਜਪਣ ਲੱਗਿਆ ਹੈ।

*"ਭਯੋ ਸਿੱਖ ਸਤਿਗੁਰੂ ਕੋ ਨਾਮ ਜਪਤਿ ਜਗਦੀਸ॥*
*ਭਾਉ ਭਗਤਿ ਕੀ ਉਰ ਲਿਵ ਲਾਗੀ॥ ਸਤਿਨਾਮ ਸਿਮਰਨ ਗਤਿ ਜਾਗੀ।*
*ਗੁਰ ਕਰੁਨਾ ਕੋ ਪਾਇ ਬਿਸਾਲਾ। ਭਰਮ ਸਰਬ ਨਾਸਯੋ ਤਤਕਾਲਾ॥"*

(ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ, ਧਿਆਇ ੧੩੦)

**ਸਲੋਕੁ ਮਃ ੩ ॥ ਮਨਹਠਿ ਕਿਨੈ ਨ ਪਾਇਓ ਸਭ ਥਕੇ ਕਰਮ ਕਮਾਇ॥ ਮਨਹਠਿ ਭੇਖ ਕਰਿ ਭਰਮਦੇ ਦੁਖੁ ਪਾਇਆ ਦੂਜੈ ਭਾਇ॥ ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥ ਗੁਰ ਸੇਵਾ ਤੇ ਮਨੁ ਨਿਰਮਲੁ ਹੋਵੈ ਅਗਿਆਨੁ ਅੰਧੇਰਾ ਜਾਇ॥ ਨਾਮੁ ਰਤਨੁ ਘਰਿ ਪਰਗਟੁ ਹੋਆ ਨਾਨਕ ਸਹਜਿ ਸਮਾਇ॥੧॥**

**ਪਦ ਅਰਥ** :- ਮਨਹਠਿ-ਮਨ ਦੇ ਹੱਠ ਨਾਲ। ਭੇਖ ਕਰਿ-ਭੇਖ ਚਿੰਨ੍ਹ ਧਾਰਨ ਕਰਕੇ। ਘਰਿ-ਹਿਰਦੇ ਵਿਚ।

**ਅਰਥ** :- (ਹੇ ਭਾਈ!) ਕਿਸੇ ਵੀ (ਹੱਠ ਕਰਨ) ਵਾਲੇ ਮਨੁੱਖ ਨੇ ਮਨ ਦੇ ਹੱਠ ਨਾਲ (ਪ੍ਰਭੂ ਨੂੰ) ਨਹੀਂ ਪਾਇਆ, (ਐਸੇ) ਸਾਰੇ ਲੋਕ ਕਰਮ ਕਰ ਕਰ ਕੇ ਥੱਕ ਗਏ ਹਨ। ਮਨ ਦੇ ਹੱਠ ਨਾਲ (ਸਰੀਰ 'ਤੇ) ਭੇਖ ਦੇ ਚਿੰਨ੍ਹ ਧਾਰ ਕੇ ਕਈ ਭਟਕਦੇ ਫਿਰਦੇ ਹਨ, ਉਨ੍ਹਾਂ ਨੇ ਦ੍ਵੈਤ ਭਾਵਨਾ ਵਿਚ ਲਗ ਕੇ ਦੁੱਖ ਹੀ ਪਾਇਆ ਹੈ। ਰਿੱਧੀਆਂ ਸਿੱਧੀਆਂ ਲਈ (ਕਈ ਹੱਠ ਕਰਮ ਕਰਦੇ ਹਨ) ਪਰ ਇਹ ਰਿੱਧੀ ਸਿੱਧੀ ਆਦਿ ਸਭ ਮੋਹ ਹੈ, (ਇਨ੍ਹਾਂ ਦੀ ਇੱਛਾ ਰੱਖਣ ਵਾਲਿਆਂ ਦੇ) ਮਨ ਵਿਚ (ਪ੍ਰਭੂ) ਦਾ ਨਾਮ ਨਹੀਂ ਵਸਦਾ। ਹਾਂ, ਗੁਰੂ ਦੀ ਸੇਵਾ ਕਰਕੇ ਮਨ (ਸ਼ੁੱਧ) ਪਵਿੱਤਰ ਹੁੰਦਾ ਹੈ (ਅਤੇ) ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਹੈ। ਨਾਨਕ (ਗੁਰੂ

ਜੀ ਉਚਾਰਨ ਕਰਦੇ) ਹਨ ਕਿ ਜਿਸ ਦੇ ਹਿਰਦੇ ਵਿਚ ਨਾਮ ਰਤਨ ਪ੍ਰਗਟ ਹੋ ਜਾਂਦਾ ਹੈ, ਉਹ ਫੇਰ ਸਹਜ (ਆਤਮਕ ਸੁਖ) ਵਿਚ ਸਮਾ ਜਾਂਦਾ ਹੈ। ੧।

**ਮਃ ੩ ॥ ਸਬਦੈ ਸਾਦੁ ਨ ਆਇਓ ਨਾਮਿ ਨ ਲਗੋ ਪਿਆਰੁ ॥ ਰਸਨਾ ਫਿਕਾ ਬੋਲਣਾ ਨਿਤ ਨਿਤ ਹੋਇ ਖੁਆਰੁ ॥ ਨਾਨਕ ਕਿਰਤਿ ਪਇਐ ਕਮਾਵਣਾ ਕੋਇ ਨ ਮੇਟਣਹਾਰੁ ॥੨॥**

**ਪਦ ਅਰਥ :–** ਸਾਦੁ–ਰਸ। ਨਾਮਿ–ਨਾਮ ਵਿਚ। ਰਸਨਾ–ਜੀਭ। ਨਿਤ ਨਿਤ–ਸਦਾ ਹੀ। ਕਿਰਤਿ ਪਇਐ–ਪਿਛਲੇ ਕੀਤੇ ਕਰਮਾਂ ਕਰਕੇ ਧੁਰੋਂ ਲਿਖੀ ਹੋਈ ਕਿਰਤ ਅਨੁਸਾਰ।

**ਅਰਥ :–** ਜਿਸ (ਮਨੁੱਖ ਨੂੰ) ਸਤਿਗੁਰੂ ਦੇ ਸ਼ਬਦ ਵਿਚ ਲਗਿਆਂ ਰਸ ਨਹੀਂ ਆਇਆ (ਅਤੇ) ਨਾਮ ਵਿਚ (ਵੀ) ਪਿਆਰ ਨਹੀਂ ਲਗਿਆ। ਉਹ ਜੀਭਾਂ ਕਰਕੇ ਫਿਕੇ ਬਚਨ ਬੋਲਦਾ ਹੈ, (ਜਿਸ ਕਰਕੇ) ਉਹ ਸਦਾ ਹੀ ਖ਼ੁਆਰ ਹੁੰਦਾ ਹੈ। ਨਾਨਕ (ਗੁਰੂ ਜੀ ਉਚਾਰਨ ਕਰਦੇ ਹਨ) ਕਿ ਧੁਰੋਂ ਲਿਖੀ ਹੋਈ ਕਿਰਤ ਅਨੁਸਾਰ (ਕਰਮ ਕਮਾਉਣਾ) ਪੈਂਦਾ ਹੈ, ਉਸ ਲੇਖ ਨੂੰ ਕੋਈ ਮੇਟਣ ਵਾਲਾ ਨਹੀਂ ਹੈ (ਭਾਵ ਕਰਮਾਂ ਦਾ ਫਲ ਭੋਗਣਾ ਹੀ ਪੈਂਦਾ) ਹੈ। ੨।

**ਪਉੜੀ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਕਉ ਸਾਂਤਿ ਆਈ ॥ ਧਨੁ ਧਨੁ ਸਤ ਪੁਰਖੁ ਸਤਿਗੁਰੂ ਹਮਾਰਾ ਜਿਤੁ ਮਿਲਿਐ ਹਮ ਹਰਿ ਭਗਤਿ ਪਾਈ ॥ ਧਨੁ ਧਨੁ ਹਰਿ ਭਗਤੁ ਸਤਿਗੁਰੂ ਹਮਾਰਾ ਜਿਸ ਕੀ ਸੇਵਾ ਤੇ ਹਮ ਹਰਿ ਨਾਮਿ ਲਿਵ ਲਾਈ ॥ ਧਨੁ ਧਨੁ ਹਰਿ ਗਿਆਨੀ ਸਤਿਗੁਰੂ ਹਮਾਰਾ ਜਿਨਿ ਵੈਰੀ ਮਿਤ੍ਰੁ ਹਮ ਕਉ ਸਭ ਸਮ ਦ੍ਰਿਸਟਿ ਦਿਖਾਈ ॥ ਧਨੁ ਧਨੁ ਸਤਿਗੁਰੂ ਮਿਤ੍ਰੁ ਹਮਾਰਾ ਜਿਨਿ ਹਰਿ ਨਾਮ ਸਿਉ ਹਮਾਰੀ ਪ੍ਰੀਤਿ ਬਣਾਈ ॥੧੯॥**

**ਪਦ ਅਰਥ :–** ਜਿਤੁ–ਜਿਸ ਦੇ। ਹਰਿ ਗਿਆਨੀ–ਹਰੀ ਦੇ ਜਾਣਨ ਵਾਲਾ। ਸਮਦ੍ਰਿਸਟਿ–ਇਕ ਦ੍ਰਿਸ਼ਟੀ, ਇਕ ਨਜ਼ਰ ਨਾਲ ਸਭ ਨੂੰ ਦੇਖਣਾ।

**ਅਰਥ :–** ਸਾਡਾ ਸਤਿਗੁਰੂ ਸਤਪੁਰਖ (ਪ੍ਰਮੇਸ਼ਰ ਦਾ ਰੂਪ) ਧੰਨਤਾ ਯੋਗ ਹੈ, ਜਿਸ ਦੇ ਮਿਲਿਆਂ ਸਾਨੂੰ ਸ਼ਾਂਤੀ ਪ੍ਰਾਪਤ ਹੋਈ ਹੈ। ਸਾਡਾ ਸਤਿਗੁਰੂ ਸਤਿਪੁਰਖ ਧੰਨ ਧੰਨ ਹੈ ਜਿਸ ਦੇ ਮਿਲਿਆਂ ਅਸਾਂ ਨੇ ਪ੍ਰਭੂ ਪ੍ਰਮਾਤਮਾ ਦੀ ਭਗਤੀ ਪ੍ਰਾਪਤ ਕੀਤੀ ਹੈ। ਹਰੀ ਦਾ ਭਗਤ ਸਾਡਾ ਸਤਿਗੁਰੂ ਧੰਨ ਧੰਨ ਹੈ ਜਿਸ ਦੀ ਸੇਵਾ ਕਰਕੇ ਅਸੀਂ ਹਰੀ ਨਾਮ ਵਿਚ ਲਿਵ=ਸੁਰਤਿ ਜੋੜੀ ਹੈ। ਹਰੀ ਦੇ ਜਾਣਨ ਵਾਲਾ (ਗਿਆਨੀ) ਸਤਿਗੁਰੂ ਸਾਡਾ ਧੰਨ ਧੰਨ ਹੈ ਜਿਸ ਨੇ ਵੈਰੀ ਤੇ ਮਿੱਤਰ ਸਾਨੂੰ ਸਾਰੇ ਇਕ ਦ੍ਰਿਸ਼ਟੀ ਨਾਲ ਦਿਖਾ ਦਿੱਤੇ ਹਨ। (ਇਸ

ਲਈ) ਸਾਡਾ ਮਿੱਤਰ ਸਤਿਗੁਰੂ ਧੰਨ ਧੰਨ ਹੈ (ਕਿਉਂਕਿ) ਜਿਸ ਨੇ ਸਾਡੀ ਹਰੀ (ਪ੍ਰਭੂ) ਦੇ ਨਾਮ ਨਾਲ ਪ੍ਰੀਤ ਬਣਾ ਦਿੱਤੀ ਹੈ। ੧੯।

## ਵਿਆਖਿਆ ਤੇ ਸਾਰੰਸ਼

ਇਸ ਸ਼ਬਦ ਵਿਚ ਹੱਠ ਯੋਗ ਕਰਕੇ ਉਸ ਦਾ ਫਲ ਰਿੱਧੀਆਂ ਸਿੱਧੀਆਂ ਦੱਸੀਆਂ ਹਨ। ਇਨ੍ਹਾਂ ਕਰਕੇ ਸੰਸਾਰ ਅੰਦਰ ਪਾਖੰਡ ਪੂਰਬਿਕ ਮਾਣ ਸਤਿਕਾਰ ਤਾਂ ਲੋਕਾਂ ਤੋਂ ਕਰਾਇਆ ਜਾ ਸਕਦਾ ਹੈ, ਪਰ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੋ ਸਕਦੀ ਕਿਉਂਕਿ ''ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥'' ਨਾਮੁ ਤੋਂ ਬਿਨਾਂ ਵਾਹਿਗੁਰੂ ਜੀ ਦੀ ਪ੍ਰਾਪਤੀ ਕਠਨ ਹੈ। ਪਰ ਚਉਰਾਸੀ ਸਿੱਧਾਂ ਬਾਰੇ ਜਦ ਅਸੀਂ ਨਾਨਕ ਪ੍ਰਕਾਸ਼ ਅੰਦਰ ਪੜ੍ਹਦੇ ਹਾਂ ਤਾਂ ਸਾਨੂੰ ਸਮਝ ਪੈਂਦੀ ਹੈ। ਇਹ ਸਾਰੇ ਸਿਧ ਇਨ੍ਹਾਂ ਰਿੱਧੀਆਂ ਸਿੱਧੀਆਂ ਵਿਚ ਹੀ ਘਿਰੇ ਹੋਏ ਸਨ। ਪਰ ''ਰਿਧਿ ਸਿਧਿ ਨਾਵੈ ਦੀ ਦਾਸੀ'' ਭੀ ਦਸਿਆ ਹੈ।

***''ਮੇਲਾ ਸੁਣਿ ਸਿਵਰਾਤਿ ਦਾ ਬਾਬਾ ਅਚਲ ਵਟਾਲੇ ਆਈ।***
***ਦਰਸਨੁ ਵੇਖਣਿ ਕਾਰਨੇ ਸਗਲੀ ਉਲਟਿ ਪਈ ਲੋਕਾਈ।***
***ਲਗੀ ਬਰਸਣਿ ਲਛਮੀ ਰਿਧਿ ਸਿਧਿ ਨਉ ਨਿਧਿ ਸਵਾਈ।***
***ਜੋਗੀ ਦੇਖਿ ਚਲਿਤ੍ਰ ਨੋ ਮਨਿ ਵਿਚਿ ਰਿਸਕਿ ਘਨੇਰੀ ਖਾਈ॥''***

(ਵਾਰ ੧, ਪਉੜੀ ੩੯)

ਇਹ ਸਾਰੀ ਪਉੜੀ ਪੜ੍ਹਨ ਨਾਲ ਸਮਝ ਪੈ ਜਾਂਦੀ ਹੈ ਕਿ ਰਿੱਧੀਆਂ ਸਿੱਧੀਆਂ ਧਾਰਣ ਵਾਲੇ ਕਿੰਨੀ ਕੁ ਤਾਕਤ ਰੱਖਦੇ ਸਨ। ਗੁਰੂ ਨਾਨਕ ਦੇਵ ਜੀ ਅੱਗੇ ਇਨ੍ਹਾਂ ਸਿੱਧਾਂ ਦਾ ਕੋਈ ਜ਼ੋਰ ਨਹੀਂ ਸੀ ਚਲਦਾ।

## ਹੁਕਮਨਾਮੇ (ਵਡਹੰਸ ਰਾਗੁ) ਸਮਾਪਤ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

★★★